# ਸਰਵੋਤਮ ਰੂਸੀ ਕਹਾਣੀਆਂ



# ਸਰਵੋਤਮ ਰੂਸੀ
# ਕਹਾਣੀਆਂ



ਸਰਵੋਤਮ ਰੂਸੀ ਕਹਾਣੀਆਂ
(ਰੂਸ ਭਾਸ਼ਾ ਦੇ ਮਹਾਨ ਕਹਾਣੀਕਾਰਾਂ ਦੀਆਂ ਗਿਆਰਾਂ ਰੂਸੀ ਕਹਾਣੀਆਂ)

ਰੂਸੀ ਤੋਂ ਹਿੰਦੀ ਅਨੁਵਾਦ: ਯੋਗੇਂਦਰ ਨਾਗਪਾਲ
ਹਿੰਦੀ ਤੋਂ ਪੰਜਾਬੀ ਅਨੁਵਾਦ: ਬਿਪਨਪ੍ਰੀਤ
ਰੂਸੀ ਕਹਾਣੀਆਂ ਦਾ ਸੰਪਾਦਕ: ਇਗੋਰ ਮੋਤਿਆਸ਼ੋਵ
ਕਲਾ: ਗੇਓਰਗੀ ਯੁਦਿਨ

Published by

**Sachal Publications, Amritsar**
M: +91 96461-66204
E: sachalpublications@gmail.com

Printer : Printwell, Amritsar
www.printwell.org





## ਕੁਝ ਗੱਲਾਂ ਅਨੁਵਾਦਕ ਵੱਲੋਂ

ਰੂਸੀ ਕਹਾਣੀਆਂ ਦੇ ਅਨੁਵਾਦਕ ਦੇ ਰੂਪ 'ਚ ਇਹਨਾਂ ਕਥਾਵਾਂ ਵਿਚੋਂ ਗੁਜ਼ਰਨਾ, ਉਸ ਜਗ੍ਹਾ, ਸਭਿਅਤਾ, ਉਹਨਾਂ ਸਮਿਆਂ 'ਚੋਂ ਗੁਜ਼ਰਨਾ ਹੈ, ਜੋ ਮੇਰੇ ਅੰਦਰ ਵੀ ਵੱਖ-ਵੱਖ ਪਾਤਰਾਂ ਦੇ ਰੂਪ ਸਿਰਜਦਾ ਹੈ, ਜਿਨ੍ਹਾਂ ਦੀਆਂ ਸੰਵੇਦਨਾਵਾਂ, ਪੀੜਾਂ, ਖੁਸ਼ੀਆਂ, ਸੁਪਨੇ, ਆਸ਼ਾਵਾਂ, ਦੇ ਨਾਲ-ਨਾਲ ਚੱਲ ਰਹੀ ਹਾਂ। ਇਨਸਾਨ ਹਰ ਜਗ੍ਹਾ 'ਤੇ ਇਕੋ ਜਿਹੇ ਹੁੰਦੇ ਹਨ ਅਤੇ ਪਾਤਰ ਵੀ। ਡਰ, ਸੰਸੇ, ਖਤਰੇ, ਖੁਸ਼ੀ, ਸਕੂਨ, ਸੁਰੱਖਿਆ ਹਰ ਥਾਂ ਇਕੋ ਜਿਹੇ। ਪਰ ਫਿਰ ਵੀ ਕੁਝ ਅਜਿਹਾ ਜ਼ਰੂਰ ਹੁੰਦਾ ਜੋ ਉਸ ਜ਼ਮੀਨ ਨੂੰ ਵਖਰਿਆਉਂਦਾ ਹੈ, ਜਿਥੇ ਕਹਾਣੀਆਂ ਨੇ ਵਾਪਰਣਾ ਹੁੰਦਾ ਅਤੇ ਵਖਰਾਉਣਾ ਹੁੰਦਾ।

ਆਪਣੇ ਸਮੇਂ ਅਤੇ ਕਾਲਕ੍ਰਮ ਦੇ ਮਹੀਨ ਸੁਰਾਖ਼ 'ਚੋਂ ਗੁਜ਼ਰਦੀਆਂ ਇਹ ਕਥਾਵਾਂ ਅਜਿਹੀਆਂ ਮਾਨਸਿਕ ਪਰਤਾਂ ਉਧੇੜਦੀਆਂ ਅਤੇ ਬੁਣਦੀਆਂ ਹਨ ਕਿ ਉਹੀ ਵਕਤ ਅੱਜ ਦੇ ਚਲਚਿਤਰ 'ਤੇ ਦੌੜਦਾ ਨਜ਼ਰ ਆਉਂਦਾ ਹੈ। ਰੂਸ ਦਾ ਸੰਘਰਸ਼, ਸਮਾਂ, ਸਰਕਸ ਅਤੇ ਸਾਹਿਤ ਪੂਰੇ ਵਿਸ਼ਵ 'ਚ ਛਾਪ ਛੱਡ ਚੁੱਕੇ। ਉਹੀ ਛਾਪਾਂ ਕਲਮਾਂ 'ਚੋਂ ਰਿਸੀਆਂ ਹਨ, ਜੋ ਪਾਠਕਾਂ ਨੂੰ ਆਪਣੇ ਨਾਲ ਲੈ ਤੁਰਦੀਆਂ ਹਨ।

ਸੱਚਲ ਪਬਲੀਕੇਸ਼ਨਸ ਦੀ ਪੂਰੀ ਟੀਮ ਨੂੰ ਧੰਨਵਾਦ ਦੇ ਨਾਲ-ਨਾਲ ਇਹ ਅਨੁਵਾਦ ਮੈਂ ਆਪਣੇ ਬੱਚੇ (ਕੰਵਲਪ੍ਰੀਤ + ਗਗਨਪ੍ਰੀਤ) ਜੋ ਮੇਰੇ ਦੋਸਤ ਵੀ ਹਨ ਅਤੇ ਇਹਨਾਂ ਕਹਾਣੀਆਂ ਦੀਆਂ ਖੱਟੀਆਂ ਮਿਠੀਆਂ ਯਾਦਾਂ 'ਚ ਮੇਰੇ ਅੰਗ-ਸੰਗ ਰਹੇ ਹਨ ਅਤੇ ਜੋ ਪ੍ਰਦੇਸ ਦੀ ਜ਼ਮੀਨ 'ਤੇ ਤੁਰਦੇ ਫਿਰਦੇ ਪਾਤਰਾਂ ਨਾਲ ਨਿੱਤ ਰੂਬਰੂ ਹੁੰਦੇ ਹਨ, ਜੋ ਮੈਨੂੰ ਇਹਨਾਂ ਕਹਾਣੀਆਂ ਦੇ ਪਾਤਰ ਹੀ ਲੱਗਦੇ ਹਨ, ਨੂੰ ਸਮਰਪਿਤ ਕਰਨ ਦੀ ਇਜਾਜ਼ਤ ਚਾਹੁੰਦੀ ਹਾਂ।

ਆਸ ਕਰਦੀ ਹਾਂ ਕਿ ਪਾਠਕ ਉਸ ਜ਼ਮੀਨ ਦੀ ਅਵਾਜ਼ ਸੁਣ ਪਾਉਣਗੇ ਜਿਥੇ ਇਹਨਾਂ ਕਹਾਣੀਆਂ ਵਿਚਲੇ ਪਾਤਰ ਤੁਰੇ, ਦੌੜੇ ਅਤੇ ਵਿਚਰੇ। ਇਹ ਕਹਾਣੀਆ ਆਪਣੇ ਤੋਂ ਵੱਡੀ ਕਥਾ ਕਹਿ ਰਹੀਆਂ ਹਨ, ਤੇ ਮੈਂ ਹੁੰਗਾਰਾ ਭਰ ਰਹੀ, ਉਮੀਦ ਕਰਦੀ ਹਾਂ ਕਿ ਇਹਨਾਂ ਕਥਾਵਾਂ ਦੇ ਸਨਮੁੱਖ ਪਾਠਕ ਵੀ ਹੁੰਗਾਰਾ ਭਰਨਗੇ, ਇਹ ਮੈਂ ਨਹੀਂ ਕਹਿ ਰਹੀ, ਕਹਾਣੀਆਂ ਬੋਲ ਰਹੀਆਂ...

ਮੈਂ ਧੰਨਵਾਦੀ ਹਾਂ ਹਿੰਦੀ ਅਨੁਵਾਦਕ ਯੋਗੇਂਦਰ ਨਾਗਪਾਲ ਦਾ ਅਤੇ ਰੂਸੀ ਕਹਾਣੀਆਂ ਦਾ ਪਰਾਗਾ ਬਣਾਉਣ ਵਾਲੇ ਇਗੋਰ ਮੋਤਿਆਸ਼ੋਵ, ਜਿਨ੍ਹਾਂ ਦੀ ਬਦੌਲਤ ਇਹ ਰੂਸੀ ਕਹਾਣੀਆਂ ਮੇਰੇ ਤੱਕ ਪਹੁੰਚੀਆਂ, ਮੇਰੀ ਭਾਸ਼ਾ 'ਚ ਅਨੁਵਾਦ ਹੋ ਜਾਣ ਲਈ।

ਨਵੰਬਰ 10, 2024

ਬਿਪਨਪ੍ਰੀਤ
ਅੰਮ੍ਰਿਤਸਰ

# ਚਿਣਾਈ


| | | |
|---|---|---|
| 1. **ਲਾਖੀ** | ਐਂਤਨ ਚੈਖਵ | 6 |
| 2. **ਬੇਜ਼ਿਨ ਚਰਾਗਾਹ** | ਇਵਾਨ ਤੁਰਗਨੇਵ | 28 |
| 3. **ਹਿਰਨੌਟਾ** | ਦਮਿਤਰੀ ਮਾਮਿਨ-ਸਿਬੀਰਿਆਕ | 50 |
| 4. **ਘਰ ਦੀ ਲਲਕ** | ਨਿਕੋਲੇਈ ਤ੍ਰੇਲੇਸ਼ੋਵ | 61 |
| 5. **ਬਸ ਇਕ ਯਾਦ** | ਲਿਓਨਿਦ ਆਂਦਰੇਯੇਵ | 74 |
| 6. **ਮਦਾਰੀ** | ਅਲੈਕਸਾਂਦਰ ਕੁਪਰਿਨ | 85 |
| 7. **ਪਰਾਏ ਆਲ੍ਹਣੇ 'ਚ** | ਫ਼ਿਓਦਰ ਦਾਸਤੋਵਸਕੀ | 118 |
| 8. **ਰਬੜ ਦਾ ਪੁਤਲਾ** | ਦਿਮਿਤਰੀ ਗ੍ਰਿਗੋਰੋਵਿਚ | 126 |
| 9. **ਮਕਸਿਮਕਾ** | ਕੋਨਸਟੈਂਟਿਨ ਸਟੈਨਿਊਕੋਵਿਚ | 143 |
| 10. **ਸਿਗਨਲ** | ਵਸੇਵੋਲੋਦ ਗਾਰਸ਼ਿਨ | 175 |
| 11. **ਕੋਹਕਾਫ਼ ਦਾ ਕੈਦੀ** | ਲਿਓ ਤਾਲਸਤਾਏ | 186 |

**ਐਂਤਨ ਚੈਖਵ**

# ਲਾਖੀ



## 1. ਬੇਤੁਕੇ ਤੌਰ-ਤਰੀਕੇ

ਦੋਗਲੀ ਨਸਲ ਦੀ ਛੋਟੀ ਜਿਹੀ ਲਾਲ ਕੁੱਤੀ, ਜਿਸਦੀ ਬੂਥੀ ਬਿਲਕੁਲ ਲੂੰਬੜੀ ਵਰਗੀ ਸੀ, ਫੁੱਟਪਾਥ 'ਤੇ ਅੱਗੇ-ਪਿੱਛੇ ਦੌੜ ਰਹੀ ਸੀ ਤੇ ਬੇਚੈਨ ਜਿਹੀ ਇਧਰ-ਉਧਰ ਵੇਖ ਰਹੀ ਸੀ। ਕਦੇ-ਕਦੇ ਰੁੱਕ ਜਾਂਦੀ, ਰੋਂਦੀ ਹੋਈ, ਠੰਡ ਨਾਲ ਆਕੜਿਆ ਇਕ ਪੰਜਾ ਜਾਂ ਦੂਸਰਾ ਪੰਜਾ ਉਪਰ ਚੁੱਕਦੀ ਤੇ ਸਮਝਣ ਦੀ ਕੋਸ਼ਿਸ਼ ਕਰਦੀ ਕਿ ਆਖਰ ਉਹ ਭਟਕ ਕਿਵੇਂ ਗਈ।

ਉਸਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਸਨੇ ਦਿਨ ਕਿਵੇਂ ਬਿਤਾਇਆ ਤੇ ਕਿਵੇਂ ਆਖਿਰ ਇਸ ਅਣਜਾਣੇ ਫੁੱਟਪਾਥ 'ਤੇ ਪਹੁੰਚ ਗਈ।

ਦਿਨ ਇਵੇਂ ਸ਼ੁਰੂ ਹੋਇਆ ਕਿ ਮਾਲਿਕ ਲੁਕਾ ਅਲੇਕਸਾਂਦਰਿਚ ਨਾਮ ਦੇ ਤਰਖਾਣ ਨੇ ਹੁੱਡੀ ਪਾਈ, ਲਾਲ ਕਪੜੇ 'ਚ ਲਪੇਟ, ਲੱਕੜ ਦੀ ਕੋਈ ਚੀਜ਼ ਕੋਲ ਹੀ ਦੱਬੀ ਤੇ ਚਿਲਾਇਆ :

"ਲਾਖੀ, ਚੱਲ!"

ਆਪਣਾ ਨਾਮ ਸੁਣ ਦੋਗਲੀ ਕੁੱਤੀ ਅੱਡੇ ਹੇਠੋਂ ਨਿਕਲੀ, ਜਿੱਥੇ ਉਹ ਬੂਹੇ ਉੱਤੇ ਸੌਂ ਰਹੀ ਸੀ, ਅੰਗੜਾਈ ਲਈ ਤੇ ਮਾਲਿਕ ਮਗਰ ਤੁਰ ਪਈ। ਲੁਕਾ ਦੇ ਗਾਹਕ ਬਹੁਤ ਹੀ ਦੂਰ ਰਹਿੰਦੇ ਸਨ, ਇਸ ਲਈ ਉਹਨਾਂ ਦੇ ਘਰ ਤੱਕ ਪਹੁੰਚਣ ਤੋਂ ਪਹਿਲਾਂ ਤਰਖਾਣ ਕਈ ਵਾਰ ਅਹਾਤੇ 'ਚ ਜਾਂਦਾ ਸੀ ਤੇ ਬੂੰਦ ਦੋ ਬੂੰਦ ਨਾਲ ਗਲਾ ਤਰ ਕਰਦਾ। ਲਾਖੀ ਨੂੰ ਯਾਦ ਸੀ ਕਿ ਰਸਤੇ 'ਚ ਉਸਦੇ ਤੌਰ-ਤਰੀਕੇ ਕਾਫੀ ਬੇਹੂਦਾ ਰਹੇ ਸਨ। ਇਸ ਖੁਸ਼ੀ ਨਾਲ ਕਿ ਉਸਦਾ ਮਾਲਿਕ ਉਸਨੂੰ ਘੁਮਾਉਣ ਲੈ ਜਾ ਰਿਹਾ ਹੈ, ਉਹ ਉੱਛਲ-ਕੁੱਦ ਕਰਦੀ, ਘੋੜਾ-ਗੱਡੀਆਂ ਮਗਰ ਭੌਂਕਦੀ ਦੌੜਦੀ, ਅਹਾਤਿਆਂ 'ਚ ਵੜ ਜਾਂਦੀ ਤੇ ਦੂਸਰੇ ਕੁੱਤਿਆਂ ਦਾ ਪਿੱਛਾ ਕਰਦੀ। ਅਕਸਰ ਹੀ ਉਹ ਤਰਖਾਣ ਦੀਆਂ ਨਜ਼ਰਾਂ ਤੋਂ ਅਲੋਪ ਹੋ ਜਾਂਦੀ। ਉਹ ਰੁੱਕ ਜਾਂਦਾ ਤੇ ਗੁੱਸੇ 'ਚ ਉਸ ਉੱਤੇ ਚੀਕਦਾ-ਚਿਲਾਉਂਦਾ। ਇਕ ਵਾਰ ਤਾਂ ਚਿਹਰੇ 'ਤੇ ਅਜਿਹਾ ਭਾਵ ਲਿਆਉਂਦਾ ਕਿ ਜਿਵੇਂ ਉਸਨੂੰ ਖਾ ਹੀ ਜਾਵੇਗਾ, ਉਸਨੇ ਲਾਖੀ ਦਾ ਲੂੰਬੜੀ ਵਰਗਾ ਕੰਨ ਮੁੱਠੀ 'ਚ ਇੰਞ ਮਰੋੜਿਆ ਤੇ ਇਕ-ਇਕ ਸ਼ਬਦ ਜ਼ੋਰ ਨਾਲ ਬੋਲਿਆ :

"ਕੰਬਖਤ! ਤੇਰਾ ...ਸੱਤਿਆ...ਨਾਸ਼...ਹੋਵੇ!"

ਗਾਹਕਾਂ ਦਾ ਸਮਾਨ ਪਹੁੰਚਾ ਕੇ ਲੁਕਾ ਦੋ ਮਿੰਟ ਲਈ ਭੈਣ ਘਰ ਗਿਆ, ਉਥੇ ਭੁਜੀਏ ਨਾਲ ਕੁੱਝ ਪੀਤਾ ; ਫਿਰ ਜਾਣ-ਪਹਿਚਾਣ ਲਈ ਇਕ ਜਿਲਦਸਾਜ਼ ਕੋਲ ਗਿਆ, ਉਥੋਂ ਅਹਾਤੇ, ਅਹਾਤੇ ਤੋਂ ਇਕ ਰਿਸ਼ਤੇਦਾਰ ਵੱਲ, ਵਗੈਰਾ, ਵਗੈਰਾ। ਸੰਖੇਪ 'ਚ ਇਹ ਕਿ ਲਾਖੀ ਇਸ ਅਣਜਾਣ ਫੁੱਟਪਾਥ 'ਤੇ ਪਹੁੰਚੀ ਤਾਂ ਸ਼ਾਮ ਹੋ ਰਹੀ ਸੀ ਤੇ ਤਰਖਾਣ ਨਸ਼ੇ 'ਚ ਧੁੱਤ ਸੀ। ਉਹ ਜ਼ੋਰ-ਜ਼ੋਰ ਦੀ ਹੱਥ ਹਿਲਾਉਂਦਾ ਹਉਕੇ ਭਰ ਰਿਹਾ ਸੀ ਤੇ ਬੁੜਬੁੜਾ ਰਿਹਾ ਸੀ :

"ਪਾਪ 'ਚ ਜਨਮਿਆ ਮਾਂ ਨੇ ਗਰਭ 'ਚ! ਉਫ, ਸਾਡੇ ਪਾਪ! ਪਾਪ! ਹੁਣ ਤੁਰੀ ਜਾਂਦੇ ਹਨ ਸੜਕ 'ਤੇ, ਬੱਤੀਆਂ ਵੇਖ ਰਹੇ ਹਨ, ਮਰ ਜਾਣਗੇ, ਤਾਂ ਨਰਕ ਦੀ ਅੱਗ ਚ ਬਲਣਗੇ।"

ਜਾਂ ਫਿਰ ਮਸਤੀ 'ਚ ਆ ਜਾਂਦਾ, ਲਾਖੀ ਨੂੰ ਆਪਣੇ ਵੱਲ ਬੁਲਾਉਂਦਾ ਤੇ ਉਸਨੂੰ ਕਹਿੰਦਾ :

"ਨੀ ਲਾਖੀਏ ਤੂੰ ਤਾਂ ਬਸ ਇਕ ਜਾਨਵਰ ਹੈਂ ਹੋਰ ਕੁਝ ਨਹੀਂ। ਆਦਮੀ ਸਾਹਮਣੇ ਤਾਂ ਤੂੰ ਉਵੇਂ ਹੀ ਹੈਂ ਜਿਵੇਂ ਤਰਖਾਣ ਸਾਹਮਣੇ ਦੋ ਕੌਡੀ ਦਾ ਬੜਈ।"

ਜਦੋਂ ਉਹ ਉਸ ਨਾਲ ਇਓਂ ਗੱਲਾਂ ਕਰ ਰਿਹਾ ਸੀ, ਓਦੋਂ ਅਚਾਨਕ ਬੈਂਡ ਵੱਜਣ ਲੱਗਾ। ਲਾਖੀ ਨੇ ਸਿਰ ਘੁੰਮਾਇਆ ਤੇ ਵੇਖਿਆ ਕਿ ਸੜਕ 'ਤੇ ਸਿਪਾਹੀਆਂ ਦੀ ਇਕ ਟੁਕੜੀ ਸਿੱਧੀ ਉੱਸ ਵੱਲ ਆ ਰਹੀ ਹੈ। ਲਾਖੀ ਬੈਂਡ-ਵਾਜੇ ਦਾ ਸ਼ੋਰ ਨਹੀਂ ਸਹਿ ਸਕਦੀ ਸੀ, ਉਹ ਉਸਨੂੰ ਝੰਜੋੜ ਦੇਂਦਾ ਸੀ। ਲਾਖੀ ਬੌਖਲਾ ਗਈ ਤੇ ਚੀਕਣ ਲੱਗੀ। ਉਸਨੂੰ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਮਾਲਿਕ ਨਾ ਤਾਂ ਡਰਿਆ ਹੀ, ਨਾ ਚੀਖਿਆ-ਚਿਲਾਇਆ ਤੇ ਨਾ ਹੀ ਭੌਂਕਿਆ, ਬਲਕਿ ਮੂੰਹ ਫੈਲਾਕੇ ਮੁਸਕੁਰਾਉਣ ਲੱਗਾ, ਆਕੜ ਕੇ ਖੜ੍ਹਾ ਹੋ ਗਿਆ ਤੇ ਪੂਰੇ ਪੰਜੇ ਨਾਲ ਸਲੂਟ ਮਾਰਿਆ। ਇਹ ਵੇਖ ਕੇ ਕਿ ਮਾਲਿਕ ਵਿਰੋਧ ਤਾਂ ਕਰ ਹੀ ਨਹੀਂ ਰਿਹਾ, ਲਾਖੀ ਹੋਰ ਵੀ ਜ਼ੋਰ ਦੀ ਰੋਣ ਲੱਗੀ, ਬਦਹਵਾਸ ਹੋ ਗਈ ਤੇ ਸੜਕ ਦੇ ਦੂਜੇ ਪਾਸੇ ਭੱਜ ਗਈ।

ਜਦੋਂ ਉਹਦੇ ਹੋਸ਼ ਠਿਕਾਣੇ ਆਏ, ਤਾਂ ਬੈਂਡ ਨਹੀਂ ਵੱਜ ਰਿਹਾ ਸੀ ਤੇ ਸਿਪਾਹੀ ਵੀ ਨਹੀਂ ਸਨ। ਉਹ ਸੜਕ ਪਾਰ ਕਰਕੇ ਉਸ ਜਗ੍ਹਾ ਆਈ, ਜਿਥੇ ਉਸਨੇ ਮਾਲਿਕ ਨੂੰ ਛੱਡਿਆ ਸੀ, ਪਰ ਮਾਲਿਕ

ਉਥੇ ਸੀ ਹੀ ਨਹੀਂ। ਉਹ ਅੱਗੇ ਭੱਜੀ, ਫਿਰ ਪਿੱਛੇ, ਇਕ ਵਾਰ ਫਿਰ ਸੜਕ ਪਾਰ ਕੀਤੀ, ਪਰ ਮਾਲਿਕ ਤਾਂ ਜਿਵੇਂ ਜ਼ਮੀਨ 'ਚ ਸਮਾ ਗਿਆ ਸੀ। ਲਾਖੀ ਫੁੱਟਪਾਥ ਸੁੰਘਣ ਲੱਗੀ, ਤਾਂ ਕਿ ਮਾਲਿਕ ਦੀ ਗੰਧ ਤੋਂ ਪਤਾ ਲਗਾ ਸਕੇ ਕਿ ਉਹ ਕਿਧਰ ਗਿਆ ਹੈ, ਪਰ ਕੋਈ ਕੰਬਖਤ ਬਾਰਿਸ਼ ਜੁੱਤੇ ਪਹਿਨ ਉਧਰੋਂ ਲੰਘਿਆ ਸੀ ਤੇ ਹੁਣ ਸਾਰੀਆ ਭਿੰਨੀਆਂ ਮਹਿਕਾਂ ਰਬੜ ਦੀ ਬਦਬੂ ਨਾਲ ਦਬ ਗਈਆਂ ਸਨ, ਸੋ ਲਾਖੀ ਨੂੰ ਕੁੱਝ ਵੀ ਪਤਾ ਨਹੀਂ ਚੱਲ ਰਿਹਾ ਸੀ।

ਲਾਖੀ ਅੱਗੇ-ਪਿੱਛੇ ਦੌੜ ਰਹੀ ਸੀ, ਪਰ ਮਾਲਿਕ ਨਹੀਂ ਮਿਲ ਰਿਹਾ ਸੀ ਤੇ ਉਧਰ ਹਨੇਰਾ ਹੁੰਦਾ ਜਾ ਰਿਹਾ ਸੀ। ਸੜਕ ਦੇ ਦੋਵੇਂ ਪਾਸੇ ਬੱਤੀਆਂ ਜਗ ਗਈਆਂ, ਘਰਾਂ ਦੀਆਂ ਖਿੜਕੀਆਂ 'ਚ ਵੀ ਰੋਸ਼ਨੀ ਹੋ ਗਈ। ਬਰਫ਼ ਦੇ ਵੱਡੇ-ਵੱਡੇ ਫੰਬੇ ਡਿਗ ਰਹੇ ਸਨ, ਤੇ ਉਸ ਨਾਲ ਸੜਕ, ਘੋੜਿਆਂ ਦੀਆਂ ਪਿੱਠਾਂ ਤੇ ਕੋਚਵਾਨਾਂ ਦੀਆਂ ਟੋਪੀਆਂ ਸਭ ਕੁੱਝ ਸਫੇਦ ਰੰਗ 'ਚ ਰੰਗਿਆ ਜਾ ਰਿਹਾ ਸੀ, ਹਵਾ 'ਚ ਹਨੇਰਾ ਜਿੰਨਾ ਸੰਘਣਾ ਹੁੰਦਾ ਜਾ ਰਿਹਾ ਸੀ, ਚਾਰੇ ਪਾਸੇ ਵਸਤੂਆਂ ਓਨੀਆਂ ਹੀ ਸਫੇਦ ਹੁੰਦੀਆਂ ਜਾ ਰਹੀਆਂ ਸਨ। ਲਾਖੀ ਕੋਲੋਂ, ਉਸਦੀਆਂ ਨਜ਼ਰਾਂ ਸਾਹਮਣੇ ਹਨੇਰਾ ਕਰਦੇ, ਉਸਨੂੰ ਟਕਰਾਉਂਦੇ ਅਣਜਾਣ ਗਾਹਕ ਲਗਾਤਾਰ ਆ ਜਾ ਰਹੈ ਸਨ। ( ਲਾਖੀ ਸਾਰੇ ਇਨਸਾਨਾਂ ਨੂੰ ਦੋ ਨਾਬਰਾਬਰ ਹਿੱਸਿਆਂ ਚ ਵੰਡਦੀ ਸੀ : ਇਕ ਸੀ ਮਾਲਿਕ ਤੇ ਇਕ ਗਾਹਕ। ਦੋਨਾਂ ਵਿੱਚ ਬਹੁਤ ਵੱਡਾ ਅੰਤਰ ਸੀ : ਮਾਲਿਕਾਂ ਨੂੰ ਉਸਨੂੰ ਮਾਰਨ-ਪਿੱਟਣ ਦਾ ਹੱਕ ਸੀ ਤੇ ਗਾਹਕਾਂ ਨੂੰ ਉਹ ਆਪ ਕੱਟਣ ਦਾ ਹੱਕ ਰੱਖਦੀ ਸੀ। ) ਸਾਰੇ ਗਾਹਕ ਕਿਤੇ ਜਾਣ ਦੀ ਕਾਹਲ 'ਚ ਸਨ ਤੇ ਕੋਈ ਉਸ ਵੱਲ ਧਿਆਨ ਨਹੀਂ ਦੇ ਰਿਹਾ ਸੀ।

ਜਦੋਂ ਬਿਲਕੁਲ ਹਨੇਰਾ ਛਾ ਗਿਆ, ਤਾਂ ਲਾਖੀ ਮਾਯੂਸ ਅਤੇ ਭੈਭੀਤ ਹੋ ਗਈ। ਉਹ ਕਿਸੇ ਘਰ ਦੇ ਦਰਵਾਜ਼ੇ ਨਾਲ ਲੱਗ ਕੇ ਬੈਠ ਗਈ ਤੇ ਜ਼ੋਰ-ਜ਼ੋਰ ਦੀ ਰੋਣ ਲੱਗੀ। ਲੂਕਾ ਨਾਲ ਸਾਰੇ ਦਿਨ ਦੀ ਇਸ "ਯਾਤਰਾ" ਨੇ ਉਸਨੂੰ ਥਕਾ ਦਿੱਤਾ ਸੀ, ਉਹਦੇ ਕੰਨ ਅਤੇ ਪੰਜੇ ਠੰਡ ਨਾਲ ਆਕੜ ਗਏ ਤੇ ਨਾਲ ਹੀ ਉਸਨੂੰ ਭੁੱਖ ਵੀ ਲੱਗੀ ਹੋਈ ਸੀ। ਸਾਰੇ ਦਿਨ 'ਚ ਦੋ ਵਾਰ ਹੀ ਉਹਦੇ ਮੂੰਹ 'ਚ ਕੁੱਝ ਗਿਆ ਸੀ : ਜਿਲਦਸਾਜ਼ ਵੱਲ ਰੋਟੀ ਦਾ ਟੁਕੜਾ ਤੇ ਅਹਾਤੇ 'ਚ ਸਲਾਮੀ ਦਾ ਛਿਲਕਾ ਮਿਲ ਗਿਆ ਸੀ-ਬਸ ਹੋਰ ਕੁਝ ਵੀ ਨਹੀਂ। ਜੇ ਉਹ ਇਨਸਾਨ ਹੁੰਦੀ ਤਾਂ ਸੋਚਦੀ :

"ਨਹੀਂ, ਇਸ ਤਰ੍ਹਾਂ ਜੀਣਾ ਨਾਮੁਮਕਿਨ ਹੈ! ਇਹਦੇ ਨਾਲੋਂ ਚੰਗਾ ਤਾਂ ਗੋਲੀ ਮਾਰ ਲੈਣਾ ਬਿਹਤਰ ਹੈ!

## 2. ਰਹੱਸਮਈ ਅਜਨਬੀ

ਪਰ ਉਹ ਕੁਝ ਨਹੀਂ ਸੋਚ ਰਹੀ ਸੀ ਤੇ ਬਸ ਰੋਈ ਜਾ ਰਹੀ ਸੀ। ਜਦੋਂ ਬਰਫ ਦੇ ਫੰਬਿਆਂ ਨਾਲ ਉਸਦੀ ਸਾਰੀ ਪਿੱਠ ਅਤੇ ਸਿਰ ਢੱਕ ਗਏ ਤੇ ਉਹ ਨਿਢਾਲ ਹੋ ਕੇ ਊਂਘਣ ਲੱਗੀ, ਤਦੇ ਦਰਵਾਜ਼ੇ ਦੀ ਚਿਟਕਣੀ ਖੁੱਲ੍ਹੀ, ਚਰਮਰਾਹਟ ਹੋਈ ਤੇ ਦਰਵਾਜ਼ਾ ਲਾਖੀ ਦੀ ਕਮਰ ਤੱਕ ਆ ਗਿਆ। ਉਹ ਉੱਛਲ ਕੇ ਖੜ੍ਹੀ ਹੋ ਗਈ । ਖੁੱਲ੍ਹੇ ਦਰਵਾਜ਼ੇ 'ਚੋਂ ਕੋਈ ਆਦਮੀ ਨਿਕਲਿਆ, ਜੋ ਗਾਹਕਾਂ ਦੀ ਸ਼੍ਰੇਣੀ ਦਾ ਸੀ, ਲਾਖੀ ਚੀਕ ਪਈ ਤੇ ਉਸਦੇ ਪੈਰਾਂ ਥੱਲੇ ਆ ਗਈ, ਇਸ ਲਈ ਉਹ ਉਸ ਵੱਲ ਧਿਆਨ





ਦਿੱਤੇ ਬਿਨਾ ਨਹੀਂ ਰਹਿ ਸਕਦਾ ਸੀ। ਉਹ ਲਾਖੀ 'ਤੇ ਝੁੱਕਿਆ ਤੇ ਪੁੱਛਣ ਲੱਗਾ :

"ਤੂੰ ਕਿਥੋਂ ਆ ਗਈ? ਸੱਟ ਤਾਂ ਨਹੀਂ ਲੱਗੀ? ਵਿਚਾਰੀ ...ਚੰਗਾ ਨਰਾਜ਼ ਨਾ ਹੋ...ਮੈਥੋਂ ਗਲਤੀ ਹੋ ਗਈ।"

ਲਾਖੀ ਨੇ ਪਲਕਾਂ 'ਤੇ ਲਟਕ ਰਹੇ ਹਿਮਕਣਾਂ ਪਿਛੋਂ ਅਜਨਬੀ ਵੱਲ ਵੇਖਿਆ ਤਾਂ ਸਾਹਮਣੇ ਗਿੱਠਾ ਜਿਹਾ, ਗੋਲ-ਮਟੋਲ ਆਦਮੀ ਸੀ। ਉਸਦੀਆਂ ਦਾੜ੍ਹੀ-ਮੁੱਛਾਂ ਸਾਫ ਮੁੰਨੀਆਂ ਹੋਈਆਂ ਸਨ ਤੇ ਚਿਹਰਾ ਭਰਿਆ ਹੋਇਆ ਸੀ। ਸਿਰ ਉੱਤੇ ਉੱਚਾ ਟੋਪ ਤੇ ਓਵਰਕੋਟ ਦੇ ਬਟਨ ਖੁੱਲ੍ਹੇ ਸਨ। ਉਂਗਲੀਆਂ ਨਾਲ ਉਸਦੀ ਪਿੱਠ ਝਾੜਦਿਆਂ ਬੋਲੀ ਜਾ ਰਿਹਾ ਸੀ :

"ਅਰੇ, ਤੂੰ ਚੀਕਦੀ ਕਿਉਂ ਹੈਂ? ਤੇਰਾ ਮਾਲਿਕ ਕਿਥੇ ਹੈ? ਲੱਗਦਾ ਹੈ ਤੂੰ ਗੁਆਚ ਗਈ ਹੈਂ? ਵਿਚਾਰੀ! ਹੁਣ ਅਸੀਂ ਕੀ ਕਰੀਏ?"

ਅਜਨਬੀ ਦੀ ਅਵਾਜ਼ 'ਚ ਆਪਣਾਪਣ ਤੇ ਪਿਆਰ ਦਾ ਅਹਿਸਾਸ ਹੋਣ ਤੇ ਲਾਖੀ ਉਸਦਾ ਹੱਥ ਚੱਟਣ ਲੱਗੀ ਤੇ ਹੋਰ ਤਰਸਯੋਗ ਲਹਿਜੇ 'ਚ ਚੂਕਣ ਲੱਗੀ।

"ਹੈ ਤਾਂ ਤੂੰ ਬੜੀ ਪਿਆਰੀ!" ਅਜਨਬੀ ਨੇ ਕਿਹਾ। "ਬਿਲਕੁਲ ਲੂੰਬੜੀ ਹੈਂ!" .. ਅੱਛਾ, ਤਾਂ ਕੀ ਕਰੀਏ? ਚੱਲ ਮੇਰੇ ਨਾਲ ਹੀ ਚੱਲ! ਸ਼ਾਇਦ ਤੂੰ ਕਿਸੇ ਕੰਮ ਆ ਜਾਵੇਂ...ਪੁੱਚ-ਪੁੱਚ!"

ਉਹਨੇ ਲਾਖੀ ਨੂੰ ਪੁਚਕਾਰਿਆ ਤੇ ਹੱਥ ਨਾਲ ਇਸ਼ਾਰਾ ਕੀਤਾ, ਜਿਸਦਾ ਸਿਰਫ ਇਕ ਹੀ ਮਤਲਬ ਹੋ ਸਕਦਾ ਸੀ : "ਚੱਲ!" ਤੇ ਲਾਖੀ ਚੱਲ ਪਈ।

ਕੋਈ ਅੱਧੇ ਕੁ ਘੰਟੇ ਬਾਦ ਉਹ ਇਕ ਵੱਡੇ ਜਿਹੇ ਕਮਰੇ 'ਚ ਬੈਠੀ ਹੋਈ ਸੀ ਤੇ ਸਿਰ ਇਕ ਪਾਸੇ ਝੁਕਾਈ ਉਤਸੁਕਤਾ ਨਾਲ ਅਜਨਬੀ ਨੂੰ ਵੇਖ ਰਹੀ ਸੀ, ਜੋ ਮੇਜ਼ 'ਤੇ ਖਾਣਾ ਖਾ ਰਿਹਾ ਸੀ। ਖਾਣਾ ਖਾਂਦਿਆਂ ਉਹ ਲਾਖੀ ਵੱਲ ਵੀ ਕੁਝ ਟੁਕੜੇ ਸੁੱਟੀ ਜਾ ਰਿਹਾ ਸੀ ... ਪਹਿਲਾਂ ਉਸਨੇ ਉਸਨੂੰ ਰੋਟੀ ਦਿੱਤੀ ਤੇ ਪਨੀਰ ਦਾ ਹਰਾ ਛਿਲਕਾ ਦਿੱਤਾ, ਫਿਰ ਗੋਸ਼ਤ ਦੀ ਬੋਟੀ, ਅੱਧਾ ਸਮੋਸਾ, ਮੁਰਗੀ ਦੀਆਂ ਹੱਡੀਆਂ। ਲਾਖੀ ਭੁੱਖ ਕਾਰਨ ਇਹ ਸਭ ਏਨੀ ਜਲਦੀ ਖਾ ਗਈ ਕਿ ਸਵਾਦ ਦਾ ਉਸਨੂੰ ਪਤਾ ਹੀ ਨਹੀਂ ਚੱਲਿਆ। ਜਿੰਨਾ ਜ਼ਿਆਦਾ ਉਹ ਖਾਂਦੀ ਜਾ ਰਹੀ ਸੀ ਉਸਦੀ ਭੁੱਖ ਹੋਰ ਤੇਜ਼ ਹੁੰਦੀ ਜਾ ਰਹੀ ਸੀ।

ਉਸਨੂੰ ਇਸ ਤਰ੍ਹਾਂ ਟੁੱਟ ਕੇ ਖਾਂਦਿਆਂ ਵੇਖ ਅਜਨਬੀ ਕਹਿ ਰਿਹਾ ਸੀ : "ਓਹ, ਤੇਰਾ ਮਾਲਿਕ ਤੈਨੂੰ ਖਾਣਾ ਨਹੀਂ ਦੇਂਦਾ ਲੱਗਦਾ! ਨਿਰਾ ਹੱਡੀਆਂ ਦਾ ਪੁਤਲਾ ਹੈਂ ਤੂੰ।"

ਲਾਖੀ ਨੇ ਬਹੁਤ ਖਾ ਲਿਆ ਸੀ, ਪਰ ਉਸਦਾ ਪੇਟ ਭਰ ਹੀ ਨਹੀਂ ਰਿਹਾ ਸੀ, ਬਸ ਖਾਣ ਦਾ ਖੁਮਾਰ ਚੜ੍ਹ ਗਿਆ ਸੀ। ਖਾਣ ਤੋਂ ਬਾਦ ਉਹ ਕਮਰੇ ਦੇ ਵਿਚਕਾਰ ਲੱਤਾਂ ਖਿਲਾਰ ਲੇਟ ਗਈ। ਉਹਦੇ ਸਰੀਰ 'ਚ ਮਿੱਠੀ ਜਿਹੀ ਕਸਕ ਉੱਠ ਰਹੀ ਸੀ। ਉਹ ਪੂਛ ਹਿਲਾਉਣ ਲੱਗੀ। ਉਧਰ ਉਸਦਾ ਨਵਾਂ ਮਾਲਿਕ ਅਰਾਮ ਕੁਰਸੀ 'ਤੇ ਬੈਠਾ ਸਿਗਾਰ ਪੀ ਰਿਹਾ ਸੀ ਤੇ ਏਧਰ ਉਹ ਪੂਛ ਹਿਲਾਉਂਦੀ ਇਹ ਮਸਲਾ ਹੱਲ ਕਰ ਰਹੀ ਸੀ ਕਿ ਕਿਥੇ ਰਹਿਣਾ ਬਿਹਤਰ ਹੈ – ਅਜਨਬੀ ਵੱਲ ਜਾਂ ਤਰਖਾਣ ਦੇ ਘਰ? ਅਜਨਬੀ ਦੇ ਘਰ ਕੁਝ ਖਾਸ ਚੀਜ਼ ਨਹੀਂ ਹੈ, ਅਰਾਮ ਕੁਰਸੀਆਂ, ਸੋਫੇ, ਲੈਂਪ ਤੇ ਗਲੀਚਿਆਂ ਦੇ ਇਲਾਵਾ ਉਸਦੇ ਕਮਰੇ 'ਚ ਕੁਝ ਵੀ ਨਹੀਂ, ਕਮਰਾ ਖਾਲੀ-ਖਾਲੀ ਲੱਗਦਾ ਹੈ, ਤਰਖਾਣ ਦਾ

ਸਾਰਾ ਘਰ ਚੀਜ਼ਾਂ ਨਾਲ ਭਰਿਆ ਪਿਆ : ਉਸ ਕੋਲ ਮੇਜ਼ ਹੈ, ਅੱਡਾ ਹੈ, ਬੂਰੇ ਦਾ ਢੇਰ, ਰੰਦੇ, ਰੁਖਾਨੀਆਂ, ਆਰੀਆਂ ਹਨ, ਪਿੰਜਰੇ 'ਚ ਚਿੜੀ, ਤੇ ਲੱਕੜ ਦਾ ਛੋਟਾ ਜਿਹਾ ਟੱਬ ਹੈ ... ਅਜਨਬੀ ਦੇ ਘਰ ਕਿਸੇ ਵੀ ਚੀਜ਼ ਦੀ ਗੰਧ ਨਹੀਂ ਆਉਂਦੀ, ਤਰਖਾਣ ਦੇ ਘਰ ਹਮੇਸ਼ਾਂ ਧੂੜ ਛਾਈ ਰਹਿੰਦੀ ਹੈ ਤੇ ਗੂੰਦ, ਵਾਰਨਿਸ਼ ਤੇ ਬੂਰੇ ਦੀ ਬਹੁਤ ਵਧੀਆ ਗੰਧ ਆਉਂਦੀ ਹੈ। ਪਰ ਅਜਨਬੀ ਵੱਲ ਇਕ ਬਹੁਤ ਵਧੀਆ ਗੱਲ ਹੈ – ਉਹ ਖਾਣ ਲਈ ਬਹੁਤ ਕੁਝ ਦੇਂਦਾ ਹੈ ਤੇ ਇਨਸਾਫ ਨਾਲ ਇਹ ਵੀ ਕਹਿਣਾ ਚਾਹੀਦਾ ਹੈ ਕਿ ਜਦੋਂ ਲਾਖੀ ਉਸਦੇ ਸਾਹਮਣੇ ਮੇਜ਼ ਹੇਠਾਂ ਬੈਠੀ ਸੀ ਤੇ ਗਦਗਦ ਹੁੰਦੀ ਉਸ ਵੱਲ ਵੇਖ ਰਹੀ ਸੀ, ਤਾਂ ਉਸਨੇ ਇਕ ਵਾਰ ਵੀ ਉਸਨੂੰ ਠੋਕਰ ਨਹੀਂ ਮਾਰੀ, ਪੈਰ ਨਹੀਂ ਪਟਕੇ ਤੇ ਇਕ ਵਾਰ ਵੀ ਨਹੀਂ ਚਿਲਾਇਆ : "ਧੱਤ! ਕੰਬਖਤ ਕਿਸੇ ਥਾਂ ਦੀ!"

ਸਿਗਾਰ ਪੀ ਕੇ ਨਵਾਂ ਮਾਲਿਕ ਬਾਹਰ ਗਿਆ ਅਤੇ ਛੋਟਾ ਜਿਹਾ ਗੱਦਾ ਚੁੱਕੀ ਮੁੜ ਆਇਆ।

"ਓਏ, ਇਧਰ ਆ," ਸੋਫੇ ਕੋਲ ਇਕ ਕੋਨੇ 'ਚ ਗੱਦਾ ਰੱਖਦਿਆਂ ਉਸਨੇ ਕਿਹਾ। "ਲੇਟ ਜਾ ਇਥੇ। ਸੌਂ ਜਾ!"

ਫਿਰ ਉਸਨੇ ਲੈਂਪ ਬੁਝਾ ਦਿੱਤੀ ਤੇ ਬਾਹਰ ਚਲਾ ਗਿਆ। ਲਾਖੀ ਨੇ ਗੱਦੇ 'ਤੇ ਲੇਟ ਅੱਖਾਂ ਮੀਚ ਲਈਆਂ। ਬਾਹਰੋਂ ਕੁੱਤਿਆਂ ਦੇ ਭੌਂਕਣ ਦੀਆਂ ਅਵਾਜ਼ਾਂ ਆਈਆਂ, ਉਹ ਵੀ ਜਵਾਬ 'ਚ ਭੌਂਕਣਾ ਚਾਹੁੰਦੀ ਸੀ, ਪਰ ਉਸਦੇ ਮਨ ਵਿੱਚ ਗਹਿਰੀ ਉਦਾਸੀ ਛਾ ਗਈ। ਉਸਨੂੰ ਲੁਕਾ ਅਤੇ ਉਸਦੇ ਮੁੰਡੇ ਫੇਦੁਸ਼ਕਾ ਦੀ, ਅੱਡੇ ਥੱਲੇ ਅਰਾਮਦੇਹ ਜਗ੍ਹਾ ਦੀ ਯਾਦ ਆ ਗਈ ... ਉਸਨੂੰ ਯਾਦ ਆਇਆ ਕਿ ਸਰਦੀਆਂ ਦੀਆਂ ਲੰਬੀਆਂ ਸ਼ਾਮਾਂ 'ਚ, ਜਦੋਂ ਤਰਖਾਣ ਰੰਦਾ ਚਲਾ ਰਿਹਾ ਹੁੰਦਾ ਸੀ ਜਾਂ ਅਖ਼ਬਾਰ ਪੜ੍ਹ ਰਿਹਾ ਹੁੰਦਾ ਤਾਂ ਫੇਦਸ਼ੁਕਾ ਅਕਸਰ ਉਸ ਨਾਲ ਖੇਡਿਆ ਕਰਦਾ ਸੀ ... ਉਹ ਉਸ ਦੀਆਂ ਪਿਛਲੀਆਂ ਲੱਤਾਂ ਫੜ ਉਸਨੂੰ ਅੱਡੇ ਹੇਠੋਂ ਕਢ ਲੈਂਦਾ ਤੇ ਇਹੋ-ਜਿਹੇ ਤਮਾਸ਼ੇ ਕਰਦਾ ਕਿ ਲਾਖੀ ਦੀਆਂ ਅੱਖਾਂ 'ਚ ਤਿਤਲੀਆਂ ਨੱਚਣ ਲੱਗਦੀਆਂ ਤੇ ਸਾਰੇ ਜੋੜ ਦੁੱਖਣ ਲੱਗਦੇ। ਉਹ ਉਸਨੂੰ ਪਿਛਲੇ ਪੈਰਾਂ 'ਤੇ ਤੁਰਾਉਂਦਾ, ਉਹਦੀ ਘੰਟੀ ਬਣਾਉਂਦਾ, ਮਤਲਬ ਉਸਦੀ ਪੂਛ ਫੜ ਜ਼ੋਰ-ਜ਼ੋਰ ਦੀ ਹਿਲਾਉਂਦਾ, ਜਿਸ ਨਾਲ ਲਾਖੀ ਚੀਕਦੀ ਤੇ ਭੌਂਕਦੀ ; ਉਹ ਉਸ ਨੂੰ ਤੰਬਾਕੂ ਸੁੰਘਾਉਂਦਾ... ਸਭ ਤੋਂ ਦਰਦਨਾਕ ਇਹ ਖੇਡ ਸੀ : ਫੇਦੁਸ਼ਕਾ ਮਾਸ ਦੇ ਟੁਕੜੇ ਨੂੰ ਧਾਗੇ ਨਾਲ ਬੰਨ੍ਹ ਦੇਂਦਾ ਤੇ ਲਾਖੀ ਨੂੰ ਦੇਂਦਾ, ਜਦੋਂ ਲਾਖੀ ਬੋਟੀ ਨਿਗਲ ਜਾਂਦੀ, ਤਾਂ ਉਹ ਠਹਾਕੇ ਮਾਰਦਾ ਹੋਇਆ ਉਹਦੇ ਪੇਟ 'ਚੋਂ ਬੋਟੀ ਕੱਢ ਲੈਂਦਾ। ਯਾਦਾਂ ਜਿੰਨੀਆਂ ਤਿੱਖੀਆਂ ਹੁੰਦੀਆਂ ਜਾ ਰਹੀਆਂ ਸਨ, ਓਨੇ ਹੀ ਉਦਾਸ ਸੁਰ 'ਚ ਉਹ ਜ਼ੋਰ-ਜ਼ੋਰ ਦੀ ਚੀਕ ਰਹੀ ਸੀ।

ਪਰ ਜਲਦੀ ਹੀ ਉਦਾਸੀ ਅਤੇ ਥਕਾਵਟ 'ਤੇ ਗਰਮਾਹਟ ਛਾ ਗਈ ... ਲਾਖੀ ਨੂੰ ਨੀਂਦ ਆਉਣ ਲੱਗ ਪਈ। ਉਸਦੀ ਕਲਪਨਾ 'ਚ ਕੁੱਤੇ ਦੌੜਣ ਲੱਗੇ ; ਜੱਤਲ ਕੁੱਤਾ ਵੀ ਉਹਨਾਂ 'ਚ ਸੀ, ਜਿਸ ਨੂੰ ਉਸਨੇ ਅੱਜ ਸੜਕ 'ਤੇ ਵੇਖਿਆ ਸੀ, ਉਹਦੀ ਅੱਖ 'ਤੇ ਸਫੇਦ ਦਾਗ ਸੀ ਤੇ ਨੱਕ ਕੋਲ ਵਾਲਾਂ ਦੇ ਗੁੱਛੇ। ਫੇਦੁਸ਼ਕਾ ਹੱਥ 'ਚ ਰੁਖਾਨੀ ਫੜ ਉਸ ਕੁੱਤੇ ਦਾ ਪਿੱਛਾ ਕਰਨ ਲੱਗਾ, ਉਹਦੇ ਬਦਨ 'ਤੇ ਵੀ ਵਾਲ ਉੱਗ ਆਏ, ਉਹ ਖੁਸ਼ੀ-ਖੁਸ਼ੀ ਭੌਂਕਣ ਲੱਗਾ ਤੇ ਲਾਖੀ ਕੋਲ ਆ ਗਿਆ। ਉਹਨਾਂ ਨੇ ਬੜੇ ਪਿਆਰ ਨਾਲ ਇਕ ਦੂਸਰੇ ਦੀ ਨੱਕ ਸੁੰਘੀ ਤੇ ਬਾਹਰ ਸੜਕ 'ਤੇ ਦੌੜ ਗਏ...

## 3. ਨਵੀਂ ਤੇ ਬੜੀ ਵਧੀਆ ਜਾਣ-ਪਹਿਚਾਣ

ਲਾਖੀ ਜਦੋਂ ਜਾਗੀ ਤਾਂ ਚਾਨਣ ਹੋ ਚੁੱਕਾ ਸੀ ਤੇ ਬਾਹਰੋਂ ਅਜਿਹਾ ਸ਼ੋਰ ਆ ਰਿਹਾ ਸੀ, ਜਿਵੇਂ ਸਿਰਫ਼ ਦਿਨੇ ਹੁੰਦਾ ਹੈ। ਕਮਰੇ 'ਚ ਕੋਈ ਵੀ ਨਹੀਂ ਸੀ। ਲਾਖੀ ਨੇ ਅੰਗੜਾਈ ਲਈ, ਉਬਾਸੀ ਮਾਰੀ ਤੇ ਉਖੜੀ-ਉਖੜੀ ਜਿਹੀ ਕਮਰੇ ਦਾ ਚੱਕਰ ਲਗਾਉਣ ਲੱਗੀ। ਉਹਨੇ ਸਾਰੇ ਕੋਨੇ ਅਤੇ ਫਰਨੀਚਰ ਸੁੰਘਿਆ, ਡਿਉਢੀ 'ਚ ਝਾਕ ਕੇ ਵੇਖਿਆ ਪਰ ਉਥੇ ਕੋਈ ਦਿਲਚਸਪ ਚੀਜ਼ ਨਾ ਮਿਲੀ। ਡਿਉਢੀ ਦੇ ਦਰਵਾਜ਼ੇ ਤੋਂ ਇਲਾਵਾ ਇਕ ਹੋਰ ਦਰਵਾਜ਼ਾ ਵੀ ਸੀ। ਕੁਝ ਦੇਰ ਸੋਚਣ ਤੋਂ ਬਾਦ ਲਾਖੀ ਨੇ ਦੋਵੇਂ ਪੰਜਿਆਂ ਨਾਲ ਉਸਨੂੰ ਖਰੌਚਿਆ 'ਤੇ ਖੋਲ੍ਹਿਆ ਤੇ ਅਗਲੇ ਕਮਰੇ 'ਚ ਚਲੀ ਗਈ। ਜਿਥੇ ਇਕ ਪਲੰਗ 'ਤੇ ਕੰਬਲ ਲੈ ਕੇ ਗਾਹਕ ਸੌਂ ਰਿਹਾ ਸੀ। ਉਹ ਪਹਿਚਾਣ ਗਈ ਕਿ ਇਹ ਕੱਲ ਵਾਲਾ ਅਜਨਬੀ ਹੀ ਹੈ।

ਉਹ ਗੁੱਰਾਨ ਲਗੀ, ਪਰ ਫਿਰ ਕੱਲ ਦਾ ਖਾਣਾ ਯਾਦ ਕਰਕੇ ਪੂਛ ਹਿਲਾਉਣ ਲੱਗੀ ਤੇ ਸੁੰਘਣ ਲੱਗੀ।

ਉਸਨੇ ਅਜਨਬੀ ਦੇ ਕਪੜੇ ਅਤੇ ਬੂਟ ਸੁੰਘੇ, ਉਹਨਾਂ 'ਚੋਂ ਘੋੜੇ ਦੀ ਤੇਜ਼ ਗੰਧ ਆ ਰਹੀ ਸੀ। ਇਸ ਕਮਰੇ 'ਚ ਇਕ ਹੋਰ ਦਰਵਾਜ਼ਾ ਸੀ, ਉਹ ਵੀ ਭਿੜਿਆ ਹੋਇਆ ਸੀ। ਲਾਖੀ ਨੇ ਉਸਨੂੰ ਖਰੌਚਿਆ, ਛਾਤੀ ਨਾਲ ਉਸ 'ਤੇ ਜ਼ੋਰ ਪਾਇਆ ਤੇ ਖੋਲ੍ਹ ਦਿੱਤਾ। ਦਰਵਾਜ਼ਾ ਖੋਲ੍ਹਦਿਆਂ ਹੀ ਬੜੀ ਅਜੀਬ ਜਿਹੀ ਗੰਧ ਆਈ ਜਿਸ ਨਾਲ ਲਾਖੀ ਇਕਦਮ ਚੁਕੰਨੀ ਹੋ ਗਈ। ਉਸਨੂੰ ਲੱਗ ਰਿਹਾ ਸੀ ਕਿ ਕੋਈ ਅਣਸੁਖਾਵੀਂ ਘਟਨਾ ਹੋਵੇਗੀ। ਗੁੱਰਾਂਦਿਆਂ ਤੇ ਇਧਰ-ਉਧਰ ਝਾਕਦਿਆਂ ਉਹ ਮੈਲੀ ਕੰਧ ਦੇ ਕਾਗਜ਼ ਵਾਲੇ ਛੋਟੇ ਜਿਹੇ ਕਮਰੇ 'ਚ ਵੜੀ ਤੇ ਡਰ ਦੇ ਮਾਰੇ ਫੌਰਨ ਪਿੱਛੇ ਹੱਟ ਗਈ। ਉਹਨੇ ਹੈਰਾਨੀਜਨਕ ਅਤੇ ਡਰਾਉਣਾ ਦ੍ਰਿਸ਼ ਵੇਖਿਆ ਸੀ। ਫਰਸ਼ 'ਤੇ ਗਰਦਨ ਅਤੇ ਸਿਰ ਝੁਕਾਈ, ਖੰਭ ਫੈਲਾਉਂਦਾ ਇਕ ਹਲਕਾ ਸੁਰਮਈ ਹੰਸ ਫੁੰਕਾਰਦਾ ਹੋਇਆ ਸਿੱਧਾ ਉਸ ਵੱਲ ਆ ਰਿਹਾ ਸੀ। ਇਕ ਪਾਸੇ ਗੱਦੇ 'ਤੇ ਇਕ ਚਿੱਟਾ ਬਿੱਲਾ ਲੇਟਿਆ ਹੋਇਆ ਸੀ। ਲਾਖੀ ਨੂੰ ਵੇਖ ਉਹ ਉੱਛਲਿਆ, ਤੇ ਉਸਨੇ ਪਿੱਠ ਕਮਾਨ ਵਾਂਗ ਤਾਣ ਲਈ, ਪੂਛ ਉੱਚੀ ਕੀਤੀ, ਰੋਮ ਖੜ੍ਹੇ ਕੀਤੇ ਤੇ ਉਹ ਵੀ ਫੁੰਕਾਰਨ ਲੱਗਾ। ਲਾਖੀ ਕਾਫ਼ੀ ਡਰ ਗਈ, ਪਰ ਉਹ ਇਹ ਦਿਖਾਉਣਾ ਨਹੀਂ ਚਾਹੁੰਦੀ ਸੀ, ਸੋ ਜ਼ੋਰ ਦੀ ਭੌਂਕਦੀ ਹੋਈ ਬਿੱਲੇ ਵੱਲ ਲਪਕੀ ... ਬਿੱਲੇ ਨੇ ਪਿੱਠ ਹੋਰ ਵੀ ਤਾਣ ਲਈ, ਫੁੰਕਾਰ ਭਰੀ ਤੇ ਪੰਜਾ ਲਾਖੀ ਦੇ ਸਿਰ 'ਤੇ ਮਾਰਿਆ। ਲਾਖੀ ਝੱਟ ਪਿੱਛੇ ਹੱਟ ਗਈ ਤੇ ਜ਼ੋਰ-ਜ਼ੋਰ ਨਾਲ ਚੀਕਦੀ ਭੌਂਕਣ ਲੱਗੀ ; ਤਦੇ ਹੰਸ ਨੇ ਪਿੱਛੋਂ ਆ ਕੇ ਆਪਣੀ ਚੁੰਝ ਉਹਦੀ ਪਿੱਠ 'ਤੇ ਮਾਰ ਦਿੱਤੀ। ਲਾਖੀ ਭੁੜਕੀ ਤੇ ਹੰਸ 'ਤੇ ਝਪਟ ਪਈ ...

"ਕੀ ਹੋ ਰਿਹਾ ਹੈ ਇਹ?" ਗੁੱਸੇ ਨਾਲ ਭਰੀ ਜ਼ੋਰਦਾਰ ਅਵਾਜ਼ ਆਈ ਤੇ ਗਾਊਨ ਪਾਈ, ਦੰਦਾਂ 'ਚ ਸਿਗਾਰ ਦਬਾਈ ਅਜਨਬੀ ਕਮਰੇ 'ਚ ਆ ਗਿਆ। "ਕੀ ਹੈ ਇਹ ਸਭ? ਚਲੋ ਆਪਣੀ-ਆਪਣੀ ਜਗ੍ਹਾ।"

ਬਿੱਲੇ ਕੋਲ ਆ ਕੇ ਉਸਨੇ ਉਸਦੀ ਪਿੱਠ 'ਤੇ ਠੂੰਗਾ ਮਾਰਿਆ ਤੇ ਕਿਹਾ : "ਲੇਟ ਜਾ, ਮੋਇਆ!"

ਹੰਸ ਵੱਲ ਮੁੜ ਕੇ ਉਹ ਚਿਲਾਇਆ :

"ਇਵਾਨ ਇਵਾਨਿਚ, ਚਲੋ ਆਪਣੀ ਜਗ੍ਹਾ!"

ਬਿੱਲਾ ਚੁੱਪ ਕਰਕੇ ਆਪਣੇ ਗੱਦੇ 'ਤੇ ਅੱਖਾਂ ਮੀਚ ਲੇਟ ਗਿਆ। ਉਸਦੀ ਥੁਥਨੀ ਅਤੇ ਮੁੱਛਾਂ ਤੋਂ ਲੱਗ ਰਿਹਾ ਸੀ ਕਿ ਉਹ ਆਪ ਵੀ ਇਸ ਗੱਲ ਨਾਲ ਖੁਸ਼ ਨਹੀਂ ਹੈ ਕਿ ਜੋਸ਼ 'ਚ ਆ ਕੇ ਲੜਣ ਲੱਗਾ। ਲਾਖੀ ਰੋਣਹਾਕੀ ਹੋ ਚਿਚਲਾਉਣ ਲੱਗ ਪਈ, ਹੰਸ ਨੇ ਆਪਣੀ ਗਰਦਨ ਤਾਣ ਲਈ ਤੇ ਜਲਦੀ-ਜਲਦੀ ਕੁਝ ਬੋਲਣ ਲੱਗ ਪਿਆ। ਉਹ ਬੜੇ ਜੋਸ਼ 'ਚ ਅਤੇ ਸਾਫ-ਸਾਫ ਕੁਝ ਕਹਿ ਰਿਹਾ ਸੀ, ਪਰ ਬਿਲਕੁਲ ਕੁਝ ਵੀ ਸਮਝ ਨਹੀਂ ਆਉਂਦਾ ਸੀ।

"ਅੱਛਾ, ਅੱਛਾ!" ਮਾਲਿਕ ਨੇ ਉਬਾਸੀ ਲੈਂਦਿਆਂ ਕਿਹਾ। "ਮਿਲ-ਜੁਲ ਕੇ ਰਹਿਣਾ ਚਾਹੀਦਾ।" ਉਹਨੇ ਲਾਖੀ ਨੂੰ ਸਹਿਲਾਇਆ ਤੇ ਬੋਲਦਾ ਗਿਆ : "ਤੂੰ ਡਰ ਨਾ ... ਇਥੇ ਸਭ ਬਹੁਤ ਚੰਗੇ ਹਨ, ਕੋਈ ਤੈਨੂੰ ਕੁਝ ਵੀ ਨਹੀਂ ਕਹੇਗਾ। ਠਹਿਰ ਤੈਨੂੰ ਅਸੀਂ ਕਿਵੇਂ ਪੁਕਾਰਾਂਗੇ? ਨਾਮ ਬਿਨਾ ਤਾਂ ਕੰਮ ਨਹੀਂ ਚੱਲ ਸਕਦਾ।"

ਅਜਨਬੀ ਥੋੜ੍ਹੀ ਦੇਰ ਸੋਚਦਾ ਰਿਹਾ, ਫਿਰ ਬੋਲਿਆ :

"ਹੂੰ, ਤੇਰਾ ਨਾਮ ਹੋਵੇਗਾ... ਮੌਸੀ। ਸਮਝੀ? ਮੌਸੀ!"

ਤੇ ਵਾਰ-ਵਾਰ "ਮੌਸੀ, ਮੌਸੀ" ਕਹਿੰਦਾ ਉਹ ਬਾਹਰ ਚਲਾ ਗਿਆ। ਲਾਖੀ ਬੈਠ ਗਈ ਤੇ ਵੇਖਣ ਲੱਗੀ। ਬਿੱਲਾ ਬਿਨਾ ਹਿੱਲੇ-ਜੁਲੇ ਗੱਦੇ 'ਤੇ ਬੈਠਾ ਹੋਇਆ ਸੀ ਸੌਣ ਦਾ ਬਹਾਨਾ ਕਰ ਰਿਹਾ ਸੀ। ਹੰਸ ਗਰਦਨ ਤਾਣੀ ਇਕ ਹੀ ਜਗ੍ਹਾ 'ਤੇ ਪੈਰ ਬਦਲਦਾ ਜ਼ੋਰ-ਸ਼ੋਰ ਨਾਲ ਕੁਝ ਕਹਿੰਦਾ ਜਾ ਰਿਹਾ ਸੀ। ਉਹ ਸ਼ਾਇਦ ਬੜਾ ਅਕਲਮੰਦ ਹੰਸ ਸੀ ; ਲੰਬਾ ਭਾਸ਼ਣ ਦੇ ਕੇ ਉਹ ਸ਼ਾਨ ਨਾਲ ਪਿੱਛੇ ਹੱਟ ਜਾਂਦਾ ਤੇ ਇਵੇਂ ਵੇਖਦਾ ਜਿਵੇਂ ਆਪ ਹੀ ਆਪਣੇ ਭਾਸ਼ਣ 'ਤੇ ਮੋਹਿਤ ਹੋ ਰਿਹਾ ਹੋਵੇ ... ਉਸਦੀਆਂ ਗੱਲਾਂ ਸੁਣ ਕੇ ਤੇ ਗੁੱਰਾਹਟ ਨਾਲ ਜਵਾਬ ਦੇ ਕੇ, ਕੋਨੇ ਸੁੰਘਣ ਲੱਗ ਪਈ। ਇਕ ਕੋਨੇ 'ਚ ਛੋਟਾ ਜਿਹਾ ਟੱਬ ਰੱਖਿਆ ਹੋਇਆ ਸੀ, ਜਿਸ ਵਿੱਚ ਭਿੱਜੇ ਹੋਏ ਮਟਰ ਦੇ ਦਾਣੇ ਤੇ ਰੋਟੀ ਦੇ ਟੁਕੜੇ ਦਿਖੇ। ਉਹਨੇ ਮਟਰ ਚੱਖਿਆ – ਚੰਗਾ ਨਹੀਂ ਲੱਗਾ, ਗਿੱਲੀ ਰੋਟੀ ਚੱਖੀ – ਤੇ ਖਾਣ ਲੱਗ ਪਈ। ਹੰਸ ਨੇ ਇਸ ਗੱਲ ਦਾ ਜ਼ਰਾ ਵੀ ਬੁਰਾ ਨਹੀਂ ਮਨਾਇਆ ਕਿ ਅਣਜਾਣ ਕੁੱਤੀ ਉਸਦਾ ਖਾਣਾ ਖਾ ਰਹੀ ਹੈ, ਉਲਟਾ ਉਹ ਹੋਰ ਵੀ ਜ਼ੋਰ-ਸ਼ੋਰ ਨਾਲ ਬੋਲਣ ਲੱਗਾ ਤੇ ਆਪਣਾ ਵਿਸ਼ਵਾਸ ਦਿਖਾਉਣ ਆਪ ਵੀ ਉਥੇ ਆ ਗਿਆ ਤੇ ਮਟਰ ਦੇ ਕੁਝ ਦਾਣੇ ਖਾ ਲਏ।

## 4. ਅਜੂਬੇ ਹੀ ਅਜੂਬੇ

ਥੋੜ੍ਹੀ ਦੇਰ ਬਾਦ ਅਜਨਬੀ ਫਿਰ ਆਇਆ ਤੇ ਆਪਣੇ ਨਾਲ ਅਜੀਬ ਜਿਹੀ ਚੀਜ਼ ਲਿਆਇਆ, ਜੋ ਅੱਡਾ-ਘੋੜੇ (ਤਰਖਾਣੀ ਕੰਮ ਦੀ ਵਰਤੋਂ ਦਾ ਸੰਦ) ਵਰਗਾ ਸੀ। ਲੱਕੜ ਦੀ ਬਣੀ ਇਸ ਘੋੜੀ ਦੀ ਲੱਕੜ 'ਤੇ ਇਕ ਘੰਟੀ ਲਟਕ ਰਹੀ ਸੀ ਤੇ ਪਿਸਤੌਲ ਬੰਨ੍ਹੀ ਹੋਈ ਸੀ ; ਘੰਟੀ ਦੀ ਲਟਕਣ ਅਤੇ ਪਿਸਤੌਲ ਦੇ ਟਰਿੱਗਰ ਨਾਲ ਡੋਰੀ ਬੰਨ੍ਹੀ ਹੋਈ ਸੀ। ਅਜਨਬੀ ਨੇ ਇਸ ਅੱਡਾ-ਘੋੜੀ ਕਮਰੇ ਦੇ ਵਿਚਕਾਰ ਰੱਖ ਦਿੱਤਾ, ਬੜੀ ਦੇਰ ਤੱਕ ਕੁਝ ਖੋਲ੍ਹਦਾ, ਬੰਨ੍ਹਦਾ ਰਿਹਾ, ਫਿਰ ਹੰਸ ਵੱਲ ਵੇਖ

ਬੋਲਿਆ :

"ਇਵਾਨ ਇਵਾਨਿਚ, ਆਓ!"

ਹੰਸ ਉਸ ਕੋਲ ਗਿਆ ਤੇ ਇੰਤਜ਼ਾਰ ਦੀ ਮੁਦਰਾ 'ਚ ਖੜ੍ਹਾ ਹੋ ਗਿਆ।

"ਅੱਛਾ, ਜੀ," ਅਜਨਬੀ ਬੋਲਿਆ, "ਤਾਂ ਸ਼ੁਰੂ ਤੋਂ ਸ਼ੁਰੂ ਕਰਦੇ ਹਾਂ। ਸਭ ਤੋਂ ਪਹਿਲਾਂ ਝੁੱਕ ਕੇ ਅਦਾਬ ਕਰੋ। ਜਲਦੀ ਨਾਲ!"

ਇਵਾਨ ਇਵਾਨਿਚ ਨੇ ਗਰਦਨ ਖਿੱਚੀ, ਚਾਰੇ ਪਾਸੇ ਸਿਰ ਝੁਕਾਉਣ ਲੱਗਾ ਤੇ ਪੰਜਾ ਪਿੱਛੇ ਚੁੱਕ ਲਿਆ।

"ਸ਼ਾਬਾਸ਼...ਹੁਣ ਲੇਟ ਜਾਓ!"

ਹੰਸ ਪਿੱਠ ਭਾਰ ਲੇਟ ਗਿਆ ਤੇ ਪੰਜੇ ਉਪਰ ਚੁੱਕ ਲਏ। ਕੁਝ ਹੋਰ ਅਜਿਹੇ ਹੀ ਮਮੂਲੀ ਜਿਹੇ ਤਮਾਸ਼ਿਆਂ ਤੋਂ ਬਾਦ ਅਜਨਬੀ ਨੇ ਸਹਿਜੇ ਹੀ ਆਪਣਾ ਸਿਰ ਫੜ ਲਿਆ, ਚਿਹਰੇ 'ਤੇ ਡਰ ਦੇ ਭਾਵ ਲੈ ਆਇਆ ਤੇ ਚਿਲਾਇਆ :

" ਅੱਗ! ਅੱਗ! ਬਚਾਓ!"

ਇਵਾਨ ਇਵਾਨਿਚ ਦੌੜਿਆ-ਦੌੜਿਆ ਆਇਆ, ਡੋਰੀ ਚੁੰਝ 'ਚ ਫੜੀ ਤੇ ਘੰਟੀ ਵਜਾਉਣ ਲੱਗਾ।

ਅਜਨਬੀ ਬਹੁਤ ਖੁਸ਼ ਹੋਇਆ। ਉਸਨੇ ਹੰਸ ਦੀ ਗਰਦਨ ਸਹਿਲਾਈ ਅਤੇ ਬੋਲਿਆ :

"ਸ਼ਾਬਾਸ਼, ਇਵਾਨ ਇਵਾਨਿਚ! ਅੱਛਾ, ਤੂੰ ਇਹ ਕਲਪਨਾ ਕਰ ਕਿ ਤੂੰ ਜੌਹਰੀ ਹੈਂ ਤੇ ਹੀਰੇ-ਜਵਾਹਰਾਤ ਵੇਚਦਾ ਹੈਂ। ਹੁਣ ਇਹ ਕਲਪਨਾ ਕਰ ਕਿ ਤੂੰ ਦੁਕਾਨ 'ਤੇ ਆਇਆ ਹੈਂ ਤੇ ਵੇਖਿਆ ਕਿ ਉਥੇ ਚੋਰ ਵੜ ਆਏ ਹਨ। ਅਜਿਹੀ ਹਾਲਤ 'ਚ ਤੂੰ ਕੀ ਕਰੇਂਗਾ?"

ਹੰਸ ਨੇ ਦੂਸਰੀ ਡੋਰੀ ਚੁੰਝ 'ਚ ਫੜੀ ਤੇ ਖਿੱਚ ਦਿੱਤੀ, ਤਦ ਜ਼ੋਰਦਾਰ ਧਮਾਕਾ ਹੋਇਆ। ਲਾਖੀ ਨੂੰ ਘੰਟੀ ਦੀ ਅਵਾਜ਼ ਬੜੀ ਵਧੀਆ ਲੱਗੀ ਤੇ ਧਮਾਕੇ ਨਾਲ ਤਾਂ ਪਾਗਲ ਹੀ ਹੋ ਗਈ, ਅੱਡਾ-ਘੋੜੀ ਦੇ ਚਾਰੇ ਪਾਸੇ ਦੌੜਣ ਅਤੇ ਭੌਂਕਣ ਲੱਗੀ।

"ਮੌਸੀ, ਚੱਲ ਆਪਣੀ ਜਗ੍ਹਾ!" ਅਜਨਬੀ ਚਿਲਾਇਆ। "ਚੁੱਪ ਹੋ ਜਾ!"

ਇਵਾਨ ਇਵਾਨਿਚ ਦਾ ਕੰਮ ਇਸ ਧਮਾਕੇ ਨਾਲ ਹੀ ਖਤਮ ਨਹੀਂ ਹੋਇਆ। ਇਸਤੋਂ ਬਾਦ ਇੱਕ ਘੰਟਾ ਅਜਨਬੀ ਉਸਨੂੰ ਆਪਣੇ ਇਰਦ-ਗਿਰਦ ਵਾਗਡੋਰ 'ਤੇ ਦੌੜਾਉਂਦਾ ਰਿਹਾ ਤੇ ਛਾਂਟੇ ਮਾਰਦਾ ਰਿਹਾ। ਹੰਸ ਨੂੰ ਰੋਕਾਂ ਦੇ ਉਪਰੋਂ ਤੇ ਛੱਲੇ ਵਿੱਚੋਂ ਲੰਘਣਾ ਪੈਂਦਾ ਸੀ, ਪੂਛ 'ਤੇ ਬੈਠ ਪੰਜੇ ਹਵਾ 'ਚ ਹਿਲਾਉਣੇ ਪੈਂਦੇ ਸਨ। ਲਾਖੀ ਟਿਕਟਕੀ ਲਗਾ ਇਵਾਨ ਇਵਾਨਿਚ ਨੂੰ ਵੇਖ ਰਹੀ ਸੀ, ਉਹ ਖੁਸ਼ੀ ਨਾਲ ਭੌਂਕਣ ਲੱਗਦੀ। ਆਖਿਰ ਹੰਸ ਨੂੰ ਵੀ ਤੇ ਆਪਣੇ-ਆਪ ਨੂੰ ਵੀ ਥਕਾ ਕੇ ਅਜਨਬੀ ਨੇ ਮੱਥੇ ਤੋਂ ਪਸੀਨਾ ਪੂੰਝਿਆ ਤੇ ਅਵਾਜ਼ ਦਿੱਤੀ :

"ਮਾਰੀਆ, ਜ਼ਰਾ ਖਰਵੋਨਿਆ ਇਵਾਨੋਵਨਾ ਨੂੰ ਤਾਂ ਬੁਲਾ ਇਧਰ!"

ਥੋੜ੍ਹੀ ਦੇਰ 'ਚ ਹੂੰਘਣਾ ਸੁਣਾਈ ਦਿੱਤਾ ... ਲਾਖੀ ਗੁੱਰਾਅਨ ਲੱਗੀ, ਬੜੀ ਬਹਾਦਰ ਜਿਹੀ ਬਣ ਗਈ, ਪਰ ਫਿਰ ਵੀ ਅਜਨਬੀ ਕੋਲ ਆ ਗਈ। ਦਰਵਾਜ਼ਾ ਖੁੱਲ੍ਹਿਆ, ਕਿਸੇ ਬੁੱਢੀ ਨੇ ਅੰਦਰ

ਝਾਕ ਕੇ ਵੇਖਿਆ ਤੇ ਕੁਝ ਕਹਿ ਕੇ ਇਕ ਕਾਲੇ ਜਿਹੇ, ਬਹੁਤ ਹੀ ਬਦਸੂਰਤ ਸੂਰ ਨੂੰ ਅੰਦਰ ਘੁਸੇੜ ਦਿੱਤਾ। ਲਾਖੀ ਦੀ ਗੁੱਰਾਹਟ ਦੀ ਜ਼ਰਾ ਵੀ ਪਰਵਾਹ ਕੀਤੇ ਬਿਨਾ ਸੂਰ ਨੇ ਆਪਣਾ ਥੁਥਨਾ ਉਪਰ ਚੁੱਕਿਆ। ਲੱਗਦਾ ਸੀ ਕਿ ਉਹ ਆਪਣੇ ਮਾਲਿਕ, ਬਿੱਲੇ ਅਤੇ ਇਵਾਨ ਇਵਾਨਿਚ ਨੂੰ ਵੇਖ ਬੜਾ ਖੁਸ਼ ਹੈ। ਉਹਨੇ ਬਿੱਲੇ ਕੋਲ ਆ ਕੇ ਆਪਣਾ ਥੁਥਨ ਉਹਦੇ ਪੇਟ ਨਾਲ ਲਗਾਇਆ, ਫਿਰ ਹੰਸ ਨਾਲ ਕੁਝ ਗੱਲਾਂ ਕਰਨ ਲੱਗਾ। ਇਹ ਸਭ ਉਹ ਜਿਵੇਂ ਕਰ ਰਿਹਾ ਸੀ ਤੇ ਜਿਵੇਂ ਪੂਛ ਹਿਲਾ ਰਿਹਾ ਸੀ, ਉਸ ਤੋਂ ਲੱਗ ਰਿਹਾ ਸੀ ਕਿ ਉਹ ਨੇਕ ਸੁਭਾਅ ਦਾ ਹੈ। ਲਾਖੀ ਨੂੰ ਤੁਰੰਤ ਅਹਿਸਾਸ ਹੋ ਗਿਆ ਕਿ ਇਹਨਾਂ 'ਤੇ ਗੁੱਰਾਅਨਾ ਤੇ ਭੌਂਕਣਾ ਬੇਕਾਰ ਹੈ।

ਮਾਲਿਕ ਨੇ ਅੱਡਾ-ਘੋੜੀ ਨੂੰ ਹਟਾਇਆ ਤੇ ਚਿਲਾਇਆ :

"ਫਯੋਦਰ ਤਿਮਫੇਇਚ, ਪਧਾਰੋ!"

ਬਿੱਲਾ ਉੱਠਿਆ, ਅਲਸਾਉਂਦਾ ਹੋਇਆ ਅੰਗੜਾਇਆ ਤੇ ਅਣਮੰਨਿਆ ਜਿਹਾ, ਜਿਵੇਂ ਅਹਿਸਾਨ ਕਰਦਾ ਹੋਇਆ ਸੂਰ ਕੋਲ ਆ ਗਿਆ।

"ਤਾਂ ਚੱਲੋ ਮਿਸਰੀ ਪਿਰਾਮਿਡ ਤੋਂ ਸ਼ੁਰੂ ਕਰੀਏ," ਮਾਲਿਕ ਬੋਲਿਆ।

ਉਹ ਬੜੀ ਦੇਰ ਤੱਕ ਕੁਝ ਸਮਝਾਉਂਦਾ ਰਿਹਾ, ਫਿਰ ਬੋਲਿਆ : 'ਇਕ .... ਦੋ ... ਤਿੰਨ ..." ਉਹਦੇ ਤਿੰਨ ਕਹਿੰਦਿਆਂ ਹੀ ਇਵਾਨ ਇਵਾਨਿਚ ਨੇ ਖੰਭ ਫੜਫੜਾਏ ਤੇ ਸੂਰ ਦੀ ਪਿੱਠ 'ਤੇ ਸਵਾਰ ਹੋ ਗਿਆ ... ਜਦੋਂ ਉਹ ਖੰਭਾਂ ਅਤੇ ਗਰਦਨ ਨਾਲ ਸੰਤੁਲਨ ਕਰਦਾ ਹੋਇਆ ਸੂਰ ਦੇ ਕਰੜੇ ਵਾਲਾਂ ਵਾਲੀ ਪਿੱਠ 'ਤੇ ਟਿੱਕ ਗਿਆ, ਤਦ ਫਯੋਦਰ ਸੁਸਤਾਇਆ ਜਿਹਾ, ਇਹ ਦਿਖਾਉਂਦਿਆਂ ਕਿ ਉਸਨੂੰ ਇਸ ਤਮਾਸ਼ੇ ਨਾਲ ਕੁਝ ਲੈਣਾ-ਦੇਣਾ ਨਹੀਂ, ਕਿ ਇਹ ਸਭ ਬੇਕਾਰ ਦੀਆਂ ਗੱਲਾਂ ਹਨ, ਸੂਰ ਦੀ ਪਿੱਠ 'ਤੇ ਚੜ੍ਹ ਗਿਆ, ਫਿਰ ਨਾ ਚਾਹੁੰਦਿਆਂ ਵੀ ਹੰਸ ਉੱਤੇ ਜਾ ਚੜ੍ਹਿਆ ਤੇ ਪਿਛਲੀਆਂ ਲੱਤਾਂ 'ਤੇ ਖੜ੍ਹਾ ਹੋ ਗਿਆ। ਇਸ ਨੂੰ ਹੀ ਅਜਨਬੀ ਮਿਸਰੀ ਪਿਰਾਮਿਡ ਕਹਿੰਦਾ ਸੀ। ਲਾਖੀ ਬੇਹੱਦ ਖੁਸ਼ ਹੋ ਗਈ, ਚੂਕਣ ਲੱਗੀ ਪਰ ਉਦੋਂ ਹੀ ਬਿੱਲੇ ਨੇ ਉਬਾਸੀ ਲਈ ਤੇ ਸੰਤੁਲਣ ਵਿਗੜਣ 'ਤੇ ਉਹ ਹੰਸ ਦੀ ਪਿੱਠ ਤੋਂ ਡਿੱਗ ਗਿਆ। ਇਵਾਨ ਇਵਾਨਿਚ ਵੀ ਡਗਮਗਾ ਗਿਆ ਤੇ ਡਿੱਗ ਗਿਆ। ਅਜਨਬੀ ਚਿਲਾਉਣ ਲੱਗਾ ਤੇ ਹੱਥ ਝਟਕਣ ਲੱਗਾ, ਫਿਰ ਤੋਂ ਕੁਝ ਸਮਝਾਉਣ ਲੱਗਾ। ਘੰਟਾ ਭਰ ਪਿਰਾਮਿਡ ਬਣਾਉਣ ਤੋਂ ਬਾਦ ਅਣਥੱਕ ਮਾਲਿਕ ਇਵਾਨ ਇਵਾਨਿਚ ਨੂੰ ਬਿੱਲੇ ਦੀ ਸਵਾਰੀ ਕਰਨੀ ਸਿਖਾਉਣ ਲੱਗਾ, ਫਿਰ ਬਿੱਲੇ ਨੂੰ ਸਿਗਾਰ ਪੀਣਾ, ਆਦਿ।

ਆਖਿਰ ਅਜਨਬੀ ਨੇ ਮੱਥੇ ਤੋਂ ਪਸੀਨਾ ਪੂੰਝਿਆ ਤੇ ਬਾਹਰ ਨਿਕਲ ਗਿਆ। ਤੇ ਇਸ ਤਰ੍ਹਾਂ ਇਹ ਰਿਆਜ਼ ਖਤਮ ਹੋਇਆ। ਫਯੋਦਰ ਨੇ ਡਰਾਉਣੀ ਫੂੰਕਾਰ ਭਰੀ, ਗੱਦੇ 'ਤੇ ਲੇਟ ਗਿਆ ਤੇ ਅੱਖਾਂ ਮੀਚ ਲਈਆਂ। ਅਣਗਿਣਤ ਨਵੀਂਆਂ ਛਾਪਾਂ ਨਾਲ ਦਿਨ ਬੀਤਦਿਆਂ ਪਤਾ ਹੀ ਨਾ ਚੱਲਿਆ। ਸ਼ਾਮ ਨੂੰ ਲਾਖੀ ਦਾ ਮੈਲਾ ਗੱਦਾ ਮੈਲੀ ਕੰਧ ਵਾਲੇ ਕਾਗਜ਼ੀ ਕਮਰੇ 'ਚ ਰੱਖ ਦਿੱਤਾ ਗਿਆ ਤੇ ਰਾਤ ਉਸਨੇ ਫਯੋਦਰ ਅਤੇ ਹੰਸ ਨਾਲ ਕੱਟੀ।

# 5. ਵਾਹ! ਕੀ ਕਮਾਲ ਹੈ!

ਇਕ ਮਹੀਨਾ ਬੀਤ ਗਿਆ।

ਲਾਖੀ ਇਸ ਗੱਲ ਦੀ ਆਦੀ ਹੋ ਗਈ ਸੀ ਕਿ ਰੋਜ਼ ਸ਼ਾਮ ਨੂੰ ਉਸਨੂੰ ਮਜ਼ੇਦਾਰ ਖਾਣਾ ਮਿਲਦਾ ਸੀ ਤੇ ਮੌਸੀ ਕਹਿ ਕੇ ਬੁਲਾਇਆ ਜਾਂਦਾ ਸੀ। ਅਜਨਬੀ ਅਤੇ ਨਵੇਂ ਸਾਥੀਆਂ ਦੀ ਵੀ ਉਹ ਆਦੀ ਹੋ ਚੁੱਕੀ ਸੀ। ਜ਼ਿੰਦਗੀ ਬੜੇ ਮਜ਼ੇ ਨਾਲ ਬੀਤ ਰਹੀ ਸੀ।

ਸਾਰੇ ਦਿਨ ਇਕੋ ਤਰ੍ਹਾਂ ਨਾਲ ਸ਼ੁਰੂ ਹੁੰਦੇ ਸਨ। ਆਮ ਤੌਰ 'ਤੇ ਇਵਾਨ ਇਵਾਨਿਚ ਸਭ ਤੋਂ ਪਹਿਲਾਂ ਜਾਗਦਾ। ਉਹ ਸਭ ਤੋਂ ਪਹਿਲਾਂ ਮੌਸੀ ਜਾਂ ਬਿੱਲੇ ਕੋਲ ਜਾਂਦਾ, ਗਰਦਨ ਖਿੱਚ ਕੇ ਬੜੇ ਜ਼ੋਰ- ਸ਼ੋਰ ਨਾਲ ਕੁੱਝ ਕਹਿਣ ਲੱਗਦਾ, ਪਰ ਪਹਿਲਾਂ ਵਾਂਗ ਹੀ ਉਹਦੀ ਗੱਲ ਸਮਝ ਨਾ ਆਉਂਦੀ। ਕਦੇ-ਕਦੇ ਉਹ ਆਪਣੀ ਲੰਬੀ ਗਰਦਨ ਉਪੱਰ ਚੁੱਕ ਲੰਬੇ ਮੋਨੋਲੋਗ ਕਰਦਾ। ਪਹਿਲੇ ਕੁੱਝ ਦਿਨਾਂ ਤੱਕ ਲਾਖੀ ਇਹ ਸੋਚਦੀ ਰਹੀ ਕਿ ਉਹ ਬੜਾ ਅਕਲਮੰਦ ਹੈ, ਤਾਂ ਹੀ ਏਨਾ ਬੋਲਦਾ ਹੈ, ਪਰ ਥੋੜ੍ਹੇ ਦਿਨ ਬੀਤ ਜਾਣ ਤੋਂ ਬਾਦ ਉਸਦੇ ਮਨ 'ਚ ਹੰਸ ਲਈ ਕੋਈ ਆਦਰ ਨਾ ਰਿਹਾ, ਹੁਣ ਜਦੋਂ ਉਹ ਆਪਣਾ ਲੰਬਾ ਭਾਸ਼ਣ ਝਾੜਦਾ ਹੋਇਆ ਉਸ ਕੋਲ ਆਉਂਦਾ, ਤਾਂ ਉਹ ਪੂਛ ਨਾ ਹਿਲਾਉਂਦੀ ਸੀ, ਬਲਕਿ ਉਸ ਨਾਲ ਨਿਕੇ ਬੱਕੀ ਵਰਗਾ ਵਿਹਾਰ ਕਰਦੀ, ਜੋ ਸਭ ਨੂੰ ਤੰਗ ਕਰਦਾ, ਸੌਣ ਨਹੀਂ ਦੇਂਦਾ। ਉਸਦਾ ਕੋਈ ਵੀ ਲਿਹਾਜ਼ ਕੀਤੇ ਬਿਨਾ ਉਸਨੂੰ ਗੁੱਰਾਅ ਕੇ ਝਾੜ ਦੇਂਦੀ।

ਜਨਾਬ ਫਯੋਦਰ ਦੇ ਤੌਰ-ਤਰੀਕੇ ਬਿਲਕੁਲ ਹੀ ਹੋਰ ਸਨ। ਉਹ ਸਵੇਰੇ ਉਠਦਿਆਂ ਕੋਈ ਅਵਾਜ਼ ਨਾ ਕਰਦਾ, ਹਿੱਲਦਾ-ਜੁਲਦਾ ਵੀ ਨਹੀਂ ਤੇ ਨਾ ਹੀ ਅੱਖਾਂ ਖੋਲ੍ਹਦਾ। ਉਹ ਤਾਂ ਖੁਸ਼ੀ ਨਾਲ ਜਾਗਦਾ ਹੀ ਨਾ, ਕਿਉਂਕਿ ਸਾਫ ਲੱਗਦਾ ਸੀ ਉਸਨੂੰ ਇਸ ਜ਼ਿੰਦਗੀ ਨਾਲ ਕੋਈ ਪਿਆਰ ਨਹੀਂ। ਕਿਸੇ ਗੱਲ 'ਚ ਉਸਦੀ ਦਿਲਚਸਪੀ ਨਹੀਂ ਸੀ, ਹਰ ਚੀਜ਼ ਨੂੰ ਉਹ ਲਾਪਰਵਾਹੀ ਅਤੇ ਆਲਸ ਨਾਲ ਵੇਖਦਾ, ਕਿਸੇ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ, ਇਥੋਂ ਤੱਕ ਕਿ ਆਪਣਾ ਸਵਾਦਿਸ਼ਟ ਖਾਣਾ ਖਾਂਦਿਆਂ ਵੀ ਉਹ ਨਫਰਤ ਨਾਲ ਫੂੰਕਾਰਦਾ ਰਹਿੰਦਾ। ਲਾਖੀ ਸਵੇਰੇ ਉੱਠ ਕਮਰਿਆਂ ਦਾ ਚੱਕਰ ਕੱਟਣ ਅਤੇ ਸੁੰਘਣ ਲੱਗਦੀ। ਸਿਰਫ ਉਸਨੂੰ ਅਤੇ ਬਿੱਲੇ ਨੂੰ ਹੀ ਸਾਰੇ ਘਰ 'ਚ ਘੁੰਮਣ ਦੀ ਇਜਾਜ਼ਤ ਸੀ। ਇਵਾਨ ਇਵਾਨਿਚ ਨੂੰ ਮੈਲੀ ਕੰਧ ਵਾਲੇ ਕਾਗਜ਼ੀ ਕਮਰੇ ਦੀ ਦਹਿਲੀਜ਼ ਲੰਘਣ ਦਾ ਹੱਕ ਨਹੀਂ ਸੀ ਤੇ ਸੂਰ ਵਿਹੜੇ 'ਚ ਕਿਸੇ ਕੋਠੜੀ 'ਚ ਰਹਿੰਦਾ ਸੀ, ਸਿਰਫ ਰਿਆਜ਼ ਵੇਲੇ ਹੀ ਅੰਦਰ ਆਉਂਦਾ ਸੀ। ਮਾਲਿਕ ਦੇਰ ਨਾਲ ਉੱਠਦਾ। ਜੀਅ ਭਰ ਕੇ ਚਾਹ ਪੀ ਲੈਣ ਤੋਂ ਬਾਦ ਉਹ ਤੁਰੰਤ ਹੀ ਤਮਾਸ਼ਿਆਂ 'ਚ ਲੱਗ ਜਾਂਦਾ। ਰੋਜ਼ ਕਮਰੇ 'ਚ ਅੱਡਾ-ਘੋੜੀ, ਛਾਂਟਾ ਅਤੇ ਛੱਲੇ ਲਿਆਏ ਜਾਂਦੇ ਤੇ ਰੋਜ਼ ਹੀ ਆਮਤੌਰ ਤੇ ਉਹੀ ਸਭ ਦੁਹਰਾਇਆ ਜਾਂਦਾ। ਰਿਆਜ਼ ਤਿੰਨ-ਚਾਰ ਘੰਟੇ ਚੱਲਦਾ। ਕਦੀ-ਕਦੀ ਤਾਂ ਫਯੋਦਰ ਇਉਂ ਲੜਖੜਉਂਦਾ ; ਜਿਵੇਂ ਕਿ ਉਸਨੇ ਨਸ਼ਾ ਕੀਤਾ ਹੋਇਆ ਹੋਵੇ, ਇਵਾਨ ਇਵਾਨਿਚ ਆਪਣੀ ਚੁੰਝ ਖੋਲ੍ਹ ਹੱਫਦਾ, ਮਾਲਿਕ ਦਾ ਚਿਹਰਾ ਲਾਲ ਸੁਰਖ ਹੋ ਜਾਂਦਾ ਤੇ ਉਸਦੇ ਚਿਹਰੇ 'ਤੇ ਪਸੀਨਾ ਪੂੰਝਿਆਂ ਵੀ ਨਾ ਪੂੰਝਿਆ ਜਾਂਦਾ। ਇਹਨਾਂ ਰਿਆਜ਼ਾਂ ਅਤੇ ਖਾਣਿਆਂ ਦੀ ਬਦੌਲਤ ਦਿਨ ਬੜਾ ਰੌਚਕ ਰਹਿੰਦਾ ਪਰ ਸ਼ਾਮ ਨੂੰ ਲਾਖੀ ਬੋਰ ਹੁੰਦੀ ਰਹਿੰਦੀ। ਆਮਤੌਰ 'ਤੇ ਸ਼ਾਮ ਨੂੰ ਮਾਲਿਕ ਹੰਸ ਅਤੇ ਬਿੱਲੇ ਨੂੰ ਲੈ ਕੇ ਚਲਾ ਜਾਂਦਾ ਸੀ। ਇਕੱਲੀ ਰਹਿ ਜਾਣ 'ਤੇ ਮੌਸੀ ਆਪਣੇ ਗੱਦੇ

’ਤੇ ਲੇਟ ਜਾਂਦੀ ਅਤੇ ਉਦਾਸ ਹੋਣ ਲੱਗਦੀ ... ਉਸ ਉੱਤੇ ਅਣਜਾਣੇ ’ਚ ਹੀ ਹੌਲੀ-ਹੌਲੀ ਉਦਾਸੀ ਛਾ ਜਾਂਦੀ ਸੀ, ਜਿਵੇਂ ਹੀ ਕਮਰੇ ’ਚ ਹਨੇਰਾ ਛਾ ਜਾਂਦਾ ਹੈ। ਉਹਦੀ ਸ਼ੁਰੂਆਤ ਇਉਂ ਹੁੰਦੀ ਕਿ ਲਾਖੀ ਦਾ ਨਾ ਭੌਂਕਣ ਨੂੰ ਦਿਲ ਕਰਦਾ, ਤੇ ਨਾ ਹੀ ਕੁਝ ਖਾਣ ਨੂੰ ਜਾਂ ਕਮਰੇ ’ਚ ਦੌੜਣ ਦਾ ਤੇ ਇਥੋਂ ਤੱਕ ਕਿ ਵੇਖਣ ਤੱਕ ਦਾ ਮਨ ਨਾ ਕਰਦਾ। ਫਿਰ ਉਸਦੀ ਕਲਪਨਾ ’ਚ ਦੋ ਅਸਪੱਸ਼ਟ ਜਿਹੀਆਂ ਅਕ੍ਰਿਤੀਆਂ ਪ੍ਰਗਟ ਹੁੰਦੀਆਂ, ਪਤਾ ਨਹੀਂ ਕੁੱਤੇ ਹੁੰਦੇ ਜਾਂ ਲੋਕ, ਪਿਆਰੇ ਜਿਹੇ, ਪਰ ਅਣਬੁੱਝ ਚਿਹਰੇ, ਉਹਨਾਂ ਦੇ ਪ੍ਰਗਟ ਹੁੰਦਿਆਂ ਹੀ ਮੌਸੀ ਪੂਛ ਹਿਲਾਉਣ ਲੱਗਦੀ ਤੇ ਉਸਨੂੰ ਲੱਗਦਾ ਕਿ ਉਸਨੇ ਉਹਨਾਂ ਨੂੰ ਕਿਤੇ ਵੇਖਿਆ ਹੈ, ਤੇ ਉਸਨੂੰ ਲੱਗਦਾ ਕਿ ਇਹਨਾਂ ਅਕ੍ਰਿਤੀਆਂ ਤੋਂ ਗੂੰਦ, ਬੂਰਾ ਅਤੇ ਵਾਰਨਿਸ਼ ਦੀ ਗੰਧ ਆਉਂਦੀ ਹੈ।

ਜਦੋਂ ਉਹ ਨਵੇਂ ਜੀਵਨ ਦੀ ਆਦੀ ਹੋ ਗਈ ਤੇ ਮਰੀਅਲ ਜਿਹੀ ਤੋਂ ਮੋਟੀ-ਤਗੜੀ ਕੁੱਤੀ ਬਣ ਗਈ, ਜਿਹਦੀ ਚੰਗੀ ਤਰ੍ਹਾਂ ਦੇਖਭਾਲ ਹੁੰਦੀ ਹੈ, ਤਾਂ ਰਿਆਜ਼ ਤੋਂ ਪਹਿਲਾਂ ਇਕ ਦਿਨ ਮਾਲਿਕ ਨੇ ਉਸਨੂੰ ਸਹਿਲਾਇਆ ਅਤੇ ਬੋਲਿਆ :

“ਮੌਸੀ, ਹੁਣ ਕੁਝ ਕੰਮ ਕਰਨਾ ਚਾਹੀਦਾ ਹੈ। ਬਹੁਤ ਨਿਠੱਲੀ ਬੈਠ ਲਿਆ। ਮੈਂ ਤੈਨੂੰ ਕਲਾਕਾਰ ਬਣਾਉਣਾ ਚਾਹੁੰਦਾ ਹਾਂ ... ਬਣੇਗੀ ਕਲਾਕਾਰ?”

ਤੇ ਉਹ ਉਸਨੂੰ ਕਈ ਚੀਜ਼ਾਂ ਸਿਖਾਉਣ ਲੱਗਾ। ਪਹਿਲੇ ਰਿਆਜ਼ ਵਿੱਚ ਉਹਨੇ ਪਿਛਲੀਆਂ ਲੱਤਾਂ ’ਤੇ ਖੜ੍ਹੇ ਹੋਣਾ ਅਤੇ ਚੱਲਣਾ ਸਿਖਿਆ। ਮੌਸੀ ਨੂੰ ਇਹ ਸਭ ਬਹੁਤ ਵਧੀਆ ਲੱਗਾ। ਦੂਸਰੇ ਰਿਆਜ਼ ਵਿੱਚ ਉਸਨੂੰ ਪਿਛਲੇ ਪੰਜਿਆਂ ’ਤੇ ਕੁੱਦ ਕੇ ਮਾਲਿਕ ਹੱਥੋਂ ਚੀਨੀ ਦੀ ਡਲੀ ਫੜਨੀ ਸੀ, ਜੋ ਉਸਨੇ ਉਸਦੇ ਸਿਰ ਦੇ ਕਾਫ਼ੀ ਉਪਰ ਹੱਥ ’ਚ ਫੜੀ ਸੀ। ਫਿਰ ਅਗਲੇ ਪਾਠਾਂ ’ਚ ਉਸਨੇ ਨੱਚਣਾ, ਵਾਗਡੋਰ ’ਤੇ ਦੌੜਣਾ, ਵਾਜੇ ਨਾਲ ਅਵਾਜ਼ਾਂ ਕੱਢਣੀਆਂ, ਘੰਟੀ ਵਜਾਉਣਾ ਤੇ ਪਿਸਤੌਲ ਚਲਾਉਣਾ ਸਿੱਖਿਆ। ਮਹੀਨੇ ਬਾਦ ਉਹ ਅਰਾਮ ਨਾਲ ਪਿਰਾਮਿਡ ’ਤੇ ਫਯੋਦਰ ਦੀ ਥਾਂ ਲੈ ਸਕਦੀ ਸੀ। ਉਹ ਬੜੀ ਫੁਰਤੀ ਨਾਲ ਸਭ ਕੁਝ ਸਿਖਦੀ ਤੇ ਆਪਣੀ ਸਫਲਤਾ ’ਤੇ ਖੁਸ਼ ਸੀ। ਜੀਭ ਕੱਢ ਕੇ ਵਾਗਡੋਰ ’ਤੇ ਦੌੜਣਾ, ਛੱਲੇ ’ਚ ਕੁੱਦਣਾ ਅਤੇ ਬੁੱਢੇ ਫਯੋਦਰ ਦੀ ਸਵਾਰੀ ਕਰਨਾ। ਇਸ ਸਭ ’ਚ ਉਸਨੂੰ ਬੜਾ ਮਜ਼ਾ ਆਉਂਦਾ ਸੀ। ਜਦੋਂ ਵੀਂ ਕੋਈ ਤਮਾਸ਼ਾ ਉਹ ਚੰਗੀ ਤਰ੍ਹਾਂ ਕਰ ਲੈਂਦੀ, ਤਾਂ ਖੁਸ਼ੀ ’ਚ ਜ਼ੋਰ-ਜ਼ੋਰ ਦੀ ਭੌਂਕਣ ਲੱਗ ਪੈਂਦੀ, ਉਸਤਾਦ ਵੀ ਹੈਰਾਨ ਹੁੰਦਾ, ਖੁਸ਼ੀ ’ਚ ਝੂਮਣ ਲੱਗਦਾ ਤੇ ਕਹਿੰਦਾ :

“ਵਾਹ! ਕਮਾਲ ਹੋ ਗਿਆ! ਕਮਾਲ ਹੋ ਗਿਆ! ਤੂੰ ਲਾਜਵਾਬ ਹੈਂ, ਮੌਸੀ! ਕਮਾਲ ਹੈ!”

ਮੌਸੀ “ਕਮਾਲ” ਸ਼ਬਦ ਦੀ ਏਨੀ ਆਦੀ ਹੋ ਗਈ ਕਿ ਹਰ ਵਾਰ ਜਦੋਂ ਮਾਲਿਕ ਇਹ ਸ਼ਬਦ ਕਹਿੰਦਾ, ਤਾਂ ਉਹ ਉੱਛਲ ਕੇ ਖੜ੍ਹੀ ਹੋ ਜਾਂਦੀ, ਇਧਰ-ਉਧਰ ਵੇਖਦੀ, ਜਿਵੇਂ ਕਿ ਇਹ ਉਸਦਾ ਨਾਮ ਹੋਵੇ।

## 6. ਬੇਚੈਨੀ ਭਰੀ ਰਾਤ

ਮੌਸੀ ਨੇ ਕੁੱਤਿਆਂ ਦਾ ਸੁਪਨਾ ਵੇਖਿਆ ਕਿ ਜਮਾਂਦਾਰ ਲੰਬੇ ਡੰਡੇ ਵਾਲਾ ਝਾੜੂ ਫੜੀ ਉਸਦਾ ਪਿੱਛਾ ਕਰ ਰਿਹਾ ਹੈ ਤੇ ਡਰ ਦੇ ਮਾਰੇ ਉਸਦੀ ਅੱਖ ਖੁੱਲ੍ਹ ਗਈ। ਹਨੇਰੇ ਕਮਰੇ 'ਚ ਸੰਨਾਟਾ ਸੀ ਤੇ ਬਹੁਤ ਹੁੰਮਸ ਸੀ। ਚਿੱਚੜ ਕੱਟ ਰਹੇ ਸਨ। ਮੌਸੀ ਨੂੰ ਪਹਿਲਾਂ ਕਦੇ ਵੀ ਡਰ ਨਹੀਂ ਲੱਗਾ ਸੀ, ਹੁਣ ਪਤਾ ਨਹੀਂ ਕਿਉਂ ਉਹ ਡਰ ਗਈ ਤੇ ਭੌਂਕਣ ਦਾ ਮਨ ਕੀਤਾ। ਨਾਲ ਦੇ ਕਮਰੇ 'ਚ ਮਾਲਿਕ ਨੇ ਬੜੇ ਜ਼ੋਰ ਨਾਲ ਸਾਹ ਲਿਆ, ਫਿਰ ਥੋੜ੍ਹੀ ਦੇਰ ਬਾਦ ਸੂਰ ਆਪਣੀ ਕੋਠੜੀ 'ਚ ਹੂੰਘਿਆ ਤੇ ਫਿਰ ਤੋਂ ਸੰਨਾਟਾ ਛਾ ਗਿਆ। ਖਾਣ ਦੀ ਗੱਲ ਸੋਚੋ ਤਾਂ ਮਨ ਨੂੰ ਚੈਨ ਮਿਲਦਾ ਹੈ, ਸੋ ਮੌਸੀ ਇਹ ਸੋਚਣ ਲੱਗੀ ਕਿ ਕਿਵੇਂ ਉਸਨੇ ਅੱਜ ਫਯੋਦਰ ਦੇ ਖਾਣੇ 'ਚੋਂ ਮੁਰਗੀ ਦੀ ਲੱਤ ਚੁਰਾ ਲਈ ਸੀ ਤੇ ਬੈਠਕ 'ਚ ਅਲਮਾਰੀ ਅਤੇ ਕੰਧ ਦੇ ਵਿਚਕਾਰ ਲੁਕਾ ਦਿੱਤੀ ਸੀ, ਜਿਥੇ ਢੇਰ ਸਾਰੀ ਧੂੜ ਅਤੇ ਮਕੜੀ ਦਾ ਜਾਲਾ ਹੈ। ਚੰਗਾ ਹੋਵੇਗਾ ਜੇ ਜਾ ਕੇ ਵੇਖ ਆਵੇ : ਉਹ ਲੱਤ ਸਹੀ ਸਲਾਮਤ ਹੈ ਕਿ ਨਹੀਂ? ਹੋ ਸਕਦਾ ਹੈ ਕਿ, ਮਾਲਿਕ ਨੂੰ ਮਿਲ ਗਈ ਹੋਵੇ ਤੇ ਉਹ ਉਸਨੂੰ ਖਾ ਗਿਆ ਹੋਵੇ। ਪਰ ਸਵੇਰ ਹੋਣ ਤੋਂ ਪਹਿਲਾਂ ਉਹ ਕਮਰੇ 'ਚੋਂ ਬਾਹਰ ਨਹੀਂ ਨਿਕਲ ਸਕਦਾ – ਅਜਿਹਾ ਇਥੋਂ ਦਾ ਨਿਯਮ ਹੈ। ਮੌਸੀ ਨੇ ਅੱਖਾਂ ਮੀਚ ਲਈਆਂ, ਤਾਂ ਕਿ ਜਲਦੀ ਨਾਲ ਸੌਂ ਜਾਵੇ। ਉਹ ਆਪਣੇ ਅਨੁਭਵ ਤੋਂ ਜਾਣਦੀ ਸੀ ਕਿ ਜਿੰਨੀ ਜਲਦੀ ਸੌਂ ਜਾਓ, ਓਨੀ ਹੀ ਜਲਦੀ ਸਵੇਰ ਹੋ ਜਾਂਦੀ ਹੈ। ਪਰ ਅਚਾਨਕ ਉਸ ਤੋਂ ਥੋੜ੍ਹੀ ਹੀ ਦੂਰ ਕਿਤੇ ਅਜੀਬ ਜਿਹੀ ਚੀਕ ਸੁਣੀ, ਜਿਸ ਨਾਲ ਉਹ ਕੰਬ ਗਈ ਤੇ ਚਾਰਾਂ ਪੈਰਾਂ 'ਤੇ ਖੜ੍ਹੀ ਹੋ ਗਈ। ਉਹ ਇਵਾਨ ਇਵਾਨਿਚ ਚੀਕਿਆ ਸੀ, ਪਰ ਇਹ ਚੀਖ ਹਮੇਸ਼ਾਂ ਵਰਗੀ ਨਹੀਂ ਸੀ, ਇਹ ਤਾਂ ਕੋਈ ਤਿੱਖੀ, ਡਰਾਵਨੀ, ਅਸੁਭਾਵਿਕ ਚੀਖ ਸੀ, ਜਿਵੇਂ ਫਾਟਕ ਖੋਲ੍ਹਿਆਂ ਚਰਮਰਾਂਦਾ ਹੈ। ਹਨੇਰੇ 'ਚ ਮੌਸੀ ਨੂੰ ਕੁਝ ਵੀ ਨਾ ਦਿਖਿਆ, ਨਾ ਸਮਝ ਆਇਆ, ਉਸਦਾ ਡਰ ਹੋਰ ਵੀ ਵੱਧ ਗਿਆ ਤੇ ਉਹ ਹੌਲੀ ਜਿਹੀ ਗੁੱਰਾਈ।

ਕੁਝ ਸਮਾਂ ਬੀਤਿਆ, ਜਿੰਨਾ ਕਿ ਹੱਡੀਆਂ ਦੇ ਨਪੀੜੇ ਜਾਣ ਲਈ ਕਾਫ਼ੀ ਹੋਵੇ ; ਚੀਕ ਫਿਰ ਨਹੀਂ ਸੁਣਾਈ ਦਿੱਤੀ। ਮੌਸੀ ਹੌਲੀ-ਹੌਲੀ ਨਿਸ਼ਚਿੰਤ ਹੋ ਗਈ ਤੇ ਹੂੰਘਣ ਲੱਗੀ। ਉਸਨੂੰ ਸੁਪਨੇ 'ਚ ਦੋ ਵੱਡੇ-ਵੱਡੇ ਕਾਲੇ ਕੁੱਤੇ ਦਿਖੇ ਜਿਨ੍ਹਾਂ ਦੇ ਪੱਠਿਆਂ ਤੇ ਵੱਖੀਆਂ 'ਤੇ ਪਿਛਲੇ ਸਾਲ ਦੇ ਵਾਲਾਂ ਦੇ ਗੁੱਛੇ ਸਨ ; ਉਹ ਲੱਕੜ ਦੇ ਵੱਡੇ ਜਿਹੇ ਟੱਬ ਵਿੱਚੋਂ ਗੰਦਲੇ ਪਾਣੀ 'ਚ ਮਿਲੀ ਜੂਠ ਖਾ ਰਹੇ ਸਨ। ਟੱਬ ਵਿੱਚੋਂ ਸਫੇਦ ਭਾਫ ਉੱਠ ਰਹੀ ਸੀ ਤੇ ਸਵਾਦਿਸ਼ਟ ਗੰਧ ਆ ਰਹੀ ਸੀ ; ਕਦੀ-ਕਦੀ ਕੁੱਤੇ ਮੁੜ ਕੇ ਉਸ ਵੱਲ ਵੇਖਦੇ ਤੇ ਗੁੱਰਾਉਂਦੇ : "ਤੈਨੂੰ ਤਾਂ ਨਹੀਂ ਦੇਵਾਂਗੇ!" ਪਰ ਘਰੋਂ ਭੇਡ ਦੀ ਖ਼ੱਲ ਦਾ ਓਵਰਕੋਟ ਪਾਈ ਜਮਾਂਦਾਰ ਨਿਕਲਿਆ ਤੇ ਉਹਨੇ ਚਾਬੁਕ ਨਾਲ ਉਹਨਾਂ ਨੂੰ ਭਜਾ ਦਿੱਤਾ ; ਤਦ ਮੌਸੀ ਟੱਬ ਕੋਲ ਆਈ ਤੇ ਖਾਣ ਲੱਗੀ, ਪਰ ਜਿਵੇਂ ਹੀ ਜਮਾਂਦਾਰ ਫਾਟਕ ਤੋਂ ਬਾਹਰ ਗਿਆ, ਦੋਵੇਂ ਕਾਲੇ ਕੁੱਤੇ ਗੁੱਰਾਂਦਿਆਂ ਉਸ ਉੱਤੇ ਟੁੱਟ ਪਏ, ਅਚਾਨਕ ਫਿਰ ਤਿੱਖੀ ਚੀਕ ਸੁਣਾਈ ਦਿੱਤੀ।

"ਕੈਂਅ-ਕੈਂਅ-ਕੈਂਅ!" ਇਵਾਨ ਇਵਾਨਿਚ ਚੀਕਿਆ।

ਮੌਸੀ ਜਾਗ ਗਈ, ਉੱਛਲੀ ਅਤੇ ਗੱਦੇ 'ਤੇ ਖੜ੍ਹੀ-ਖੜ੍ਹੀ ਚੀਕਣ ਲੱਗੀ। ਉਸਨੂੰ ਲੱਗ ਰਿਹਾ ਸੀ ਕਿ ਇਹ ਇਵਾਨ ਇਵਾਨਿਚ ਨਹੀਂ, ਕੋਈ ਦੂਸਰਾ, ਬਾਹਰ ਦਾ ਕੋਈ ਚੀਕ ਰਿਹਾ ਹੈ। ਕੋਠੜੀ

'ਚ ਸੂਰ ਫਿਰ ਤੋਂ ਹੂੰਘਿਆ।

ਜੁੱਤੀਆਂ ਦੇ ਘਸੀਟਣ ਦੀ ਅਵਾਜ਼ ਸੁਣਾਈ ਦਿੱਤੀ ਤੇ ਗਾਊਨ ਪਾਈ, ਹੱਥ 'ਚ ਮੋਮਬੱਤੀ ਫੜੀ ਮਾਲਿਕ ਅੰਦਰ ਆਇਆ।

ਟਿਮਟਿਮਾਉਂਦੀ ਰੋਸ਼ਨੀ ਕੰਧ ਅਤੇ ਛੱਤ 'ਤੇ ਨੱਚਣ ਲੱਗੀ ਤੇ ਉਸਨੇ ਹਨੇਰੇ ਨੂੰ ਭਜਾ ਦਿੱਤਾ। ਮੌਸੀ ਨੇ ਵੇਖਿਆ ਕਿ ਕਮਰੇ 'ਚ ਕੋਈ ਬੇਗਾਨਾ ਨਹੀਂ ਹੈ। ਇਵਾਨ ਇਵਾਨਿਚ ਫਰਸ਼ ਉੱਤੇ ਬੈਠਾ ਸੀ, ਸੌਂ ਨਹੀਂ ਰਿਹਾ ਸੀ। ਉਸਦੇ ਖੰਭ ਫੈਲੇ ਹੋਏ ਸਨ ਤੇ ਚੁੰਝ ਖੁੱਲ੍ਹੀ ਹੋਈ ਸੀ, ਉਹਦੀ ਸ਼ਕਲ-ਸੂਰਤ ਤੋਂ ਲੱਗਦਾ ਸੀ ਜਿਵੇਂ ਕਿ ਉਹ ਬਹੁਤ ਥੱਕ ਗਿਆ ਹੋਵੇ ਤੇ ਉਸਨੂੰ ਪਿਆਸ ਲੱਗੀ ਹੋਵੇ। ਬੁੱਢਾ ਫਯੋਦਰ ਵੀ ਨਹੀਂ ਸੌਂ ਰਿਹਾ ਸੀ। ਹੋਵੇ ਨਾ ਹੋਵੇ, ਉਹ ਵੀ ਚੀਕ ਕੇ ਜਾਗ ਗਿਆ ਹੋਣਾ।

"ਇਵਾਨ ਇਵਾਨਿਚ, ਕੀ ਹੋਇਆ ਤੈਨੂੰ?" ਮਾਲਿਕ ਨੇ ਹੰਸ ਨੂੰ ਪੁਛਿਆ। "ਕਿਉਂ ਚੀਕ ਰਿਹਾ ਹੈਂ? ਬੀਮਾਰ ਹੋ ਗਿਆ?"

ਹੰਸ ਚੁੱਪ ਸੀ। ਮਾਲਿਕ ਨੇ ਉਸਦੀ ਗਰਦਨ ਅਤੇ ਪਿੱਠ ਪਲੋਸੀ ਤੇ ਬੋਲਿਆ : "ਕਿਹੋ ਜਿਹਾ ਸਨਕੀ ਹੈਂ ਤੂੰ। ਨਾ ਆਪ ਸੌਂ ਰਿਹਾ ਨਾ ਦੂਜਿਆਂ ਨੂੰ ਸੌਣ ਦੇਂਦਾ।"

ਮਾਲਿਕ ਚਲਾ ਗਿਆ, ਆਪਣੇ ਨਾਲ ਰੋਸ਼ਨੀ ਲੈ ਗਿਆ, ਤੇ ਫਿਰ ਤੋਂ ਹਨੇਰਾ ਹੋ ਗਿਆ। ਮੌਸੀ ਨੂੰ ਡਰ ਲੱਗ ਰਿਹਾ ਸੀ। ਹੰਸ ਚੀਕ ਨਹੀਂ ਰਿਹਾ ਸੀ, ਪਰ ਉਸਨੂੰ ਫਿਰ ਲੱਗਿਆ ਕਿ ਹਨੇਰੇ 'ਚ ਕੋਈ ਬੇਗਾਨਾ ਖੜ੍ਹਾ ਹੈ। ਸਭ ਤੋਂ ਡਰਾਵਣੀ ਗੱਲ ਤਾਂ ਇਹ ਸੀ ਕਿ ਇਸ ਬੇਗਾਨੇ ਨੂੰ ਕੱਟਿਆ ਨਹੀਂ ਜਾ ਸਕਦਾ ਸੀ, ਕਿਉਂਕਿ ਉਹ ਅਦ੍ਰਿਸ਼ ਸੀ ਤੇ ਉਸਦੀ ਕੋਈ ਅਕ੍ਰਿਤੀ ਨਹੀਂ ਸੀ। ਪਤਾ ਨਹੀਂ ਕਿਉਂ ਉਸਨੂੰ ਇਹ ਖਿਆਲ ਆ ਰਿਹਾ ਸੀ ਕਿ ਅੱਜ ਰਾਤ ਜ਼ਰੂਰ ਕੋਈ ਬੁਰੀ ਗੱਲ ਹੋਣ ਵਾਲੀ ਹੈ। ਫਯੋਦਰ ਵੀ ਸ਼ਾਂਤ ਨਹੀਂ ਸੀ। ਮੌਸੀ ਨੂੰ ਸੁਣਾਈ ਦੇ ਰਿਹਾ ਸੀ ਕਿ ਕਿਵੇਂ ਉਹ ਆਪਣੇ ਗੱਦੇ 'ਤੇ ਉੱਸਲਵੱਟੇ ਭਰ ਰਿਹਾ ਹੈ, ਉਬਾਸੀਆਂ ਲੈ ਰਿਹਾ ਹੈ ਤੇ ਸਿਰ ਝਟਕ ਰਿਹਾ ਹੈ।

ਬਾਹਰ ਕਿਸੇ ਨੇ ਫਾਟਕ ਖੜਕਾਇਆ ਤੇ ਕੋਠਰੀ 'ਚ ਸੂਰ ਹੂੰਘਿਆ। ਮੌਸੀ ਚੂੰ-ਚੂੰ ਕਰਨ ਲੱਗੀ, ਅਗਲੀਆਂ ਲੱਤਾਂ ਅੱਗੇ ਨੂੰ ਵਧਾ ਦਿੱਤੀਆਂ ਤੇ ਉਹਨਾਂ ਉੱਤੇ ਸਿਰ ਰੱਖ ਦਿੱਤਾ। ਫਾਟਕ 'ਤੇ ਹੋਈ ਖਟਖਟ, ਪਤਾ ਨਹੀਂ ਕਿਉਂ ਸੌਂ ਨਾ ਰਹੇ ਸੂਰ ਦੀ ਘੁਰਘੁਰਾਹਟ, ਇਹ ਹਨੇਰਾ ਅਤੇ ਸੰਨਾਟਾ- ਇਸ ਸਭ 'ਚ ਉਸਨੂੰ ਉਂਝ ਦਾ ਹੀ ਕੁਝ ਉਦਾਸੀ ਭਰਿਆ ਅਤੇ ਡਰਾਵਣਾ ਲੱਗ ਰਿਹਾ ਸੀ, ਜਿਵੇਂ ਇਵਾਨ ਇਵਾਨਿਚ ਦੀ ਚੀਕ 'ਚ ਸੀ। ਸਭ ਕੁਝ ਬੇਚੈਨ, ਪਰੇਸ਼ਾਨ ਸੀ। ਕਿਉਂ? ਕੌਣ ਹੈ ਇਹ ਬੇਗਾਨਾ, ਜੋ ਦਿਖਾਈ ਨਹੀਂ ਦੇਂਦਾ? ਮੌਸੀ ਕੋਲ ਕੁਝ ਪਲ ਲਈ ਦੋ ਧੁੰਦਲੀਆਂ ਜਿਹੀਆਂ, ਹਰੀਆਂ-ਹਰੀਆਂ ਚਿੰਗਾਰੀਆਂ ਚਮਕੀਆਂ। ਉਹਨਾਂ ਦੀ ਸਾਰੀ ਜਾਣ-ਪਹਿਚਾਣ ਦੇ ਦੌਰਾਨ ਪਹਿਲੀ ਵਾਰ ਫਯੋਦਰ ਕੋਲ ਆ ਕੇ ਬੈਠਾ ਸੀ। ਉਸਨੂੰ ਕੀ ਚਾਹੀਦਾ? ਮੌਸੀ ਨੇ ਉਸਦਾ ਪੰਜਾ ਚੱਟਿਆ ਤੇ ਇਹ ਪੁੱਛੇ ਬਿਨਾ ਕਿ ਉਹ ਕਿਉਂ ਆਇਆ ਹੈ, ਹੌਲੀ ਜਿਹੀ, ਵੰਨ-ਸੁਵੰਨੀਆਂ ਅਵਾਜ਼ਾਂ ਕੱਢਦੀ ਚੂਕਣ ਲੱਗ ਪਈ।

"ਕੈਂਅ-ਕੈਂਅ!" ਇਵਾਨ ਇਵਾਨਿਚ ਚੀਕਿਆ। "ਕੈਂਅ-ਕੈਂਅ!"

ਫਿਰ ਤੋਂ ਦਰਵਾਜ਼ਾ ਖੁਲ੍ਹਿਆ ਤੇ ਮੋਮਬੱਤੀ ਫੜੀ ਮਾਲਿਕ ਅੰਦਰ ਆਇਆ। ਹੰਸ ਪਹਿਲਾਂ

ਵਰਗੀ ਮੁਦਰਾ 'ਚ ਚੁੰਝ ਖੋਲ੍ਹੀ, ਖੰਭ ਫੈਲਾਈ ਬੈਠਾ ਸੀ। ਉਸਦੀਆਂ ਅੱਖਾਂ ਬੰਦ ਸਨ।

"ਇਵਾਨ ਇਵਾਨਿਚ!" ਮਾਲਿਕ ਨੇ ਅਵਾਜ਼ ਦਿੱਤੀ।

ਹੰਸ ਹਿੱਲਿਆ-ਜੁਲਿਆ ਨਹੀਂ। ਮਾਲਿਕ ਉਸਦੇ ਸਾਹਮਣੇ ਫਰਸ਼ 'ਤੇ ਬੈਠ ਗਿਆ, ਕੁਝ ਪਲ ਚੁੱਪ ਕਰਕੇ ਵੇਖਦਾ ਰਿਹਾ ਤੇ ਬੋਲਿਆ :

"ਇਵਾਨ ਇਵਾਨਿਚ! ਕੀ ਹੋਇਆ? ਕੀ ਤੂੰ ਮਰ ਰਿਹਾ ਹੈਂ? ਓਹ, ਮੈਨੂੰ ਯਾਦ ਆਇਆ," ਉਹਨੇ ਆਪਣਾ ਸਿਰ ਫੜ ਲਿਆ । ਮੈਨੂੰ ਪਤਾ ਹੈ, ਉਹ ਸਭ ਕਿਉਂ ਹੋ ਰਿਹਾ ਹੈ। ਅੱਜ ਤੂੰ ਘੋੜੇ ਦੇ ਪੈਰ ਥੱਲੇ ਆ ਗਿਆ ਸੀ ਨਾ, ਇਸੇ ਲਈ! ਹਾਏ ਰੱਬਾ! ਹਾਏ ਰੱਬਾ!"

ਮੌਸੀ ਦੀ ਸਮਝ 'ਚ ਨਹੀਂ ਆ ਰਿਹਾ ਸੀ ਕਿ ਮਾਲਿਕ ਕੀ ਕਹਿ ਰਿਹਾ ਹੈ। ਪਰ ਉਸਦੇ ਚਿਹਰੇ 'ਤੇ ਉਹ ਵੇਖ ਰਹੀ ਸੀ ਕਿ ਉਸਨੂੰ ਕੋਈ ਬਹੁਤ ਬੁਰੀ ਗੱਲ ਹੋਣ ਦਾ ਖਦਸ਼ਾ ਹੈ। ਉਸਨੇ ਹਨੇਰੀ ਖਿੜਕੀ ਵੱਲ ਬੂਥੀ ਵਧਾਈ। ਉਸਨੂੰ ਲੱਗ ਰਿਹਾ ਸੀ ਕਿ ਕੋਈ ਬੇਗਾਨਾ ਝਾਕ ਰਿਹਾ ਹੈ, ਤੇ ਉਹ ਹੂੰਘਣ ਲੱਗੀ।

"ਉਹ ਮਰ ਰਿਹਾ ਹੈ, ਮੌਸੀ!" ਮਾਲਿਕ ਨੇ ਕਿਹਾ ਤੇ ਹੱਥ ਉਪਰ ਚੁੱਕ ਝਟਕੇ। "ਹਾਂ, ਹਾਂ, ਮਰ ਰਿਹਾ ਹੈ। ਤੇਰੇ ਕਮਰੇ 'ਚ ਮੌਤ ਆ ਗਈ ਹੈ। ਕੀ ਕਰੀਏ ਅਸੀਂ?"

ਮਾਲਿਕ ਦਾ ਚਿਹਰਾ ਪੀਲਾ ਪੈ ਗਿਆ। ਉਹ ਘਬਰਾਇਆ ਹੋਇਆ ਸੀ। ਡੂੰਘਾ ਸਾਹ ਭਰਦਿਆਂ ਤੇ ਸਿਰ ਹਿਲਾਉਂਦਿਆਂ ਉਹ ਆਪਣੇ ਸੌਣ-ਕਮਰੇ 'ਚ ਚਲਾ ਗਿਆ। ਮੌਸੀ ਨੂੰ ਹਨੇਰੇ ਤੋਂ ਡਰ ਲੱਗ ਰਿਹਾ ਸੀ, ਸੋ ਉਹ ਵੀ ਉਸਦੇ ਪਿੱਛੇ ਚਲੀ ਗਈ। ਪਲੰਘ 'ਤੇ ਬੈਠਿਆਂ ਮਾਲਿਕ ਨੇ ਕਈ ਵਾਰ ਕਿਹਾ :

"ਹਾਏ ਰੱਬਾ, ਕੀ ਕਰੀਏ?"

ਮੌਸੀ ਉਸਦੇ ਪੈਰਾਂ ਕੋਲ ਚੱਕਰ ਕੱਟ ਰਹੀ ਸੀ। ਉਸਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਉਸਦਾ ਮਨ ਏਨਾ ਉਦਾਸ ਕਿਉਂ ਹੈ, ਕਿਉਂ ਸਭ ਏਨੇ ਪਰੇਸ਼ਾਨ ਹੋ ਰਹੇ ਹਨ। ਇਹ ਸਭ ਸਮਝਣ ਦੀ ਕੋਸ਼ਿਸ਼ 'ਚ ਉਹ ਮਾਲਿਕ ਦੀ ਹਰਕਤ ਨੂੰ ਗੌਰ ਨਾਲ ਵੇਖ ਰਹੀ ਸੀ। ਫਯੋਦਰ ਘੱਟ ਹੀ ਕਦੇ ਆਪਣਾ ਗੱਦਾ ਛੱਡਦਾ ਸੀ ; ਹੁਣ ਉਹ ਮਾਲਿਕ ਦੇ ਕਮਰੇ 'ਚ ਆ ਗਿਆ ਤੇ ਉਸਦੇ ਪੈਰਾਂ ਚ ਲੋਟਣ ਲੱਗਾ। ਉਹ ਬਾਰ-ਬਾਰ ਇਉਂ ਸਿਰ ਝਟਕਦਾ, ਜਿਵੇਂ ਕਿ ਉਸ ਵਿੱਚੋਂ ਬੁਰਾ ਵਿਚਾਰ ਕੱਢ ਸੁੱਟਣਾ ਚਾਹੁੰਦਾ ਹੋਵੇ, ਤੇ ਪਲੰਘ ਹੇਠੋਂ ਝਾਕ ਰਿਹਾ ਸੀ, ਜਿਵੇਂ ਕਿ ਉਥੇ ਕੁਝ ਹੋਵੇ। ਮਾਲਿਕ ਨੇ ਕੌਲਾ ਲਿਆ, ਕਮਰੇ 'ਚ ਪਏ ਹੱਥ ਧੋਣ ਵਾਲੇ ਛੋਟੇ ਜਿਹੇ ਡਰੱਮ ਵਿੱਚੋਂ ਪਾਣੀ ਭਰਿਆ ਅਤੇ ਫਿਰ ਹੰਸ ਕੋਲ ਗਿਆ।

"ਇਵਾਨ ਇਵਾਨਿਚ, ਲੈ ਪਾਣੀ ਪੀ ਲੈ," ਉਸਦੇ ਸਾਹਮਣੇ ਕੌਲਾ ਰੱਖਦਿਆਂ ਉਸਨੇ ਲਾਡ ਨਾਲ ਕਿਹਾ। "ਪੀ ਲੈ, ਭਰਾਵਾ।"

ਪਰ ਇਵਾਨ ਹਿੱਲ-ਜੁਲ ਨਹੀਂ ਰਿਹਾ ਸੀ ਤੇ ਨਾ ਹੀ ਅੱਖਾਂ ਖੋਲ੍ਹ ਰਿਹਾ ਸੀ। ਉਸਨੇ ਉਸਦਾ ਸਿਰ ਕੌਲੇ 'ਤੇ ਝੁਕਾਇਆ ਤੇ ਚੁੰਝ ਪਾਣੀ 'ਚ ਪਾਈ, ਪਰ ਹੰਸ ਨਹੀਂ ਪੀ ਰਿਹਾ ਸੀ। ਉਸਨੇ ਖੰਭ ਹੋਰ ਵੀ ਫੈਲਾ ਦਿੱਤੇ ਤੇ ਉਸਦਾ ਸਿਰ ਕੌਲੇ 'ਤੇ ਰੱਖਿਆ ਰਹਿ ਗਿਆ।

"ਨਹੀਂ, ਹੁਣ ਕੁਝ ਨਹੀਂ ਕੀਤਾ ਜਾ ਸਕਦਾ!" ਮਾਲਿਕ ਨੇ ਹਉਕਾ ਭਰਿਆ। "ਸਭ ਖਤਮ ਹੋ ਗਿਆ। ਚੱਲਾ ਗਿਆ ਇਵਾਨ ਇਵਾਨਿਚ!"

ਤੇ ਉਸਦੀਆਂ ਗੱਲ੍ਹਾਂ ਤੇ ਚਮਕਦੀਆਂ ਬੂੰਦਾਂ ਹੇਠਾਂ ਨੂੰ ਟਪਕਣ ਲੱਗੀਆਂ, ਉਂਝ ਦੀਆਂ ਬੂੰਦਾਂ ਜਿਵੇਂ ਦੀਆਂ ਬਾਰਿਸ਼ ਵੇਲੇ ਖਿੜਕੀਆਂ ਉੱਤੇ ਹੁੰਦੀਆਂ ਹਨ। ਮੌਸੀ ਅਤੇ ਫਯੋਦਰ ਕੁਝ ਨਹੀਂ ਸਮਝ ਪਾ ਰਹੇ ਸਨ, ਮਾਲਿਕ ਨਾਲ ਚਿਪਕੀ ਜਾ ਰਹੇ ਸਨ ਤੇ ਡਰੇ ਹੋਏ ਹੰਸ ਨੂੰ ਵੇਖ ਰਹੇ ਸਨ।

"ਵਿਚਾਰਾ ਇਵਾਨ ਇਵਾਨਿਚ!" ਠੰਡੇ ਸਾਹ ਭਰਦਿਆਂ ਮਾਲਿਕ ਕਹਿ ਰਿਹਾ ਸੀ। "ਮੈਂ ਤਾਂ ਸੋਚ ਰਿਹਾ ਸੀ ਕਿ ਬਸੰਤ 'ਚ ਤੈਨੂੰ ਦਾਚੇ ਲੈ ਕੇ ਜਾਵਾਂਗਾ ਤੇ ਹਰੀ-ਹਰੀ ਘਾਹ ਉੱਤੇ ਤੇਰੇ ਨਾਲ ਘੁੰਮਾਂਗਾ। ਮੇਰੇ ਪਿਆਰੇ ਹੰਸ, ਮੇਰੇ ਚੰਗੇ ਸਾਥੀ, ਤੂੰ ਹੁਣ ਨਹੀਂ ਰਿਹਾ! ਤੇਰੇ ਬਿਨਾ ਹੁਣ ਮੈਂ ਕੀ ਕਰਾਂਗਾ?"

ਮੌਸੀ ਨੂੰ ਲੱਗ ਰਿਹਾ ਸੀ ਕਿ ਉਸ ਨਾਲ ਵੀ ਇੰਝ ਹੀ ਹੋਣਾ, ਮਤਲਬ ਕਿ ਉਹ ਵੀ ਇੰਝ ਹੀ, ਪਤਾ ਨਹੀਂ ਕਿਉਂ ਅੱਖਾਂ ਬੰਦ ਕਰ ਲਵੇਗੀ, ਲੱਤਾਂ ਫੈਲਾ ਲਵੇਗੀ, ਮੂੰਹ ਖੋਲ੍ਹ ਲਵੇਗੀ ਤੇ ਸਾਰੇ ਉਸਨੂੰ ਡਰੇ ਹੋਏ ਵੇਖਣਗੇ। ਪੱਕਾ ਫਯੋਦਰ ਦੇ ਦਿਮਾਗ 'ਚ ਵੀ ਅਜਿਹੇ ਹੀ ਵਿਚਾਰ ਘੁੰਮ ਰਹੇ ਸਨ। ਬੁੱਢਾ ਬਿੱਲਾ ਇਸਤੋਂ ਪਹਿਲਾਂ ਕਦੇ ਵੀ ਏਨਾ ਮਾਯੂਸ ਅਤੇ ਨਿਰਾਸ਼ ਨਜ਼ਰ ਨਹੀਂ ਆਇਆ ਸੀ।

ਪਹੁ ਫੁੱਟ ਰਹੀ ਸੀ। ਛੋਟੇ ਕਮਰੇ 'ਚ ਹੁਣ ਉਹ ਦ੍ਰਿਸ਼ ਬੇਗਾਨਾ ਨਹੀਂ ਸੀ, ਜਿਸ ਤੋਂ ਮੌਸੀ ਨੂੰ ਏਨਾ ਡਰ ਲੱਗ ਰਿਹਾ ਸੀ। ਜਦੋਂ ਪੂਰਾ ਚਾਨਣ ਹੋ ਗਿਆ, ਤਾਂ ਜਮਾਂਦਾਰ ਆਇਆ, ਹੰਸ ਦੇ ਪੰਜੇ ਫੜ ਉਸਨੂੰ ਕਿਤੇ ਲੈ ਗਿਆ। ਥੋੜ੍ਹੀ ਦੇਰ ਬਾਦ ਬੁੱਢੀ ਆਈ ਤੇ ਟੱਬ ਲੈ ਗਈ।

ਮੌਸੀ ਬੈਠਕ 'ਚ ਗਈ ਤੇ ਅਲਮਾਰੀ ਪਿੱਛੇ ਝਾਕਿਆ : ਮਾਲਿਕ ਨੇ ਮੁਰਗੀ ਦੀ ਲੱਤ ਖਾਧੀ ਨਹੀਂ ਸੀ, ਉਹ ਆਪਣੀ ਜਗ੍ਹਾ 'ਤੇ ਹੀ, ਜਾਲੇ ਅਤੇ ਧੂੜ 'ਚ ਪਈ ਹੋਈ ਸੀ। ਪਰ ਮੌਸੀ ਦਾ ਮਨ ਉਖੜਿਆ ਹੋਇਆ ਸੀ, ਉਸਨੂੰ ਰੋਣਾ ਆ ਰਿਹਾ ਸੀ। ਉਹਨੇ ਲੱਤ ਨੂੰ ਸੁੰਘਿਆ ਤੱਕ ਨਹੀਂ, ਸੋਫੇ ਥੱਲੇ ਜਾ ਕੇ ਬੈਠ ਗਈ ਤੇ ਪਤਲੀ ਜਿਹੀ ਅਵਾਜ਼ 'ਚ ਚੂਕਣ ਲੱਗ ਪਈ।

## 7. ਤੇ ਤਮਾਸ਼ਾ ਫੇਲ ਹੋ ਗਿਆ

ਇਕ ਸ਼ਾਮ ਮਾਲਿਕ ਮੈਲੀ ਕੰਧ ਵਾਲੇ ਕਮਰੇ 'ਚ ਆਇਆ ਤੇ ਹੱਥ ਰਗੜਦਿਆਂ ਬੋਲਿਆ :

"ਅੱਛਾ ਜੀ..."

ਉਹ ਕੁਝ ਹੋਰ ਹੀ ਕਹਿਣਾ ਚਾਹੁੰਦਾ ਸੀ ਪਰ ਕਹੇ ਬਿਨਾ ਬਾਹਰ ਚਲਾ ਗਿਆ। ਮੌਸੀ ਰਿਆਜ਼ ਦੌਰਾਨ ਉਸਦੇ ਚਿਹਰੇ ਅਤੇ ਲਹਿਜ਼ੇ ਦੇ ਉਤਾਰ-ਚੜ੍ਹਾਅ ਸਮਝਣਾ ਸਿਖ ਗਈ ਸੀ, ਸੋ ਉਹ ਜਾਣ ਗਈ ਕਿ ਉਹ ਉਤੇਜ਼ਤ ਅਤੇ ਚਿੰਤਿਤ ਹੈ, ਲਗਦਾ ਹੈ, ਗੁੱਸੇ 'ਚ ਵੀ ਹੈ। ਥੋੜ੍ਹੀ ਦੇਰ ਬਾਦ ਉਹ ਪਰਤਿਆ ਅਤੇ ਬੋਲਿਆ :

"ਅੱਜ ਮੈਂ ਮੌਸੀ ਅਤੇ ਫਯੋਦਰ ਨੂੰ ਆਪਣੇ ਨਾਲ ਲੈ ਜਾਵਾਂਗਾ। ਮਿਸਰੀ ਪਿਰਾਮਿਡ 'ਚ ਮੌਸੀ ਅੱਜ ਇਵਾਨ ਇਵਾਨਿਚ ਦੀ ਥਾਂ ਲਵੇਗੀ। ਉਫ਼, ਕੀ ਹੈ ਇਹ ਸਭ! ਕੁਝ ਤਿਆਰ ਨਹੀਂ, ਸਿਖਿਆ ਨਹੀਂ ਗਿਆ, ਰਿਆਜ ਘੱਟ ਹੋਇਆ ਹੈ! ਬਦਨਾਮ ਹੋ ਜਾਵਾਂਗੇ, ਤਮਾਸ਼ਾ ਫੇਲ ਹੋ ਜਾਵੇਗਾ!"

ਉਹ ਫਿਰ ਬਾਹਰ ਚਲਾ ਗਿਆ ਤੇ ਮਿੰਟ ਕੁ ਬਾਦ ਹੀ ਫ਼ਰ ਵਾਲਾ ਓਵਰਕੋਟ ਤੇ ਉੱਚਾ ਟੋਪ ਪਾ ਮੁੜ ਆਇਆ। ਬਿੱਲੇ ਕੋਲ ਜਾ ਕੇ ਉਸਨੂੰ ਅਗਲੀਆਂ ਲੱਤਾਂ ਤੋਂ ਫੜਿਆ ਤੇ ਚੁੱਕ ਕੇ ਆਪਣੇ ਓਵਰਕੋਟ ਥੱਲੇ ਛਾਤੀ 'ਚ ਲੁਕਾ ਲਿਆ। ਫਯੋਦਰ ਇਸ ਸਭ ਤੋਂ ਉਦਾਸੀਨ ਲੱਗਦਾ ਸੀ, ਇਥੋਂ ਤੱਕ ਕਿ ਉਸਨੇ ਅੱਖਾਂ ਵੀ ਨਹੀਂ ਖੋਲ੍ਹੀਆਂ। ਉਸ ਲਈ ਸਭ ਬਰਾਬਰ ਸਨ : ਉਹ ਲੇਟਿਆ ਰਹੇ ਜਾਂ ਲੱਤਾਂ ਫੜ ਕੇ ਚੁੱਕ ਲਿਆ ਜਾਵੇ, ਗੱਦੇ 'ਤੇ ਲੇਟਿਆ ਰਹੇ ਜਾਂ ਮਾਲਿਕ ਦੀ ਛਾਤੀ 'ਤੇ ਓਵਰਕੋਟ ਥੱਲੇ ਦੁੱਬਕਿਆ ਰਹੇ।

"ਮੌਸੀ, ਚੱਲ", ਮਾਲਿਕ ਨੇ ਕਿਹਾ।

ਕੁਝ ਵੀ ਸਮਝੇ ਬਿਨਾ ਪੂਛ ਹਿਲਾਉਂਦਿਆਂ ਉਸਦੇ ਪਿੱਛੇ ਚੱਲ ਪਈ। ਪਲ ਕੁ ਬਾਦ ਹੀ ਉਹ ਸਲੈਂਜ ਗੱਡੀ 'ਚ ਮਾਲਿਕ ਦੇ ਪੈਰਾਂ 'ਚ ਬੈਠੀ ਸੀ ਤੇ ਸੁਣ ਰਹੀ ਸੀ ਕਿ ਕਿਵੇਂ ਉਹ ਠੰਡ 'ਚ ਸੁੰਗੜਦਾ ਹੋਇਆ ਤੇ ਘਬਰਾਉਂਦਾ ਹੋਇਆ ਬੁੜਬੁੜਾ ਰਿਹਾ ਸੀ :

"ਬਦਨਾਮ ਹੋ ਜਾਵਾਂਗੇ! ਤਮਾਸ਼ਾ ਫੇਲ ਹੋ ਜਾਵੇਗਾ!"

ਸਲੈਂਜ ਗੱਡੀ ਇਕ ਬਹੁਤ ਵੱਡੇ, ਅਜੀਬ ਜਿਹੇ ਮਕਾਨ ਕੋਲ ਰੁਕੀ, ਜਿਹੜਾ ਮੂਧੇ ਪਏ ਡੌਂਗੇ ਵਰਗਾ ਸੀ। ਉਸ ਵਿੱਚ ਸ਼ੀਸ਼ੇ ਦੇ ਤਿੰਨ ਦਰਵਾਜ਼ੇ ਸਨ, ਜਿਹੜੇ ਦਰਜਨਾਂ ਬੱਤੀਆਂ ਨਾਲ ਜਗਮਗਾ ਰਹੇ ਸਨ। ਦਰਵਾਜ਼ੇ ਸ਼ੋਰ ਕਰਦੇ ਹੋਏ ਖੁਲ੍ਹਦੇ ਤੇ ਮੂੰਹਾਂ ਵਾਂਗ ਉਥੇ ਆ-ਜਾ ਰਹੇ ਲੋਕਾਂ ਨੂੰ ਨਿਗਲ ਜਾਂਦੇ। ਇਥੇ ਲੋਕ ਬਹੁਤ ਖੁਸ਼ ਸਨ, ਕਈ ਘੋੜੇ ਆ ਕੇ ਰੁੱਕ ਰਹੇ ਸਨ, ਪਰ ਕੁੱਤੇ ਕਿਤੇ ਨਜ਼ਰ ਨਹੀਂ ਆਉਂਦੇ ਸਨ।

ਮਾਲਿਕ ਨੇ ਮੌਸੀ ਨੂੰ ਚੁੱਕਿਆ ਤੇ ਓਵਰਕੋਟ ਥੱਲੇ ਵਾੜ ਲਿਆ, ਜਿਥੇ ਫਯੋਦਰ ਪਹਿਲਾਂ ਹੀ ਬੈਠਾ ਹੋਇਆ ਸੀ। ਉਥੇ ਹਨੇਰਾ ਅਤੇ ਹੁੰਮਸ ਸੀ, ਪਰ ਗਰਮਾਹਟ ਵੀ। ਪਲ ਕੁ ਲਈ ਦੋ ਧੁੰਦਲੀਆਂ ਜਿਹੀਆਂ, ਹਰੀਆਂ-ਹਰੀਆਂ ਚਿੰਗਾਰੀਆਂ ਚਮਕੀਆਂ- ਮੌਸੀ ਦੇ ਠੰਡੇ, ਸਖ਼ਤ ਪੰਜਿਆਂ ਤੋਂ ਪਰੇਸ਼ਾਨ ਹੋ ਕੇ ਬਿੱਲੇ ਨੇ ਅੱਖਾਂ ਖੋਲ੍ਹੀਆਂ। ਮੌਸੀ ਨੇ ਉਸਦਾ ਕੰਨ ਚੱਟਿਆ, ਅਰਾਮ ਨਾਲ ਬੈਠਣ ਦੀ ਫਿਕਰ 'ਚ ਉਹ ਕੁਰਬੁਲਾਉਣ ਲੱਗੀ, ਬਿੱਲੇ ਨੂੰ ਆਪਣੇ ਠੰਡੇ ਪੰਜਿਆਂ ਹੇਠ ਦਬਾ ਲਿਆ, ਬੇਧਿਆਨੇ ਹੀ ਸਿਰ ਓਵਰਕੋਟ ਤੋਂ ਬਾਹਰ ਕੱਢ ਲਿਆ, ਪਰ ਤੁਰੰਤ ਹੀ ਗੁੱਰਾਈ ਤੇ ਫਿਰ ਅੰਦਰ ਘੁੱਸ ਗਈ। ਉਸਨੂੰ ਲੱਗਾ ਉਸਨੇ ਇਕ ਵਿਸ਼ਾਲ ਕਮਰਾ ਵੇਖਿਆ ਹੈ, ਜਿਸ ਵਿੱਚ ਬਹੁਤ ਘੱਟ ਰੋਸ਼ਨੀ ਹੈ। ਕਮਰਾ ਅਜੀਬ-ਅਜੀਬ ਜਿਹੇ ਭਿਆਨਕ ਜੀਵਾਂ ਨਾਲ ਭਰਿਆ ਪਿਆ ਸੀ ; ਕਮਰੇ ਦੇ ਦੋਵੇਂ ਪਾਸੇ ਵਾੜਾਂ ਅਤੇ ਪਿੰਜਰਿਆਂ ਪਿੱਛੋਂ ਡਰਾਵਨੇ ਥੂਥਨ ਦਿਖ ਰਹੇ ਸਨ : ਘੋੜਿਆਂ ਦੇ, ਸਿੰਗਾਂ ਵਾਲੇ, ਲਮਕੰਨੇ ਤੇ ਇਕ ਬਹੁਤ ਹੀ ਵੱਡਾ, ਮੋਟਾ ਥੁਥਣ, ਜਿਸ ਉੱਤੇ ਨੱਕ ਦੀ ਜਗ੍ਹਾ ਪੂਛ ਸੀ ਤੇ ਮੂੰਹ ਤੋਂ ਦੋ ਸੁੰਗੜੀਆਂ ਹੱਡੀਆਂ ਨਿਕਲੀਆਂ ਹੋਈਆਂ ਸਨ।

ਬਿੱਲੇ ਨੇ ਮੌਸੀ ਥੱਲੇ ਫਟੀ-ਫਟੀ ਅਵਾਜ਼ ਚ ਮਿਆਊਂ ਕੀਤਾ, ਪਰ ਤਦੇ ਓਵਰਕੋਟ ਖੁਲ੍ਹ ਗਿਆ, ਮਾਲਿਕ ਨੇ ਕਿਹਾ "ਹਪ!" ਤੇ ਮੌਸੀ ਅਤੇ ਫਯੋਦਰ ਥੱਲੇ ਛਾਲ ਮਾਰ ਦਿੱਤੀ। ਉਹ ਹੁਣ ਇਕ ਛੋਟੇ ਜਿਹੇ ਕਮਰੇ 'ਚ ਸਨ, ਜਿਸਦੀ ਮਟਮੈਲੀ ਜਿਹੀ ਕੰਧ ਲੱਕੜ ਦੇ ਬਾਲਿਆਂ ਨਾਲ ਬਣੀ ਹੋਈ ਸੀ। ਜਿਥੇ ਇਕ ਛੋਟੀ ਜਿਹੀ ਸ਼ੀਸ਼ੇ ਵਾਲੀ ਮੇਜ਼, ਇਕ ਸਟੂਲ, ਤੇ ਕੋਨਿਆਂ 'ਚ ਟੰਗੇ ਕਪੜਿਆਂ ਦੇ

ਇਲਾਵਾ ਹੋਰ ਕੁਝ ਵੀ ਨਹੀਂ ਸੀ। ਲੈਂਪ ਜਾਂ ਮੋਮਬੱਤੀ ਦੀ ਜਗ੍ਹਾ ਪੱਖਾਨੁਮਾ ਤੇਜ਼ ਬੱਤੀ ਬਲ ਰਹੀ ਸੀ, ਜੋ ਕੰਧ 'ਚ ਗੱਡੀ ਇਕ ਨਲੀ 'ਤੇ ਲੱਗੀ ਹੋਈ ਸੀ। ਫਯੋਦਰ ਨੇ ਆਪਣੀ ਫ਼ਰ ਚੱਟੀ, ਜਿਹੜੀ ਮੌਸੀ ਥੱਲੇ ਦੱਬ ਗਈ ਸੀ ਤੇ ਜਾ ਕੇ ਸਟੂਲ ਥੱਲੇ ਲੇਟ ਗਿਆ। ਅਜੇ ਵੀ ਘਬਰਾਉਂਦਿਆਂ ਤੇ ਹੱਥ ਰਗੜਦਿਆਂ ਮਾਲਿਕ ਕਪੜੇ ਉਤਾਰਨ ਲੱਗਾ ... ਉਹਨੇ ਸਿਰਫ਼ ਓਵਰਕੋਟ ਜਾਂ ਕੋਟ ਹੀ ਨਹੀਂ ਉਤਾਰਿਆ, ਬਲਕਿ ਇਸ ਤਰ੍ਹਾਂ ਕਪੜੇ ਲਾਹੇ ਜਿਵੇਂ ਉਹ ਘਰ 'ਚ ਕੰਬਲ ਵਿੱਚ ਪੈਣ ਤੋਂ ਪਹਿਲਾ ਉਤਾਰਦਾ ਹੈ, ਭਾਵ ਕਿ ਅੰਦਰੂਨੀ ਕਪੜੇ- ਪੂਰੀ ਬਾਹਵਾਂ ਵਾਲੀ ਬਨੈਣ ਤੇ ਤੰਗ ਪਜਾਮਾ। ਫਿਰ ਉਹ ਸਟੂਲ 'ਤੇ ਬੈਠ ਗਿਆ ਤੇ ਸ਼ੀਸ਼ੇ 'ਚ ਵੇਖਦਿਆਂ ਆਪਣੇ-ਆਪ ਨੂੰ ਪਤਾ ਨਹੀਂ ਕੀ-ਕੀ ਕਰਨ ਲੱਗਾ- ਵੇਖ ਕੇ ਹੈਰਾਨੀ ਹੁੰਦੀ ਸੀ, ਸਭ ਤੋਂ ਪਹਿਲਾਂ ਉਸਨੇ ਸਿਰ 'ਤੇ ਨਕਲੀ ਵਾਲਾਂ ਦਾ ਵਿੱਗ ਪਾਇਆ, ਜਿਸਦੇ ਵਿਚ ਚੀਰ ਸੀ ਅਤੇ ਦੋਨਾਂ ਪਾਸੇ ਵਾਲਾਂ 'ਚ ਸਿੰਗ ਬਣੇ ਹੋਏ ਸਨ, ਫਿਰ ਉਸਨੇ ਚਿਹਰੇ 'ਤੇ ਚਿੱਟਾ ਜਿਹਾ ਕੁਝ ਮਲ ਲਿਆ ਤੇ ਚਿੱਟੇ ਰੰਗ ਉੱਤੇ ਭਰਵੱਟੇ, ਮੁੱਛਾਂ ਅਤੇ ਲਾਲੀ ਬਣਾਈ। ਏਨੇ 'ਚ ਹੀ ਉਸਦੇ ਤਮਾਸ਼ੇ ਖਤਮ ਨਹੀਂ ਹੋਏ। ਚਿਹਰੇ ਅਤੇ ਗਰਦਨ ਨੂੰ ਲਿੱਪ-ਪੁਤ ਕੇ ਉਹ ਬੜੀ ਅਜੀਬੋ-ਗਰੀਬ ਪੁਸ਼ਾਕ ਪਾਉਣ ਲੱਗਾ। ਮੌਸੀ ਨੇ ਪਹਿਲਾਂ ਕਦੇ ਵੀ ਨਾ ਘਰ ਅਤੇ ਨਾ ਹੀ ਸੜਕ 'ਤੇ ਕਿਸੇ ਨੂੰ ਅਜਿਹੇ ਕਪੜੇ ਪਾਇਆਂ ਵੇਖਿਆ ਸੀ। ਕਲਪਨਾ ਕਰੋ ਬੋਰੇ ਵਰਗੀ ਖੁੱਲ੍ਹੀ ਪਤਲੂਨ, ਜਿਹੜੀ ਵੱਡੇ-ਵੱਡੇ ਫੁੱਲਾਂ ਵਾਲੇ ਹਲਕੇ ਸਾਟਨ ਦੇ ਕਪੜੇ ਨਾਲ ਬਣੀ ਹੋਈ ਸੀ। ਅਜਿਹਾ ਕਪੜਾ ਸ਼ਹਿਰਾਂ ਦੇ ਆਮ ਘਰਾਂ 'ਚ ਪਰਦਿਆਂ ਲਈ ਅਤੇ ਫਰਨੀਚਰ 'ਤੇ ਚੜ੍ਹਾਉਣ ਦੇ ਕੰਮ ਆਉਂਦਾ ਹੈ। ਪਤਲੂਨ ਲੱਕ ਤੋਂ ਵੀ ਉਚੀ ਸੀ, ਉਸਦਾ ਇਕ ਪਾਉਂਚਾ ਭੂਰੀ ਸਾਟਨ ਦਾ ਸੀ ਤੇ ਦੂਸਰਾ ਚਮਕੀਲੀ ਪੀਲੀ ਸਾਟਨ ਦਾ। ਪਤਲੂਨ 'ਚ ਵੜ ਕੇ ਮਾਲਿਕ ਨੇ ਉਪਰੋਂ ਸਾਟਨ ਦਾ ਟੇਢੇ-ਮੇਢੇ ਕਾਲਰ ਵਾਲਾ ਕੁਰਤਾ ਪਾਇਆ, ਜਿਸਦੀ ਪਿੱਠ 'ਤੇ ਸੁਨਹਿਰਾ ਤਾਰਾ ਬਣਿਆ ਹੋਇਆ ਸੀ ; ਵੱਖ-ਵੱਖ ਰੰਗਾਂ ਦੀਆਂ ਜ਼ੁਰਾਬਾਂ ਪਾਈਆਂ ਅਤੇ ਫਿਰ ਹਰੀਆਂ ਜੁੱਤੀਆਂ।

ਮੌਸੀ ਤਾਂ ਚਕਾਚੌਂਧ ਹੋ ਗਈ। ਸਫੇਦ ਮੂੰਹ ਵਾਲੀ ਬੋਰੇ ਵਰਗੀ ਅਕ੍ਰਿਤੀ 'ਚੋਂ ਮਾਲਿਕ ਦੀ ਗੰਧ ਆਉਂਦੀ ਸੀ, ਉਸਦੀ ਅਵਾਜ਼ ਵੀ ਜਾਣੀ-ਪਹਿਚਾਣੀ, ਮਾਲਿਕ ਵਰਗੀ ਹੀ ਸੀ, ਪਰ ਅਜਿਹੇ ਪਲ ਵੀ ਆਉਂਦੇ ਜਦੋਂ ਮੌਸੀ ਦੇ ਮਨ 'ਚ ਸ਼ੱਕ ਪੈਦਾ ਹੋਣ ਲੱਗ ਪੈਂਦੇ। ਤਦ ਉਸਦਾ ਦਿਲ ਕਰਦਾ ਉਸ ਭੜਕੀਲੀ ਅਕ੍ਰਿਤੀ ਤੋਂ ਦੂਰ ਭੱਜ ਜਾਵੇ ਤੇ ਭੌਂਕੇ। ਨਵੀਂ ਜਗ੍ਹਾ, ਪੱਖੇਨੁਮਾ ਬੱਤੀ, ਨਵੀਆਂ ਗੰਧਾਂ, ਮਾਲਿਕ ਦਾ ਕਾਇਆ ਕਲਪ – ਇਸ ਸਭ ਨਾਲ ਉਸਦੇ ਮਨ 'ਚ ਅਜੀਬ ਜਿਹਾ ਡਰ ਸਮਾ ਰਿਹਾ ਸੀ ਤੇ ਉਸਨੂੰ ਲੱਗ ਰਿਹਾ ਸੀ ਕਿ ਜ਼ਰੂਰ ਉਸਦਾ ਸਾਹਮਣਾ ਕਿਸੇ ਡਰਾਵਨੇ ਜੀਵ ਨਾਲ ਹੋਣਾ- ਨੱਕ ਦੀ ਜਗ੍ਹਾ ਪੂਛ ਵਾਲਾ ਮੋਟਾ ਥੁਥਨ। ਉਪਰੋਂ ਕੰਧ ਪਿੱਛੋਂ ਦੂਰ ਕਿਤੇ ਬੈਂਡ-ਵਾਜਾ ਵੱਜ ਰਿਹਾ ਸੀ, ਜਿਸਨੂੰ ਮੌਸੀ ਸਹਿ ਨਹੀਂ ਸਕਦੀ ਸੀ ਤੇ ਕਦੇ-ਕਦੇ ਅਣਬੁੱਝੀ ਦਹਾੜ ਵੀ ਸੁਣਾਈ ਦੇਂਦੀ। ਬਸ ਫਯੋਦਰ ਨੂੰ ਇਕਦਮ ਸਥਿਰ ਪਿਆਂ ਵੇਖ ਉਸਨੂੰ ਥੋੜ੍ਹਾ ਹੌਂਸਲਾ ਮਿਲ ਰਿਹਾ ਸੀ। ਉਹ ਮਜ਼ੇ ਨਾਲ ਲੇਟ ਕੇ ਸੌਂ ਰਿਹਾ ਸੀ, ਜਦੋਂ ਸਟੂਲ ਹਿੱਲਦਾ ਤਦ ਵੀ ਉਹ ਅੱਖਾਂ ਨਹੀਂ ਖੋਲ੍ਹਦਾ ਸੀ। ਸਫੇਦ ਵਾਸਕਟ ਤੇ ਲੰਬਾ ਕੋਟ ਪਾਈ ਇਕ ਆਦਮੀ ਨੇ ਅੰਦਰ ਝਾਕ ਕੇ ਵੇਖਿਆ ਤੇ ਕਿਹਾ :

"ਹੁਣ ਮਿਸ ਅਰਬੇਲਾ ਜਾ ਰਹੀ ਹੈ। ਉਸ ਤੋਂ ਬਾਦ ਤੁਹਾਡੀ ਵਾਰੀ ਹੈ।"

ਮਾਲਿਕ ਨੇ ਕੋਈ ਜਵਾਬ ਨਹੀਂ ਦਿੱਤਾ। ਉਸਨੇ ਮੇਜ਼ ਥੱਲਿਓਂ ਵੱਡਾ ਅਟੈਚੀ ਕੱਢਿਆ ਤੇ ਬੈਠ ਕੇ ਉਡੀਕ ਕਰਨ ਲੱਗਾ। ਉਸਦੇ ਹੱਥਾਂ ਅਤੇ ਬੁੱਲ੍ਹਾਂ ਤੋਂ ਇੰਝ ਲੱਗ ਰਿਹਾ ਸੀ ਕਿ ਉਹ ਘਬਰਾ ਰਿਹਾ ਹੈ, ਮੌਸੀ ਉਸਦੀ ਕੰਬਦੀ ਹੋਈ ਅਵਾਜ਼ ਸੁਣ ਰਹੀ ਸੀ।

"ਮਿ. ਜ਼ੋਰਜ, ਚਲੋ!" ਦਰਵਾਜ਼ੇ ਪਿੱਛੋਂ ਕਿਸੇ ਨੇ ਅਵਾਜ਼ ਦਿੱਤੀ।

ਮਾਲਿਕ ਉੱਠਿਆ, ਛਾਤੀ 'ਤੇ ਤਿੰਨ ਵਾਰ ਸਲੀਬ ਦਾ ਨਿਸ਼ਾਨ ਬਣਾਇਆ, ਫਿਰ ਸਟੂਲ ਥੱਲਿਓਂ ਬਿੱਲੇ ਨੂੰ ਕੱਢਿਆ ਤੇ ਅਟੈਚੀ 'ਚ ਘੁਸੇੜ ਦਿੱਤਾ।

"ਚਲੋ, ਮੌਸੀ!" ਮਾਲਿਕ ਨੇ ਹੌਲੀ ਜਿਹੀ ਕਿਹਾ।

ਮੌਸੀ ਕੁਝ ਨਹੀਂ ਸਮਝੀ, ਮਾਲਿਕ ਕੋਲ ਆ ਗਈ ; ਉਸਨੇ ਮੌਸੀ ਦਾ ਸਿਰ ਚੁੰਮਿਆ ਤੇ ਉਸਨੂੰ ਫਯੋਦਰ ਕੋਲ ਰੱਖ ਦਿੱਤਾ। ਤੇ ਫਿਰ ਹਨੇਰਾ ਛਾ ਗਿਆ ... ਮੌਸੀ ਬਿੱਲੇ ਨੂੰ ਨੱਪ ਰਹੀ ਸੀ, ਅਟੈਚੀ ਨੂੰ ਖਰੌਂਚ ਰਹੀ ਸੀ, ਡਰ ਦੇ ਮਾਰੇ ਉਸਦੀ ਅਵਾਜ਼ ਨਹੀਂ ਨਿਕਲ ਰਹੀ ਸੀ, ਅਟੈਚੀ ਇਉਂ ਹਿੱਲ ਰਹੀ ਸੀ ਜਿਵੇਂ ਕਿ ਲਹਿਰਾਂ 'ਤੇ ਉੱਛਲ ਰਹੀ ਹੋਵੇ ...

'ਲਓ ਜੀ ਮੈਂ ਆ ਗਿਆ!" ਮਾਲਿਕ ਜ਼ੋਰ ਨਾਲ ਚਿਲਾਇਆ। "ਲਓ ਜੀ ਮੈਂ ਆ ਗਿਆ!"

ਮੌਸੀ ਨੇ ਮਹਿਸੂਸ ਕੀਤਾ ਕਿ ਇਸ ਚੀਖ ਤੋਂ ਬਾਦ ਅਟੈਚੀ ਕਿਸੇ ਸਖਤ ਚੀਜ਼ ਨਾਲ ਟਕਰਾਇਆ ਤੇ ਫਿਰ ਹਿੱਲਣਾ-ਜੁਲਣਾ ਬੰਦ ਹੋ ਗਿਆ। ਜ਼ੋਰ ਨਾਲ ਚਿੰਘਾੜਣ ਦੀ ਅਵਾਜ਼ ਆਈ : ਕਿਸੇ ਨੂੰ ਥਪਥਪਾਇਆ ਜਾ ਰਿਹਾ ਸੀ ਤੇ ਇਹ ਕੋਈ, ਸ਼ਾਇਦ ਨੱਕ ਦੀ ਜਗ੍ਹਾ ਪੂਛ ਵਾਲਾ ਥੂਥਨ ਹੈ। ਏਨੀ ਜ਼ੋਰ ਦੀ ਚਿੰਘਾੜ ਰਿਹਾ ਸੀ ਕਿ ਅਟੈਚੀ ਦਾ ਤਾਲਾ ਖੜਖੜਾਇਆ। ਚਿੰਘਾੜ ਦੇ ਜਵਾਬ 'ਚ ਮਾਲਿਕ ਬਰੀਕ ਤਿੱਖੀ ਅਵਾਜ਼ 'ਚ ਹੱਸਿਆ ; ਘਰ ਉਹ ਇੰਝ ਕਦੇ ਨਹੀਂ ਹੱਸਿਆ ਸੀ।

"ਹਾ-ਹਾ-ਹਾ!" ਚਿੰਗਾੜ੍ਹ ਨੂੰ ਦਬਾਉਣ ਦੀ ਕੋਸ਼ਿਸ਼ ਕਰਦਿਆਂ ਚਿਲਾਇਆ। "ਸਾਹੇਬਾਨ ਮਿਹਰਬਾਨ! ਮੈਂ ਸਿੱਧਾ ਸਟੇਸ਼ਨ ਤੋਂ ਆ ਰਿਹਾ ਹਾਂ। ਮੇਰੀ ਨਾਨੀ ਇਸ ਦੁਨੀਆਂ 'ਚ ਨਹੀਂ ਰਹੀ ਤੇ ਮੇਰੇ ਲਈ ਇਹ ਬਕਸਾ ਛੱਡ ਗਈ ਹੈ! ਬੜਾ ਭਾਰਾ ਹੈ, ਹੋਵੇ ਨਾ ਹੋਵੇ ਸੋਨੇ ਦੀਆਂ ਇੱਟਾਂ ਨਾਲ ਭਰਿਆ ਹੋਣਾ ...ਹਾ-ਹਾ-ਹਾ! ਹੁਣੇ ਵੇਖਦੇ ਹਾਂ ਕਿੰਨੇ ਲੱਖਾਂ ਹਨ ਇਸ ਵਿੱਚ!"

ਅਟੈਚੀ ਦਾ ਤਾਲਾ ਖੁੱਲ੍ਹਿਆ। ਮੌਸੀ ਦੀਆਂ ਅੱਖਾਂ ਤੇਜ਼ ਰੋਸ਼ਨੀ 'ਚ ਚੁੰਧਿਆ ਗਈਆਂ ; ਉਹ ਛਾਲ ਮਾਰ ਕੇ ਅਟੈਚੀ 'ਚੋਂ ਬਾਹਰ ਆ ਗਈ, ਸ਼ੋਰ-ਸ਼ਰਾਬੇ ਨਾਲ ਬੌਖਲਾ ਗਈ ਤੇ ਬੜੀ ਤੇਜ਼ੀ ਨਾਲ ਮਾਲਿਕ ਦੇ ਇਰਦ-ਗਿਰਦ ਦੌੜਣ ਲੱਗੀ, ਜ਼ੋਰ-ਜ਼ੋਰ ਨਾਲ ਭੌਂਕਣ ਲੱਗੀ।

"ਓਹਹ ਨਹੀਂ....!" ਮਾਲਿਕ ਚਿਲਾਇਆ। "ਫਯੋਦਰ! ਮੌਸੀ! ਆ ਗਏ ਮੇਰੇ ਪਿਆਰੇ ਰਿਸ਼ਤੇਦਾਰ! ਢੱਠੇ ਖੂਹ 'ਚ ਜਾਓ ਤੁਸੀਂ!"

ਉਹ ਢਿੱਡ ਭਾਰ ਰੇਤ 'ਤੇ ਡਿੱਗ ਗਿਆ, ਬਿੱਲੇ ਅਤੇ ਮੌਸੀ ਨੂੰ ਫੜ ਲਿਆ, ਉਹਨਾਂ ਨੂੰ ਫੜ ਗਲੇ ਲਗਾਉਣ ਲੱਗਾ। ਜਦੋਂ ਉਹ ਉਹਨਾਂ ਨੂੰ ਆਪਣੀਆਂ ਬਾਹਵਾਂ 'ਚ ਕੱਸ ਰਿਹਾ ਸੀ ਤਾਂ ਮੌਸੀ ਨੇ ਜਲਦੀ ਨਾਲ ਇਕ ਨਜ਼ਰ ਉਸ ਦੁਨੀਆਂ ਵੱਲ ਵੇਖਿਆ, ਜਿਥੇ ਕਿਸਮਤ ਉਸਨੂੰ ਲੈ ਆਈ ਸੀ। ਉਸਦੀ ਸ਼ਾਨ 'ਤੇ ਉਹ ਹੈਰਾਨ ਅਤੇ ਮੁਗਧ ਹੋ ਗਈ, ਇਕ ਪਲ ਲਈ ਹੱਕੀ-ਬੱਕੀ ਰਹਿ ਗਈ, ਫਿਰ ਮਾਲਿਕ ਦੇ ਹੱਥੋਂ ਨਿਕਲ ਭੱਜ ਗਈ ਅਤੇ ਲਾਟੂ ਵਾਂਗ ਘੁੰਮਣ ਲੱਗੀ। ਨਵੀਂ ਦੁਨੀਆਂ

ਵਿਸ਼ਾਲ ਸੀ ਤੇ ਤੇਜ਼ ਪ੍ਰਕਾਸ਼ ਨਾਲ ਭਰੀ ; ਜਿਥੇ ਵੀ ਵੇਖੋ, ਫਰਸ਼ ਤੋਂ ਛੱਤ ਤੱਕ ਚਿਹਰੇ ਹੀ ਚਿਹਰੇ ਸਨ, ਚਿਹਰੇ ਹੀ ਚਿਹਰੇ ਬਸ ਹੋਰ ਕੁਝ ਨਹੀਂ।

"ਮੌਸੀ, ਤਸ਼ਰੀਫ਼ ਰੱਖੋ!" ਮਾਲਿਕ ਚਿਲਾਇਆ।

ਮੌਸੀ ਨੂੰ ਯਾਦ ਸੀ ਕਿ ਇਸਦਾ ਕੀ ਅਰਥ ਹੈ। ਉਹ ਤੁਰੰਤ ਛਾਲ ਮਾਰ ਕੇ ਕੁਰਸੀ ਉੱਤੇ ਬੈਠ ਗਈ। ਉਸਨੇ ਮਾਲਿਕ ਵੱਲ ਵੇਖਿਆ। ਉਸਦੀਆਂ ਅੱਖਾਂ ਹਮੇਸ਼ਾਂ ਵਾਂਗ ਗੰਭੀਰ ਅਤੇ ਪਿਆਰ ਨਾਲ ਭਰੀਆਂ ਸਨ, ਪਰ ਚਿਹਰਾ ਅਤੇ ਖਾਸ ਤੌਰ 'ਤੇ ਮੂੰਹ ਅਤੇ ਦੰਦ, ਚੌੜੀ, ਪੱਕੀ ਮੁਸਕਾਨ ਨਾਲ ਭਰੇ ਸਨ। ਉਹ ਠਹਾਕੇ ਮਾਰ ਕੇ ਹੱਸ ਰਿਹਾ ਸੀ, ਭੁੜਕ ਰਿਹਾ ਸੀ, ਮੋਢੇ ਉਚਕਾ ਰਿਹਾ ਸੀ ਤੇ ਇਹ ਦਿਖਾ ਰਿਹਾ ਸੀ ਕਿ ਹਜ਼ਾਰਾਂ ਲੋਕਾਂ ਦੀ ਹਾਜ਼ਰੀ 'ਚ ਉਸਨੂੰ ਬੜਾ ਮਜ਼ਾ ਆ ਰਿਹਾ ਹੈ। ਮੌਸੀ ਨੇ ਉਸਦੀ ਖੁਸ਼ੀ 'ਤੇ ਵਿਸ਼ਵਾਸ ਕਰ ਲਿਆ, ਅਚਾਨਕ ਆਪਣੇ ਰੋਮ-ਰੋਮ ਤੋਂ ਉਸਨੂੰ ਇਹ ਅਹਿਸਾਸ ਹੋਇਆ ਕਿ ਇਹ ਹਜ਼ਾਰਾਂ ਚਿਹਰੇ ਉਸਨੂੰ ਵੇਖ ਰਹੇ ਹਨ, ਉਸਨੇ ਲੂੰਬੜੀ ਵਰਗੀ ਆਪਣੀ ਬੂਥੀ ਉਪਰ ਚੁੱਕੀ ਤੇ ਖੁਸ਼ੀ ਨਾਲ ਚੂਕਣ ਲੱਗੀ।

"ਮੌਸੀ ਤੁਸੀਂ ਇਥੇ ਬੈਠੋ, "ਮਾਲਿਕ ਨੇ ਕਿਹਾ।"ਮੈਂ ਫਯੋਦਰ ਨਾਲ ਥੋੜ੍ਹਾ ਨੱਚ ਲਵਾਂ।"

ਫਯੋਦਰ ਅਵੇਸਲਾ ਜਿਹਾ ਇਧਰ-ਉਧਰ ਵੇਖਦਾ ਹੋਇਆ ਇਸ ਇੰਤਜ਼ਾਰ 'ਚ ਖੜ੍ਹਾ ਸੀ ਕਿ ਕਦੋਂ ਉਸਨੂੰ ਇਹ ਬੇਵਕੂਫ ਭਰੀਆਂ ਹਰਕਤਾਂ ਕਰਨ ਨੂੰ ਕਿਹਾ ਜਾਵੇਗਾ। ਅਣਮੰਨਿਆ ਜਿਹਾ, ਲਾਪਰਵਾਹੀ ਨਾਲ ਨੱਚ ਰਿਹਾ ਸੀ, ਉਸਦੀਆਂ ਗਤੀਆਂ, ਉਸਦੀ ਪੂਛ ਅਤੇ ਮੁੱਛਾਂ ਤੋਂ ਸਾਫ ਦਿਖ ਰਿਹਾ ਸੀ ਕਿ ਉਹ ਇਸ ਭੀੜ ਅਤੇ ਸਾਰੀ ਰੌਣਕ ਨੂੰ ਤੁੱਛ ਸਮਝਦਾ ਸੀ, ਮਾਲਿਕ ਅਤੇ ਉਸਦਾ ਆਪਣਾ ਤਮਾਸ਼ਾ ਉਸ ਲਈ ਫੁਕਰਾ ਸੀ ...ਆਪਣੇ ਹਿੱਸੇ ਦਾ ਨੱਚ ਕੇ ਉਸਨੇ ਉਬਾਸੀ ਲਈ ਅਤੇ ਬੈਠ ਗਿਆ। ਮਾਲਿਕ ਬੋਲਿਆ :

"ਹਾਂ, ਤਾਂ ਮੌਸੀ, ਚਲੋ, ਅਸੀਂ ਪਹਿਲਾਂ ਗਾਵਾਂਗੇ ਤੇ ਫਿਰ ਨੱਚਾਂਗੇ। ਅੱਛਾ?"

ਉਸਨੇ ਜੇਬ ਵਿੱਚੋਂ ਬੰਸਰੀ ਕੱਢੀ ਤੇ ਵਜਾਉਣ ਲੱਗਾ। ਮੌਸੀ ਸੰਗੀਤ ਨਹੀਂ ਸਹਿ ਸਕਦੀ ਸੀ, ਉਹ ਬੇਚੈਨੀ ਨਾਲ ਕੁਰਬੁਲਾਉਣ ਲੱਗ ਪਈ ਤੇ ਚੀਕਣ ਲੱਗੀ। ਚਾਰੇ ਪਾਸਿਓਂ ਤਾੜੀਆਂ ਦੀ ਗੜਗੜਾਹਟ ਅਤੇ ਰੌਲਾ ਸੁਣਾਈ ਦਿੱਤਾ। ਮਾਲਿਕ ਨੇ ਝੁੱਕ ਕੇ ਸਲਾਮ ਕੀਤਾ ਤੇ ਫਿਰ ਸਭ ਸ਼ਾਂਤ ਹੋ ਗਿਆ ਤੇ ਫਿਰ ਬੰਸਰੀ ਵਜਾਉਣ ਲੱਗਾ ... ਬੰਸਰੀ ਬਹੁਤ ਉੱਚੀ ਤਾਨ 'ਚ ਵੱਜ ਰਹੀ ਸੀ, ਜਦੋਂ ਉਪਰ ਕਿਤੇ ਦਰਸ਼ਕਾਂ ਵਿੱਚੋਂ ਕਿਸੇ ਨੇ ਹੈਰਾਨੀ ਨਾਲ ਜ਼ੋਰ ਦੀ ਹਉਕਾ ਭਰਿਆ।

"ਲਾਖੀ ਹੀ ਹੈ!" ਨਸ਼ੇ 'ਚ ਕੰਬਦੀ ਮਰਦਾਵੀਂ ਅਵਾਜ਼ ਨੇ ਹਾਮੀ ਭਰੀ। "ਹਾਂ, ਲਾਖੀ ਹੈ! ਫੇਦਯੁਸ਼ਕਾ, ਰੱਬ ਦੀ ਮਾਰ ਪਵੇ, ਇਹ ਤਾਂ ਲਾਖੀ ਹੀ ਹੈ! ਪੁੱਚ-ਪੁੱਚ-ਪੁੱਚ!"

ਗੈਲਰੀ 'ਚ ਕਿਸੇ ਨੇ ਸੀਟੀ ਮਾਰੀ, ਤੇ ਦੋ ਅਵਾਜ਼ਾਂ... ਇਕ ਬੱਚਾ ਅਤੇ ਇਕ ਪੁਰਖ ਜ਼ੋਰ-ਜ਼ੋਰ ਨਾਲ ਪੁਕਾਰਨ ਲੱਗੇ :

"ਲਾਖੀ! ਲਾਖੀ!"

ਮੌਸੀ ਠਿਠਕ ਗਈ, ਉਸਨੇ ਉਧਰ ਵੇਖਿਆ, ਜਿਧਰ ਚਿਲਾਉਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ਦੋ ਚਿਹਰੇ : ਇਕ ਵਾਲਾਂ ਵਾਲਾ, ਨਸ਼ੇ 'ਚ ਮੁਸਕੁਰਾਉਂਦਾ ਹੋਇਆ ਅਤੇ ਦੂਸਰਾ

ਗੋਲ-ਮਟੋਲ, ਲਾਲ ਅਤੇ ਡਰਿਆ ਜਿਹਾ – ਉਸਦੀਆਂ ਅੱਖਾਂ ਉਂਝ ਹੀ ਚੁੰਧਿਆ ਗਈਆਂ, ਜਿਵੇਂ ਪਹਿਲਾਂ ਤੇਜ਼ ਪ੍ਰਕਾਸ਼ ਚੁੰਧਿਆਇਆ ਸੀ।

ਉਸਨੂੰ ਯਾਦ ਆ ਗਿਆ, ਉਹ ਕੁਰਸੀ ਤੋਂ ਡਿੱਗ ਪਈ, ਰੇਤ 'ਤੇ ਲੋਟ-ਪੋਟ ਹੋਣ ਲੱਗੀ, ਫਿਰ ਉੱਠੀ ਅਤੇ ਖੁਸ਼ੀ ਨਾਲ ਚੂਕਦੀ ਹੋਈ ਉਹਨਾਂ ਚਿਹਰਿਆਂ ਵੱਲ ਦੌੜ ਪਈ। ਕੰਨ ਪਾੜਵਾਂ ਰੌਲਾ ਪੈ ਗਿਆ, ਜਿਸ ਵਿੱਚ ਜ਼ੋਰ-ਸ਼ੋਰ ਦੀਆਂ ਸੀਟੀਆਂ ਅਤੇ ਬੱਚਿਆਂ ਦੀਆਂ ਤਿੱਖੀਆਂ ਚੀਕਾਂ ਸਾਫ ਸੁਣਾਈ ਦੇ ਰਹੀਆਂ ਸਨ :

"ਲਾਖੀ! ਲਾਖੀ!"

ਮੌਸੀ ਨੇ ਛਾਲ ਮਾਰ ਕੇ ਰਿੰਗ ਦੀ ਬੰਨੀ ਪਾਰ ਕਰ ਲਈ, ਫਿਰ ਕਿਸੇ ਦੇ ਮੋਢੇ ਦੇ ਉਪਰੋਂ ਹੁੰਦੀ ਹੋਈ ਬੌਕਸ 'ਚ ਪਹੁੰਚ ਗਈ ; ਅਗਲੀ ਕਤਾਰ 'ਚ ਪਹੁੰਚਣ ਲਈ ਉੱਚੀ ਕੰਧ ਲੰਘਣੀ ਪੈਣੀ ਸੀ, ਮੌਸੀ ਨੇ ਛਾਲ ਮਾਰੀ, ਪਰ ਉਪਰ ਤੱਕ ਨਾ ਪਹੁੰਚ ਸਕੀ, ਕੰਧ 'ਤੇ ਹੇਠਾਂ ਨੂੰ ਫਿਸਲਣ ਲੱਗੀ। ਫਿਰ ਉਹ ਇਕ ਹੱਥ ਤੋਂ ਦੂਸਰੇ ਹੱਥ 'ਚ ਜਾਣ ਲੱਗੀ, ਕਈ ਹੱਥ, ਚਿਹਰੇ ਚੱਟਦੀ ਹੋਈ ਉਪਰ ਹੀ ਉਪਰ ਵੱਧਦੀ ਗਈ ਤੇ ਆਖਰ ਗੈਲਰੀ ਤੱਕ ਪਹੁੰਚ ਗਈ।

ਅੱਧੇ ਘੰਟੇ ਬਾਦ ਲਾਖੀ ਸੜਕ 'ਤੇ ਉਹਨਾਂ ਲੋਕਾਂ ਦੇ ਪਿੱਛੇ ਜਾ ਰਹੀ ਸੀ, ਜਿਨ੍ਹਾਂ ਤੋਂ ਗੂੰਦ ਅਤੇ ਵਾਰਨਿਸ਼ ਦੀ ਗੰਧ ਆ ਰਹੀ ਸੀ। ਲੂਕਾ ਲੜਖੜਾ ਰਿਹਾ ਸੀ, ਪਰ ਉਸਨੂੰ ਏਨਾ ਤਾਂ ਅਨੁਭਵ ਸੀ ਕਿ ਉਸਦੇ ਪੈਰ ਉਸਨੂੰ ਆਪਣੇ-ਆਪ ਹੀ ਨਾਲੀ ਤੋਂ ਦੂਰ-ਦੂਰ ਲੈ ਜਾ ਰਹੇ ਸਨ।

"ਪਾਪ ਦੇ ਟੋਏ 'ਚ ਮੁੜ ..." ਉਹ ਬੁੜਬੁੜਾ ਰਿਹਾ ਸੀ। "ਨੀ ਲਾਖੀਏ ਤੂੰ ਤਾਂ ਬਸ ਇਕ ਭੁੱਲ ਹੈਂ। ਆਦਮੀ ਸਾਹਮਣੇ ਤੂੰ ਤਾਂ ਉਵੇਂ ਹੈਂ, ਜਿਵੇਂ ਤਰਖਾਣ ਸਾਹਮਣੇ ਕੌਡੀ ਓ ਨਿੰਕਮਾ ।"

ਉਸਦੇ ਨਾਲ-ਨਾਲ ਫੇਦਯੁਸ਼ਕਾ ਬਾਪ ਦਾ ਟੋਪ ਪਾਈ ਚੱਲ ਰਿਹਾ ਸੀ। ਲਾਖੀ ਉਹਨਾਂ ਦੀਆਂ ਪਿੱਠਾਂ ਵੇਖ ਰਹੀ ਸੀ ਤੇ ਉਸਨੂੰ ਲੱਗ ਰਿਹਾ ਸੀ ਕਿ ਉਹ ਪਤਾ ਨਹੀਂ ਕਦੋਂ ਤੋਂ ਉਹਨਾਂ ਦੇ ਪਿੱਛੇ ਚੱਲ ਰਹੀ ਹੈ ਤੇ ਖੁਸ਼ ਹੋ ਰਹੀ ਹੈ ਕਿ ਜੀਵਨ ਦੀ ਲੜੀ ਇਕ ਪਲ ਲਈ ਵੀ ਨਹੀਂ ਟੁੱਟੀ।

ਮੈਲੀ ਕੰਧ ਵਾਲਾ ਕਮਰਾ, ਹੰਸ, ਫਯੋਦਰ, ਸਵਾਦਿਸ਼ਟ ਖਾਣੇ ਤੇ ਸਰਕਸ – ਇਹ ਸਭ ਉਸਨੂੰ ਯਾਦ ਆਏ, ਪਰ ਇਹ ਇਕ ਲੰਬਾ, ਉਲਝਿਆ ਹੋਇਆ ਸੁਪਨਾ ਹੀ ਲੱਗ ਰਿਹਾ ਸੀ।

*

ਇਵਾਨ ਤੁਰਗਨੇਵ

# ਬੇਜ਼ਨਿ ਚਰਾਗਾਹ



ਜੁਲਾਈ ਦਾ ਇਕ ਸੁਹਾਵਣਾ ਦਿਨ ਸੀ। ਇਹੋ ਜਿਹੇ ਦਿਨ ਮੌਸਮ ਦੇ ਉਤਾਰ-ਚੜ੍ਹਾਅ ਬੀਤ ਚੁੱਕਣ 'ਤੇ ਹੀ ਢੱਲਦੇ ਹਨ। ਸਵੇਰੇ ਤੜਕੇ ਤੋਂ ਹੀ ਅਕਾਸ਼ ਸਾਫ਼ ਹੁੰਦਾ ਹੈ। ਗਰਮੀ ਅੱਗ ਵਾਂਗ ਨਹੀਂ ਦਮਕਦੀ, ਬਸ ਇਕ ਕੋਮਲ ਗੁਲਾਬੀ ਪ੍ਰਕਾਸ਼ ਚਾਰੇ ਪਾਸੇ ਫੈਲ ਜਾਂਦਾ ਹੈ। ਨਾ ਤਾਂ ਦਮਘੋਟੂ ਸੋਕੇ ਦੇ ਦਿਨਾਂ ਵਾਂਗ ਤਪਦਾ ਲਾਲ-ਭਬੂਕਾ, ਤੇ ਨਾ ਹੀ ਤੂਫਾਨ ਦੇ ਸ਼ੁਰੂਆਤ ਵਰਗਾ ਧੁੰਦਲਾ, ਪਰ ਅਲੌਕਿਕ ਰੌਸ਼ਨ ਸੂਰਜ ਬੱਦਲਾਂ ਦੀ ਲੰਬੀ, ਪਤਲੀ ਪੱਟੀ ਥੱਲਿਓਂ ਹੌਲੀ ਜਿਹੀ ਉੱਗਦਾ, ਤਾਜ਼ਗੀ ਛਿੜਕਦਾ ਹੈ ਤੇ ਫਿਰ ਉਸਦੀ ਲਾਲ-ਨੀਲੀ ਗੰਧ 'ਚ ਸਮਾ ਜਾਂਦਾ ਹੈ। ਬੱਦਲ ਦੀ ਉਪਰਲੀ ਪੱਟੀ ਦੇ ਉਪਰਲੇ ਕਿਨਾਰਿਆਂ 'ਤੇ ਪ੍ਰਕਾਸ਼-ਸਰਪ ਵਲ੍ਹ ਖਾਂਦੇ ਹਨ, ਚਾਂਦੀ ਦੇ ਵਰਕ ਨਾਲ ਚਮਚਮਾਉਂਦੇ ਹਨ ... 'ਤੇ ਫਿਰ ਕਿਰਨਾਂ ਮਟਕਦੀਆਂ, ਆਨੰਦਿਤ ਪ੍ਰਕਾਸ਼ ਪੁੰਜ ਅਲੌਕਿਕ ਖੰਭਾਂ 'ਤੇ ਉਪਰ ਉੱਠਣ ਲੱਗਦਾ ਹੈ। ਆਮ ਤੌਰ ਤੇ ਦੁਪਹਿਰੇ ਅਕਾਸ਼ 'ਚ ਖ਼ੂਬ ਉੱਚੇ ਗੋਲ-ਗੋਲ ਬੱਦਲ ਛਾ ਜਾਂਦੇ ਹਨ – ਸੁਨਹਿਰੇ-ਸੁਰਮਈ ਤੇ ਦੁੱਧੀਆ ਗੋਟੇ ਨਾਲ ਟਾਂਕੇ। ਪਲਾਵਿਤ ਨਦੀ ਦੀ ਛਾਤੀ 'ਤੇ ਖਿੰਡੇ ਉਹ ਥਿਰ ਟਾਪੂਆਂ ਵਰਗੇ ਲੱਗਦੇ ਹਨ, ਡੂੰਘੇ ਪਾਰਦਰਸ਼ੀ ਨੀਲੇ ਪਾਣੀ ਦਾ ਬੇਅੰਤ ਪਸਾਰ ਉਹਨਾਂ

ਨੂੰ ਸੋਹਣਾ ਬਣਾਉਂਦਾ ਹੈ। ਦੂਰ, ਦਿਸਹੱਦੇ 'ਤੇ ਉਹ ਇਕ ਦੂਸਰੇ ਦੇ ਕੋਲ-ਕੋਲ ਆਉਂਦੇ-ਜਾਂਦੇ ਹਨ, ਆਪਸ 'ਚ ਗੁੰਨ੍ਹਦੇ ਤੇ ਉਹਨਾਂ ਵਿੱਚ ਨਿਲੱਤਣ ਹੁਣ ਨਹੀਂ ਦਿਖਦੀ ; ਪਰ ਉਹ ਆਪ ਵੀ ਅਕਾਸ਼ ਵਰਗੇ ਹੀ ਅਸਮਾਨੀ ਰੰਗ ਦੇ ਹੁੰਦੇ ਹਨ — ਰੋਸ਼ਨੀ ਅਤੇ ਨਿੱਘ ਵਿੱਚ ਭਿੱਜੇ। ਦਿਸਹੱਦੇ ਦਾ ਰੰਗ ਹਲਕਾ ਨੀਲਾ ਕਮਲ ਜਿਹਾ ਹੁੰਦਾ ਹੈ ਤੇ ਸਾਰਾ ਦਿਨ ਨਹੀਂ ਬਦਲਦਾ, ਸਾਰੇ ਪਾਸੇ ਇਕੋ ਜਿਹਾ ਰਹਿੰਦਾ ਹੈ। ਕਿਤੇ ਵੀ ਕਾਲਿਖ ਨਹੀਂ ਛਾਈ ਸੀ, ਘਟਾਵਾਂ ਨਹੀਂ ਉਮੜਦੀਆਂ। ਬਸ ਕਿਤੇ-ਕਿਤੇ ਹੀ ਅਕਾਸ਼ ਧਰਤੀ ਵੱਲ ਅਸਮਾਨੀ ਹੱਥ ਵਧਾ ਦੇਂਦਾ ਹੈ : ਇਹ ਮਹੀਨ ਵਰਖਾ ਹੈ। ਸ਼ਾਮ ਘਿਰਦਿਆਂ-ਘਿਰਦਿਆਂ ਇਹ ਬੱਦਲ ਵਿਲੀਨ ਹੋ ਜਾਂਦੇ ਹਨ। ਧੂੰਏਂ ਵਰਗੇ ਅਨਿਯਮਿਤ ਅਕਾਰ ਦੇ, ਕਾਲੋਂ 'ਚ ਲਿੱਪੇ ਉਹਨਾਂ ਦੇ ਅੰਤਿਮ ਅਵਸ਼ੇਸ਼ ਡੁੱਬਦੇ ਸੂਰਜ ਸਾਹਮਣੇ ਰੂੰ ਦੇ ਗੁਲਾਬੀ ਢੇਰਾਂ ਜਿਹੇ ਉਤਰ ਆਉਂਦੇ ਹਨ। ਜਿਸ ਸ਼ਾਂਤ ਭਾਵ ਨਾਲ ਸੂਰਜ ਉੱਗਦਾ ਸੀ, ਉਸੇ ਸ਼ਾਂਤ ਭਾਵ ਨਾਲ ਡੁੱਬਣ ਚਲਾ ਜਾਂਦਾ ਹੈ। ਤੇ ਉਥੇ ਘੁਸਮੁਸੇ ਦੀ ਚਾਦਰ ਲਪੇਟੀ ਧਰਤੀ ਉਪਰ ਕੁਝ ਦੇਰ ਤੱਕ ਲਾਲੀ ਛਾਈ ਰਹਿੰਦੀ ਹੈ। ਸੰਭਾਲ ਕੇ ਲਿਜਾਈ ਜਾ ਰਹੀ ਦੀਵੇ ਦੀ ਲੋਅ ਵਾਂਗ ਸ਼ਾਮ ਦਾ ਤਾਰਾ ਟਿਮਟਿਮਾ ਪੈਂਦਾ ਹੈ। ਅਜਿਹੇ ਦਿਨਾਂ 'ਚ ਸਾਰੇ ਰੰਗ ਕੋਮਲ ਹੁੰਦੇ ਹਨ, ਉੱਜਵਲ ਪਰ ਚਟਕੀਲੇ ਨਹੀਂ। ਚਾਰੇ ਪਾਸੇ ਦਿਲ ਨੂੰ ਛੋਹ ਲੈਣ ਵਾਲੀ ਕੋਮਲਤਾ ਦਾ ਵਾਤਾਵਰਨ ਹੁੰਦਾ ਹੈ। ਅਜਿਹੇ ਦਿਨਾਂ 'ਚ ਗਰਮੀ ਕਾਫ਼ੀ ਤੇਜ਼ ਹੁੰਦੀ ਹੈ, ਕਦੀ-ਕਦੀ ਤਾਂ ਖੇਤਾਂ ਦੀਆਂ ਢਲਾਨਾਂ 'ਤੇ ਭਾਫ਼ ਜਿਹੀ ਉੱਠਦੀ ਦਿਖਦੀ ਹੈ ; ਪਰ ਹਵਾ ਇਸ ਤਪਸ਼ ਨੂੰ ਉੱਡਾ ਦੇਂਦੀ ਹੈ ਤੇ ਠਹਿਰੇ ਹੋਏ ਮੌਸਮ ਦੀ ਪੱਕੀ ਨਿਸ਼ਾਨੀ — ਧੂੜ ਦੇ ਬਗਲੇ, ਲੰਬੇ ਚਿੱਟੇ ਥੰਮਾਂ ਤੋਂ ਖੇਤ ਪਾਰ ਕਰ ਸੜਕਾਂ 'ਤੇ ਉੱਡਦੇ ਜਾਂਦੇ ਹਨ। ਸਾਫ-ਸੁੱਕੀ ਹਵਾ ਵਿੱਚ ਚਿਰੇਤਾ, ਕੱਟੀ ਹੋਈ ਰਾਈ ਤੇ ਰਾਗੀ ਦੀ ਗੰਧ ਮਿਲੀ ਹੁੰਦੀ ਹੈ। ਰਾਤ ਘਿਰਣ ਤੋਂ ਪਹਿਲਾਂ ਦੋ ਘੜੀਆਂ ਪਹਿਲਾਂ ਤੱਕ ਵੀ ਨਮੀ ਦਾ ਅਹਿਸਾਸ ਨਹੀਂ ਹੁੰਦਾ। ਕਿਸਾਨ ਫ਼ਸਲ ਕੱਟਣ ਲਈ ਇਹੋ ਜਿਹੇ ਮੌਸਮ ਦੀ ਹੀ ਕਾਮਨਾ ਕਰਦੇ ਹਨ।

ਅਜਿਹੇ ਹੀ ਇਕ ਦਿਨ ਤੂਲਾ ਪ੍ਰਾਂਤ ਦੇ ਚੇਰਨ ਜ਼ਿਲ੍ਹੇ ਵਿੱਚ ਮੈਂ ਜੰਗਲੀ ਮੁਰਗਿਆਂ ਦਾ ਸ਼ਿਕਾਰ ਕਰਨ ਨਿਕਲਿਆ ਸੀ। ਮੈਂ ਕਿੰਨੀਆਂ ਸਾਰੀਆਂ ਚਿੜੀਆਂ ਮਾਰ ਲਈਆਂ ਸਨ ਤੇ ਮੇਰਾ ਭਰਿਆ ਹੋਇਆ ਝੋਲਾ ਬੇਰਹਿਮੀ ਨਾਲ ਮੋਢੇ 'ਚ ਖੁੱਭ ਰਿਹਾ ਸੀ। ਸ਼ਾਮ ਢਲ ਰਹੀ ਸੀ ; ਡੁੱਬ ਚੁੱਕੇ ਸੂਰਜ ਦੀਆਂ ਕਿਰਨਾਂ ਅਕਾਸ਼ ਨੂੰ ਰੁਸ਼ਨਾ ਨਹੀਂ ਰਹੀਆਂ ਸਨ, ਪਰ ਫਿਰ ਉਹ ਉੱਜਵਲ ਸੀ, ਸ਼ਾਮ ਦੀ ਠੰਡੀ ਚਮਕ 'ਚ ਧੁੰਦਲਕਾ ਸੰਘਣਾ ਹੁੰਦਾ ਵੱਧ ਰਿਹਾ ਸੀ ਤਦ ਕਿਤੇ ਜਾ ਕੇ ਮੈਂ ਘਰ ਮੁੜਣ ਦਾ ਫੈਸਲਾ ਕੀਤਾ। ਤੇਜ਼-ਤੇਜ਼ ਕਦਮ ਪੁੱਟਦਿਆਂ ਮੈਂ ਝਾੜੀਆਂ ਦਾ ਮੈਦਾਨ ਪਾਰ ਕੀਤਾ, ਟਿੱਲੇ ਉੱਤੇ ਚੜ੍ਹ ਗਿਆ, ਪਰ ਮੇਰੀ ਆਸ ਦੇ ਬਿਲਕੁਲ ਉਲਟ ਨਾ ਤਾਂ ਸੱਜੇ ਪਾਸੇ ਬਲੂਤ ਕੁੰਜ ਸੀ, ਨਾ ਹੀ ਦੂਰ ਕਿਤੇ ਛੋਟਾ ਜਿਹਾ ਗਿਰਜਾ ਘਰ ਹੀ ਨਜ਼ਰ ਆ ਰਿਹਾ ਸੀ, ਇਥੇ ਤਾਂ ਬਿਲਕੁਲ ਹੀ ਦੂਸਰੀ, ਅਣਜਾਣ ਜਗ੍ਹਾ ਸੀ। ਥੱਲੇ ਇਕ ਘਾਟੀ ਫੈਲੀ ਹੋਈ ਸੀ ਤੇ ਬਿਲਕੁਲ ਸਾਹਮਣੇ ਤੇਜ਼ ਢਲਾਣ 'ਤੇ ਐਸਪ ਰੁੱਖਾਂ ਦਾ ਸੰਘਣਾ ਝੁਰਮੁਟ ਸੀ। ਮੈਂ ਹੈਰਾਨ ਪ੍ਰੇਸ਼ਾਨ ਜਿਹਾ ਰੁੱਕ ਗਿਆ, ਆਲੇ-ਦੁਆਲੇ ਵੇਖਿਆ। "ਓਹੋ! ਮੈਂ ਤਾਂ ਦੂਸਰੀ ਜਗ੍ਹਾ 'ਤੇ ਪਹੁੰਚ ਗਿਆ : ਜ਼ਿਆਦਾ ਹੀ ਸੱਜੇ ਪਾਸੇ ਚਲਾ ਗਿਆ," ਮੈਂ ਸੋਚਿਆ। ਆਪਣੀ ਗਲਤੀ 'ਤੇ ਹੈਰਾਨ ਹੋ ਮੈਂ ਝੱਟ ਟਿੱਲੇ ਤੋਂ ਹੇਠਾਂ ਉਤਰ ਆਇਆ। ਇਕਦਮ ਕੋੜੀ ਜਿਹੀ,

ਸੰਘਣੀ ਨਮੀ ਨੇ ਮੈਨੂੰ ਘੇਰ ਲਿਆ, ਜਿਵੇਂ ਮੈਂ ਕਿਸੇ ਤਹਿਖਾਨੇ ਵਿੱਚ ਉਤਰ ਆਇਆ ਸਾਂ। ਘਾਟੀ ਦੇ ਤਲ 'ਤੇ ਸੰਘਣੀ ਉੱਚੀ ਘਾਹ ਦੀ ਇਕਦਮ ਗਿੱਲੀ, ਚਿੱਟੀ, ਪੱਧਰੀ ਚਾਦਰ ਵਿੱਛੀ ਹੋਈ ਸੀ, ਜਿਸ ਉੱਤੇ ਚਲਦਿਆਂ ਮਨ ਕੰਬਦਾ ਸੀ। ਮੈਂ ਜਲਦੀ-ਜਲਦੀ ਘਾਟੀ ਪਾਰ ਕੀਤੀ ਅਤੇ ਖੱਬੇ ਮੁੜ ਜੰਗਲ ਦੇ ਨਾਲ-ਨਾਲ ਤੁਰਨ ਲੱਗਾ। ਐਸਪਾਂ ਦੇ ਹੁੰਘਦੇ ਸਿਖਰਾਂ ਉਪਰ ਚਮਗਿੱਦੜ ਉੱਡਣ ਲੱਗੇ ਸਨ। ਅਸਪਸ਼ਟ ਨਿਰਮਲ ਅਕਾਸ਼ 'ਚ ਫਰਫਰਾਉਂਦੇ ਉਹ ਰਹੱਸਮਈ ਜੀਵਾਂ ਜਿਹੇ ਲੱਗਦੇ ਸਨ। ਅਕਾਸ਼ ਵਿੱਚ ਕਾਫ਼ੀ ਉੱਚੀ ਇਕ ਛੋਟਾ ਬਾਜ਼ ਆਪਣੇ ਆਲ੍ਹਣੇ ਵਿੱਚ ਵਾਪਸ ਜਾਣ ਦੀ ਕਾਹਲੀ 'ਚ ਸਿੱਧਾ ਉੱਡ ਰਿਹਾ ਸੀ। ਮੈਂ ਸੋਚ ਰਿਹਾ ਸਾਂ ਕਿ : "ਬਸ, ਉਸ ਸਿਰੇ 'ਤੇ ਪਹੁੰਚਦਿਆਂ ਹੀ ਅੱਗੇ ਸੜਕ ਹੋਵੇਗੀ। ਹਾਂ, ਪੰਜ ਫਰਲਾਂਗ ਦਾ ਗੇੜ ਤਾਂ ਲੱਗ ਹੀ ਗਿਆ!"

ਆਖਰ ਮੈਂ ਜੰਗਲ ਦੇ ਉਸ ਸਿਰੇ ਤੱਕ ਪਹੁੰਚ ਗਿਆ, ਪਰ ਉਥੇ ਕੋਈ ਸੜਕ ਨਹੀਂ ਸੀ। ਮੇਰੇ ਸਾਹਮਣੇ ਨੀਵੀਆਂ-ਨੀਵੀਆਂ ਝਾੜੀਆਂ ਫੈਲੀਆਂ ਹੋਈਆਂ ਸਨ ਤੇ ਉਹਨਾਂ ਦੇ ਪਿੱਛੇ ਦੂਰ-ਦੂਰ ਤੱਕ ਵੀਰਾਨ ਖੇਤ ਦਿੱਖ ਰਿਹਾ ਸੀ। ਮੈਂ ਫਿਰ ਰੁੱਕ ਗਿਆ। "ਕੀ ਮਾਮਲਾ ਹੈ?.. ਆਖਰ ਕਿੱਥੇ ਪਹੁੰਚ ਗਿਆ ਮੈਂ?" ਮੈਂ ਯਾਦ ਕਰਨ ਲੱਗਾ ਕਿ ਮੈਂ ਸਾਰਾ ਦ੍ਹਿਨ ਕਿਧਰ-ਕਿਧਰ ਗਿਆ ਸੀ। "ਹਾਂ, ਇਹ ਤਾਂ ਪਰਾਖਿਨ ਦੀਆਂ ਝਾੜੀਆਂ ਹਨ।" ਆਖਰ ਮੇਰੇ ਮੂੰਹੋਂ ਨਿਕਲਿਆ। "ਤੇ ਉਹ ਉਥੇ ਸਿੰਦਏਵ ਕੁੰਜ ਹੋਣਾ ਚਾਹੀਦਾ ... ਕਿਵੇਂ ਆ ਗਿਆ ਮੈਂ ਏਨੀ ਦੂਰ?.. ਅਜੀਬ ਗੱਲ ਹੈ! ਹੁਣ ਫਿਰ ਸੱਜੇ ਚਲਣਾ ਚਾਹੀਦਾ ਹੈ।"

ਮੈਂ ਝਾੜੀਆਂ ਦੇ ਵਿੱਚੋਂ-ਵਿੱਚ ਸੱਜੇ ਪਾਸੇ ਵੱਧਣ ਲੱਗਾ। ਉਧਰ ਰਾਤ ਹੋ ਰਹੀ ਸੀ। ਲੱਗਦਾ ਸੀ ਕਿ ਸ਼ਾਮ ਦੀ ਧੁੰਦ ਦੇ ਨਾਲ-ਨਾਲ ਚਾਰੇ ਪਾਸਿਓਂ ਹਨੇਰਾ ਚੜ੍ਹ ਰਿਹਾ ਹੈ ਤੇ ਉਪਰੋਂ ਵੀ ਖਿੰਡ ਰਿਹਾ ਹੈ। ਮੈਂ ਕਿਸੇ ਪਗਡੰਡੀ 'ਤੇ ਪਹੁੰਚ ਗਿਆ। ਪਗਡੰਡੀ 'ਤੇ ਘਾਹ ਉੱਗ ਆਇਆ ਸੀ, ਪਤਾ ਨਹੀਂ ਕਦੋਂ ਤੋਂ ਕੋਈ ਉਸ 'ਤੇ ਨਹੀਂ ਸੀ ਚਲਿਆ। ਧਿਆਨ ਨਾਲ ਅੱਗੇ ਵੇਖਦਾ ਹੋਇਆ ਮੈਂ ਉਸ ਉੱਤੇ ਚੱਲਣ ਲੱਗਾ। ਚਾਰੇ ਪਾਸੇ ਸਭ ਕੁਝ ਤੇਜ਼ੀ ਨਾਲ ਕਾਲਾ ਹੋ ਰਿਹਾ ਸੀ ਤੇ ਸ਼ਾਂਤੀ ਵੀ ਪਸਰ ਰਹੀ ਸੀ – ਬਸ ਕਦੇ-ਕਦਾਈਂ ਕੋਈ ਬਟੇਰ ਚਹਿਕ ਪੈਂਦਾ। ਆਪਣੇ ਕੋਮਲ ਖੰਭਾਂ ਨਾਲ ਚੁੱਪਚਾਪ ਉੱਡਦਾ ਕੋਈ ਰਾਤ ਦਾ ਪੰਛੀ ਮੈਨੂੰ ਟਕਰਾਉਂਦਾ-ਟਕਰਾਉਂਦਾ ਬਚਿਆ ਤੇ ਡਰਿਆ ਹੋਇਆ ਇਕ ਪਾਸੇ ਹਨੇਰੇ 'ਚ ਗੋਤਾ ਮਾਰ ਗਿਆ। ਮੈਂ ਝਾੜੀਆਂ ਦਾ ਮੈਦਾਨ ਪਾਰ ਕਰ ਲਿਆ ਤੇ ਖੇਤ ਵਿੱਚ ਵੱਟੋਂ-ਵੱਟੀਂ ਚੱਲਣ ਲੱਗਾ। ਹੁਣ ਦੂਰ ਦੀਆਂ ਚੀਜ਼ਾਂ ਮਸਾਂ ਹੀ ਨਜ਼ਰ ਆ ਰਹੀਆਂ ਸਨ : ਚਾਰੇ ਪਾਸੇ ਧੁੰਦਲੇ ਚਿੱਟੇ ਖੇਤ ਫੈਲੇ ਹੋਏ ਸਨ। ਉਸਤੋਂ ਪਾਰ ਉਮੜਦਾ-ਘੁਮੜਦਾ ਹਨੇਰਾ ਪਲ-ਪਲ ਵੱਧਦਾ ਜਾ ਰਿਹਾ ਸੀ। ਥਿਰ ਹੁੰਦੀ ਜਾਂਦੀ ਹਵਾ 'ਚ ਮੇਰੇ ਕਦਮਾਂ ਦੀ ਦੱਬੀ-ਦੱਬੀ ਅਵਾਜ਼ ਗੂੰਜ ਰਹੀ ਸੀ। ਧੁੰਦਲਾ ਪੈ ਗਿਆ ਅਸਮਾਨ ਫਿਰ ਨੀਲਾ ਹੋ ਰਿਹਾ ਸੀ, ਪਰ ਇਹ ਰਾਤ ਦੀ ਨਿਲੱਤਣ ਸੀ। ਤਾਰੇ ਖਿੰਡ ਗਏ, ਟਿਮਕਣ ਲੱਗੇ।

ਜਿਸਨੂੰ ਮੈਂ ਕੁੰਜ ਸਮਝਿਆ, ਉਹ ਕਾਲਾ, ਗੋਲ ਟਿੱਲਾ ਸੀ। "ਆਖਰ ਕਿਥੇ ਆ ਗਿਆ ਮੈਂ?" ਮੈਂ ਫਿਰ ਕਿਹਾ, ਤੀਸਰੀ ਵਾਰ ਰੁੱਕਿਆ ਤੇ ਸਵਾਲੀਆ ਨਜ਼ਰਾਂ ਨਾਲ ਆਪਣੇ ਅੰਗਰੇਜ਼ੀ ਨਸਲ ਦੇ ਪੀਲੇ ਡੱਬ-ਖੜੱਬੇ ਕੁੱਤੇ ਦਿਆਂਕਾ ਵੱਲ ਵੇਖਿਆ, ਜੋ ਨਿਰਸੰਦੇਹ ਚਾਰ ਪੈਰਾਂ ਵਾਲੇ ਜੀਵਾਂ ਵਿੱਚੋਂ



ਸਭ ਤੋਂ ਵੱਧ ਅਕਲਮੰਦ ਹੈ। ਪਰ ਸਭ ਤੋਂ ਅਕਲਮੰਦ ਕੁੱਤੇ ਨੇ ਬਸ ਪੂਛ ਹਿਲਾਈ, ਆਪਣੀਆਂ ਥੱਕੀਆਂ-ਥੱਕੀਆਂ ਅੱਖਾਂ ਝਮਕੀਆਂ ਤੇ ਕੋਈ ਕੰਮ ਦੀ ਸਲਾਹ ਨਹੀਂ ਦਿੱਤੀ। ਮੈਨੂੰ ਉਸ ਦੇ ਸਾਹਮਣੇ ਸ਼ਰਮ ਆਈ ਤੇ ਮੈਂ ਇਕਦਮ ਅੱਗੇ ਵੱਧ ਗਿਆ, ਜਿਵੇਂ ਮੈਨੂੰ ਅਹਿਸਾਸ ਹੋ ਗਿਆ ਹੋਵੇ ਕਿ ਕਿਧਰ ਜਾਣਾ ਚਾਹੀਦਾ। ਟਿੱਲੇ ਦਾ ਚੱਕਰ ਕੱਟ ਕੇ ਪਾਰ ਕਰ ਲਿਆ ਤੇ ਇੱਕ ਘਾਟੀ ਵਿੱਚ ਪਹੁੰਚ ਗਿਆ, ਜੋ ਬਹੁਤੀ ਡੂੰਘੀ ਨਹੀਂ ਸੀ। ਇੱਥੇ ਚਾਰੇ ਪਾਸੇ ਜ਼ਮੀਨ ਵਾਹੀ ਹੋਈ ਸੀ। ਮੈਨੂੰ ਇੱਕ ਅਜੀਬ ਜਿਹਾ ਅਹਿਸਾਸ ਹੋਇਆ।

ਇਹ ਘਾਟੀ ਵਿਸ਼ਾਲ ਕੜਾਹੇ ਦੀ ਸ਼ਕਲ ਵਰਗੀ ਸੀ, ਜਿਸ ਵਿੱਚ ਥੋੜ੍ਹੀ ਜਿਹੀ ਢਲਾਣ ਹੇਠਾਂ ਵੱਲ ਜਾਂਦੀ ਸੀ। ਤੇ ਹੇਠਾਂ ਤਲਹੱਟੀ 'ਤੇ ਕੁਝ ਵੱਡੇ-ਵੱਡੇ ਚਿੱਟੇ ਪੱਥਰ ਸਿੱਧੇ ਖੜ੍ਹੇ ਸਨ, ਜਿਵੇਂ ਕਿ ਕਿਸੇ ਗੁਪਤ ਸਲਾਹ-ਮਸ਼ਵਰੇ ਲਈ ਉਥੇ ਰੀਂਗ ਆਏ ਹੋਣ। ਘਾਟੀ 'ਚ ਸਭ ਕੁਝ ਏਨਾ ਸ਼ਾਂਤ ਅਤੇ ਚੁੱਪ ਸੀ, ਏਨਾ ਪੱਧਰਾ, ਉਸ ਉਪਰ ਅਸਮਾਨ ਏਨਾ ਉਦਾਸ ਜਿਹਾ ਜਾਪਿਆ ਕਿ ਮੇਰਾ ਕਲੇਜਾ ਹੀ ਬੈਠ ਗਿਆ। ਪੱਥਰਾਂ ਵਿੱਚ ਕੋਈ ਜੀਵ ਮੱਧਮ, ਤਰਸਯੋਗ ਅਵਾਜ਼ ਵਿੱਚ ਚੀਕਿਆ। ਮੈਂ ਜਲਦੀ-ਜਲਦੀ ਟਿੱਲੇ 'ਤੇ ਪਰਤਣ ਦੀ ਕੀਤੀ। ਅਜੇ ਤੱਕ ਮੈਂ ਘਰ ਦਾ ਰਸਤਾ ਲੱਭ ਲੈਣ ਦੀ ਆਸ ਨਹੀਂ ਛੱਡੀ ਸੀ, ਪਰ ਹੁਣ ਮੈਂ ਸਮਝ ਗਿਆ ਸੀ ਕਿ ਮੈਂ ਰਸਤਾ ਭਟਕ ਗਿਆ ਹਾਂ। ਚਾਰੇ ਪਾਸੇ ਹਨੇਰੇ ਵਿੱਚ ਡੁੱਬੀਆਂ ਥਾਵਾਂ ਪਛਾਣਨ ਦੀ ਕੋਈ ਕੋਸ਼ਿਸ਼ ਕੀਤੇ ਬਿਨਾ ਮੈਂ ਤਾਰੇ ਵੇਖਦਾ ਨੱਕ ਦੀ ਸੇਧ 'ਚ ਬੇਤਰਤੀਬ ਤੁਰ ਪਿਆ ... ਕੋਈ ਅੱਧੇ ਘੰਟੇ ਤੱਕ ਮੈਂ ਇਉਂ ਹੀ ਮੁਸ਼ਕਲ ਨਾਲ ਪੈਰ ਘਸੀਟਦਾ ਚੱਲਦਾ ਰਿਹਾ। ਲੱਗਦਾ ਸੀ ਕਿ ਪਹਿਲਾਂ ਕਦੇ ਵੀ ਮੈਂ ਅਜਿਹੇ ਉਜਾੜ ਇਲਾਕੇ ਵਿੱਚ ਨਹੀਂ ਆਇਆ ; ਕੋਈ ਅੱਗ ਨਹੀਂ ਟਿਮਟਿਮਾ ਰਹੀ ਸੀ, ਕੋਈ ਅਵਾਜ਼ ਨਹੀਂ ਸੁਣਾਈ ਦੇ ਰਹੀ ਸੀ। ਇੱਕ ਤੋਂ ਬਾਅਦ ਇੱਕ ਹਲਕੀ ਢਲਾਣ ਵਾਲੇ ਟਿੱਲੇ ਆ ਰਹੇ ਸਨ, ਖੇਤਾਂ ਦੀ ਲੜੀ ਦਾ ਕੋਈ ਅੰਤ ਨਹੀਂ ਸੀ, ਝਾੜੀਆਂ ਅਚਾਨਕ ਐਨ ਨੱਕ ਸਾਹਮਣੇ ਜ਼ਮੀਨ ਵਿੱਚੋਂ ਨਿਕਲ ਪੈਂਦੀਆਂ ਸਨ। ਮੈਂ ਚੱਲਦਾ ਜਾ ਰਿਹਾ ਸਾਂ ਤੇ ਸੋਚ ਰਿਹਾ ਸੀ ਕਿ ਹੁਣ ਕਿਤੇ ਲੇਟ ਕੇ ਰਾਤ ਕੱਟ ਲਵਾਂ, ਪਰ ਫਿਰ ਮੈਂ ਆਪਣੇ ਆਪ ਨੂੰ ਡੂੰਘੇ ਟੋਏ ਦੇ ਕਿਨਾਰੇ ਪਾਇਆ।

ਅੱਗੇ ਵਧਿਆ ਪੈਰ ਮੈਂ ਤੇਜ਼ੀ ਨਾਲ ਪਿੱਛੇ ਹਟਾ ਲਿਆ। ਰਾਤ ਦੇ ਲਗਭਗ ਅਭੇਦ ਹਨੇਰੇ 'ਚ ਇਕ ਵਿਸ਼ਾਲ ਮੈਦਾਨ ਦਿਖਿਆ। ਚੌੜੀ ਨਦੀ ਨੇ ਉਸਨੂੰ ਅਰਧ ਚੱਕਰ 'ਚ ਘੇਰਿਆ ਹੋਇਆ ਸੀ, ਜੋ ਮੇਰੇ ਤੋਂ ਦੂਰ ਜਾ ਰਿਹਾ ਸੀ। ਕਦੀ-ਕਦੀ ਨਜ਼ਰਾਂ ਨਾਲ ਟਕਰਾਉਂਦੀ ਨਦੀ ਦੀ ਅਸਪਸ਼ਟ ਜਿਹੀ, ਫੌਲਾਦੀ ਝਿਲਮਿਲ ਨਾਲ ਉਸਦੇ ਵਹਾਅ ਦਾ ਅਹਿਸਾਸ ਹੋ ਰਿਹਾ ਸੀ। ਜਿਸ ਟਿੱਲੇ ਉੱਤੇ ਮੈਂ ਖੜ੍ਹਾ ਸਾਂ ਉਹ ਇੱਕਦਮ ਨਿਰੋਲ ਕਿਨਾਰੇ ਵਾਂਗ ਹੇਠਾਂ ਚਲਾ ਗਿਆ ਸੀ। ਸੰਘਣੇ ਨੀਲੇ ਖਾਲੀਪਣ 'ਚ ਟਿੱਲੇ ਦੀ ਵਿਸ਼ਾਲ ਕਾਲੀ ਅਕ੍ਰਿਤੀ ਅਲਗ ਹੀ ਦਿੱਖ ਰਹੀ ਸੀ। ਮੇਰੇ ਬਿਲਕੁਲ ਹੇਠਾਂ ਕਿਨਾਰੇ ਅਤੇ ਮੈਦਾਨ ਦੇ ਵਿਚਕਾਰ ਇਕ ਕੋਨਾ ਜਿਹਾ ਬਣ ਗਿਆ ਸੀ। ਇਥੇ ਨਦੀ ਸਥਿਰ ਹੀ ਸੀ, ਕਾਲੇ ਦਰਪਣ ਵਰਗੀ। ਟਿੱਲੇ ਦੀ ਖੜ੍ਹੀ ਢਲਾਣ ਦੀ ਆੜ 'ਚ ਨਦੀ ਕੋਲ ਇਕ ਦੂਸਰੇ ਦੇ ਨੇੜੇ ਹੀ ਦੋ ਧੂਣੀਆਂ ਦੀਆਂ ਲਪਟਾਂ ਉੱਠ ਰਹੀਆਂ ਸਨ, ਧੂੰਆਂ ਛੱਡ ਰਹੀਆਂ ਸਨ। ਉਹਨਾਂ ਦੇ ਆਲੇ-ਦੁਆਲੇ ਲੋਕ ਹਿੱਲ-ਜੁਲ ਰਹੇ ਸਨ, ਪਰਛਾਵੇਂ ਮੰਡਰਾ ਰਹੇ ਸਨ, ਕਦੀ-ਕਦੀ ਛੋਟੇ ਜਿਹੇ ਘੁੰਗਰਾਲੇ ਵਾਲਾਂ

ਵਾਲੇ ਸਿਰ ਦਾ ਅਗਲਾ ਹਿੱਸਾ ਚਮਕ ਪੈਂਦਾ ਸੀ।

ਹੁਣ ਮੈਂ ਪਹਿਚਾਣ ਗਿਆ ਕਿ ਮੈਂ ਕਿਥੇ ਭਟਕਿਆਂ ਹਾਂ। ਇਹ ਚਰਾਗਾਹ ਸਾਡੇ ਇਲਾਕੇ 'ਚ 'ਬੇਜ਼ਿਨ ਚਰਾਗਾਹ' ਨਾਲ ਜਾਣੀ ਜਾਂਦੀ ਹੈ। ਪਰ ਘਰ ਮੁੜਣ ਦੀ ਹੁਣ ਹਿੰਮਤ ਨਹੀਂ ਸੀ, ਉਹ ਵੀ ਰਾਤ ਨੂੰ। ਥਕਾਵਟ ਨਾਲ ਖੜ੍ਹਾ ਵੀ ਨਹੀਂ ਹੋਇਆ ਜਾ ਰਿਹਾ ਸੀ। ਮੈਂ ਫੈਸਲਾ ਕੀਤਾ ਕਿ ਅੱਗ ਕੋਲ ਜਾਵਾਂ ਤੇ ਇਹਨਾਂ ਲੋਕਾਂ ਕੋਲ ਹੀ ਬਚੀ-ਖੁਚੀ ਰਾਤ ਕੱਟ ਲਵਾਂ। ਮੇਰਾ ਖਿਆਲ ਸੀ ਕਿ ਇਹ ਲੋਕ ਪਸ਼ੂਆਂ ਨੂੰ ਮੰਡੀ ਲੈ ਜਾਣ ਵਾਲੇ ਚਰਵਾਹੇ ਹਨ। ਮੈਂ ਸਹੀ-ਸਲਾਮਤ ਹੇਠਾਂ ਉਤਰ ਗਿਆ, ਪਰ ਜਿਸ ਆਖਰੀ ਟਾਹਣੀ ਨੂੰ ਮੈਂ ਫੜਿਆ ਹੋਇਆ ਸੀ ਉਸਨੂੰ ਹੱਥੋਂ ਛੱਡ ਵੀ ਨਾ ਸਕਿਆ ਸੀ ਕਿ ਦੋ ਵੱਡੇ-ਵੱਡੇ, ਜੱਤਲ, ਚਿੱਟੇ ਕੁੱਤੇ ਗੁੱਸੇ 'ਚ ਭੌਂਕਦੇ ਮੇਰੇ ਵੱਲ ਝਪਟ ਪਏ। ਅੱਗ ਦੇ ਨੇੜਿਓਂ ਬੱਚਿਆਂ ਦੀਆਂ ਖਣਕਦੀਆਂ ਅਵਾਜ਼ਾਂ ਆਈਆਂ। ਦੋ-ਤਿੰਨ ਮੁੰਡੇ ਝੱਟ ਖੜ੍ਹੇ ਹੋ ਗਏ। ਉਹਨਾਂ ਨੇ ਚੀਕ ਕੇ ਪੁੱਛਿਆ : "ਕੌਣ ਹੈ?" ਮੈਂ ਜਵਾਬ ਦਿੱਤਾ ਤੇ ਉਹ ਦੌੜਦੇ ਮੇਰੇ ਵੱਲ ਆਏ, ਕੁੱਤਿਆਂ ਨੂੰ ਹਟਾ ਦਿੱਤਾ, ਜੋ ਮੇਰੇ ਦਿਆਂਕਾ ਨੂੰ ਆਉਂਦੇ ਵੇਖ ਹੈਰਾਨ ਸਨ। ਮੈਂ ਮੁੰਡਿਆਂ ਕੋਲ ਚਲਾ ਗਿਆ।

ਅੱਗ ਦੇ ਆਲੇ-ਦੁਆਲੇ ਬੈਠੇ ਲੋਕਾਂ ਨੂੰ ਚਰਵਾਹਾ ਸਮਝਣਾ ਮੇਰੀ ਭੁੱਲ ਸੀ। ਉਹ ਤਾਂ ਗੁਆਂਢੀ ਪਿੰਡ ਦੇ ਮੁੰਡੇ ਸਨ ਜੋ ਘੋੜਿਆਂ ਦੇ ਇੱਜੜ ਦੀ ਰਾਖੀ ਕਰ ਰਹੇ ਸਨ। ਗਰਮੀਆਂ ਵਿੱਚ ਸਾਡੇ ਘੋੜਿਆਂ ਨੂੰ ਰਾਤ ਹੀ ਚਰਾਗਾਹਾਂ ਵਿੱਚ ਛੱਡਿਆ ਜਾਂਦਾ ਹੈ : ਦਿਨੇ ਤਾਂ ਮੱਖੀਆਂ ਅਤੇ ਮੱਛਰ ਹੀ ਤੰਗ ਕਰ ਮਾਰਨ। ਆਥਣੇ ਘੋੜਿਆਂ ਨੂੰ ਚਰਾਗਾਹਾਂ ਲੈ ਜਾਣਾ ਅਤੇ ਸਵੱਖਤੇ ਵਾਪਸ ਹੱਕ ਲਿਆਉਣਾ- ਕਿਸਾਨ ਬੱਚਿਆਂ ਲਈ ਇਸ ਤੋਂ ਵੱਧ ਖੁਸ਼ੀ ਦਾ ਕੋਈ ਕੰਮ ਨਹੀਂ ਸੀ। ਨੰਗੇ ਸਿਰ, ਭੇਡ ਦੀ ਖੱਲ ਦੇ ਪੁਰਾਣੇ ਕੋਟ ਪਹਿਨ ਉਹ ਮਰੀਅਲ ਜਿਹੇ, ਪਰ ਤੇਜ਼-ਤਰਾਰ ਘੋੜਿਆਂ 'ਤੇ ਕਾਠੀ ਕੱਸਦੇ ਹਨ। ਚੀਕਦੇ-ਚਿਲਾਉਂਦੇ, ਹੂਅ-ਹਾਅ ਕਰਦੇ, ਲੱਤਾਂ-ਬਾਂਹਵਾਂ ਹਿਲਾਉਂਦੇ, ਉੱਚੀ-ਉੱਚੀ ਉੱਛਲਦੇ ਉਹ ਘੋੜੇ ਦੌੜਾ ਲੈ ਜਾਂਦੇ ਹਨ, ਖਿੜਖਿੜਾ ਕੇ ਹੱਸਦੇ ਜਾਂਦੇ ਹਨ। ਸੜਕ 'ਤੇ ਧੂੜ ਦੇ ਪੀਲੇ ਥੰਮ ਛੱਡਦੇ ਜਾਂਦੇ ਹਨ ; ਘੋੜਿਆਂ ਦੀਆਂ ਟਾਪਾਂ ਅੱਗੇ-ਅੱਗੇ ਆਪਣੀ ਪੂਛ ਹਵਾ 'ਚ ਉਛਾਲਦਾ ਕੋਈ ਜੱਤਲ ਘੋੜਾ ਦੌੜਦਾ ਜਾਂਦਾ ਹੈ, ਜਿਸਦੇ ਵਾਲਾਂ 'ਚ ਗੋਖਰੂ ਉਲਝੇ ਹੁੰਦੇ ਹਨ।

ਮੈਂ ਮੁੰਡਿਆਂ ਨੂੰ ਦੱਸਿਆ ਕਿ ਮੈਂ ਭਟਕ ਗਿਆ ਹਾਂ ਤੇ ਉਹਨਾਂ ਕੋਲ ਬੈਠ ਗਿਆ। ਉਹਨਾਂ ਨੇ ਮੈਨੂੰ ਪੁੱਛਿਆ ਕਿ ਮੈਂ ਕਿਥੋਂ ਆਇਆ ਹਾਂ, ਫਿਰ ਚੁੱਪ ਹੋ ਗਏ, ਇਕ ਪਾਸੇ ਚਲੇ ਗਏ। ਅਸੀਂ ਕੁਝ ਦੇਰ ਗੱਲਾਂ ਕੀਤੀਆਂ। ਮੈਂ ਇਕ ਝਾੜੀ ਥੱਲੇ ਲੇਟ ਗਿਆ ਤੇ ਇਧਰ-ਉਧਰ ਵੇਖਣ ਲੱਗਾ। ਬੜਾ ਹੀ ਮਨਮੋਹਕ ਦ੍ਰਿਸ਼ ਸੀ : ਅੱਗ ਦੇ ਆਲੇ-ਦੁਆਲੇ ਲਾਲ ਆਭਾ ਥਰਥਰਾ ਰਹੀ ਸੀ ਤੇ ਹਨੇਰੇ ਨਾਲ ਟਕਰਾਉਣ ਤੋਂ ਬਾਅਦ ਰੁਕੀ ਜਾਪਦੀ ਸੀ ; ਕਦੇ-ਕਦਾਈਂ ਕੋਈ ਲਾਟ ਹੋਰ ਤੇਜ਼ ਹੋ ਜਾਂਦੀ ਤੇ ਇਸ ਚੱਕਰ ਦੇ ਘੇਰੇ ਦੇ ਬਾਹਰ ਰੋਸ਼ਨੀ ਦੀ ਤਿੱਖੀ ਲਿਸ਼ਕੋਰ ਫੈਲ ਜਾਂਦੀ ; ਕੋਈ ਲਾਟ ਦੀ ਜੀਭ ਪਤਲੀਆਂ-ਪਤਲੀਆਂ ਸੁੱਕੀਆਂ ਟਹਿਣੀਆਂ ਚੱਟ ਕਰ ਇਕਦਮ ਅਲੋਪ ਹੋ ਜਾਂਦੀ ; ਤੇ ਕਦੇ ਟੇਢੇ-ਮੇਢੇ ਲੰਬੇ-ਲੰਬੇ ਪਰਛਾਵੇਂ ਅੱਗ ਤੱਕ ਵੱਧ ਆਉਂਦੇ : ਰੋਸ਼ਨੀ ਅੱਗ ਨਾਲ ਜੂਝ ਰਹੀ ਸੀ। ਕਦੇ-ਕਦੇ ਅੱਗ ਮੱਧਮ ਪੈ ਜਾਂਦੀ ਤੇ ਰੋਸ਼ਨੀ ਦਾ ਘੇਰਾ ਸੁੰਗੜ ਜਾਂਦਾ, ਵੱਧ ਚੁੱਕੇ ਹਨੇਰੇ ਵਿੱਚੋਂ ਸਹਿਜੇ ਹੀ ਕਿਸੇ ਘੋੜੇ ਦਾ ਸਿਰ – ਧਾਰੀਦਾਰ ਪੂਛ ਜਾਂ ਨੁੱਕਰ, ਭਾਵਹੀਣ ਨਿਗਾਹ ਨਾਲ ਸਾਡੇ

ਵੱਲ ਵੇਖਦਾ, ਲੰਬਾ ਘਾਹ ਤੇਜ਼-ਤੇਜ਼ ਚਰਦਾ ਤੇ ਫਿਰ ਤੋਂ ਝੁੱਕ ਕੇ ਤੁਰੰਤ ਹੀ ਅਲੋਪ ਹੋ ਜਾਂਦਾ। ਬਸ ਘੋੜੇ ਦੇ ਘਾਹ ਚਰਨ ਅਤੇ ਫੁੰਕਾਰਨ ਦੀ ਅਵਾਜ਼ ਸੁਣਾਈ ਦੇਂਦੀ ਰਹਿੰਦੀ। ਰੌਸ਼ਨ ਜਗ੍ਹਾ ਵਿੱਚੋਂ ਇਹ ਵੇਖਣਾ ਔਖਾ ਹੁੰਦਾ ਹੈ ਕਿ ਹਨੇਰੇ 'ਚ ਕੀ ਹੋ ਰਿਹਾ ਹੈ, ਇਸ ਲਈ ਲੱਗਦਾ ਸੀ ਕਿ ਆਲੇ-ਦੁਆਲੇ ਸਭ ਕੁਝ ਕਾਲੇ ਪਰਦੇ 'ਚ ਲੁਕਿਆ ਹੋਇਆ ਹੈ। ਹਾਂ, ਦੂਰ, ਦਿਸਹੱਦੇ ਕੋਲ ਟਿੱਲੇ ਅਤੇ ਜੰਗਲ ਧੁੰਦਲੇ ਧੱਬਿਆਂ ਵਾਂਗ ਦਿਖਾਈ ਦੇ ਰਹੇ ਸਨ। ਕਾਲਾ, ਤਾਰਿਆਂ ਨਾਲ ਭਰਿਆ, ਬੇਅੰਤ ਅਸਮਾਨ ਆਪਣੀ ਸਾਰੀ ਰਹੱਸਮਈ ਮਹਿਮਾ 'ਚ ਸਾਡੇ ਸਿਰਾਂ ਉੱਤੇ ਪਸਰਿਆ ਹੋਇਆ ਸੀ। ਰੂਸ ਦੀਆਂ ਗਰਮੀਆਂ ਦੀ ਰਾਤ ਦੀ ਵਿਲੱਖਣ, ਬੇਮਿਸਾਲ ਅਤੇ ਤਾਜ਼ਗੀ ਭਰੀ ਖੁਸ਼ਬੂ ਫੇਫੜਿਆਂ ਨੂੰ ਭਰ ਰਹੀ ਸੀ ਅਤੇ ਉਸ ਨਾਲ ਦਿਲ ਵਿੱਚ ਇਕ ਮਿੱਠੀ ਕਸਕ ਉੱਠ ਰਹੀ ਸੀ। ਚਾਰੇ ਪਾਸੇ ਕਿਤੇ ਕੋਈ ਅਵਾਜ਼ ਨਹੀਂ ਸੀ। ਬਸ ਕਦੇ-ਕਦਾਈਂ ਹੀ ਕੋਲ ਦੀ ਨਦੀ 'ਚ ਕਿਸੇ ਵੱਡੀ ਮੱਛੀ ਦੇ ਉਛਲਣ ਨਾਲ ਜ਼ੋਰ ਦੀ ਛਟਛਪਾਹਟ ਹੁੰਦੀ ਤੇ ਕੰਢੇ ਆਈ ਲਹਿਰ ਨਾਲ ਸਰਕੰਡਿਆਂ 'ਚ ਹਲਕੀ ਜਿਹੀ ਆਹਟ ਸੁਣਾਈ ਦੇਂਦੀ ... ਸਿਰਫ ਅੱਗ ਹੀ ਹੌਲੀ-ਹੌਲੀ ਤੜ-ਤੜ ਕਰਦੀ ਬਲ ਰਹੀ ਸੀ।

ਮੁੰਡੇ ਧੂਣੀ ਦੇ ਆਲੇ-ਦੁਆਲੇ ਬੈਠੈ ਸਨ ਅਤੇ ਉਹ ਦੋ ਕੁੱਤੇ ਵੀ, ਜੋ ਮੈਨੂੰ ਵੱਢਣ ਨੂੰ ਉਤਾਵਲੇ ਸਨ। ਬਹੁਤ ਦੇਰ ਤੱਕ ਉਹ ਮੇਰੀ ਮੌਜੂਦਗੀ ਸ਼ਾਂਤੀ ਨਾਲ ਸਵਿਕਾਰ ਨਹੀਂ ਕਰ ਪਾ ਰਹੇ ਸਨ ਅਤੇ ਉਨੀਂਦੇ ਜਿਹੇ ਅੱਖਾਂ ਮੀਚਦੇ ਅਤੇ ਤਿਰਛੀਆਂ ਨਜ਼ਰਾਂ ਨਾਲ ਅੱਗ ਵੱਲ ਵੇਖਦੇ ਥੋੜ੍ਹੀ-ਥੋੜ੍ਹੀ ਦੇਰ ਬਾਅਦ ਗੁੱਰਾਉਂਦੇ — ਜਿਵੇਂ ਕਿ ਉਹਨਾਂ ਦਾ ਹੰਕਾਰ ਉਹਨਾਂ ਨੂੰ ਕਚੋਟਦਾ। ਪਹਿਲਾਂ ਉਹ ਗੁੱਰਾਉਂਦੇ ਰਹੇ, ਫਿਰ ਹੌਲੀ-ਹੌਲੀ ਚੂਕਦੇ, ਜਿਵੇਂ ਕਿ ਇਸ ਗੱਲ 'ਤੇ ਖੇਦ ਪ੍ਰਗਟ ਕਰ ਰਹੇ ਹੋਣ ਕਿ ਉਹਨਾਂ ਦੀ ਇੱਛਾ ਪੂਰੀ ਨਾ ਹੋ ਸਕੀ ਹੋਵੇ। ਕੁਲ ਪੰਜ ਮੁੰਡੇ ਸਨ ਉਥੇ : ਫ਼ੇਦਿਆ, ਪਵਲੂਸ਼ਾ, ਇਲਊਸ਼ਾ, ਕੋਸਤਿਆ ਅਤੇ ਵਾਨਿਆ। ( ਉਹਨਾਂ ਦੀ ਗੱਲਬਾਤ ਤੋਂ ਉਹਨਾਂ ਦੇ ਨਾਮ ਪਤਾ ਚੱਲੇ ਅਤੇ ਹੁਣ ਮੈਂ ਤੁਰੰਤ ਹੀ ਪਾਠਕਾਂ ਨੂੰ ਉਹਨਾਂ ਤੋਂ ਪਰਿਚਿਤ ਕਰਾਉਣਾ ਚਾਹੁੰਦਾ ਹਾਂ )

ਮੁੰਡਿਆਂ ਵਿਚੋਂ ਸਭ ਤੋਂ ਵੱਡਾ ਸੀ ਫ਼ੇਦਿਆ। ਉਹ ਲਗਭਗ ਚੌਦਾਂ ਸਾਲਾਂ ਦਾ ਲੱਗਦਾ ਸੀ। ਸੁਡੌਲ ਸਰੀਰ, ਸੋਹਣਾ, ਪਰ ਛੋਟੇ-ਛੋਟੇ ਨੈਣ-ਨਕਸ਼, ਸੁਨਹਿਰੇ ਘੁੰਗਰਾਲੇ ਵਾਲ ਅਤੇ ਬੁੱਲ੍ਹਾਂ 'ਤੇ ਹਮੇਸ਼ਾਂ ਫੈਲੀ ਹੋਈ ਮੁਸਕਰਾਹਟ, ਜਿਸ ਵਿੱਚ ਖੁਸ਼ੀ ਅਤੇ ਬੇਗਾਨਗੀ ਦੋਵੇਂ ਸਨ। ਉਸਦੇ ਹਾਵ-ਭਾਵ ਤੋਂ ਸਾਫ਼ ਲੱਗਦਾ ਸੀ ਕਿ ਉਹ ਕਿਸੇ ਖਾਂਦੇ-ਪੀਂਦੇ ਘਰ ਦਾ ਹੈ ਅਤੇ ਕਿਸੇ ਲੋੜ ਲਈ ਨਹੀਂ ਸਗੋਂ ਮੌਜ-ਮਸਤੀ ਲਈ ਇਥੇ ਚਰਾਗਾਹ 'ਚ ਆਇਆ ਹੈ। ਉਸਨੇ ਚਮਕੀਲੇ ਰੰਗ ਦੀ, ਪੀਲੀ ਗੋਟੇਵਾਲੀ ਕਮੀਜ਼ ਪਾਈ ਹੋਈ ਸੀ। ਨਵਾਂ ਛੋਟਾ ਜਿਹਾ ਕੋਟ ਪਾਇਆ ਹੋਇਆ ਸੀ ਜਿਹੜਾ ਉਸਦੇ ਸੌੜੇ ਮੋਢਿਆਂ ਤੋਂ ਖਿਸਕ-ਖਿਸਕ ਜਾ ਰਿਹਾ ਸੀ। ਨੀਲੀ ਪੇਟੀ 'ਚ ਕੰਘੀ ਲਟਕ ਰਹੀ ਸੀ। ਪਿੰਨੀਆਂ ਤੱਕ ਉੱਚੇ ਬੂਟ ਜੋ ਉਸਨੇ ਪਾਏ ਹੋਏ ਸਨ, ਉਸਦੇ ਆਪਣੇ ਹੀ ਸਨ, ਉਸਦੇ ਪਿਤਾ ਦੇ ਨਹੀਂ। ਦੂਸਰੇ ਮੁੰਡੇ ਪਵਲੂਸ਼ਾ ਦੇ ਕਾਲੇ ਵਾਲ ਖਿੰਡੇ-ਪੁੰਡੇ ਸਨ। ਅੱਖਾਂ ਸੁਰਮਈ, ਚਿਹਰਾ ਪੀਲਾ ਜਿਹਾ, ਚੇਚਕ ਦੇ ਦਾਗਾਂ ਨਾਲ ਛਲਣੀ, ਵੱਡਾ ਪਰ ਚੰਗਾ ਤਰਾਸ਼ਿਆ ਹੋਇਆ ਮੂੰਹ। ਕੁੱਲ ਮਿਲਾ ਕੇ ਉਸਦਾ ਸਿਰ ਬਹੁਤ ਵੱਡਾ ਸੀ, ਜਿਵੇਂ ਕਿ ਸਾਡੇ ਦੇਸ਼ ਕਿਹਾ ਜਾਂਦਾ ਹੈ ਕਿ – ਹਾਂਡੀ ਵਰਗਾ, ਗਿੱਠਾ ਜਿਹਾ ਅਤੇ ਬੇਢੱਬਾ ਜਿਹਾ। ਇਹ ਤਾਂ ਮੰਨਣਾ ਪਵੇਗਾ ਕਿ ਮੁੰਡਾ ਵੇਖਣ 'ਚ ਸੋਹਣਾ ਨਹੀਂ ਸੀ, ਪਰ ਫਿਰ ਵੀ

ਉਹ ਮੈਨੂੰ ਚੰਗਾ : ਉਹ ਇਕਦਮ ਸਿੱਧਾ ਵੇਖਦਾ ਸੀ ਤੇ ਉਸਦੀਆਂ ਅੱਖਾਂ 'ਚ ਬੁੱਧੀਮਤਾ ਦੀ ਝਲਕ ਸੀ। ਉਸਦੀ ਅਵਾਜ਼ ਤੋਂ ਵੀ ਉਸਦੀ ਸ਼ਕਤੀ ਦਾ ਅਹਿਸਾਸ ਹੁੰਦਾ ਸੀ। ਆਪਣੇ ਪਹਿਰਾਵੇ 'ਤੇ ਉਹ ਮਾਣ ਨਹੀਂ ਕਰ ਸਕਦਾ ਸੀ : ਘਰ ਦੀ ਕੱਤੀ-ਬੁਣੀ ਕਮੀਜ਼ ਅਤੇ ਟਾਕੀਆਂ ਵਾਲੀ ਪਤਲੂਨ — ਇਹੀ ਸੀ ਉਸਦਾ ਪਹਿਰਾਵਾ। ਤੀਜੇ ਬੱਚੇ ਇਲਊਸ਼ਾ ਦਾ ਚਿਹਰਾ ਬਹੁਤ ਹੀ ਸਧਾਰਨ ਸੀ – ਲਬੂੰਤਰਾ, ਚੁੰਨ੍ਹੀਆਂ ਜਿਹੀਆਂ ਅੱਖਾਂ, ਤੇ ਤੋਤੇ ਵਰਗੀ ਨੱਕ। ਉਸਦੇ ਚਿਹਰੇ 'ਤੇ ਮੋਟੜ, ਚਿੜਚਿੜੀ ਬੇਚੈਨੀ ਦੀ ਛਾਪ ਸੀ। ਬੁਲ੍ਹ ਜੁੜੇ ਹੋਏ ਸਨ ਅਤੇ ਉਹਨਾਂ 'ਚ ਜ਼ਰਾ ਵੀ ਗਤੀ ਨਹੀਂ ਸੀ, ਭਰਵੱਟੇ ਵੀ ਸੁੰਗੜੇ ਹੋਏ – ਜਿਵੇਂ ਕਿ ਅੱਗ ਤੋਂ ਉਹ ਲਗਾਤਾਰ ਚੁੰਧਿਆ ਰਿਹਾ ਹੋਵੇ। ਉਸਦੇ ਹਲਕੇ ਤੂੜੀ ਰੰਗੇ, ਜ਼ਿਆਦਾਤਰ ਚਿੱਟੇ ਵਾਲਾਂ ਦੀਆਂ ਲਟਾਂ ਚਿਪਕੀਆਂ ਜਿਹੀਆਂ ਟੋਪੀ ਥੱਲਿਓਂ ਇਧਰ-ਉਧਰ ਨਿਕਲੀਆਂ ਹੋਈਆਂ ਸਨ। ਉਹ ਬਾਰ-ਬਾਰ ਦੋਵੇਂ ਹੱਥਾਂ ਨਾਲ ਆਪਣੀ ਟੋਪੀ ਕੰਨਾਂ 'ਤੋਂ ਖਿੱਚੀ ਜਾਂਦਾ ਸੀ। ਉਸਦੀਆਂ ਲੱਤਾਂ ਅਤੇ ਪੈਰਾਂ 'ਤੇ ਜੁਰਾਬਾਂ ਦੀ ਜਗ੍ਹਾ ਕਪੜੇ ਦੀਆਂ ਚੌੜੀਆਂ ਪੱਟੀਆਂ ਲਿਪਟੀਆਂ ਹੋਈਆਂ ਸਨ ਤੇ ਉਸ ਉਤੇ ਸੱਕ ਦੇ ਜੁੱਤੇ ਪਾਏ ਹੋਏ ਸਨ। ਮੋਟੀ ਡੋਰੀ ਤਿੰਨ ਵਾਰ ਉਸਦੇ ਲੱਕ 'ਤੇ ਲਿਪਟੀ ਹੋਈ ਸੀ ਅਤੇ ਕਾਲੇ ਰੰਗ ਦੇ ਝੱਗੇ ਨੂੰ ਚੰਗੀ ਤਰ੍ਹਾਂ ਫੜਿਆ ਹੋਇਆ ਸੀ। ਪਵਲੂਸ਼ਾ ਅਤੇ ਉਹ ਬਾਰਾਂ ਸਾਲਾਂ ਤੋਂ ਜ਼ਿਆਦਾ ਨਹੀਂ ਲੱਗਦੇ ਸਨ। ਚੌਥਾ, ਕੋਸਤਿਆ ਕੋਈ ਦਸ ਕੁ ਸਾਲ ਦਾ ਸੀ। ਉਸਦੇ ਵਿਚਾਰਮਗਨ ਅਤੇ ਉਦਾਸ ਚਿਹਰੇ ਨੂੰ ਵੇਖ ਮੈਨੂੰ ਉਤਸੁਕਤਾ ਹੋ ਰਹੀ ਸੀ। ਉਸਦਾ ਚਿਹਰਾ ਛੋਟਾ ਜਿਹਾ, ਦੁਬਲਾ-ਪਤਲਾ, ਹੇਠੋਂ ਤਿੱਖਾ ਸੀ- ਗਿਲਹਰੀ ਵਰਗਾ ; ਬੁੱਲ੍ਹ ਮੁਸ਼ਕਿਲ ਨਾਲ ਦਿਖਾਈ ਦੇਂਦੇ ਸਨ ; ਪਰ ਉਸਦੀਆਂ ਵੱਡੀਆਂ-ਵੱਡੀਆਂ ਕਾਲੀਆਂ ਅੱਖਾਂ ਅਤੇ ਉਹਨਾਂ ਦੀ ਤਰਲ ਚਮਕ ਅਜੀਬ ਜਿਹਾ ਪ੍ਰਭਾਵ ਪਾਉਂਦੀ ਸੀ। ਉਹ ਜਿਵੇਂ ਕੋਈ ਗੱਲ ਕਹਿਣਾ ਚਾਹੁੰਦੀਆਂ ਹੋਣ, ਜਿਸਨੂੰ ਜ਼ੁਬਾਨ, ਘੱਟੋ-ਘੱਟ ਉਸਦੀ ਜ਼ੁਬਾਨ, ਸ਼ਬਦਾਂ 'ਚ ਬਿਆਨ ਕਰਨ ਤੋਂ ਅਸਮਰੱਥ ਸਨ। ਉਹ ਛੋਟੇ ਕੱਦ ਅਤੇ ਕਮਜ਼ੋਰ ਸਰੀਰ ਦਾ ਸੀ ਕਪੜੇ ਵੀ ਉਸਨੇ ਮਾਮੂਲੀ ਜਿਹੇ ਪਾਏ ਹੋਏ ਸਨ। ਆਖਰੀ ਮੁੰਡੇ ਵਾਨਿਆ 'ਤੇ ਤਾਂ ਮੇਰੀ ਪਹਿਲਾਂ ਹੀ ਨਜ਼ਰ ਨਹੀਂ ਪਈ ਸੀ : ਉਹ ਇਕ ਚੌੜੀ ਜਿਹੀ ਚਟਾਈ ਥੱਲੇ ਪਿਆ ਹੋਇਆ ਸੀ, ਕਦੇ-ਕਦਾਈਂ ਹੀ ਉਹ ਆਪਣੇ ਘੁੰਗਰਾਲੇ ਵਾਲਾਂ ਵਾਲਾ ਸਿਰ ਚਟਾਈ ਹੇਠੋਂ ਬਾਹਰ ਕੱਢਦਾ ਸੀ। ਇਸ ਮੁੰਡੇ ਦੀ ਉਮਰ ਸੱਤ ਸਾਲ ਤੋਂ ਜ਼ਿਆਦਾ ਨਹੀਂ ਸੀ।

ਸੋ, ਮੈਂ ਇਕ ਪਾਸੇ ਝਾੜੀ ਥੱਲੇ ਲੇਟਿਆ ਹੋਇਆ, ਚੁੱਪਚਾਪ, ਮੁੰਡੇ ਵੇਖ ਰਿਹਾ ਸਾਂ। ਇਕ ਧੂਣੀ ਉਤੇ ਛੋਟਾ ਜਿਹਾ ਪਤੀਲਾ ਲਟਕ ਰਿਹਾ ਸੀ, ਉਸ ਵਿੱਚ ਆਲੂ ਉਬਲ ਰਹੇ ਸਨ। ਪਵਲੂਸ਼ਾ ਨੇ ਉਸ 'ਤੇ ਨਜ਼ਰ ਰੱਖੀ ਹੋਈ ਸੀ, ਗੋਡਿਆਂ ਭਾਰ ਖੜ੍ਹਾ ਹੋ ਕੇ ਉਹ ਉਬਲਦੇ ਪਾਣੀ 'ਚ ਲੱਕੜ ਦੀ ਕੱੜਛੀ ਪਾ ਕੇ ਵੇਖ ਰਿਹਾ ਸੀ। ਫ਼ੇਦਿਆ ਕੂਹਣੀਆਂ ਭਾਰ ਲੇਟਿਆ ਹੋਇਆ ਸੀ, ਉਸਦਾ ਕੋਟ ਫੈਲਿਆ ਹੋਇਆ ਸੀ। ਇਲਊਸ਼ਾ ਕੋਸਤਿਆ ਕੋਲ ਬੈਠਿਆ ਹੋਇਆ ਸੀ ਅਤੇ ਪਹਿਲਾਂ ਵਾਂਗ ਹੀ ਭਰਵੱਟੇ ਸੁੰਗੋੜੇ ਹੋਏ ਸਨ। ਕੋਸਤਿਆ ਸਿਰ ਇਕ ਪਾਸੇ ਝੁਕਾ ਕਿਤੇ ਦੂਰ ਨਜ਼ਰਾਂ ਗੱਡੀ ਬੈਠਾ ਸੀ। ਵਾਨਿਆ ਆਪਣੀ ਚਟਾਈ ਥੱਲੇ ਬਿਨਾ ਹਿੱਲੇ-ਜੁਲੇ ਲੇਟਿਆ ਹੋਇਆ ਸੀ। ਮੈਂ ਸੌਣ ਦਾ ਬਹਾਨਾ ਕੀਤਾ। ਹੌਲੀ-ਹੌਲੀ ਮੁੰਡਿਆਂ ਦੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਪਹਿਲਾਂ ਉਹਨਾਂ ਨੇ ਕੁਝ ਇਧਰ-ਉਧਰ ਦੀਆਂ ਗੱਲਾਂ ਕੀਤੀਆਂ, ਕਲ ਦੇ ਕੰਮ ਦੀਆਂ, ਘੋੜਿਆ ਦੀਆਂ ; ਅਤੇ ਫਿਰ ਅਚਾਨਕ ਫੇਦਿਆ ਨੇ ਜਿਵੇਂ ਕਿ ਵਿੱਚੇ ਹੀ ਛੁੱਟ ਗਈ ਗੱਲਬਾਤ ਦਾ ਸਿਲਸਿਲਾ ਫਿਰ ਤੋਂ ਫੜਦਿਆਂ ਇਲਊਸ਼ਾ ਨੂੰ ਕਿਹਾ :

"ਤਾਂ ਕੀ ਤੂੰ ਭੂਤ ਵੇਖਿਆ ਸੀ?"

"ਨਹੀਂ ਵੇਖਿਆ ਤਾਂ ਨਹੀਂ, ਉਹ ਦਿਖਾਈ ਦੇਂਦਾ ਵੀ ਨਹੀਂ," ਇਲਊਸ਼ਾ ਨੇ ਟੁੱਟੀ-ਫੁੱਟੀ, ਮਰੀਅਲ ਜਿਹੀ ਅਵਾਜ਼ 'ਚ ਜਵਾਬ ਦਿੱਤਾ। ਉਸ ਦੀ ਅਵਾਜ਼ ਦੀ ਧੁਨ ਚਿਹਰੇ ਦੇ ਹਾਵ-ਭਾਵਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਸੀ। "ਉਸਦੀ ਅਵਾਜ਼ ਸੁਣੀ ਸੀ ...ਉਹ ਵੀ ਮੈਂ ਇਕੱਲਿਆ ਨਹੀਂ।"

"ਕਿਥੇ ਡੇਰਾ ਪਾਇਆ ਹੈ ਉਸਨੇ?" ਪਵਲੂਸ਼ਾ ਨੇ ਪੁੱਛਿਆ।

"ਪੁਰਾਣੀ ਮਿੱਲ 'ਚ।"

"ਓਏ! ਤੂੰ ਮਿੱਲ 'ਚ ਜਾਂਦਾ ਹੈਂ?"

"ਹੋਰ ਨਹੀਂ ਤਾਂ ਕੀ। ਮੈਂ ਤੇ ਮੇਰਾ ਭਰਾ ਅਵਯੂਸ਼ਕਾ ਕਾਗਜ਼ ਚਿਪਕਾਉਂਦੇ ਹਾਂ।"

"ਵਾਹ, ਕਾਮਾ ਬਣ ਗਿਆ!"

"ਅੱਛਾ ਤਾਂ ਕਿਵੇਂ ਅਵਾਜ਼ ਸੁਣੀ ਸੀ?" ਫੇਦਿਆ ਨੇ ਪੁੱਛਿਆ।

"ਹੁਣੇ ਦੱਸਦਾ ਹਾਂ। ਹੋਇਆ ਇੰਝ ਕਿ ਅਵਯੂਸ਼ਕਾ ਅਤੇ ਮੈਂ, ਅਤੇ ਇਹ ਫਯੋਦਰ, ਅਤੇ ਇਵਾਸ਼ਕਾ ਕਸੋਏ, ਅਤੇ ਨਾਲ ਹੀ ਉਹ ਲਾਲ ਟਿੱਲੇ ਵਾਲਾ ਇਵਾਸ਼ਕਾ ਵੀ, ਅਤੇ ਇਵਾਸ਼ਕਾ ਸੁਖਾਰੁਕੋਵ ਅਤੇ ਹੋਰ ਵੀ ਮੁੰਡੇ, ਬਸ ਪੂਰੀ ਸ਼ਿਫਟ ਦੇ ਮੁੰਡੇ ਸਾਂ ਅਸੀਂ : ਤਾਂ ਸਾਨੂੰ ਮਿੱਲ ਵਿੱਚ ਰਾਤ ਕੱਟਣੀ ਪਈ, ਕੱਟਣੀ ਤਾਂ ਕੀ ਪਈ, ਉਹ ਸਾਡਾ ਮੁਖੀਆ ਨਜ਼ਾਰਵ ਬੋਲਿਆ ਕਿ ਮੁੰਡਿਓ ਕਲ ਕੰਮ ਬਹੁਤ ਹੈ, ਤਾਂ ਤੁਸੀਂ ਕੀ ਘਰ ਜਾਓਗੇ, ਨਾ ਜਾਓ। ਸੋ ਅਸੀਂ ਉਥੇ ਹੀ ਰੁੱਕ ਗਏ। ਸਾਰੇ ਕੋਲ-ਕੋਲ ਹੀ ਲੇਟ ਗਏ ਅਤੇ ਤਦੇ ਅਵਯੂਸ਼ਕਾ ਕਹਿਣ ਲੱਗਾ ਕਿ ਭਰਾਵੋ ਜੇ ਕਿਤੇ ਇਥੇ ਭੂਤ ਆ ਗਿਆ ਤਾਂ?... ਤੇ ਬਸ ਉਸਦੇ ਏਨਾ ਕਹਿਣ ਦੀ ਦੇਰ ਸੀ ਕਿ ਸਾਡੇ ਉਪਰ ਕੋਈ ਚੱਲਣ ਲੱਗਾ, ਅਸੀਂ ਤਾਂ ਹੇਠਲੀ ਮੰਜ਼ਿਲ 'ਤੇ ਲੇਟੇ ਹੋਏ ਸਾਂ, ਤੇ ਉਪਰ ਡੱਗ-ਡੱਗ ਕਰ ਰਿਹਾ ਸੀ, ਜਿਥੇ ਚੱਕੇ ਹਨ। ਉਹ ਇੰਝ ਟਹਿਲ ਰਿਹਾ ਸੀ ਅਤੇ ਤਖਤੇ ਤਾਂ ਉਸਦੇ ਬੋਝ ਨਾਲ ਝੁਕੀ ਜਾ ਰਹੇ ਸਨ, ਚਰ-ਚਰ ਕਰ ਰਹੇ ਸਨ, ਸਾਡੇ ਸਿਰਾਂ ਦੇ ਉਪਰੋਂ ਲੰਘਦਾ ਹੋਇਆ ਉਹ ਲੰਘ ਗਿਆ ਤੇ ਅਚਾਨਕ ਚੱਕੇ 'ਤੇ ਜ਼ੋਰ ਦੀ ਪਾਣੀ ਡਿੱਗਣ ਲੱਗਾ ; ਚੱਕਾ ਖੜਖੜਾਇਆ ਤੇ ਚੱਲ ਪਿਆ ; ਪਾਣੀ ਦੇ ਡੱਟ ਤਾਂ ਬੰਦ ਸਨ। ਅਸੀਂ ਹੈਰਾਨ ਸਾਂ ਕਿ ਇਹ ਕਿਸਨੇ ਡੱਟ ਚੁੱਕ ਦਿੱਤੇ ਕਿ ਪਾਣੀ ਵਗਣ ਲੱਗਾ। ਚੱਕਾ ਥੋੜ੍ਹੀ ਦੇਰ ਘੁੰਮਿਆ ਤੇ ਫਿਰ ਰੁੱਕ ਗਿਆ। ਹੁਣ ਉਹ ਉਪਰ ਦੇ ਦਰਵਾਜ਼ੇ ਵੱਲ ਚੱਲ ਪਿਆ ਅਤੇ ਪੌੜੀਆਂ ਉਤਰਨ ਲੱਗਾ, ਬੜੇ ਅਰਾਮ ਨਾਲ ਉਤਰਦਾ ਜਾ ਰਿਹਾ ਸੀ, ਪੌੜੀਆਂ ਤਾਂ ਜਿਵੇਂ ਉਸਦੇ ਬੋਝ ਨਾਲ ਚੀਕ ਪਈਆਂ ... ਆਖਰ ਉਹ ਸਾਡੇ ਦਰਵਾਜ਼ੇ ਤੱਕ ਆ ਗਿਆ, ਕੁਝ ਦੇਰ ਖੜ੍ਹਾ ਰਿਹਾ, ਤੇ ਫਿਰ ਦਰਵਾਜ਼ਾ ਇਕਦਮ ਸਾਰੇ ਦਾ ਸਾਰਾ ਖੁਲ੍ਹ ਗਿਆ। ਸਾਡਾ ਤਰਾਹ ਨਿਕਲ ਗਿਆ ! ਪਰ ਵੇਖਿਆ ਤਾਂ ਕੁਝ ਵੀ ਨਹੀਂ ... ਤੇ ਫਿਰ ਵੇਖਿਆ ਕਿ ਇਕ ਟੈਂਕੀ ਦਾ ਜਾਲ ਹਿੱਲਣ ਲੱਗਾ, ਫਿਰ ਉਹ ਉੱਠਿਆ, ਉੱਠਦਾ ਹੀ ਗਿਆ, ਫਿਰ ਹੇਠਾਂ ਆ ਗਿਆ, ਹਵਾ 'ਚ ਇਉਂ ਘੁੰਮਿਆ ਜਿਵੇਂ ਕੋਈ ਉਸਨੂੰ ਪਟਕ ਰਿਹਾ ਹੋਵੇ ਤੇ ਫਿਰ

ਆਪਣੀ ਜਗ੍ਹਾ ਜਾ ਟਿਕਿਆ। ਹੁਣ ਇਕ ਦੂਸਰੀ ਟੈਂਕੀ ਕੋਲ ਇਕ ਕੰਡਾ ਆਪਣੀ ਕਿੱਲੀ ’ਤੇ ਜਾ ਲਟਕਿਆ ; ਫਿਰ ਜਿਵੇਂ ਕਿ ਕੋਈ ਦਰਵਾਜ਼ੇ ਵੱਲ ਤੁਰ ਪਿਆ ਤੇ ਅਚਾਨਕ ਕੋਈ ਭਾਰੀ ਅਵਾਜ਼ ’ਚ ਖੰਘਿਆ। ਅਸੀਂ ਸਾਰੇ ਇਕ ਦੂਸਰੇ ਨਾਲ ਚਿਪਕ ਗਏ, ਸਿਰ ਦੁਬਕਣ ਲੱਗੇ ...ਤੌਬਾ, ਕਿੰਨਾ ਡਰ ਗਏ ਸਾਂ ਅਸੀਂ!”

“ਓਹੋ!” ਪਵਲੂਸ਼ਾ ਬੋਲਿਆ। “ਪਰ ਉਹ ਖੰਘਿਆ ਕਿਉਂ?”

“ਪਤਾ ਨਹੀਂ, ਸ਼ਾਇਦ ਸਲਾਬਾ ਸੀ, ਇਸ ਲਈ।”

ਥੋੜ੍ਹੀ ਦੇਰ ਤੱਕ ਸਾਰੇ ਚੁੱਪ ਰਹੇ।

“ਕਿਉਂ, ਆਲੂ ਉਬਲ ਗਏ?” ਫੇਦਿਆ ਨੇ ਪੁੱਛਿਆ।

ਪਵਲੂਸ਼ਾ ਨੇ ਚਿਮਟੀ ਨਾਲ ਛੋਹ ਕੇ ਵੇਖੇ।

“ਨਹੀਂ, ਅਜੇ ਕੱਚੇ ਹਨ ... ਬਾਪ ਰੇ, ਕਿੰਨੀ ਜ਼ੋਰ ਦੀ ਠਾਹ ਦੀ ਅਵਾਜ਼ ਆਈ,” ਨਦੀ ਵੱਲ ਮੂੰਹ ਮੋੜ ਕੇ ਉਹ ਬੋਲਿਆ, “ਜ਼ਰੂਰ ਕੋਈ ਵੱਡੀ ਮੱਛੀ ਹੈ ... ਉਹ ਦੇਖੋ, ਤਾਰਾ ਟੁੱਟਿਆ!”

“ਲਓ, ਮੈਂ ਇਕ ਮਜ਼ੇਦਾਰ ਕਿੱਸਾ ਸੁਣਾਉਂਦਾ ਹਾਂ,” ਕੋਸਤਿਆ ਆਪਣੀ ਪਤਲੀ ਜਿਹੀ ਅਵਾਜ਼ ’ਚ ਬੋਲਣ ਲੱਗਾ। “ਸੁਣੋ ਭਰਾਵੋ, ਅਜੇ ਉਸ ਦਿਨ ਬਾਪੂ ਨੇ ਮੇਰੇ ਸਾਹਮਣੇ ਇਹ ਗੱਲ ਸੁਣਾਈ ਸੀ।”

“ਚੰਗਾ ਤਾਂ ਸੁਣਾ,” ਫੇਦਿਆ ਨੇ ਜਿਵੇਂ ਹੁਕਮ ਦੇਂਦਿਆਂ ਕਿਹਾ।

“ਗ੍ਵੀਲਾ ਨੂੰ ਤਾਂ ਤੁਸੀਂ ਜਾਣਦੇ ਹੀ ਹੋ, ਉਹੀ ਜਿਹੜਾ ਪਿੰਡ ਦਾ ਤਰਖਾਣ ਹੈ।”

“ਹਾਂ, ਜਾਣਦੇ ਹਨ।”

“ਪਤਾ ਹੈ ਕਿਉਂ ਉਹ ਹਮੇਸ਼ਾਂ ਏਨਾ ਉਦਾਸ, ਗੁਆਚਾ-ਗੁਆਚਾ ਰਹਿੰਦਾ ਹੈ, ਕਦੇ ਹੱਸਦਾ-ਬੋਲਦਾ ਨਹੀਂ, ਪਤਾ ਹੈ? ਸੁਣੋ, ਮੈਂ ਦੱਸਦਾ ਹਾਂ : ਬਾਪੂ ਦੱਸ ਰਹੇ ਸਨ ਕਿ ਇਕ ਦਿਨ ਉਹ ਜੰਗਲ ’ਚ ਗਿਆ ਜੰਗਲੀ ਅਖਰੋਟ ਬੀਜਣ। ਉਥੇ ਗਿਆ ਤਾਂ ਰਸਤਾ ਭੁੱਲ ਗਿਆ ; ਪਤਾ ਨਹੀਂ ਕਿਥੇ ਪਹੁੰਚ ਗਿਆ, ਕਿਥੇ ਭਟਕ ਗਿਆ। ਇਧਰ ਵੀ ਜਾਵੇ, ਉਧਰ ਵੀ ਜਾਵੇ, ਪਰ ਕਿਤੇ ਵੀ ਰਸਤਾ ਨਹੀਂ ਮਿਲ ਰਿਹਾ ਸੀ। ਉਪਰੋਂ ਰਾਤ ਆ ਰਹੀ ਸੀ। ਉਹ ਇਕ ਰੁੱਖ ਹੇਠਾਂ ਬੈਠ ਗਿਆ। ਸੋਚਣ ਲੱਗਾ ਕਿ ਸਵੇਰ ਹੋਣ ਤੱਕ ਇਥੇ ਹੀ ਬੈਠਾ ਰਹਿੰਦਾ ਹਾਂ। ਸੋ ਉਹ ਬੈਠਾ-ਬੈਠਾ ਹੂੰਘਣ ਲੱਗਾ ਅਤੇ ਸੌਂ ਗਿਆ। ਅਚਾਨਕ ਸੁਣਿਆ ਕਿ ਕੋਈ ਉਸਨੂੰ ਬੁਲਾ ਰਿਹਾ ਹੈ। ਇਧਰ-ਉਧਰ ਵੇਖਿਆ ਪਰ ਕੋਈ ਹੈ ਹੀ ਨਹੀਂ ਸੀ। ਉਹ ਫਿਰ ਹੂੰਘਣ ਲੱਗਾ, ਫਿਰ ਉਹੀ ਅਵਾਜ਼ ਸੁਣਾਈ ਦਿੱਤੀ। ਫਿਰ ਉਹ ਤੱਕਣ ਲੱਗਾ, ਆਖਰ ਵੇਖਦਾ ਕੀ ਹੈ ਕਿ ਉਹਦੇ ਸਾਹਮਣੇ ਰੁੱਖ ਦੀ ਟਹਿਣੀ ’ਤੇ ਜਲਪਰੀ ਬੈਠੀ ਹੈ, ਝੂਲਦੀ ਜਾ ਰਹੀ, ਉਸਨੂੰ ਬੁਲਾ ਰਹੀ ਹੈ, ਤੇ ਹੱਸਦੀ ਹੋਈ ਲੋਟ-ਪੋਟ ਹੋ ਰਹੀ ਹੈ ... ਰਾਤ ਤਾਂ ਚਾਂਦਨੀ ਸੀ, ਅਜਿਹੀ ਚਾਂਦਨੀ ਕਿ ਇਕ-ਇਕ ਪੱਤਾ ਦਿਖਦਾ ਸੀ। ਉਹ ਉਸਨੂੰ ਬੁਲਾਈ ਜਾ ਰਹੀ ਸੀ ਤੇ ਉਹ ਇਕ ਅਜਿਹੀ ਚਿੱਟੀ ਚਮਕਦੀ ਸ਼ਾਖ ’ਤੇ ਬੈਠੀ ਹੋਈ ਸੀ, ਜਿਵੇਂ ਡੇਸ ਮੱਛੀ ਜਾਂ ਰੋਚ ਜਾਂ ਫਿਰ ਕਾਰਪ ਮੱਛੀ ਜੋ ਚਾਂਦੀ ਵਾਂਗ ਚਮਕਦੀ ਹੈ ... ਹੁਣ, ਭਰਾਵਾ ਗ੍ਵੀਲਾ ਤਰਖਾਣ ਦੇ ਹੋਸ਼ ਉੱਡ ਗਏ, ਉਧਰ ਜਲਪਰੀ ਉਸ ਨੂੰ ਇਸ਼ਾਰੇ ਕਰੀ ਜਾ ਰਹੀ ਸੀ, ਹੱਸ- ਹੱਸ ਕੇ ਬੁਲਾ ਰਹੀ ਸੀ। ਗ੍ਵੀਲਾ ਤਾਂ

ਉੱਠ ਕੇ ਚਲ ਹੀ ਪਿਆ ਸੀ ਕਿ, ਇਉਂ ਸਮਝੋ ਰੱਬ ਨੇ ਉਸਦੇ ਦਿਲ ਵਿੱਚ ਇਹ ਗੱਲ ਰਖ ਦਿੱਤੀ, ਉਸਨੇ ਆਪਣੀ ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ ... ਪਤਾ ਕਿੰਨੀ ਮੁਸ਼ਕਿਲ ਹੋਈ ਸੀ ਉਸਨੂੰ ਇਸ ਤਰ੍ਹਾਂ ਕਰਨ ਚ, ਉਹ ਕਹਿ ਰਿਹਾ ਸੀ : ਹੱਥ ਤਾਂ ਜਿਵੇਂ ਪੱਥਰ ਦਾ ਹੋ ਗਿਆ ਸੀ, ਉਠਦਾ ਹੀ ਨਹੀਂ ਸੀ। .. ਬਸ ਜਿਵੇਂ ਹੀ ਉਸਨੇ ਸਲੀਬ ਦਾ ਨਿਸ਼ਾਨ ਬਣਾਇਆ ਜਲਪਰੀ ਦਾ ਹੱਸਣਾ ਬੰਦ, ਤੇ ਲੱਗੀ ਉਹ ਫੁੱਟ-ਫੁੱਟ ਕੇ ਰੋਣ ... ਰੋਂਦੀ ਜਾਵੇ, ਰੋਂਦੀ ਜਾਵੇ, ਵਾਲਾਂ ਨਾਲ ਅੱਖਾਂ ਪੂੰਝਦੀ ਜਾਵੇ, ਵਾਲ ਉਸਦੇ ਹਰੇ-ਹਰੇ ਸਨ, ਜਿਵੇਂ ਤੁਹਾਡਾ ਸੂਰਜ। ਸੋ ਗ੍ਰਵੀਲਾ ਉਸਨੂੰ ਵੇਖਦਾ ਰਿਹਾ, ਵੇਖਦਾ ਰਿਹਾ ਤੇ ਆਖਰ ਪੁੱਛ ਹੀ ਲਿਆ : "ਹੈ, ਜਲਪਰੀ ਤੂੰ ਰੋਂਦੀ ਕਿਉਂ ਹੈਂ।" ਜਲਪਰੀ ਨੇ ਵੀ ਤੁਰੰਤ ਉਸਨੂੰ ਜਵਾਬ ਦਿੱਤਾ, ਬੋਲੀ : 'ਜੇ ਤੂੰ ਸਲੀਬ ਦਾ ਨਿਸ਼ਾਨ ਨਾ ਬਣਾਉਂਦਾ, ਤਾਂ ਆਖਰ ਤੱਕ ਮੇਰੇ ਨਾਲ ਮੌਜ ਨਾਲ ਰਹਿੰਦਾ ; ਰੋਣਾ ਮੈਨੂੰ ਇਸੇ ਗੱਲ ਦਾ ਹੈ, ਇਸੇ ਲਈ ਮੈਂ ਦੁੱਖੀ ਹਾਂ ਕਿ ਤੂੰ ਸਲੀਬ ਦਾ ਨਿਸ਼ਾਨ ਕਿਉਂ ਬਣਾਇਆ, ਪਰ ਮੈਂ ਇਕੱਲੀ ਦੁਖੀ ਨਹੀਂ ਰਹਾਂਗੀ ; ਜਾ ਤੂੰ ਵੀ ਮਰਦੇ ਦਮ ਤੱਕ ਹੁਣ ਦੁਖੀ ਹੀ ਰਹੇਂਗਾ। ' ਤੇ ਏਨਾ ਕਹਿ ਕੇ ਉਹ ਗਾਇਬ ਹੋ ਗਈ ਅਤੇ ਗ੍ਰਵੀਲਾ ਨੂੰ ਵੀ ਘਰ ਦਾ ਰਸਤਾ ਉਸੇ ਵੇਲੇ ਸਮਝ ਆ ਗਿਆ... ਬਸ ਉਦੋਂ ਤੋਂ ਉਹ ਏਨਾ ਉਦਾਸ-ਉਦਾਸ ਰਹਿਣ ਲੱਗਾ ਹੈ।"

"ਹੂੰਅ, ਵੇਖੋ ਤਾਂ!" ਕੁਝ ਦੇਰ ਦੀ ਖਾਮੋਸ਼ੀ ਤੋਂ ਬਾਅਦ ਫੇਦਿਆ ਬੋਲਿਆ। "ਕਿਵੇਂ ਕੋਈ ਭੂਤਨੀ ਈਸਾਈ ਆਤਮਾ ਨਸ਼ਟ ਕਰ ਸਕਦੀ ਹੈ- ਆਖਰ ਗ੍ਰਵੀਲਾ ਨੇ ਉਸਦਾ ਕਹਿਣਾ ਤਾਂ ਮੰਨਿਆ ਨਹੀਂ ਸੀ?"

"ਬਸ ਇੰਝ ਹੀ ਹੁੰਦਾ ਹੈ।" ਕੋਸਤਿਆ ਬੋਲਿਆ। ਗ੍ਰਵੀਲਾ ਵੀ ਬੋਲਿਆ ਸੀ ਕਿ ਕਿਵੇਂ ਉਸਦੀ ਅਵਾਜ਼ ਏਨੀ ਪਤਲੀ ਅਤੇ ਤਰਸਯੋਗ ਹੋ ਸਕਦੀ ਹੈ ਜਿਵੇਂ ਕੋਈ ਡੱਡੀ ਹੋਵੇ।"

"ਤੇਰੇ ਬਾਪ ਨੇ ਖੁਦ ਇਹ ਗੱਲ ਸੁਣਾਈ ਸੀ?" ਫੇਦਿਆ ਪੁੱਛੀ ਜਾ ਰਿਹਾ ਸੀ।

"ਹਾਂ। ਮੈਂ ਬਿਸਤਰੇ 'ਤੇ ਲੇਟਿਆ ਸੀ, ਸਭ ਕੁਝ ਸੁਣ ਰਿਹਾ ਸੀ।"

"ਕਮਾਲ ਦੀ ਗੱਲ ਹੈ!" ਇਲਊਸ਼ਾ ਬੋਲ ਪਿਆ। ਉਸਨੂੰ ਭਲਾ ਕਾਹਦੀ ਉਦਾਸੀ! .. ਹਾਂ, ਬਈ ਜ਼ਰੂਰ ਉਹ ਜਲਪਰੀ ਨੂੰ ਪਸੰਦ ਆ ਗਿਆ ਹੋਵੇਗਾ, ਤਦੇ ਉਹ ਉਸਨੂੰ ਬੁਲਾ ਰਹੀ ਸੀ।"

"ਅਜੀ ਹਾਂ, ਪਸੰਦ ਆ ਗਿਆ।" ਇਲਊਸ਼ਾ ਬੋਲ ਪਿਆ। ਉਹ ਤਾਂ ਉਸਨੂੰ ਗੁਦਗੁਦਾ ਕੇ ਹੀ ਮਾਰ ਦੇਣਾ ਚਾਹੁੰਦੀ ਹੋਵੇਗੀ, ਸਮਝੇ। ਇਹਨਾਂ ਜਲਪਰੀਆਂ ਦਾ ਕੰਮ ਹੀ ਇਹੀ ਹੈ।"

"ਇਥੇ ਵੀ ਤਾਂ ਜਲਪਰੀਆਂ ਹੁੰਦੀਆਂ ਹੋਣਗੀਆਂ," ਫ਼ੇਦਿਆ ਨੇ ਕਿਹਾ।

"ਨਹੀਂ ਇਹ ਜਗ੍ਹਾ ਸਾਫ ਹੈ," ਕੋਸਤਿਆ ਨੇ ਜਵਾਬ ਦਿੱਤਾ। "ਬਸ ਇਹ ਨਦੀ ਹੀ ਕੋਲ ਹੈ, ਹੋਰ ਤਾਂ ਕੁਝ ਵੀ ਨਹੀਂ।"

ਸਭ ਚੁੱਪ ਹੋ ਗਏ। ਅਚਾਨਕ ਕਿਤਿਓਂ ਦੂਰੋਂ ਇਕ ਲੰਬੀ, ਬਿਲਕੁਲ ਵਿਰਲਾਪ ਵਰਗੀ ਚੀਕ ਗੂੰਜੀ। ਇਹ ਰਾਤ ਦੀਆਂ ਉਹਨਾਂ ਰਹੱਸਮਈ ਅਵਾਜ਼ਾਂ 'ਚੋਂ ਇਕ ਸੀ, ਜੋ ਡੂੰਘੀ ਚੁੱਪ 'ਚੋਂ ਉਤਪੰਨ ਹੁੰਦੀਆਂ ਹਨ, ਹਵਾ 'ਚ ਉਠਦੀਆਂ ਹਨ, ਗੂੰਜਦੀਆਂ ਹਨ ਅਤੇ ਫਿਰ ਹੌਲੀ-ਹੌਲੀ ਵਿਲੀਨ ਹੁੰਦੀਆਂ ਦੂਰ ਚਲੀਆਂ ਜਾਂਦੀਆਂ ਹਨ। ਕੰਨ ਲਗਾਓ ਤਾਂ ਕੋਈ ਅਵਾਜ਼ ਨਹੀਂ, ਪਰ ਇਕ ਹਲਕੀ ਜਿਹੀ ਗੂੰਜ ਗੂੰਜਦੀ ਰਹਿੰਦੀ ਹੈ।

ਇਵੇਂ ਲੱਗਦਾ ਸੀ ਜਿਵੇਂ ਐਨ ਅਸਮਾਨ ਕੋਲ ਕਿਸੇ ਨੇ ਲੰਬੀ ਚੀਕ ਛੱਡੀ ਤੇ ਫਿਰ ਜੰਗਲ ’ਚ ਕੋਈ ਉਸਦੇ ਜਵਾਬ ’ਚ ਤਿੱਖੀ ਅਵਾਜ਼ ਚ ਖਿੜਖਿੜਾ ਕੇ ਹੱਸਿਆ ਤੇ ਨਦੀ ਦੀ ਛਾਤੀ ’ਤੇ ਸਰਸਰੀ ਜਿਹੀ ਫੁੰਕਾਰ ਵੱਧ ਗਈ। ਮੁੰਡਿਆਂ ਨੇ ਇਕ ਦੂਸਰੇ ਵੱਲ ਵੇਖਿਆ, ਤੇ ਕੰਬ ਪਏ...

“ਈਸਾ ਸਾਡੇ ਨਾਲ ਹੈ!” ਇਲਊਸ਼ਾ ਬੁੜਬੁੜਾਇਆ।

“ਵਾਹ ਓਏ ਕਬੂਤਰੋ।” ਪਵਲੂਸ਼ਾ ਚੀਕਿਆ। “ਕਿਉਂ ਕੰਬ ਪਏ? ਵੇਖੋ ਆਲੂ ਉਬਲ ਗਏ।” ਸਾਰੇ ਮੁੰਡੇ ਪਤੀਲੇ ਕੋਲ ਆ ਗਏ ਅਤੇ ਗਰਮ-ਗਰਮ ਭਾਫ਼ ਛੱਡਦੇ ਆਲੂ ਖਾਣ ਲੱਗੇ : ਸਿਰਫ਼ ਵਾਨਿਆ ਹੀ ਬਿਲਕੁਲ ਨਹੀਂ ਹਿਲਿਆ-ਡੁਲਿਆ। ਤੂੰ ਖਾਵੇਂਗਾ ਨਹੀਂ।” ਪਵਲੂਸ਼ਾ ਨੇ ਪੁੱਛਿਆ।

ਪਰ ਉਹ ਆਪਣੀ ਚਟਾਈ ਦੇ ਥੱਲਿਓਂ ਨਹੀਂ ਨਿਕਲਿਆ, ਪਤੀਲਾ ਜਲਦੀ ਹੀ ਖਾਲੀ ਹੋ ਗਿਆ।

“ਚੰਗਾ, ਤੁਸੀਂ ਸੁਣਿਆ, ਵਰਨਾਵਿਤਸੀ ਵਿੱਚ ਉਸ ਦਿਨ ਕੀ ਹੋਇਆ ਸੀ?” ਇਲਊਸ਼ਾ ਨੇ ਗੱਲ ਛੇੜੀ।

“ਡੈਮ ਕੋਲ?” ਫੇਦਿਆ ਨੇ ਪੁੱਛਿਆ।

“ਹਾਂ, ਹਾਂ, ਉਹੀ ਟੁੱਟੇ ਬੰਨ੍ਹ ਕੋਲ। ਉਹ ਹੈ ਅਸਲੀ ਭੂਤੀਆ ਜਗ੍ਹਾ, ਏਨੀ ਵੀਰਾਨ। ਚਾਰੇ ਪਾਸੇ ਖੱਡਾਂ, ਟੋਏ, ਨਿਵਾਨਾਂ ਅਤੇ ਏਨੇ ਸੱਪ ਹਨ ਓਥੇ...”

“ਅੱਛਾ, ਦੱਸ ਤਾਂ ਸਹੀ ਕੀ ਹੋਇਆ ਸੀ ਉਥੇ?”

“ਸੁਣੋ, ਕੀ ਹੋਇਆ ਉਥੇ। ਫੇਦਿਆ ਸ਼ਾਇਦ ਤੈਨੂੰ ਪਤਾ ਨਹੀਂ, ਪਰ ਉਥੇ ਇਕ ਆਦਮੀ ਡੁੱਬ ਗਿਆ ਸੀ, ਬਹੁਤ ਪਹਿਲਾਂ ਜਦੋਂ ਪਾਣੀ ਡੂੰਘਾ ਸੀ। ਤਾਂ ਉਸਦੀ ਕਬਰ ਵੀ ਉਥੇ ਹੀ ਹੈ। ਵੈਸੇ ਤਾਂ ਕਬਰ ਹੁਣ ਥੋੜ੍ਹੀ ਜਿਹੀ ਦਿਖਦੀ ਹੈ, ਇਕ ਟਿੱਲਾ ਜਿਹਾ ਹੀ ਰਹਿ ਗਿਆ ਹੈ ... ਤਾਂ ਹੋਇਆ ਇਹ ਕਿ ਕੁਝ ਦਿਨ ਪਹਿਲਾਂ ਇਕ ਕਾਮੇ ਨੇ ਯੇਮ੍ਰੀਲ ਸ਼ਿਕਾਰੀ ਨੂੰ ਬੁਲਾਇਆ। ਉਹ ਯੇਮ੍ਰੀਲ ਹੀ ਹੈ ਨਾ ਜਿਹੜਾ ਕੁੱਤਿਆਂ ਨੂੰ ਪਾਲਦਾ ਹੈ। ਕੁੱਤੇ ਤਾਂ ਉਸਦੇ ਸਾਰੇ ਮਰ ਗਏ ਹਨ, ਪਤਾ ਨਹੀਂ ਕਿਉਂ ਉਸ ਕੋਲ ਰਹਿੰਦੇ ਹੀ ਨਹੀਂ, ਕਦੇ ਨਹੀਂ ਰਹੇ, ਵੈਸੇ ਕੰਮ ਉਹ ਆਪਣਾ ਚੰਗੀ ਤਰ੍ਹਾਂ ਜਾਣਦਾ ਹੈ। ਅੱਛਾ ਤਾਂ ਕਾਮੇ ਯੇਮ੍ਰੀਲ ਨੂੰ ਬੁਲਾਇਆ ਕਿ ਜਾ ਡਾਕ ਲੈ ਆ। ਸਾਡੇ ਇਥੇ ਯੇਮ੍ਰੀਲ ਹੀ ਡਾਕ ਲੈਣ ਜਾਂਦਾ ਹੈ। ਸੋ ਯੇਮ੍ਰੀਲ ਸ਼ਹਿਰ ਚਲਾ ਗਿਆ, ਬਸ ਉਥੇ ਉਸਨੇ ਦੇਰ-ਵੇਰ ਕਰ ਦਿੱਤੀ, ਵਾਪਸ ਜਦੋਂ ਚੱਲਿਆ, ਤਾਂ ਪੀਤੀ ਹੋਈ ਸੀ। ਘੋੜੇ ’ਤੇ ਉਹ ਆ ਰਿਹਾ ਸੀ, ਰਾਤ ਪੈ ਗਈ, ਚਾਂਦਨੀ ਰਾਤ ...ਤਾਂ ਜਦੋਂ ਪਹੁੰਚਿਆ ਡੈਮ ’ਤੇ ਵੇਖਦਾ ਕੀ ਹੈ ਉਥੇ ਕਬਰ ’ਤੇ ਇਕ ਮੇਮਨਾ ਟਹਿਲ ਰਿਹਾ ਹੈ- ਘੁੰਗਰਾਲੇ ਰੇਸ਼ਿਆਂ ਵਾਲਾ, ਚਿੱਟਾ-ਚਿੱਟਾ। ਤਾਂ ਯੇਮ੍ਰੀਲ ਨੇ ਸੋਚਿਆ ਕਿਉਂ ਨਾ ਇਸਨੂੰ ਚੁੱਕ ਲਵਾਂ। ਕੀ ਇਥੇ ਬੇਕਾਰ ਹੀ ਜਾਵੇਗਾ। ਬਸ ਉਹ ਘੋੜੇ ਤੋਂ ਉਤਰਿਆ ਤੇ ਮੇਮਨੇ ਨੂੰ ਗੋਦ ’ਚ ਚੁੱਕ ਲਿਆ। ਮੇਮਨਾ ਵੀ ਚੁੱਪਚਾਪ ਗੋਦ ’ਚ ਆ ਗਿਆ । ਬਸ ਯੇਮ੍ਰੀਲ ਉਸਨੂੰ ਚੁੱਕ ਘੋੜੇ ਵੱਲ ਚੱਲ ਪਿਆ, ਘੋੜਾ ਲੱਗਿਆ ਬੂਥਨ ਫੇਰਨ, ਫੁੰਕਾਰਨ ਲੱਗਾ : ਪਰ ਉਸਨੇ ਘੋੜੇ ਨੂੰ ਫਟਕਾਰਿਆ ਅਤੇ ਮੇਮਨੇ ਨੂੰ ਫੜ ਉਸ ਉਤੇ ਸਵਾਰ ਹੋ ਗਿਆ, ਤੇ ਅੱਗੇ ਚਲ ਪਿਆ। ਮੇਮਨੇ ਨੂੰ ਉਸਨੇ ਆਪਣੇ ਅੱਗੇ ਰੱਖਿਆ ਹੋਇਆ ਸੀ। ਉਹ ਮੇਮਨੇ ਵੱਲ ਵੇਖੇ ਤੇ ਮੇਮਨਾ ਵੀ ਉਸਦੀਆਂ ਅੱਖਾਂ ’ਚ ਅੱਖਾਂ ਪਾ ਵੇਖੀ ਜਾਵੇ। ਬਸ ਡਰ ਗਿਆ

ਯੇਮ੍ਰੀਲ : ਯਾਦ ਨਹੀਂ ਆਉਂਦਾ ਕਦੇ ਕਿਸੇ ਮੇਮਨੇ ਉਸ ਵੱਲ ਇਉਂ ਤੱਕਿਆ ਹੋਵੇ : ਪਰ ਖੈਰ ਕੋਈ ਗੱਲ ਨਹੀਂ : ਉਹ ਮੇਮਨੇ ਨੂੰ ਸਹਿਲਾਉਣ ਲੱਗਾ, ਬੋਲਿਆ : 'ਪੁੱਚ-ਪੁੱਚ-ਪੁੱਚ!' ਮੇਮਨਾ ਵੀ ਦੰਦ ਦਿਖਾਉਣ ਲੱਗਾ ਤੇ ਬੋਲ ਪਿਆ : 'ਪੁੱਚ-ਪੁੱਚ-ਪੁੱਚ'...

ਕਹਾਣੀ ਸੁਣਾਉਣ ਵਾਲੇ ਦੇ ਮੂੰਹੋਂ ਇਹ ਆਖਰੀ ਸ਼ਬਦ ਨਿਕਲੇ ਵੀ ਨਹੀਂ ਸਨ ਕਿ ਅਚਾਨਕ ਦੋਵੇਂ ਕੁੱਤੇ ਉੱਠ ਖੜੇ ਹੋਏ, ਜ਼ੋਰ-ਜ਼ੋਰ ਦੀ ਭੌਂਕਦੇ ਹੋਏ ਅੱਗ ਤੋਂ ਦੂਰ ਭੱਜੇ ਅਤੇ ਹਨੇਰੇ 'ਚ ਅਲੋਪ ਹੋ ਗਏ। ਸਾਰੇ ਮੁੰਡੇ ਡਰ ਗਏ, ਵਾਨਿਆ ਤੁਰੰਤ ਆਪਣੀ ਚਟਾਈ ਹੇਠੋਂ ਨਿਕਲ ਆਇਆ, ਪਵਲੂਸ਼ਾ ਚੀਕਦਾ ਹੋਇਆ ਕੁੱਤਿਆਂ ਮਗਰ ਭੱਜਿਆ। ਉਹਨਾਂ ਦੇ ਭੌਂਕਣ ਦੀ ਅਵਾਜ਼ ਦੂਰ ਹੁੰਦੀ ਜਾ ਰਹੀ ਸੀ ... ਘਬਰਾਏ ਹੋਏ ਘੋੜਿਆਂ ਦੇ ਝੁੰਡ ਦੀ ਬੇਚੈਨ ਭੱਜਦੌੜ ਦੀ ਅਵਾਜ਼ ਆਈ। ਪਵਲੂਸ਼ਾ ਜ਼ੋਰ ਦੀ ਚੀਕਿਆ : "ਭੂਰੇ!" ਕੁਝ ਸਮੇਂ ਬਾਅਦ ਕੁੱਤਿਆਂ ਦਾ ਭੌਂਕਣਾ ਬੰਦ ਹੋ ਗਿਆ ; ਪਵਲੂਸ਼ਾ ਦੀ ਅਵਾਜ਼ ਦੂਰੋਂ ਆ ਰਹੀ ਸੀ ... ਕੁਝ ਹੋਰ ਪਲ ਬੀਤੇ ; ਮੁੰਡੇ ਹੈਰਾਨ-ਪਰੇਸ਼ਾਨ ਇਕ ਦੂਜੇ ਵੱਲ ਵੇਖ ਰਹੇ ਸਨ, ਜਿਵੇਂ ਕਿ ਇਹ ਉਡੀਕ ਰਹੇ ਹੋਣ ਕਿ ਕੀ ਹੋਵੇਗਾ ... ਯਕਦਮ ਤੇਜ਼ ਦੌੜਦੇ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੱਤੀਆਂ, ਘੋੜਾ ਧੂਣੀ ਦੇ ਬਿਲਕੁਲ ਕੋਲ਼ਹੀ ਝਟਕੇ ਨਾਲ ਰੁੱਕ ਗਿਆ, ਉਸਦੇ ਵਾਲ ਫੜ ਪਵਲੂਸ਼ਾ ਨੇ ਫੁਰਤੀ ਨਾਲ ਹੇਠਾਂ ਛਾਲ ਮਾਰ ਦਿੱਤੀ। ਦੋਵੇਂ ਕੁੱਤੇ ਰੌਸ਼ਨੀ ਦੇ ਘੇਰੇ 'ਚ ਕੁੱਦ ਆਏ ਅਤੇ ਤੁਰੰਤ ਹੀ ਆਪਣੀਆਂ ਲਾਲ-ਲਾਲ ਜੀਭਾਂ ਬਾਹਰ ਕੱਢ ਬੈਠ ਗਏ।

"ਕੀ ਹੋਇਆ? ਕੀ ਸੀ?" ਮੁੰਡਿਆਂ ਨੇ ਪੁੱਛਿਆ।

"ਕੁਝ ਨਹੀਂ," ਪਾਵੇਲ ਨੇ ਜਵਾਬ ਦਿੱਤਾ ਤੇ ਘੋੜੇ ਵੱਲ ਹੱਥ ਹਿਲਾਇਆ। "ਐਵੇਂ ਹੀ ਕੁੱਤਿਆਂ ਨੂੰ ਖਟਕਾ ਹੋਇਆ ਹੋਣਾ। ਮੈਂ ਸੋਚਿਆ, ਭੇੜੀਆ ਆ ਗਿਆ," ਲਾਪਰਵਾਹੀ ਨਾਲ ਉਸਨੇ ਗੱਲ ਪੂਰੀ ਕੀਤੀ। ਉਹ ਛਾਤੀ ਭਰ ਕੇ ਸਾਹ ਲੈ ਰਿਹਾ ਸੀ।

ਮੈਂ ਮੋਹ ਨਾਲ ਪਵਲੂਸ਼ਾ ਨੂੰ ਵੇਖਣ ਲੱਗਾ। ਇਸ ਵਕਤ ਉਹ ਬਹੁਤ ਵਧੀਆ ਲੱਗ ਰਿਹਾ ਸੀ। ਉਸਦਾ ਬਦਸੂਰਤ ਚਿਹਰਾ ਘੋੜਾ ਦੌੜਾਉਣ ਨਾਲ ਚਮਕ ਉੱਠਿਆ ਸੀ ਤੇ ਉਸ 'ਤੇ ਬਹਾਦਰੀ ਅਤੇ ਦ੍ਰਿੜ੍ਹਤਾ ਝਲਕਦੀ ਸੀ। ਹੱਥ 'ਚ ਚਾਬੁਕ ਫੜੇ ਬਿਨਾਂ, ਰਾਤ ਨੂੰ ਉਹ ਇਕੱਲਾ ਹੀ, ਬਿਨਾਂ ਕਿਸੇ ਝਿਜਕ ਦੇ ਭੇੜੀਏ ਦਾ ਸਾਹਮਣਾ ਕਰਨ ਲਪਕ ਪਿਆ ਸੀ। "ਕਿੰਨਾ ਪਿਆਰਾ ਮੁੰਡਾ ਹੈ!" ਉਸਨੂੰ ਵੇਖਦਿਆਂ ਮੈਂ ਸੋਚ ਰਿਹਾ ਸਾਂ।

"ਵੇਖੇ ਨੇ ਇਥੇ ਭੇੜੀਏ?" ਡਰਪੋਕ ਕੋਸਤਿਆ ਨੇ ਪੁੱਛਿਆ।

"ਇਥੇ ਹਮੇਸ਼ਾਂ ਬਹੁਤ ਹੁੰਦੇ ਹਨ," ਪਵਲੂਸ਼ਾ ਨੇ ਜਵਾਬ ਦਿੱਤਾ। "ਪਰ ਉਹ ਸਰਦੀਆਂ 'ਚ ਹੀ ਤੰਗ ਕਰਦੇ ਹਨ।"

ਉਹ ਫਿਰ ਤੋਂ ਧੂਣੀ ਕੋਲ ਬੈਠ ਗਿਆ। ਜ਼ਮੀਨ 'ਤੇ ਬੈਠਦਿਆਂ ਹੀ ਉਸਨੇ ਇਕ ਕੁੱਤੇ ਦੇ ਜੱਤਲ ਸਿਰ 'ਤੇ ਹੱਥ ਰੱਖ ਦਿੱਤਾ। ਕੁੱਤਾ ਖੁਸ਼ ਹੋ ਗਿਆ, ਬੜੀ ਦੇਰ ਤੱਕ ਉਸਨੇ ਸਿਰ ਤੱਕ ਨਹੀਂ ਹਿਲਾਇਆ ਤੇ ਤਿਰਛੀ ਨਜ਼ਰ ਨਾਲ ਅਹਿਸਾਨ ਅਤੇ ਮਾਣ ਨਾਲ ਪਵਲੂਸ਼ਾ ਨੂੰ ਵੇਖਦਾ ਰਿਹਾ।

ਵਾਨਿਆ ਫਿਰ ਚਟਾਈ ਥੱਲੇ ਦੁਬਕ ਗਿਆ।

"ਹਾਂ ਤਾਂ, ਇਲਊਸ਼ਾ, ਕਿਹੜੀਆਂ ਡਰਾਵਨੀਆਂ ਗੱਲਾਂ ਤੂੰ ਸੁਣਾ ਰਿਹਾ ਸੀ," ਫਿਰ ਤੋਂ ਫੇਦਿਆ

ਨੇ ਗੱਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ, ਰੱਜੇ-ਪੁੱਜੇ ਘਰ ਦਾ ਹੋਣ ਕਰਕੇ ਉਸਨੂੰ ਮੁੰਡਿਆਂ ਦੀ ਗੱਲਬਾਤ 'ਚ ਅਗਵਾਈ ਕਰਨੀ ਪੈਂਦੀ। ( ਆਪ ਉਹ ਘੱਟ ਹੀ ਬੋਲਦਾ ਸੀ, ਜਿਵੇਂ ਕਿ ਆਪਣਾ ਮਾਣ ਬਣਾਈ ਰੱਖੇ। ) "ਇਧਰ ਕੁੱਤੇ ਵੀ ਪਤਾ ਨਹੀਂ ਕਿਉਂ ਭੌਂਕ ਪਏ। ਸੱਚਮੁਚ ਮੈਂ ਸੁਣਿਆ ਸੀ ਕਿ ਤੇਰੀ ਉਹ ਜਗ੍ਹਾ ਭੂਤਾਂ ਦਾ ਅੱਡਾ ਹੈ।"

"ਵਰਣਵਿਤਸੀ?.. ਹੋਰ ਨਹੀਂ ਤਾਂ ਕੀ। ਪੂਰਾ ਅੱਡਾ ਹੀ ਹੈ! ਕਹਿੰਦੇ ਹਨ ਕਿ ਉਥੇ ਕਈ ਵਾਰ ਬੁੱਢੇ ਮਾਲਿਕ ਨੂੰ ਵੇਖਿਆ ਹੈ- ਸਵਰਗੀ ਮਾਲਿਕ ਨੂੰ। ਲੰਬਾ ਚੋਲਾ ਪਾਈ ਘੁੰਮਦਾ ਰਹਿੰਦਾ ਹੈ, ਹਉਕੇ ਭਰਦਾ ਜ਼ਮੀਨ ਤੋਂ ਕੁਝ ਲੱਭਦਾ ਰਹਿੰਦਾ ਹੈ। ਸੁਣਿਆ ਹੈ ਇਕ ਵਾਰ ਤ੍ਰੁਫ਼ੀਮਿਚ ਬਾਬੇ ਨੇ ਉਸਨੂੰ ਉਥੇ ਵੇਖਿਆ ਸੀ, ਪੁੱਛਣ ਲੱਗਾ ; 'ਮਾਲਿਕ ਕੀ ਲੱਭ ਰਹੇ ਹੋ?'"

"ਪੁੱਛਿਆ ਸੀ ਉਸਨੇ?" ਹੈਰਾਨ ਫੇਦਿਆ ਵਿੱਚੋਂ ਹੀ ਬੋਲ ਪਿਆ।

"ਹਾਂ, ਪੁੱਛਿਆ ਸੀ।"

"ਬੜਾ ਬਹਾਦਰ ਹੈ ਫਿਰ ਤਾਂ ਉਹ ... ਤਾਂ ਕੀ ਜਵਾਬ ਦਿੱਤਾ ਉਸਨੇ।"

"ਬੋਲਿਆ, 'ਤੋੜੂ (ਤੋੜੂ-ਬੂਟੀ- ਲੋਕ ਮਾਨਤਾ ਅਨੁਸਾਰ ਅਜਿਹੀ ਬੂਟੀ, ਜਿਸ ਨਾਲ ਸਾਰੇ ਕੁੰਡੇ-ਤਾਲੇ ਟੁੱਟ ਜਾਂਦੇ ਹਨ ) ਲੱਭ ਰਿਹਾ ਹਾਂ।' ਖੋਖਲੀ ਅਵਾਜ਼ 'ਚ ਕਿਹਾ : ਤੋੜੂ-ਬੂਟੀ। 'ਮਾਲਿਕ, ਤੋੜੂ-ਬੂਟੀ ਦਾ ਕੀ ਕਰੋਗੇ? ' ਫੇਦਿਆ ਨੇ ਕਿਹਾ।"

"ਕੀ ਅਜੂਬਾ ਹੈ!" ਕੋਸਤਿਆ ਬੋਲਿਆ। "ਮੈਂ ਤਾਂ ਸੋਚਦਾ ਸੀ ਕਿ ਸ਼ਨੀਵਾਰ ਵਾਲੇ ਸ਼ਰਾਧ ਹੀ ਮਰਿਆਂ ਨੂੰ ਵੇਖਿਆ ਜਾ ਸਕਦਾ ਹੈ।"

"ਮਰਿਆਂ ਨੂੰ ਤਾਂ ਕਦੀ ਵੀ ਵੇਖਿਆ ਜਾ ਸਕਦਾ ਹੈ," ਇਲਊਸ਼ਾ ਨੇ ਭਰੋਸੇ ਨਾਲ ਗੱਲ ਦਾ ਸੂਤਰ ਫੜ ਲਿਆ। ਮੈਂ ਵੇਖ ਰਿਹਾ ਸਾਂ ਕਿ ਪਿੰਡ ਦੇ ਵਹਿਮਾਂ-ਭਰਮਾਂ ਬਾਰੇ ਉਹੀ ਸਭ ਤੋਂ ਜ਼ਿਆਦਾ ਜਾਣਦਾ ਹੈ। "ਸ਼ਨੀਵਾਰ ਵਾਲੇ ਸ਼ਰਾਧ ਨੂੰ ਤਾਂ ਤੁਸੀਂ ਜੀਂਦਿਆਂ ਨੂੰ ਵੀ ਵੇਖ ਸਕਦੇ ਹੋ, ਜਿਨ੍ਹਾਂ ਦੀ ਉਸ ਸਾਲ ਮਰਨ ਦੀ ਵਾਰੀ ਹੈ। ਬਸ ਰਾਤ ਨੂੰ ਗਿਰਜੇ ਦੀ ਦਲਾਨ 'ਤੇ ਬੈਠ ਜਾਓ ਅਤੇ ਸੜਕ ਵੱਲ ਵੇਖਦੇ ਰਹੋ। ਬਸ ਜਿਨ੍ਹਾਂ ਦੇ ਮਰਨ ਦੀ ਵਾਰੀ ਹੈ, ਉਹ ਆਉਂਦੇ ਦਿਖਣਗੇ। ਸਾਡੇ ਇਥੇ ਪਿਛਲੇ ਸਾਲ ਬੁੱਢੀ ਉਲਿਆਨਾ ਵੇਖਣ ਗਈ ਸੀ।"

"ਵੇਖਿਆ ਉਸਨੇ ਕਿਸੇ ਨੂੰ?" ਕੋਸਤਿਆ ਨੇ ਉਤਸੁਕਤਾ ਨਾਲ ਪੁੱਛਿਆ।

"ਹੋਰ ਨਹੀਂ ਤਾਂ ਕੀ। ਪਹਿਲਾਂ ਤਾਂ ਉਹ ਬੜੀ ਦੇਰ ਬੈਠੀ ਰਹੀ। ਕੁਝ ਵੀ ਦਿਖਿਆ ਨਹੀਂ, ਨਾ ਹੀ ਕੁਝ ਸੁਣਾਈ ਦਿੱਤਾ ... ਇੰਝ ਲੱਗਦਾ ਸੀ ਕਿ ਉਥੇ ਕੋਈ ਕੁੱਤਾ ਸਮੇਂ-ਸਮੇਂ 'ਤੇ ਭੌਂਕਦਾ ਸੀ ... ਅਚਾਨਕ ਵੇਖਦੀ ਕੀ ਹੈ ਕਿ ਸੜਕ 'ਤੇ ਮੁੰਡਾ ਤੁਰਿਆ ਆ ਰਿਹਾ ਹੈ। ਸਿਰਫ਼ ਇਕ ਕਮੀਜ਼ ਪਾਈ। ਉਹ ਧਿਆਨ ਨਾਲ ਵੇਖਣ ਲੱਗੀ- ਇਵਾਸ਼ਕਾ ਫ਼ੇਦਾਸੇਵ ਤੁਰਿਆ ਆ ਰਿਹਾ ਸੀ..."

"ਉਹੀ ਜਿਹੜਾ ਬਸੰਤ 'ਚ ਮਰ ਗਿਆ?" ਫੇਦਿਆ ਨੇ ਗੱਲ ਕੱਟੀ।

"ਹਾਂ, ਉਹੀ। ਤੁਰਿਆ ਆ ਰਿਹਾ ਸੀ ਤੇ ਸਿਰ ਨਹੀਂ ਚੁੱਕ ਰਿਹਾ ਸੀ ... ਪਰ ਉਲਿਆਨਾ ਬੁੱਢੀ ਨੇ ਉਸ ਨੂੰ ਪਹਿਚਾਣ ਲਿਆ ... ਫਿਰ ਵੇਖਦੀ ਕੀ ਹੈ ਕਿ ਇਕ ਬੁੱਢੀ ਤੁਰੀ ਆ ਰਹੀ ਹੈ ... ਉਹ ਧਿਆਨ ਨਾਲ ਵੇਖਣ ਲੱਗੀ, ਵੇਖਦੀ ਜਾਵੇ, ਵੇਖਦੀ ਜਾਵੇ ... ਹਾਏ ਰੱਬਾ! – ਇਹ ਤਾਂ ਆਪ ਹੀ

ਚੱਲੀ ਆ ਰਹੀ ਸੀ।"

"ਸੱਚੀਂ?" ਫੇਦਿਆ ਨੇ ਪੁੱਛਿਆ।

"ਹਾਂ, ਸੱਚਮੁਚ ਉਹੀ ਸੀ।"

"ਪਰ ਉਹ ਤਾਂ ਅਜੇ ਮਰੀ ਨਹੀਂ?"

"ਤਾਂ ਕੀ, ਸਾਲ ਤਾਂ ਅਜੇ ਪੂਰਾ ਨਹੀਂ ਹੋਇਆ। ਉਸਦੀ ਹਾਲਤ ਤਾਂ ਵੇਖੋ : ਕਿਸੇ ਤਰ੍ਹਾਂ ਸਾਹ ਅਟਕੇ ਹੋਏ ਹਨ।"

ਫਿਰ ਤੋਂ ਸਭ ਸ਼ਾਂਤ ਹੋ ਗਏ। ਪਵਲੂਸ਼ਾ ਨੇ ਮੁੱਠੀ ਭਰ ਸੁੱਕੀਆਂ ਟਹਿਣੀਆਂ ਅੱਗ 'ਚ ਪਾਈਆਂ। ਇਕਦਮ ਤੇਜ਼ ਹੋ ਗਈ ਅੱਗ ਵਿੱਚ ਉਹ ਕਾਲੀਆਂ-ਕਾਲੀਆਂ ਦਿਖੀਆਂ, ਤੜਤੜਾਉਣ ਲੱਗੀਆਂ, ਧੂੰਆਂ ਛੱਡਣ ਲਗੀਆਂ, ਸੜਦੇ ਹੋਏ ਸਿਰੇ ਉਪਰ ਉੱਠ ਰਹੇ ਸਨ। ਥਰਥਰਾਉਂਦੀ ਚਮਕ ਚਾਰੇ ਪਾਸੇ ਫੈਲ ਗਈ, ਖਾਸ ਕਰਕੇ ਉਪਰ ਨੂੰ। ਅਚਾਨਕ ਪਤਾ ਨਹੀਂ ਕਿਥੋਂ ਇਕ ਚਿੱਟਾ ਕਬੂਤਰ ਰੋਸ਼ਨੀ ਦੇ ਘੇਰੇ 'ਚ ਉੱਡਦਾ ਆ ਗਿਆ, ਹੌਲੀ-ਹੌਲੀ ਇਕ ਜਗ੍ਹਾ 'ਤੇ ਮੰਡਰਾਉਂਦਾ ਰਿਹਾ, ਨਿੱਘੀ ਦਮਕ ਨਾਲ ਚਮਕ ਉੱਠਿਆ ਅਤੇ ਖੰਭ ਫੜਫੜਾਉਂਦਾ ਹੋਇਆ ਗਾਇਬ ਹੋ ਗਿਆ।

"ਲਗਦਾ ਹੈ ਭਟਕ ਗਿਆ ਹੈ," ਪਵਲੂਸ਼ਾ ਬੋਲਿਆ, "ਹੁਣ ਉੱਡਦਾ ਜਾਵੇਗਾ, ਜਦ ਤੱਕ ਕਿਤੇਂ ਟਕਰਾ ਨਹੀਂ ਜਾਂਦਾ। ਜਿਥੇ ਟਕਰਾਏਗਾ ਬਸ ਉਥੇ ਹੀ ਰਾਤ ਕੱਟੇਗਾ।"

"ਪਵਲੂਸ਼ਾ, ਹੋ ਸਕਦਾ ਹੈ, ਇਹ ਕੋਈ ਪਵਿਤਰ ਆਤਮਾ ਸਵਰਗ ਵੱਲ ਜਾ ਰਹੀ ਹੋਵੇ? ਹਾਂ?" ਕੋਸਤਿਆ ਨੇ ਕਿਹਾ।

ਪਵਲੂਸ਼ਾ ਨੇ ਇਕ ਹੋਰ ਮੁੱਠੀ ਭਰ ਟਹਿਣੀਆਂ ਅੱਗ ਵਿੱਚ ਸੁੱਟੀਆਂ।

"ਹੋ ਸਕਦਾ ਹੈ," ਉਸਨੇ ਜਵਾਬ ਦਿੱਤਾ।

"ਅੱਛਾ, ਪਵਲੂਸ਼ਾ, ਇਹ ਤਾਂ ਦਸ, ਕੀ ਇਹ ਰੱਬੀ ਚਮਤਕਾਰ ( ਪੇਂਡੂ ਲੋਕ ਸੂਰਜ ਗ੍ਰਹਿਣ ਨੂੰ ਇਹੀ ਕਹਿੰਦੇ ਸਨ ) ਤੁਹਾਡੇ ਵੀ ਹੋਇਆ ਸੀ?" ਫੇਦਿਆ ਨੇ ਫਿਰ ਤੋਂ ਗੱਲ ਛੇੜੀ।

"ਜਦੋਂ ਸੂਰਜ ਦਿਖਾਈ ਦੇਣਾ ਬੰਦ ਹੋ ਗਿਆ ਸੀ? ਕਿਉਂ ਨਹੀਂ।"

"ਖੂਬ ਡਰ ਗਏ ਹੋਵੋਗੇ ਤੁਸੀਂ ਤਾਂ?"

"ਹਾਂ, ਅਸੀਂ ਇਕੱਲੇ ਥੋੜ੍ਹੇ ਡਰੇ ਸੀ। ਸਾਡਾ ਮਾਲਿਕ ਵੀ ਸਾਨੂੰ ਪਹਿਲਾਂ ਤੋਂ ਦੱਸਦਾ ਰਿਹਾ ਸੀ ਕਿ ਸਾਨੂੰ ਰੱਬੀ ਚਮਤਕਾਰ ਵੇਖਣ ਨੂੰ ਮਿਲੇਗਾ, ਪਰ ਜਦੋਂ ਹਨੇਰਾ ਹੋਇਆ, ਤਾਂ ਸੁਣਿਆ ਹੈ, ਆਪ ਹੀ ਏਨਾ ਡਰ ਗਿਆ ਸੀ ਕਿ ਪੁੱਛੋ ਨਾ ਤੇ ਉਹ ਜੋ ਰੋਟੀ ਪਕਾਉਣ ਵਾਲੀ ਹੈ ਨਾ, ਉਸਨੇ ਤਾਂ ਜਿਵੇਂ ਹੀ ਹਨੇਰਾ ਹੋਇਆ ਸਾਰੇ ਭਾਂਡੇ-ਟੀਂਡੇ ਤੋੜ ਦਿੱਤੇ। ਬੋਲੀ : ਹੁਣ ਕੌਣ ਖਾਵੇਗਾ! ਕਿਆਮਤ ਦਾ ਦਿਨ ਆ ਗਿਆ। ' ਬਸ ਸਾਰਾ ਭੋਜਨ ਚੁੱਲ੍ਹੇ 'ਚ ਡਿੱਗ ਗਿਆ। ਸਾਡੇ ਪਿੰਡ 'ਚ ਤਾਂ ਅਜਿਹੀਆਂ ਅਫਵਾਹਾਂ ਫੈਲ ਗਈਆਂ ਕਿ ਹੁਣ ਚਿੱਟੇ ਭੇੜੀਏ ਧਰਤੀ ਨੂੰ ਕੁਚਲਣਗੇ, ਲੋਕਾਂ ਨੂੰ ਪਾੜ ਕੇ ਖਾ ਜਾਣਗੇ, ਅਸਮਾਨ 'ਚ ਖੂਨੀ ਪੰਛੀ ਝਪਟਣਗੇ, ਤ੍ਰਿਸ਼ਕਾ ਪ੍ਰਗਟ ਹੋਵੇਗਾ।

"ਕੌਣ ਤ੍ਰਿਸ਼ਕਾ?" ਕੋਸਤਿਆ ਨੇ ਪੁੱਛਿਆ।

"ਤੈਨੂੰ ਪਤਾ ਨਹੀਂ?" ਇਲਊਸ਼ਾ ਜੋਸ਼ ਨਾਲ ਬੋਲਿਆ। "ਵਾਹ ਜੀ ਵਾਹ, ਕਿਹੜੇ ਪਿੰਡ

ਦਾ ਹੈਂ ਤੂੰ, ਜੋ ਤੈਨੂੰ ਏਨਾ ਵੀ ਨਹੀਂ ਪਤਾ ਕਿ ਤ੍ਰਿਸ਼ਕਾ ਕੌਣ ਹੈ? ਭੌਂਦੂ ਹੀ ਹਨ ਤੇਰੇ ਪਿੰਡ ਵਾਲੇ, ਨਿਰੇ ਭੌਂਦੂ। ਤ੍ਰਿਸ਼ਕਾ ਅਜਿਹਾ ਅਜੀਬ ਆਦਮੀ ਹੋਵੇਗਾ, ਜਿਹੜਾ ਇਕ ਦਿਨ ਆਵੇਗਾ ਤੇ ਉਹ ਅਜਿਹਾ ਆਦਮੀ ਹੋਵੇਗਾ ਕਿ ਕੋਈ ਉਸਨੂੰ ਫੜ ਨਹੀਂ ਸਕੇਗਾ ਤੇ ਨਾ ਹੀ ਉਸਦਾ ਕੁਝ ਵਿਗਾੜਿਆ ਜਾ ਸਕੇਗਾ : ਅਜਿਹਾ ਅਜੀਬ ਆਦਮੀ ਹੋਵੇਗਾ। ਹੁਣ ਮੰਨ ਲਓ ਕਿਸਾਨ ਉਸਨੂੰ ਫੜਨਾ ਚਾਹੁਣਗੇ : ਡੰਡੇ, ਸੋਟੀਆਂ ਲੈ ਕੇ ਉਸਨੂੰ ਫੜਣ ਨਿਕਲਣਗੇ, ਘੇਰ ਲੈਣਗੇ, ਤੇ ਉਹ ਉਹਨਾਂ ਦੀਆਂ ਅੱਖਾਂ 'ਚ ਅਜਿਹਾ ਘੱਟਾ ਪਾਵੇਗਾ ਕਿ ਉਹ ਇਕ ਦੂਸਰੇ ਨੂੰ ਹੀ ਮਾਰ ਦੇਣਗੇ। ਮੰਨ ਲਓ, ਉਸਨੂੰ ਜੇਲ੍ਹ 'ਚ ਬੰਦ ਕਰ ਦੇਣਗੇ, ਉਹ ਪੀਣ ਨੂੰ ਪਾਣੀ ਮੰਗੇਗਾ, ਉਸੇ 'ਚ ਹੀ ਡੁਬਕੀ ਲਗਾ ਦੇਵੇਗਾ ਤੇ ਬਸ ਗਾਇਬ ਹੋ ਜਾਵੇਗਾ। ਉਸਨੂੰ ਬੇੜੀਆਂ, ਜ਼ੰਜ਼ੀਰਾਂ 'ਚ ਕੱਸ ਦੇਣਗੇ, ਉਹ ਤਾੜੀਆਂ ਮਾਰੇਗਾ ਤੇ ਉਹ ਸਭ ਉਥੇ ਖੁੱਲ੍ਹ ਕੇ ਡਿੱਗ ਜਾਣਗੀਆਂ ਬਸ ਇਹ ਤ੍ਰਿਸ਼ਕਾ ਪਿੰਡ-ਪਿੰਡ, ਨਗਰ-ਨਗਰ ਘੁੰਮਦਾ ਫਿਰੇਗਾ, ਉਹ ਅਜਿਹਾ ਮੱਕਾਰ ਅਤੇ ਕੁਟਲ ਹੋਵੇਗਾ ਕਿ ਸਾਰੇ ਨੇਕ ਲੋਕਾਂ ਨੂੰ, ਈਸਾ ਦੇ ਭਗਤਾਂ ਨੂੰ ਭਟਕਾਏਗਾ... ਤੇ ਕੋਈ ਉਸਦਾ ਕੁਝ ਨਹੀਂ ਵਿਗਾੜ੍ਹ ਸਕੇਗਾ, ਅਜਿਹਾ ਅਦਭੁਤ, ਮੱਕਾਰ ਆਦਮੀ ਹੋਵੇਗਾ ਉਹ!"

"ਹਾਂ, ਅਜਿਹਾ ਹੀ ਹੋਵੇਗਾ," ਪਵਲੂਸ਼ਾ ਨੇ ਗੰਭੀਰ ਸੁਰ 'ਚ ਆਪਣੀ ਗੱਲ ਜਾਰੀ ਰਖੀ। "ਬਸ ਉਸੇ ਦਾ ਇੰਤਜ਼ਾਰ ਸੀ। ਵੱਡੇ-ਵੱਡੇ ਕਹਿ ਰਹੇ ਸਨ ਕਿ ਜਿਵੇਂ ਹੀ ਉਹ ਦੈਵਿਕ ਚਮਤਕਾਰ ਹੋਵੇਗਾ, ਓਦੋਂ ਹੀ ਤ੍ਰਿਸ਼ਕਾ ਆ ਜਾਵੇਗਾ। ਤੇ ਚਮਤਕਾਰ ਵੀ ਹੋ ਗਿਆ। ਤੇ ਸਾਰੇ ਲੋਕ ਘਰੋਂ ਬਾਹਰ ਨਿਕਲ ਆਏ, ਖੇਤ 'ਚ ਜਮਾ ਹੋ ਗਏ, ਵੇਖਣ ਲੱਗੇ ਕਿ ਕੀ ਹੁੰਦਾ ਹੈ। ਸਾਡੇ ਇਥੇ ਤਾਂ, ਤੁਹਾਨੂੰ ਪਤਾ ਹੀ ਹੈ, ਜਗ੍ਹਾ ਖੁੱਲ੍ਹੀ ਹੈ। ਅਚਾਨਕ ਵੇਖਦੇ ਕੀ ਹਨ ਕਿ ਉਧਰ ਟਿੱਲੇ ਵਲੋਂ ਕੋਈ ਆਦਮੀ ਆ ਰਿਹਾ ਹੈ, ਅਜਿਹਾ ਕਮਾਲ ਦਾ, ਅਜੀਬੋ-ਗਰੀਬ ਸਿਰ ਸੀ ਉਸਦਾ। ਸਾਰੇ ਚੀਕ ਪਏ : 'ਹਾਏ, ਤ੍ਰਿਸ਼ਕਾ ਆ ਗਿਆ! ਹਾਏ, ਤ੍ਰਿਸ਼ਕਾ ਆ ਗਿਆ!' ਤੇ ਭੱਜਣ ਲੱਗੇ! ਸਾਡੇ ਪਿੰਡ ਦੇ ਮੁਖੀ ਨੇ ਨਾਲੇ ਵਿੱਚ ਛਾਲ ਮਾਰ ਦਿੱਤੀ, ਉਸਦੀ ਘਰਵਾਲੀ ਫਾਟਕ ਵਿੱਚ ਹੀ ਫੱਸ ਗਈ, ਚੀਕਣ ਲੱਗੀ, ਆਪਣੇ ਕੁੱਤੇ ਨੂੰ ਹੀ ਡਰਾ ਦਿੱਤਾ ਕਿ ਉਹ ਸੰਗਲੀ ਤੋੜ ਕੇ ਵਾੜ ਤੋਂ ਛਾਲ ਮਾਰ ਗਿਆ ਅਤੇ ਦੁਮ ਦਬਾ ਕੇ ਜੰਗਲ 'ਚ ਭੱਜ ਗਿਆ। ਤੇ ਉਹ ਕੁਜ਼ਕਾ ਦਾ ਪਿਉ, ਦਰਾਫੀਚ, ਜੌਂ ਦੇ ਖੇਤਾਂ 'ਚ ਲੁਕ ਗਿਆ, ਤੇ ਬਟੇਰ ਵਾਂਗ ਚੀਕਣ ਲੱਗਾ : 'ਸ਼ਾਇਦ, ਹਤਿਆਰਾ ਪੰਛੀ ਉੱਤੇ ਹੱਥ ਨਾ ਹੀ ਚੁੱਕੇ।' ਉਫ਼, ਅਜਿਹੀ ਭਾਜੜ ਮਚੀ ਕਿ ਪੁੱਛੋ ਹੀ ਨਾ! ਆਦਮੀ ਉਹ ਸਾਡੇ ਪਿੰਡ ਦਾ ਹੀ ਸੀ ਵਵੀਲਾ, ਜਿਹੜਾ ਲੱਕੜ ਦੇ ਪੀਪੇ ਬਣਾਉਂਦਾ ਹੈ। ਉਸਨੇ ਘੜਾ ਖਰੀਦਿਆ ਸੀ ਤੇ ਖਾਲੀ ਘੜਾ ਸਿਰ 'ਤੇ ਚੁੱਕੀ ਆ ਰਿਹਾ ਸੀ।"

ਸਾਰੇ ਮੁੰਡੇ ਹੱਸਣ ਲੱਗੇ ਤੇ ਫਿਰ ਪਲ ਕੁ ਲਈ ਚੁੱਪ ਹੋ ਗਏ, ਜਿਵੇਂ ਕਿ ਅਕਸਰ ਹੀ ਖੁੱਲ੍ਹੀ ਹਵਾ 'ਚ ਗੱਲਾਂ ਕਰਦੇ ਲੋਕਾਂ ਨਾਲ ਹੁੰਦਾ ਹੈ। ਮੈਂ ਚਾਰੇ ਪਾਸੇ ਵੇਖਿਆ : ਸ਼ਾਨਦਾਰ ਰਾਤ ਸੀ ; ਸ਼ਾਮ ਦੀ ਤ੍ਰੇਲ ਤਾਜ਼ਗੀ ਦੀ ਜਗ੍ਹਾ ਹੁਣ ਅੱਧੀ ਰਾਤ ਦੀ ਖੁਸ਼ਕ ਗਰਮਾਹਟ ਨੇ ਲੈ ਲਈ ਸੀ। ਨੀਂਦ 'ਚ ਡੁੱਬੇ ਖੇਤਾਂ 'ਤੇ ਰਾਤ ਦਾ ਮੁਲਾਇਮ ਪਰਦਾ ਪਿਆ ਹੋਇਆ ਸੀ ਤੇ ਉਸਦੇ ਉੱਠਣ 'ਚ, ਸਵੇਰ ਦੀ ਪਹਿਲੀ ਸਰਸਰਾਹਟ, ਪਹਿਲੀ ਚਹਿਕ ਹੋਣ 'ਚ ਤ੍ਰੇਲ ਦੀਆਂ ਬੂੰਦਾਂ ਦੀ ਪਹਿਲੀ ਝਿਲਮਿਲਾਹਟ ਹੋਣ 'ਚ ਅਜੇ ਕਾਫ਼ੀ ਸਮਾਂ ਸੀ। ਅਕਾਸ਼ ਵਿੱਚ ਚੰਨ ਨਹੀਂ ਸੀ, ਉਸਦੇ ਦੇਰ ਨਾਲ ਨਿਕਲਣ ਦੇ ਦਿਨ ਸਨ। ਅਣਗਿਣਤ ਸੁਨਹਿਰੇ ਤਾਰੇ ਟਿਮਟਿਮਾਉਂਦੇ ਹੋਏ ਮੱਧਮ ਗਤੀ ਨਾਲ ਅਕਾਸ਼-ਗੰਗਾ

ਵੱਲ ਵੱਧਦੇ ਹੋਏ ਪ੍ਰਤੀਤ ਹੁੰਦੇ ਸਨ। ਤੇ ਸੱਚਮੁਚ ਹੀ ਉਹਨਾਂ ਨੂੰ ਨਿਹਾਰਦਿਆਂ ਲੱਗਦਾ ਸੀ ਜਿਵੇਂ ਕਿ ਅਸੀਂ ਪ੍ਰਿਥਵੀ ਦੀ ਅੰਤਹੀਣ, ਭੰਵਰ ਜਿਹੀ ਗਤੀ ਦਾ ਅਨੁਭਵ ਕਰ ਰਹੇ ਹੋਈਏ। ਅਚਾਨਕ ਨਦੀ 'ਤੇ ਇਕ ਤੋਂ ਬਾਅਦ ਇਕ ਦੋ ਵਾਰ ਅਜੀਬ ਜਿਹੀਆਂ ਚੀਕਾਂ ਗੂੰਜੀਆਂ ਤੇ ਫਿਰ ਕੁਝ ਪਲਾਂ ਬਾਅਦ ਦੂਰੋਂ ਆਈਆਂ ...

ਕੋਸਤਿਆ ਕੰਬ ਗਿਆ ... "ਕੀ ਹੈ ਇਹ?"

"ਬਗਲਾ ਚੀਕਿਆ ਹੈ," ਪਵਲੂਸ਼ਾ ਨੇ ਸ਼ਾਂਤ ਭਾਵ ਨਾਲ ਕਿਹਾ।

"ਬਗਲਾ," ਕੋਸਤਿਆ ਨੇ ਦੁਹਰਾਇਆ। "ਪਵਲੂਸ਼ਾ, ਕਲ ਸ਼ਾਮ ਮੈਂ ਕੀ ਸੁਣਿਆ ਸੀ, ਸ਼ਾਇਦ ਤੈਨੂੰ ਪਤਾ ਹੋਵੇ ..."

"ਕੀ ਸੁਣਿਆ ਸੀ ਤੂੰ?"

"ਹੁਣੇ ਦੱਸਦਾ ਹਾਂ। ਮੈਂ ਕਾਮੇਨੰਯਾ ਗ੍ਰਿਦਾ ਤੋਂ ਸ਼ਸ਼ਕਿਨੋ ਜਾ ਰਿਹਾ ਸੀ ; ਪਹਿਲਾਂ ਤਾਂ ਮੈਂ ਹੇਜ਼ਲ ਦੀਆਂ ਝਾੜੀਆਂ ਦੇ ਝੁਰਮਟ 'ਚ ਤੁਰਦਾ ਰਿਹਾ, ਫਿਰ ਉਹ ਜਿਹੜੀ ਛੋਟੀ ਜਿਹੀ ਚਰਾਗਾਹ ਹੈ ਨਾ ਉਸ ਵਿੱਚ ਚੱਲਣ ਲੱਗਾ, ਪਤਾ ਹੈ, ਜਿਥੇ ਉਹ ਗੁਫ਼ਾ ਵੱਲ ਰਸਤਾ ਜਾਂਦਾ ਹੈ, ਉਥੇ, ਤੈਨੂੰ ਪਤਾ ਹੋਣਾ, ਇਕ ਵੱਡਾ ਟੋਆ ਹੈ, ਜਿਸ ਵਿੱਚ ਬਸੰਤ 'ਚ ਪਿਘਲੀ ਬਰਫ਼ ਦਾ ਪਾਣੀ ਭਰਿਆ ਰਹਿੰਦਾ ਹੈ। ਟੋਆ ਸਾਰਾ ਕਾਨਿਆਂ ਅਤੇ ਝਾੜੀਆਂ ਨਾਲ ਭਰਿਆ ਰਹਿੰਦਾ ਹੈ। ਬਸ ਇਹੀ ਟੋਏ ਦੇ ਕੋਲੋਂ ਲੰਘ ਰਿਹਾ ਸੀ ਕਿ ਅਚਾਨਕ ਟੋਏ ਵਿੱਚੋਂ ਕੋਈ ਹੂੰਘਿਆ, ਏਨੀ ਦਰਦਨਾਕ ਅਵਾਜ਼ ਸੀ : "ਆ-ਆ-ਹ – ਆ-ਆ-ਹ ..." ਮੈਂ ਤਾਂ ਬੁਰੀ ਤਰ੍ਹਾਂ ਡਰ ਗਿਆ : ਸ਼ਾਮ ਦਾ ਵਕਤ ਤੇ ਉਹ ਦਰਦਨਾਕ ਅਵਾਜ਼। ਲਗਦਾ ਸੀ, ਬਸ ਮੈਂ ਵੀ ਰੋ ਪਵਾਂਗਾ। ਕੀ ਹੋ ਸਕਦਾ ਸੀ ਇਹ?"

"ਇਸ ਟੋਏ 'ਚ ਪਿਛਲੇ ਸਾਲ ਚੋਰਾਂ ਨੇ ਫੋਰੇਸਟਰ ਅਕੀਮ ਨੂੰ ਡੋਬ ਦਿੱਤਾ ਸੀ," ਪਵਲੂਸ਼ਾ ਨੇ ਕਿਹਾ। "ਹੋ ਸਕਦਾ ਉਸਦੀ ਆਤਮਾ ਵਿਲ੍ਹਕ ਰਹੀ ਹੋਵੇ ..."

"ਹੈ ਰੱਬਾ," ਕੋਸਤਿਆ ਦੀਆਂ ਅੱਖਾਂ ਡਰ ਅਤੇ ਹੈਰਾਨੀ ਨਾਲ ਹੋਰ ਵੀ ਫੈਲ ਗਈਆਂ। "ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਅਕੀਮ ਨੂੰ ਉਥੇ ਡੋਬਿਆ ਸੀ ; ਨਹੀਂ ਤਾਂ ਮੈਂ ਡਰ ਦੇ ਮਾਰੇ ਮਰ ਹੀ ਜਾਂਦਾ।"

"ਕਹਿੰਦੇ ਹਨ, ਛੋਟੇ-ਛੋਟੇ ਡੱਡੂ ਵੀ ਹੁੰਦੇ ਹਨ," ਪਵਲੂਸ਼ਾ ਨੇ ਆਪਣੀ ਗੱਲ ਜਾਰੀ ਰੱਖੀ। "ਉਹ ਵੀ ਬੋਲਦੇ ਹਨ ਤਾਂ ਰੋਂਦੇ ਲੱਗਦੇ ਹਨ।"

"ਡੱਡੂ? ਨਹੀਂ, ਉਹ ਡੱਡੂ ਨਹੀਂ ਸਨ...( ਨਦੀ 'ਚ ਬਗਲਾ ਫਿਰ ਚੂਕਿਆ। ) ਉਫ਼ ਕੰਬਖਤ!" ਕੋਸਤਿਆ ਦੇ ਮੂੰਹੋਂ ਲਾਚਾਰੀ ਨਾਲ ਨਿਕਲਿਆ। "ਜਿਵੇਂ ਕਿ ਵਣ-ਭੂਤ ਚੀਕ ਰਿਹਾ ਹੋਵੇ।"

"ਵਣ-ਭੂਤ ਨਹੀਂ ਚੀਕਦਾ, ਉਹ ਗੂੰਗਾ ਹੈ," ਇਲਊਸ਼ਾ ਨੇ ਗੱਲ ਫੜੀ, "ਉਹ ਤਾਂ ਬਸ ਤਾੜੀਆਂ ਮਾਰਦਾ ਹੈ..."

"ਤੂੰ ਵੇਖਿਆ ਹੈ ਵਣ-ਭੂਤ?" ਫ਼ੇਦਿਆ ਨੇ ਚੁਟਕੀ ਮਾਰਦਿਆਂ ਪੁੱਛਿਆ।

"ਨਹੀਂ, ਵੇਖਿਆ ਨਹੀਂ। ਤੇ ਰੱਬ ਨਾ ਕਰੇ, ਕਦੇ ਸਾਹਮਣਾ ਵੀ ਹੋਵੇ। ਪਰ ਹੋਰਨਾਂ ਨੇ ਵੇਖਿਆ ਹੈ। ਅਜੇ ਕੁਝ ਦਿਨ ਪਹਿਲਾਂ ਹੀ ਸਾਡੇ ਪਿੰਡ ਦੇ ਇਕ ਆਦਮੀ ਨੂੰ ਉਸਨੇ ਭਟਕਾਇਆ ਸੀ ; ਬੜੀ

ਦੇਰ ਤੱਕ ਉਹ ਜੰਗਲ 'ਚ ਭਟਕਦਾ ਰਿਹਾ, ਬਸ ਇਕ ਹੀ ਮੈਦਾਨ 'ਚ ਚੱਕਰ ਕੱਟਦਾ ਰਿਹਾ ... ਮਸਾਂ ਹੀ ਕਿਤੇ ਉਹ ਦਿਨ ਚੜ੍ਹਨ ਤੱਕ ਉਹ ਘਰ ਪਹੁੰਚਿਆ।"

"ਤਾਂ ਕੀ, ਵੇਖਿਆ ਸੀ ਉਸਨੇ?"

"ਹਾਂ, ਵੇਖਿਆ ਸੀ। ਕਹਿੰਦਾ ਸੀ, ਬਹੁਤ ਵੱਡਾ ਹੈ ਇਹ, ਚੀਥੜਿਆਂ 'ਚ ਲਿਪਟਿਆ ਦਰੱਖਤਾਂ ਪਿੱਛੇ ਲੁੱਕਦਾ ਰਹਿੰਦਾ, ਠੀਕ ਤਰ੍ਹਾਂ ਕੁਝ ਨਹੀਂ ਦਿਖਦਾ, ਜਿਵੇਂ ਕਿ ਬਸ ਚਾਂਦਨੀ ਤੋਂ ਲੁਕ ਰਿਹਾ ਹੋਵੇ ਤੇ ਆਪਣੀਆਂ ਏਨੀਆਂ ਵੱਡੀਆਂ-ਵੱਡੀਆਂ ਅੱਖਾ ਝਮਕਾਉਂਦਾ ਹੋਇਆ, ਘੂਰੀ ਜਾਂਦਾ..."

"ਓਹ!" ਥੋੜ੍ਹਾ ਕੰਬਦਿਆਂ ਅਤੇ ਮੋਢੇ ਝੰਜੋੜਦਿਆਂ ਫੇਦਿਆ ਨੇ ਦੁਤਕਾਰਿਆ।

"ਪਤਾ ਨਹੀਂ ਕਿਉਂ ਇਹ ਗੰਦਗੀ ਧਰਤੀ ਉੱਤੇ ਫੈਲੀ ਹੋਈ ਹੈ?" ਪਾਵੇਲ ਨੇ ਕਿਹਾ।

"ਵੇਖ ਬੁਰਾ ਨਾ ਕਹਿ, ਕਿਤੇ ਸੁਣ ਹੀ ਨਾ ਲਵੇ," ਇਲਊਸ਼ਾ ਬੋਲਿਆ।

ਫਿਰ ਚੁੱਪ ਛਾ ਗਈ।

"ਵੇਖੋ ਭਰਾਵੋ, ਵੇਖੋ," ਅਚਾਨਕ ਵਾਨਿਆ ਦੀ ਬਚਕਾਨਾ ਜਿਹੀ ਅਵਾਜ਼ ਸੁਣਾਈ ਦਿੱਤੀ। "ਵੇਖੋ ਤਾਂ ਰੱਬ ਦੇ ਪਿਆਰੇ-ਪਿਆਰੇ ਤਾਰਿਆਂ ਨੂੰ, ਮਧੂਮੱਖੀਆਂ ਵਾਂਗ ਮੰਡਰਾਉਂਦੇ ਹੋਏ।"

ਉਸਨੇ ਚਟਾਈ ਹੇਠੋਂ ਆਪਣਾ ਤਾਜ਼ਾ ਚਿਹਰਾ ਬਾਹਰ ਕੱਢਿਆ, ਮੁੱਠੀ 'ਤੇ ਠੋਡੀ ਰੱਖੀ ਤੇ ਹੌਲੀ-ਹੌਲੀ ਆਪਣੀਆਂ ਕੋਮਲ ਅੱਖਾਂ ਉਪਰ ਚੁੱਕੀਆਂ। ਸਾਰੇ ਮੁੰਡਿਆਂ ਦੀਆਂ ਅਸਮਾਨ ਵੱਲ ਉਠ ਗਈਆਂ ਤੇ ਦੇਰ ਤੱਕ ਟਿਕੀਆਂ ਰਹੀਆਂ।

"ਵਾਨਿਆ," ਫ਼ੇਦਿਆ ਲਾਡ ਨਾਲ ਬੋਲਿਆ, ਤੇਰੀ ਭੈਣ ਅਨਯੁਕਤਾ ਠੀਕ-ਠਾਕ ਹੈ ਨਾ?"

"ਹਾਂ, ਠੀਕ ਹੈ," ਵਾਨਿਆ ਨੇ ਥਥਲਾਉਂਦਿਆਂ ਜਵਾਬ ਦਿੱਤਾ।

"ਉਸਨੂੰ ਕਹੀਂ – ਉਹ ਸਾਡੇ ਘਰ ਕਿਉਂ ਨਹੀਂ ਆਉਂਦੀ?"

"ਪਤਾ ਨਹੀਂ।"

"ਕਹਿ ਦੇਣਾ ਕਿ ਆਇਆ ਕਰੇ।"

"ਕਹਿ ਦਵਾਂਗਾ।"

"ਉਸਨੂੰ ਕਹੀਂ ਮੈਂ ਉਸਨੂੰ ਮਿਠਾਈ ਦਵਾਂਗਾ।"

"ਮੈਨੂੰ ਦੇਵੇਂਗਾ?"

"ਤੈਨੂੰ ਵੀ ਦੇ ਦਵਾਂਗਾ। "

ਵਾਨਿਆ ਨੇ ਸਾਹ ਭਰਿਆ।

"ਨਹੀਂ, ਮੈਨੂੰ ਨਹੀਂ ਚਾਹੀਦੀ। ਤੂੰ ਉਸਨੂੰ ਹੀ ਦੇ ਦੇਵੀਂ, ਉਹ ਏਨੀ ਚੰਗੀ ਹੈ।"

ਵਾਨਿਆ ਨੇ ਫਿਰ ਆਪਣਾ ਸਿਰ ਜ਼ਮੀਨ 'ਤੇ ਟਿਕਾ ਲਿਆ। ਪਵਲੂਸ਼ਾ ਖੜ੍ਹਾ ਹੋ ਗਿਆ ਅਤੇ ਖਾਲੀ ਪਤੀਲਾ ਚੁੱਕ ਕੇ ਤੁਰ ਪਿਆ।

"ਕਿਥੇ ਚੱਲਿਆ?" ਫੇਦਿਆ ਨੇ ਪੁੱਛਿਆ।

"ਨਦੀ 'ਤੇ, ਪਾਣੀ ਲੈਣ : ਪਿਆਸ ਲੱਗੀ ਹੈ।"

ਕੁੱਤੇ ਵੀ ਉੱਠ ਕੇ ਉਸਦੇ ਪਿੱਛੇ ਚੱਲ ਪਏ।

"ਵੇਖੀਂ ਡਿੱਗ ਨਾ ਜਾਵੀਂ!" ਇਲਊਸ਼ਾ ਨੇ ਚੀਕ ਕੇ ਕਿਹਾ।

"ਡਿੱਗੇਗਾ ਕਿਉਂ?" ਫੇਦਿਆ ਬੋਲਿਆ। "ਸੰਭਲ ਕੇ ਰਹੇਗਾ।"

"ਹੂੰ, ਸੰਭਲ ਕੇ ਰਹੇਗਾ। ਕੁਝ ਵੀ ਹੋ ਸਕਦਾ ਹੈ : ਉਹ ਝੁਕੇਗਾ, ਪਾਣੀ ਭਰਨ ਲੱਗੇਗਾ ਅਤੇ ਜਲ-ਭੂਤ ਉਸਦਾ ਹੱਥ ਫੜ ਕੇ ਖਿੱਚ ਲਵੇਗਾ। ਫਿਰ ਲੋਕ ਕਹਿਣਗੇ ਕਿ ਉਹ ਤਾਂ ਪਾਣੀ 'ਚ ਡਿੱਗ ਗਿਆ ...? ਉਹ ਦੇਖੋ ਸਰਕੰਡਿਆਂ 'ਚ ਪਹੁੰਚ ਗਿਆ," ਆਹਟ ਸੁਣਦਿਆਂ ਉਸਨੇ ਕਿਹਾ।

ਸਚਮੁਚ ਹੀ ਸਰਕੰਡਿਆਂ 'ਚ ਅਜਿਹੀ ਸਰਸਰਾਹਟ ਹੋਈ, ਜਿਵੇਂ ਕੋਈ ਉਹਨਾਂ ਨੂੰ ਹੱਥ ਨਾਲ ਹਟਾ ਰਿਹਾ ਹੋਵੇ।

"ਅੱਛਾ, ਕੀ ਇਹ ਸੱਚ ਹੈ ਕਿ ਅਕੁਲੀਨਾ ਪਾਗਲ ਉਸ ਦਿਨ ਹੋਈ ਸੀ, ਜਦੋਂ ਉਹ ਪਾਣੀ 'ਚ ਡਿੱਗੀ ਸੀ?" ਕੋਸਤਿਆ ਨੇ ਪੁੱਛਿਆ।

ਹਾਂ, ਉਦੋਂ ਤੋਂ ਹੀ। ਵੇਖੋ ਤਾਂ ਕੀ ਹਾਲ ਹੋ ਗਿਆ ਹੈ। ਸੁਣਿਆ ਹੈ, ਪਹਿਲਾਂ ਬਹੁਤ ਸੋਹਣੀ ਸੀ। ਜਲ-ਭੂਤਨੇ ਨੇ ਉਸਦਾ ਦਿਮਾਗ ਖਰਾਬ ਕਰ ਦਿੱਤਾ। ਉਸਨੂੰ ਇਹ ਉਮੀਦ ਨਹੀਂ ਹੋਣੀ ਕਿ ਅਕੁਲੀਨਾ ਨੂੰ ਏਨੀ ਜਲਦੀ ਕੱਢ ਲੈਣਗੇ। ਬਸ ਉਸਨੇ ਉਸਨੂੰ ਆਪਣੇ ਕੋਲ, ਨਦੀ ਦੇ ਤਲ 'ਤੇ, ਖਰਾਬ ਕਰ ਦਿੱਤਾ।"

( ਇਸ ਅਕੁਲੀਨਾ ਨੂੰ ਮੈਂ ਆਪਣੀਆਂ ਅੱਖਾਂ ਨਾਲ ਕਈ ਵਾਰ ਵੇਖਿਆ ਸੀ। ਚੀਥੜਿਆਂ 'ਚ ਲਿਪਟੀ, ਬਹੁਤ ਪਤਲੀ, ਕੋਲੇ ਵਰਗਾ ਕਾਲਾ ਚਿਹਰਾ, ਅੱਖਾਂ ਬਿਲਕੁਲ ਭਾਵਨਾਹੀਣ, ਹਰ ਵਕਤ ਜੇਬਾਂ ਤੁੰਨੀ ਉਹ ਕਿਤੇ ਸੜਕ 'ਤੇ ਘੰਟਿਆਂ ਬੱਧੀ ਇਕ ਜਗ੍ਹਾ ਖੜ੍ਹੀ ਰਹਿੰਦੀ ਹੈ, ਆਪਣੀਆਂ ਅੜੀਅਲ ਬਾਹਾਂ ਛਾਤੀ ਨਾਲ ਬੰਨ੍ਹੀ ਤੇ ਹੌਲੀ-ਹੌਲੀ ਪੈਰ ਬਦਲਦੀ, ਡੋਲਦੀ ਰਹਿੰਦੀ, ਜਿਵੇਂ ਪਿੰਜਰੇ 'ਚ ਬੰਦ ਕੋਈ ਜੰਗਲੀ ਜਾਨਵਰ ਹੋਵੇ। ਉਸਨੂੰ ਕੁਝ ਵੀ ਕਹੋ ਉਹ ਕੁਝ ਵੀ ਨਹੀਂ ਸਮਝਦੀ, ਬਸ ਕਈ ਵਾਰ ਠਹਾਕੇ ਮਾਰ ਹੱਸਣ ਲੱਗਦੀ ਹੈ। )

"ਸੁਣਿਆ ਹੈ," ਕੋਸਤਿਆ ਕਹਿ ਰਿਹਾ ਸੀ, "ਅਕੁਲੀਨਾ ਨੇ ਨਦੀ ਵਿੱਚ ਇਸ ਲਈ ਛਾਲ ਮਾਰੀ ਸੀ ਕਿ ਉਸਦੇ ਪ੍ਰੇਮੀ ਨੇ ਉਸਨੂੰ ਧੋਖਾ ਦਿੱਤਾ।"

"ਹਾਂ, ਇਸੇ ਲਈ।"

"ਯਾਦ ਹੈ, ਇਕ ਵਾਸਿਆ ਸੀ?" ਕੋਸਤਿਆ ਨੇ ਉਦਾਸ ਜਿਹੇ ਹੋ ਕਿਹਾ।

"ਕੌਣ ਵਾਸਿਆ?" ਫੇਦਿਆ ਨੇ ਪੁੱਛਿਆ।

"ਉਹੀ ਜਿਹੜਾ ਡੁੱਬ ਗਿਆ ਸੀ," ਕੋਸਤਿਆ ਨੇ ਜਵਾਬ ਦਿੱਤਾ। "ਇਸੇ ਨਦੀ 'ਚ। ਕਿੰਨਾ ਚੰਗਾ ਮੁੰਡਾ ਸੀ! ਉਫ਼, ਕਿੰਨਾ ਚੰਗਾ! ਤੇ ਮਾਂ ਉਸਦੀ, ਫ਼ੇਕਲੀਸਤਾ, ਉਸਨੂੰ ਕਿੰਨਾ ਪਿਆਰ ਕਰਦੀ ਸੀ, ਆਪਣੇ ਵਾਸਿਆ ਨੂੰ! ਉਸਨੂੰ ਜਿਵੇਂ ਪਤਾ ਸੀ ਕਿ ਪਾਣੀ 'ਚ ਹੀ ਮੌਤ ਆਵੇਗੀ। ਗਰਮੀਆਂ 'ਚ ਅਸੀਂ ਸਾਰੇ ਬੱਚੇ ਨਦੀ 'ਚ ਨਹਾਉਣ ਜਾਂਦੇ, ਤਾਂ ਉਹ ਵੀ ਸਾਡੇ ਨਾਲ ਆ ਜਾਂਦਾ, ਮਾਂ ਉਸਦੀ ਡਰ ਦੇ ਮਾਰੇ ਪੀਲੀ ਪੈ ਜਾਂਦੀ। ਦੂਸਰੀਆਂ ਔਰਤਾਂ ਨੂੰ ਕੋਈ ਪਰਵਾਹ ਨਹੀਂ, ਉਹ ਆਪਣੇ ਕਪੜੇ ਧੋਣ ਵਾਲੇ ਭਾਂਡੇ ਚੁੱਕੀ ਤੁਰੀਆਂ ਜਾਂਦੀਆਂ। ਪਰ, ਉਹ ਫ਼ੇਕਲਿਸਤਾ ਭਾਂਡਾ ਜ਼ਮੀਨ 'ਤੇ ਰੱਖ ਦੇਂਦੀ ਤੇ ਪੁਕਾਰਨ ਲੱਗਦੀ : 'ਮੁੜ ਆ, ਮੇਰੇ ਲਾਲ ਨਾ ਜਾ, ਮੇਰੀਆਂ ਅੱਖਾਂ ਦੇ ਤਾਰੇ! ' ਰੱਬ ਜਾਣੇ ਡੁੱਬ ਵੀ

ਕਿਵੇਂ ਗਿਆ। ਕਿਨਾਰੇ 'ਤੇ ਹੀ ਤਾਂ ਖੇਡ ਰਿਹਾ ਸੀ, ਮਾਂ ਵੀ ਉਥੇ ਹੀ ਸੀ, ਕੱਟੇ ਹੋਏ ਘਾਹ ਦੇ ਢੇਰ ਬਣਾ ਰਹੀ ਸੀ : ਅਚਾਨਕ ਉਸਨੇ ਸੁਣਿਆ ਕਿ ਕੋਈ ਪਾਣੀ ਦੇ ਬੁਲਬੁਲੇ ਛੱਡ ਰਿਹਾ ਹੈ, ਪਿੱਛੇ ਮੁੜ ਕੇ ਵੇਖਿਆ ਤਾਂ ਬਸ ਵਾਸਿਆ ਦੀ ਟੋਪੀ ਹੀ ਪਾਣੀ 'ਚ ਤੈਰ ਰਹੀ ਸੀ। ਬਸ ਉਦੋਂ ਤੋਂ ਹੀ ਫ਼ੇਕਲੀਸਤਾ ਦੀ ਅਕਲ ਮਾਰੀ ਗਈ। ਬੇਟਾ ਜਿਥੇ ਡੁੱਬਿਆ ਸੀ ਨਾ, ਉਸੇ ਜਗ੍ਹਾ ਆ ਕੇ ਲੇਟ ਜਾਂਦੀ ਹੈ, ਤੇ ਉਹੀ ਗਾਣਾ ਸ਼ੁਰੂ ਕਰ ਲੈਂਦੀ ਹੈ, ਯਾਦ ਹੈ, ਵਾਸਿਆ ਉਹ ਗਾਣਾ ਗਾਇਆ ਕਰਦਾ ਸੀ? —ਬਸ ਉਹੀ ਗਾਣਾ ਉਹ ਵੀ ਗਾਂਦੀ ਹੈ ਤੇ ਰੋਈ ਜਾਂਦੀ ਹੈ, ਰੱਬ ਅੱਗੇ ਆਪਣਾ ਦੁਖੜਾ ਰੋਂਦੀ ਹੈ ..."

"ਲਓ ਪਵਲੂਸ਼ਾ ਆ ਰਿਹਾ ਹੈ," ਫੇਦਿਆ ਨੇ ਕਿਹਾ।

ਪਾਣੀ ਦਾ ਭਰਿਆ ਪਤੀਲਾ ਹੱਥ 'ਚ ਫੜੀ ਪਵਲੂਸ਼ਾ ਅੱਗ ਕੋਲ ਆਇਆ। ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲਿਆ :

"ਕਿਉਂ ਭਰਾਵੋ, ਮਾਮਲਾ ਤਾਂ ਗੜਬੜ ਹੈ।"

"ਕੀ ਹੋਇਆ?" ਕੋਸਤਿਆ ਨੇ ਝੱਟਪਟ ਪੁੱਛਿਆ।

"ਮੈਂ ਵਾਸਿਆ ਦੀ ਅਵਾਜ਼ ਸੁਣੀ ਹੈ।"

ਹਰ ਕੋਈ ਕੰਬ ਗਿਆ।

"ਹਾਏ, ਹਾਏ, ਇਹ ਕੀ ਕਹਿੰਦਾ ਹੈ, ਤੂੰ?" ਕੋਸਤਿਆ ਕਾਹਲੀ ਨਾਲ ਬੁੜਬੁੜਾਇਆ।

"ਰੱਬ ਦੀ ਸਹੁੰ। ਮੈਂ ਪਾਣੀ ਵੱਲ ਝੁੱਕਣ ਲੱਗਾ, ਤਦੇ ਸੁਣਦਾ ਕੀ ਹਾਂ, ਕੋਈ ਵਾਸਿਆ ਦੀ ਅਵਾਜ਼ 'ਚ ਬੁਲਾ ਰਿਹਾ ਹੈ ਮੈਨੂੰ ਤੇ ਜਿਵੇਂ ਪਾਣੀ ਹੇਠੋਂ ਅਵਾਜ਼ ਆ ਰਹੀ ਹੈ : 'ਪਵਲੂਸ਼ਾ, ਓ ਪਵਲੂਸ਼ਾ, ਇਧਰ ਆ।' ਮੈਂ ਤੁਰੰਤ ਪਿੱਛੇ ਹੱਟ ਗਿਆ। ਹਾਂ ਪਰ, ਪਾਣੀ ਭਰ ਲਿਆ।"

"ਹੈ ਰੱਬਾ! ਹੈ ਰੱਬਾ!" ਮੁੰਡਿਆਂ ਨੇ ਸਲੀਬ ਦਾ ਨਿਸ਼ਾਨ ਬਣਾਉਂਦਿਆਂ ਕਿਹਾ।

"ਇਹ ਤਾਂ ਜਲ-ਭੂਤਨੇ ਨੇ ਤੈਨੂੰ ਬੁਲਾਇਆ ਹੋਣਾ," ਫ਼ੇਦਿਆ ਨੇ ਕਿਹਾ। "ਅਸੀਂ ਹੁਣੇ ਵਾਸਿਆ ਦੀ ਹੀ ਗੱਲ ਕਰ ਰਹੇ ਸਾਂ।"

"ਔਹ, ਇਹ ਤਾਂ ਬੁਰਾ ਸ਼ਗੁਨ ਹੈ," ਇਲਊਸ਼ਾ ਨੇ ਹੌਲੀ-ਹੌਲੀ ਬੋਲਦਿਆਂ ਕਿਹਾ।

"ਕੋਈ ਗੱਲ ਨਹੀਂ, ਹੁੰਦਾ ਰਹੇ," ਪਵਲੂਸ਼ਾ ਨੇ ਦ੍ਰਿੜ੍ਹਤਾ ਨਾਲ ਕਿਹਾ ਅਤੇ ਬੈਠ ਗਿਆ। "ਜੋ ਕਿਸਮਤ 'ਚ ਲਿਖਿਆ ਹੈ ਹੋ ਕੇ ਹੀ ਰਹਿਣਾ।"

ਮੁੰਡੇ ਸ਼ਾਂਤ ਹੋ ਗਏ। ਪਵਲੂਸ਼ਾ ਦੇ ਸ਼ਬਦਾਂ ਦਾ ਉਹਨਾਂ ਉਤੇ ਗਹਿਰਾ ਅਸਰ ਹੋਇਆ ਲੱਗਦਾ ਸੀ। ਉਹ ਜਿਵੇਂ ਸੌਣ ਦੀ ਤਿਆਰੀ ਕਰਦਿਆਂ ਅੱਗ ਸਾਹਮਣੇ ਪਸਰਣ ਲੱਗੇ।

"ਇਹ ਕੀ?" ਅਚਾਨਕ ਕੋਸਤਿਆ ਨੇ ਉੱਠ ਕੇ ਪੁੱਛਿਆ।

ਪਵਲੂਸ਼ਾ ਨੇ ਕੰਨ ਲਗਾ ਕੇ ਸੁਣਿਆ।

"ਭਾਵੇਂ ਉੱਡ ਰਹੇ ਹਨ, ਚਹਿਕ ਰਹੇ ਹਨ।"

"ਕਿਥੇ ਉੱਡੇ ਜਾ ਰਹੇ ਹਨ?"

"ਉਹਨਾਂ ਦੇਸ਼ਾਂ ਨੂੰ, ਜਿਥੇ ਕਹਿੰਦੇ ਹਨ ਕਦੇ ਠੰਢ ਨਹੀਂ ਪੈਂਦੀ।"

"ਕੀ ਅਜਿਹੇ ਦੇਸ਼ ਵੀ ਹਨ?"

"ਹਾਂ, ਹਨ।"

"ਦੂਰ ਹਨ?"

"ਬਹੁਤ ਦੂਰ, ਗਰਮ ਸਮੁੰਦਰੋਂ ਪਾਰ।"

ਕੋਸਤਿਆ ਨੇ ਡੂੰਘਾ ਸਾਹ ਭਰਿਆ ਅਤੇ ਅੱਖਾਂ ਬੰਦ ਕਰ ਲਈਆਂ।

ਮੁੰਡਿਆਂ ਕੋਲ ਆਇਆਂ ਮੈਨੂੰ ਤਿੰਨ ਘੰਟੇ ਹੋ ਚਲੇ ਸਨ। ਆਖਰ ਚੰਨ ਨਿਕਲ ਆਇਆ ਸੀ। ਮੈਂ ਤਾਂ ਉਸਨੂੰ ਵੇਖ ਹੀ ਨਹੀਂ ਪਾਇਆ : ਏਨਾ ਛੋਟਾ ਅਤੇ ਪਤਲਾ ਸੀ ਉਹ। ਚੰਨ ਰਹਿਤ ਰਾਤ ਪਹਿਲਾਂ ਵਾਂਗ ਹੀ ਪੂਰੀ ਸ਼ਾਨੋ-ਸ਼ੌਕਤ ਨਾਲ ਫੈਲੀ ਹੋਈ ਸੀ ... ਹਾਂ, ਹੁਣ ਕਈ ਤਾਰੇ, ਜਿਹੜੇ ਥੋੜ੍ਹੀ ਦੇਰ ਪਹਿਲਾਂ ਅਕਾਸ਼ ਵਿੱਚ ਬਹੁਤ ਉੱਚੇ ਦਿੱਖ ਰਹੇ ਸਨ, ਧਰਤੀ ਦੇ ਹਨੇਰੇ ਸਿਰੇ ਵੱਲ ਝੁੱਕ ਰਹੇ ਸਨ ; ਚਾਰੇ ਪਾਸੇ ਪੂਰਾ ਸੰਨਾਟਾ ਸੀ, ਜਿਵੇਂ ਕਿ ਰਾਤ ਦੇ ਅੰਤਮ ਪਹਿਰ 'ਚ ਹੀ ਹੁੰਦਾ ਹੈ, ਸਭ ਕੁਝ ਡੂੰਘੀ ਨੀਂਦ 'ਚ ਡੁੱਬਿਆ ਹੋਇਆ ਸੀ, ਪਹੁ ਫੁੱਟਣ ਤੋਂ ਪਹਿਲਾਂ ਦੀ ਨੀਂਦ 'ਚ। ਹਵਾ 'ਚ ਫੈਲੀਆਂ ਮਹਿਕਾਂ ਹੁਣ ਫਿੱਕੀਆਂ ਪੈ ਰਹੀਆਂ ਸਨ, ਜਿਵੇਂ ਕਿ ਫਿਰ ਤੋਂ ਨਮੀ ਆ ਰਹੀ ਸੀ ... ਗਰਮੀਆਂ ਦੀਆਂ ਰਾਤਾਂ ਕਿੰਨੀਆਂ ਛੋਟੀਆਂ ਹੁੰਦੀਆਂ ਹਨ!".. ਬੁੱਝਦੀ ਅੱਗ ਦੇ ਨਾਲ-ਨਾਲ ਮੁੰਡਿਆਂ ਦੀਆਂ ਗੱਲਾਂ ਵੀ ਖਤਮ ਹੋ ਰਹੀਆਂ ਸਨ ... ਕੁੱਤੇ ਤਾਂ ਊਂਘ ਹੀ ਰਹੇ ਸਨ ; ਤਾਰਿਆਂ ਦੇ ਝਿਲਮਿਲਾਉਂਦੀ ਮੱਧਮ ਰੋਸ਼ਨੀ 'ਚ ਜਿਥੋਂ ਤੱਕ ਮੈਨੂੰ ਦਿੱਖਦਾ ਸੀ, ਘੋੜੇ ਵੀ ਸਿਰ ਸੁੱਟੀ ਸੌਂ ਰਹੇ ਸਨ ... ਆਲਸ ਅਤੇ ਮਦਹੋਸ਼ੀ ਨੇ ਮੈਨੂੰ ਘੇਰ ਲਿਆ ਤੇ ਮੇਰੀ ਅੱਖ ਲੱਗ ਗਈ।

ਤਾਜ਼ੀ ਹਵਾ ਦਾ ਬੁੱਲਾ ਮੇਰੇ ਚਿਹਰੇ ਨੂੰ ਛੂਹ ਗਿਆ। ਮੈਂ ਅੱਖਾਂ ਖੋਲ੍ਹੀਆਂ : ਪਹੁ ਫੁੱਟ ਰਹੀ ਸੀ। ਸਵੇਰ ਦੀ ਲਾਲਗੀ ਅਜੇ ਛਾਈ ਨਹੀਂ ਸੀ, ਪਰ ਪੂਰਬ 'ਚ ਚਾਨਣ ਹੋ ਰਿਹਾ ਸੀ : ਸਾਰੇ ਪਾਸੇ ਸਭ ਕੁਝ ਦਿਖਣ ਲੱਗਾ, ਧੁੰਦਲਾ-ਧੁੰਦਲਾ ਹੀ, ਪਰ ਦਿੱਖ ਰਿਹਾ ਸੀ। ਹਲਕਾ ਸੁਰਮਈ ਅਕਾਸ਼ ਰੌਸ਼ਨ ਹੁੰਦਾ ਜਾ ਰਿਹਾ ਸੀ, ਉਸ ਵਿੱਚ ਠੰਡਾ, ਨੀਲਾ ਰੰਗ ਭਰਦਾ ਜਾ ਰਿਹਾ ਸੀ। ਤਾਰੇ ਕਿਤੇ ਟਿਮਟਿਮਾਉਂਦੇ ਹੋਏ ਅਲੋਪ ਹੋ ਰਹੇ ਸਨ, ਧਰਤੀ ਦਾ ਦਾਮਨ ਭਿੱਜ ਗਿਆ ਸੀ, ਪੱਤੀਆਂ 'ਤੇ ਤ੍ਰੇਲ ਸੀ। ਕਿਤਿਓਂ-ਕਿਤਿਓਂ ਜ਼ਿੰਦਗੀ ਦੀਆਂ ਅਵਾਜ਼ਾਂ ਆਉਣ ਲੱਗੀਆਂ ਤੇ ਸਵੇਰ ਦੀ ਪੌਣ ਫਰਫਰਾਉਂਦੀ ਹੋਈ ਵਗਣ ਲੱਗੀ। ਉਸਦੀ ਮਿੱਠੀ ਛੋਹ ਨਾਲ ਮੇਰੇ ਸਰੀਰ ਵਿੱਚ ਹਲਕੀ ਜਿਹੀ ਮਿੱਠੀ-ਮਿੱਠੀ ਕੰਬਣੀ ਹੋਈ। ਮੈਂ ਝੱਟਪਟ ਉੱਠਿਆ ਅਤੇ ਮੁੰਡਿਆਂ ਕੋਲ ਗਿਆ। ਮੱਧਮ-ਮੱਧਮ ਸੁਲਗਦੀ ਅੱਗ ਦੇ ਆਲੇ-ਦੁਆਲੇ ਬੇਹੋਸ਼ ਸੁੱਤੇ ਪਏ ਸਨ। ਸਿਰਫ਼ ਪਵਲੂਸ਼ਾ ਹੀ ਅੱਧਾ ਉੱਠਿਆ ਅਤੇ ਧਿਆਨ ਨਾਲ ਮੇਰੇ ਵੱਲ ਵੇਖਣ ਲੱਗਾ।

ਮੈਂ ਸਿਰ ਹਿਲਾ ਕੇ ਉਸਤੋਂ ਵਿਦਾ ਲਈ ਅਤੇ ਨਦੀ ਦੇ ਕਿਨਾਰੇ-ਕਿਨਾਰੇ ਚੱਲ ਪਿਆ। ਨਦੀ ਵਿੱਚੋਂ ਭਾਫ਼ ਉੱਠ ਰਹੀ ਸੀ। ਮੈਂ ਕੋਈ ਡੇਢ ਕੁ ਮੀਲ ਹੀ ਗਿਆ ਹੋਵਾਂਗਾ ਕਿ ਮੇਰੇ ਚਾਰੇ ਪਾਸਿਓਂ — ਭਿੱਜੀ ਚਰਾਗਾਹ ਵਿੱਚ, ਅਤੇ ਦੂਰ, ਸਾਹਮਣੇ — ਜੰਗਲ ਤੋਂ ਜੰਗਲ ਤੱਕ ਫੈਲੀਆਂ ਹਰੀਆਂ-ਹਰੀਆਂ ਪਹਾੜੀਆਂ 'ਤੇ, ਅਤੇ ਪਿੱਛੇ — ਧੂੜ ਭਰੀ ਸੜਕ 'ਤੇ, ਝਿਲਮਿਲਾਉਂਦੀਆਂ, ਲਾਲ ਝਾੜੀਆਂ 'ਤੇ ਅਤੇ ਪਤਲੀ ਹੁੰਦੀ ਧੁੰਦ, ਹੇਠਾਂ ਸ਼ਰਮਾਉਂਦੀ ਹੋਈ ਆਪਣੀਆਂ ਨੀਲੀਆਂ ਛਾਤੀਆਂ ਉਘਾੜਦੀ ਨਦੀ ਉਤੇ ਨਵੀਂ ਰੋਸ਼ਨੀ ਵਰ੍ਹਣ ਲੱਗੀ, ਪਹਿਲਾਂ ਲਾਲ, ਫਿਰ ਰੱਤੀ ਅਤੇ ਫਿਰ

ਸੁਨਹਿਰੀ ... ਹਰ ਚੀਜ਼ ਧੜਕਣ ਲੱਗੀ ਸੀ, ਜਾਗ ਰਹੀ ਸੀ, ਗਾ ਰਹੀ ਸੀ, ਚਹਿਕ ਰਹੀ ਸੀ। ਤ੍ਰੇਲ ਦੀਆਂ ਵੱਡੀਆਂ-ਵੱਡੀਆਂ ਬੂੰਦਾਂ ਹੀਰਿਆਂ ਵਾਂਗ ਚਮਕ ਉੱਠੀਆਂ ਸਨ ; ਸਾਹਮਣਿਓਂ ਗਿਰਜੇ ਦੇ ਘੰਟੇ ਦੀਆਂ ਸਾਫ਼ ਸਪੱਸ਼ਟ ਅਵਾਜ਼ਾਂ, ਜਿਵੇਂ ਸਵੇਰ ਦੀ ਠੰਢਕ ਨਾਲ ਨਿਖਰੀਆਂ ਅਵਾਜ਼ਾਂ ਹਵਾ 'ਚ ਤਰਦੀਆਂ ਆਈਆਂ ਤੇ ਫਿਰ ਅਚਾਨਕ ਥਕਾਵਟ ਮੁਕਾ ਚੁੱਕੇ ਘੋੜਿਆਂ ਦਾ ਝੁੰਡ ਮੇਰੇ ਕੋਲੋਂ ਲੰਘ ਗਿਆ। ਮੈਨੂੰ ਜਾਣਦੇ ਹੋਏ ਮੁੰਡੇ ਹੀ ਉਹਨਾਂ ਨੂੰ ਹੱਕਦੇ ਲੈ ਜਾ ਰਹੇ ਸਨ।

ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਉਸੇ ਸਾਲ ਪਵਲੂਸ਼ਾ ਨਹੀਂ ਰਿਹਾ। ਉਹ ਡੁੱਬਿਆ ਨਹੀਂ, ਘੋੜੇ ਤੋਂ ਡਿਗ ਕੇ ਮਰ ਗਿਆ। ਦੁੱਖ ਦੀ ਗੱਲ ਹੈ : ਮੁੰਡਾ ਬੜਾ ਚੰਗਾ ਸੀ!

*

**ਦਮਿਤਰੀ ਮਾਮਿਨ-ਸਿਬੀਰਿਆਕ**

# ਹਿਰਨੌਟਾ



## 1.

ਬਹੁਤ ਦੂਰ ਕਿਤੇ ਉਰਾਲ ਪਹਾੜਾਂ ਦੇ ਉਤਰੀ ਭਾਗ ਦੇ ਸੰਘਣੇ ਜੰਗਲ 'ਚ ਤਿਚਕੀ ਨਾਮ ਦਾ ਇਕ ਪਿੰਡ ਸੀ। ਪਿੰਡ ਵਿੱਚ ਸਿਰਫ਼ ਗਿਆਰਾਂ ਘਰ ਸਨ, ਜਾਂ ਇਉਂ ਕਹੀਏ ਕਿ ਦਸ, ਕਿਉਂਕਿ ਗਿਆਰਵਾਂ ਘਰ ਸਭ ਤੋਂ ਵੱਖਰਾ ਬਿਲਕੁਲ ਜੰਗਲ ਕੋਲ ਹੀ ਸੀ। ਪਿੰਡ ਦੇ ਚਾਰੇ ਪਾਸੇ ਚੀੜ ਆਦਿ ਸਦਾਬਹਾਰ ਰੁੱਖਾਂ ਦਾ ਜੰਗਲ ਉੱਚੀ ਕੰਧ ਵਾਂਗ ਖੜ੍ਹਾ ਸੀ। ਇਹਨਾਂ ਵਿਸ਼ਾਲ ਨੀਲੇ-ਸੁਰਮਈ ਪਹਾੜਾਂ ਨੇ ਤਿਚਕੀ ਨੂੰ ਚਾਰੇ ਪਾਸਿਓਂ ਆਪਣੇ ਘੇਰੇ 'ਚ ਬੰਦ ਕੀਤਾ ਹੋਇਆ ਸੀ। ਸਭ ਤੋਂ ਕੋਲ ਸੀ ਝਰਨਿਆਂ ਦਾ 'ਪਹਾੜ ', ਜਿਸਦੀ ਚਿੱਟੀ ਚੋਟੀ ਖਰਾਬ ਮੌਸਮ 'ਚ ਧੁੰਦਲੇ ਬੱਦਲਾਂ ਪਿੱਛੇ ਲੁਕ ਜਾਂਦੀ ਸੀ। 'ਝਰਨਿਆਂ ਦੇ ਪਹਾੜ' ਤੋਂ ਬੜੇ ਚਸ਼ਮੇ ਅਤੇ ਝਰਨੇ ਵਗਦੇ ਸਨ। ਅਜਿਹਾ ਹੀ ਇਕ ਝਰਨਾ ਤਿਚਕੀ ਤੱਕ ਆਉਂਦਾ ਸੀ ਅਤੇ ਸਰਦੀਆਂ-ਗਰਮੀਆਂ — ਬਾਰਾਂ ਮਹੀਨੇ — ਲੋਕ ਉਸਦਾ ਠੰਡਾ, ਤ੍ਰੇਲ ਵਰਗਾ ਨਿਰਮਲ ਪਾਣੀ ਪੀਂਦੇ ਸਨ।

ਤਿਚਕੀ 'ਚ ਘਰ ਬੇਤਰਤੀਬ ਬਣੇ ਹੋਏ ਸਨ, ਇਕ — ਪਹਾੜ ਦੀ ਤੇਜ਼ ਢਲਾਣ 'ਤੇ ਅਤੇ ਬਾਕੀ — ਨਦੀ ਕਿਨਾਰੇ ਇੱਧਰ-ਉੱਧਰ ਬਣੇ ਹੋਏ ਸਨ — ਤਿੱਤਰ-ਬਿੱਤਰ ਹੋ ਗਈਆਂ ਭੇਡਾਂ ਵਾਂਗ। ਤਿਚਕੀ 'ਚ ਕੋਈ ਗਲੀ ਵੀ ਨਹੀਂ ਸੀ, ਘਰਾਂ ਵੱਲ ਬਸ ਇੱਕ ਪਗਡੰਡੀ ਗਈ ਸੀ। ਤਿਚਕੀ ਵਾਲਿਆਂ ਨੂੰ ਗਲੀ ਦੀ ਜ਼ਰੂਰਤ ਹੀ ਨਹੀਂ ਸੀ, ਕਿਉਂਕਿ ਉਹਨਾਂ ਕੋਲ ਕੋਈ ਘੋੜਾ-ਗੱਡੀ ਤੱਕ ਨਹੀਂ ਸੀ, ਜਿਸਨੂੰ ਉਹ ਗਲੀ 'ਚ ਚਲਾਉਂਦੇ। ਗਰਮੀਆਂ 'ਚ ਇਹ ਪਿੰਡ ਅਪਹੁੰਚ ਦਲਦਲਾਂ ਅਤੇ ਝਾੜੀਆਂ ਨਾਲ ਭਰੇ ਜੰਗਲ ਨਾਲ ਘਿਰਿਆ ਹੁੰਦਾ ਸੀ, ਇਸ ਲਈ ਤੰਗ ਜੰਗਲੀ ਪਗਡੰਡੀਆਂ ਤੋਂ ਵੀ ਉਥੇ ਪਹੁੰਚਿਆ ਜਾ ਸਕਦਾ ਸੀ ਤੇ ਉਹ ਵੀ ਹਮੇਸ਼ਾਂ ਨਹੀਂ। ਬਾਰਿਸ਼ਾਂ ਦੇ ਦਿਨਾਂ 'ਚ ਪਹਾੜੀ ਨਦੀਆਂ ਉਪਨਦੀਆਂ ਅਤੇ ਤਿਚਕੀ ਦੇ ਸ਼ਿਕਾਰੀਆਂ ਨੂੰ ਤਿੰਨ-ਤਿੰਨ ਦਿਨ ਤੱਕ ਪਾਣੀ ਉਤਰਣ ਦਾ ਇੰਤਜ਼ਾਰ ਕਰਨਾ ਪੈਂਦਾ।

ਤਿਚਕੀ ਦੇ ਸਾਰੇ ਮਰਦ ਸ਼ਿਕਾਰ ਦੇ ਆਦੀ ਸਨ। ਸਰਦੀਆਂ ਹੋਣ ਜਾਂ ਗਰਮੀਆਂ ਉਹ ਜੰਗਲ 'ਚ ਹੀ ਵੜੇ ਰਹਿੰਦੇ ਸਨ — ਚੰਗਾ ਸੀ ਕਿ ਜੰਗਲ ਵੀ ਕੋਲ ਹੀ ਸੀ। ਹਰ ਮੌਸਮ ਦਾ ਆਪਣਾ ਸ਼ਿਕਾਰ ਹੁੰਦਾ ਸੀ : ਸਰਦੀਆਂ 'ਚ ਉਹ ਭਾਲੂ, ਨਿਉਲੇ, ਬਘਿਆੜ ਅਤੇ ਲੂੰਬੜੀ ਦਾ ਸ਼ਿਕਾਰ ਕਰਦੇ ਸਨ ; ਸਰਦੀਆਂ 'ਚ ਗਿਲਹਰੀਆਂ ਦਾ, ਬਸੰਤ 'ਚ ਜੰਗਲੀ ਬਕਰਿਆਂ ਅਤੇ ਗਰਮੀਆਂ 'ਚ ਭਾਂਤ-ਭਾਂਤ ਦੇ ਪੰਛੀਆਂ ਦਾ ਸ਼ਿਕਾਰ ਕਰਦੇ ਸਨ। ਸੰਖੇਪ ਚ, ਬਾਰਾਂ ਮਹੀਨੇ ਉਹਨਾਂ ਨੂੰ ਭਾਰੀ ਕੰਮ ਕਰਨਾ ਹੁੰਦਾ ਸੀ, ਜੋ ਅਕਸਰ ਹੀ ਖਤਰਿਆਂ ਤੋਂ ਖਾਲੀ ਨਹੀਂ ਸੀ ਹੁੰਦਾ।

ਜੰਗਲ ਦੇ ਬਿਲਕੁਲ ਕੋਲ ਹੀ ਬਣੇ ਘਰ 'ਚ ਬੁੱਢਾ ਸ਼ਿਕਾਰੀ ਯੇਮੇਲਿਆ ਆਪਣੇ ਛੋਟੇ ਜਿਹੇ ਪੋਤਰੇ ਗ੍ਰਿਸ਼ੁਕ ਨਾਲ ਰਹਿੰਦਾ ਸੀ। ਯੇਮੇਲਿਆ ਦਾ ਲੱਕੜ ਦੇ ਬਾਲਿਆਂ ਨਾਲ ਬਣਿਆਂ ਘਰ ਜ਼ਮੀਨ ਵਿੱਚ ਧੱਸਿਆ ਹੋਇਆ ਲੱਗਦਾ ਸੀ, ਉਸ ਵਿੱਚ ਬਸ ਇੱਕ ਹੀ ਖਿੜਕੀ ਸੀ। ਛੱਤ ਦੀਆਂ ਲੱਕੜਾਂ ਕਦੋਂ ਦੀਆਂ ਗਲ਼ ਚੁੱਕੀਆਂ ਸਨ, ਚਿਮਨੀ ਇੱਟਾਂ ਦਾ ਢੇਰ ਬਣ ਕੇ ਰਹਿ ਗਈ ਸੀ। ਯੇਮੇਲਿਆ ਦੇ ਘਰ ਦੇ ਚਾਰੇ ਪਾਸੇ ਵਾੜ ਨਹੀਂ ਸੀ, ਨਾ ਹੀ ਫਾਟਕ ਸੀ ਤੇ ਨਾ ਕੋਈ ਕੋਠੜੀ ਹੀ। ਘਰ ਦੇ ਦਰਵਾਜ਼ੇ 'ਤੇ ਬਣੇ ਚੁਬਾਰੇ ਥੱਲੇ ਰਾਤ ਨੂੰ ਭੁੱਖਾ ਲੀਸਕੋ ਹੂੰਘਦਾ ਰਹਿੰਦਾ ਸੀ। ਲੀਸਕੋ ਪੂਰੇ ਪਿੰਡ ਦਾ ਇਕ ਸਭ ਤੋਂ ਵਧੀਆ ਸ਼ਿਕਾਰੀ ਕੁੱਤਾ ਸੀ। ਹਰ ਵਾਰ ਸ਼ਿਕਾਰ 'ਤੇ ਨਿਕਲਣ ਤੋਂ ਪਹਿਲਾਂ ਯੇਮੇਲਿਆ ਵਿਚਾਰੇ ਲੀਸਕੋ ਨੂੰ ਤਿੰਨ ਦਿਨ ਤੱਕ ਭੁੱਖਾ ਰੱਖਦਾ ਸੀ, ਤਾਂ ਕਿ ਉਹ ਚੰਗੀ ਤਰ੍ਹਾਂ ਸ਼ਿਕਾਰ ਲੱਭੇ।

"ਦਾਦਾ... ਦਾਦਾ... ਹੁਣ ਤਾਂ ਹਿਰਨ ਹਿਰਨੌਟਿਆਂ ਨਾਲ ਘੁੰਮ ਰਹੇ ਹੋਣੇ। ਹੈ ਨਾ, ਦਾਦਾ ..." ਇਕ ਦਿਨ ਸ਼ਾਮ ਨੂੰ ਨੰਨ੍ਹਾ ਗ੍ਰਿਸ਼ੁਕ ਦਾਦੇ ਕੋਲੋਂ ਪੁੱਛ ਰਿਹਾ ਸੀ।

"ਹਾਂ ਬੇਟੇ, ਹਿਰਨੌਟਿਆਂ ਨਾਲ ਘੁੰਮ ਰਹੇ ਹਨ," ਰੁੱਖ ਦੀ ਸੱਕ ਤੋਂ ਆਪਣੇ ਲਈ ਜੁੱਤੀ ਬਣਾਉਂਦਿਆਂ ਦਾਦੇ ਨੇ ਜਵਾਬ ਦਿੱਤਾ।

"ਦਾਦੇ, ਹਿਰਨੌਟਾ ਲੈ ਆਓ, ਤਾਂ ਕਿੰਨਾ ਵਧੀਆ ਰਹੇ, ਹੈਂ ਦਾਦੇ?"

"ਹਾਂ, ਹਾਂ, ਬੇਟੇ, ਲੈ ਆਵਾਂਗੇ। ਕਿਉਂ ਨਹੀਂ ਲਿਆਉਣਾ। ਗਰਮੀਆਂ ਆ ਗਈਆਂ ਹਨ, ਹੁਣ ਹਿਰਨ ਹਿਰਨੌਟਿਆਂ ਦੇ ਨਾਲ-ਨਾਲ ਖੁੰਭਾਂ ਤੋਂ ਬਚਣ ਲਈ ਸੰਘਣੀਆਂ ਝਾੜੀਆਂ 'ਚ ਲੁਕ



ਜਾਣਗੇ। ਬਸ ਉਦੋਂ ਹੀ ਮੈਂ ਹਿਰਨੌਟਿਆਂ ਦਾ ਸ਼ਿਕਾਰ ਕਰ ਲਵਾਂਗਾ। ਤੂੰ ਥੋੜ੍ਹਾ ਸਬਰ ਰੱਖ।"

ਮੁੰਡੇ ਨੇ ਕੋਈ ਜਵਾਬ ਨਹੀਂ ਦਿੱਤਾ, ਬਸ ਠੰਡਾ ਸਾਹ ਭਰਿਆ। ਗ੍ਰਿਸ਼ੁਕ ਸਿਰਫ਼ ਛੇ ਸਾਲਾਂ ਦਾ ਸੀ, ਪਿਛਲੇ ਦੋ ਮਹੀਨਿਆਂ ਤੋਂ ਲੱਕੜ ਦੇ ਤਖਤੇ 'ਤੇ ਹਿਰਨ ਦੀ ਗਰਮ ਖੱਲ ਪਾਈ ਪਿਆ ਹੋਇਆ ਸੀ। ਬਸੰਤ 'ਚ, ਜਦੋਂ ਬਰਫ਼ ਪਿਘਲ ਰਹੀ ਸੀ, ਓਦੋਂ ਉਸਨੂੰ ਠੰਡ ਲੱਗ ਗਈ ਸੀ ਤੇ ਉਹ ਓਦੋਂ ਦਾ ਠੀਕ ਹੀ ਨਹੀਂ ਸੀ ਹੋ ਪਾ ਰਿਹਾ। ਉਸਦਾ ਸਾਂਵਲਾ ਚਿਹਰਾ ਪੀਲਾ ਪੈ ਗਿਆ ਸੀ, ਲੰਬਾ ਹੋ ਗਿਆ ਸੀ, ਅੱਖਾਂ ਵੱਡੀਆਂ-ਵੱਡੀਆਂ ਲੱਗਣ ਲੱਗੀਆਂ ਸਨ, ਨੱਕ ਤਿੱਖੀ ਹੋ ਗਈ ਸੀ। ਯੇਮੇਲਿਆ ਵੇਖ ਰਿਹਾ ਸੀ ਕਿ ਪੋਤਰਾ ਦਿਨੋਂ-ਦਿਨ ਵਿਗੜਦਾ ਜਾ ਰਿਹਾ ਸੀ, ਪਰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ। ਜੜੀ-ਬੂਟੀਆਂ ਦਾ ਕਾੜ੍ਹਾ ਵੀ ਬਣਾ ਕੇ ਪਿਲਾਉਂਦਾ ਰਿਹਾ ਸੀ, ਦੋ ਵਾਰ ਉਸਨੂੰ ਹਮਾਮ ਵੀ ਲੈ ਗਿਆ ਸੀ — ਪਰ ਬੱਚੇ ਦੀ ਹਾਲਤ ਸੁਧਰ ਨਹੀਂ ਰਹੀ ਸੀ। ਗ੍ਰਿਸ਼ੁਕ ਖਾਂਦਾ ਵੀ ਕੁਝ ਨਹੀਂ ਸੀ। ਰੋਟੀ ਦਾ ਟੁਕੜਾ ਚਬਾ ਲੈਂਦਾ ਅਤੇ ਬਸ। ਬਸੰਤ ਤੋਂ ਬੱਕਰੀ ਦਾ ਨਮਕ ਲੱਗਿਆ ਮਾਸ ਬਚਿਆ ਹੋਇਆ ਸੀ, ਪਰ ਗ੍ਰਿਸ਼ੁਕ ਉਸ ਵੱਲ ਵੇਖਣਾ ਵੀ ਨਹੀਂ ਸੀ ਚਾਹੁੰਦਾ।

ਚੰਮ ਦੀਆਂ ਜੁੱਤੀਆਂ ਬਣ ਚੱਲੀਆਂ ਸਨ। ਦਾਦਾ ਸੋਚ ਰਿਹਾ ਸੀ : "ਵੇਖੋ, ਕੀ ਚਾਹੁੰਦਾ ਹੈ – ਹਿਰਨੌਟਾ... ਜਿਵੇਂ-ਕਿਵੇਂ ਹਾਸਲ ਕਰਨਾ ਹੀ ਪਵੇਗਾ।"

ਯੇਮੇਲਿਆ ਸੱਤਰ ਸਾਲਾਂ ਦਾ ਹੋ ਚੱਲਿਆ ਸੀ – ਵਾਲ ਚਿੱਟੇ, ਕਮਰ ਝੁੱਕੀ ਹੋਈ, ਸਰੀਰ ਦੁਬਲਾ-ਪਤਲਾ ਅਤੇ ਲੰਬੀਆਂ-ਲੰਬੀਆਂ ਬਾਹਵਾਂ। ਯੇਮੇਲਿਆ ਦੇ ਹੱਥਾਂ ਦੀਆਂ ਉਂਗਲਾਂ ਬੜੀ ਮੁਸ਼ਕਲ ਨਾਲ ਮੁੜਦੀਆਂ ਸਨ, ਜਿਵੇਂ ਕਿ ਉਹ ਲੱਕੜ ਦੀਆਂ ਬਣੀਆਂ ਹੋਣ।

ਪਰ ਤੁਰਦਾ ਉਹ ਫੁਰਤੀ ਨਾਲ ਸੀ ਅਤੇ ਥੋੜ੍ਹਾ ਬਹੁਤ ਸ਼ਿਕਾਰ ਵੀ ਕਰ ਲੈਂਦਾ ਸੀ। ਹਾਂ, ਬੁੱਢੇ ਦੀ ਨਜ਼ਰ ਜਵਾਬ ਦੇਣ ਲੱਗੀ ਸੀ, ਖਾਸ ਕਰਕੇ ਸਰਦੀਆਂ 'ਚ ਜਦੋਂ ਚਿੱਟੀ ਬਰਫ਼ ਝਿਲਮਿਲਾਉਂਦੀ ਸੀ, ਹੀਰਿਆਂ ਵਾਂਗ ਚਮਕਦੀ, ਓਦੋਂ ਬੁੱਢੇ ਯੇਮੇਲਿਆ ਨੂੰ ਬੜੀ ਤਕਲੀਫ਼ ਹੁੰਦੀ ਸੀ। ਉਸਦੀਆਂ ਅੱਖਾਂ ਕਾਰਨ ਚਿਮਨੀ ਢੱਠ ਗਈ ਸੀ ਅਤੇ ਛੱਤ ਸੜ ਗਈ ਸੀ ਤੇ ਉਹ ਆਪ ਵੀ ਅਕਸਰ ਘਰ ਹੀ ਬੈਠਾ ਰਹਿੰਦਾ ਸੀ, ਜਦੋਂ ਕਿ ਦੂਸਰੇ ਲੋਕ ਜੰਗਲ 'ਚ ਹੁੰਦੇ ਸਨ।

ਬੁੱਢੇ ਲਈ ਚੈਨ ਨਾਲ ਘਰ ਹੀ ਅਰਾਮ ਕਰਨ ਦੇ ਦਿਨ ਆ ਗਏ ਸਨ, ਪਰ ਕੋਈ ਉਸਦੀ ਜਗ੍ਹਾ ਸੰਭਾਲਣ ਵਾਲਾ ਨਹੀਂ ਸੀ, ਉਤੋਂ ਗ੍ਰਿਸ਼ੁਕ ਨੂੰ ਵੀ ਬਸ ਉਸਦਾ ਹੀ ਸਹਾਰਾ ਰਹਿ ਗਿਆ ਸੀ, ਬੁੱਢੇ ਯੇਮੇਲਿਆ ਨੂੰ ਹੀ ਉਸਦੀ ਦੇਖਭਾਲ ਕਰਨੀ ਪੈਂਦੀ ਸੀ... ਗ੍ਰਿਸ਼ੁਕ ਦੇ ਪਿਓ ਨੂੰ ਤਿੰਨ ਸਾਲ ਪਹਿਲਾਂ ਬੁਖ਼ਾਰ ਹੋਇਆ ਸੀ, ਜਿਸ ਨਾਲ ਉਹ ਮਰ ਗਿਆ ਸੀ। ਮਾਂ ਸਰਦੀਆਂ 'ਚ ਇਕ ਸ਼ਾਮ ਬੇਟੇ ਨਾਲ ਪਿੰਡੋਂ ਘਰ ਪਰਤ ਰਹੀ ਸੀ, ਜਦੋਂ ਭੇੜੀਏ ਉਸ ਉਤੇ ਟੁੱਟ ਪਏ, ਉਸਨੇ ਗ੍ਰਿਸ਼ੁਕ ਨੂੰ ਆਪਣੀ ਬੁੱਕਲ 'ਚ ਢੱਕ ਲਿਆ ਤੇ ਗ੍ਰਿਸ਼ੁਕ ਬੱਚ ਗਿਆ।

ਬੁੱਢੇ ਦਾਦੇ ਨੂੰ ਪੋਤਰੇ ਦਾ ਪਾਲਣ-ਪੋਸ਼ਣ ਕਰਨਾ ਪਿਆ, ਉਤੋਂ ਇਹ ਬੀਮਾਰੀ ਆ ਗਈ। ਮੁਸੀਬਤ ਕਦੇ ਇਕੱਲੀ ਨਹੀਂ ਆਉਂਦੀ ...

## 2

ਜੂਨ ਮਹੀਨੇ ਦੇ ਆਖਰੀ ਦਿਨ ਸਨ। ਤਿਚਕੀ 'ਚ ਇਹਨਾਂ ਦਿਨਾਂ 'ਚ ਸਭ ਤੋਂ ਜ਼ਿਆਦਾ ਗਰਮੀ ਪੈਂਦੀ ਸੀ। ਬੁੱਢੇ ਅਤੇ ਬੱਚੇ ਹੀ ਘਰਾਂ 'ਚ ਰਹਿ ਗਏ ਸਨ। ਸ਼ਿਕਾਰੀ ਜੰਗਲਾਂ 'ਚ ਸ਼ਿਕਾਰ ਕਰਨ ਜਾ ਚੁੱਕੇ ਸਨ। ਯੇਮੇਲਿਆ ਦੇ ਘਰ ਲੀਸਕੋ ਤਿੰਨ ਦਿਨਾਂ ਤੋਂ ਭੁੱਖਾ ਹੂੰਘ ਰਿਹਾ ਸੀ, ਜਿਵੇਂ ਭੇੜੀਏ ਸਰਦੀਆਂ 'ਚ ਹੂੰਘਦੇ ਹਨ।

"ਲੱਗਦਾ ਹੈ, ਯੇਮੇਲਿਆ ਸ਼ਿਕਾਰ 'ਤੇ ਜਾ ਰਿਹਾ ਹੈ," ਪਿੰਡ ਦੀਆਂ ਔਰਤਾਂ ਕਹਿ ਰਹੀਆਂ ਸਨ।

ਇਹ ਸੱਚ ਸੀ। ਸੱਚਮੁਚ ਹੀ, ਥੋੜ੍ਹੀ ਦੇਰ 'ਚ ਯੇਮੇਲਿਆ ਤੋੜੇਦਾਰ ਬੰਦੂਕ ਹੱਥ 'ਚ ਫੜੀ ਘਰੋਂ ਨਿਕਲਿਆ ਕੁੱਤੇ ਨੂੰ ਖੋਲ੍ਹਿਆ ਅਤੇ ਜੰਗਲ ਵੱਲ ਚੱਲ ਪਿਆ। ਉਸਨੇ ਚਮੜੇ ਦੀਆਂ ਨਵੀਆਂ ਜੁੱਤੀਆਂ ਪਾਈਆਂ ਹੋਈਆਂ ਸਨ, ਮੋਢੇ 'ਤੇ ਝੋਲਾ ਲਟਕ ਰਿਹਾ ਸੀ, ਜਿਸ ਵਿੱਚ ਰੋਟੀ ਸੀ। ਉਸਨੇ ਫੱਟਿਆ-ਪੁਰਾਣਾ ਕਾਫ਼ਤਾਨ ਅਤੇ ਸਿਰ ਉੱਤੇ ਹਿਰਨ ਦੀ ਖੱਲ ਦਾ ਟੋਪ ਪਾਇਆ ਹੋਇਆ ਸੀ। ਬੁੱਢਾ ਕਈ ਸਾਲਾਂ ਤੋਂ ਹਲਕਾ ਟੋਪ ਨਹੀਂ ਸੀ ਪਾਉਂਦਾ, ਸਰਦੀ-ਗਰਮੀ ਇਹੀ ਟੋਪ ਹੀ ਪਾਈ ਰਖਦਾ ਸੀ ਜਿਹੜਾ ਉਸਦੇ ਸਿਰ ਨੂੰ ਸਰਦੀ ਤੋਂ ਵੀ ਅਤੇ ਗਰਮੀ ਤੋਂ ਵੀ ਚੰਗੀ ਤਰ੍ਹਾਂ ਰੱਖਿਆ ਕਰਦਾ ਸੀ।

"ਚੰਗਾ ਗ੍ਰਿਸ਼ੁਕ ਬੇਟੇ, ਹੁਣ ਤੂੰ ਮੇਰੇ ਆਉਣ ਤੱਕ ਠੀਕ ਹੋ ਜਾਵੀਂ," ਯੇਮੇਲਿਆ ਨੇ ਚਲਦਿਆਂ ਹੋਇਆਂ ਪੋਤਰੇ ਨੂੰ ਕਿਹਾ। "ਬੁੱਢੀ ਮਲਾਨਿਆ ਤੈਨੂੰ ਵੇਖ ਜਾਇਆ ਕਰੇਗੀ, ਮੈਂ ਤੇਰੇ ਲਈ ਹਿਰਨੌਟਾ ਲਿਆਉਂਦਾ ਹਾਂ।"

"ਦਾਦੇ, ਹਿਰਨੌਟਾ ਲਿਆਵੇਂਗਾ ਨਾ?"

"ਕਿਹਾ ਤਾਂ ਹੈ ਬੇਟੇ, ਲੈ ਆਵਾਂਗਾ।"

"ਪੀਲਾ-ਪੀਲਾ ਹਿਰਨੌਟਾ?"

"ਹਾਂ, ਬੱਚੇ, ਪੀਲਾ-ਪੀਲਾ..."

"ਅੱਛਾ, ਮੈਂ ਤੇਰਾ ਰਸਤਾ ਵੇਖਾਂਗਾ...ਵੇਖੀਂ, ਗੋਲੀ ਚਲਾਉਂਦਿਆਂ ਨਿਸ਼ਾਨਾ ਨਾ ਚੁਕੀਂ..."

ਯੇਮੇਲਿਆ ਕਈ ਦਿਨਾਂ ਤੋਂ ਹਿਰਨਾਂ ਦੇ ਸ਼ਿਕਾਰ 'ਤੇ ਜਾਣ ਦੀ ਸੋਚ ਰਿਹਾ ਸੀ, ਪਰ ਪੋਤੇ ਨੂੰ ਇਕੱਲਿਆਂ ਨਹੀਂ ਛੱਡਣਾ ਚਾਹੁੰਦਾ ਸੀ। ਪਰ ਹੁਣ ਉਸਦੀ ਹਾਲਤ ਕੁਝ ਸੁਧਰੀ ਲੱਗਦੀ ਸੀ, ਸੋ ਬੁੱਢੇ ਨੇ ਕਿਸਮਤ ਅਜਮਾਉਣ ਦਾ ਫੈਸਲਾ ਕੀਤਾ। ਤੇ ਬੁੱਢੀ ਮਲਾਨਿਆ ਵੀ ਗ੍ਰਿਸ਼ੁਕ ਦੀ ਦੇਖਭਾਲ ਕਰਨ ਨੂੰ ਤਿਆਰ ਹੋ ਗਈ ਸੀ — ਘਰ 'ਚ ਇਕੱਲਿਆਂ ਬੈਠੇ ਰਹਿਣ ਤੋਂ ਇਹੀ ਚੰਗਾ ਸੀ।

ਜੰਗਲ ਯੇਮੇਲਿਆ ਲਈ ਘਰ ਵਰਗਾ ਹੀ ਸੀ। ਉਹ ਜੰਗਲ ਨੂੰ ਜਾਣਦਾ ਵੀ ਕਿਵੇਂ ਨਾ, ਜਦੋਂ ਕਿ ਸਾਰੀ ਉਮਰ ਉਹ ਬੰਦੂਕ ਅਤੇ ਕੁੱਤੇ ਨਾਲ ਜੰਗਲ 'ਚ ਘੁੰਮਦਾ ਰਿਹਾ ਸੀ। ਚਾਰੇ ਪਾਸੇ ਸੌ ਮੀਲ ਤੱਕ ਉਹ ਸਾਰੀਆਂ ਪਗਡੰਡੀਆਂ, ਸਾਰੀਆਂ ਨਿਸ਼ਾਨੀਆਂ ਜਾਣਦਾ ਸੀ।

ਹੁਣ ਜੂਨ ਦੇ ਅੰਤ 'ਚ ਜੰਗਲ ਬੜਾ ਹੀ ਸੁਹਾਵਣਾ ਲੱਗ ਰਿਹਾ ਸੀ। ਵੰਨ-ਸੁਵੰਨੀ ਘਾਹ ਅਤੇ ਬੂਟੀਆਂ 'ਚ ਰੰਗ-ਬਿਰੰਗੇ ਫੁੱਲ ਖਿੜ ਰਹੇ ਸਨ, ਹਵਾ 'ਚ ਭਿੰਨੀ-ਭਿੰਨੀ ਮਹਿਕ ਸੀ ਅਤੇ ਅਕਾਸ਼



’ਚ ਗਰਮੀਆਂ ਦਾ ਸੂਰਜ ਚਮਕ ਰਿਹਾ ਸੀਂ, ਜੰਗਲ ਅਤੇ ਘਾਹ ’ਤੇ, ਕਲਕਲ ਵਗਦੀ ਨਦੀ ਅਤੇ ਦੂਰ ਪਹਾੜਾਂ ’ਤੇ ਰੋਸ਼ਨੀ ਵਰ੍ਹ ਰਹੀ ਸੀ।

ਹਾਂ, ਜਿਥੇ ਵੀ ਨਜ਼ਰ ਜਾਂਦੀ, ਉਥੇ ਹੀ ਮਨਮੋਹਣਾ ਦ੍ਰਿਸ਼ ਨਜ਼ਰ ਆਉਂਦਾ ਸੀ। ਯੇਮੇਲਿਆ ਕਈ ਵਾਰ ਰੁਕਿਆ — ਸਾਹ ਲੈਣ ਲਈ ਤੇ ਇਧਰ-ਉਧਰ ਵੇਖ ਕੇ ਅੱਖਾਂ ਨਾਲ ਆਨੰਦ ਲੈਣ ਲਈ।

ਜਿਸ ਪਗਡੰਡੀ ’ਤੇ ਉਹ ਜਾ ਰਿਹਾ ਸੀ, ਉਹ ਸੱਪ ਵਾਂਗ ਵਲ੍ਹ ਖਾਂਦੀ, ਵੱਡੇ-ਵੱਡੇ ਪੱਥਰਾਂ ਅਤੇ ਚੱਟਾਨਾਂ ਦੇ ਤਿੱਖੇ ਉਭਾਰਾਂ ਤੋਂ ਬਚ ਕੇ ਨਿਕਲਦੀ ਪਹਾੜ ’ਤੇ ਚੜ੍ਹ ਗਈ ਸੀ। ਵੱਡੇ-ਵੱਡੇ ਦਰੱਖਤ ਕੱਟੇ ਜਾ ਚੁੱਕੇ ਸਨ, ਰਸਤੇ ਆਸ-ਪਾਸ ਨਵੇਂ ਰੁੱਖ ਅਤੇ ਲੌਂਗਾਂ ਦੀਆਂ ਝਾੜੀਆਂ ਉੱਗ ਰਹੀਆਂ ਸਨ, ਰੋਵਨ ਰੁੱਖਾਂ ਦੇ ਹਰੇ ਛੱਤਰ ਫੈਲੇ ਹੋਏ ਸਨ। ਹਰ ਪਾਸੇ ਨਵੇਂ ਦੇਵਦਾਰਾਂ ਦੇ ਸੰਘਣੇ ਝੁਰਮਟ ਵੀ ਸਨ — ਰਸਤੇ ਦੇ ਕੋਲ ਹੀ ਉਹਨਾਂ ਦੀ ਹਰੀ ਵਾੜ ਬਣੀ ਹੁੰਦੀ, ਪੰਜੇ ਵਰਗੀਆਂ, ਲਟਕਦੀਆਂ ਟਹਿਣੀਆਂ ਫੈਲੀਆਂ ਹੁੰਦੀਆਂ। ਪਹਾੜ ਦੇ ਵਿਚਕਾਰ ਪਹੁੰਚ ਕੇ ਇਕ ਜਗ੍ਹਾ ਤੋਂ ਦੂਰ ਦੇ ਪਹਾੜ ਅਤੇ ਤਿਚਕੀ ਦਾ ਖੁੱਲ੍ਹਾ ਨਜ਼ਾਰਾ ਦਿਖਦਾ ਸੀ। ਪਿੰਡ ਡੂੰਘੀ, ਤੰਗ ਘਾਟੀ ਦੇ ਤਲ ’ਤੇ ਗੁਆਚਾ ਹੋਇਆ ਸੀ। ਕਿਸਾਨਾਂ ਦੇ ਘਰ ਇਥੋਂ ਕਾਲੇ ਧੱਬਿਆਂ ਵਾਂਗ ਲੱਗਦੇ ਸਨ। ਯੇਮੇਲਿਆ ਅੱਖਾਂ ਨੂੰ ਧੁੱਪ ਤੋਂ ਬਚਾਉਂਦਾ ਦੇਰ ਤੱਕ ਆਪਣੇ ਘਰ ਨੂੰ ਵੇਖਦਾ ਰਿਹਾ ਅਤੇ ਪੋਤੇ ਬਾਰੇ ਸੋਚਦਾ ਰਿਹਾ।

ਪਹਾੜ ਤੋਂ ਉਤਰ ਜਦੋਂ ਉਹ ਦੇਵਦਾਰ ਰੁੱਖਾਂ ਦੇ ਸੰਘਣੇ ਜੰਗਲ ਅੰਦਰ ਵੜੇ ਤਾਂ ਯੇਮੇਲਿਆ ਨੇ ਕਿਹਾ : “ਚਲ, ਲੀਸਕੋ, ਲਭ!”

ਲੀਸਕੋ ਨੂੰ ਦੋ ਵਾਰ ਕਹਿਣ ਦੀ ਜ਼ਰੂਰਤ ਨਹੀਂ ਸੀ। ਉਹ ਆਪਣਾ ਕੰਮ ਚੰਗੀ ਤਰ੍ਹਾਂ ਜਾਣਦਾ ਸੀ। ਆਪਣੀ ਨੁਕੀਲੀ ਥੁਥਨੀ ਨਾਲ ਜ਼ਮੀਨ ਸੁੰਘਦਾ ਹੋਇਆ ਉਹ ਹਰੇ ਝੁਰਮਟ ’ਚ ਗੁਆਚ ਗਿਆ। ਥੋੜ੍ਹੀ ਦੇਰ ’ਚ ਹੀ ਉਸਨੂੰ ਪੀਲੇ ਧੱਬਿਆਂ ਵਾਲੀ ਉਸਦੀ ਪਿੱਠ ਨਜ਼ਰ ਆਈ।

ਸ਼ਿਕਾਰ ਸ਼ੁਰੂ ਹੋ ਗਿਆ ਸੀ।

ਵੱਡੇ-ਵੱਡੇ ਦਰੱਖਤਾਂ ਦੀਆਂ ਨੁਕੀਲੀਆਂ ਚੋਟੀਆਂ ਅਸਮਾਨ ਛੂਹ ਰਹੀਆਂ ਸਨ। ਫਰੀਲੀਆਂ ਟਹਿਣੀਆਂ ਇਕ ਦੂਸਰੇ ’ਚ ਲਿਪਟੀਆਂ ਹੋਈਆਂ ਸਨ ਤੇ ਉਹਨਾਂ ਨਾਲ ਸ਼ਿਕਾਰੀ ਦੇ ਸਿਰ ਉਪਰ ਅਦੁੱਤੀ ਛੱਤ ਬਣੀ ਹੋਈ ਸੀ, ਜਿਨ੍ਹਾਂ ਵਿੱਚੋਂ ਕਿਤਿਓਂ-ਕਿਤਿਓਂ ਹੀ ਸੂਰਜ ਦੀਆਂ ਕਿਰਣਾਂ ਚਮਕਦੀਆਂ ਛਣਦੀਆਂ ਆ ਰਹੀਆਂ ਸਨ ਅਤੇ ਪੀਲੀ ਜਿਹੀ ਕਾਈ ਉਤੇ ਸੁਨਹਿਰਾ ਚਕਤਾ ਬਣਾਉਂਦੀਆਂ ਸਨ ਜਾਂ ਫਰੰਡ ਦੇ ਚੌੜੇ ਪੱਤਿਆਂ ਨੂੰ ਚਮਕਾ ਰਹੀਆਂ ਸਨ।

ਕੁਝ ਘੰਟੇ ਸ਼ਿਕਾਰੀ ਇਸ ਜੰਗਲ ’ਚ ਭਟਕਦਾ ਰਿਹਾ। ਲੀਸਕੋ ਤਾਂ ਜਿਵੇਂ ਧਰਤੀ ’ਚ ਸਮਾ ਗਿਆ ਸੀ। ਬਸ, ਕਦੇਂ-ਕਦਾਈਂ ਹੀ ਪੈਰ ਟਹਿਣੀ ਤਿੜਕਦੀ ਜਾਂ ਕੋਈ ਚਟਕੀਲਾ ਚੱਕੀਰਾਹਾ ਇਕ ਰੁੱਖ ਤੋਂ ਉੱਡ ਦੂਜੇ ’ਤੇ ਜਾ ਬੈਠਦਾ। ਯੇਮੇਲਿਆ ਬੜੇ ਧਿਆਨ ਨਾਲ ਸਭ ਕੁਝ ਵੇਖ ਰਿਹਾ ਸੀ : ਕਿਤੇ ਕੋਈ ਨਿਸ਼ਾਨੀ ਤਾਂ ਨਹੀਂ, ਹਿਰਨ ਆਪਣੇ ਸਿੰਗਾਂ ਨਾਲ ਕੋਈ ਟਹਿਣੀ ਤਾਂ ਨਹੀਂ ਸੀ ਤੋੜ ਗਿਆ, ਕਾਈ ’ਤੇ ਕਿਤੇ ਖੁਰਾਂ ਦੇ ਨਿਸ਼ਾਨ ਤਾਂ ਨਹੀਂ। ਜੰਗਲ ’ਚ ਕਿਤੇ-ਕਿਤੇ ਕਾਈ ਵਿੱਚ ਜ਼ਮੀਨ ਉਭਰੀ ਹੋਈ ਸੀ ਤੇ ਇਹਨਾਂ ਉਭਾਰਾਂ ’ਤੇ ਘਾਹ ਉੱਗਦੀ ਸੀ। ਯੇਮੇਲਿਆ ਵੇਖ ਰਿਹਾ ਸੀ ਕਿ ਕਿਤੇ

ਇਹ ਘਾਹ ਕਿਤਿਓਂ ਮਿੱਧੀ ਹੋਈ ਹੈ ਕਿ ਨਹੀਂ। ਹਨੇਰਾ ਛਾਉਣ ਲੱਗਾ ਸੀ। ਬੁੱਢੇ ਨੂੰ ਥਕਾਵਟ ਮਹਿਸੂਸ ਹੋਣ ਲੱਗੀ। ਰਾਤ ਕੱਟਣ ਦਾ ਵੀ ਕੋਈ ਇੰਤਜ਼ਾਮ ਕਰਨਾ ਸੀ। "ਸ਼ਾਇਦ ਹਿਰਨਾਂ ਨੂੰ ਸਾਰੇ ਸ਼ਿਕਾਰੀਆਂ ਨੇ ਡਰਾ ਦਿੱਤਾ ਸੀ," ਯੇਮੇਲਿਆ ਸੋਚ ਰਿਹਾ ਸੀ। ਪਰ ਤਦੇ ਲੀਸਕੋ ਦੇ ਹਲਕੀ ਜਿਹੀ ਕੂਕਣ ਦੀ ਅਵਾਜ਼ ਸੁਣਾਈ ਦਿੱਤੀ, ਤੇ ਅੱਗੇ ਕਿਤਿਓਂ ਟਹਿਣੀਆਂ ਤਿੜਕੀਆਂ। ਯੇਮੇਲਿਆ ਰੁੱਖ ਦੇ ਤਣੇ ਨਾਲ ਸਿਮਟ ਕੇ ਖੜ੍ਹਾ ਹੋ ਗਿਆ ਅਤੇ ਇੰਤਜ਼ਾਰ ਕਰਨ ਲੱਗਾ।

ਇਹ ਹਿਰਨ ਹੀ ਸੀ। ਦਸ ਸਿੰਗਾਂ ਵਾਲਾ ਸੋਹਣਾ ਹਿਰਨ, ਸਾਰੇ ਜੰਗਲੀ ਜਾਨਵਰਾਂ ਵਿੱਚੋਂ ਸਭ ਤੋਂ ਸ਼ਾਨਦਾਰ ਜੀਵ। ਉਸਨੇ ਆਪਣੇ ਸਿੰਗਾਂ ਨੂੰ ਪਿੱਠ 'ਤੇ ਲਗਾਇਆ ਅਤੇ ਧਿਆਨ ਨਾਲ ਸੁਨਣ ਲੱਗਾ, ਹਵਾ ਨੂੰ ਸੁੰਘਣ ਲੱਗਾ, ਤਾਂਕਿ ਪਲਕਾਂ ਝਪਕਦਿਆਂ ਹੀ ਬਿਜਲੀ ਵਾਂਗ ਹਰੇ ਝੁਰਮਟ 'ਚ ਗਾਇਬ ਹੋ ਜਾਵੇ।

ਬੁੱਢੇ ਯੇਮੇਲਿਆ ਨੇ ਹਿਰਨ ਨੂੰ ਵੇਖ ਲਿਆ, ਪਰ ਉਹ ਬਹੁਤ ਦੂਰ ਸੀ : ਗੋਲੀ ਉਥੇ ਨਹੀਂ ਪਹੁੰਚੇਗੀ। ਲੀਸਕੋ ਝੁਰਮਟ 'ਚ ਲੇਟਿਆ ਹੋਇਆ, ਸਾਹ ਰੋਕੀ ਗੋਲੀ ਚੱਲਣ ਦੀ ਉਡੀਕ ਕਰ ਰਿਹਾ ਸੀ ; ਉਸਦੀਆਂ ਨਾਸਾਂ 'ਚ ਹਿਰਨ ਦੀ ਮਹਿਕ ਸੀ।

ਗੋਲੀ ਚੱਲੀ ਅਤੇ ਹਿਰਨ ਤੀਰ ਵਾਂਗ ਭੱਜ ਗਿਆ। ਯੇਮੇਲਿਆ ਦਾ ਨਿਸ਼ਾਨਾ ਖੁੰਝ ਗਿਆ, ਲੀਸਕੋ ਭੁੱਖ ਨਾਲ ਹੂਕ ਪਿਆ। ਵਿਚਾਰੇ ਕੁੱਤੇ ਨੂੰ ਹਿਰਨ ਦੇ ਭੁੰਨੇ ਮਾਸ ਦੀ ਮਹਿਕ ਆ ਰਹੀ ਸੀ, ਵੱਡੀ ਸਾਰੀ ਹੱਡੀ ਦਿਖਾਈ ਦੇ ਰਹੀ ਸੀ, ਜਿਹੜਾ ਮਾਲਕ ਉਸਨੂੰ ਦੇਵੇਗਾ, ਪਰ ਇਸ ਦੀ ਬਿਜਾਏ ਉਸਨੂੰ ਭੁੱਖਿਆਂ ਸੌਣਾ ਪੈ ਰਿਹਾ ਸੀ। ਬੜੀ ਮਾੜੀ ਗੱਲ ਸੀ।

"ਚਲੋ, ਮੌਜ ਲੈਣ ਦਿਓ ਉਸਨੂੰ ... ਸਾਨੂੰ ਤਾਂ ਹਿਰਨੌਟਾ ਚਾਹੀਦਾ ਹੈ ... ਸੁਣਿਆ ਤੂੰ, ਲੀਸਕੋ?" ਰਾਤ ਨੂੰ ਸੌ ਸਾਲ ਪੁਰਾਣੇ ਰੁੱਖ ਹੇਠ ਅੱਗ ਕੋਲ ਬੈਠਾ ਯੇਮੇਲਿਆ ਕਹਿ ਰਿਹਾ ਸੀ।

ਕੁੱਤਾ ਆਪਣੀ ਬੂਥੀ ਅਗਲੇ ਪੰਜਿਆਂ 'ਤੇ ਰੱਖੀ ਪੂਛ ਹਿਲਾ ਰਿਹਾ ਸੀ। ਉਸਦੀ ਕਿਸਮਤ 'ਚ ਅੱਜ ਬਸ ਰੋਟੀ ਦਾ ਸੁੱਕਾ ਟੁਕੜਾ ਹੀ ਲਿਖਿਆ ਸੀ, ਜਿਹੜਾ ਯੇਮੇਲਿਆ ਨੇ ਉਸਨੂੰ ਦਿੱਤਾ।

## 3.

ਤਿੰਨ ਦਿਨ ਯੇਮੇਲਿਆ ਜੰਗਲ 'ਚ ਭਟਕਦਾ ਰਿਹਾ ਤੇ ਸਭ ਵਿਅਰਥ। ਹਿਰਨੌਟੇ ਸਮੇਤ ਹਿਰਨ ਉਸਦੀ ਨਜ਼ਰ 'ਚ ਨਹੀਂ ਆਏ। ਬੁੱਢੇ ਨੂੰ ਲੱਗ ਰਿਹਾ ਸੀ ਕਿ ਉਸ ਵਿੱਚ ਹੋਰ ਹਿੰਮਤ ਨਹੀਂ ਰਹੀ, ਪਰ ਖਾਲੀ ਹੱਥ ਘਰ ਪਰਤਣ ਦਾ ਹੌਸਲਾ ਵੀ ਨਹੀਂ ਕਰ ਪਾ ਰਿਹਾ ਸੀ, ਹਾਲਾਂਕਿ ਦੋ-ਇਕ ਖਰਗੋਸ਼ ਉਸਨੇ ਫੜ ਲਏ ਸਨ।

ਤੀਸਰੀ ਰਾਤ ਵੀ ਉਹਨਾਂ ਨੂੰ ਜੰਗਲ 'ਚ ਅੱਗ ਕੋਲ ਕੱਟਣੀ ਪੈ ਰਹੀ ਸੀ। ਸੁਪਨੇ 'ਚ ਵੀ ਬੁੱਢੇ ਯੇਮੇਲਿਆ ਨੂੰ ਪੀਲਾ ਜਿਹਾ ਹਿਰਨੌਟਾ ਦਿਖਿਆ ਸੀ, ਜਿਵੇਂ ਗ੍ਰਿਸ਼ੁਕ ਨੇ ਲਿਆਉਣ ਲਈ ਕਿਹਾ ਸੀ ; ਬੁੱਢਾ ਦੇਰ ਤੱਕ ਨਿਸ਼ਾਨਾ ਲਾਉਂਦਾ ਰਿਹਾ, ਪਰ ਹਰ ਵਾਰ ਹਿਰਨ ਭੱਜ ਜਾਂਦਾ। ਲੀਸਕੋ ਨੂੰ ਵੀ ਸ਼ਾਇਦ ਹਿਰਨ ਦਿੱਖ ਰਹੇ ਸਨ, ਉਹ ਕਈ ਵਾਰ ਚੀਕਿਆ ਸੀ ਅਤੇ ਭੌਂਕਣ ਲੱਗਾ ਸੀ।

ਚੌਥੇ ਦਿਨ ਜਦੋਂ ਸ਼ਿਕਾਰੀ ਅਤੇ ਕੁੱਤਾ ਬਿਲਕੁਲ ਨਿਢਾਲ ਹੋ ਗਏ ਸਨ, ਅਚਾਨਕ ਹੀ ਉਹਨਾਂ

ਨੂੰ ਹਿਰਨ ਅਤੇ ਹਿਰਨੌਟੇ ਦੇ ਨਿਸ਼ਾਨ ਮਿਲ ਗਏ। ਉਹ ਪਹਾੜ ਦੀ ਢਲਾਨ ਉਤੇ ਦੇਵਦਾਰ ਦੇ ਸੰਘਣੇ ਝੁਰਮਟ ਵਿੱਚ ਸਨ। ਸਭ ਤੋਂ ਪਹਿਲਾਂ ਤਾਂ ਲੀਸਕੋ ਨੇ ਉਹ ਜਗ੍ਹਾ ਲੱਭੀ, ਜਿਥੇ ਹਿਰਨ ਨੇ ਰਾਤ ਕੱਟੀ ਸੀ ਤੇ ਫਿਰ ਘਾਹ 'ਚ ਖੁਰ ਵੀ ਸੁੰਘੇ ਸਨ।

"ਹਿਰਨੀ ਅਤੇ ਹਿਰਨੌਟਾ ਹਨ," ਘਾਹ ਉੱਤੇ ਛੋਟੇ ਅਤੇ ਵੱਡੇ ਖੁਰ ਵੇਖਦਿਆਂ ਯੇਮੇਲਿਆ ਸੋਚ ਰਿਹਾ ਸੀ। "ਅੱਜ ਸਵੇਰੇ ਇਥੇ ਹੀ ਸਨ ... ਲੀਸਕੋ, ਲੱਭ, ਭਰਾਵਾ, ਲੱਭ ..."

ਚਿਲਕਦੀ ਧੁੱਪ ਸੀ, ਹਵਾ 'ਚ ਤਪਸ਼ ਸੀ। ਕੁੱਤਾ ਜੀਭ ਬਾਹਰ ਕੱਢੀ ਝਾੜੀਆਂ ਅਤੇ ਘਾਹ ਸੁੰਘ ਰਿਹਾ ਸੀ ; ਯੇਮੇਲਿਆ ਮੁਸ਼ਕਲ ਨਾਲ ਲੱਤਾਂ ਘਸੀਟ ਰਿਹਾ ਸੀ। ਅਚਾਨਕ ਜਾਣੀ-ਪਹਿਚਾਣੀ ਸਰਸਰਾਹਟ ਸੁਣਾਈ ਦਿੱਤੀ। ਲੀਸਕੋ ਘਾਹ 'ਤੇ ਲੇਟ ਗਿਆ, ਜਰਾ ਵੀ ਹਿਲ-ਜੁਲ ਨਹੀਂ ਰਿਹਾ ਸੀ। ਯੇਮੇਲਿਆ ਦੇ ਕੰਨਾਂ 'ਚ ਪੋਤੇ ਦੇ ਸ਼ਬਦ ਗੂੰਜ ਰਹੇ ਸਨ : "ਹਿਰਨੌਟਾ ਲਿਆਵੀਂ ...ਪੀਲਾ ਹਿਰਨੌਟਾ ਹੋਵੇ।" ਉਹ ਹੈ ਹਿਰਨੀ। ਕਿੰਨੀ ਸੋਹਣੀ ਸੀ ਹਿਰਨੀ। ਉਹ ਜੰਗਲ ਦੇ ਕਿਨਾਰੇ ਖੜ੍ਹੀ ਸੀ ਅਤੇ ਡਰੀ ਹੋਈ ਯੇਮੇਲਿਆ ਵੱਲ ਵੇਖ ਰਹੀ। ਕੀਟ-ਪਤੰਗੇ ਉਸ ਉਪਰ ਮੰਡਰਾ ਰਹੇ ਸਨ, ਜਿਸ ਨਾਲ ਬਾਰ-ਬਾਰ ਕੰਬ ਜਾਂਦੀ ਸੀ।

"ਨਹੀਂ ਤੂੰ ਮੈਨੂੰ ਧੋਖਾ ਨਹੀਂ ਦੇ ਸਕੇਂਗੀ," ਯੇਮੇਲਿਆ ਆਪਣੇ ਘੇਰੇ ਵਿੱਚੋਂ ਬਾਹਰ ਨਿਕਲਦਿਆਂ ਸੋਚ ਰਿਹਾ ਸੀ।

ਹਿਰਨੀ ਨੂੰ ਪਹਿਲਾਂ ਹੀ ਸ਼ਿਕਾਰੀ ਦੀ ਗੰਧ ਆ ਚੁੱਕੀ ਸੀ, ਪਰ ਉਹ ਨਿਡਰ ਹੋ ਕੇ ਉਸਦੀਆਂ ਹਰਕਤਾਂ ਨੂੰ ਵੇਖੀ ਜਾ ਰਹੀ ਸੀ।

"ਮੈਨੂੰ ਹਿਰਨੌਟੇ ਤੋਂ ਦੂਰ ਲੈ ਜਾਣਾ ਚਾਹੁੰਦੀ ਹੈ," ਰੀਂਗ-ਰੀਂਗ ਕੇ ਉਸ ਕੋਲ ਜਾਂਦਿਆਂ ਯੇਮੇਲਿਆ ਦੇ ਮਨ 'ਚ ਆਇਆ।

ਬੁੱਢਾ ਨਿਸ਼ਾਨਾ ਬੰਨ੍ਹਣਾ ਹੀ ਚਾਹੁੰਦਾ ਸੀ ਕਿ ਹਿਰਨੀ ਸਾਵਧਾਨੀ ਨਾਲ ਥੋੜ੍ਹੀ ਦੂਰ ਭੱਜ ਗਈ ਅਤੇ ਫਿਰ ਖੜ੍ਹੀ ਹੋ ਗਈ। ਯੇਮੇਲਿਆ ਫਿਰ ਆਪਣੀ ਬੰਦੂਕ ਨਾਲ ਰੀਂਗਣ ਲੱਗਾ। ਫਿਰ ਉਹ ਹੌਲੀ-ਹੌਲੀ ਹਿਰਨੀ ਕੋਲ ਪਹੁੰਚਿਆ ਅਤੇ ਜਿਵੇਂ ਹੀ ਉਸਨੇ ਗੋਲੀ ਚਲਾਈ, ਹਿਰਨੀ ਭੱਜ ਗਈ।

ਕਈ ਘੰਟਿਆਂ ਤੱਕ ਯੇਮੇਲਿਆ ਬੜੇ ਧੀਰਜ ਨਾਲ ਹਿਰਨੀ ਦਾ ਪਿੱਛਾ ਕਰਦਾ ਰਿਹਾ। ਉਹ ਬੁੜਬੁੜਾ ਰਿਹਾ ਸੀ : "ਨਹੀਂ ਤੂੰ ਹਿਰਨੌਟੇ ਤੋਂ ਦੂਰ ਨਹੀਂ ਜਾ ਪਾਵੇਂਗੀ।"

ਮਨੁੱਖ ਅਤੇ ਜਾਨਵਰ ਦਾ ਇਹ ਟਕਰਾਅ ਸ਼ਾਮ ਤੱਕ ਚਲਦਾ ਰਿਹਾ। ਸ਼ਿਕਾਰੀ ਨੂੰ ਲੁਕੇ ਬੈਠੇ ਹਿਰਨੌਟੇ ਤੋਂ ਦੂਰ ਲੈ ਜਾਣ ਦੀ ਕੋਸ਼ਿਸ਼ 'ਚ ਮਾਂ ਨੇ ਦਸ ਵਾਰ ਆਪਣੀ ਜਾਨ ਖਤਰੇ 'ਚ ਪਾਈ। ਯੇਮੇਲਿਆ ਨੂੰ ਆਪਣੇ ਸ਼ਿਕਾਰ ਦੀ ਇਸ ਨਿਡਰਤਾ 'ਤੇ ਗੁੱਸਾ ਵੀ ਆ ਰਿਹਾ ਸੀ ਅਤੇ ਹੈਰਾਨੀ ਵੀ ਹੋ ਰਹੀ ਸੀ। ਆਖਰ ਬਚ ਕੇ ਤਾਂ ਉਹ ਜਾ ਨਹੀਂ ਪਾਵੇਗੀ ... ਕਿੰਨੀ ਵਾਰ ਉਸਨੇ ਇਸ ਤਰ੍ਹਾਂ ਆਪਣੀ ਬਲੀ ਦੇਂਦੀ ਹਿਰਨੀ ਨੂੰ ਮਾਰਿਆ ਸੀ! ਲੀਸਕੋ ਪਰਛਾਵੇਂ ਵਾਂਗ ਆਪਣੇ ਮਾਲਕ ਦੇ ਪਿੱਛੇ-ਪਿੱਛੇ ਰੀਂਗ ਰਿਹਾ ਸੀ, ਤੇ ਹਿਰਨ ਜਦੋਂ ਨਜ਼ਰਾਂ ਤੋਂ ਬਿਲਕੁਲ ਅਲੋਪ ਹੋ ਗਿਆ, ਤਾਂ ਹੌਲੀ ਜਿਹੀ ਆਪਣੀ ਗਰਮ ਨੱਕ ਉਸਦੀ ਲੱਤ 'ਤੇ ਮਾਰੀ।

ਬੁੱਢੇ ਨੇ ਮੁੜ ਕੇ ਵੇਖਿਆ ਤੇ ਫੌਰਨ ਹੇਠਾਂ ਨੂੰ ਝੁਕ ਗਿਆ। ਉਸਤੋਂ ਕੋਈ ਵੀਹ ਕੁ ਗਜ਼

ਦੂਰ ਝਾੜੀ ਹੇਠ ਉਹੀ ਪੀਲਾ ਹਿਰਨੌਟਾ ਖੜ੍ਹਾ ਸੀ, ਜਿਸਦੀ ਖੋਜ 'ਚ ਉਹ ਤਿੰਨ ਦਿਨ ਤੋਂ ਭਟਕ ਰਿਹਾ ਸੀ। ਬੜਾ ਪਿਆਰਾ ਹਿਰਨੌਟਾ ਸੀ, ਕੁਝ ਕੁ ਹਫਤਿਆਂ ਦਾ — ਪੀਲੀ-ਪੀਲੀ ਲੂੰਈ ਅਤੇ ਪਤਲੀਆਂ ਲੱਤਾਂ, ਪਿੱਛੇ ਨੂੰ ਉਠਿਆ ਹੋਇਆ ਸੋਹਣਾ ਸਿਰ, ਤੇ ਜਦੋਂ ਉਹ ਉਪਰਲੀ ਟਹਿਣੀ ਨੂੰ ਫੜਣਾ ਚਾਹੁੰਦਾ ਸੀ ਤਾਂ ਆਪਣੀ ਲਚਕੀਲੀ ਗਰਦਨ ਖਿੱਚਦਾ।

ਸ਼ਿਕਾਰੀ ਦੇ ਦਿਲ ਦੀ ਧੜਕਣ ਜਿਵੇਂ ਰੁੱਕ ਗਈ ਸੀ, ਉਸਨੇ ਬੰਦੂਕ ਦਾ ਘੋੜਾ ਦੱਬਿਆ ਤੇ ਨੰਨ੍ਹੇ, ਲਾਚਾਰ ਜੀਵ 'ਤੇ ਨਿਸ਼ਾਨਾ ਸੇਧਿਆ ...

ਬਸ ਇਕ ਪਲ ਹੋਰ, ਤੇ ਨੰਨ੍ਹਾ ਹਿਰਨੌਟਾ ਅੰਤਮ ਚੀਖ ਨਾਲ ਘਾਹ 'ਤੇ ਲੁੜਕ ਜਾਂਦਾ, ਪਰ ਉਸੇ ਪਲ ਸ਼ਿਕਾਰੀ ਨੂੰ ਯਾਦ ਆਇਆ ਕਿ ਕਿੰਨੀ ਵੀਰਤਾ ਨਾਲ ਉਸਦੀ ਮਾਂ ਉਸਦੀ ਰੱਖਿਆ ਕਰ ਰਹੀ ਸੀ, ਇਹ ਵੀ ਯਾਦ ਆਇਆ ਕਿ ਕਿਵੇਂ ਉਸਦੇ ਗ੍ਰਿਸ਼ੁਕ ਦੀ ਮਾਂ ਨੇ ਆਪਣੀ ਜਾਨ ਦੇ ਕੇ ਆਪਣੇ ਬੇਟੇ ਨੂੰ ਭੇੜੀਆਂ ਦਾ ਨਿਵਾਲਾ ਹੋਣ ਤੋਂ ਬਚਾਇਆ ਸੀ। ਯੇਮੇਲਿਆ ਦੇ ਦਿਲ 'ਤੇ ਚੋਟ ਜਿਹੀ ਲੱਗੀ, ਤੇ ਉਸਨੇ ਬੰਦੂਕ ਥੱਲੇ ਕਰ ਲਈ। ਹਿਰਨੌਟਾ ਪਹਿਲਾਂ ਵਾਂਗ ਹੀ ਝਾੜੀ ਕੋਲ ਟਹਿਲ ਰਿਹਾ ਸੀ, ਪੱਤੀਆਂ ਨੋਚ ਰਿਹਾ ਸੀ ਤੇ ਜਰਾ ਜਿਹੀ ਆਹਟ ਸੁਣ ਕੇ ਸੁਚੇਤ ਹੋ ਰਿਹਾ ਸੀ। ਯੇਮੇਲਿਆ ਨੇ ਜਲਦੀ ਨਾਲ ਖੜ੍ਹੇ ਹੋ ਕੇ ਸੀਟੀ ਵਜਾਈ, ਨੰਨ੍ਹਾ ਹਿਰਨੌਟਾ ਝਾੜੀਆਂ 'ਚ ਗਾਇਬ ਹੋ ਗਿਆ।

"ਵਾਹ, ਕਿਵੇਂ ਦੌੜਦਾ ਹੈ," ਬੁੱਢਾ ਕਹਿ ਰਿਹਾ ਸੀ ਅਤੇ ਕੁਝ ਸੋਚਦਿਆਂ ਮੁਸਕੁਰਾ ਰਿਹਾ ਸੀ। "ਤੀਰ ਵਾਂਗ ਉੱਡ ਗਿਆ... ਵੇਖਿਆ, ਲੀਸਕੋ, ਭੱਜ ਗਿਆ ਸਾਡਾ ਹਿਰਨੌਟਾ! ਠੀਕ ਹੈ, ਅਜੇ ਤਾਂ ਉਸਨੇ ਵੱਡਾ ਹੋਣਾ ਹੈ... ਵੇਖ ਤਾਂ, ਕਿੰਨਾ ਫੁਰਤੀਲਾ ਹੈ!"

ਬੁੱਢਾ ਦੇਰ ਤੱਕ ਇਕ ਹੀ ਜਗ੍ਹਾ 'ਤੇ ਖੜ੍ਹਾ ਮੁਸਕਰਾਉਂਦਾ ਰਿਹਾ, ਹਿਰਨੌਟੇ ਨੂੰ ਯਾਦ ਕਰਦਾ ਰਿਹਾ।

ਦੂਸਰੇ ਦਿਨ ਯੇਮੇਲਿਆ ਆਪਣੇ ਘਰ ਪਰਤਿਆ।

"ਦਾਦੇ ...ਹਿਰਨੌਟਾ ਲਿਆਉਂਦਾ?" ਗ੍ਰਿਸ਼ੁਕ ਨੇ ਪੁੱਛਿਆ, ਜੋ ਬੜੀ ਬੇਸਬਰੀ ਨਾਲ ਦਾਦੇ ਦੇ ਪਰਤਣ ਦੀ ਉਡੀਕ ਕਰ ਰਿਹਾ ਸੀ।

"ਨਹੀਂ, ਗ੍ਰਿਸ਼ੁਕ, ਪਰ ਮੈਂ ਵੇਖਿਆ ਸੀ ਉਸਨੂੰ!"

"ਪੀਲਾ ਸੀ?"

"ਹਾਂ, ਪੀਲਾ-ਪੀਲਾ, ਅਤੇ ਥੁਥਨੀ ਕਾਲੀ। ਝਾੜੀ ਥੱਲੇ ਪੱਤੀਆਂ ਨੋਚ ਰਿਹਾ ਸੀ, ਮੈਂ ਨਿਸ਼ਾਨਾ ਸਾਧਿਆ ..."

"ਅਤੇ ਖੁੰਝ ਗਿਆ ..."

"ਖੁੰਝ ਗਏ?"

"ਨਹੀਂ, ਗ੍ਰਿਸ਼ੁਕ : ਮੈਨੂੰ ਤਰਸ ਆ ਗਿਆ ਨੰਨ੍ਹੇ ਹਿਰਨੌਟੇ 'ਤੇ, ਹਿਰਨੀ 'ਤੇ। ਮੈਂ ਸੀਟੀ ਵਜਾਈ ਤੇ ਹਿਰਨੌਟਾ ਚੁੰਗੀਆਂ ਭਰਦਾ ਝਾੜੀਆਂ 'ਚ ਗਾਇਬ ਹੋ ਗਿਆ। ਭੱਜ ਗਿਆ ਕੰਬਖਤ ..."

ਬੁੱਢਾ ਯੇਮੇਲਿਆ ਬੜੀ ਦੇਰ ਤੱਕ ਪੋਤੇ ਨੂੰ ਇਹ ਦੱਸਦਾ ਰਿਹਾ ਕਿ ਕਿਵੇਂ ਉਹ ਤਿੰਨ ਦਿਨ ਤੱਕ

ਹਿਰਨੌਟੇ ਨੂੰ ਲੱਭਦਾ ਰਿਹਾ ਤੇ ਕਿਵੇਂ ਉਹ ਉਸਤੋਂ ਬੱਚ ਕੇ ਭੱਜ ਗਿਆ। ਮੁੰਡਾ ਸੁਣਦਾ ਰਿਹਾ ਅਤੇ ਬੁੱਢੇ ਦਾਦੇ ਨਾਲ ਖੁਲ੍ਹ ਕੇ ਹੱਸਦਾ ਰਿਹਾ।

"ਮੈਂ ਤੇਰੇ ਲਈ ਜੰਗਲੀ ਮੁਰਗਾ ਲਿਆਇਆ ਹਾਂ, ਗ੍ਰਿਸ਼ੁਕ," ਕਹਾਣੀ ਖਤਮ ਕਰਦਿਆਂ ਗ੍ਰਿਸ਼ੁਕ ਨੇ ਕਿਹਾ। "ਇਹਨਾਂ ਨੂੰ ਮੈਂ ਨਾ ਮਾਰਦਾ, ਤਾਂ ਭੇੜੀਏ ਖਾ ਜਾਂਦੇ।"

ਜੰਗਲੀ ਮੁਰਗੇ ਨੂੰ ਛਿੱਲ-ਛਲ ਕੇ ਸਾਫ ਕੀਤਾ ਗਿਆ ਅਤੇ ਪਤੀਲੇ 'ਚ ਪਾ ਦਿੱਤਾ ਗਿਆ। ਮੁੰਡੇ ਨੇ ਖੁਸ਼ੀ-ਖੁਸ਼ੀ ਸੂਪ ਪੀਤਾ। ਸੌਣ ਤੋਂ ਪਹਿਲਾਂ ਉਸਨੇ ਕਈ ਵਾਰ ਦਾਦੇ ਨੂੰ ਪੁੱਛਿਆ :

"ਦਾਦੇ, ਹਿਰਨੌਟਾ ਭੱਜ ਗਿਆ?"

"ਹਾਂ, ਬੇਟੇ, ਭੱਜ ਗਿਆ ..."

"ਪੀਲਾ ਸੀ?"

"ਹਾਂ, ਸਾਰਾ ਪੀਲਾ-ਪੀਲਾ ਸੀ, ਬਸ ਥੁਥਨੀ ਅਤੇ ਖੁਰ ਕਾਲੇ ਸਨ।"

ਇਹ ਸਭ ਸੁਣਦੇ-ਸੁਣਦੇ ਹੀ ਬੱਚਾ ਸੌਂ ਗਿਆ ਅਤੇ ਸਾਰੀ ਰਾਤ ਉਸਨੂੰ ਸੁਪਨੇ 'ਚ ਨੰਨ੍ਹਾ ਜਿਹਾ ਹਿਰਨੌਟਾ ਦਿਖਾਈ ਦੇਂਦਾ ਰਿਹਾ, ਜੋ ਜੰਗਲ 'ਚ ਆਪਣੀ ਮਾਂ ਨਾਲ ਘੁੰਮ ਰਿਹਾ ਸੀ ; ਬੁੱਢਾ ਵੀ ਸੌਂ ਰਿਹਾ ਸੀ ਅਤੇ ਨੀਂਦ 'ਚ ਮੁਸਕੁਰਾ ਰਿਹਾ ਸੀ।

*

ਨਿਕੋਲੇਈ ਤੇਲੇਸ਼ੋਵ

# ਘਰ ਦੀ ਲਲ੍ਹਕ



ਗਰਮੀਆਂ ਦੀ ਰੌਸ਼ਨ ਰਾਤ ਸੀ। ਚਾਂਦਨੀ 'ਚ ਜੀਵਨ ਦੀ ਉਮੰਗ ਸੀ ਅਤੇ ਸਹਿਜ ਸ਼ਾਂਤੀ : ਖੇਤਾਂ-ਮੈਦਾਨਾਂ ਅਤੇ ਸੜਕਾਂ 'ਤੇ ਉਹ ਚਾਂਦੀ ਵਰ੍ਹਾ ਰਹੀ ਸੀ, ਜੰਗਲ ਨੂੰ ਆਪਣੀਆਂ ਕਿਰਨਾਂ ਨਾਲ ਵਿੰਨ੍ਹ ਰਹੀ ਸੀ ਅਤੇ ਨਦੀਆਂ 'ਚ ਸੋਨਾ ਘੋਲ ਰਹੀ ਸੀ ...ਇਸੇ ਰਾਤ ਬੈਰਕ ਦੇ ਦਰਵਾਜ਼ੇ 'ਚੋਂ ਦਸ-ਗਿਆਰਾਂ ਸਾਲ ਦਾ, ਘੁੰਗਰਾਲੇ ਵਾਲਾਂ ਅਤੇ ਪੀਲੇ ਚਿਹਰੇ ਵਾਲਾ ਇਕ ਮੁੰਡਾ — ਸਿਓਮਕਾ ਚੁੱਪਚਾਪ ਬਾਹਰ ਨਿਕਲਿਆ। ਉਸਨੇ ਇਧਰ-ਉਧਰ ਨਿਗ੍ਹਾ ਮਾਰੀ, ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ ਤੇ ਅਚਾਨਕ ਸਿਰ 'ਤੇ ਪੈਰ ਰੱਖ ਉਸ ਮੈਦਾਨ ਵੱਲ ਭੱਜਿਆ, ਜਿਥੋਂ "ਰੂਸ ਦੀ ਸੜਕ" ਸ਼ੁਰੂ ਹੁੰਦੀ ਸੀ। ਮੁੰਡੇ ਨੂੰ ਡਰ ਸੀ ਕਿ ਉਸਦਾ ਪਿੱਛਾ ਕੀਤਾ ਜਾਵੇਗਾ, ਇਸ ਲਈ ਉਹ ਮੁੜ ਕੇ ਵਾਰ-ਵਾਰ ਵੇਖ ਰਿਹਾ, ਪਰ ਕੋਈ ਉਸਦੇ ਪਿੱਛੇ ਨਹੀਂ ਦੌੜ ਰਿਹਾ ਸੀ। ਮੁੰਡਾ ਸਹੀ-ਸਲਾਮਤ ਪਹਿਲਾਂ ਮੈਦਾਨ ਤੱਕ ਅਤੇ ਫਿਰ ਵੱਡੀ ਸੜਕ ਤੱਕ ਪਹੁੰਚ ਗਿਆ। ਇਥੇ ਉਹ ਰੁਕਿਆ, ਥੋੜ੍ਹੀ ਦੇਰ ਤੱਕ ਸੋਚਦਾ ਰਿਹਾ ਅਤੇ ਫਿਰ ਹੌਲੀ-ਹੌਲੀ ਸੜਕ ਦੇ ਕਿਨਾਰੇ-ਕਿਨਾਰੇ ਚੱਲਣ ਲੱਗਾ।

ਉਹ ਉਹਨਾਂ ਬੇਸਹਾਰਾ ਬੱਚਿਆਂ 'ਚੋਂ ਇਕ ਸੀ, ਜਿਹੜੇ ਸਾਇਬੇਰੀਆ 'ਚ ਵਸਾਏ ਜਾ ਰਹੇ

ਕਿਸਾਨਾਂ ਦੇ ਪਿੱਛੇ ਅਨਾਥ ਰਹਿ ਜਾਂਦੇ ਹਨ। ਉਸਦੇ ਮਾਂ-ਬਾਪ ਰਸਤੇ 'ਚ ਟਾਈਫਾਈਡ ਨਾਲ ਮਰ ਗਏ ਸਨ ਅਤੇ ਸਿਓਮਕਾ ਬੇਗਾਨੇ ਲੋਕਾਂ 'ਚ ਇਕੱਲਾ ਰਹਿ ਗਿਆ ਸੀ। ਇਥੋਂ ਦਾ ਸੁਭਾਅ ਵੀ ਉਸਦੀ ਜਨਮਭੂਮੀ ਤੋਂ ਬਿਲਕੁਲ ਵੱਖਰਾ ਸੀ। ਉਸਨੂੰ ਯਾਦ ਸੀ ਕਿ ਉਸਦੀ ਜਨਮਭੂਮੀ 'ਚ ਪੱਥਰ ਦਾ ਗਿਰਜਾ ਹੈ, ਪੌਣ-ਚੱਕੀਆਂ ਹਨ, ਉਜ਼ਯੁਪਕਾ ਨਦੀ ਹੈ, ਜਿਥੇ ਉਹ ਆਪਣੇ ਦੋਸਤਾਂ ਨਾਲ ਨਹਾਇਆ ਕਰਦਾ ਸੀ ਅਤੇ ਬੇਲੇ ਨਾਮ ਦਾ ਪਿੰਡ ਹੈ। ਪਰ ਇਹ ਜਨਮਭੂਮੀ, ਇਹ ਪਿੰਡ ਅਤੇ ਨਦੀ ਕਿਥੇ ਹਨ, ਇਹ ਸਭ ਉਸ ਲਈ ਓਨਾ ਹੀ ਵੱਡਾ ਰਹੱਸ ਸੀ, ਜਿੰਨੀ ਕਿ ਇਹ ਥਾਂ, ਜਿਥੇ ਉਹ ਹੁਣ ਸੀ। ਉਸਨੂੰ ਬਸ ਇਕ ਗੱਲ ਯਾਦ ਸੀ ਕਿ ਉਹ ਇਸ ਜਗ੍ਹਾ 'ਤੇ ਆਏ ਸਨ ਤੇ ਇਸ ਤੋਂ ਪਹਿਲਾਂ ਉਹਨਾਂ ਨੇ ਬਹੁਤ ਵੱਡੀ ਨਦੀ ਪਾਰ ਕੀਤੀ ਸੀ ਅਤੇ ਉਸ ਤੋਂ ਵੀ ਪਹਿਲਾਂ ਕਈ ਦਿਨਾਂ ਤੱਕ ਸਟੀਮਰ ਦੀ ਯਾਤਰਾ ਕੀਤੀ ਸੀ, ਫਿਰ ਰੇਲਗੱਡੀ 'ਤੇ, ਫਿਰ ਸਟੀਮਰ ਅਤੇ ਫਿਰ ਰੇਲਗੱਡੀ 'ਤੇ। ਉਸਨੂੰ ਲੱਗਦਾ ਸੀ ਕਿ ਉਹ ਬਸ ਇਸ ਸੜਕ ਦਾ ਫਾਸਲਾ ਤੈਅ ਕਰ ਲਵੇ, ਤਾਂ ਫਿਰ ਨਦੀ ਆਵੇਗੀ, ਉਸਤੋਂ ਬਾਅਦ ਰੇਲਗੱਡੀ ਹੋਵੇਗੀ ਤੇ ਫਿਰ ਬਸ ਉਜ਼ਯੁਪਕਾ ਨਦੀ ਅਤੇ ਬੇਲੇ ਪਿੰਡ ਆ ਜਾਵੇਗਾ ਅਤੇ ਉਸਦਾ ਆਪਣਾ ਘਰ, ਜਿਥੇ ਉਹ ਜੰਮਿਆ ਅਤੇ ਵੱਡਾ ਹੋਇਆ, ਜਿਹਦੇ ਬਿਨਾਂ ਉਹ ਨਹੀਂ ਰਹਿ ਸਕਦਾ, ਜਿਥੇ ਉਹ ਸਾਰੇ ਬੁੱਢਿਆਂ ਨੂੰ ਜਾਣਦਾ ਹੈ। ਉਸਨੂੰ ਇਹ ਵੀ ਯਾਦ ਹੈ ਕਿ ਕਿਵੇਂ ਉਸਦੇ ਮਾਂ-ਬਾਪ ਮਰੇ ਸਨ, ਕਿਵੇਂ ਲੋਕਾਂ ਨੇ ਉਨ੍ਹਾਂ ਨੂੰ ਤਾਬੂਤ 'ਚ ਰੱਖ ਕੇ ਰੁੱਖਾਂ ਦੇ ਝੁਰਮਟ ਪਿੱਛੇ ਕਿਸੇ ਅਣਜਾਣ ਕਬਰਿਸਤਾਨ 'ਚ ਦਫ਼ਨਾ ਦਿੱਤਾ ਸੀ। ਸਿਓਮਕਾ ਨੂੰ ਇਹ ਵੀ ਯਾਦ ਸੀ ਕਿ ਕਿਵੇਂ ਉਹ ਰੋਂਦਾ ਰਿਹਾ ਸੀ ਅਤੇ ਉਸਨੂੰ ਘਰ ਭੇਜ ਦੇਣ ਲਈ ਕਹਿੰਦਾ ਰਿਹਾ ਸੀ, ਪਰ ਉਸਨੂੰ ਇਥੇ ਬੈਰਕ 'ਚ ਰਹਿਣ ਲਈ ਮਜ਼ਬੂਰ ਕੀਤਾ ਗਿਆ। ਇਥੇ ਉਸਨੂੰ ਰੋਟੀ ਅਤੇ ਬੰਦਗੋਭੀ ਦਾ ਸੂਪ 'ਸ਼ਚਿ' ਮਿਲਦਾ ਸੀ ਅਤੇ ਹਮੇਸ਼ਾਂ ਕਿਹਾ ਜਾਂਦਾ ਸੀ : "ਜਾ, ਜਾ, ਤੇਰੇ ਬਿਨਾਂ ਇਥੇ ਕੀ ਘੱਟ ਕੰਮ ਹੈ।" ਇਥੋਂ ਤੱਕ ਕਿ ਵੱਡਾ ਸਾਹਬ ਅਲੈਗਜ਼ੈਂਡਰ ਯਾਕੋਵਲੇਵਿਚ, ਜਿਹੜਾ ਸਭ 'ਤੇ ਹੁਕਮ ਚਲਾਉਂਦਾ ਸੀ, ਉਸ ਉਤੇ ਵਰ੍ਹ ਪਿਆ ਸੀ ਅਤੇ ਬੋਲਿਆ — ਚੁੱਪਚਾਪ ਰਹੀ ਜਾਓ, ਜ਼ਿਆਦਾ ਤੰਗ ਕਰੋਗੇ ਤਾਂ ਵਾਲ ਨੋਚ ਲਵਾਂਗਾ। ਤੇ ਸਿਓਮਕਾ ਮਨ ਮਸੋਸ ਕੇ ਉਥੇ ਰਹਿ ਰਿਹਾ ਸੀ। ਉਸਦੇ ਬੈਰਕ 'ਚ ਤਿੰਨ ਕੁੜੀਆਂ ਅਤੇ ਇਕ ਮੁੰਡਾ ਹੋਰ ਸਨ, ਜਿਨ੍ਹਾਂ ਨੂੰ ਉਹਨਾਂ ਦੇ ਮਾਂ-ਬਾਪ ਇਥੇ ਛੱਡ ਗਏ ਸਨ ਅਤੇ ਪਤਾ ਨਹੀਂ ਕਿਥੇ ਚੱਲੇ ਗਏ ਸਨ, ਪਰ ਉਹ ਬੱਚੇ ਏਨੇ ਛੋਟੇ ਸਨ ਕਿ ਸਿਓਮਕਾ ਨਾ ਉਹਨਾਂ ਨਾਲ ਖੇਡ ਸਕਦਾ ਸੀ ਤੇ ਨਾ ਸ਼ਰਾਰਤਾਂ ਕਰ ਸਕਦਾ ਸੀ।

ਇਕ ਤੋਂ ਬਾਦ ਇਕ ਹਫਤੇ ਗੁਜ਼ਰਦੇ ਗਏ ਅਤੇ ਸਿਓਮਕਾ ਇਸ ਡਰਾਉਣੀ ਬੈਰਕ 'ਚ ਰਹਿੰਦਾ ਰਿਹਾ, ਕਿਤੇ ਵੀ ਜਾਣ ਦੀ ਹਿੰਮਤ ਨਾ ਜੁਟਾ ਸਕਿਆ। ਪਰ ਆਖ਼ਰ ਉਹ ਤੰਗ ਆ ਗਿਆ। ਉਹ ਤਾਂ ਹੈ ਸੜਕ, ਜਿਸ ਉਤੇ ਉਹ ਰੂਸ ਤੋਂ ਇਥੇ ਆਏ ਸਨ। ਸਹੀ ਤਰੀਕੇ ਨਾਲ ਨਹੀਂ ਜਾਣ ਦੇਂਦੇ ਤਾਂ ਠੀਕ ਹੈ, ਉਹ ਭੱਜ ਜਾਵੇਗਾ। ਕਿਹੜੀ ਬੜੀ ਪੁਰਾਣੀ ਗੱਲ ਹੈ! ਤੇ ਉਹ ਫਿਰ ਆਪਣੀ ਨਦੀ, ਆਪਣਾ ਪਿੰਡ ਵੇਖੇਗਾ ਅਤੇ ਆਪਣੇ ਪੱਕੇ ਦੋਸਤਾਂ ਨੂੰ ਮਿਲੇਗਾ, ਮਾਸਟਰਨੀ ਅਡਰੋਸਿਨਿਆ ਯੇਗੋਰਵੱਨਾ ਕੋਲ ਜਾਵੇਗਾ ਅਤੇ ਪਾਦਰੀ ਦੇ ਮੁੰਡਿਆਂ ਕੋਲ, ਜਿਨ੍ਹਾਂ ਦੇ ਚੈਰੀ ਅਤੇ ਸੇਬ ਦੇ ਰੁੱਖ ਹਨ।

ਫੜੇ ਜਾਣ ਦੇ ਡਰ ਨੇ ਸਿਓਮਕਾ ਨੂੰ ਕਈ ਦਿਨਾਂ ਤੱਕ ਰੋਕ ਰਖਿਆ, ਪਰ ਆਪਣੀ ਨਦੀ,



ਆਪਣੇ ਜਨਮ ਦਾ ਪਿੰਡ, ਆਪਣੇ ਦੋਸਤਾਂ ਨੂੰ ਵੇਖਣ ਦੀ ਆਸ ਏਨੀ ਪ੍ਰਬਲ ਸੀ ਕਿ ਸਿਓਮਕਾ ਨੇ ਦਿਲ 'ਚ ਇਹ ਸੁਪਨਾ ਸੰਜੋ ਕੇ ਮੌਕਾ ਵੇਖਿਆ ਤੇ ਹਮੇਸ਼ਾਂ ਲਈ ਮੁਫ਼ਤ ਦੇ ਖਾਣੇ ਨੂੰ ਲੱਤ ਮਾਰ ਸੜਕ 'ਤੇ ਭੱਜ ਆਇਆ। ਹੁਣ ਉਹ ਬਹੁਤ ਖੁਸ਼ ਸੀ ਕਿ ਘਰ ਪਰਤ ਰਿਹਾ ਹੈ। ਉਸਨੂੰ ਲਗਦਾ ਸੀ ਕਿ ਬੇਲੇ ਵਰਗੀ ਵਧੀਆ ਜਗ੍ਹਾ ਹੋਰ ਕਿਤੇ ਵੀ ਨਹੀਂ ਤੇ ਸਾਰੀ ਦੁਨੀਆਂ 'ਚ ਉਜ਼ਯੁਪਕਾ ਵਰਗੀ ਕੋਈ ਨਦੀ ਹੈ।

ਚੰਦਰਮਾ ਖਿਤਿਜ 'ਤੇ ਪਹੁੰਚ ਰਿਹਾ ਸੀ, ਪਹੁ ਫੁੱਟ ਰਹੀ ਸੀ, ਪਰ ਸਿਓਮਕਾ ਤੁਰਦਾ ਜਾ ਰਿਹਾ ਸੀ, ਤਾਜ਼ੀ, ਤ੍ਰੇਲ ਨਾਲ ਭਰੀ ਹਵਾ 'ਚ ਸਾਹ ਲੈਂਦਾ ਹੋਇਆ ਅਤੇ ਇਸ ਗੱਲ 'ਤੇ ਖੁਸ਼ ਹੁੰਦਾ ਕਿ ਹਰ ਕਦਮ ਉਸਨੂੰ ਘਰ ਕੋਲ ਲੈ ਜਾ ਰਹੀ ਹੈ।

## 2.

ਲੱਗਦਾ ਹੈ ਕਿ ਇਨਸਾਨ ਲਈ ਜਿਸ ਕਿਸੇ ਦੀ ਵੀ ਕਲਪਨਾ ਕੀਤੀ ਜਾ ਸਕਦੀ ਹੈ, ਉਹ ਸਭ ਅਸੀਮ ਸਾਇਬੇਰੀਆ ਨੇ ਵੇਖਿਆ ਅਤੇ ਅਨੁਭਵ ਕੀਤਾ ਹੈ ਤੇ ਉਸਨੂੰ ਕਿਸੇ ਵੀ ਗੱਲ 'ਤੇ ਹੈਰਾਨੀ ਨਹੀਂ ਹੋ ਸਕਦੀ। ਇਸਦੇ ਰਸਤਿਆਂ 'ਤੇ ਬੇੜੀਆਂ 'ਚ ਬੰਨ੍ਹੇ ਕੈਦੀਆਂ ਨੇ ਹਜ਼ਾਰਾਂ ਮੀਲ ਪਾਰ ਕੀਤੇ ਹਨ — ਭਾਰੀਆਂ ਜ਼ੰਜੀਰਾਂ ਖੜਕਾਉਂਦੇ, ਇਸਦੇ ਗਰਭ ਦੀਆਂ ਹਨੇਰੀਆਂ ਖਾਨਾਂ 'ਚ ਉਹਨਾਂ ਨੇ ਖੁਦਾਈ ਕੀਤੀ ਹੈ, ਇਸਦੀਆਂ ਸੜਕਾਂ 'ਤੇ ਘੁੰਗਰੂਆਂ ਦੀ ਛਣਕਾਰ ਨਾਲ ਗੱਡੀਆਂ ਹਵਾ ਨਾਲ ਗੱਲਾਂ ਕਰਦੀਆਂ ਚਲਦੀਆਂ ਹਨ ਅਤੇ ਇਸਦੇ ਸੰਘਣੇ ਜੰਗਲਾਂ 'ਚ ਭਗੌੜੇ ਕੈਦੀ ਭਟਕਦੇ ਫਿਰਦੇ ਹਨ, ਜਾਨਵਰਾਂ ਨਾਲ ਜੂਝਦੇ ਹਨ ਅਤੇ ਕਈ ਵਾਰ ਬਸਤੀਆਂ ਸਾੜ ਦੇਂਦੇ ਹਨ, ਤੇ ਕਦੇ ਈਸਾ ਦੇ ਨਾਮ 'ਤੇ ਰੋਟੀ ਦਾ ਟੁਕੜਾ ਮੰਗ ਕੇ ਆਪਣਾ ਪੇਟ ਭਰਦੇ ਹਨ ; ਰੂਸ ਤੋਂ ਇਥੇ ਆ ਕੇ ਮੰਗਣ ਵਾਲਿਆਂ ਦੀ ਹੋੜ ਲੱਗੀ ਰਹਿੰਦੀ ਹੈ, ਉਹਨਾਂ ਦੇ ਕਾਫ਼ਲੇ ਗੱਡੀਆਂ ਥੱਲੇ ਰਾਤ ਕੱਟਦੇ ਹਨ, ਧੂਣੀ ਕੋਲ ਬੈਠ ਅੱਗ ਸੇਕਦੇ ਹਨ, ਉਧਰ ਉਹਨਾਂ ਦੇ ਸਾਹਮਣੇ ਹੀ, ਉਲਟੀ ਦਿਸ਼ਾ 'ਚ ਵੀ ਝੁੰਡਾਂ ਦੇ ਝੁੰਡ ਕੰਗਾਲ ਹੋ ਗਏ, ਭੁੱਖੇ, ਨੰਗੇ, ਬੀਮਾਰ ਲੋਕ ਵੱਧਦੇ ਜਾਂਦੇ ਹਨ, ਤੇ ਪਤਾ ਨਹੀਂ ਕਿੰਨੇ ਕੁ ਰਸਤੇ 'ਚ ਮੌਤ ਦਾ ਨਿਵਾਲਾ ਬਣ ਜਾਂਦੇ ਹਨ, ਪਰ ਇਥੇ ਕਿਸੇ ਲਈ ਕੁਝ ਨਵਾਂ ਨਹੀਂ ਹੈ।

ਸਾਇਬੇਰੀਆ ਨੇ ਏਨਾ ਜ਼ਿਆਦਾ ਪਰਾਇਆ ਦਰਦ ਵੇਖਿਆ ਹੈ ਕਿ ਹੁਣ ਹੈਰਾਨੀ ਦੀ ਕੋਈ ਗੱਲ ਨਹੀਂ ਰਹਿ ਗਈ। ਜਦੋਂ ਸਿਓਮਕਾ ਕਿਸੇ ਪਿੰਡ ਜਾਂ ਬਸਤੀ ਵਿੱਚੋਂ ਲੰਘਦਾ ਹੋਇਆ ਪੁਛਦਾ : "ਰੂਸ ਨੂੰ ਕਿਹੜੀ ਸੜਕ ਜਾਂਦੀ ਹੈ?" ਤਾਂ ਇਸ 'ਤੇ ਵੀ ਕਿਸੇ ਨੂੰ ਹੈਰਾਨੀ ਨਾ ਹੁੰਦੀ।

"ਇਥੇ ਸਾਰੇ ਰਸਤੇ ਰੂਸ ਨੂੰ ਜਾਂਦੇ ਹਨ," ਉਸਨੂੰ ਸਿੱਧਾ ਜਿਹਾ ਜਵਾਬ ਮਿਲਦਾ ਤੇ ਜਵਾਬ ਦੇਣ ਵਾਲਾ ਸੜਕ ਵੱਲ ਇਸ਼ਾਰਾ ਕਰ ਦੇਂਦਾ, ਜਿਵੇਂ ਕਿ ਉਸਦੀ ਦਿਸ਼ਾ ਦਿਖਾ ਰਿਹਾ ਹੋਵੇ।

ਸਿਓਮਕਾ ਤੁਰਦਾ ਜਾ ਰਿਹਾ ਸੀ, ਨਾ ਉਹ ਥਕਾਵਟ ਮਹਿਸੂਸ ਕਰ ਰਿਹਾ ਸੀ, ਨਾ ਹੀ ਉਸਦੇ ਮਨ 'ਚ ਕੋਈ ਘਰ ਹੀ ਸੀ : ਉਹ ਆਪਣੀ ਅਜ਼ਾਦੀ 'ਤੇ ਖੁਸ਼ ਸੀ, ਰੰਗ-ਬਿਰੰਗੇ ਫੁੱਲਾਂ ਵਾਲੇ ਮੈਦਾਨ ਅਤੇ ਡਾਕ ਵਾਲੀ ਗੱਡੀ ਦੀਆਂ ਘੰਟੀਆਂ ਦੀ ਟੁਣਕਾਰ ਉਸਦੇ ਮਨ ਵਿੱਚ ਉਮੰਗ ਭਰ ਰਹੀ ਸੀ ਕਦੇ-ਕਦੇ ਉਹ ਘਾਹ ਉੱਤੇ ਲੇਟ ਜਾਂਦਾ ਅਤੇ ਜੰਗਲੀ ਗੁਲਾਬ ਦੀ ਝਾੜੀ ਥੱਲੇ ਡੂੰਘੀ

ਨੀਂਦ ਸੌਂ ਜਾਂਦਾ ਜਾਂ ਜਦੋਂ ਗਰਮੀ ਜ਼ਿਆਦਾ ਹੁੰਦੀ ਤਾਂ ਸੜਕ ਕਿਨਾਰੇ ਕਿਸੇ ਬਾਗ ਵਿੱਚ ਬੈਠ ਜਾਂਦਾ। ਦਿਆਲੂ ਸਾਇਬੇਰੀਅਨ ਔਰਤਾਂ ਉਸਨੂੰ ਰੋਟੀ ਅਤੇ ਦੁੱਧ ਦੇ ਦੇਂਦੀਆਂ ਅਤੇ ਸੜਕ 'ਤੇ ਜਾਂਦੇ ਕਿਸਾਨ ਕਦੀ-ਕਦੀ ਉਸਨੂੰ ਆਪਣੀ ਘੋੜਾ-ਗੱਡੀ 'ਤੇ ਬਿਠਾ ਲੈਂਦੇ ਸਨ।

"ਬਾਬੇ, ਗੱਡੀ 'ਚ ਬਿਠਾ ਲਓ, ਦਇਆ ਕਰੋ!" ਕੋਲੋਂ ਕੋਈ ਗੱਡੀ ਗੁਜ਼ਰਦੀ, ਤਾਂ ਸਿਓਮਕਾ ਮਿੰਨਤ ਕਰਦਾ।

"ਮਾਈ, ਰੋਟੀ ਦੇ ਦੇ," ਪਿੰਡ 'ਚ ਉਹ ਔਰਤਾਂ ਤੋਂ ਮੰਗਦਾ।

ਸਭ ਨੂੰ ਉਸ ਉੱਤੇ ਦਇਆ ਆ ਜਾਂਦੀ ਸੀ ਤੇ ਸਿਓਮਕਾ ਦਾ ਢਿੱਡ ਭਰਿਆ ਰਹਿੰਦਾ ਸੀ।

**3.**

ਦੋ ਹਫ਼ਤੇ ਬੀਤ ਗਏ।

ਸਿਓਮਕਾ ਕਈ ਰਸਤੇ ਅਤੇ ਪਿੰਡ ਪਿੱਛੇ ਛੱਡ ਚੁੱਕਾ ਸੀ। ਉਹ ਹਿੰਮਤ ਨਹੀਂ ਸੀ ਹਾਰਿਆ, ਅਰਾਮ ਨਾਲ ਚੱਲਦਾ ਜਾ ਰਿਹਾ ਸੀ। ਹਾਂ, ਕਦੇ-ਕਦਾਈਂ ਲੋਕਾਂ ਨੂੰ ਪੁੱਛ ਲੈਂਦਾ ਸੀ ;

"ਰੂਸ ਅਜੇ ਦੂਰ ਹੈ?"

"ਰੂਸ? ਹਾਂ, ਕੋਲ ਨਹੀਂ ਹੈ। ਤੁਰਦਾ ਜਾ ਸਰਦੀਆਂ ਤੱਕ ਪਹੁੰਚ ਜਾਵੇਂਗਾ, ਜਾਂ ਸ਼ਾਇਦ ਕੁਝ ਪਹਿਲਾਂ ਹੀ।"

"ਤੇ ਕੀ ਸਰਦੀਆਂ ਜਲਦੀ ਹੀ ਆਉਣ ਵਾਲੀਆਂ ਹਨ?"

"ਨਹੀਂ, ਸਰਦੀਆਂ ਆਉਣ 'ਚ ਅਜੇ ਦੇਰ ਹੈ। ਅਜੇ ਤਾਂ ਪਤਝੜ ਵੀ ਨਹੀਂ ਆਈ।"

ਸਿਓਮਕਾ ਜਦੋਂ ਕਿਸੇ ਪਿੰਡ ਵਿੱਚੋਂ ਗੁਜ਼ਰਦਾ, ਜਾਂ ਜਦੋਂ ਉਸਨੂੰ ਦੂਰੋਂ ਹੀ ਗਿਰਜੇ ਦਾ ਉੱਚਾ ਚਿੱਟਾ ਘੰਟਾਘਰ ਅਤੇ ਉਸ ਉਪਰ ਸੁਨਹਿਰੀ ਸਲੀਬ ਦਿਖਾਈ ਦੇ ਜਾਂਦੀ, ਤਾਂ ਉਦੀਆਂ ਅੱਖਾਂ 'ਚ ਅੱਥਰੂ ਆ ਜਾਂਦੇ, ਦਿਲ ਵਿੱਚ ਖੁਸ਼ੀ ਭਰ ਜਾਂਦੀ। ਉਹ ਟੋਪੀ ਉਤਾਰ ਦੇਂਦਾ, ਗੋਡਿਆਂ ਭਾਰ ਡਿੱਗ ਪੈਂਦਾ ਅਤੇ ਰੋਂਦੇ ਹੋਏ ਪ੍ਰਾਰਥਨਾ ਕਰਦਾ :

"ਹੈ, ਪ੍ਰਭੂ, ਜਲਦੀ-ਜਲਦੀ ਸਰਦੀਆਂ ਆ ਜਾਣ!"

ਕਈ ਵਾਰ ਸਿਓਮਕਾ ਨੂੰ ਸੜਕ ਕਿਨਾਰੇ ਲੱਗੀ ਲੱਕੜ ਦੀ ਸਲੀਬ ਦਿਖਾਈ ਦੇਂਦੀ ; ਆਸ-ਪਾਸ ਕੋਈ ਘਰ ਨਹੀਂ, ਕਿਤੇ ਵੀ ਪਹਿਰੇਦਾਰ ਦੀ ਕੋਠੀ ਤੱਕ ਨਹੀਂ, ਬਸ ਇਕ ਪਾਸੇ ਜੰਗਲ ਅਤੇ ਦੂਸਰੇ ਪਾਸੇ ਮੈਦਾਨ ਹੀ ਹੁੰਦਾ।

ਅਜਿਹਾ ਸਲੀਬ ਵੇਖ ਸਿਓਮਕਾ ਸੋਚ 'ਚ ਪੈ ਜਾਂਦਾ, ਹਰ ਵਾਰ ਉਸਨੂੰ ਆਪਣੇ ਮਾਂ-ਬਾਪ ਦੀ ਯਾਦ ਆਉਂਦੀ, ਖੁੱਲ੍ਹੇ ਮੈਦਾਨ 'ਚ ਲੱਗਿਆ ਤੰਬੂ ਯਾਦ ਆ ਜਾਂਦਾ, ਜਿਸ ਵਿੱਚ ਉਹ ਮਰੇ ਸਨ, ਤੇ ਸਿਓਮਕਾ ਸਾਰੀ ਥਕਾਵਟ ਭੁੱਲ-ਭੁਲਾ ਕੇ; ਤੇਜ਼ ਕਦਮ ਪੁੱਟਣ ਲੱਗਦਾ। ਉਸਦੇ ਮੂੰਹ 'ਚ ਬਸ ਇਕ ਹੀ ਸ਼ਬਦ ਹੁੰਦਾ :

"ਘਰ! ਘਰ!"

ਆਖਰਕਾਰ ਇਕ ਸ਼ਹਿਰ ਆ ਗਿਆ ...

ਚੂੰਗੀ ਚੌਂਕ ਤੋਂ ਅੱਗੇ ਸਿਓਮਕਾ ਨੂੰ ਸੱਜੇ-ਖੱਬੇ ਲੱਕੜਾਂ ਦੇ ਘਰ ਦਿਖ ਰਹੇ ਸਨ। ਮਟਮੈਲੇ ਘਰਾਂ ਦੀਆਂ ਛੱਤਾਂ ਹਰੀਆਂ, ਲਾਲ ਜਾਂ ਸੁਰਮਈ ਸਨ। ਅੱਗੇ ਪੱਥਰ ਦੇ ਚਿੱਟੇ ਘਰ ਸਨ। ਗਲੀਆਂ 'ਚ ਮੁਰਗੀਆਂ ਘੁੰਮ ਰਹੀਆਂ ਸਨ, ਸੂਰ ਘੁਰਘੁਰਾ ਰਹੇ ਸਨ। ਫਿਰ ਉੱਚੀਆਂ ਵਾੜਾਂ ਅਤੇ ਹਰੇ-ਭਰੇ ਵਿਹੜਿਆਂ ਦਾ ਸਿਲਸਿਲਾ ਚੱਲ ਪਿਆ, ਡਾਕ-ਘਰ ਕੋਲ ਕਾਲੀਆਂ-ਚਿੱਟੀਆਂ ਧਾਰੀਆਂ ਵਾਲੇ ਮੀਲ-ਪੱਥਰ ਲੱਗੇ ਹੋਏ ਸਨ। ਖੁੱਲ੍ਹੇ ਚੌਂਕ ਵਿੱਚ ਲੋਹੇ ਦੇ ਜੰਗਲੇ ਪਿੱਛੇ ਉੱਚਾ ਘੰਟਾਘਰ ਸੀ ਅਤੇ ਉਸਦੇ ਬਿਲਕੁਲ ਸਾਹਮਣੇ ਲੱਕੜੀਆਂ ਦਾ ਪਤਲਾ ਜਿਹਾ ਬੁਰਜ ਸੀ, ਉਸ ਉਪਰ ਇਕ ਸਿਪਾਹੀ ਚੱਕਰ ਕੱਟ ਰਿਹਾ ਸੀ ਤੇ ਅੱਗੇ ਫਿਰ ਸ਼ਹਿਰ ਦੀ ਚੌਕੀ ਦੇ ਬੁਰਜ ਦਿਖਾਈ ਦੇਣ ਲੱਗੇ।

ਸਿਓਮਕਾ ਬਿਨਾ ਰੁਕੇ ਸ਼ਹਿਰ ਵਿੱਚੋਂ ਲੰਘਦਾ ਨਿਕਲ ਗਿਆ ਅਤੇ ਫਿਰ ਤੋਂ ਖੁੱਲ੍ਹੀ ਸੜਕ 'ਤੇ ਪਹੁੰਚ ਗਿਆ। ਇਥੇ ਉਹ ਨਿਸ਼ਚਿੰਤ ਹੋ ਕੇ ਆਪਣੀ ਹੀ ਧੁਨ 'ਚ ਚੱਲ ਸਕਦਾ ਸੀ।

## 4.

ਜਿਉਂ-ਜਿਉਂ ਸਿਓਮਕਾ ਦੂਰ ਜਾਂਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਉਸਨੂੰ ਚਾਰੇ ਪਾਸੇ ਪਤਝੜ ਦੇ ਆਉਣ ਦੀਆਂ ਨਿਸ਼ਾਨੀਆਂ ਦਿਖਣ ਲੱਗੀਆਂ। "ਕੋਈ ਗੱਲ ਨਹੀਂ। ਜਲਦੀ ਹੀ ਸਰਦੀਆਂ ਆ ਜਾਣੀਆਂ," — ਸਿਓਮਕਾ ਦੇ ਦਿਲ ਵਿੱਚ ਆਉਂਦਾ ਕਿ ਬਸ ਹੁਣ ਉਸਦਾ ਪਿੰਡ ਕੋਲ ਹੀ ਆਉਂਦਾ ਜਾ ਰਿਹਾ ਹੈ। ਖੇਤਾਂ 'ਚ ਰੰਗ-ਬਿਰੰਗੀਆਂ ਤਿਤਲੀਆਂ ਨਹੀਂ ਫੜਫੜਾ ਰਹੀਆਂ ਸਨ, ਟਿੱਡੇ ਛਾਲਾਂ ਨਹੀਂ ਮਾਰ ਰਹੇ ਸਨ, ਰੁੱਖਾਂ ਦੀਆਂ ਪੱਤੀਆਂ ਝੜਣ ਲੱਗੀਆਂ ਸਨ, ਘਾਹ ਮੁਰਝਾਉਣ ਲੱਗੀ ਸੀ, ਅਸਮਾਨ 'ਚ ਅਕਸਰ ਸੁਰਮਈ ਬੱਦਲ ਛਾ ਜਾਂਦੇ ਸਨ ਅਤੇ ਰਾਤਾਂ ਵੀ ਠੰਡੀਆਂ ਹੋ ਗਈਆਂ ਸਨ।

ਪਰ ਸਿਓਮਕਾ ਸੋਚਦਾ : "ਹੁਣ ਤਾਂ ਥੋੜ੍ਹੀ ਹੀ ਦੂਰ ਰਹਿ ਗਿਆ। ਬਸ ਹੁਣ ਜਲਦੀ ਹੀ ਘਰ ਪਹੁੰਚ ਜਾਵਾਂਗਾ।" ਸਿਓਮਕਾ ਸੜਕ 'ਤੇ ਤੁਰਦਾ ਹੀ ਜਾ ਰਿਹਾ ਸੀ। ਭੁੱਖ ਉਸਨੂੰ ਸਤਾ ਰਹੀ ਸੀ। ਸਵੇਰ ਤੋਂ ਉਸਨੇ ਕੁਝ ਵੀ ਨਹੀਂ ਸੀ ਖਾਧਾ।

ਝਾੜੀਆਂ 'ਚ ਇਕ ਆਦਮੀ ਚੌਂਕੜੀ ਮਾਰ ਕੇ ਬੈਠਾ ਕੁਝ ਚਬਾ ਰਿਹਾ ਸੀ। ਉਸਨੂੰ ਵੇਖ ਸਿਓਮਕਾ ਰੁੱਕ ਗਿਆ। ਈਰਖਾ ਭਰੀਆਂ ਨਜ਼ਰਾਂ ਨਾਲ ਉਹ ਵੇਖ ਰਿਹਾ ਸੀ ਕਿ ਕਿਵੇਂ ਉਹ ਆਦਮੀ ਅੰਡੇ ਛਿੱਲ ਕੇ ਦੰਦਾਂ ਨਾਲ ਕੱਟਦਾ ਅਤੇ ਉਪਰੋਂ ਰੋਟੀ ਖਾਂਦਾ।

"ਕੀ ਚਾਹੀਦਾ ਹੈ ਤੈਨੂੰ?" ਉਸ ਆਦਮੀ ਨੇ ਪੁੱਛਿਆ। ਨਾ ਤਾਂ ਉਹ ਉੱਠਿਆਂ ਅਤੇ ਨਾ ਹੀ ਉਸਨੇ ਚਬਾਉਣਾ ਬੰਦ ਕੀਤਾ। ਸਿਓਮਕਾ ਚੁੱਪਚਾਪ ਖੜ੍ਹਾ ਸੀ।

ਉਹ ਆਦਮੀ ਜਵਾਨ ਨਹੀਂ ਸੀ। ਚਿਹਰੇ 'ਤੇ ਛੋਟੀ ਜਿਹੀ ਘੁੰਗਰਾਲੀ ਦਾੜ੍ਹੀ ਸੀ, ਅੱਖਾਂ ਘੁੱਟੀਆਂ ਅਤੇ ਧੱਸੀਆਂ ਹੋਈਆਂ, ਮੂੰਹ ਦੀ ਚਮੜੀ ਕਾਲੀ ਹੋ ਗਈ ਸੀ ਅਤੇ ਖੁਸ਼ਕ ਹਵਾਵਾਂ ਨਾਲ ਫੱਟ ਗਈ ਸੀ। ਪੈਰਾਂ 'ਚ ਉਸਨੇ ਜੂਟ ਦੀਆਂ ਜੁੱਤੀਆਂ ਪਾਈਆਂ ਹੋਈਆਂ ਸਨ, ਮੋਢੇ 'ਤੇ ਭੜਕੀਲੇ ਰੰਗ ਦਾ ਕੋਟ ਅਤੇ ਸਿਰ 'ਤੇ ਟੋਪ।

"ਕੀ ਚਾਹੀਦਾ ਤੈਨੂੰ?" ਸਿਓਮਕਾ ਵੱਲ ਗੌਰ ਨਾਲ ਵੇਖਦਿਆਂ ਉਹਨੇ ਫਿਰ ਪੁੱਛਿਆ।

"ਬਾਬਾ," ਸਿਓਮਕਾ ਡਰਦਿਆਂ-ਡਰਦਿਆਂ ਬੋਲਿਆ, "ਈਸਾ ਦੇ ਨਾਮ 'ਤੇ ਥੋੜ੍ਹੀ ਰੋਟੀ ਦੇ

ਦਿਓ...."

"ਭਰਾਵਾ, ਮੈਂ ਤਾਂ ਆਪ ਭਲੇ ਲੋਕਾਂ ਤੋਂ ਮੰਗੀ ਹੈ... ਪਰ ਖੈਰ ਲੈ, ਵੰਡ ਲੈਂਦੇ ਹਾਂ।" ਉਸਨੇ ਰੋਟੀ ਦਾ ਟੁਕੜਾ ਉਸ ਵੱਲ ਵਧਾਇਆ ਅਤੇ ਫਿਰ ਪੁੱਛਿਆ : "ਕੌਣ ਹੈਂ ਤੂੰ? ਕਿਥੋਂ ਆਇਆ ਹੈਂ?"

"ਘਰ ਜਾ ਰਿਹਾ ਹਾਂ ... ਰੂਸ 'ਚ।"

"ਰੂਸ? ਮੈਂ ਵੀ ਰੂਸ ਜਾ ਰਿਹਾ ਹਾਂ। ਤੂੰ ਕਾਹਦੇ ਲਈ ਜਾ ਰਿਹਾ ਹੈਂ?"

ਸਿਓਮਕਾ ਆਪਣੀ ਸਾਰੀ ਕਹਾਣੀ ਸੁਣਾਉਣ ਲੱਗਾ। ਉਹ ਦੱਸਣ ਲੱਗਾ ਕਿ ਬੈਰਕ 'ਚ ਕਿੰਨੀ ਉਕਤਾਹਟ ਹੁੰਦੀ ਸੀ, ਕਿਵੇਂ ਉਸਦਾ ਮਨ ਘਰ ਜਾਣ ਨੂੰ ਕਰਦਾ ਰਹਿੰਦਾ ਸੀ ਤੇ ਕਿਵੇਂ ਉਹ ਰਾਤ ਨੂੰ ਭੱਜਾ। ਬੁੱਢਾ ਉਸਦੀਆਂ ਗੱਲਾਂ ਸੁਣਦਾ ਜਾ ਰਿਹਾ ਸੀ ਅਤੇ ਇਉਂ ਸਿਰ ਹਿਲਾ ਰਿਹਾ ਸੀ, ਜਿਵੇਂ ਕਿ ਉਸਦੀ ਪ੍ਰਸ਼ੰਸਾ ਕਰ ਰਿਹਾ ਹੋਵੇ।

"ਸ਼ਾਬਾਸ਼, ਬੇਟੇ!" ਸਿਓਮਕਾ ਦਾ ਹੱਥ ਥਪਥਪਾਉਂਦਿਆਂ ਬੁੱਢੇ ਨੇ ਕਿਹਾ। "ਪਰ ਜ਼ਿੰਦਗੀ ਤੇਰੀ ਖਰਾਬ ਹੀ ਹੋਣੀ ਹੈ। ਲੱਗਦਾ ਹੈ ਮੇਰੇ ਹੀ ਨਕਸ਼ੇ-ਕਦਮਾਂ 'ਤੇ ਚੱਲੇਗਾ : ਨਾ ਤੈਨੂੰ ਘਰ ਵੇਖਣ ਨੂੰ ਮਿਲਣਾ, ਨਾ ਹੀ ਤੇਰਾ ਕੋਈ ਠੌਰ-ਠਿਕਾਣਾ ਹੋਣਾ... ਕੁੱਤਿਆਂ ਵਰਗੀ ਜ਼ਿੰਦਗੀ... ਬਿਲਕੁਲ ਕੁੱਤਿਆਂ ਦੀ ਹੀ!"

"ਬਾਬੇ, ਤੂੰ ਕੌਣ ਹੈਂ?" ਸਿਓਮਕਾ ਨੇ ਬੜੀ ਹੀ ਦਿਲਚਸਪੀ ਨਾਲ ਪੁੱਛਿਆ ਅਤੇ ਬੁੱਢੇ ਸਾਹਮਣੇ ਬੈਠ ਗਿਆ।

"ਮੈਂ ਕੌਣ ਹਾਂ? ਕੁਝ ਵੀ ਨਹੀਂ ... ਬਸ, ਐਵੇਂ ਹੀ... ਇਕ ਅਣਜਾਣ ਬੁੱਢਾ।"

ਬੁੱਢੇ ਨੇ ਡੂੰਘਾ ਸਾਹ ਲਿਆ ਅਤੇ ਮੂੰਹ 'ਤੇ ਹੱਥ ਫੇਰਿਆ, ਜਿਵੇਂ ਕਿ ਚਿਹਰਾ ਪੂੰਝ ਰਿਹਾ ਹੋਵੇ।

"ਹਾਂ, ਭਰਾਵਾ ... ਹੈ ਤਾਂ ਤੂੰ ਛੋਟਾ ਜਿਹਾ ਹੀ, ਪਰ ਵੇਖ ਤੈਨੂੰ ਵੀ ਘਰ ਦੀ ਲਲਕ ਵਾਪਸ ਖਿੱਚ ਰਹੀ ਹੈ। ਬਸ, ਹਮੇਸ਼ਾਂ ਇੰਝ ਹੀ ਹੁੰਦਾ ਹੈ, ਘਰ ਨਾ ਹੋਇਆ, ਸਕੀ ਮਾਂ ਹੀ ਹੋ ਗਈ... ਅਜਿਹੀ ਲਲਕ, ਖਿੱਚੀ ਜਾਂਦੀ ਹੈ, ਖਿੱਚੀ ਹੀ ਜਾਂਦੀ ਹੈ... ਇਹਦੇ ਬਿਨਾ ਕੋਈ ਚੈਨ ਨਹੀਂ। ਇਕ ਵਾਰ ਜਾ ਕੇ ਉਸਨੂੰ ਨਜ਼ਰ ਭਰ ਵੇਖ ਲਿਆ, ਬਸ ਮਨ ਨੂੰ ਰਾਹਤ ਮਿਲ ਗਈ।"

"ਅੱਛਾ ਤਾਂ, ਬਾਬੇ, ਮੈਂ ਸਰਦੀਆਂ ਤੱਕ ਪਹੁੰਚ ਜਾਵਾਂਗਾ ਰੂਸ ਕਿ ਨਹੀਂ?"

"ਨਹੀਂ, ਨਹੀਂ ਪਹੁੰਚ ਪਾਵੇਂਗਾ। ਕਿਉਂਕਿ ਹੁਣ ਠੰਡ ਪੈਣ ਲੱਗੇਗੀ ਤੇ ਤੇਰੇ ਸਰੀਰ 'ਤੇ ਕੋਈ ਗਰਮ ਕਪੜਾ ਤੱਕ ਨਹੀਂ। ਮੈਂ ਤਾਂ ਗਿਆ ਹੋਇਆ ਹਾਂ, ਮੈਨੂੰ ਪਤਾ ਹੈ। ਬਸ ਕਹਿ ਦਿੱਤਾ ਨਾ, ਨਹੀਂ ਪਹੁੰਚੇਂਗਾ, ਠੰਡ ਨਾਲ ਆਕੜ ਜਾਵੇਂਗਾ।"

ਉਸਦੀਆਂ ਇਹ ਗੱਲਾਂ ਸੁਣ ਕੇ ਸਿਓਮਕਾ ਦੇ ਕਲੇਜੇ 'ਤੇ ਸੱਪ ਲੇਟਣ ਲੱਗ ਪਏ। ਬੁੱਢਾ ਵੀ ਸੋਚ 'ਚ ਡੁੱਬ ਗਿਆ। ਦੋਵੇਂ ਸਿਰ ਝੁਕਾਈ ਚੁੱਪ ਬੈਠੇ ਰਹੇ।

ਸਿਓਮਕਾ ਨੂੰ ਉਦੋਂ ਇਹ ਖਿਆਲ ਆ ਰਿਹਾ ਸੀ ਕਿ ਕਿਵੇਂ ਉਹ ਠੰਡ 'ਚ ਆਕੜ ਜਾਵੇਗਾ। ਤੇ ਉਹ ਸੋਚ ਕੇ ਉਸਨੂੰ ਦੁੱਖ ਹੋ ਰਿਹਾ ਸੀ ਕਿ ਬੇਲੇ 'ਚ ਕਿਸੇ ਨੂੰ ਇਸਦਾ ਪਤਾ ਵੀ ਨਹੀਂ ਚੱਲੇਗਾ। ਬੁੱਢਾ ਆਪਣੀ ਸੋਚ ਸੋਚ ਰਿਹਾ ਸੀ ਅਤੇ ਚੁੱਪਚਾਪ ਆਪਣੀਆਂ ਮੁੱਛਾਂ ਹਿਲਾਈ ਜਾ ਰਿਹਾ ਸੀ।

"ਤਾਂ ਫਿਰ ਕਿਧਰ ਚੱਲਿਆ ਤੂੰ?" ਅਚਾਨਕ ਬਾਬੇ ਨੇ ਪੁੱਛਿਆ ਅਤੇ ਉੱਠ ਖੜ੍ਹਾ ਹੋਇਆ।

"ਮੈਂ ਤਾਂ, ਬਾਬੇ, ਘਰ ਜਾ ਰਿਹਾ ਹਾਂ..."

"ਮੈਂ ਵੀ ਘਰ ਜਾ ਰਿਹਾ ਹਾਂ। ਚੱਲ, ਇਕੱਠੇ ਚੱਲਦੇ ਹਾਂ।"

ਦੋਵੇਂ ਚੁੱਪਚਾਪ ਸੜਕ 'ਤੇ ਪਹੁੰਚੇ ਅਤੇ ਪੈਰ ਘਸੀਟਦੇ ਅੱਗੇ ਤੁਰ ਪਏ।

## 5.

ਸ਼ਾਮ ਹੋ ਗਈ। ਦੁਪਹਿਰ ਤੋਂ ਵਰ੍ਹਦੇ ਪਾਣੀ ਨਾਲ ਸਿਓਮਕਾ ਅਤੇ ਬੁੱਢਾ ਤਰਬਤਰ ਹੋ ਗਏ ਸਨ।

"ਚੱਲ, ਮੇਰੇ ਭਰਾਵਾ, ਚੱਲ," ਬੁੱਢਾ ਉਸਦੀ ਹਿੰਮਤ ਵਧਾ ਰਿਹਾ ਸੀ। "ਤੇਜ਼-ਤੇਜ਼ ਕਦਮ ਪੁੱਟ। ਨਹੀਂ ਤਾਂ ਇਹ ਸਰਦੀ ਸੱਚਮੁਚ ਹੀ ਆ ਜਾਵੇਗੀ ਤੇ ਅਸੀਂ ਅਜੇ ਪਹਾੜਾਂ ਤੱਕ ਵੀ ਨਹੀਂ ਪਹੁੰਚੇ। ਫਿਰ ਅਸੀਂ ਕੀ ਕਰਾਂਗੇ? ਫਿਰ ਤਾਂ ਸਾਡਾ ਕੰਮ ਤਮਾਮ ਹੋ ਜਾਵੇਗਾ।"

"ਚੱਲ ਰਿਹਾ ਹਾਂ, ਬਾਬੇ।"

"ਵੈਸੇ ਵੀ ਸਾਨੂੰ ਦੇਰ ਹੋ ਗਈ ਹੈ। ਮੈਨੂੰ ਡਰ ਹੈ ਕਿਤੇ ਪਾਲਾ ਨਾ ਪੈਣ ਲੱਗ ਪਵੇ। ਫਿਰ ਤਾਂ ਬਹੁਤ ਬੁਰਾ ਹੋਵੇਗਾ।"

ਥਕਾਵਟ ਦੇ ਬਾਵਜੂਦ ਸਿਓਮਕਾ ਚੰਗਾ-ਭਲਾ ਸੀ। ਹਮਰਾਹੀ ਮਿਲ ਜਾਣ 'ਤੇ ਉਹ ਖ਼ੁਸ਼ ਸੀ ਤੇ ਉਸਦਾ ਹੌਸਲਾ ਵੀ ਵਧਿਆ ਸੀ। ਹੁਣ ਉਹ ਨਿਸ਼ਚਿੰਤ ਸੀ ਕਿ ਭਟਕੇਗਾ ਨਹੀਂ, ਕਿ ਬਾਬਾ ਉਸਨੂੰ ਠਿਕਾਣੇ ਤੱਕ ਪਹੁੰਚਾ ਦੇਵੇਗਾ ; ਤੇ ਫਿਰ ਗੱਲਾਂ ਕਰਨੀਆਂ ਵੀ ਚੰਗੀਆਂ ਲੱਗਦੀਆਂ ਸਨ। ਬੁੱਢਾ ਉਸਨੂੰ ਆਪਣੀ ਜਨਮ-ਭੂਮੀ ਅਤੇ ਸਾਇਬੇਰੀਆ ਦੀਆਂ ਗੱਲਾਂ ਦੱਸਦਾ ਰਹਿੰਦਾ, ਕਿ ਕਿਵੇਂ ਸਾਇਬੇਰੀਆ 'ਚ ਸੋਨਾ ਖੋਦਿਆ ਜਾਂਦਾ ਹੈ, ਕਿੰਨੀ ਭਿਆਨਕ ਸਰਦੀ ਉਥੇ ਪੈਂਦੀ ਹੈ। ਬੁੱਢਾ ਸਿਓਮਕਾ ਨੂੰ ਸਾਇਬੇਰੀਆ ਦੀਆਂ ਜੇਲ੍ਹਾਂ ਦੀਆਂ ਅਤੇ ਅਜ਼ਾਦੀ ਦੀਆਂ ਕਹਾਣੀਆਂ ਸੁਣਾਉਂਦਾ, ਦੱਸਦਾ ਕਿ ਬਸੰਤ 'ਚ ਜਦੋਂ ਹਰਾ-ਹਰਾ ਘਾਹ ਨਿਕਲਦਾ ਹੈ, ਤਾਂ ਕਿਵੇਂ ਆਦਮੀ ਘਰ ਜਾਣ ਨੂੰ ਤੜਫ ਉਠਦਾ ਹੈ, ਰਾਤ-ਦਿਨ ਉਸਨੂੰ ਚੈਨ ਨਹੀਂ ਮਿਲਦਾ।

"ਬਾਬੇ, ਕੀ ਅਸੀਂ ਕਾਫੀ ਰਸਤਾ ਪਾਰ ਕਰ ਲਿਆ ਹੈ?" ਸਿਓਮਕਾ ਉਸਨੂੰ ਪੁੱਛਦਾ।

"ਵੇਖ ਰਿਹਾ ਹੈਂ ਨਾ, ਇਥੇ ਖਾਣ-ਪੀਣ ਨੂੰ ਘੱਟ ਮਿਲਦਾ ਹੈ, ਮਤਲਬ ਰੂਸ ਦੇ ਕੋਲ ਪਹੁੰਚ ਰਹੇ ਹਾਂ। ਜਦੋਂ ਪਹਾੜ ਪਾਰ ਕਰ ਲਵਾਂਗੇ, ਤਾਂ ਉਥੇ ਹੋਰ ਵੀ ਘੱਟ ਮਿਲੇਗਾ, ਇਸੇ ਲਈ ਤਾਂ ਕਹਿੰਦਾ ਹਾਂ ਜਲਦੀ ਕਰ! ਰੂਸ 'ਚ ਲੋਕ ਪੈਸੇ ਦੇ ਭੁੱਖੇ ਹਨ ਤੇ ਤੇਰੀ-ਮੇਰੀ ਜੇਬ ਖਾਲੀ ਹੈ : ਸੋ ਬਸ ਜਿਥੇ ਮਨ ਕਰੇ, ਸੌਂ ਜਾਓ, ਜੋ ਚਾਹੋ ਖਾਓ। ਸਾਇਬੇਰੀਆਂ 'ਚ ਤਾਂ ਲੋਕ ਭਲੇ ਹਨ। ਪਰ ਉਹਨਾਂ ਦੀ ਭਲਾਈ ਵੀ ਸਾਡੇ ਗਲੇ 'ਚ ਅਟਕਦੀ ਹੈ। ਚੱਲ, ਬੇਟਾ ਜਲਦੀ ਚੱਲ!"

ਸੜਕ ਦੇ ਇਕ ਪਾਸੇ ਗੱਡੀਆਂ ਰੁਕੀਆਂ ਹੋਈਆਂ ਸਨ। ਚਾਰੇ ਪਾਸੇ ਹਨੇਰਾ ਸੀ ਅਤੇ ਠੰਡ ਸੀ। ਗੱਡੀਆਂ ਕੋਲ ਬਲ ਰਹੀ ਅੱਗ ਰਾਹਗੀਰਾਂ ਨੂੰ ਆਪਣੇ ਵੱਲ ਖਿੱਚ ਰਹੀ ਸੀ। ਗੱਡੀਆਂ ਤੋਂ ਖੋਲ੍ਹ ਦਿੱਤੇ ਗਏ ਘੋੜੇ ਹਨੇਰੇ 'ਚ ਮੈਦਾਨ 'ਚ ਭਟਕ ਰਹੇ ਸਨ, ਪਤਝੜ ਦਾ ਮੁਰਝਾਇਆ ਘਾਹ ਨੋਚ ਰਹੇ ਸਨ। ਗੱਡੀਆਂ ਦੇ ਬਾਂਸ ਉੱਚੇ ਉੱਠੇ ਹੋਏ ਸਨ। ਕਿਸਾਨ ਅੱਗ ਬਾਲ ਕੇ ਹੱਥ ਸੇਕ ਰਹੇ ਸਨ

ਅਤੇ ਖਾਣਾ ਬਣਾ ਰਹੇ ਸਨ।

"ਰੱਬ ਤੁਹਾਨੂੰ ਖੂਬ ਲੂਣ-ਰੋਟੀ ਦੇਵੇ!" ਅੱਗ ਕੋਲ ਜਾਂਦੇ ਹੋਇਆਂ ਬੁੱਢੇ ਨੇ ਕਿਹਾ। "ਜ਼ਰਾ ਹੱਥ ਸੇਕ ਲੈਣ ਦਿਓ, ਭਰਾਵੋ!"

"ਬੈਠ ਜਾਓ," ਉਦਾਸੀਨ ਅਵਾਜ਼ 'ਚ ਜਵਾਬ ਮਿਲਿਆ।

ਬੁੱਢੇ ਨੇ ਬੈਠ ਕੇ ਹੱਥ ਅੱਗੇ ਵਧਾ ਦਿੱਤੇ। ਸਿਓਮਕਾ ਵੀ ਕੋਲ ਆ ਗਿਆ। ਉਸਦੇ ਗਿੱਲੇ ਕੱਪੜੇ ਜਲਦੀ ਹੀ ਗਰਮ ਹੋ ਗਏ ਅਤੇ ਪਿੱਠ 'ਤੇ ਮਿੱਠੀ ਜਿਹੀ ਕੰਬਣੀ ਲਰਜ਼ ਗਈ।

"ਕਿਥੋਂ ਆ ਰਹੇ ਹੋ?" ਉਥੇ ਬੈਠੇ ਲੋਕਾਂ ਵਿੱਚੋਂ ਇਕ ਨੇ ਅਣਜਾਣ ਬਾਬੇ ਦੇ ਚਿਹਰੇ ਨੂੰ ਗਹੁ ਨਾਲ ਦੇਖਦਿਆਂ ਪੁੱਛਿਆ।

"ਬੜੀ ਦੂਰੋਂ ਆ ਰਹੇ ਹਾਂ। ਘਰ ਜਾ ਰਹੇ ਹਾਂ।"

"ਮੁੰਡਾ ਤੇਰਾ ਹੈ?"

"ਨਹੀਂ, ਰਸਤੇ 'ਚ ਮਿਲ ਗਿਆ ਸੀ। ਸਾਇਬੇਰੀਆ ਵੱਸਣ ਜਾ ਰਹੇ ਸਨ ਇਸ ਦੇ ਮਾਂ-ਬਾਪ। ਅਨਾਥ ਰਹਿ ਗਿਆ ਹੈ!"

"ਵੇਖੋ ਤਾਂ ਵਿਚਾਰਾ ਕਿਵੇਂ ਭਿੱਜ ਗਿਆ ਹੈ!"

ਸਿਓਮਕਾ ਵੱਲ ਸੱਭ ਦਾ ਧਿਆਨ ਗਿਆ। ਉਹ ਅੱਗ ਦੇ ਬਿਲਕੁਲ ਕੋਲ ਬੈਠਾ ਸੀ ਅਤੇ ਠੰਡ ਨਾਲ ਕੁੰਗੜਦਾ ਹੋਇਆ ਵੇਖ ਰਿਹਾ ਸੀ ਕਿ ਅੱਗ 'ਚ ਲੱਕੜੀਆਂ ਬੱਲਦੀਆਂ ਹੋਈਆਂ ਕਿਵੇਂ ਤਿੜਕਦੀਆਂ ਹਨ, ਕਿਵੇਂ ਹਵਾ 'ਚ ਚਿੱਟਾ ਧੂੰਆਂ ਉੱਠ ਰਿਹਾ ਹੈ ਅਤੇ ਕਿਵੇਂ ਪਤੀਲੇ 'ਚ ਪੱਕਦੇ ਖਾਣੇ 'ਚ ਝੱਗ ਉੱਠ ਰਹੀ ਹੈ, ਸ਼ੂੰਅ-ਸ਼ੂੰਅ ਹੋ ਰਹੀ ਹੈ।

"ਅੱਛਾ ਤਾਂ ਅਨਾਥ ਹੈ?" ਕਿਸਾਨਾਂ ਨੇ ਪੁੱਛਿਆ ਅਤੇ ਫਿਰ ਤੋਂ ਸਿਓਮਕਾ ਵੱਲ ਵੇਖਣ ਲੱਗੇ।

ਫਿਰ ਉਹ ਫਸਲ ਦੀਆਂ, ਆਪਣੇ ਕੰਮ ਦੀਆਂ ਗੱਲਾਂ ਕਰਨ ਲੱਗੇ ; ਜਦੋਂ ਖਾਣਾ ਤਿਆਰ ਹੋ ਗਿਆ, ਤਾਂ ਖਾਣ ਲੱਗੇ।

"ਖਾ ਲੈ, ਬੱਚੇ, ਖਾ ਲੈ," ਸਿਓਮਕਾ ਨੂੰ ਖਾਣਾ ਦੇਂਦੇ ਹੋਏ ਉਹ ਕਹਿ ਰਹੇ ਸਨ। "ਵੇਖੋ ਤਾਂ ਕਿਵੇਂ ਠੰਡ ਨਾਲ ਠਰ੍ਹ ਰਿਹਾ ਹੈ।"

ਸਿਓਮਕਾ ਨੇ ਰੱਜ ਕੇ ਖਾਧਾ ਅਤੇ ਅਰਾਮ ਕਰਨ ਲਈ ਲੇਟ ਗਿਆ। ਗਰਮ ਭੋਜਨ ਤੋਂ ਬਾਅਦ ਲੇਟਣਾ ਬਹੁਤ ਚੰਗਾ ਲੱਗ ਰਿਹਾ ਸੀ। ਲੱਕੜ ਤਿੜਕ ਰਹੀ ਸੀ, ਧੂੰਏਂ ਅਤੇ ਤਾਜ਼ੀ ਸੱਕ ਦੀ ਗੰਧ ਆ ਰਹੀ ਸੀ — ਬਿਲਕੁਲ ਉਂਜ ਦੀ ਹੀ, ਜਿਵੇਂ ਉਸਦੇ ਪਿੰਡ ਬੇਲੇ 'ਚ ਹੋਇਆ ਕਰਦੀ ਸੀ। ਹਾਂ, ਜੇ ਉਹ ਘਰ ਹੁੰਦਾ, ਤਾਂ ਕੁਝ ਆਲੂ ਪੁੱਟ ਲਿਆਉਂਦਾ ਅਤੇ ਅੱਗ 'ਚ ਸੁੱਟ ਦੇਂਦਾ। ਸਿਓਮਕਾ ਨੂੰ ਭੁੰਨੇ ਹੋਏ ਆਲੂ ਯਾਦ ਆ ਗਏ, ਜਿਨ੍ਹਾਂ ਦੀ ਭਿੰਨੀ-ਭਿੰਨੀ ਮਹਿਕ ਆਉਂਦੀ ਹੈ ਅਤੇ ਜਿਨ੍ਹਾਂ ਨਾਲ ਹੱਥ ਸੜਦੇ ਹਨ ਅਤੇ ਜੋ ਦੰਦਾਂ ਥੱਲੇ ਕਰਚ-ਕਰਚ ਕਰਦੇ ਹਨ।

ਸਿਓਮਕਾ ਦੇ ਸਿਰ ਉੱਤੇ ਤਾਰੇ ਚਮਕ ਰਹੇ ਸਨ। ਬੇਲੇ ਦੇ ਅਸਮਾਨ ਵਿੱਚ ਵੀ ਏਨੇ ਸਾਰੇ ਤਾਰੇ ਹੁੰਦੇ ਸਨ ਅਤੇ ਏਨੇ ਸਾਫ ਚਮਕਦੇ ਸਨ। ਸਿਓਮਕਾ ਦਾ ਦਿਲ ਕਹਿੰਦਾ, ਕਾਸ਼ ਬੇਲੇ ਕੋਲ ਹੀ ਹੋਵੇ। ਲੱਤਾਂ ਥਕਾਵਟ ਨਾਲ ਦੁੱਖ ਰਹੀਆਂ ਸਨ, ਪਿੱਠ ਅਤੇ ਕਮਰ ਨੂੰ ਜ਼ਮੀਨ ਤੋਂ ਸੀਤ ਪਹੁੰਚ ਰਹੀ ਸੀ

ਅਤੇ ਚਿਹਰੇ, ਛਾਤੀ ਅਤੇ ਗੋਡਿਆਂ ਨੂੰ ਅੱਗ ਦਾ ਸੁਹਾਵਣਾ ਨਿਘ ਮਿਲ ਰਿਹਾ ਸੀ।

ਕਿਸਾਨ ਅਜੇ ਵੀ ਕੁਝ ਗੱਲਾਂ ਕਰ ਰਹੇ ਸਨ ਅਤੇ ਬਾਬਾ ਵੀ ਉਹਨਾਂ ਨਾਲ ਗੱਲਾਂ ਕਰ ਰਿਹਾ ਸੀ। ਸਿਓਮਕਾ ਨੂੰ ਉਸਦੀ ਅਵਾਜ਼ ਸੁਣਾਈ ਦੇ ਰਹੀ ਸੀ : "ਬੜਾ ਮੁਸ਼ਕਿਲ ਹੈ ਜੀਣਾ, ਭਰਾਵੋ, ਬੜਾ ਮੁਸ਼ਕਿਲ ਹੈ ..." ਕਿਸਾਨ ਵੀ ਕਹਿ ਰਹੇ ਸਨ ਕਿ ਬੜਾ ਮੁਸ਼ਕਿਲ ਹੈ। ਫਿਰ ਉਹਨਾਂ ਦੀਆਂ ਅਵਾਜ਼ਾਂ ਦੱਬੀਆਂ-ਦੱਬੀਆਂ ਅਤੇ ਮਧਮ ਹੋ ਗਈਆਂ, ਜਿਵੇਂ ਕਿ ਮਧੂਮੱਖੀਆਂ ਭਿੰਨਭਿੰਨਾ ਰਹੀਆਂ ਹੋਣ ... ਫਿਰ ਸਿਓਮਕਾ ਦੀਆਂ ਅੱਖਾਂ ਸਾਹਮਣੇ ਲਾਲ ਘੇਰੇ ਬਨਣ ਲੱਗੇ, ਫਿਰ ਚੌੜੀ ਨਦੀ ਵਗਣ ਲੱਗੀ ਤੇ ਉਸ ਦੇ ਪਾਰ ਸੀ ਬੇਲੇ ਪਿੰਡ। ਸਿਓਮਕਾ ਨਦੀ 'ਚ ਕੁੱਦਣਾ ਚਾਹੁੰਦਾ ਸੀ, ਪਰ ਅਣਜਾਣ ਬਾਬੇ ਨੇ ਉਸਦੀ ਲੱਤ ਫੜ ਲਈ ਅਤੇ ਕਿਹਾ : "ਮੁਸ਼ਕਿਲ ਹੈ! ਮੁਸ਼ਕਿਲ ਹੈ!" ਇਸਤੋਂ ਬਾਅਦ ਫਿਰ ਲਾਲ ਅਤੇ ਹਰੇ ਘੇਰੇ ਬਨਣ ਲੱਗੇ, ਅਤੇ ਸਭ ਕੁਝ ਰੱਲਗੱਡ ਹੋ ਗਿਆ।

ਸਿਓਮਕਾ ਬੇਹੋਸ਼ ਸੋ ਰਿਹਾ ਸੀ।

## 6.

ਸਵੇਰੇ ਸਿਓਮਕਾ ਦੀ ਅੱਖ ਖੁੱਲ੍ਹੀ। ਅਕਾਸ਼ 'ਤੇ ਬੱਦਲ ਤਰ ਰਹੇ ਸਨ, ਬੁੱਝੀ ਹੋਈ ਅੱਗ 'ਤੇ ਠੰਡੀ ਹਵਾ ਦੇ ਬੁੱਲੇ ਆਉਂਦੇ, ਸਵਾਹ ਉਡਾਉਂਦੇ ਅਤੇ ਸਾਂਅ-ਸਾਂਅ ਕਰਦੇ ਉਸਨੂੰ ਮੈਦਾਨ 'ਚ ਖਿਲਾਰ ਦੇਂਦੇ। ਕਿਸਾਨ ਉਥੇ ਨਹੀਂ ਸਨ। ਬਾਬਾ ਗੱਠਰੀ ਬਣਾ ਜ਼ਮੀਨ 'ਤੇ ਪਿਆ ਹੋਇਆ ਸੀ।

ਸਿਓਮਕਾ ਉੱਠ ਕੇ ਬੈਠ ਗਿਆ।

"ਬਾਬੇ!" ਉਸਨੇ ਬੁੱਢੇ ਨੂੰ ਅਵਾਜ਼ ਦਿੱਤੀ।

"ਕਿਸਾਨ ਕਿਥੇ ਗਏ?" ਉਸਦੇ ਦਿਮਾਗ 'ਚ ਇਹ ਸਵਾਲ ਉੱਠਿਆ ਅਤੇ ਅਚਾਨਕ ਇਹ ਸੋਚ ਕੇ ਡਰ ਗਿਆ ਕਿ ਕਿਤੇ ਬਾਬੇ ਨੂੰ ਕੁਝ ਹੋ ਤਾਂ ਨਹੀਂ ਗਿਆ।

ਸਾਂਅ-ਸਾਂਅ ਕਰਦੀ ਹਵਾ ਸਵਾਹ ਉਡਾ ਰਹੀ ਸੀ ; ਕਾਲੇ, ਅੱਧ ਸੜੇ ਤਣਿਆਂ 'ਤੇ ਸੜੀਆਂ ਟਹਿਣੀਆਂ ਦੀ ਸਰਸਰ ਹੋ ਰਹੀ ਸੀ ਅਤੇ ਇਉਂ ਲੱਗਦਾ ਸੀ ਕਿ ਜਿਵੇਂ ਸਾਰਾ ਮੈਦਾਨ ਕੁਰਲਾ ਰਿਹਾ ਹੈ। ਸਿਓਮਕਾ ਦਾ ਡਰ ਵੱਧਦਾ ਹੀ ਜਾ ਰਿਹਾ ਸੀ।

"ਬਾਬੇ!" ਉਹ ਫਿਰ ਤੋਂ ਚੀਕਿਆ, ਪਰ ਉਸਦੀ ਅਵਾਜ਼ ਹਵਾ ਦੂਸਰੇ ਪਾਸੇ ਲੈ ਗਈ।

ਸਿਓਮਕਾ ਦੀਆਂ ਅੱਖਾਂ ਮਿੱਚ ਰਹੀਆਂ ਸਨ, ਸਿਰ ਭਾਰਾ ਹੋ ਗਿਆ ਸੀ ਅਤੇ ਮੋਢਿਆਂ 'ਤੇ ਲੁੜਕ-ਲੁੜਕ ਜਾ ਰਿਹਾ ਸੀ। ਸਿਓਮਕਾ ਫਿਰ ਤੋਂ ਲੇਟ ਗਿਆ, ਚਾਰੇ ਪਾਸਿਓਂ ਉਸਦੇ ਕੰਨਾਂ 'ਚ ਹਵਾ ਦੀ ਗੂੰਜ ਆ ਰਹੀ ਸੀ। ਉਸਨੂੰ ਲੱਗ ਰਿਹਾ ਸੀ ਕਿ ਡਾਕੂਆਂ ਨੇ ਬਾਬੇ ਨੂੰ ਮਾਰ ਦਿੱਤਾ ਹੈ, ਫਿਰ ਤੋਂ ਕਿਤੇ ਕੋਲ ਹੀ ਬੇਲੇ ਪਿੰਡ ਦਿਖਿਆ, ਪਰ ਕੋਈ ਉਸਨੂੰ ਪਿੰਡ 'ਚ ਵੜਨ ਤੋਂ ਰੋਕ ਰਿਹਾ ਹੈ, ਉਸਨੂੰ ਪਿੱਛੇ ਖਿੱਚ ਰਿਹਾ ਹੈ, ਉਥੇ ਗੰਦੇ ਮੈਦਾਨ 'ਚ, ਜਿਥੇ ਗੰਦੀ ਮਟਮੈਲੀ ਬੈਰਕ ਸੀ। "ਅੱਛਾ, ਤੂੰ ਘਰ ਜਾਵੇਂਗਾ?" ਗੁੱਸੇ ਭਰੀ ਅਵਾਜ਼ 'ਚ ਕੋਈ ਕਹਿ ਰਿਹਾ ਸੀ। ਫਿਰ ਕੋਈ ਗਰਮ-ਗਰਮ ਸੂਪ ਲਿਆਇਆ ਅਤੇ ਜ਼ਬਰਦਸਤੀ ਸਿਓਮਕਾ ਦੇ ਮੂੰਹ 'ਚ ਪਾਉਣ ਲੱਗਾ, ਸਿਰ ਉੱਤੇ ਡੋਲ੍ਹਣ ਲੱਗਾ, ਉਹ ਡੋਲ੍ਹਦਾ ਹੀ ਜਾ ਰਿਹਾ ਸੀ ਡੋਲ੍ਹਦਾ ਹੀ ਜਾ ਰਿਹਾ ਸੀ, ਸਿਓਮਕਾ ਦੇ ਸਿਰ ਉੱਤੇ ਗਰਮ ਪਹਾੜ

ਬਣ ਗਿਆ, ਪਰ ਉਹ ਡੋਲ੍ਹਦਾ ਹੀ ਜਾ ਰਿਹਾ ਸੀ... ਸਿਰ ਫੁਲ ਗਿਆ, ਅੰਦਰ ਅੱਗ ਬਲ ਰਹੀ ਸੀ। ਸਿਓਮਕਾ ਦੇ ਸਾਹ ਰੁਕ ਰਹੇ ਸਨ — ਫਿਰ ਉਸਨੇ ਅੱਖਾਂ ਖੋਲ੍ਹੀਆਂ। ਬਾਬਾ ਉਸ ਉੱਤੇ ਝੁਕਿਆ ਬੈਠਾ ਸੀ ਅਤੇ ਦੁਖ ਨਾਲ ਸਿਰ ਹਿਲਾ ਰਿਹਾ ਸੀ।

"ਕਿਉਂ ਭਾਈ?" ਉਸਦਾ ਚਿਹਰਾ ਛੂੰਹਦਿਆਂ ਬਾਬੇ ਨੇ ਕਿਹਾ ਅਤੇ ਸਿਓਮਕਾ ਨੂੰ ਉਪਰ ਅਸਮਾਨ, ਸੂਰਜ, ਝੁਰੜੀ ਹੋਈ ਦਾੜ੍ਹੀ ਅਤੇ ਧੱਸੀਆਂ ਅੱਖਾਂ ਦਿਖਾਈ ਦਿੱਤੀਆਂ। "ਕਿਉਂ ਭਾਈ? ਲੱਗਦਾ ਹੈ ਮਾਮਲਾ ਗੜਬੜ ਹੈ।"

"ਬਾਬਾ..." ਸਿਓਮਕਾ ਮੁਸ਼ਕਿਲ ਨਾਲ ਬੋਲ ਸਕਿਆ।

"ਉੱਠ, ਜ਼ਰਾ ਬੈਠ।"

ਬੁੱਢੇ ਨੇ ਉਸਨੂੰ ਉਠਾ ਕੇ ਆਪਣੀ ਗੋਦ 'ਚ ਬਿਠਾਇਆ ਅਤੇ ਸਿਰ ਆਪਣੀ ਛਾਤੀ ਨਾਲ ਲਗਾ ਲਿਆ।

"ਕਿਉਂ, ਭਾਈ?"

"ਕੁਝ ਨਹੀਂ ਸਿਓਮਕਾ ਬੁੜਬੁੜਾਇਆ।

"ਥੋੜ੍ਹਾ ਹੋਸ਼ ਸੰਭਾਲ, ਜਿਵੇਂ-ਤਿਵੇਂ ਚੱਲਣਾ ਚਾਹੀਦਾ ਹੈ... ਇਥੇ ਹੀ ਤਾਂ ਨਹੀਂ ਮਰਨਾ।"

ਘੰਟੇ ਕੁ ਬਾਅਦ ਉਹ ਇਕ ਦੂਸਰੇ ਦੇ ਲੱਕ ਦੁਆਲੇ ਬਾਹਵਾਂ ਪਾਈ ਸੜਕ 'ਤੇ ਚਲ ਰਹੇ ਸਨ। ਬੁੱਢਾ ਮਜ਼ਬੂਤੀ ਨਾਲ ਨਪੇ-ਤੁਲੇ ਕਦਮ ਭਰ ਰਿਹਾ ਸੀ, ਪਰ ਸਿਓਮਕਾ ਅਕਸਰ ਲੜਖੜਾ ਜਾਂਦਾ ਸੀ।

"ਸ਼ਹਿਰ ਵੀ ਤਾਂ ਬੜੀ ਦੂਰ ਹੈ," ਬੁੱਢਾ ਕਹਿ ਰਿਹਾ ਸੀ। "ਤੈਨੂੰ ਤਾਂ ਹਸਪਤਾਲ 'ਚ ਭਰਤੀ ਕਰਵਾਉਣਾ ਚਾਹੀਦਾ ਹੈ। ਤੇਰੀ ਗੱਲ ਹੋਰ ਹੈ। ਤੂੰ ਜਾ ਸਕਦਾ ਹੈ। ਮੈਨੂੰ ਤਾਂ ਉਥੇ ਸ਼ਹਿਰ 'ਚ ਸ਼ਕਲ ਨਹੀਂ ਦਿਖਾਉਣੀ ਚਾਹੀਦੀ। ਉਫ਼, ਕਿਹੋ ਜਿਹੀ ਜ਼ਿੰਦਗੀ ਹੈ!"

ਥੋੜ੍ਹੀ ਦੇਰ ਬਾਅਦ ਸਿਓਮਕਾ ਰੁਕ ਗਿਆ :

"ਬਾਬਾ, ਤੁਰਿਆ ਨਹੀਂ ਜਾ ਰਿਹਾ... ਥੋੜ੍ਹੀ ਦੇਰ ਬੈਠ ਜਾਈਏ।"

"ਚੱਲ, ਉਥੇ ਦਰੱਖਤਾਂ ਥੱਲੇ ਜਾਂਦੇ ਹਾਂ। ਉਥੇ ਕੁਝ ਨਿੱਘ ਹੋਣੀ। ਆ ਜਾ, ਮੈਨੂੰ ਫੜ ਲੈ। ਇਵੇਂ! ਚੱਲ, ਚਲੀਏ।"

ਰੁੱਖਾਂ ਦੇ ਝੁਰਮਟ ਹੇਠਾਂ ਉਹ ਬੈਠ ਗਏ। ਬਾਬੇ ਨੇ ਸਿਓਮਕਾ ਨੂੰ ਸਿਰ ਗੋਦ ਵਿੱਚ ਰੱਖਣ ਲਈ ਕਿਹਾ। ਆਪ ਕੁਝ ਟਹਿਣੀਆਂ ਤੋੜ ਕੇ ਬਿਸਤਰਾ ਬਣਾ ਦਿੱਤਾ।"

"ਲੇਟ ਜਾ, ਭਰਾ। ਲੇਟ ਜਾ।"

"ਬਾਬੇ," ਸਿਓਮਕਾ ਨੇ ਤਰਲੇ ਨਾਲ ਕਿਹਾ। "ਮੈਨੂੰ ਇਕੱਲਿਆਂ ਨਾ ਛੱਡ ਕੇ ਜਾਵੀਂ! ਬਾਬੇ!"

ਉਹ ਫੁੱਟ-ਫੁੱਟ ਕੇ ਰੋ ਪਿਆ ਉਸਦੇ ਮੂੰਹ 'ਚੋਂ ਇਕ ਸ਼ਬਦ ਵੀ ਹੋਰ ਨਾ ਨਿਕਲਿਆ। ਫਿਰ ਉਸਨੂੰ ਲੱਗਿਆ ਚਾਰੇ ਪਾਸੇ ਸਾਂਅ-ਸਾਂਅ ਹੋ ਰਹੀ ਹੈ, ਫਿਰ ਤੋਂ ਕੋਈ ਉਸਦਾ ਸਿਰ ਫੜ ਕੇ ਖਿੱਚ ਰਿਹਾ ਹੈ, ਸਭ ਕੁਝ ਘੁੰਮ ਰਿਹਾ ਹੈ, ਸੜ ਰਿਹਾ ਹੈ...

"ਘਰ! ਘਰ!" ਸਿਓਮਕਾ ਦੇ ਮੂੰਹੋਂ ਅਸਪੱਸ਼ਟ ਜਿਹੇ ਬੋਲ ਨਿਕਲੇ ਅਤੇ ਉਸਨੇ ਜ਼ੋਰ ਲੱਗਾ ਕੇ

ਅੱਖਾਂ ਖੋਲ੍ਹੀਆਂ, ਪਰ ਕੁਝ ਨਹੀਂ ਦਿਖਾਈ ਦਿੱਤਾ...

ਕਦੇ-ਕਦੇ ਉਸਨੂੰ ਆਪਣੇ ਆਸ-ਪਾਸ ਨਵੇਂ, ਅਣਜਾਣ ਚਿਹਰੇ ਮੰਡਰਾਉਂਦੇ ਲੱਗਦੇ, ਨਵੀਂ ਬੈਰਕ ਦਿਖਦੀ ; ਕਦੇ ਮਾਂ ਉਸਨੂੰ ਦਿਖਦੀ, ਕਦੇ ਨਦੀ, ਕਦੇ ਫਿਰ ਅਣਜਾਣ ਲੋਕ ਅਤੇ ਕਦੇ ਉਹੀ ਬਾਬਾ ; ਰਾਤ-ਦਿਨ ਰੱਲਗਡ ਹੋ ਗਏ ਤੇ ਆਖਰ ਸਿਓਮਕਾ ਨੇ ਫਿਰ ਅੱਖਾਂ ਖੋਲ੍ਹੀਆਂ।

ਉਹ ਇਕ ਕਮਰੇ 'ਚ, ਨਰਮ ਬਿਸਤਰੇ 'ਤੇ ਲੇਟਿਆ ਹੋਇਆ ਸੀ, ਉਸਨੂੰ ਉਪਰ ਛੱਤ ਸਾਫ-ਸਾਫ ਦਿਖ ਰਹੀ ਸੀ, ਖਿੜਕੀ ਦੇ ਬਾਹਰ ਬੁੱਚੀਆਂ ਟਹਿਣੀਆਂ ਵਾਲਾ ਰੁੱਖ ਹਿੱਲ ਰਿਹਾ ਸੀ।

ਉਹ ਡਰ ਗਿਆ : "ਫਿਰ ਬੈਰਕ 'ਚ ਆ ਗਿਆ?" ਉਸ ਨੇ ਉੱਠ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਸਦਾ ਸਰੀਰ ਹਿਲ ਨਹੀਂ ਸੀ ਰਿਹਾ, ਜਿਵੇਂ ਕਿ ਸਿਰਹਾਣੇ ਨਾਲ ਚਿਪਕ ਗਿਆ ਹੋਵੇ।

"ਬਾਬਾ ਕਿਥੇ ਹੈ?" ਸਿਓਮਕਾ ਨੇ ਅੱਖਾਂ ਘੁਮਾ ਕੇ ਜਾਣਿਆ-ਪਹਿਚਾਣਿਆ ਚਿਹਰਾ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਨਾ ਉਹ ਬੁੱਢਾ ਸੀ, ਨਾ ਜੰਗਲ ਅਤੇ ਨਾ ਹੀ ਵੱਡੀ ਸੜਕ। ਸਿਓਮਕਾ ਦੁਖੀ ਹੋ ਗਿਆ : ਕਿਉਂ ਅਣਜਾਣ ਬੁੱਢਾ ਉਸਨੂੰ ਛੱਡ ਕੇ ਚਲਾ ਗਿਆ। ਤੇ ਉਸਦੇ ਸੁੱਕੇ ਹੋਏ, ਪੀਲੇ ਚਿਹਰੇ 'ਤੇ ਅੱਥਰੂ ਵਹਿਣ ਲੱਗੇ।

## 7.

ਇਕ ਦਿਨ, ਬੀਮਾਰੀ ਤੋਂ ਬਾਅਦ ਕਮਜ਼ੋਰ ਸਿਓਮਕਾ ਹਸਪਤਾਲ ਦੇ ਕਪੜੇ ਪਾਈ, ਖਿੜਕੀ ਕੋਲ ਖੜ੍ਹਾ ਸੀ ਅਤੇ ਸੋਚਾਂ 'ਚ ਡੁੱਬਿਆ ਸੁੰਨਸਾਨ ਸੜਕ ਨੂੰ ਵੇਖ ਰਿਹਾ ਸੀ, ਜਿਥੇ, ਹਵਾ ਸੁੱਕੇ ਪੱਤਿਆਂ ਨੂੰ ਝਾੜੀਆਂ ਪਾਰ ਉਡਾ ਰਹੀ ਸੀ। ਸਿਓਮਕਾ ਦੇ ਪਿੱਛੇ ਹਸਪਤਾਲ ਦਾ ਸਿਪਾਹੀ ਦੇਮੀਦਿਚ ਖੜ੍ਹਾ ਸੀ, ਉਹ ਵੀ ਆਪਣੀ ਸੋਚ 'ਚ ਡੁੱਬਿਆ ਹੋਇਆ ਬਾਹਰ ਵੇਖ ਰਿਹਾ ਸੀ। ਉਸਨੇ ਸਿਓਮਕਾ ਨੂੰ ਦੱਸਿਆ ਸਿ ਕਿ ਕਿਵੇਂ ਬੁੱਢਾ ਉਸਨੂੰ ਬੇਹੋਸ਼ੀ ਦੀ ਹਾਲਤ 'ਚ ਇਥੇ ਲਿਆਇਆ ਸੀ। ਇਤਫ਼ਾਕ ਨਾਲ ਦਰੋਗਾ ਵੀ ਇਥੇ ਖੜ੍ਹਾ ਸੀ। ਉਸਨੇ ਬੁੱਢੇ ਨੂੰ ਵੇਖਿਆ ਅਤੇ ਬੋਲਿਆ : "ਆ ਗਿਆ, ਪੱਠੇ!" ਬੁੱਢਾ ਬਸ ਉਥੇ ਦਾ ਉਥੇ ਹੀ ਬੈਠ ਗਿਆ। ਦਰੋਗਾ ਬੋਲਿਆ : "ਫਿਰ ਭੱਜ ਗਿਆ?" ਤੇ ਉਸਨੂੰ ਤੁਰੰਤ ਫੜ ਲਿਆ ਗਿਆ। ਤੀਜੀ ਵਾਰ ਉਹ ਕੈਦ ਤੋਂ ਭੱਜਿਆ ਸੀ। ਤੀਜੀ ਵਾਰ ਫੜਿਆ ਗਿਆ।

ਇਹ ਸਾਰੀਆਂ ਗੱਲਾਂ ਸਿਓਮਕਾ ਸਿਪਾਹੀ ਤੋਂ ਕਈ ਵਾਰ ਸੁਣ ਚੁੱਕਿਆ ਸੀ। ਹਰ ਰੋਜ਼ ਸਵੇਰੇ ਸ਼ਾਮ ਉਹ ਠੰਡੇ ਹਉਕੇ ਭਰਦਾ ਅਤੇ ਸੋਚਦਾ : "ਹੈ, ਰੱਬਾ, ਬਾਬੇ ਨੂੰ ਬਚਾ ਲਓ।"

"ਅੱਜ ਉਸਨੂੰ ਲੈ ਜਾਇਆ ਜਾ ਰਿਹਾ ਹੈ," ਸਿਪਾਹੀ ਕਹਿ ਰਿਹਾ ਸੀ। "ਵੇਖ ਹੁਣੇ ਨਿਕਲੇਗਾ।"

ਥੋੜ੍ਹੀ ਦੇਰ 'ਚ ਸਿਓਮਕਾ ਨੂੰ ਘੁੱਟੀਆਂ-ਘੁੱਟੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਫਿਰ ਮੋਢਿਆਂ 'ਤੇ ਬੰਦੂਕਾਂ ਚੁੱਕੀ ਸਿਪਾਹੀ ਦਿਖੇ ਅਤੇ ਪਿੱਛੇ ਮਟਮੈਲੇ ਕਪੜੇ ਅਤੇ ਗੋਲ ਟੋਪੀਆਂ ਪਾਈ ਲੋਕਾਂ ਦੀ ਭੀੜ। ਉਹਨਾਂ ਦੇ ਹੱਥਾਂ ਅਤੇ ਪੈਰਾਂ 'ਚ ਬੇੜੀਆਂ ਖੜਕ ਰਹੀਆਂ ਸਨ। ਭੀੜ ਦੇ ਦੋਵੇਂ ਪਾਸੇ ਅਤੇ ਪਿੱਛੇ ਸਿਪਾਹੀ ਚੱਲ ਰਹੇ ਸਨ ; ਸਾਰੇ ਠੰਡ ਨਾਲ ਕੰਬ ਰਹੇ ਸਨ।

ਸਿਓਮਕਾ ਦਾ ਕਲੇਜਾ ਥੰਮ ਗਿਆ, ਉਹ ਸ਼ੀਸ਼ੇ ਨਾਲ ਚਿਪਕ ਗਿਆ ਅਤੇ ਅੱਖਾਂ ਟੱਡੀ ਭੀੜ

ਨੂੰ ਵੇਖਣ ਲੱਗਾ ਕਿ ਕਿਤੇ ਉਹ ਜਾਣਿਆ-ਪਹਿਚਾਣਿਆ ਚਿਹਰਾ ਨਜ਼ਰ ਆ ਜਾਵੇ। ਅਚਾਨਕ ਉਹ ਬੇਹਾਲ ਚੀਕਿਆ ਅੰਨ੍ਹੇਵਾਹ ਚੀਕਿਆ ਤੇ ਸ਼ੀਸ਼ੇ 'ਤੇ ਮੁੱਠੀਆਂ ਮਾਰਨ ਲੱਗਾ :

"ਬਾਬੇ! ਬਾਬੇ! ਬਾਬੇ!"

ਕੈਦੀਆਂ 'ਚ ਉਸਨੂੰ ਅਣਜਾਣ ਬਾਬਾ ਦਿਖ ਗਿਆ ਸੀ, ਜੋ ਬੇੜੀਆਂ 'ਚ ਉਲਝਿਆ ਸ਼ੀਸ਼ੇ ਕੋਲੋਂ ਹੀ ਲੰਘ ਰਿਹਾ ਸੀ।

"ਬਾਬੇ! ਬਾਬੇ! ਸਿਓਮਕਾ ਚੀਕ ਰਿਹਾ ਸੀ। ਖੁਸ਼ੀ ਅਤੇ ਡਰ ਨਾਲ ਉਹ ਬੇਸੁਰਤ ਹੋ ਗਿਆ ਸੀ।

ਦਸਤਕ ਸੁਣ ਕਈਆਂ ਨੇ ਮੁੜ ਕੇ ਵੇਖਿਆ। ਬਾਬੇ ਨੇ ਵੀ ਸਿਰ ਘੁਮਾਇਆ। ਸਿਓਮਕਾ ਨੇ ਵੇਖਿਆ ਕਿ ਬਾਬੇ ਨੇ ਆਪਣੀ ਧੱਸੀਆਂ ਹੋਈਆਂ ਬਦਰੰਗ ਅੱਖਾਂ ਨਾਲ ਉਸਨੂੰ ਵੇਖਿਆ ਹੈ, ਉਸਨੇ ਵੇਖਿਆ ਕਿ ਬਾਬੇ ਨੇ ਡੂੰਘਾ ਸਾਹ ਲਿਆ ਅਤੇ ਸਿਰ ਹਿਲਾਇਆ।

ਸਿਓਮਕਾ ਦੇ ਅੱਥਰੂ ਫੁਟ ਪਏ, ਛਾਤੀ 'ਚ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਇਸੇ ਦੌਰਾਨ ਕੈਦੀ ਅਤੇ ਕਾਨਵੋਏ ਦੇ ਸਿਪਾਹੀ ਅੱਗੇ ਵੱਧ ਗਏ ਅਤੇ ਮੋੜ ਪਿੱਛੇ ਅਲੋਪ ਹੋ ਗਏ ਸਨ। ਸਿਓਮਕਾ ਅਜੇ ਵੀ ਮੁੱਕੇ ਮਾਰ ਰਿਹਾ ਸੀ ਅਤੇ ਚੀਕ ਰਿਹਾ ਸੀ : "ਬਾਬਾ, ਬਾਬਾ!" ਸਿਪਾਹੀ ਉਦਾਸ ਅਵਾਜ਼ 'ਚ ਕਹਿ ਰਿਹਾ ਸੀ :

"ਓਏ, ਰੋਂਦਾ ਕਿਉਂ ਹੈਂ? ਕਾਹਦਾ ਰੋਣਾ ਹੈ : ਤੈਨੂੰ ਜਲਦੀ ਹੀ ਤੇਰੇ ਘਰ ਪਹੁੰਚਾ ਦੇਵਾਂਗੇ। ਬੱਚਾ ਹੈ ਤੂੰ, ਸੋ ਤੇਰਾ ਇਥੇ ਕੋਈ ਕੰਮ ਨਹੀਂ। ਕਹਿ ਦਿੱਤਾ ਨਾ, ਮੋੜ ਦਿਆਂਗੇ, ਹੁਣ ਚੀਕ ਨਾ!"

ਪਰ ਸਿਓਮਕਾ ਫੁੱਟ-ਫੁੱਟ ਕੇ ਰੋ ਰਿਹਾ ਸੀ ਅਤੇ ਉਧਰ ਮੋੜ ਪਿੱਛੇ ਵੇਖਣ ਦਾ ਯਤਨ ਕਰ ਰਿਹਾ ਸੀ, ਜਿਥੇ ਸੰਜੋਗ ਨਾਲ ਹੀ ਉਸਨੂੰ ਮਿਲ ਗਿਆ ਉਸਦਾ ਸੱਚਾ, ਅਣਜਾਣ ਦੋਸਤ ਆਪਣੀਆਂ ਬੇੜੀਆਂ ਘਸੀਟਦਾ ਚੱਲਾ ਗਿਆ ਸੀ।

*

ਲਿਓਨਿਦ ਆਂਦਰੇਯੇਵ

# ਬਸ ਇਕ ਯਾਦ



ਨਾਈ ਓਸਿਪ ਅਬ੍ਰਾਮਵਿਚ ਗਾਹਕ ਦੀ ਛਾਤੀ ’ਤੇ ਮੈਲਾ ਕਪੜਾ ਠੀਕ ਕਰਦਾ, ਉਂਗਲੀਆਂ ਨਾਲ ਉਸਦੀ ਕਾਲਰ ਪਿੱਛੇ ਵਾੜਦਾ ਅਤੇ ਤਿੱਖੀ ਅਵਾਜ਼ ’ਚ ਚਿਲਾਉਂਦਾ :

“ਲੜਕੇ, ਪਾਣੀ!”

ਸ਼ੀਸ਼ੇ ’ਚ ਆਪਣੀ ਸ਼ਕਲ ਵੇਖਦਾ ਗਾਹਕ ਦੇਖਦਾ ਹੈ ਕਿ ਉਸਦੀ ਠੋਡੀ ’ਤੇ ਇਕ ਹੋਰ ਫਿੰਸੀ ਨਿਕਲ ਆਈ ਹੈ ਤੇ ਉਹ ਮੂੰਹ ਲਮਕਾ ਕੇ ਨਜ਼ਰ ਮੋੜ ਲੈਂਦਾ ਹੈ, ਜੋ ਸਿੱਧੀ ਛੋਟੇ ਜਿਹੇ, ਦੁਬਲੇ-ਪਤਲੇ ਹੱਥ ’ਤੇ ਪੈਂਦੀ ਹੈ। ਇਹ ਹੱਥ ਇਕ ਪਾਸੇ ਤੋਂ ਵੱਧਦਾ ਅਤੇ ਸ਼ੀਸ਼ੇ ਕੋਲ ਟੀਨ ਦੀ ਕਟੋਰੀ ’ਚ ਗਰਮ ਪਾਣੀ ਰੱਖ ਦੇਂਦਾ। ਜਦੋਂ ਗਾਹਕ ਨਜ਼ਰਾਂ ਉਪਰ ਚੁੱਕਦਾ ਤਾਂ ਉਸਨੂੰ ਨਾਈ ਦਾ ਅਕਸ ਦਿਖਦਾ — ਅਜੀਬ, ਟੇਢਾ ਜਿਹਾ ਤੇ ਦਿਖਾਈ ਦੇਂਦੀ ਉਸਦੀ ਧਮਕੀ ਭਰੀ ਨਜ਼ਰ, ਜੋ ਉਹ ਹੇਠਾਂ ਕਿਸੇ ਦੇ ਸਿਰ ’ਤੇ ਤੇਜ਼ੀ ਨਾਲ ਸੁੱਟਦਾ। ਨਾਲ ਹੀ ਨਾਈ ਦੇ ਬੁੱਲ੍ਹਾਂ ’ਚ ਬੁੜਬੁੜਾਹਟ ਦੀ ਹਰਕਤ ਹੁੰਦੀ। ਬੁੜਬੁੜਾਹਟ ਸੁਣਾਈ ਤਾਂ ਨਾ ਦੇਂਦੀ, ਪਰ ਉਸਦਾ ਮਤਲਬ ਸਾਫ ਸੀ। ਜੇ ਖੁਦ ਨਾਈ ਓਸਿਪ ਦੀ ਬਜਾਏ ਪ੍ਰਕੋਪੀ ਜਾਂ ਮਿਖਾਇਲ ਨਾਮ ਦਾ ਕੋਈ ਚੇਲਾ ਉਸਦੀ ਹਜਾਮਤ ਕਰ ਰਿਹਾ ਹੁੰਦਾ, ਤਾਂ

ਬੁੜਬੁੜਾਹਟ ਜ਼ੋਰਦਾਰ ਹੁੰਦੀ ਅਤੇ ਉਸ 'ਚ ਅਨਿਸ਼ਚਤ ਜਿਹੀ ਧਮਕੀ ਹੁੰਦੀ :

"ਜ਼ਰਾ ਠਹਿਰ, ਬੱਚੂ!"

ਇਸਦਾ ਮਤਲਬ ਹੁੰਦਾ ਕਿ ਮੁੰਡੇ ਨੇ ਪਾਣੀ ਜਲਦੀ ਨਹੀਂ ਦਿੱਤਾ ਤੇ ਉਸਨੂੰ ਸਜ਼ਾ ਮਿਲੇਗੀ।

"ਇਸੇ ਲਾਇਕ ਹੈ ਇਹ," ਗਾਹਕ ਸੋਚਦਾ ਅਤੇ ਧੌਣ ਟੇਢੀ ਕਰ ਆਪਣੀ ਨੱਕ ਦੇ ਐਨ ਕੋਲ ਪਸੀਨੇ ਨਾਲ ਲਥਪਥ ਵੱਡੇ ਸਾਰੇ ਹੱਥ ਨੂੰ ਵੇਖਣ ਲੱਗਦਾ। ਹੱਥ ਦੀਆਂ ਤਿੰਨ ਉਂਗਲੀਆਂ ਫੈਲੀਆਂ ਹੁੰਦੀਆਂ ਤੇ ਬਾਕੀ ਦੋ ਚਿਪਚਿਪੀਆਂ ਅਤੇ ਖੁਸ਼ਬੂ ਮਾਰਦੀਆਂ ਉਂਗਲਾਂ ਗਾਹਕ ਦੇ ਗਲ੍ਹ ਅਤੇ ਠੋਡੀ ਦਾ ਕੋਮਲ ਸਪਰਸ਼ ਕਰਦੀਆਂ ਹੁੰਦੀਆਂ, ਜਦੋਂ ਕਿ ਰੇਜ਼ਰ ਅਣਸੁਖਾਵੀਂ ਅਵਾਜ਼ ਨਾਲ ਸਾਬਣ ਦੀ ਝੱਗ ਅਤੇ ਦਾੜ੍ਹੀ ਦੇ ਸਖਤ ਵਾਲ ਸਾਫ ਕਰਦਾ।

ਜਿਸ ਮੁੰਡੇ ਨੂੰ ਸਭ ਤੋਂ ਜ਼ਿਆਦਾ ਡਾਂਟ ਪੈਂਦੀ ਸੀ ਉਸਦਾ ਨਾਮ ਸੀ ਪੇਤਕਾ ਤੇ ਉਹ ਨਾਈ ਦੀ ਦੁਕਾਨ 'ਚ ਕੰਮ ਕਰਨ ਵਾਲਿਆਂ 'ਚੋਂ ਸਭ ਤੋਂ ਛੋਟਾ ਸੀ। ਦੂਸਰਾ ਮੁੰਡਾ ਨਿਕੋਲਕਾ ਪੇਤਕਾ ਤੋਂ ਤਿੰਨ ਸਾਲ ਵੱਡਾ ਸੀ ਤੇ ਜਲਦੀ ਹੀ ਸ਼ਾਗਿਰਦ ਬਣਨ ਵਾਲਾ ਸੀ। ਹੁਣ ਵੀ, ਜਦੋਂ ਕੋਈ ਮਮੂਲੀ ਜਿਹਾ ਗਾਹਕ ਦੁਕਾਨ 'ਤੇ ਆਉਂਦਾ ਅਤੇ ਸ਼ਾਗਿਰਦਾਂ ਨੂੰ ਮਾਲਕ ਦੀ ਗੈਰਹਾਜ਼ਰੀ 'ਚ ਕੰਮ ਕਰਨ ਆਲਸ ਲੱਗਦਾ ਤਾਂ ਉਹ ਨਿਕੋਲਕਾ ਨੂੰ ਹਜਾਮਤ ਕਰਨ ਲਈ ਭੇਜ ਦੇਂਦੇ ਤੇ ਇਹ ਦੇਖ ਕੇ ਹੱਸਦੇ ਕਿ ਭਾਰੇ-ਭਰਕਮ ਜਮਾਂਦਾਰ ਦੀ ਟਿੰਡ ਦੇ ਵਾਲ ਵੇਖਣ ਲਈ ਪੰਜਿਆਂ ਭਾਰ ਖੜ੍ਹਾ ਹੋਣਾ ਪੈਂਦਾ ਹੈ। ਕਦੇ-ਕਦੇ ਗਾਹਕ ਚੀਕਦਾ-ਚਿਲਾਉਂਦਾ ਕਿ ਉਸਦੇ ਵਾਲ ਖਰਾਬ ਕਰ ਦਿੱਤੇ ਹਨ ਤੇ ਉਦੋਂ ਸ਼ਾਗਿਰਦ ਵੀ ਨਿਕੋਲਕਾ 'ਤੇ ਚੀਕਦੇ। ਪਰ ਅਜਿਹਾ ਬਹੁਤ ਘੱਟ ਹੁੰਦਾ ਸੀ, ਸੋ ਉਹ ਵੱਡਿਆਂ ਵਾਂਗ ਬਣਦਾ ਫਿਰਦਾ ਸੀ : ਸਿਗਰਟ ਪੀਂਦਾ ਸੀ, ਦੰਦ ਪਿਚਕ ਕੇ ਥੁੱਕਦਾ ਸੀ, ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਦਾ। ਪੇਤਕਾ ਦੇ ਸਾਹਮਣੇ ਉਹ ਇਸ ਗੱਲ ਦੀ ਡੀਂਗ ਮਾਰਦਾ ਕਿ ਉਸਨੇ ਵੋਦਕਾ ਪੀਤੀ ਹੈ, ਪਰ ਇਹ ਸ਼ਾਇਦ ਝੂਠ ਹੀ ਹੁੰਦਾ। ਸ਼ਾਗਿਰਦਾਂ ਨਾਲ ਉਹ ਗੁਆਂਢੀ ਗਲੀ 'ਚ ਹੋ ਰਹੀ ਜ਼ੋਰਦਾਰ ਲੜਾਈ ਵੇਖਣ ਜਾਂਦਾ ਸੀ, ਜਦੋਂ ਉਥੋਂ ਹੱਸਦਾ-ਖੇਡਦਾ ਪਰਤਦਾ, ਤਾਂ ਓਸਿਪ ਉਸਨੂੰ ਇੱਕ-ਦੋ ਥੱਪੜ ਮਾਰ ਦੇਂਦਾ।

ਪੇਤਕਾ ਦਸ ਸਾਲ ਦਾ ਸੀ। ਉਹ ਨਾ ਸਿਗਰਟ ਪੀਂਦਾ ਸੀ ਨਾ ਹੀ ਵੋਦਕਾ, ਪੇਤਕਾ ਅਤੇ ਨਿਕੋਲਕਾ ਬੈਠ ਕੇ ਗੱਲਾਂ ਕਰਦੇ। ਅਜਿਹੇ ਮੌਕਿਆਂ 'ਤੇ ਨਿਕੋਲਕਾ ਹਮੇਸ਼ਾਂ ਚੰਗਾ ਬਣ ਜਾਂਦਾ ਸੀ ਅਤੇ "ਲੜਕੇ" ਨੂੰ ਇਹ ਸਮਝਾਉਂਦਾ ਸੀ ਕਿ ਕਿਸ ਦਿਸ਼ਾ 'ਚ ਵਾਲ ਕੱਟਣੇ ਹਨ।

ਕਦੀ-ਕਦੀ ਉਹ ਦੋਵੇਂ ਖਿੜਕੀ ਕੋਲ ਬੈਠ ਜਾਂਦੇ, ਜਿਥੇ ਮੋਮ ਦਾ ਬਣਿਆ ਔਰਤ ਦਾ ਅੱਧਾ ਪੁਤਲਾ ਰਖਿਆ ਹੋਇਆ ਸੀ। ਪੁਤਲੇ ਦੇ ਗਲ੍ਹ ਗੁਲਾਬੀ ਸਨ। ਜਿਥੇ ਬੈਠ ਕੇ ਉਹ ਬੁਲਵਾਰ ਵੱਲ ਵੇਖਦੇ ਰਹਿੰਦੇ। ਬੁਲਵਾਰ 'ਚ ਸਵੇਰੇ ਹੀ ਜ਼ਿੰਦਗੀ ਦੀ ਚਹਿਲ-ਪਹਿਲ ਸ਼ੁਰੂ ਹੋ ਜਾਂਦੀ ਸੀ। ਬੁਲਵਾਰ ਦੇ ਰੁੱਖ ਧੂੜ ਨਾਲ ਸਲੇਟੀ ਹੋ ਗਏ ਸਨ, ਤੇਜ਼ ਧੁੱਪ 'ਚ ਉਹਨਾਂ ਦੀ ਇਕ ਪੱਤੀ ਤੱਕ ਨਾ ਹਿਲਦੀ ਤੇ ਉਹਨਾਂ ਨਾਲ ਜਿਹੜੀ ਛਾਂ ਪੈਂਦੀ ਸੀ ਉਹ ਵੀ ਧੂੜ ਰੰਗੀ ਹੁੰਦੀ, ਉਸ 'ਚ ਜ਼ਰਾ ਵੀ ਠੰਡਕ ਨਾ ਹੁੰਦੀ। ਸਾਰੇ ਬੈਂਚਾਂ 'ਤੇ ਔਰਤਾਂ, ਮਰਦ ਬੈਠੇ ਹੁੰਦੇ — ਮੈਲੇ-ਕੁਚੈਲੇ, ਅਜੀਬ ਜਿਹੇ ਕਪੜੇ ਪਾਏ ਹੁੰਦੇ, ਔਰਤਾਂ ਦੇ ਸਿਰ 'ਤੇ ਕੋਈ ਰੁਮਾਲ ਨਹੀਂ, ਮਰਦਾਂ ਦੇ ਸਿਰ 'ਤੇ ਕੋਈ ਟੋਪੀ ਨਹੀਂ,

ਜਿਵੇਂ ਉਹ ਇਥੇ ਹੀ ਰਹਿੰਦੇ ਹੋਣ ਤੇ ਉਹਨਾਂ ਦਾ ਕੋਈ ਦੂਸਰਾ ਘਰ ਹੀ ਨਾ ਹੋਵੇ। ਅਕਸਰ ਕਿਸੇ ਦਾ ਜੱਤਲ ਸਿਰ ਬੇਬਸ ਹੀ ਮੋਢੇ 'ਤੇ ਲੁੜਕ ਜਾਂਦਾ ਤੇ ਸਰੀਰ ਨਾ ਚਾਹੁੰਦਿਆਂ ਹੋਇਆਂ ਵੀ ਸੌਣ ਦੀ ਥਾਂ ਲੱਭਦਾ, ਤੀਜੇ ਦਰਜੇ ਦੀ ਸਵਾਰੀ ਵਾਂਗ, ਜਿਸਨੇ ਇਕ ਸੀਟ 'ਤੇ ਬੈਠੇ-ਬੈਠੇ ਹੀ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਕੀਤਾ ਹੋਵੇ, ਪਰ ਲੇਟਣ ਦੀ ਕੋਈ ਜਗ੍ਹਾ ਨਹੀਂ ਸੀ। ਫੁੱਟਪਾਥਾਂ 'ਤੇ ਨੀਲੀ ਵਰਦੀ ਪਾਈ ਚੌਕੀਦਾਰ ਘੁੰਮਦਾ ਰਹਿੰਦਾ ਸੀ ਤੇ ਵੇਖਦਾ ਰਹਿੰਦਾ ਸੀ ਕੋਈ ਬੈਂਚ 'ਤੇ ਲੇਟ ਨਾ ਜਾਵੇ, ਜਾਂ ਘਾਹ 'ਤੇ ਨਾ ਲੰਮਾ ਪੈ ਜਾਵੇ, ਜੋ ਕਿ ਤੇਜ਼ ਧੁੱਪ 'ਚ ਸੁੱਕ ਗਈ ਸੀ, ਪਰ ਫਿਰ ਵੀ ਏਨੀ ਨਰਮ ਅਤੇ ਠੰਡੀ ਸੀ।

ਨਿਕੋਲਕਾ ਇਹਨਾਂ ਵਿੱਚੋਂ ਕਈਆਂ ਦੇ ਨਾਮ ਤੱਕ ਜਾਣਦਾ ਸੀ। ਉਹ ਪੇਤਕਾ ਨੂੰ ਇਹਨਾਂ ਬਾਰੇ ਕਈ ਤਰ੍ਹਾਂ ਦੇ ਕਿੱਸੇ ਸੁਣਾਉਂਦਾ ਰਹਿੰਦਾ ਅਤੇ ਉਹਨਾਂ ਨੂੰ ਹਸਾਉਂਦਾ ਰਹਿੰਦਾ। ਪੇਤਕਾ ਹੈਰਾਨ ਹੋ ਕੇ ਸੋਚਦਾ ਸੀ ਕਿ ਨਿਕੋਲਕਾ ਕਿੰਨਾ ਅਕਲਮੰਦ ਅਤੇ ਨਿਡਰ ਹੈ, ਕਿ ਕਦੇ ਉਹ ਵੀ ਉਹਦੇ ਵਰਗਾ ਬਣ ਜਾਵੇਗਾ। ਪਰ ਅਜੇ ਤਾਂ ਉਹ ਕਿਤੇ ਹੋਰ ਚਲਾ ਜਾਣਾ ਚਾਹੁੰਦਾ ਸੀ ... ਬਸ ਇਹੀ ਇਕ ਇੱਛਾ ਸੀ ਉਸਦੀ।

ਪੇਤਕਾ ਲਈ ਸਾਰੇ ਦਿਨ ਇਕੋ ਜਿਹੇ ਸਨ। ਸਰਦੀ ਹੋਵੇ ਜਾਂ ਗਰਮੀ, ਉਸਨੂੰ ਬਸ ਉਹੀ ਸ਼ੀਸ਼ੇ ਵੇਖਣ ਨੂੰ ਮਿਲਦੇ ਸਨ, ਜਿਨ੍ਹਾਂ ਵਿਚੋਂ ਇਕ 'ਤੇ ਤਰੇੜ ਪਈ ਹੋਈ ਸੀ ਤੇ ਦੂਸਰਾ ਟੇਢਾ ਸੀ। ਗੰਦੀ ਜਿਹੀ ਧੱਬਿਆਂ ਵਾਲੀ ਕੰਧ ਉੱਤੇ ਓਹੀ ਇਕ ਹੀ ਤਸਵੀਰ ਹਮੇਸ਼ਾਂ ਟੰਗੀ ਰਹਿੰਦੀ ਸੀ। ਸਵੇਰੇ, ਸ਼ਾਮ, ਸਾਰਾ ਦਿਨ ਪੇਤਕਾ ਦੇ ਸਿਰ 'ਤੇ ਅਵਾਜ਼ ਗੂੰਜਦੀ ਰਹਿੰਦੀ : "ਲੜਕੇ, ਪਾਣੀ!" ਤੇ ਉਹ ਪਾਣੀ ਦੇਂਦਾ ਰਹਿੰਦਾ ਸੀ, ਦੇਂਦਾ ਰਹਿੰਦਾ ਸੀ। ਉਸ ਲਈ ਕੋਈ ਛੁੱਟੀ ਜਾਂ ਤਿਉਹਾਰ ਨਹੀਂ ਸਨ। ਐਤਵਾਰ ਜਦੋਂ ਦੂਸਰੀਆਂ ਦੁਕਾਨਾਂ 'ਚ ਕੋਈ ਰੋਸ਼ਨੀ ਨਾ ਹੁੰਦੀ, ਨਾਈ ਦੀ ਦੁਕਾਨ 'ਚੋਂ ਦੇਰ ਰਾਤ ਤੱਕ ਸੜਕ 'ਤੇ ਤੇਜ਼ ਰੋਸ਼ਨੀ ਕਿਰਦੀ ਰਹਿੰਦੀ। ਉਥੋਂ ਗੁਜ਼ਰਦੇ ਲੋਕ ਅਕਸਰ ਦੁਕਾਨ ਦੇ ਇਕ ਕੋਨੇ 'ਚ ਸਟੂਲ 'ਤੇ ਗੱਠਰੀ ਬਣ ਕੇ ਬੈਠੇ ਦੁਬਲੇ-ਪਤਲੇ ਮੁੰਡੇ ਨੂੰ ਵੇਖਦੇ, ਜਿਹੜਾ ਪਤਾ ਨਹੀਂ ਕਿਸੇ ਸੋਚ 'ਚ ਡੁੱਬਿਆ ਹੁੰਦਾ ਜਾਂ ਊਂਘ ਰਿਹਾ ਹੁੰਦਾ। ਪੇਤਕਾ ਬਹੁਤ ਸੌਂਦਾ ਸੀ : ਤਾਂ ਵੀ ਉਸਨੂੰ ਹਰ ਵਕਤ ਨੀਂਦ ਆਉਂਦੀ ਰਹਿੰਦੀ ਸੀ ਤੇ ਅਕਸਰ ਇੰਝ ਲੱਗਦਾ ਸੀ ਕਿ ਉਸ ਦੇ ਚਾਰੇ ਪਾਸੇ ਹੋਰ ਜੋ ਕੁਝ ਵੀ ਹੈ ਉਹ ਸੱਚਾਈ ਨਾ ਹੋ ਕੇ ਇਕ ਲੰਬਾ, ਕੋਝਾ ਸੁਪਨਾ ਹੀ ਹੋਵੇ। ਅਕਸਰ ਉਸ ਤੋਂ ਪਾਣੀ ਡੁੱਲ੍ਹ ਜਾਂਦਾ, ਉਸਨੂੰ "ਲੜਕੇ, ਪਾਣੀ!" ਦੀ ਖੂੰਖਾਰ ਚੀਕ ਸੁਣਾਈ ਨਾ ਦੇਂਦੀ। ਉਹ ਸੁੱਕਦਾ ਜਾ ਰਿਹਾ ਸੀ ਅਤੇ ਉਸਦੇ ਮੁੰਨੇ ਹੋਏ ਸਿਰ 'ਤੇ ਪੱਪੜੀ ਜਿਹੀ ਜੰਮਣ ਲੱਗੀ ਸੀ। ਗਾਹਕ ਇਸ ਦੁਬਲੇ-ਪਤਲੇ ਮੁੰਡੇ ਨੂੰ ਨਫਰਤ ਨਾਲ ਵੇਖਦੇ ਸਨ, ਜਿਸਦੀਆਂ ਅੱਖਾਂ 'ਚ ਹਮੇਸ਼ਾਂ ਨੀਂਦ ਭਰੀ ਰਹਿੰਦੀ, ਮੂੰਹ ਅੱਧ-ਖੁੱਲ੍ਹਾ ਹੀ ਹੁੰਦਾ ਅਤੇ ਗਰਦਨ ਅਤੇ ਹੱਥ ਬੇਹੱਦ ਗੰਦੇ। ਅੱਖਾਂ ਕੋਲ ਅਤੇ ਨੱਕ ਥੱਲੇ ਬਰੀਕ ਝੁਰੜੀਆਂ ਬਣ ਗਈਆਂ ਸਨ, ਜਿਵੇਂ ਕਿ ਤਿੱਖੀ ਸੂਈ ਨਾਲ ਬਣਾ ਦਿੱਤੀਆਂ ਹੋਣ ਤੇ ਇਹਨਾਂ ਦੇ ਕਾਰਨ ਉਹ ਬੁੱਢਾ ਹੋ ਗਿਆ, ਬੌਣਾ ਜਿਹਾ ਲੱਗਦਾ ਸੀ।

ਪੇਤਕਾ ਨਹੀਂ ਜਾਣਦਾ ਸੀ ਕਿ ਉਹ ਇਥੇ ਅੱਕ ਰਿਹਾ ਜਾਂ ਖੁਸ਼ ਹੈ, ਪਰ ਉਸਦਾ ਦਿਲ ਕਿਤੇ ਹੋਰ ਚਲੇ ਜਾਣ ਨੂੰ ਕਰਦਾ। ਉਹ ਉਸ ਜਗ੍ਹਾ ਬਾਰੇ ਉਹ ਕੁਝ ਨਹੀਂ ਕਹਿ ਸਕਦਾ ਸੀ ਕਿ ਉਹ ਕਿਥੇ



ਹੈ ਅਤੇ ਕਿਸ ਤਰ੍ਹਾਂ ਦੀ ਹੈ। ਜਦੋਂ ਉਸਦੀ ਮਾਂ ਨਦੇਭਦਾ ਬਾਵਰਚਿਨ ਉਸ ਨੂੰ ਮਿਲਣ ਆਉਂਦੀ, ਤਾਂ ਉਹ ਬਿਨਾ ਕਿਸੇ ਚਾਅ ਦੇ ਮਠਿਆਈ ਖਾ ਲੈਂਦਾ, ਉਸ ਨਾਲ ਕਿਸੇ ਗੱਲ ਦੀ ਸ਼ਿਕਾਇਤ ਨਾ ਕਰਦਾ, ਬਸ ਏਨਾ ਹੀ ਕਹਿੰਦਾ ਕਿ ਉਹ ਉਸਨੂੰ ਇਥੋਂ ਲੈ ਜਾਵੇ। ਪਰ ਜਲਦੀ ਹੀ ਉਹ ਆਪਣੀ ਇਹ ਮੰਗ ਵੀ ਭੁੱਲ ਜਾਂਦਾ, ਅਣਮਨਿਆ ਜਿਹਾ ਮਾਂ ਨੂੰ ਅਲਵਿਦਾ ਕਹਿੰਦਾ ਅਤੇ ਇਹ ਵੀ ਨਾ ਪੁੱਛਦਾ ਕਿ ਉਹ ਫਿਰ ਕਦੋਂ ਆਵੇਗੀ। ਮਾਂ ਇਹ ਸੋਚ ਕੇ ਦੁਖੀ ਹੁੰਦੀ ਕਿ ਉਸਦਾ ਇਕ ਹੀ ਬੇਟਾ ਹੈ, ਉਹ ਵੀ ਭੌਂਦੂ।

ਪੇਤਕਾ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਕਿੰਨੇ ਦਿਨਾਂ ਤੱਕ ਇਉਂ ਹੀ ਜਿੰਦਾ ਰਿਹਾ। ਇਕ ਦਿਨ ਦੁਪਹਿਰ ਦੇ ਖਾਣੇ ਵੇਲੇ ਮਾਂ ਆਈ, ਉਸਨੇ ਓਸਿਪ ਨਾਲ ਗੱਲਾਂ ਕੀਤੀਆਂ ਅਤੇ ਬੇਟੇ ਨੂੰ ਕਿਹਾ ਕਿ ਦਾਚੇ ( ਪਿੰਡ ) ਜਾਣ ਦੀ ਛੁੱਟੀ ਮਿਲ ਗਈ ਹੈ। ਦਾਚਾ ਤਸਰੀਤਿਸਨੋ ( ਮਾਸਕੋ ਤੋਂ ਥੋੜ੍ਹੀ ਦੂਰ ਇਕ ਸੁੰਦਰ ਥਾਂ ) ਵਿੱਚ ਸੀ ਤੇ ਉਥੇ ਨਦੇਭਦਾ ਦੇ ਮਾਲਕ ਰਹਿੰਦੇ ਸਨ। ਪਹਿਲਾਂ ਤਾਂ ਪੇਤਕਾ ਕੁਝ ਸਮਝਿਆ ਨਹੀਂ ਪਰ ਫਿਰ ਨਿਸ਼ਬਦ ਮੁਸਕੁਰਾਹਟ ਨਾਲ ਉਸਦਾ ਚਿਹਰਾ ਬਰੀਕ-ਬਰੀਕ ਝੁਰੜੀਆਂ ਨਾਲ ਭਰ ਗਿਆ ਤੇ ਉਹ ਮਾਂ ਨੂੰ ਜਲਦੀ ਕਰਨ ਨੂੰ ਕਹਿਣ ਲੱਗਾ। ਨਦੇਭਦਾ ਨੂੰ ਅਜੇ ਸਿਸ਼ਟਾਚਾਰ ਦੇ ਨਾਤੇ ਓਸਿਪ ਤੋਂ ਉਸਦੀ ਪਤਨੀ ਦਾ ਹਾਲ-ਚਾਲ ਪੁੱਛਣਾ ਸੀ, ਪਰ ਪੇਤਕਾ ਉਸਨੂੰ ਹੌਲੀ-ਹੌਲੀ ਦਰਵਾਜ਼ੇ ਵੱਲ ਧਕੇਲ ਰਿਹਾ ਸੀ ਅਤੇ ਬਾਂਹ ਖਿੱਚ ਰਿਹਾ ਸੀ। ਉਹ ਨਹੀਂ ਜਾਣਦਾ ਸੀ ਕਿ ਇਹ ਦਾਚਾ ਕੀ ਹੁੰਦਾ ਹੈ, ਪਰ ਉਸਦਾ ਖਿਆਲ ਸੀ ਕਿ ਇਹ ਉਹ ਜਗ੍ਹਾ ਹੈ, ਜਿਥੇ ਜਾਣ ਦਾ ਉਸਦਾ ਏਨਾ ਮਨ ਸੀ। ਆਪਣੀ ਖੁਸ਼ੀ ਲਈ ਉਹ ਨਿਕੋਲਕਾ ਨੂੰ ਭੁੱਲ ਹੀ ਗਿਆ। ਨਿਕੋਲਕਾ ਜੇਬਾਂ 'ਚ ਹੱਥ ਪਾਈ ਕੋਲ ਹੀ ਖੜ੍ਹਾ ਸੀ ਤੇ ਹਮੇਸ਼ਾਂ ਵਾਂਗ ਢੀਠਤਾ ਨਾਲ ਨਦੇਭਦਾ ਵੱਲ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਉਸਦੀਆਂ ਅੱਖਾਂ 'ਚ ਢੀਠਤਾ ਦੀ ਜਗ੍ਹਾ ਦੁੱਖ ਸੀ : ਉਸਦੀ ਮਾਂ ਸੀ ਹੀ ਨਹੀਂ, ਤੇ ਇਸ ਪਲ ਉਹ ਇਸ ਮੋਟੀ ਨਦੇਭਦਾ ਵਰਗੀ ਔਰਤ ਨੂੰ ਵੀ ਮਾਂ ਮੰਨਣ ਨੂੰ ਤਿਆਰ ਸੀ। ਗੱਲ ਇਹ ਸੀ ਕਿ ਉਹ ਵੀ ਕਦੇ ਦਾਚਾ ਨਹੀਂ ਗਿਆ ਸੀ।

ਸਟੇਸ਼ਨ 'ਤੇ ਖੂਬ ਚਹਿਲ-ਪਹਿਲ ਅਤੇ ਭੀੜ-ਭੜੱਕਾ ਸੀ। ਆਉਂਦੀਆਂ-ਜਾਂਦੀਆਂ ਰੇਲਗੱਡੀਆਂ ਘਰਘਰਾ ਰਹੀਆਂ ਸਨ, ਇੰਜਣ ਸੀਟੀਆਂ ਮਾਰ ਰਹੇ ਸਨ — ਕਿਸੇ ਦੀ ਅਵਾਜ਼ ਓਸਿਪ ਵਰਗੀ ਭਾਰੀ ਅਤੇ ਗੁੱਸੇ ਵਾਲੀ ਸੀ ਅਤੇ ਕਿਸੇ ਦੀ ਉਸਦੀ ਬੀਮਾਰ ਪਤਨੀ ਵਰਗੀ ਹੂੰਘਦੀ ਹੋਈ ਤੇ ਪਤਲੀ। ਸਵਾਰੀਆਂ ਕਾਹਲੀ 'ਚ ਇਧਰ-ਉਧਰ ਆ ਜਾ ਰਹੀਆਂ ਸਨ, ਲੱਗਦਾ ਸੀ ਉਹਨਾਂ ਦਾ ਇਹ ਸਿਲਸਿਲਾ ਕਦੀ ਖਤਮ ਨਹੀਂ ਹੋਣਾ। ਪੇਤਕਾ ਇਹ ਸਭ ਅੱਖਾਂ ਫਾੜ-ਫਾੜ ਵੇਖ ਰਿਹਾ ਸੀ — ਉਹ ਪਹਿਲੀ ਵਾਰ ਸਟੇਸ਼ਨ 'ਤੇ ਆਇਆ ਸੀ। ਉਸਦੇ ਦਿਲ ਵਿੱਚ ਅਜੀਬ ਬੇਚੈਨੀ ਅਤੇ ਉਤਸੁਕਤਾ ਭਰ ਰਹੀ ਸੀ। ਮਾਂ ਨੂੰ ਅਤੇ ਉਸਨੂੰ ਵੀ ਡਰ ਲੱਗ ਰਿਹਾ ਸੀ ਕਿ ਕਿਤੇ ਗੱਡੀ ਛੁੱਟ ਨਾ ਜਾਵੇ, ਹਾਲਾਂਕਿ ਗੱਡੀ ਜਾਣ 'ਚ ਅਜੇ ਅੱਧੇ ਘੰਟੇ ਤੋਂ ਵੀ ਜ਼ਿਆਦਾ ਵਕਤ ਸੀ। ਆਖਰ ਜਦੋਂ ਉਹ ਡੱਬੇ 'ਚ ਬੈਠ ਗਏ ਅਤੇ ਗੱਡੀ ਚੱਲ ਪਈ, ਤਾਂ ਪੇਤਕਾ ਖਿੜਕੀ 'ਤੇ ਚਿੰਬੜ ਗਿਆ। ਬਸ ਮੁੰਨਿਆ ਹੋਇਆ ਸਿਰ ਹੀ ਪਤਲੀ ਗਰਦਨ 'ਤੇ ਇਧਰ-ਉਧਰ ਘੁੰਮ ਰਿਹਾ ਸੀ, ਜਿਵੇਂ ਕਿ ਉਹ ਲੋਹੇ ਦੇ ਸਪ੍ਰਿੰਗ ਉੱਤੇ ਲੱਗਾ ਹੋਵੇ।



ਪੇਤਕਾ ਦਾ ਜਨਮ ਸ਼ਹਿਰ 'ਚ ਹੋਇਆ ਸੀ ਤੇ ਉਥੇ ਹੀ ਉਹ ਵੱਡਾ ਹੋਇਆ। ਜ਼ਿੰਦਗੀ 'ਚ ਪਹਿਲੀ ਵਾਰ ਉਹ ਖੇਤ-ਮੈਦਾਨ ਵੇਖ ਰਿਹਾ ਸੀ ਤੇ ਇਥੇ ਸਭ ਕੁਝ ਉਸ ਲਈ ਨਵਾਂ, ਹੈਰਾਨੀਜਨਕ ਅਤੇ ਅਜੀਬ ਸੀ। ਇਥੇ ਚਾਰੇ ਪਾਸੇ ਕਿੰਨੀ ਹੀ ਦੂਰ-ਦੂਰ ਤੱਕ ਦਿਖਾਈ ਦੇਂਦਾ ਸੀ, ਜੰਗਲ ਘਾਹ ਵਰਗਾ ਲੱਗਦਾ ਸੀ ਅਤੇ ਅਸਮਾਨ ਵੀ ਇਸ ਨਵੇਂ ਸੰਸਾਰ 'ਚ ਏਨਾ ਸਾਫ ਅਤੇ ਏਨਾ ਵੱਡਾ ਸੀ, ਕਿ ਜਿਵੇਂ ਉਹ ਉਸਨੂੰ ਛੱਤ ਉੱਤੇ ਚੜ੍ਹ ਕੇ ਵੇਖ ਰਿਹਾ ਹੋਵੇ। ਪੇਤਕਾ ਉਸਨੂੰ ਆਪਣੇ ਪਾਸੇ ਵੱਲੋਂ ਵੇਖ ਰਿਹਾ ਸੀ ਤੇ ਜਦੋਂ ਉਹ ਮਾਂ ਵੱਲ ਸਿਰ ਮੋੜਦਾ, ਤਾਂ ਸਾਹਮਣੇ ਵਾਲੀ ਖਿੜਕੀ 'ਚੋਂ ਵੀ ਉਸਨੂੰ ਨੀਲਾ ਅਕਾਸ਼ ਨਜ਼ਰ ਆਉਂਦਾ ਤੇ ਉਸ 'ਤੇ ਤਰਦੇ ਚਿੱਟੇ ਬੱਦਲ ਦਿਖਦੇ। ਪੇਤਕਾ ਕਦੀ ਆਪਣੀ ਖਿੜਕੀ ਕੋਲ ਹਿੱਲੀ ਜਾਂਦਾ, ਕਦੀ ਭੱਜ ਕੇ ਡੱਬੇ ਦੇ ਦੂਸਰੇ ਪਾਸੇ ਚਲਾ ਜਾਂਦਾ, ਸਹਿਜੇ ਹੀ ਆਪਣੇ ਐਵੇਂ ਜਿਹੇ ਹੀ ਧੋਤੇ ਹੱਥ ਦੂਸਰੇ ਮੁਸਾਫਰਾਂ ਦੇ ਗੋਡਿਆਂ ਅਤੇ ਮੋਢਿਆਂ 'ਤੇ ਰਖਦਾ ਜਾਂਦਾ ਤੇ ਉਹ ਮੁਸਕੁਰਾ ਪੈਂਦੇ। ਇਕ ਸਾਹਬ ਨੇ, ਜਿਹੜਾ ਅਖਬਾਰ ਪੜ੍ਹ ਰਿਹਾ ਸੀ ਤੇ ਪਤਾ ਨਹੀਂ ਥੱਕੇ ਹੋਣ ਕਰਕੇ ਜਾਂ ਅੱਕਿਆ ਹੋਇਆ ਲਗਾਤਾਰ ਉਬਾਸੀਆਂ ਮਾਰ ਰਿਹਾ ਸੀ, ਇਕ-ਦੋ ਵਾਰ ਮੁੰਡੇ ਵੱਲ ਟੇਢੀ ਨਜ਼ਰ ਨਾਲ ਵੇਖਿਆ। ਨਦੇਭਦਾ ਤੁਰੰਤ ਮਾਫੀ ਮੰਗਣ ਲੱਗੀ :

"ਪਹਿਲੀ ਵਾਰ ਗੱਡੀ 'ਤੇ ਜਾ ਰਿਹਾ ਹੈ ਨਾ ... ਸਭ ਕੁਝ ਨਵਾਂ ਹੈ ਇਸ ਲਈ..."

"ਹੂੰਅ," ਸਾਹਬ ਨੇ ਬੁੜਬੁੜਾਂਦਿਆਂ ਨਜ਼ਰਾਂ ਅਖਬਾਰ 'ਚ ਗੱਡ ਲਈਆਂ।

ਨਦੇਭਦਾ ਦਾ ਬੜਾ ਮਨ ਸੀ ਕਿ ਉਸਨੂੰ ਇਹ ਦੱਸੇ ਕਿ ਪੇਤਕਾ ਤਿੰਨ ਸਾਲ ਤੋਂ ਨਾਈ ਦੀ ਦੁਕਾਨ 'ਤੇ ਕੰਮ ਕਰ ਰਿਹਾ ਹੈ ਤੇ ਨਾਈ ਨੇ ਉਸਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦਾ ਵਾਅਦਾ ਕੀਤਾ ਹੈ ਤੇ ਇਹ ਬਹੁਤ ਹੀ ਵਧੀਆ ਹੋਵੇਗਾ, ਕਿਉਂਕਿ ਉਹ ਅਬਲਾ ਬਿਲਕੁਲ ਇਕੱਲੀ ਹੈ ਤੇ ਉਸਦਾ ਬੀਮਾਰੀ 'ਚ ਜਾਂ ਬੁਢਾਪੇ 'ਚ ਇਹੀ ਇਕ ਸਹਾਰਾ ਹੈ। ਪਰ ਸਾਹਬ ਦਾ ਚਿਹਰਾ ਸਖਤੀ ਭਰਿਆ ਸੀ ਤੇ ਨਦੇਭਦਾ ਨੇ ਇਹ ਸਭ ਦਿਲ ਹੀ ਦਿਲ ਵਿੱਚ ਕਹਿ ਦਿੱਤਾ।

ਰਸਤੇ ਦੇ ਸੱਜੇ ਪਾਸੇ ਛੋਟੇ-ਛੋਟੇ ਟਿੱਲਿਆਂ ਵਾਲਾ ਮੈਦਾਨ ਸੀ, ਜੋ ਨਮੀ ਕਰਕੇ ਗਾੜ੍ਹੇ ਹਰੇ ਰੰਗ ਦਾ ਹੋ ਗਿਆ ਸੀ। ਉਸਦੇ ਸਿਰੇ 'ਤੇ ਮਟਮੈਲੇ ਜਿਹੇ ਮਕਾਨ ਬਣੇ ਹੋਏ ਸਨ, ਦੂਰੋਂ ਉਹ ਖਿਡੌਣਿਆਂ ਵਰਗੇ ਲੱਗਦੇ ਸਨ। ਅੱਗੇ ਉੱਚੇ, ਹਰੇ ਟਿੱਲੇ 'ਤੇ, ਜਿਹਦੇ ਥੱਲੇ ਪਾਣੀ ਦੀ ਚਾਂਦੀ ਦੀ ਧਾਰਾ ਚਮਕ ਰਹੀ ਸੀ, ਖਿਡੌਣੇ ਵਰਗਾ ਹੀ ਗਿਰਜਾਘਰ ਬਣਿਆ ਹੋਇਆ ਸੀ।

ਜਦੋਂ ਰੇਲਗੱਡੀ ਅਚਾਨਕ ਤੇਜ਼ ਹੋ ਗਈ ਗੜਗੜਾਹਟ ਨਾਲ ਪੁੱਲ 'ਤੇ ਚੜ੍ਹ ਗਈ ਤੇ ਇਵੇਂ ਸੀ ਜਿਵੇਂ ਸ਼ੀਸ਼ੇ ਵਰਗੀ ਨਦੀ ਉਪਰ ਹਵਾ 'ਚ ਲਟਕ ਗਈ ਹੋਵੇ, ਤਾਂ ਪੇਤਕਾ ਇਕਦਮ ਡਰ ਦੇ ਮਾਰੇ ਕੰਬ ਗਿਆ, ਪਰ ਅਗਲੇ ਪਲ ਹੀ ਫਿਰ ਖਿੜਕੀ ਕੋਲ ਪਹੁੰਚ ਗਿਆ, ਕਿਤੇ ਰਸਤੇ ਦਾ ਕੋਈ ਨਜ਼ਾਰਾ ਉਸਦੀਆਂ ਨਜ਼ਰਾਂ ਤੋਂ ਛੁੱਟ ਨਾ ਜਾਵੇ। ਪੇਤਕਾ ਦੀਆਂ ਅੱਖਾਂ 'ਚ ਹੁਣ ਉਨੀਂਦਰਾ ਨਹੀਂ ਸੀ ਰਿਹਾ ਤੇ ਝੁਰੜੀਆਂ ਗਾਇਬ ਹੋ ਗਈਆਂ ਸਨ, ਜਿਵੇਂ ਕਿ ਕਿਸੇ ਨੇ ਉਸ ਚਿਹਰੇ 'ਤੇ ਪ੍ਰੈੱਸ ਫੇਰ ਕੇ ਝੁਰੜੀਆਂ ਦੂਰ ਕਰ ਦਿੱਤੀਆਂ ਹੋਣ ਅਤੇ ਉਸਨੂੰ ਚਿੱਟਾ ਅਤੇ ਚਮਕੀਲਾ ਬਣਾ ਦਿੱਤਾ ਹੋਵੇ।

ਦਾਚਾ 'ਚ ਪਹਿਲੇ ਦੋ ਦਿਨ ਤਾਂ ਪੇਤਕਾ ਨੂੰ ਜੰਗਲ ਤੋਂ ਡਰ ਲੱਗਦਾ ਰਿਹਾ, ਜਿਹੜਾ ਉਸ ਦੇ ਸਿਰ ਉਪਰ ਗੂੜ੍ਹਾ ਸ਼ੋਰ ਕਰਦਾ ਸੀ। ਹਨੇਰਾ ਜੰਗਲ ਵਿਚਾਰਮਗਨ ਅਤੇ ਡਰਾਉਣਾ ਲੱਗ ਰਿਹਾ

ਸੀ। ਜੰਗਲ ਵਿੱਚ ਛੋਟੇ-ਛੋਟੇ ਹਰੇ-ਭਰੇ ਮੈਦਾਨ ਜਿਵੇਂ ਕਿ ਆਪਣੇ ਚਟਕੀਲੇ ਫੁੱਲਾਂ 'ਚ ਹੱਸਦੇ ਸਨ, ਗਾਉਂਦੇ ਸਨ ਅਤੇ ਪੇਤਕਾ ਨੂੰ ਬੜੇ ਚੰਗੇ ਲੱਗਦੇ ਸਨ, ਉਹ ਉਹਨਾਂ ਨੂੰ ਸਹਿਲਾਉਣਾ ਚਾਹੁੰਦਾ ਸੀ। ਗਾੜ੍ਹਾ ਨੀਲਾ ਅਕਾਸ਼ ਉਸਨੂੰ ਆਪਣੇ ਵੱਲ ਬੁਲਾਉਂਦਾ, ਮੁਸਕੁਰਾਉਂਦਾ ਲੱਗਦਾ ਸੀ। ਬੁੱਢਿਆਂ ਵਾਂਗ ਹੌਲੀ-ਹੌਲੀ ਚੱਲਦਾ ਹੋਇਆ ਉਹ ਜੰਗਲ ਦੇ ਬਾਹਰਵਾਰ ਅਤੇ ਤਲਾਬ ਦੇ ਝਾੜੀਦਾਰ ਕਿਨਾਰੇ 'ਤੇ ਘੁੰਮਦਾ ਰਹਿੰਦਾ। ਇਥੇ ਹੀ ਉਹ ਥੱਕ ਕੇ ਸੰਘਣੀ ਨਰਮ ਘਾਹ 'ਤੇ ਡਿੱਗ ਪੈਂਦਾ ਅਤੇ ਉਸ 'ਚ ਸਮਾ ਜਾਂਦਾ, ਬਸ ਉਸਦੀ ਛੋਟੀ ਜਿਹੀ ਚਿਤਕਬਰੀ ਨੱਕ ਹਰੀ ਸਤਹ ਉਪਰ ਨਿਕਲੀ ਹੁੰਦੀ। ਪਹਿਲੇ ਦਿਨਾਂ 'ਚ ਉਹ ਅਕਸਰ ਮਾਂ ਕੋਲ ਵਾਪਸ ਆ ਜਾਂਦਾ ਸੀ, ਉਸਦਾ ਦਾਮਨ ਫੜਦਾ ਰਹਿੰਦਾ ਸੀ ਤੇ ਜਦੋਂ ਸਾਹਬ ਉਸਨੂੰ ਪੁੱਛਦੇ ਕਿ ਕੀ ਦਾਚਾ 'ਚ ਉਸਨੂੰ ਚੰਗਾ ਲੱਗ ਰਿਹਾ ਹੈ, ਤਾਂ ਉਹ ਹਿਚਕਚਾ ਜਾਂਦਾ ਅਤੇ ਮੁਸਕੁਰਾਉਂਦਾ ਹੋਇਆ ਸਿਰ ਹਿਲਾ ਦੇਂਦਾ।

ਤੇ ਫਿਰ ਉਹ ਸੰਘਣੇ ਜੰਗਲ ਅਤੇ ਸ਼ਾਂਤ ਪਾਣੀਆਂ ਵੱਲ ਚਲਾ ਜਾਂਦਾ। ਉਥੇ ਘੁੰਮਦਾ ਹੋਇਆ ਜਿਵੇਂ ਉਹਨਾਂ ਨੂੰ ਕੁਝ ਪੁੱਛਦਾ ਰਹਿੰਦਾ।

ਦੋ ਦਿਨ ਹੋਰ ਬੀਤਣ ਤੱਕ ਪੇਤਕਾ ਦਾ ਕੁਦਰਤ ਨਾਲ ਪੂਰਾ ਇਕਸੁਰ ਹੋ ਗਿਆ। ਅਜਿਹਾ ਤਸਰੀਤਿਸਨੋ ਦੇ ਇਕ ਸਕੂਲੀ ਵਿਦਿਆਰਥੀ ਮੀਤਯਾ ਦੇ ਸਹਿਯੋਗ ਨਾਲ ਹੋਇਆ। ਮੀਤਯਾ ਦਾ ਸਾਂਵਲਾ ਚਿਹਰਾ ਪੀਲੇਪਣ 'ਚ ਸੀ, ਸਿਰ ਦੇ ਵਾਲ ਖੜ੍ਹੇ ਰਹਿੰਦੇ ਸਨ। ਧੁੱਪ ਨਾਲ ਉਸਦੇ ਵਾਲਾਂ ਦਾ ਰੰਗ ਏਨਾ ਉੱਡ ਗਿਆ ਸੀ ਕਿ ਉਹ ਚਿੱਟੇ ਲੱਗਦੇ ਸਨ। ਪੇਤਕਾ ਨੇ ਜਦੋਂ ਉਸਨੂੰ ਪਹਿਲੀ ਵਾਰ ਵੇਖਿਆ ਤਾਂ ਉਹ ਮੱਛੀਆਂ ਫੜ ਰਿਹਾ ਸੀ। ਪੇਤਕਾ ਬਿਨਾ ਝਿਜਕ ਉਸ ਨਾਲ ਗੱਲਾਂ ਕਰਨ ਤੇ ਜਲਦੀ ਹੀ ਘੁਲਮਿਲ ਗਏ। ਮੀਤਯਾ ਨੇ ਪੇਤਕਾ ਨੂੰ ਬੰਸਰੀ ਫੜਣ ਲਈ ਦਿੱਤੀ ਅਤੇ ਉਸਨੂੰ ਦੂਰ ਕਿਤੇ ਨਦੀ 'ਚ ਨਹਾਉਣ ਲਈ ਲੈ ਗਿਆ। ਪੇਤਕਾ ਨੂੰ ਪਾਣੀ 'ਚ ਵੜਦਿਆਂ ਡਰ ਲੱਗ ਰਿਹਾ ਸੀ, ਪਰ ਜਦੋਂ ਉਹ ਵੜ ਗਿਆ, ਤਾਂ ਫਿਰ ਬਾਹਰ ਨਹੀਂ ਨਿਕਲਣਾ ਚਾਹੁੰਦਾ ਸੀ। ਨੱਕ ਉਪਰ ਚੁੱਕਦਾ, ਪਾਣੀ 'ਚ ਹੱਥ ਮਾਰਦਾ ਉਹ ਇੰਜ ਦਿਖਾ ਰਿਹਾ ਸੀ, ਜਿਵੇਂ ਕਿ ਤੈਰ ਰਿਹਾ ਹੋਵੇ। ਇਹਨਾਂ ਪਲਾਂ 'ਚ ਉਹ ਕਤੂਰੇ ਵਾਂਗ ਲੱਗ ਰਿਹਾ ਸੀ, ਜੋ ਪਹਿਲੀ ਵਾਰ ਪਾਣੀ 'ਚ ਵੜਿਆ ਹੋਵੇ। ਆਖਰ ਜਦੋਂ ਪੇਤਕਾ ਨੇ ਕਪੜੇ ਪਾਏ ਤਾਂ ਉਦ੍ਹਾ ਸਰੀਰ ਠੰਡ ਨਾਲ ਨੀਲਾ ਪੈ ਗਿਆ ਸੀ ਤੇ ਦੰਦ ਵੱਜ ਰਹੇ ਸਨ। ਮੀਤਯਾ ਨੂੰ ਹਮੇਸ਼ਾਂ ਕੁਝ ਨਾ ਕੁਝ ਸੁੱਝਦਾ ਰਹਿੰਦਾ ਸੀ। ਉਸੇ ਦੇ ਸੁਝਾਅ 'ਤੇ ਉਹ ਮਹਿਲ ਦੇ ਖੰਡਰ ਵੇਖਣ ਗਏ। ਮਹਿਲ ਦੀ ਛੱਤ 'ਤੇ ਚੜ੍ਹ ਗਏ, ਜਿਥੇ ਬਹੁਤ ਸਾਰੇ ਰੁੱਖ ਉੱਗ ਆਏ ਸਨ, ਵਿਸ਼ਾਲ ਮਹਿਲ ਦੀਆਂ ਢਹਿ ਗਈਆਂ ਕੰਧਾਂ 'ਚ ਘੁੰਮਦੇ ਰਹੇ। ਉਥੇ ਉਹਨਾਂ ਨੂੰ ਬਹੁਤ ਚੰਗਾ ਲੱਗ ਰਿਹਾ ਸੀ : ਥਾਂ-ਥਾਂ 'ਤੇ ਪੱਥਰਾਂ ਦੇ ਢੇਰ ਲੱਗੇ ਹੋਏ ਸਨ, ਜਿਨ੍ਹਾਂ 'ਤੇ ਮੁਸ਼ਕਲ ਨਾਲ ਚੜ੍ਹਿਆ ਜਾ ਸਕਦਾ ਸੀ ਤੇ ਉਹਨਾਂ ਵਿਚ ਪੇੜ-ਪੌਦੇ ਉੱਗ ਆਏ ਸਨ, ਪੂਰੀ ਤਰ੍ਹਾਂ ਸੰਨਾਟਾ ਸੀ ਤੇ ਲੱਗਦਾ ਸੀ ਕਿ ਬਸ ਹੁਣੇ ਕਿਸੇ ਕੋਨੇ 'ਚੋਂ ਕੋਈ ਨਿਕਲ ਆਵੇਗਾ ਜਾਂ ਖਿੜਕੀ ਦੇ ਟੁੱਟੇ-ਫੁੱਟੇ ਝਰੋਖੇ ਵਿੱਚੋਂ ਕੋਈ ਡਰਾਉਣਾ ਚਿਹਰਾ ਦਿਖਾਈ ਦੇਵੇਗਾ। ਹੌਲੀ-ਹੌਲੀ ਪੇਤਕਾ ਨੂੰ ਦਾਚਾ 'ਚ ਇੰਜ ਲੱਗਣ ਲੱਗ ਪਿਆ, ਜਿਵੇਂ ਉਹ ਆਪਣੇ ਹੀ ਘਰ ਰਹਿ ਰਿਹਾ ਹੋਵੇ ਤੇ ਉਹ ਇਹ ਭੁੱਲ ਹੀ ਗਿਆ ਕਿ ਦੁਨੀਆਂ 'ਚ ਓਸਿਪ ਅਤੇ ਨਾਈ ਦੀ ਦੁਕਾਨ ਦੀ ਵੀ ਕੋਈ ਹੋਂਦ ਹੈ।

"ਵੇਖ ਤਾਂ, ਕਿੰਨਾ ਮੋਟਾ ਹੋ ਗਿਆ ਹੈ!" ਨਦੇਭਦਾ ਖੁਸ਼ ਹੁੰਦੀ। ਉਹ ਆਪ ਵੀ ਕਾਫੀ ਮੋਟੀ ਹੋ ਗਈ ਸੀ ਤੇ ਰਸੋਈ ਦੀ ਗਰਮੀ ਨਾਲ ਉਸਦਾ ਚਿਹਰਾ ਤਾਂਬੇ ਦੀ ਸੁਰਾਹੀ ਵਰਗੀ ਲਾਲ ਹੋ ਗਿਆ ਸੀ।

ਨਦੇਭਦਾ ਸੋਚਦੀ ਸੀ ਕਿ ਪੇਤਕਾ ਨੂੰ ਭੋਜਨ ਵਧੀਆ ਮਿਲਦਾ ਹੈ। ਪਰ ਅਸਲ 'ਚ ਪੇਤਕਾ ਬਹੁਤ ਹੀ ਘੱਟ ਖਾਂਦਾ ਸੀ ਇਸ ਲਈ ਨਹੀਂ ਕਿ ਉਸਨੂੰ ਭੁੱਖ ਨਹੀਂ ਲੱਗਦੀ ਸੀ, ਸਗੋਂ ਇਸ ਲਈ ਕਿ ਕੌਣ ਏਨਾ ਝੰਜਟ ਕਰੇ : ਜੇ ਚਬਾਏ ਬਿਨਾ ਹੀ ਭੋਜਣ ਨਿਗਲਿਆ ਜਾ ਸਕਦਾ, ਤਾਂ ਗੱਲ ਹੀ ਹੋਰ ਸੀ, ਪਰ ਇਥੇ ਤਾਂ ਚਬਾਉਣਾ ਪੈਂਦਾ ਸੀ ਤੇ ਵਿੱਚ-ਵਿੱਚ ਵਿਹਲੇ ਬੈਠਿਆਂ ਲੱਤਾਂ ਹਿਲਾਉਣੀਆਂ ਪੈਂਦੀਆਂ, ਕਿਉਂਕਿ ਨਦੇਭਦਾ ਬਹੁਤ ਹੀ ਹੌਲੀ-ਹੌਲੀ ਖਾਂਦੀ ਸੀ, ਹੱਡੀਆਂ ਚੂਸਦੀ ਸੀ, ਐਪਰਨ ਨਾਲ ਮੂੰਹ ਪੂੰਝਦੀ ਤੇ ਬੇਕਾਰ ਦੀਆਂ ਗੱਲਾਂ ਕਰਦੀ ਜਾਂਦੀ ਸੀ। ਉਧਰ ਪੇਤਕਾ ਨੂੰ ਪਤਾ ਨਹੀਂ ਕਿੰਨੇ ਕੰਮ ਸਨ : ਪੰਜ ਵਾਰ ਤਾਂ ਨਹਾਉਣਾ, ਫਿਰ ਝਾੜੀਆਂ ਤੋਂ ਬੰਸਰੀ ਲਈ ਡੰਡੀਆਂ ਕੱਟਣੀਆਂ ਹੁੰਦੀਆਂ, ਗੰਡੋਏ ਲੱਭਣੇ ਹੁੰਦੇ — ਇਸ ਸਭ ਲਈ ਵੀ ਤਾਂ ਵਕਤ ਚਾਹੀਦਾ। ਹੁਣ ਪੇਤਕਾ ਨੰਗੇ ਪੈਰ ਘੁੰਮਦਾ ਸੀ, ਉਹ ਮੋਟੇ ਤਲੇ ਵਾਲੇ, ਗੋਡਿਆਂ ਤੱਕ ਉੱਚੇ ਬੂਟ ਪਾ ਫਿਰਨ ਤੋਂ ਤਾਂ ਚੰਗਾ ਸੀ : ਖੁਰਦਰੀ ਜ਼ਮੀਨ ਨਾਲ ਕਿਤੇ ਪੈਰਾਂ 'ਚ ਮਿੱਠੀ ਜਲਣ ਹੁੰਦੀ ਤੇ ਕਿਤੇ ਠੰਡਕ ਪਹੁੰਚਦੀ ਸੀ। ਪੇਤਕਾ ਹੁਣ ਉਸਨੂੰ ਮਿਲੀ ਪੁਰਾਣੀ ਜੈਕੇਟ ਵੀ ਨਹੀਂ ਪਾਉਂਦਾ ਸੀ, ਜਿਸ ਨਾਲ ਉਹ ਨਾਈ ਦੀ ਦੁਕਾਨ ਦਾ ਵੱਡਾ ਸ਼ਾਗਿਰਦ ਲੱਗਦਾ ਸੀ। ਸ਼ਾਮ ਨੂੰ ਜਦੋਂ ਉਹ ਸਾਹਬ ਲੋਕਾਂ ਨੂੰ ਕਿਸ਼ਤੀ 'ਚ ਸੈਰ ਕਰਦਿਆਂ ਵੇਖਣ ਡੈਮ 'ਤੇ ਜਾਂਦਾ, ਉਦੋਂ ਜੈਕੇਟ ਪਾਉਂਦਾ ਸੀ। ਸੱਜੇ-ਧੱਜੇ ਸਾਹਬ ਲੋਕ ਹੱਸਦੇ ਹੋਏ ਹਿਲਦੀ-ਡੁਲਦੀ ਕਿਸ਼ਤੀ 'ਚ ਬੈਠਦੇ ਤੇ ਉਹ ਹੌਲੀ-ਹੌਲੀ ਨਿਰਮਲ ਪਾਣੀ ਨੂੰ ਚੀਰਦੀ ਹੋਈ ਅੱਗੇ ਵੱਧਦੀ ਜਾਂਦੀ, ਪਾਣੀ 'ਚ ਪ੍ਰਤੀਬਿੰਬਤ ਰੁੱਖ ਡੋਲਣ ਲੱਗਦੇ, ਜਿਵੇਂ ਕਿ ਹਵਾ ਦਾ ਝੋਂਕਾ ਆਇਆ ਹੋਵੇ।

ਉਸੇ ਹਫਤੇ ਦੇ ਅੰਤ 'ਚ ਸਾਹਬ ਨਦੇਭਦਾ ਦੇ ਨਾਮ ਚਿੱਠੀ ਲਿਆਏ ਤੇ ਜਦੋਂ ਉਹਨਾਂ ਨੇ ਉਸਨੂੰ ਪੜ੍ਹ ਕੇ ਸੁਣਾਈ ਤਾਂ ਉਹ ਰੋਣ ਲੱਗੀ ਤੇ ਐਪਰਨ 'ਤੇ ਲੱਗੀ ਕਾਲਖ ਸਾਰੀ ਚਿਹਰੇ 'ਤੇ ਮਲ ਲਈ। ਇਸ ਸਭ ਦੇ ਨਾਲ ਉਸਦੇ ਮੂੰਹ ਤੋਂ ਨਿਕਲੇ ਕੁਝ ਸ਼ਬਦਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਸੀ ਕਿ ਚਰਚਾ ਪੇਤਕਾ ਬਾਰੇ ਸੀ। ਇਹ ਸਭ ਸ਼ਾਮ ਨੂੰ ਹੋਇਆ। ਪੇਤਕਾ ਪਿਛੇ ਵਿਹੜੇ 'ਚ ਖੇਡ ਰਿਹਾ ਸੀ ਤੇ ਗੱਲ੍ਹਾਂ ਫੁਲਾ ਰਿਹਾ ਸੀ, ਕਿਉਂਕਿ ਇਸ ਤਰ੍ਹਾਂ ਛਾਲਾਂ ਮਾਰਨੀਆਂ ਸੌਖੀਆਂ ਸਨ। ਮੀਤਯਾ ਨੇ ਉਸਨੂੰ ਇਹ ਨਿਕੰਮਾ, ਪਰ ਦਿਲਚਸਪ ਖੇਡ ਸਿਖਾਇਆ ਸੀ, ਤੇ ਹੁਣ ਪੇਤਕਾ ਪੱਕੇ ਖਿਡਾਰੀ ਵਾਂਗ ਇਕੱਲਾ ਅਭਿਆਸ ਕਰ ਰਿਹਾ ਸੀ। ਸਾਹਬ ਨੇ ਬਾਹਰ ਆ ਕੇ ਉਸਦੇ ਮੋਢੇ 'ਤੇ ਹੱਥ ਰੱਖਿਆ ਅਤੇ ਕਿਹਾ :

"ਕਿਉਂ ਬਈ, ਜਾਣਾ ਪੈਣਾ।"

ਪੇਤਕਾ ਝੱਕਦਾ ਜਿਹਾ ਮੁਸਕੁਰਾ ਰਿਹਾ ਸੀ, ਬੋਲ ਕੁਝ ਨਹੀਂ ਸੀ ਰਿਹਾ।

"ਹੈ ਨਾ ਭੌਂਦੂ!" ਸਾਹਬ ਨੇ ਸੋਚਿਆ।

"ਤੈਨੂੰ ਜਾਣਾ ਪੈਣਾ।"

ਪੇਤਕਾ ਮੁਸਕੁਰਾਈ ਜਾ ਰਿਹਾ ਸੀ। ਨਦੇਭਦਾ ਅੱਥਰੂ ਵਗਾਉਂਦੀ ਆਈ ਤੇ ਉਸਨੇ ਮਾਲਕ

ਦੀ ਗੱਲ ਦੀ ਪੁਸ਼ਟੀ ਕੀਤੀ :

"ਬੇਟਾ, ਤੈਨੂੰ ਜਾਣਾ ਪੈਣਾ।"

"ਕਿਥੇ?" ਪੇਤਕਾ ਹੈਰਾਨ ਹੋ ਗਿਆ।

ਸ਼ਹਿਰ ਨੂੰ ਉਹ ਭੁੱਲ ਹੀ ਗਿਆ ਸੀ ਤੇ ਦੂਸਰੀ ਜਗ੍ਹਾ, ਜਿਥੇ ਉਹ ਹਮੇਸ਼ਾਂ ਜਾਣਾ ਚਾਹੁੰਦਾ ਸੀ, ਉਸਨੂੰ ਮਿਲ ਚੁੱਕੀ ਸੀ।

"ਮਾਲਕ, ਓਸਿਪ ਅਬ੍ਰਾਮਵਿਚ ਕੋਲ।"

ਪੇਤਕਾ ਅਜੇ ਵੀ ਸਮਝ ਨਹੀਂ ਰਿਹਾ ਸੀ, ਹਾਲਾਂਕਿ ਗੱਲ ਬਿਲਕੁਲ ਸਾਫ ਸੀ। ਉਸਦਾ ਮੂੰਹ ਸੁੱਕ ਗਿਆ, ਜ਼ੁਬਾਨ ਮੁਸ਼ਕਲ ਨਾਲ ਚੱਲ ਰਹੀ ਸੀ, ਜਿਵੇਂ-ਕਿਵੇਂ ਉਸਨੇ ਪੁੱਛਿਆ :

"ਪਰ ਕੱਲ੍ਹ ਮੱਛੀ ਕੌਣ ਫੜੇਗਾ? ਵੇਖੋ — ਉਹ ਬੰਸਰੀ ..."

"ਕੀ ਕੀਤਾ ਜਾਵੇ! .. ਓਸਿਪ ਦਾ ਹੁਕਮ ਹੈ। ਕਹਿੰਦੇ ਹਨ ਪ੍ਰਕੋਪੀ ਬੀਮਾਰ ਪੈ ਗਿਆ ਹੈ, ਹਸਪਤਾਲ 'ਚ ਦਾਖਲ ਕੀਤਾ ਹੈ ਉਸਨੂੰ। ਕੰਮ ਕਰਨ ਵਾਲਾ ਕੋਈ ਨਹੀਂ। ਤੂੰ ਰੋ ਨਾ, ਸ਼ਾਇਦ ਫਿਰ ਛੁੱਟੀ ਦੇ ਦੇਵੇ — ਆਦਮੀ ਭਲਾ ਹੈ ਓਸਿਪ।"

ਪਰ ਪੇਤਕਾ ਰੋਣ ਦੀ ਸੋਚ ਹੀ ਨਹੀਂ ਰਿਹਾ ਸੀ, ਉਸਨੂੰ ਕੁਝ ਸਮਝ ਨਹੀਂ ਆ ਰਹੀ ਸੀ। ਫਿਰ ਹੌਲੀ-ਹੌਲੀ ਪੇਤਕਾ ਦੇ ਦਿਮਾਗ 'ਚ ਸਾਰੀਆਂ ਗੱਲਾਂ ਸਾਫ ਹੋਣ ਲੱਗੀਆਂ। ਤੇ ਫਿਰ ਉਸਨੇ ਮਾਂ ਨੂੰ ਹੈਰਾਨ ਕਰ ਦਿੱਤਾ, ਮਾਲਕਾਂ ਨੂੰ ਪਰੇਸ਼ਾਨੀ 'ਚ ਪਾ ਦਿੱਤਾ : ਉਹ ਦੁਬਲੇ-ਪਤਲੇ ਸ਼ਹਿਰੀ ਬੱਚਿਆਂ ਵਾਂਗ ਨਹੀਂ ਰੋਇਆ, ਉਹ ਤਾਂ ਦਹਾੜਾਂ ਮਾਰਨ ਲੱਗਾ, ਜ਼ਮੀਨ 'ਤੇ ਲੋਟਣ ਲੱਗਾ। ਉਸਦੇ ਪਤਲੇ ਜਿਹੇ ਹੱਥ ਦੀ ਮੁੱਠੀ ਮਿੱਚ ਗਈ ਤੇ ਉਹ ਮਾਂ ਦੇ ਹੱਥਾਂ 'ਤੇ, ਜ਼ਮੀਨ 'ਤੇ, ਜੋ ਕੁਝ ਵੀ ਉਸਦੇ ਸਾਹਮਣੇ ਆਇਆ, ਉਸ 'ਤੇ ਮੁੱਠੀਆਂ ਮਾਰਨ ਲੱਗਾ, ਕੰਕਰਾਂ-ਪੱਥਰਾਂ ਨਾਲ ਉਸਦੇ ਹੱਥਾਂ 'ਚ ਦਰਦ ਹੋ ਰਿਹਾ ਸੀ, ਪਰ ਉਹ ਜਿਵੇਂ ਉਸਨੂੰ ਹੋਰ ਵੀ ਤੇਜ਼ ਕਰਨਾ ਚਾਹੁੰਦਾ ਸੀ।

ਆਖਰ ਪੇਤਕਾ ਸ਼ਾਂਤ ਹੋ ਗਿਆ। ਮਾਲਕਿਨ ਸ਼ੀਸ਼ੇ ਅੱਗੇ ਖੜ੍ਹੀ ਵਾਲਾਂ 'ਚ ਚਿੱਟਾ ਫੁੱਲ ਲਗਾ ਰਹੀ ਸੀ ਤੇ ਸਾਹਬ ਕਹਿ ਰਹੇ ਸਨ :

"ਵੇਖਿਆ ਤੂੰ, ਚੁੱਪ ਹੋ ਗਿਆ — ਬੱਚਿਆਂ ਦਾ ਦੁਖ ਇਹੀ ਦੋ ਪਲ ਦਾ ਹੁੰਦਾ ਹੈ। "

"ਪਰ ਮੈਨੂੰ ਬੜਾ ਤਰਸ ਆਉਂਦਾ ਹੈ ਇਸ ਵਿਚਾਰੇ 'ਤੇ।"

"ਹਾਂ ਸੱਚੀਂ ਬੜੇ ਹੀ ਬੁਰੇ ਹਾਲ 'ਚ ਰਹਿੰਦੇ ਹਨ ਇਹ ਲੋਕ, ਪਰ ਅਜਿਹੇ ਵੀ ਲੋਕ ਹਨ, ਜਿਨ੍ਹਾਂ ਦੀ ਜ਼ਿੰਦਗੀ ਇਹਨਾਂ ਤੋਂ ਵੀ ਬਦਤਰ ਹੈ। ਤੂੰ ਤਿਆਰ ਹੈਂ?"

ਉਹ ਦੀਪਮਾਨ ਬਾਗ ਨੂੰ ਚੱਲ ਪਏ, ਜਿਥੇ ਉਸ ਸ਼ਾਮ ਨਾਚ ਹੋਣ ਵਾਲਾ ਸੀ ਤੇ ਫੌਜੀ ਬੈਂਡ ਵੱਜਣ ਵਾਲਾ ਸੀ।

ਦੂਸਰੇ ਦਿਨ ਸਵੇਰੇ ਸੱਤ ਵਜੇ ਦੀ ਗੱਡੀ 'ਚ ਪੇਤਕਾ ਮਾਸਕੋ ਜਾ ਰਿਹਾ ਸੀ। ਫਿਰ ਤੋਂ ਉਸਦੀਆਂ ਅੱਖਾਂ ਸਾਹਮਣੇ ਹਰੇ-ਭਰੇ ਖੇਤ ਗੁਜ਼ਰ ਰਹੇ ਸਨ, ਜਿਹੜੇ ਰਾਤ ਪਈ ਤ੍ਰੇਲ ਨਾਲ ਚਾਂਦੀ ਰੰਗੇ ਲੱਗ ਰਹੇ ਸਨ। ਪਰ ਹੁਣ ਖੇਤ-ਮੈਦਾਨ ਪਹਿਲੀ ਵਾਲੀ ਦਿਸ਼ਾ 'ਚ ਨਹੀਂ, ਬਲਕਿ ਉਸ ਤੋਂ ਉਲਟੀ ਦਿਸ਼ਾ 'ਚ ਵੱਧ ਰਹੇ ਸਨ। ਪੇਤਕਾ ਦਾ ਦੁਬਲਾ-ਪਤਲਾ ਸਰੀਰ ਸਕੂਲੀ ਬੱਚੇ ਦੀ ਪੁਰਾਣੀ ਜੈਕੇਟ 'ਚ

ਲਿਪਟਿਆ ਹੋਇਆ ਸੀ, ਉਸਦੀ ਧੌਣ ਵਿੱਚੋਂ ਚਿੱਟਾ ਸੂਤੀ ਕਾਲਰ ਦਿਖ ਰਿਹਾ ਸੀ। ਪੇਤਕਾ ਹਿਲ-ਡੁਲ ਨਹੀਂ ਰਿਹਾ ਸੀ ਤੇ ਖਿੜਕੀ ਵੱਲ ਵੀ ਨਹੀਂ ਵੇਖ ਰਿਹਾ ਸੀ। ਉਹ ਚੁੱਪਚਾਪ ਬੈਠਾ ਹੋਇਆ ਸੀ — ਪਤਲੇ-ਪਤਲੇ ਹੱਥ ਗੋਡਿਆਂ 'ਤੇ ਰੱਖੇ ਹੋਏ ਸਨ। ਅੱਖਾਂ ਉਨੀਂਦੀਆਂ ਅਤੇ ਉਦਾਸ ਸਨ, ਅੱਖਾਂ ਕੋਲ ਅਤੇ ਨੱਕ ਥੱਲੇ ਬਰੀਕ-ਬਰੀਕ ਝੁਰੜੀਆਂ ਪੈ ਗਈਆਂ ਸਨ। ਖਿੜਕੀ ਕੋਲੋਂ ਖੰਭੇ ਅਤੇ ਪਲੇਟਫਾਰਮ ਦੀਆਂ ਕੜੀਆਂ ਲੰਘੀਆਂ ਅਤੇ ਫਿਰ ਗੱਡੀ ਰੁੱਕ ਗਈ।

ਕਾਹਲੇ ਮੁਸਾਫਰਾਂ ਵਿੱਚ ਧੱਕਾ-ਮੁੱਕੀ ਕਰਦੇ ਉਹ ਗੜਗੜਾਉਂਦੀ ਸੜਕ 'ਤੇ ਨਿਕਲੇ ਅਤੇ ਵੱਡੇ ਭੁੱਖੇ ਸ਼ਹਿਰ ਨੇ ਅਣਮਨੀ ਨੀਯਤ ਨਾਲ ਆਪਣੇ ਨੰਨ੍ਹੇ ਸ਼ਿਕਾਰ ਨੂੰ ਹੜੱਪ ਲਿਆ।

"ਮੇਰੀ ਬੰਸਰੀ ਲੁਕਾ ਦੇਣਾ!" ਮਾਂ ਜਦੋਂ ਉਸਨੂੰ ਨਾਈ ਦੀ ਦੁਕਾਨ ਤੱਕ ਲੈ ਆਈ, ਤਾਂ ਪੇਤਕਾ ਬੋਲਿਆ।

"ਲੁਕਾ ਦੇਵਾਂਗੀ, ਬੇਟੇ, ਲੁਕਾ ਦੇਵਾਂਗੀ। ਦੇਖੋ, ਫਿਰ ਆ ਹੀ ਜਾਵੇਂ ਤੂੰ।"

ਫਿਰ ਤੋਂ ਗੰਦੀ ਜਿਹੀ ਅਤੇ ਸਿੱਲ੍ਹ ਨਾਲ ਭਰੀ ਨਾਈ ਦੀ ਦੁਕਾਨ 'ਚ ਖੂੰਖਾਰ ਚੀਕ ਗੂੰਜਦੀ : "ਲੜਕੇ, ਪਾਣੀ!" ਤੇ ਗਾਹਕ ਵੇਖਦਾ ਕਿ ਸ਼ੀਸ਼ੇ ਵੱਲ ਮੈਲਾ ਜਿਹਾ ਹੱਥ ਵੱਧਦਾ ਅਤੇ ਨਾਲ ਹੀ ਉਸਨੂੰ ਧਮਕੀ ਭਰੀ ਬੁੜਬੁੜਾਹਟ ਸੁਣਾਈ ਦੇਂਦੀ : "ਜ਼ਰਾ ਠਹਿਰ, ਬੱਚੂ!" ਇਸਦਾ ਮਤਲਬ ਇਹ ਹੁੰਦਾ ਕਿ ਉਨੀਂਦੇ ਮੁੰਡੇ ਨੇ ਪਾਣੀ ਡੋਲ੍ਹ ਦਿੱਤਾ ਹੈ ਜਾਂ ਹੁਕਮ ਠੀਕ ਤਰ੍ਹਾਂ ਨਹੀਂ ਸਮਝਿਆ। ਰਾਤ ਨੂੰ ਇਥੇ ਨਿਕੋਲਕਾ ਅਤੇ ਪੇਤਕਾ ਕੋਲ-ਕੋਲ ਸੌਂਦੇ ਸਨ, ਇਕ ਪਤਲੀ ਜਿਹੀ, ਮੱਧਮ-ਮੱਧਮ, ਦੁਖੀ ਅਵਾਜ਼ ਦਾਚੇ ਬਾਰੇ ਦੱਸਦੀ, ਇਹੋ ਜਿਹੀਆਂ ਗੱਲਾਂ ਸੁਣਾਉਂਦੀ, ਜਿਹੜੀਆਂ ਕਦੀ ਨਹੀਂ ਹੁੰਦੀਆਂ, ਜਿਵੇਂ ਕਦੇ ਕਿਸੇ ਨੇ ਵੇਖਿਆ ਹੀ ਨਾ ਹੋਵੇ ਤੇ ਨਾ ਹੀ ਸੁਣਿਆ ਹੀ ਹੋਵੇ। ਫਿਰ ਚੁੱਪ ਛਾ ਜਾਂਦੀ ਤੇ ਸੰਨਾਟੇ 'ਚ ਬਾਲ ਛਾਤੀਆਂ 'ਚੋਂ ਨਿਕਲਦੇ ਉਖੜੇ-ਉਖੜੇ ਸਾਹ ਸੁਣਾਈ ਦੇਂਦੇ ਤੇ ਇਕ ਦੂਸਰੀ ਅਵਾਜ਼, ਜੋ ਬੱਚੇ ਦੀ ਹੁੰਦੀ ਹੋਈ ਵੀ ਰੁੱਖੀ ਅਤੇ ਤਿੱਖੀ ਸੀ, ਕਹਿੰਦੀ :

"ਸ਼ੈਤਾਨ ਕਿਸੇ ਥਾਂ ਦੇ! ਸੱਤਿਆਨਾਸ ਹੋਵੇ ਇਹਨਾਂ ਦਾ!"

"ਕੌਣ ਸ਼ੈਤਾਨ?"

"ਕੋਈ ਨਹੀਂ ... ਸਾਰੇ।"

ਮਾਲ ਨਾਲ ਲੱਦੀਆਂ ਘੋੜਾਗੱਡੀਆਂ ਕੋਲੋਂ ਗੁਜ਼ਰਦੀਆਂ ਤੇ ਗੜਗੜਾਹਟ 'ਚ ਮੁੰਡਿਆਂ ਦੀਆਂ ਅਵਾਜ਼ਾਂ ਗੁੰਮ ਜਾਂਦੀਆਂ।

*

ਅਲੈਕਸਾਂਦਰ ਕੁਪਰਿਨ

# ਮਦਾਰੀ



## 1.

ਤੰਗ ਪਹਾੜੀ ਪਗਡੰਡੀਆਂ 'ਤੇ ਬੰਗਲਿਆਂ ਦੀ ਇਕ ਬਸਤੀ ਤੋਂ ਦੂਸਰੀ ਤੱਕ ਇਕ ਮਦਾਰੀ ਕ੍ਰੀਮੀਆ ਦੇ ਦੱਖਣੀ ਤੱਟ ਦੇ ਕਿਨਾਰੇ-ਕਿਨਾਰੇ ਵੱਧਦਾ ਜਾ ਰਿਹਾ ਸੀ। ਅੱਗੇ-ਅੱਗੇ ਚਿੱਟਾ ਕੁੱਤਾ ਦੌੜ ਰਿਹਾ ਸੀ — ਆਪਣੀ ਲੰਬੀ, ਗੁਲਾਬੀ ਜੀਭ ਇਕ ਪਾਸੇ ਲਮਕਾਈ। ਕੁੱਤਾ ਪੂਡਲ ਨਸਲ ਦਾ ਸੀ ਤੇ ਉਸਦੇ ਵਾਲ ਸ਼ੇਰ ਵਾਂਗ ਕੱਟੇ ਹੋਏ ਸਨ। ਚੁਰਾਹਿਆਂ 'ਤੇ ਉਹ ਰੁਕ ਜਾਂਦਾ ਤੇ ਪੂਛ ਹਿਲਾਉਂਦਾ ਹੋਇਆ ਪ੍ਰਸ਼ਨ ਭਰੀ ਨਜ਼ਰ ਪਿੱਛੇ ਸੁੱਟਦਾ। ਪਤਾ ਨਹੀਂ ਉਸਨੂੰ ਕਿਹੜੇ ਸੰਕੇਤ ਪਤਾ ਸਨ, ਪਰ ਉਹ ਹਮੇਸ਼ਾਂ ਠੀਕ ਰਸਤਾ ਸਮਝ ਲੈਂਦਾ ਤੇ ਮਜ਼ੇ ਨਾਲ ਆਪਣੇ ਜੱਤਲ ਕੰਨ ਹਿਲਾਉਂਦਾ ਤੇਜ਼ੀ ਨਾਲ ਅੱਗੇ ਦੌੜ ਜਾਂਦਾ। ਕੁੱਤੇ ਪਿੱਛੇ ਬਾਰਾਂ ਸਾਲਾਂ ਦਾ ਮੁੰਡਾ ਸਰਗੇਈ ਤੁਰ ਰਿਹਾ ਸੀ। ਖੱਬੀ ਕੱਛ 'ਚ ਦਰੀ ਦਬਾਈ ਹੋਈ ਸੀ, ਜਿਸ ਉੱਤੇ ਉਹ ਕਲਾਬਾਜ਼ੀਆਂ ਦਿਖਾਉਂਦਾ ਸੀ, ਤੇ ਸੱਜੇ ਹੱਥ 'ਚ ਛੋਟਾ ਜਿਹਾ, ਗੰਦਾ ਪਿੰਜਰਾ ਚੁੱਕਿਆ ਹੋਇਆ ਸੀ। ਪਿੰਜਰੇ 'ਚ ਸੀ ਗੋਲਦਫਿੰਚ ਪੰਛੀ, ਜੋ ਇਕ ਡੱਬੇ



ਵਿੱਚੋਂ ਤਮਾਸ਼ਬੀਨਾਂ ਦੀ ਕਿਸਮਤ ਦੀਆਂ ਰੰਗ-ਬਿਰੰਗੀਆਂ ਪਰਚੀਆਂ ਕੱਢਦਾ ਸੀ। ਸਭ ਤੋਂ ਪਿੱਛੇ ਮਦਾਰੀ ਮਥਰੀਨ ਲਦੀਸ਼ਕਿਨ ਪੈਰ ਘਸੀਟਦਾ ਚੱਲ ਰਿਹਾ ਸੀ। ਆਪਣੀ ਝੁੱਕੀ ਹੋਈ ਪਿੱਠ 'ਤੇ ਉਸਨੇ ਪਟਾਰੀ ਵਾਲਾ ਵਾਜਾ ( ਸਟਰੀਟ ਆਰਗਨ ) ਚੁੱਕਿਆ ਹੋਇਆ ਸੀ।

ਵਾਜਾ ਬਹੁਤ ਪੁਰਾਣਾ ਸੀ, ਉਸਦੀ ਅਵਾਜ਼ ਫਟੀ ਹੋਈ ਸੀ। ਦਰਜਨਾਂ ਵਾਰ ਉਸਦੀ ਮੁਰੰਮਤ ਹੋ ਚੁੱਕੀ ਸੀ। ਵਾਜਾ ਦੋ ਧੁਨਾਂ ਵਜਾਉਂਦਾ ਸੀ : ਲਾਉਨੇਰ ਦਾ ਜਰਮਨ ਵਾਲਸ ਅਤੇ "ਚੀਨ ਦੀ ਯਾਤਰਾ" ਓਪੇਰਾ ਦੀ ਇਕ ਧੁਨ। ਦੋਵੇਂ ਧੁਨਾਂ ਤੀਹ-ਚਾਲੀ ਸਾਲ ਪਹਿਲਾਂ ਖ਼ੂਬ ਚਲਦੀਆਂ ਸਨ, ਪਰ ਹੁਣ ਸਭ ਲੋਕ ਇਹਨਾਂ ਨੂੰ ਭੁੱਲ ਚੁੱਕੇ ਸਨ। ਇਸ ਤੋਂ ਇਲਾਵਾ ਪਟਾਰੀ 'ਚ ਦੋ ਵੱਡੀਆਂ ਕਮੀਆਂ ਸਨ। ਇਕ ਤਾਂ ਉਸ 'ਚ ਉੱਚੇ ਸੁਰ ਦਾ ਜਿਹੜਾ ਪਾਈਪ ਸੀ, ਉਸਦਾ ਗਲਾ ਬੈਠ ਗਿਆ ਸੀ, ਉਹ ਵੱਜਦਾ ਹੀ ਨਹੀਂ ਸੀ, ਇਸ ਲਈ ਜਦੋਂ ਉਸਦੀ ਵਾਰੀ ਆਉਂਦੀ, ਤਾਂ ਸਾਰੀਆਂ ਧੁਨਾਂ ਲੜਖੜਾਉਣ ਲੱਗਦੀਆਂ, ਹਿਚਕੀਆਂ ਨਾਲ ਵੱਜਦੀਆਂ। ਇਕ ਨੀਵੇਂ ਸੁਰ ਵਾਲਾ ਪਾਈਪ ਵੀ ਧੋਖੇਬਾਜ ਸੀ : ਉਸਦਾ ਵਾਲਵ ਤੁਰੰਤ ਬੰਦ ਹੋ ਜਾਂਦਾ ਸੀ। ਇਕ ਵਾਰ ਉਹ ਵੱਜਣ ਲੱਗਦਾ, ਤਾਂ ਬਸ ਨੀਵੀਂ ਤਾਨ ਹੀ ਖਿੱਚਦਾ ਰਹਿੰਦਾ, ਤੇ ਦੂਸਰੇ ਸਾਰੇ ਸੁਰ ਉਸ 'ਚ ਦੱਬ ਜਾਂਦੇ, ਜਦੋਂ ਤੱਕ ਕਿ ਵਾਲਵ ਆਪਣੀ ਮਰਜ਼ੀ ਨਾਲ ਬੰਦ ਨਾ ਹੋ ਜਾਂਦਾ। ਮਦਾਰੀ ਬਾਬੇ ਨੂੰ ਆਪ ਵੀ ਆਪਣੀ ਪਟਾਰੀ ਦੀਆਂ ਕਮੀਆਂ ਦਾ ਅਹਿਸਾਸ ਸੀ ਤੇ ਉਹ ਮਜ਼ਾਕ 'ਚ ਕਿਹਾ ਕਰਦਾ ਸੀ :

"ਕੀ ਕਰੀਏ, ਭਰਾਵਾ? .. ਬੜਾ ਪੁਰਾਣਾ ਵਾਜਾ ਹੈ ... ਬਹੁਤ ਕੁਝ ਸਹਿ ਚੁੱਕਾ ਹੈ ... ਵਜਾਓ ਤਾਂ ਲੋਕਾਂ ਨੂੰ ਬੁਰਾ ਲੱਗਦਾ, ਕਹਿੰਦੇ ਹਨ : 'ਬੂਹ, ਕਿਹੋ ਜਿਹਾ ਮੂਰਖ ਹੈ! ' ਇਹ ਧੁਨਾਂ ਤਾਂ ਬੜੀਆਂ ਵਧੀਆ ਸਨ, ਖ਼ੂਬ ਵੱਜਦੀਆਂ ਸਨ, ਹਾਂ, ਅੱਜਕਲ ਦੇ ਸਾਹਬਾਂ ਨੂੰ ਸਾਡੇ ਗਾਣੇ ਪਸੰਦ ਨਹੀਂ। ਉਹ ਤਾਂ ਹੁਣ 'ਗੇਸ਼ਾ 'ਸੁਣਨਾ ਚਾਹੁੰਦੇ ਹਨ, ਜਾਂ 'ਦੋ ਸਿਰਾ ਉਕਾਬ ', 'ਚਿੜੀਮਾਰ ', 'ਦਾ ਵਾਲਸ ' ... ਉਪਰੋਂ ਪਟਾਰੀ ਦੇ ਇਹ ਪਾਈਪ ਵੀ ਧੋਖਾ ਦੇਂਦੇ ਹਨ ... ਮਿਸਤਰੀ ਕੋਲ ਲੈ ਗਿਆ ਸਾਂ, ਪਰ ਉਹ ਹੱਥ ਤੱਕ ਨਹੀਂ ਲਗਾਉਣਾ ਚਾਹੁੰਦਾ। ਕਹਿੰਦਾ ਹੈ ਨਵੇਂ ਪਾਈਪ ਲਗਾਉਣੇ ਚਾਹੀਦੇ ਜਾਂ ਕਹਿੰਦਾ ਹੈ, ਸਭ ਤੋਂ ਚੰਗਾ ਤਾਂ ਇਹ ਹੈ ਕਿ ਇਸ ਨੂੰ ਕਿਸੇ ਅਜਾਇਬ ਘਰ ਵਿੱਚ ਦੇ ਦਿਓ, ਉਥੇ ਇਸਨੂੰ ਪੁਰਾਣੀਆਂ ਚੀਜ਼ਾਂ ਦੀ ਨੁਮਾਇਸ਼ ਵਿੱਚ ਰੱਖ ਦੇਣਗੇ। ਖੈਰ, ਭਰਾਵਾ, ਹੁਣ ਤੱਕ ਇਹ ਪਟਾਰੀ ਸਾਡਾ ਪੇਟ ਭਰਦੀ ਆਈ ਹੈ, ਰੱਬ ਕਰੇ, ਅੱਗੇ ਵੀ ਭਰਦੀ ਰਹੇਗੀ।

ਮਦਾਰੀ ਦੇ ਮਜ਼ਾਕ ਵਿੱਚ ਉਦਾਸੀ ਦਾ ਸੁਰ ਮਿਲਿਆ ਹੋਇਆ ਸੀ। ਉਸਨੂੰ ਆਪਣਾ ਵਾਜਾ ਏਨਾ ਪਿਆਰਾ ਸੀ, ਜਿੰਨਾ ਕੋਈ ਜੀਵ ਹੀ ਹੋ ਸਕਦਾ ਹੈ, ਅਜਿਹਾ ਕੋਈ ਪ੍ਰਾਣੀ, ਜਿਸ ਨਾਲ ਬਹੁਤ ਹੀ ਨੇੜੇ ਦਾ ਰਿਸ਼ਤਾ ਹੋਵੇ। ਆਪਣੀ ਕਠੋਰ ਘੁਮੱਕੜ ਜ਼ਿੰਦਗੀ ਦੇ ਵਰ੍ਹਿਆਂ ਦੇ ਸਾਥ ਵਿੱਚ ਇਹ ਪਟਾਰੀ ਦਾ ਏਨਾ ਆਦੀ ਹੋ ਗਿਆ ਸੀ ਕਿ ਉਸਨੂੰ ਜੀਵੰਤ ਹੀ ਸਮਝਣ ਲੱਗਾ ਸੀ। ਕਦੇ-ਕਦੇ ਕਿਸੇ ਗੰਦੀ ਸਰਾਂ ਵਿੱਚ ਰਾਤ ਨੂੰ ਬਾਬੇ ਦੇ ਸਿਰਹਾਣੇ ਫਰਸ਼ 'ਤੇ ਰੱਖੇ ਵਾਜੇ 'ਚੋਂ ਅਚਾਨਕ ਹਲਕੀ ਜਿਹੀ, ਕੰਬਦੀ, ਦੁਖਦ ਅਵਾਜ਼ ਨਿਕਲਦੀ, ਜਿਵੇਂ ਬੁੱਢੇ ਦੀ ਆਹ। ਉਦੋਂ ਮਦਾਰੀ ਹੌਲੀ ਜਿਹੀ ਉਸ ਦੀ ਨਕਾਸ਼ੀਦਾਰ ਬਗਲ ਸਹਿਲਾਉਂਦਾ ਅਤੇ ਪਿਆਰ ਨਾਲ ਬੁੜਬੁੜਾਉਂਦਾ :

"ਕਿਉਂ ਭਰਾਵਾ, ਦੁਖੀ ਹੋ ਰਿਹਾ ਹੈਂ? ... ਸਹਿ ਲੈ, ਭਰਾਵਾ ..."

"ਵਾਜੇ ਜਿੰਨਾ ਹੀ, ਜਾਂ ਸ਼ਾਇਦ ਉਸ ਤੋਂ ਥੋੜ੍ਹਾ ਜ਼ਿਆਦਾ ਹੀ ਪਿਆਰ ਮਦਾਰੀ ਨੂੰ ਆਪਣੇ ਛੋਟੇ ਸਾਥੀਆਂ ਨਾਲ ਸੀ : ਆਰਤੋ ਕੁੱਤੇ ਅਤੇ ਨੰਨ੍ਹੇ ਸਰਗੇਈ ਨਾਲ। ਮੁੰਡੇ ਨੂੰ ਉਸ ਨੇ ਪੰਜ ਸਾਲ ਪਹਿਲਾਂ, ਇੱਕ ਪਿਅੱਕੜ, ਰੰਡੇ ਮੋਚੀ ਤੋਂ "ਕਿਰਾਏ" 'ਤੇ ਲਿਆ ਸੀ, ਉਸਨੇ ਉਸਨੂੰ ਦੋ ਰੂਬਲ ਮਹੀਨੇ ਦੇ ਦੇਣ ਦਾ ਵਾਅਦਾ ਕੀਤਾ ਸੀ। ਪਰ ਮੋਚੀ ਥੋੜ੍ਹੇ ਹੀ ਦਿਨਾਂ 'ਚ ਮਰ ਗਿਆ ਅਤੇ ਸਰਗੇਈ ਸਦਾ ਲਈ ਮਨ ਤੋਂ ਵੀ ਅਤੇ ਦਾਣੇ-ਪਾਣੀ ਲਈ ਵੀ ਮਦਾਰੀ ਬਾਬੇ ਨਾਲ ਬੱਝ ਗਿਆ।

## 2.

ਪਗਡੰਡੀ ਤੱਟ ਦੀ ਉੱਚੀ ਚਟਾਨ 'ਤੇ ਸੌ ਸਾਲਾ ਜੈਤੂਨਾਂ ਵਿੱਚ ਵਲ੍ਹ ਖਾਂਦੀ ਵੱਧ ਰਹੀ ਸੀ। ਕਦੇ-ਕਦੇ ਦਰੱਖਤਾਂ ਵਿਚੋਂ ਸਮੁੰਦਰ ਦੀ ਝਲਕ ਆਉਂਦੀ ਤੇ ਉਦੋਂ ਲੱਗਦਾ ਕਿ ਉਹ ਦੂਰ ਜਾਣ ਦੇ ਨਾਲ-ਨਾਲ ਨੀਲੀ ਦੀਵਾਰ ਵਾਂਗ ਉਪਰ ਨੂੰ ਉੱਠ ਰਿਹਾ ਹੈ, ਹਰੀਆਂ ਪੱਤੀਆਂ ਵਿਚੋਂ ਉਸਦਾ ਰੰਗ ਹੋਰ ਵੀ ਨੀਲਾ, ਹੋਰ ਵੀ ਗਾੜ੍ਹਾ ਲੱਗਦਾ। ਘਾਹ ਅਤੇ ਝਾੜੀਆਂ ਵਿਚ, ਅੰਗੂਰਾਂ ਦੀਆਂ ਵੇਲਾਂ ਅਤੇ ਰੁੱਖਾਂ ਵਿੱਚ, ਚਾਰੇ ਪਾਸੇ ਰਈਆਂ ਦੀ ਝਣਕਾਰ ਗੂੰਜ ਰਹੀ ਸੀ, ਉਹਨਾਂ ਦੀ ਇਕਸੁਰ ਨਿਰੰਤਰ ਗੂੰਜ ਨਾਲ ਜਿਵੇਂ ਹਵਾ ਕੰਬ ਰਹੀ ਹੋਵੇ। ਬਹੁਤ ਗਰਮੀ ਪੈ ਰਹੀ ਸੀ, ਇੱਕ ਪੱਤੀ ਤੱਕ ਨਹੀਂ ਹਿਲ ਰਹੀ ਸੀ ਅਤੇ ਤਪੀ ਜ਼ਮੀਨ ਨਾਲ ਤਲੀਆਂ ਸੜ ਰਹੀਆਂ ਸਨ।

ਸਰਗੇਈ ਹਮੇਸ਼ਾ ਵਾਂਗ ਬਾਬੇ ਦੇ ਅੱਗੇ-ਅੱਗੇ ਚੱਲ ਰਿਹਾ ਸੀ। ਉਹ ਰੁਕ ਗਿਆ ਤੇ ਬਾਬੇ ਦੇ ਕੋਲ ਆਉਣ ਦਾ ਇੰਤਜ਼ਾਰ ਕਰਨ ਲੱਗਾ।

"ਕੀ ਗੱਲ ਹੈ, ਸਰਗੇਈ?" ਮਦਾਰੀ ਨੇ ਪੁੱਛਿਆ।

"ਬੜੀ ਗਰਮੀ ਹੈ, ਬਾਬੇ ... ਸਹਿਣ ਨਹੀਂ ਹੋ ਰਹੀ! ਨਹਾ ਨਾ ਲਈਏ ..."

ਬੁੱਢੇ ਨੇ ਚਲਦੇ-ਚਲਦੇ ਆਦਤਨ ਮੋਢਾ ਹਿਲਾ ਕੇ ਪਿੱਠ 'ਤੇ ਪਟਾਰੀ ਠੀਕ ਕੀਤੀ ਅਤੇ ਬਾਂਹ ਨਾਲ ਮੂੰਹ ਦਾ ਪਸੀਨਾ ਪੂੰਝਿਆ। ਹੇਠਾਂ ਫੈਲੀ ਸਮੁੰਦਰ ਦੀ ਠੰਡੀ ਨਿਲੱਤਣ ਨੂੰ ਲਲਚਾਈ ਨਜ਼ਰਾਂ ਨਾਲ ਵੇਖਦਾ ਹੋਇਆ ਬੋਲਿਆ :

"ਉਹ ਤਾਂ ਬੜਾ ਵਧੀਆ ਰਹੇਗਾ! ਪਰ ਨਹਾਉਣ ਤੋਂ ਬਾਅਦ ਗਰਮੀ ਹੋਰ ਵੀ ਤੰਗ ਕਰੇਗੀ। ਮੈਨੂੰ ਇੱਕ ਡਾਕਟਰ ਨੇ ਦੱਸਿਆ ਸੀ ਕਿ ਇਹ ਜੋ ਖਾਰਾ ਪਾਣੀ ਹੈ ਨਾ ਇਹ ਆਦਮੀ ਨੂੰ ਗਰਮੀ 'ਚ ਕਮਜ਼ੋਰ ਕਰਦਾ ਹੈ... ਚੁਸਤੀ ਤਾਂ ਕੀ ਆਏਗੀ, ਬਦਨ ਹੋਰ ਵੀ ਢਿੱਲਾ ਪੈ ਜਾਵੇਗਾ ..."

"ਸ਼ਾਇਦ ਉਸਨੇ ਝੂਠ-ਮੂਠ ਕਿਹਾ ਹੋਵੇ," ਸਰਗੇਈ ਦਾ ਮਨ ਬਾਬੇ ਦੀ ਗੱਲ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦਾ ਸੀ।

"ਵਾਹ, ਝੂਠ ਕਿਉਂ ਬੋਲੇਗਾ? ਭਰੋਸੇਮੰਦ ਆਦਮੀ ਹੈ, ਪੀਂਦਾ ਵੀ ਨਹੀਂ... ਸੇਵਾ-ਸਤੋਪਲ ਵਿੱਚ ਆਪਣਾ ਘਰ ਹੈ ਉਸਦਾ। ਤੇ ਫਿਰ ਇੱਥੇ ਤਾਂ ਸਮੁੰਦਰ ਤੱਕ ਉਤਰਨ ਦਾ ਰਸਤਾ ਵੀ ਨਹੀਂ ਹੈ। ਥੋੜ੍ਹਾ ਸਬਰ ਕਰ, ਅਜੇ ਮਿਸਖੋਰ ਪਹੁੰਚ ਜਾਈਏ, ਬਸ ਉੱਥੇ ਆਪਣਾ ਗੰਦਾ ਸਰੀਰ ਧੋ ਲਵਾਂਗੇ। ਖਾਣ ਤੋਂ ਪਹਿਲਾਂ ਤਾਂ ਨਹਾਉਣ ਦਾ ਮਜ਼ਾ ਵੀ ਹੈ... ਫਿਰ ਥੋੜ੍ਹਾ ਸੌਂ ਵੀ ਸਕਦੇ ਹਾਂ... ਬੜਾ ਵਧੀਆ ਰਹੇਗਾ ..."



ਆਰਤੋ ਨੇ ਪਿੱਛੋਂ ਗੱਲਾਂ ਸੁਣੀਆਂ, ਤਾਂ ਮੁੜ ਕੇ ਦੌੜ ਆਇਆ। ਉਸਦੀਆਂ ਨੀਲੀਆਂ-ਨੀਲੀਆਂ, ਭੋਲੀਆਂ ਅੱਖਾਂ ਗਰਮੀ ਨਾਲ ਸੁੰਗੜੀਆਂ ਹੋਈਆਂ ਸਨ। ਉਹ ਖੁਸ਼ੀ-ਖੁਸ਼ੀ ਬੁੱਢੇ ਅਤੇ ਮੁੰਡੇ ਨੂੰ ਵੇਖ ਰਿਹਾ ਸੀ, ਬਾਹਰ ਨਿਕਲੀ ਹੋਈ ਲੰਬੀ ਜੀਭ ਤੇਜ਼ ਸਾਹਾਂ ਨਾਲ ਕੰਬ ਰਹੀ ਸੀ।

"ਕਿਉਂ, ਬਈ ਆਰਤੋ, ਗਰਮੀ ਹੈ?" ਬਾਬੇ ਨੇ ਪੁੱਛਿਆ।

ਕੁੱਤੇ ਨੇ ਜੀਭ ਪਾਈਪ ਵਾਂਗ ਮੋੜ ਕੇ ਜ਼ੋਰ ਨਾਲ ਉਬਾਸੀ ਲਈ, ਸਾਰਾ ਬਦਨ ਝੰਜੋੜਿਆ ਅਤੇ ਬਰੀਕ ਜਿਹੀ ਅਵਾਜ਼ ਨਾਲ ਚੂਕਿਆ।

"ਹਾਂ, ਭਾਈ ਮੇਰੇ, ਕੁਝ ਨਹੀਂ ਕੀਤਾ ਜਾ ਸਕਦਾ। ਕਿਹਾ ਹੈ ਨਾ : 'ਆਪਣੇ ਮੱਥੇ ਦੇ ਪਸੀਨੇ ਦੀ ਰੋਟੀ ਖਾਇਆ ਕਰੇਂਗਾ '... ਹੁਣ ਮੰਨ ਲਿਆ ਤੇਰੇ ਤਾਂ ਉਹ ਮੱਥਾ ਨਹੀਂ ਹੈ, ਥੁਥਨੀ ਹੀ ਹੈ ... ਚੰਗਾ, ਚਲ ਅੱਗੇ, ਕਿਉਂ ਪੈਰਾਂ ਵਿੱਚ ਆਉਂਦਾ ਹੈਂ ... ਮੈਨੂੰ ਤਾਂ ਸਰਗੇਈ ਇਹ ਗਰਮੀ ਚੰਗੀ ਲੱਗਦੀ ਹੈ। ਬਸ ਇਹ ਪਟਾਰੀ ਹੀ ਤੰਗ ਕਰਦੀ ਹੈ, ਨਹੀਂ ਤਾਂ ਭਰਾਵਾ ਕੰਮ ਨਾ ਹੁੰਦਾ ਤਾਂ ਬਸ ਕਿਤੇ ਘਾਹ 'ਤੇ, ਛਾਂ ਵਿੱਚ ਲੇਟਿਆ ਰਹਿੰਦਾ। ਗੋਗੜ ਉਪਰ ਵੱਲ ਤੇ ਬਸ ਪਏ ਰਹੋ ਇਹਨਾਂ ਬੁੱਢੀਆਂ ਹੱਡੀਆਂ ਲਈ ਤਾਂ ਇਸ ਧੁੱਪ 'ਚ ਵੱਧ ਕੇ ਹੋਰ ਕੁੱਝ ਨਹੀਂ।"

ਪਗਡੰਡੀ ਹੇਠਾਂ ਜਾ ਕੇ ਚੌੜੇ ਰਸਤੇ ਨਾਲ ਮਿਲ ਗਈ। ਰਸਤਾ ਪੱਥਰ ਵਰਗਾ ਸਖਤ ਸੀ ਅਤੇ ਏਨਾ ਚਿੱਟਾ ਕਿ ਅੱਖਾਂ ਚੁੰਧਿਆ ਜਾਂਦੀਆਂ ਸਨ। ਇਥੋਂ ਪੁਰਾਣਾ ਕਾਊਂਟ ਪਾਰਕ ਸ਼ੁਰੂ ਹੁੰਦਾ ਸੀ। ਉਸਦੀ ਸੰਘਣੀ ਹਰਿਆਲੀ 'ਚ ਸੋਹਣੇ-ਸੋਹਣੇ ਬੰਗਲੇ ਬਣੇ ਹੋਏ ਸਨ, ਫੁੱਲਾਂ ਦੀਆਂ ਕਿਆਰੀਆਂ ਲੱਗੀਆਂ ਹੋਈਆਂ ਸਨ, ਫੁਹਾਰੇ ਸਨ। ਬੁੱਢਾ ਮਦਾਰੀ ਇਸ ਸਾਰੇ ਇਲਾਕੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਹਰ ਸਾਲ ਅੰਗੂਰਾਂ ਦੀ ਬਹਾਰ ਵਿੱਚ ਇਹ ਇੱਕ ਤੋਂ ਬਾਅਦ ਇੱਕ ਇਹਨਾਂ ਸਾਰੀਆਂ ਥਾਵਾਂ ਦਾ ਚੱਕਰ ਲਗਾਉਂਦਾ ਸੀ। ਇਸ ਮੌਸਮ ਵਿੱਚ ਸਾਰਾ ਕ੍ਰੀਮਿਆ ਸੱਜੇ-ਧੱਜੇ ਅਮੀਰ ਲੋਕਾਂ ਨਾਲ ਭਰ ਜਾਂਦਾ ਸੀ। ਦੱਖਣ ਦੀ ਕੁਦਰਤ ਦਾ ਵੈਭਵ ਬੁੱਢੇ ਦੇ ਮਨ ਨੂੰ ਨਹੀਂ ਛੂੰਹਦਾ ਸੀ, ਪਰ ਸਰਗੇਈ ਲਈ, ਜਿਹੜਾ ਪਹਿਲੀ ਵਾਰ ਇਧਰ ਆਇਆ ਸੀ, ਇੱਥੇ ਬਹੁਤ ਹੀ ਹੈਰਾਨੀਜਨਕ ਸੀ। ਮੈਗਨੋਲੀਆ ਦੇ ਰੁੱਖ, ਜਿਨ੍ਹਾਂ ਦੀਆਂ ਸਖਤ ਪੱਤੀਆਂ ਇਵੇਂ ਚਮਕਦੀਆਂ ਸਨ, ਜਿਵੇਂ ਕਿ ਉਹਨਾਂ ਉੱਤੇ ਪਾਲਿਸ਼ ਕੀਤੀ ਗਈ ਹੋਵੇ ਅਤੇ ਚਿੱਟੇ ਫੁੱਲ ਥਾਲੀਆਂ ਜਿੰਨੇ ਵੱਡੇ ਸਨ ; ਅੰਗੂਰਾਂ ਦੀਆਂ ਵੇਲਾਂ ਨਾਲ ਘਿਰੇ ਵੇਲ-ਮੰਡਪ ਅਤੇ ਅੰਗੂਰਾਂ ਦੇ ਲਟਕਦੇ ਗੁੱਛੇ ; ਚਮਕਦੀ ਸੱਕ ਅਤੇ ਵਿਸ਼ਾਲ ਛੱਤਰਿਆਂ ਵਾਲੇ ਸਦੀਆਂ ਪੁਰਾਣੇ ਚਿਨਾਰ ਦੇ ਰੁੱਖ ; ਤੰਬਾਕੂ ਦੇ ਬਾਗ, ਜਲ-ਧਾਰਾਵਾਂ ਅਤੇ ਝਰਨੇ ਅਤੇ ਚਾਰੇ ਪਾਸੇ — ਕਿਆਰੀਆਂ, ਵਾੜਾਂ ਅਤੇ ਬੰਗਲਿਆਂ ਦੀਆਂ ਦੀਵਾਰਾਂ 'ਤੇ ਚਟਕੀਲੇ, ਖੁਸ਼ਬੂਦਾਰ ਗੁਲਾਬ — ਇਹ ਸਾਰੀ ਫੱਲਦੀ-ਫੁੱਲਦੀ ਕੁਦਰਤ ਬੱਚੇ ਨੂੰ ਮੁਗਧ ਕਰ ਰਹੀ ਸੀ। ਉਹ ਬਾਰ-ਬਾਰ ਬਾਬੇ ਦੀ ਬਾਂਹ ਖਿੱਚਦਾ ਅਤੇ ਆਪਣੀ ਖੁਸ਼ੀ ਵਿਅੱਕਤ ਕਰਦਾ। ਇੱਕ ਬਾਗ ਦੇ ਵਿੱਚ-ਵਿਚਕਾਰ ਵੱਡਾ ਸਾਰਾ ਕੁੰਡ ਸੀ, ਬਾਗ ਦੇ ਜੰਗਲੇ ਨਾਲ ਚਿੰਬੜ ਕੇ ਸਰਗੇਈ ਚੀਕਿਆ :

"ਬਾਬੇ, ਬਾਬੇ, ਦੇਖੋ, ਫੁਹਾਰੇ ਵਿੱਚ ਸੁਨਹਿਰੀ ਮੱਛੀਆਂ ਹਨ! ਸੱਚੀਂ, ਰੱਬ ਦੀ ਸਹੁੰ, ਸੁਨਹਿਰੀ ਮੱਛੀਆਂ ਹਨ! ਬਾਬੇ! ਉਹ ਦੇਖੋ, ਆੜੂ! ਕਿੰਨੇ ਸਾਰੇ ਆੜੂ ਹਨ! ਇੱਕ ਹੀ ਦਰੱਖਤ 'ਤੇ!"

"ਚੱਲ-ਚੱਲ, ਬੁੱਧੂ! ਕੀ ਮੂੰਹ ਬਣਾਈ ਖੜ੍ਹਾ ਹੈਂ!" ਬਾਬੇ ਨੇ ਮਜ਼ਾਕ ਵਿੱਚ ਉਸਨੂੰ ਅੱਗੇ

ਧੱਕਿਆ। "ਜ਼ਰਾ ਸਬਰ ਕਰ। ਕੁਝ ਦਿਨਾਂ 'ਚ ਅਸੀਂ ਨਵਾਰਸੀਸਕ ਤੱਕ ਪਹੁੰਚ ਜਾਵਾਂਗੇ ਅਤੇ ਉੱਥੇ ਫਿਰ ਦੱਖਣ ਨੂੰ ਚੱਲ ਪਵਾਂਗੇ। ਉਥੇ ਹਨ ਅਸਲੀ ਦੇਖਣ ਵਾਲੀਆਂ ਥਾਵਾਂ। ਇੱਕ ਤੋਂ ਇੱਕ ਵੱਧ ਕੇ ਸ਼ਹਿਰ ਹਨ, ਲੇਸੋਚੀ, ਫਿਰ ਆਦਲਰ, ਤੁਆਪਸੇ ਅਤੇ ਫਿਰ ਭਾਈ ਮੇਰੇ ਸੁਖੁਮੀ, ਬਤੂਮੀ ... ਤੇਰੀਆਂ ਤਾਂ ਬਸ ਅੱਖਾਂ ਟੱਡੀਆਂ ਦੀਆਂ ਟੱਡੀਆਂ ਹੀ ਰਹਿ ਜਾਣੀਆਂ। ਉਹ ਤਾੜ ਦੇ ਰੁੱਖ ਹੀ ਲੈ ਲਓ। ਦੇਖਕੇ ਹੀ ਦੰਦਾਂ ਥੱਲੇ ਉਂਗਲੀ ਦਬਾ ਲਵੇਂਗਾ! ਤਣਾ ਉਸਦਾ ਅਜਿਹਾ ਰੋਏਂਦਾਰ ਜਿਵੇਂ ਨਰਮਾ ਅਤੇ ਪੱਤੀਆਂ ਏਨੀਆਂ ਵੱਡੀਆਂ ਕਿ ਅਸੀਂ ਦੋਵੇਂ ਉਸਦੇ ਥੱਲੇ ਸਮਾ ਜਾਈਏ!"

"ਸੱਚ?" ਸਰਗੇਈ ਹੈਰਾਨ ਤੇ ਖੁਸ਼ ਹੋਇਆ।

"ਬਸ ਸਬਰ ਰੱਖ, ਆਪਣੀਆਂ ਅੱਖਾਂ ਨਾਲ ਦੇਖ ਲਵੇਂਗਾ। ਹੋਰ ਵੀ ਕੋਈ ਘੱਟ ਚੀਜ਼ਾਂ ਹਨ ਉੱਥੇ? ਮਾਲਟਾ ਜਾਂ ਨਿੰਬੂ ਹੀ ਲੈ ਲਓ... ਦੇਖਿਆ ਹੋਵੇਗੇ ਤੂੰ ਦੁਕਾਨ ਵਿੱਚ?"

"ਹੂੰਅ?"

"ਬਸ ਐਵੇਂ ਹੀ ਹਵਾ ਵਿੱਚ ਲਟਕਦਾ ਰਹਿੰਦਾ ਹੈ। ਰੁੱਖ 'ਤੇ ਮਜ਼ੇ ਨਾਲ ਇਉ ਉੱਗਦਾ ਹੈ, ਜਿਵੇਂ ਸਾਡੇ ਇੱਥੇ ਸੇਬ ਜਾਂ ਨਾਸ਼ਪਤੀ... ਤੇ ਉੱਥੇ ਲੋਕ ਵੀ ਤਰ੍ਹਾਂ-ਤਰ੍ਹਾਂ ਦੇ ਹਨ : ਤੁਰਕ, ਪਾਰਸੀ, ਚੈਰਕੇਸ... ਸਭ ਲੰਬੇ-ਲੰਬੇ ਚੋਗੇ ਪਾਉਂਦੇ ਅਤੇ ਕਮਰ 'ਤੇ ਖੰਜਰ ਬੰਨ੍ਹੀ ਘੁੰਮਦੇ ਹਨ। ਬੜੇ ਜਾਂਬਾਜ਼ ਲੋਕ ਹਨ! ਤੇ ਉੱਥੇ ਹਬਸ਼ੀ ਵੀ ਹੁੰਦੇ ਹਨ। ਮੈਂ ਬਤੂਮੀ ਵਿੱਚ ਕਈ ਵਾਰ ਵੇਖੇ ਹਨ।"

"ਹਬਸ਼ੀ? ਹਾਂ, ਮੈਨੂੰ ਪਤਾ ਹੈ। ਉਹਨਾਂ ਦੇ ਸਿਰ 'ਤੇ ਸਿੰਗ ਹੁੰਦੇ ਹਨ," ਸਰਗੇਈ ਨੇ ਪੂਰੇ ਵਿਸ਼ਵਾਸ ਨਾਲ ਕਿਹਾ।

"ਸਿੰਗ-ਵਿੰਗ ਤਾਂ ਖੈਰ ਉਹਨਾਂ ਦੇ ਨਹੀਂ ਹੁੰਦੇ, ਇਹ ਸਭ ਝੂਠ ਹੈ। ਪਰ ਕਾਲੇ ਹੁੰਦੇ ਹਨ, ਬੂਟਾਂ ਵਰਗੇ ਅਤੇ ਚਮਕਦੇ ਵੀ ਹਨ। ਮੋਟੇ-ਮੋਟੇ ਬੁੱਲ੍ਹ ਉਹਨਾਂ ਦੇ ਲਾਲ ਸੁਰਖ ਹੁੰਦੇ ਹਨ, ਅੱਖਾਂ ਚਿੱਟੀਆਂ-ਚਿੱਟੀਆਂ ਅਤੇ ਵਾਲ ਏਨੇ ਘੁੰਗਰਾਲੇ ਜਿਵੇਂ ਕਾਲੀ ਭੇਡ ਦੇ।"

"ਡਰ ਲੱਗਦਾ ਹੋਵੇਗਾ ਨਾ ਇਹਨਾਂ ਹਬਸ਼ੀਆਂ ਤੋਂ?"

"ਕੀ ਦੱਸਾਂ? ਪਹਿਲਾਂ-ਪਹਿਲ ਵੇਖ ਕੇ ਤਾਂ ਆਦਮੀ ਡਰ ਜਾਂਦਾ ਹੈ ... ਪਰ ਫਿਰ ਜਦੋਂ ਵੇਖੋ ਕਿ ਦੂਸਰੇ ਲੋਕ ਨਹੀਂ ਡਰਦੇ, ਤਾਂ ਆਪਣੀ ਵੀ ਹਿੰਮਤ ਵੱਧ ਜਾਂਦੀ ਹੈ ... ਹਾਂ ਭਰਾਵਾ, ਕੀ ਕੁਝ ਨਹੀਂ ਹੈ ਉਥੇ। ਉਥੇ ਜਾਵਾਂਗੇ, ਖੁਦ ਵੇਖ ਲਵੇਂਗਾ। ਬਸ ਇੱਕ ਹੀ ਬੁਰੀ ਗੱਲ ਹੈ — ਉਥੇ ਤਾਪ ਫੈਲਦਾ ਹੈ। ਚਾਰੇ ਪਾਸੇ ਦਲਦਲ ਹੈ ਨਾ, ਇਸ ਲਈ। ਉਥੋਂ ਦੇ ਲੋਕਾਂ ਨੂੰ ਤਾਂ ਕੁਝ ਨਹੀਂ ਹੁੰਦਾ, ਪਰ ਬਾਹਰੋਂ ਆਏ ਨੂੰ ਤਾਪ ਤੰਗ ਕਰਦਾ ਹੈ। ਚੰਗਾ, ਖੈਰ ਬਹੁਤ ਗੱਲਾਂ ਬਣਾ ਲਈਆਂ। ਚਲ, ਵੜ ਇਸ ਫਾਟਕ 'ਚ। ਇਸ ਕਲੋਨੀ ਵਿੱਚ ਬੜੇ ਚੰਗੇ ਸਾਹਬ ਰਹਿੰਦੇ ਹਨ ... ਤੂੰ ਮੈਨੂੰ ਪੁੱਛ ਸਰਗੇਈ : ਮੈਂ ਸਭ ਜਾਣਦਾ ਹਾਂ!"

ਪਰ ਅੱਜ ਉਹ ਪਤਾ ਨਹੀਂ ਕਿਸ ਦਾ ਮੂੰਹ ਵੇਖ ਕੇ ਨਿਕਲੇ ਸਨ। ਕਈ ਥਾਵਾਂ 'ਤੇ ਉਹਨਾਂ ਨੂੰ ਦੂਰੋਂ ਵੇਖ ਕੇ ਹੀ ਭਜਾ ਦਿੱਤਾ ਜਾਂਦਾ, ਦੂਸਰੀਆਂ ਥਾਵਾਂ 'ਤੇ ਵਾਜੇ ਦੀ ਪਾਟੀ-ਪਾਟੀ ਆਵਾਜ਼ ਸੁਣਦੇ ਹੀ ਸਾਹਬ ਲੋਕ ਛੱਜੇ 'ਤੇ ਬੇਸਬਰੀ ਨਾਲ ਹੱਥ ਝਟਕਣ ਲੱਗਦੇ ਅਤੇ ਕਿਤੇ ਨੌਕਰ ਕਹਿੰਦੇ ਕਿ ਸਾਹਬ ਲੋਕ ਅਜੇ ਘਰ ਨਹੀਂ। ਹਾਂ, ਦੋ ਕਲੋਨੀਆਂ 'ਚੋਂ ਉਹਨਾਂ ਨੂੰ ਤਮਾਸ਼ੇ ਲਈ ਕੁਝ ਪੈਸੇ ਮਿਲੇ,

ਪਰ ਬਹੁਤ ਥੋੜ੍ਹੇ। ਵੈਸੇ ਤਾਂ ਬਾਬਾ ਥੋੜ੍ਹੇ ਪੈਸੇ ਲੈਣ ਤੋਂ ਵੀ ਝਿਜਕਦਾ ਨਹੀਂ ਸੀ। ਕਲੋਨੀ 'ਚੋਂ ਬਾਹਰ ਨਿਕਲਦੇ ਹੋਏ ਉਹ ਖੁਸ਼ੀ ਨਾਲ ਜੇਬ ਵਿੱਚ ਤਾਂਬੇ ਦੇ ਸਿੱਕੇ ਖਣਖਣਾ ਰਿਹਾ ਸੀ ਅਤੇ ਕਹਿ ਰਿਹਾ ਸੀ :

"ਦੋ ਅਤੇ ਪੰਜ ਹੋ ਗਏ ਪੂਰੇ ਸੱਤ ... ਕਿਉਂ, ਬਈ ਸਰਗੇਈ, ਇਹ ਵੀ ਪੈਸੇ ਹਨ। ਸੱਤ ਵਾਰ ਸੱਤ ਹੋਰ ਹੋ ਗਿਆ ਅੱਧਾ ਰੂਬਲ। ਬਸ ਸਾਡਾ ਤਿੰਨਾਂ ਦਾ ਢਿੱਡ ਭਰ ਜਾਵੇਗਾ ਅਤੇ ਰੈਣਬਸੇਰਾ ਵੀ ਹੋ ਜਾਵੇਗਾ ਅਤੇ ਬੁੱਢਾ ਲਦੀਸ਼ਿਕਨ ਵੀ ਦੋ ਬੂੰਦਾਂ ਨਾਲ ਗਲਾ ਤਰ ਕਰ ਲਵੇਗਾ, ਆਪਣੀਆਂ ਬੁੱਢੀਆਂ ਹੱਡੀਆਂ ਸੇਕ ਲਵੇਗਾ ... ਉਫ਼, ਨਹੀਂ ਸਮਝਦੇ ਇਹ ਸਾਹਬ ਲੋਕ! ਵੀਹ ਕੋਪੇਕ ਦਿੰਦੇ ਹੋਏ ਉਹਨਾਂ ਨੂੰ ਅਫਸੋਸ ਹੁੰਦਾ ਹੈ ਅਤੇ ਪੰਜ ਦਿੰਦੇ ਸ਼ਰਮ ਆਉਂਦੀ ਹੈ। ਬਸ, ਇਸੇ ਲਈ ਚਲਦੇ ਰਹਿੰਦੇ ਹਨ। ਅਰੇ ਬਈ, ਤੁਸੀਂ ਤਿੰਨ ਕੋਪੇਕ ਹੀ ਦੇ ਦਿਓ। ਮੈਂ ਕੋਈ ਬੁਰਾ ਥੋੜ੍ਹੇ ਮੰਨਦਾ ਹਾਂ ... ਬੁਰਾ ਕਾਹਦਾ ਮੰਨਣਾ?"

ਬੁੱਢਾ ਮਦਾਰੀ ਸਿੱਧੇ-ਸਾਦੇ ਸੁਭਾਅ ਦਾ ਸੀ ਤੇ ਜਦੋਂ ਉਸਨੂੰ ਲੋਕ ਭਜਾਉਂਦੇ, ਤਾਂ ਵੀ ਉਹ ਕੁਝ ਨਹੀਂ ਕਹਿੰਦਾ ਸੀ। ਪਰ ਅੱਜ ਇੱਕ ਮੇਮ ਸਾਹਬ ਦੀ ਵਜ੍ਹਾ ਨਾਲ ਉਹ ਆਪੇ ਵਿੱਚ ਨਾ ਰਿਹਾ। ਗੁੰਦਵੇਂ ਬਦਨ ਦੀ, ਖੂਬਸੂਰਤ ਜਿਹੀ ਅਤੇ ਦੇਖਣ ਵਿੱਚ ਭਲੀ ਲੱਗਣ ਵਾਲੀ ਔਰਤ ਸੀ ਉਹ। ਬੜਾ ਸ਼ਾਨਦਾਰ ਘਰ ਸੀ ਉਸਦਾ, ਫੁੱਲਾਂ ਦੇ ਬਾਗ ਨਾਲ ਘਿਰਿਆ। ਬੜੇ ਧਿਆਨ ਨਾਲ ਉਸਨੇ ਵਾਜਾ ਸੁਣਿਆ, ਹੋਰ ਵੀ ਧਿਆਨ ਨਾਲ ਸਰਗੇਈ ਦੀ ਕਲਾਬਾਜ਼ੀ ਅਤੇ ਆਰਤੋ ਦੇ ਤਮਾਸ਼ੇ ਵੇਖੇ। ਫਿਰ ਬੜੀ ਦੇਰ ਤੱਕ ਕੁਰੇਦ-ਕੁਰੇਦ ਕੇ ਮੁੰਡੇ ਨੂੰ ਪੁੱਛਦੀ ਰਹੀ ਕਿ ਉਹ ਕਿੰਨੇ ਸਾਲ ਦਾ ਹੈ, ਉਸਦਾ ਨਾਮ ਕੀ ਹੈ, ਕਲਾਬਾਜ਼ੀ ਉਸਨੇ ਕਿੱਥੋਂ ਸਿੱਖੀ, ਬੁੱਢਾ ਉਸ ਦਾ ਕੀ ਲੱਗਦਾ ਹੈ, ਉਸਦੇ ਮਾਂ-ਬਾਪ ਕੀ ਕਰਦੇ ਸਨ ਵਗੈਰਾ-ਵਗੈਰਾ ; ਫਿਰ ਉਸਨੇ ਰੁਕਣ ਲਈ ਕਿਹਾ ਤੇ ਅੰਦਰ ਚਲੀ ਗਈ।

ਕੋਈ ਦਸ ਜਾ ਸ਼ਾਇਦ ਪੰਦਰਾਂ ਮਿੰਟ ਤੱਕ ਉਹ ਬਾਹਰ ਨਹੀਂ ਆਈ। ਜਿੰਨਾ ਵੱਧ ਸਮਾਂ ਬੀਤ ਰਿਹਾ ਸੀ, ਓਨੀਆਂ ਜ਼ਿਆਦਾ ਮਦਾਰੀ ਅਤੇ ਮੁੰਡੇ ਦੇ ਮਨ ਵਿੱਚ ਅਸਪੱਸ਼ਟ ਜਿਹੀਆਂ ਆਸ਼ਾਵਾਂ ਵੱਧਦੀਆਂ ਜਾ ਰਹੀਆਂ ਸਨ। ਬਾਬੇ ਨੇ ਮੂੰਹ 'ਤੇ ਹੱਥ ਰੱਖ ਕੇ ਮੁੰਡੇ ਦੇ ਕੰਨ ਵਿੱਚ ਕਿਹਾ :

"ਲੈ, ਸਰਗੇਈ, ਅੱਜ ਤਾਂ ਕਿਸਮਤ ਖੁੱਲ੍ਹ ਗਈ, ਤੂੰ ਬਸ ਮੇਰੀ ਗੱਲ ਸੁਣਿਆ ਕਰ : ਮੈਨੂੰ ਸਭ ਪਤਾ ਹੈ। ਸ਼ਾਇਦ ਕੋਈ ਕੱਪੜਾ-ਲੱਤਾ ਦੇ ਦੇਵੇ ਅਤੇ ਪੁਰਾਣੀ ਜੁੱਤੀ। ਪੱਕੀ ਗੱਲ ਹੈ!"

ਆਖਰ ਮੇਮ ਛੱਜੇ 'ਤੇ ਆਈ, ਉਪਰੋਂ ਸਰਗੇਈ ਦੇ ਅੱਗੇ ਵਧੀ ਟੋਪੀ ਵਿੱਚ ਛੋਟਾ ਜਿਹਾ ਸਫੇਦ ਸਿੱਕਾ ਸੁੱਟਿਆ ਅਤੇ ਤੁਰੰਤ ਹੀ ਅੰਦਰ ਚਲੀ ਗਈ। ਸਿੱਕਾ ਪੁਰਾਣਾ ਸੀ, ਦੋਵੇਂ ਪਾਸਿਓਂ ਘਸਿਆ ਹੋਇਆ। ਇਹੀ ਨਹੀਂ, ਦਸ ਕੋਪੇਕ ਦੇ ਇਸ ਸਿੱਕੇ ਵਿੱਚ ਛੇਕ ਵੀ ਸੀ। ਬਾਬਾ ਬੜੀ ਦੇਰ ਤੱਕ ਹੈਰਾਨ-ਪਰੇਸ਼ਾਨ ਜਿਹਾ ਸਿੱਕੇ ਨੂੰ ਵੇਖਦਾ ਰਿਹਾ। ਉਹ ਬਾਹਰ ਰਸਤੇ 'ਤੇ ਨਿਕਲ ਆਇਆ ਸੀ, ਕਲੋਨੀ ਕਾਫੀ ਪਿੱਛੇ ਛੁੱਟ ਗਈ ਸੀ, ਪਰ ਸਿੱਕੇ ਨੂੰ ਅਜੇ ਤੱਕ ਹਥੇਲੀ 'ਚ ਫੜਿਆ ਹੋਇਆ ਸੀ, ਜਿਵੇਂ ਕਿ ਤੋਲ ਰਿਹਾ ਹੋਵੇ। ਇਕਦਮ ਰੁਕ ਗਿਆ ਤੇ ਬੋਲਿਆ :

"ਆਹਾ! .. ਕੀ ਕਹਿਣੈ! ਪੁੱਛੋ ਨਾ! ਅਸੀਂ ਤਿੰਨੋਂ ਬੇਵਕੂਫ ਖੂਬ ਜ਼ੋਰ ਲਗਾ ਰਹੇ ਸਾਂ। ਤਮਾਸ਼ਾ ਦਿਖਾ ਰਹੇ ਸਾਂ। ਇਸ ਤੋਂ ਚੰਗਾ ਬਟਨ ਹੀ ਦੇ ਦਿੰਦੀ, ਜ਼ਰੂਰਤ ਪੈਣ 'ਤੇ ਕਿਤੇ ਸੀਅ ਤਾਂ ਲੈਂਦੇ। ਇਸ

ਕੂੜੇ ਦਾ ਮੈਂ ਕੀ ਕਰਾਂਗਾ? ਮੇਮਸਾਹਬ ਸੋਚਦੀ ਹੋਣੀ ਕਿ ਬੁੱਢਾ ਹਨੇਰੇ ਵਿੱਚ ਕਿਤੇ ਚਲਾ ਦੇਵੇਗਾ ਇਸ ਨੂੰ। ਨਹੀਂ, ਮੇਮਸਾਹਬ, ਗਲਤ ਸੋਚਦੀ ਹੈਂ ਤੂੰ! ਬੁੱਢਾ ਲਦੀਸ਼ਿਕਨ ਅਜਿਹੀ ਨੀਚਤਾ ਨਹੀਂ ਕਰਦਾ! ਜੀ ਹਾਂ! ਇਹ ਲੈ, ਸੰਭਾਲ ਆਪਣਾ ਕੀਮਤੀ ਸਿੱਕਾ! ਲਓ!"

ਤੇ ਉਸਨੇ ਗੁੱਸੇ ਅਤੇ ਮਾਣ ਨਾਲ ਸਿੱਕਾ ਸੁੱਟ ਦਿੱਤਾ। ਸਿੱਕਾ ਹੋਲੀ ਜਿਹੀ ਖਣਕਿਆ ਅਤੇ ਰਸਤੇ ਦੀ ਇਸ ਚਿੱਟੀ ਧੂੜ ਵਿੱਚ ਸਮਾ ਗਿਆ।

ਇਸ ਤਰ੍ਹਾਂ ਬੁੱਢਾ ਮਦਾਰੀ ਮੁੰਡੇ ਅਤੇ ਕੁੱਤੇ ਦੇ ਨਾਲ ਇਸ ਪੂਰੀ ਬਸਤੀ ਦਾ ਚੱਕਰ ਲਗਾ ਚੁੱਕਾ ਸੀ ਅਤੇ ਹੁਣ ਹੇਠਾਂ ਸਮੁੰਦਰ ਵੱਲ ਜਾਣ ਦੀ ਸੋਚ ਹੀ ਰਹੇ ਸਨ। ਖੱਬੇ ਪਾਸੇ ਇੱਕ ਆਖਰੀ ਘਰ ਬਚ ਗਿਆ ਸੀ। ਉੱਚੀ ਸਫੇਦ ਦੀਵਾਰ ਨਾਲ ਘਿਰਿਆ ਹੋਇਆ ਦਿਖਾਈ ਨਾ ਦਿੱਤਾ ਸੀ। ਦੀਵਾਰ ਪਿੱਛੇ ਸੰਘਣੀ ਕਤਾਰ ਵਿੱਚ ਸਰੂ ਦੇ ਪਤਲੇ ਤਣਿਆਂ ਵਾਲੇ, ਉੱਚੇ, ਧੂੜ ਨਾਲ ਭਰੇ ਰੁੱਖ ਉੱਗ ਰਹੇ ਸਨ, ਜੋ ਦੂਰੋਂ ਸੁਰਮਈ ਤੱਕਲਿਆਂ ਵਰਗੇ ਲੱਗਦੇ ਸਨ। ਲੋਹੇ ਦੇ ਚੌੜੇ ਫਾਟਕ 'ਤੇ ਬੜਾ ਸ਼ਾਨਦਾਰ ਕੰਮ ਕੀਤਾ ਹੋਇਆ ਸੀ ਤੇ ਉਹ ਲੇਸ ਨਾਲ ਸੱਜਿਆ ਲੱਗਦਾ ਸੀ। ਇਸ ਫਾਟਕ ਤੋਂ ਹੀ ਚਟਕੀਲੇ ਹਰੇ, ਰੇਸ਼ਮੀ ਲਾੱਨ ਦਾ ਇੱਕ ਕੋਨਾ ਅਤੇ ਫੁੱਲਾਂ ਦੀ ਕਿਆਰੀ ਦਿੱਖਦੀ ਸੀ ਅਤੇ ਦੂਰ ਪਿੱਛੇ ਅੰਗੂਰ ਦੀਆਂ ਵੇਲਾਂ ਨਾਲ ਢੱਕੀ ਗੈਲਰੀ। ਲਾੱਨ ਦੇ ਵਿੱਚ-ਵਿੱਚਕਾਰ ਖੜ੍ਹਾ ਮਾਲੀ ਲੰਬੇ ਪਾਈਪ ਨਾਲ ਗੁਲਾਬਾਂ ਨੂੰ ਪਾਣੀ ਦੇ ਰਿਹਾ ਸੀ। ਉਸਨੇ ਪਾਈਪ ਦੇ ਛੇਦ 'ਤੇ ਉਂਗਲ ਰੱਖੀ ਹੋਈ ਸੀ ਅਤੇ ਉਸ ਨਾਲ ਅਣਗਿਣਤ ਛਿੱਟੇ ਵੀ ਧੁੱਪ ਇੰਦਰ-ਧਨੁੱਖੀ ਰੰਗਾਂ ਨਾਲ ਚਮਕ ਰਹੀ ਸੀ।

ਬੁੱਢਾ ਮਦਾਰੀ ਫਾਟਕ ਤੋਂ ਅੱਗੇ ਨਿਕਲਣ ਹੀ ਵਾਲਾ ਸੀ, ਪਰ ਉਸ ਨੇ ਅੰਦਰ ਝਾਕ ਕੇ ਦੇਖਿਆ ਤੇ ਠਠੰਬਰ ਗਿਆ।

"ਜ਼ਰਾ ਰੁਕ ਤਾਂ ਸਰਗੇਈ," ਉਸਨੇ ਮੁੰਡੇ ਨੂੰ ਅਵਾਜ਼ ਦਿੱਤੀ। "ਲੱਗਦਾ ਹੈ ਅੰਦਰ ਲੋਕ ਹਨ। ਕੀ ਤਮਾਸ਼ਾ ਹੈ? ਕਿੰਨੇ ਸਾਲਾਂ ਤੋਂ ਇੱਥੇ ਆ ਰਿਹਾ ਹਾਂ, ਕਦੇ ਕੋਈ ਨਹੀਂ ਦਿਖਿਆ। ਚੱਲ ਤਾਂ ਸਰਗੇਈ!"

"'ਦੋਸਤੀ ਬੰਗਲਾ' ਅੰਦਰ ਆਉਣਾ ਮਨ੍ਹਾ ਹੈ," ਸਰਗੇਈ ਨੇ ਫਾਟਕ ਦੇ ਇੱਕ ਖੰਭੇ 'ਤੇ ਖੁਣੇ ਹੋਏ ਸ਼ਬਦ ਪੜ੍ਹੇ।

"ਦੋਸਤੀ?" ਅਨਪੜ੍ਹ ਬਾਬੇ ਨੇ ਪੁੱਛਿਆ। "ਆਹਾ! ਦੋਸਤੀ! ਇਹੀ ਤਾਂ ਅਸਲੀ ਗੱਲ ਹੈ! ਸਾਰਾ ਦਿਨ ਸਾਡਾ ਬੇਕਾਰ ਗਿਆ ਹੈ, ਪਰ ਇੱਥੋਂ ਅਸੀਂ ਖਾਲੀ ਹੱਥ ਨਹੀਂ ਜਾਵਾਂਗੇ। ਮੈਨੂੰ ਇਸਦੀ ਗੰਧ ਆ ਰਹੀ ਹੈ, ਇਹੀ ਸਮਝ ਲੈ, ਜਿਵੇਂ ਸ਼ਿਕਾਰੀ ਕੁੱਤੇ ਨੂੰ ਦੂਰ ਤੋਂ ਪਤਾ ਚੱਲ ਜਾਂਦਾ ਹੈ। ਚੱਲ ਆਰਤੋ, ਕੁੱਤੇ ਦੀ ਔਲਾਦ! ਸਰਗੇਈ, ਵੱਧ ਜਾ ਹਿੰਮਤ ਨਾਲ। ਤੂੰ ਮੈਨੂੰ ਪੁੱਛਿਆ ਕਰ : ਮੈਂ ਸਭ ਜਾਣਦਾ ਹਾਂ।"

## 3.

ਬਾਗ ਦੀਆਂ ਪਗਡੰਡੀਆਂ 'ਤੇ ਮੋਟੀ-ਮੋਟੀ ਰੋੜੀ ਵਿਛੀ ਹੋਈ ਸੀ ਅਤੇ ਦੋਵੇਂ ਪਾਸੇ ਵੱਡੀਆਂ-ਵੱਡੀਆਂ ਗੁਲਾਬੀ ਸਿੱਪੀਆਂ ਲੱਗੀਆਂ ਹੋਈਆਂ ਸਨ। ਕਿਆਰੀਆਂ ਵਿੱਚ ਰੰਗ-ਬਿਰੰਗੀ ਘਾਹ ਦਾ ਜਿਵੇਂ ਕਾਲੀਨ ਵਿੱਛਿਆ ਹੋਇਆ ਸੀ ਅਤੇ ਉਹਨਾਂ ਉਪਰ ਅਜੀਬੋ-ਗਰੀਬ ਜਿਹੇ ਚਟਕੀਲੇ

ਫੁੱਲ ਲੱਗੇ ਹੋਏ ਸਨ, ਜਿਨ੍ਹਾਂ ਨਾਲ ਹਵਾ ਵਿੱਚ ਭਿੰਨੀ-ਭਿੰਨੀ ਖੁਸ਼ਬੂ ਫੈਲ ਰਹੀ ਸੀ। ਕੁੰਡ ਵਿੱਚ ਪਾਰਦਰਸ਼ੀ ਪਾਣੀ ਦੀ ਕਲਕਲ ਹੋ ਰਹੀ ਸੀ। ਰੁੱਖਾਂ ਦੇ ਵਿੱਚ-ਵਿਚਾਲੇ ਉਚਾਈ 'ਤੇ ਲੱਗੇ ਗਮਲਿਆਂ ਤੋਂ ਵੇਲਾਂ ਲਟਕ ਰਹੀਆਂ ਸਨ, ਅਤੇ ਘਰ ਦੇ ਸਾਹਮਣੇ ਸੰਗਮਰਮਰ ਦੇ ਦੋ ਉੱਚੇ ਖੰਭਿਆਂ 'ਤੇ ਸ਼ੀਸ਼ੇ ਦੇ ਗੋਲੇ ਲੱਗੇ ਹੋਏ ਸਨ, ਜਿਨ੍ਹਾਂ ਵਿੱਚ ਮਦਾਰੀ ਅਤੇ ਉਸਦੇ ਸਾਥੀਆਂ ਨੇ ਆਪਣੇ ਉਲਟੇ, ਟੇਢੇ-ਮੇਢੇ ਅਕਸ ਦੇਖੇ।

ਵਰਾਂਡੇ ਵਿੱਚ ਸਾਹਮਣੇ ਵੱਡਾ ਜਿਹਾ ਪੱਕਾ ਚੌਕ ਸੀ। ਸਰਗੇਈ ਨੇ ਉੱਥੇ ਆਪਣੀ ਦਰੀ ਵਿਛਾ ਦਿੱਤੀ, ਬਾਬੇ ਨੇ ਪਟਾਰੀ ਨੂੰ ਇੱਕ ਡੰਡੇ 'ਤੇ ਟਿਕਾਇਆ ਅਤੇ ਹੈਂਡਲ ਘੁੰਮਾਉਣ ਨੂੰ ਤਿਆਰ ਹੋ ਗਿਆ, ਪਰ ਤਦੇ ਇੱਕ ਅਜੀਬ, ਅਚੰਭਿਤ ਦ੍ਰਿਸ਼ ਵੱਲ ਉਹਨਾਂ ਦਾ ਧਿਆਨ ਖਿੱਚਿਆ ਗਿਆ।

ਅੰਦਰ ਦੇ ਕਮਰਿਆਂ 'ਚੋਂ ਅੱਠ-ਦਸ ਸਾਲ ਦਾ ਇੱਕ ਮੁੰਡਾ ਗਲਾ ਫਾੜ ਕੇ ਚੀਕਦਾ ਹੋਇਆ ਬੰਬ ਵਾਂਗ ਵਰਾਂਡੇ ਵਿੱਚ ਆ ਧਮਕਿਆ। ਉਸਨੇ ਮਲਾਹਾਂ ਦੀ ਹਲਕੀ ਵਰਦੀ ਵਰਗੇ ਕੱਪੜੇ ਪਾਏ ਹੋਏ ਸਨ — ਬਾਹਵਾਂ ਨੰਗੀਆਂ ਸਨ ਅਤੇ ਗੋਡੇ ਵੀ। ਲੰਬੇ-ਲੰਬੇ, ਘੁੰਗਰਾਲੇ ਵਾਲ ਮੋਢਿਆਂ ਤੱਕ ਖਿਲਰੇ ਹੋਏ ਸਨ। ਮੁੰਡੇ ਦੇ ਪਿੱਛੇ-ਪਿੱਛੇ ਹੋਰ ਛੇ ਲੋਕ ਦੌੜੇ ਆਏ : ਐਪ੍ਰਨ ਬੰਨ੍ਹੀ ਦੋ ਔਰਤਾਂ ; ਲੰਬਾ ਕੋਟ ਪਾਈ ਬੁੱਢਾ ਮੋਟਾ ਦਰਬਾਨ, ਜਿਸਦੇ ਦਾੜ੍ਹੀ-ਮੁੱਛਾਂ ਸਾਫ ਸਨ ਪਰ ਕੰਨਪੱਟੀਆਂ 'ਤੇ ਖ਼ੂਬ ਲੰਬੀਆਂ ਚਿੱਟੀਆਂ ਮੁੱਛਾਂ ਸਨ ; ਦਰਬਾਨ ਨੀਲਾ ਚੋਲਾ ਪਾਈ, ਲਾਲ ਵਾਲਾਂ ਅਤੇ ਲਾਲ ਨੱਕ ਵਾਲੀ ਦੁਬਲੀ-ਪਤਲੀ ਕੁੜੀ ; ਜਵਾਨ, ਦਿਖਣ ਵਿੱਚ ਬੀਮਾਰ ਲੱਗਣ ਵਾਲੀ, ਪਰ ਬਹੁਤ ਸੁੰਦਰ ਔਰਤ, ਜਿਸਨੇ ਲੇਸਦਾਰ ਅਸਮਾਨੀ ਗਾਊਨ ਪਾਇਆ ਹੋਇਆ ਸੀ। ਤੇ ਸਭ ਤੋਂ ਅਖੀਰ ਵਿੱਚ ਇੱਕ ਮੋਟਾ, ਗੰਜਾ ਸਾਹਬ — ਸੁਨਹਿਰੀ ਚਸ਼ਮਾ ਲਾਈ। ਉਹ ਸਾਰੇ ਬੜੇ ਦੁਖੀ ਸਨ, ਹੱਥ ਝਟਕ ਰਹੇ ਸਨ, ਜ਼ੋਰ-ਜ਼ੋਰ ਨਾਲ ਬੋਲ ਰਹੇ ਸਨ ਅਤੇ ਇੱਕ ਦੂਸਰੇ ਨੂੰ ਧੱਕ ਰਹੇ ਸਨ। ਇਹ ਅੰਦਾਜ਼ਾ ਲਗਾਉਣਾ ਔਖਾ ਨਹੀਂ ਸੀ ਕਿ ਉਹਨਾਂ ਦੀ ਸਾਰੀ ਪਰੇਸ਼ਾਨੀ ਦਾ ਕਾਰਨ ਉਹ ਮੁੰਡਾ ਹੈ, ਜਿਹੜਾ ਇਉਂ ਅਚਾਨਕ ਵਰਾਂਡੇ 'ਚ ਆ ਧਮਕਿਆ ਸੀ।

ਉਧਰ ਉਹ ਮੁੰਡਾ ਲਗਾਤਾਰ ਚੀਕਦਾ ਹੋਇਆ ਦੌੜਦੇ-ਦੌੜਦੇ ਪੇਟ ਭਾਰ ਜਾ ਡਿੱਗਿਆ, ਤੁਰੰਤ ਪਿੱਠ ਭਾਰ ਪਲਟ ਗਿਆ ਤੇ ਬੜੇ ਜ਼ੋਰ-ਜ਼ੋਰ ਨਾਲ ਚਾਰੇ ਪਾਸੇ ਹੱਥ-ਪੈਰ ਮਾਰਨ ਲੱਗਾ। ਵੱਡੇ ਉਸਦੇ ਆਲੇ-ਦੁਆਲੇ ਭੱਜ-ਦੌੜ ਕਰਨ ਲੱਗੇ। ਬੁੱਢਾ ਦਰਬਾਨ ਮਿੰਨਤਾਂ ਕਰਦਾ ਹੋਇਆ ਆਪਣੀ ਮਾਇਆ ਲੱਗੀ ਕਮੀਜ਼ 'ਤੇ ਦੋਵੇਂ ਹੱਥ ਜੋੜ ਰਿਹਾ ਸੀ, ਮੁੱਛਾਂ ਹਿਲਾ ਰਿਹਾ ਸੀ ਅਤੇ ਰੋਣਹਾਕੀ ਆਵਾਜ਼ ਵਿੱਚ ਕਹਿ ਰਿਹਾ ਸੀ :

"ਛੋਟੇ ਮਾਲਿਕ! .. ਇੰਜ ਨਾ ਕਰੋ ... ਮਾਂ ਨੂੰ ਦੁਖੀ ਨਾ ਕਰੋ... ਮਿਹਰਬਾਨੀ ਕਰਕੇ ਪੀ ਲਓ। ਮਿਸ਼ਰਣ ਤਾਂ ਮਿੱਠਾ ਹੈ, ਇਕਦਮ ਸ਼ਰਬਤ ਵਰਗਾ। ਉਠ ਜਾਓ ਨਾ ..."

ਐਪ੍ਰਨ ਬੰਨ੍ਹੀ ਔਰਤਾਂ ਹੱਥ ਝਟਕ ਰਹੀਆਂ ਸਨ, ਡਰੀਆਂ-ਡਰੀਆਂ ਤੇ ਨਾਲ ਹੀ ਜੀ-ਹਜ਼ੂਰੀ ਕਰਦੀਆਂ ਹੋਈਆਂ ਆਪਣੀਆਂ ਪਤਲੀਆਂ ਅਵਾਜ਼ਾਂ 'ਚ ਜਲਦੀ-ਜਲਦੀ ਬੋਲ ਰਹੀਆਂ ਸਨ। ਲਾਲ ਨੱਕ ਵਾਲੀ ਮਿਸ ਬੜੇ ਦੁਖਦ ਅੰਦਾਜ਼ ਵਿੱਚ ਜ਼ੋਰ-ਜ਼ੋਰ ਦੀ ਚਿਲਾ ਰਹੀ ਸੀ, ਪਰ ਕੁਝ ਸਮਝ ਵਿਚ ਨਹੀਂ ਆਉਂਦਾ ਸੀ, ਸ਼ਾਇਦ ਉਹ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਬੋਲ ਰਹੀ ਸੀ। ਸੁਨਹਿਰਾ

ਚਸ਼ਮਾ ਲਾਈ ਸਾਹਬ ਨੀਵੀਂ, ਭਾਰੀ ਆਵਾਜ਼ ਵਿਚ ਮੁੰਡੇ ਨੂੰ ਮਨਾ ਰਿਹਾ ਸੀ, ਨਾਲ ਹੀ ਉਹ ਆਪਣਾ ਸਿਰ ਕਦੀ ਇਕ ਪਾਸੇ ਤੇ ਕਦੀ ਦੂਸਰੇ ਪਾਸੇ ਝੁਕਾਉਂਦਾ ਤੇ ਹੱਥ ਫੈਲਾ ਦਿੰਦਾ। ਸੁੰਦਰ ਔਰਤ ਹਉਕੇ ਭਰ ਰਹੀ ਸੀ, ਲੇਸ ਦਾ ਪਤਲਾ ਰੁਮਾਲ ਅੱਖਾਂ 'ਤੇ ਲਗਾ ਰਹੀ ਸੀ :

"ਓਹ, ਤ੍ਰਿਲੀ, ਓਹ! ਹੈ ਰੱਬਾ! ਮੇਰੇ ਰਾਜਾ, ਮੈਂ ਬੇਨਤੀ ਕਰਦੀ ਹਾਂ। ਸੁਣ ਲਓ ਮੇਰੀ ਗੱਲ, ਮੈਂ ਹੱਥ ਜੋੜਦੀ ਹਾਂ। ਪੀ ਲਓ ਨਾ ਦਵਾਈ : ਦੇਖ ਲੈਣਾ, ਤੁਰੰਤ ਅਰਾਮ ਮਿਲੇਗਾ : ਪੇਟ ਵੀ ਠੀਕ ਹੋ ਜਾਵੇਗਾ, ਸਿਰ ਵੀ। ਪੀ ਲਓ ਨਾ, ਮੇਰੀ ਖਾਤਰ ਪੀ ਲਓ, ਮੇਰੇ ਲਾਲ ਤ੍ਰਿਲੀ, ਬੋਲੋ, ਮਾਂ ਤੁਹਾਡੇ ਸਾਹਮਣੇ ਗੋਡਿਆਂ ਭਾਰ ਖੜ੍ਹੀ ਹੋ ਜਾਵੇ? ਇਹ ਦੇਖੋ, ਮੈਂ ਗੋਡਿਆਂ ਭਾਰ ਖੜ੍ਹੀ ਹਾਂ। ਚਲੋ, ਸੋਨੇ ਦਾ ਸਿੱਕਾ ਲਓਗੇ? ਦੋ ਸਿੱਕੇ? ਪੰਜ ਸਿੱਕੇ? ਤ੍ਰਿਲੀ! ਗਧਾ ਲਵੋਗਾ? ਜਿੰਦਾ-ਜਾਗਦਾ ਗਧਾ! ਘੋੜਾ?.. ਓਹ, ਡਾਕਟਰ, ਕੁਝ ਕਹੋ ਨਾ ਇਸ ਨੂੰ!"

"ਸੁਣੋ, ਤ੍ਰਿਲੀ, ਮਰਦ ਬਣੋ," ਚਸ਼ਮਾ ਲਗਾਈ ਮੋਟਾ ਸਾਹਬ ਭਾਰੀ ਆਵਾਜ਼ ਵਿਚ ਬੋਲਿਆ।

"ਹਾਏ-ਹਾਏ-ਹਾਏ!" ਮੁੰਡਾ ਚੀਕੀ ਜਾ ਰਿਹਾ ਸੀ, ਵਰਾਂਡੇ ਵਿੱਚ ਛਟਪਟਾ ਰਿਹਾ ਸੀ ਅਤੇ ਬੇਤਹਾਸ਼ਾ ਲੱਤਾਂ ਮਾਰ ਰਿਹਾ ਸੀ।

ਬਹੁਤ ਜ਼ਿਆਦਾ ਉਤੇਜ਼ਿਤ ਹੋਣ ਦੇ ਬਾਵਜੂਦ ਉਹ ਆਪਣੇ-ਆਲੇ ਦੁਆਲੇ ਜਮਾਂ ਲੋਕਾਂ ਦੇ ਢਿੱਡ ਵਿੱਚ ਜੁੱਤੀਆਂ ਦੀਆਂ ਅੱਡੀਆਂ ਦੇ ਮਾਰਨ ਦੀ ਕੋਸ਼ਿਸ਼ ਕਰਦਾ ਸੀ ਅਤੇ ਉਹ ਵੀ ਬੜੀ ਸਫਾਈ ਨਾਲ ਬਚ ਕੇ ਨਿਕਲਦੇ ਸਨ।

ਸਰਗੇਈ ਹੈਰਾਨ ਜਿਹਾ ਬੜੀ ਦੇਰ ਤੱਕ ਉਤਸੁਕਤਾ ਨਾਲ ਸਾਰਾ ਦ੍ਰਿਸ਼ ਵੇਖਦਾ ਰਿਹਾ। ਫਿਰ ਉਸਨੇ ਬਾਬੇ ਦੀ ਕਮਰ ਵਿਚ ਹੌਲੀ ਜਿਹੀ ਕੂਹਣੀ ਮਾਰੀ ਅਤੇ ਫੁਸਫਸਾ ਕੇ ਪੁੱਛਿਆ :

"ਬਾਬੇ, ਕੀ ਹੋਇਆ ਇਸ ਨੂੰ? ਇਸ ਨੂੰ ਕੁੱਟ ਪਏਗੀ ਕੀ?"

"ਹੂੰਅ, ਕੁੱਟ! .. ਅਰੇ, ਇਹ ਤਾਂ ਖੁਦ ਚਾਹੇ ਜਿਸਨੂੰ ਮਰਜ਼ੀ ਕੁੱਟ ਦੇਵੇ। ਵਿਗੜਿਆ ਹੋਇਆ ਮੁੰਡਾ ਹੈ। ਬੀਮਾਰ ਹੋ ਗਿਆ ਹੋਵੇਗਾ।"

"ਪਾਗਲ ਹੈ?" ਸਰਗੇਈ ਨੇ ਅਨੁਮਾਨ ਲਗਾਇਆ।

"ਮੈਨੂੰ ਕੀ ਪਤਾ? ਚੁੱਪ!"

"ਹਾਏ-ਹਾਏ-ਹਾਏ! ਗਧੇ! ਬੇਵਕੂਫ!" ਮੁੰਡਾ ਹੋਰ ਵੀ ਜ਼ੋਰ-ਜ਼ੋਰ ਨਾਲ ਗਲਾ ਫਾੜ ਰਿਹਾ ਸੀ।

"ਸਰਗੇਈ, ਸ਼ੁਰੂ ਕਰ! ਮੈਨੂੰ ਪਤਾ ਹੈ!" ਅਚਾਨਕ ਬੁੱਢੇ ਮਦਾਰੀ ਨੇ ਕਿਹਾ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਵਾਜੇ ਦਾ ਹੈਂਡਲ ਘੁੰਮਾਉਣ ਲੱਗਾ।

ਬੜੀ ਪੁਰਾਣੀ ਧੁਨ ਦੀ ਫਟੀ-ਫਟੀ, ਬੇਸੁਰੀ ਅਵਾਜ਼ ਬਾਗ ਵਿੱਚ ਗੂੰਜ ਉੱਠੀ। ਵਰਾਂਡੇ ਵਿਚ ਸਭ ਠਠੰਬਰ ਗਏ, ਇੱਥੋਂ ਤੱਕ ਕਿ ਮੁੰਡਾ ਵੀ ਕੁਝ ਪਲ ਲਈ ਚੁੱਪ ਹੋ ਗਿਆ।

"ਓਹੋ! ਹੈ ਰੱਬਾ! ਇਹ ਲੋਕ ਵਿਚਾਰੇ ਤ੍ਰਿਲੀ ਨੂੰ ਹੋਰ ਵੀ ਪਰੇਸ਼ਾਨ ਕਰ ਦੇਣਗੇ।" ਨੀਲਾ ਗਾਊਨ ਪਾਈ ਔਰਤ ਬੋਲੀ। "ਭਜਾਓ ਇਹਨਾਂ ਨੂੰ ਜਲਦੀ! ਇਹ ਗੰਦਾ ਕੁੱਤਾ ਵੀ ਹੈ ਇਹਨਾਂ ਨਾਲ। ਕੁੱਤਿਆਂ ਨੂੰ ਹਮੇਸ਼ਾ ਭਿਆਨਕ ਬੀਮਾਰੀਆਂ ਹੁੰਦੀਆਂ ਹਨ। ਈਵਾਨ, ਤੁਸੀਂ ਕੀ ਬੁੱਤ ਬਣੀ ਖੜ੍ਹੇ ਹੋ?"

ਉਸਨੇ ਨਫਰਤ ਦੇ ਨਾਲ ਮਦਾਰੀ ਵੱਲ ਰੁਮਾਲ ਹਿਲਾਇਆ, ਚਿਹਰੇ ਤੋਂ ਉਹ ਇਕਦਮ ਥੱਕੀ ਹੋਈ ਲੱਗਦੀ ਸੀ। ਲਾਲ ਨੱਕ ਵਾਲੀ ਮਰੀਅਲ ਮਿਸ ਨੇ ਡਰਾਵਣੀਆਂ ਅੱਖਾਂ ਬਣਾਈਆਂ, ਕੋਈ ਫੁੰਕਾਰਨ ਲੱਗਾ ... ਲੰਬਾ ਕੋਟ ਪਾਈ ਆਦਮੀ ਜਲਦੀ ਨਾਲ ਵਰਾਂਡੇ ਤੋਂ ਹੇਠਾਂ ਉਤਰ ਆਇਆ। ਉਸਦੇ ਚਿਹਰੇ ’ਤੇ ਡਰ ਦਾ ਭਾਵ ਸੀ, ਦੋਵੇਂ ਪਾਸੇ ਹੱਥ ਫੈਲਾ ਉਹ ਭੱਜਿਆ-ਭੱਜਿਆ ਮਦਾਰੀ ਕੋਲ ਆਇਆ।

“ਇਹ ਕੀ ਬਦਤਮੀਜੀ ਹੈ?” ਉਹ ਦੱਬੀ-ਦੱਬੀ, ਡਰੀ ਹੋਈ, ਪਰ ਨਾਲ ਹੀ ਰੋਹਬਦਾਰ ਤੇ ਗੁੱਸੇ ਭਰੀ ਅਵਾਜ਼ ਵਿਚ ਬੋਲਿਆ। “ਕਿਸ ਨੇ ਤੈਨੂੰ ਆਉਣ ਦਿੱਤਾ? ਭੱਜੋ ਇਥੋਂ!”

ਪਟਾਰੀ ਵਿੱਚੋਂ ਚੀਂਅ ਜਿਹੀ ਆਵਾਜ਼ ਨਿਕਲੀ ਅਤੇ ਚੁੱਪ ਹੋ ਗਈ ਜੀ।

“ਜੀ ਹਜ਼ੂਰ, ਉਹ ਗੱਲ ਇਹ ਹੈ ਕਿ ...” ਬਾਬੇ ਨੇ ਆਰਾਮ ਨਾਲ ਉਸਨੂੰ ਸਮਝਾਉਣਾ ਚਾਹਿਆ।

“ਕੋਈ ਗੱਲ-ਵਲ ਨਹੀਂ। ਦਫਾ ਹੋ ਜਾਓ!” ਲੰਬੇ ਕੋਟ ਵਾਲੇ ਵਾਲਾ ਸੀਟੀ ਵਾਂਗ ਚੀਕਿਆ।

ਉਸਦਾ ਮੋਟਾ ਚਿਹਰਾ ਪਲਕ ਝਮਕਦਿਆਂ ਹੀ ਲਾਲ ਸੁਰਖ ਹੋ ਗਿਆ ਤੇ ਅੱਖਾਂ ਤਾਂ ਜਿਵੇਂ ਬਾਹਰ ਹੀ ਨਿਕਲ ਆਈਆਂ ਹੋਣ ਅਤੇ ਘੁੰਮਣ ਲੱਗੀਆਂ। ਉਹ ਏਨਾ ਡਰਾਉਣਾ ਲੱਗਦਾ ਸੀ ਕਿ ਬਾਬਾ ਨਾ ਚਾਹੁੰਦਿਆਂ ਵੀ ਦੋ ਕਦਮ ਪਿੱਛੇ ਹੱਟ ਗਿਆ।

“ਚੱਲ ਸਰਗੇਈ, ਚੱਲੀਏ,” ਪਟਾਰੀ ਜਲਦੀ-ਜਲਦੀ ਪਿੱਠ ’ਤੇ ਰੱਖਦਿਆਂ ਉਹ ਬੋਲਿਆ।

ਪਰ ਉਹ ਦਸ ਕਦਮ ਵੀ ਦੂਰ ਨਹੀਂ ਸੀ ਗਏ ਕਿ ਵਰਾਂਡੇ ’ਚੋਂ ਫਿਰ ਤੋਂ ਕੰਨ-ਪਾੜਵੀਆਂ ਚੀਕਾਂ ਆਉਣ ਲੱਗ ਪਈਆਂ।

“ਹਾਏ-ਹਾਏ-ਹਾਏ! ਵੇਖਾਂਗਾ! ਹਾਏ! ਬੁਲਾਓ! ਮੈਂ ਵੇਖਾਂਗਾ!”

“ਓਹ, ਤ੍ਰਿਲੀ! .. ਹੇ ਰੱਬਾ! ਤ੍ਰਿਲੀ! ਓਏ, ਬੁਲਾਓ ਨਾ ਉਹਨਾਂ ਨੂੰ,” ਔਰਤ ਹੌਕੇ ਭਰਨ ਲੱਗੀ। “ਉਫ਼, ਕਿਹੋ ਜਿਹੇ ਮੂਰਖ ਹੋ ਤੁਸੀਂ ਸਾਰੇ! ਈਵਾਨ, ਸੁਣਿਆ ਤੁਸੀਂ ਕੀ ਕਿਹਾ ਮੈਂ? ਬੁਲਾਓ ਇਨ੍ਹਾਂ ਭਿਖਾਰੀਆਂ ਨੂੰ ਤੁਰੰਤ!”

“ਸੁਣੋ ਓਏ! ਏ! ਮਦਾਰੀ! ਵਾਪਸ ਆਓ!” ਵਰਾਂਡੇ ਵਿੱਚੋਂ ਇਕੱਠਿਆਂ ਕਈ ਆਵਾਜ਼ਾਂ ਆਈਆਂ।

ਮੋਟਾ ਦਰਬਾਨ ਰਬੜ ਦੀ ਗੇਂਦ ਵਾਂਗੂੰ ਉਛਲਦਾ ਹੋਇਆ ਮਦਾਰੀ ਦੇ ਪਿੱਛੇ ਭੱਜਿਆ। ਉਸ ਦੀਆਂ ਮੁੱਛਾਂ ਦੋਵੇਂ ਪਾਸੇ ਫੈਲ ਰਹੀਆਂ ਸਨ।

“ਏ-ਏ! ਮਦਾਰੀ! ਸੁਣੋ! ਚੱਲੋ ਵਾਪਸ!” ਉਹ ਦੋਵੇ ਹੱਥ ਹਿਲਾਉਂਦਾ ਚਿਲਾ ਰਿਹਾ ਸੀ, ਉਸ ਦੇ ਸਾਹ ਫੁਲ ਰਹੇ ਸਨ। “ਏ, ਵੱਡੇ ਮੀਆਂ,” ਆਖਰ ਉਸਨੇ ਬਾਬੇ ਦੀ ਬਾਂਹ ਫੜ ਲਈ। “ਚਲੋ ਵਾਪਸ! ਸਾਹਬ ਲੋਕ ਤਮਾਸ਼ਾ ਵੇਖਣਗੇ! ਚਲੋ ਜਲਦੀ!”

“ਹੂੰਅ, ਕੀ ਬਲਾ ਹੈ!” ਬਾਬੇ ਨੇ ਸਿਰ ਹਿਲਾਉਂਦਿਆਂ ਸਾਹ ਛੱਡਿਆ, ਅਤੇ ਵਰਾਂਡੇ ਕੋਲ ਚਲਾ ਗਿਆ। ਪਟਾਰੀ ਉਤਾਰ ਕੇ ਉਸਨੂੰ ਆਪਣੇ ਸਾਹਮਣੇ ਡੰਡੇ ’ਤੇ ਟਿਕਾਇਆ ਜਿਸ ਜਗ੍ਹਾ ਹੁਣੇ-ਹੁਣੇ ਧੁਨ ਰੁਕੀ ਸੀ, ਉਥੋਂ ਹੀ ਅੱਗੇ ਵਜਾਉਣ ਲੱਗਾ।

ਵਰਾਂਡੇ ਵਿਚ ਭੱਜ-ਦੌੜ ਰੁਕ ਗਈ। ਮੁੰਡੇ ਨਾਲ ਔਰਤ ਅਤੇ ਸੁਨਹਿਰੇ ਚਸ਼ਮੇ ਵਾਲਾ ਸਾਹਬ ਰੇਲਿੰਗ ਕੋਲ ਆ ਗਏ, ਬਾਕੀ ਸਭ ਪਿੱਛੇ ਖੜ੍ਹੇ ਰਹੇ। ਬਾਗ ਵਿਚੋਂ ਮਾਲੀ ਆ ਕੇ ਬਾਬੇ ਤੋਂ ਥੋੜ੍ਹੀ ਦੂਰ ਖੜ੍ਹਾ ਹੋ ਗਿਆ। ਪਤਾ ਨਹੀਂ ਕਿੱਥੋਂ ਪ੍ਰਗਟ ਹੋ ਗਿਆ ਜਮਾਂਦਾਰ, ਮਾਲੀ ਦੇ ਪਿੱਛੇ ਜੰਮ ਗਿਆ। ਉਹ ਉਲਝੀ ਦਾੜ੍ਹੀ ਵਾਲਾ ਆਦਮੀ ਸੀ — ਕੱਸਿਆ ਮੱਥਾ ਅਤੇ ਚੇਚਕੀ ਚਿਹਰਾ। ਉਸਨੇ ਨਵੀਂ ਗੁਲਾਬੀ ਕਮੀਜ਼ ਪਾਈ ਹੋਈ ਸੀ, ਜਿਸ 'ਤੇ ਕਾਲੇ-ਕਾਲੇ ਗੋਲਿਆਂ ਦੀਆਂ ਤਿਰਛੀਆਂ ਕਤਾਰਾਂ ਸਨ।

ਫਟੀਆਂ-ਫੁਟੀਆਂ ਹਿਚਕੀਆਂ ਭਰਦੀ ਧੁਨ ਦੀ ਲੈਅ 'ਚ ਸਰਗੇਈ ਨੇ ਦਰੀ ਵਿਛਾਈ, ਜਲਦੀ ਨਾਲ ਆਪਣੀ ਕਿਰਮਿਚੀ ਪਤਲੂਨ ਉਤਾਰੀ ( ਉਹ ਬਹੁਤ ਪੁਰਾਣੇ ਬੋਰੇ ਦੀ ਬਣਾਈ ਗਈ ਸੀ ਅਤੇ ਉਸਦੇ ਪਿੱਛੇ ਸਭ ਤੋਂ ਚੌੜੇ ਹਿੱਸੇ ਤੇ ਕੰਪਨੀ ਦਾ ਚੋਖਾਨਾ ਠੱਪਾ ਲੱਗਾ ਹੋਇਆ ਸੀ ), ਉਸਨੇ ਆਪਣੀ ਪੁਰਾਣੀ ਜੈਕੇਟ ਉਤਾਰੀ ਅਤੇ ਬਸ ਅੰਦਰੂਨੀ ਕੱਪੜੇ ਹੀ ਪਾਈ ਰੱਖੇ। ਉਹਨਾਂ 'ਤੇ ਕਈ ਟਾਕੀਆਂ ਲੱਗੀਆਂ ਹੋਈਆਂ ਸਨ, ਪਰ ਤਾਂ ਵੀ ਉਹ ਉਸਦੇ ਦੁਬਲੇ-ਪਤਲੇ, ਪਰ ਤਗੜੇ ਅਤੇ ਲਚਕੀਲੇ ਸਰੀਰ ਤੇ ਚੁਸਤ ਲੱਗਦੇ ਸਨ। ਵੱਡਿਆਂ ਦੀ ਨਕਲ ਕਰਦੇ ਹੋਇਆਂ ਉਸ ਨੇ ਪੁਰਾਣੇ, ਬਾਜ਼ੀਗਰ ਦੇ ਤੌਰ-ਤਰੀਕੇ ਸਿਖ ਲਏ ਸਨ। ਦੌੜਦੇ ਹੋਏ ਦਰੀ ਤੱਕ ਪਹੁੰਚਿਆ ਅਤੇ ਬੁੱਲ੍ਹਾਂ 'ਤੇ ਦੋਵੇਂ ਹੱਥ ਰੱਖੇ, ਫਿਰ ਨਾਟਕੀ ਢੰਗ ਨਾਲ ਉਨ੍ਹਾਂ ਨੂੰ ਦੋਵੇਂ ਪਾਸੇ ਫੈਲਾਇਆ, ਜਿਵੇਂ ਦਰਸ਼ਕਾਂ ਨੂੰ ਦੋ ਹਵਾਈ ਚੁੰਮਣ ਭੇਜੇ ਹੋਣ।

ਬਾਬਾ ਇਕ ਹੱਥ ਨਾਲ ਪਟਾਰੀ ਦਾ ਹੈਂਡਲ ਘੁੰਮਾਉਂਦਾ ਜਾ ਰਿਹਾ ਸੀ, ਉਸ ਵਿਚੋਂ ਥਰਥਰਾਉਂਦੀ, ਲੜਖੜਾਉਂਦੀ ਅਵਾਜ਼ ਨਿਕਲ ਰਹੀ ਸੀ ਅਤੇ ਦੂਸਰੇ ਪਾਸੇ ਮੁੰਡੇ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਸੁੱਟ ਰਿਹਾ ਸੀ, ਜਿਨਾਂ ਨੂੰ ਉਹ ਹਵਾ ਵਿੱਚ ਹੀ ਫੜ ਲੈਂਦਾ। ਸਰਗੇਈ ਥੋੜ੍ਹੇ ਜਿਹੇ ਹੀ ਕਰਤਬ ਜਾਣਦਾ ਸੀ, ਪਰ ਬੜੀ ਸਫਾਈ ਨਾਲ ਅਤੇ ਨਿਪੁੰਨਤਾ ਨਾਲ ਉਹਨਾਂ ਨੂੰ ਪੇਸ਼ ਕਰਦਾ ਸੀ। ਉਹ ਬੀਅਰ ਦੀ ਖਾਲੀ ਬੋਤਲ ਹਵਾ ਵਿੱਚ ਇੰਜ ਉਛਾਲਦਾ ਕਿ ਕਈ ਵਾਰ ਘੁੰਮ ਜਾਂਦੀ ਤੇ ਫਿਰ ਅਚਾਨਕ ਉਸ ਨੂੰ ਗਰਦਨ ਵੱਲ ਤਸ਼ੱਤਰੀ ਦੇ ਸਿਰੇ 'ਤੇ ਫੜ ਲੈਂਦਾ ਤੇ ਕੁਝ ਪਲ ਤੱਕ ਇੰਞ ਹੀ ਸੰਭਾਲੀ ਰੱਖਦਾ ; ਚਾਰ ਗੇਂਦਾਂ ਨੂੰ ਇਕੱਠਿਆਂ ਉਛਾਲਦਾ ਤੇ ਦੋ ਮੋਮਬਤੀਆਂ ਨੂੰ, ਜਿਨ੍ਹਾਂ ਨੂੰ ਉਹ ਇਕੱਠਿਆਂ ਸ਼ਮਾਦਾਨ ਵਿੱਚ ਫੜ ਲੈਂਦਾ ; ਫਿਰ ਇਹ ਇੱਕਠਿਆਂ ਹੀ ਤਿੰਨ ਵੱਖ-ਵੱਖ ਚੀਜ਼ਾਂ — ਪੱਖੇ, ਲੱਕੜੀ ਦੇ ਸਿਗਾਰ ਅਤੇ ਛੱਤਰੀ ਨਾਲ ਖੇਡਦਾ। ਤਿੰਨੋਂ ਚੀਜ਼ਾਂ ਹਵਾ ਵਿੱਚ ਉਡਦੀਆਂ ਅਤੇ ਫਿਰ ਅਚਾਨਕ ਛੱਤਰੀ ਉਸਦੇ ਸਿਰ 'ਤੇ ਆ ਜਾਂਦੀ, ਸਿਗਾਰ ਮੂੰਹ ਵਿੱਚ ਅਤੇ ਪੱਖਾ ਬੜੇ ਅੰਦਾਜ਼ ਨਾਲ ਚਿਹਰੇ 'ਤੇ ਹਵਾ ਕਰਦਾ। ਅੰਤ 'ਚ ਸਰਗੇਈ ਨੇ ਦਰੀ 'ਤੇ ਕਲਾਬਾਜ਼ੀਆਂ ਲਗਾਈਆਂ, "ਡੱਡੂ" ਬਣਿਆ, "ਅਮਰੀਕੀ ਗੰਢ" ਦਿਖਾਈ ਅਤੇ ਹੱਥਾਂ ਦੇ ਭਾਰ ਚਲਿਆ। ਆਪਣੇ ਸਾਰੇ ਕਰਤੱਬ ਦਿਖਾ ਕੇ ਉਸਨੇ ਫਿਰ ਦਰਸ਼ਕਾਂ ਵੱਲ ਆਪਣੇ ਚੁੰਮਣ ਭੇਜੇ ਅਤੇ ਹਫ਼ਦਾ ਹੋਇਆ ਬਾਬੇ ਦੇ ਕੋਲ ਆ ਗਿਆ — ਪਟਾਰੀ 'ਤੇ ਉਸਦੀ ਜਗ੍ਹਾ ਲੈਣ।

ਹੁਣ ਆਰਤੋ ਦੀ ਵਾਰੀ ਸੀ। ਕੁੱਤੇ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਤੇ ਉਹ ਕਾਫੀ ਦੇਰ ਤੋਂ ਉਤੇਜ਼ਿਤ ਜਿਹਾ ਚਾਰੇ ਪੰਜਿਆਂ ਨਾਲ ਬਾਬੇ 'ਤੇ ਕੁੱਦ ਰਿਹਾ ਸੀ, ਜੋ ਪਿੱਠ ਤੋਂ ਪਟਾ ਉਤਾਰ ਰਿਹਾ ਸੀ।

ਆਰਤੋ ਰੁਕ-ਰੁਕ ਕੇ ਭੌਂਕ ਰਿਹਾ ਸੀ ; ਕੌਣ ਜਾਣੇ, ਇਸ ਤਰ੍ਹਾਂ ਉਹ ਸਮਝਦਾਰ ਕੁੱਤਾ ਇਹ ਕਹਿਣਾ ਚਾਹੁੰਦਾ ਹੋਵੇ ਕਿ ਉਸ ਦੇ ਵਿਚਾਰ ਵਿਚ ਏਨੀ ਗਰਮੀ ਵਿੱਚ ਇਹ ਸਭ ਕਲਾਬਾਜ਼ੀਆਂ ਦਿਖਾਉਣਾ ਨਾਸਮਝੀ ਹੀ ਹੈ। ਪਰ ਬੁੱਢੇ ਮਦਾਰੀ ਨੇ ਚਲਾਕੀ ਦਿਖਾਉਂਦੇ ਹੋਏ ਪਿੱਠ ਪਿੱਛੋਂ ਚਾਬੁਕ ਕੱਢ ਲਿਆ। "ਮੈਨੂੰ ਪਤਾ ਸੀ ਇਹੀ ਹੋਣਾ!" ਆਰਤੋ ਚਿੜਦਾ ਆਖਰੀ ਵਾਰ ਭੌਂਕਿਆ ਤੇ ਅਲਸਾਇਆ ਅਤੇ ਅਣਮਨਿਆ ਜਿਹਾ ਪਿਛਲੀਆਂ ਲੱਤਾਂ 'ਤੇ ਖੜ੍ਹਾ ਹੋ ਗਿਆ। ਪਲਕਾਂ ਝਮਕਾਉਂਦਿਆਂ ਹੋਇਆ ਉਹ ਇਕਟਕ ਮਾਲਿਕ ਨੂੰ ਦੇਖਦਾ ਜਾ ਰਿਹਾ ਸੀ।

"ਆਰਤੋ, ਕੰਮ ਕਰੋ! ਇਵੇਂ, ਇਵੇਂ, ਇਵੇਂ! .." ਆਰਤੋ ਦੇ ਸਿਰ ਉਪਰ ਚਾਬੁਕ ਫੜੀ ਮਦਾਰੀ ਬੋਲਿਆ। "ਕਲਾ ਬਾਜ਼ੀ ਖਾਓ! ਇਵੇਂ! ਇਕ ਵਾਰ ਹੋਰ ... ਹੋਰ, ਹੋਰ ... ਨੱਚ, ਆਰਤੋ, ਨੱਚ!.. ਬੈਠ ਜਾ! ਕੀ-ਅ? ਨਹੀਂ ਬੈਠਣਾ ਚਾਹੁੰਦਾ? ਕਿਹਾ ਨਾ, ਬੈਠ ਜਾ। ਆਹਾ ... ਇਸ ਤਰ੍ਹਾਂ! ਵੇਖਿਆ! ਹੁਣ ਹਜ਼ੂਰ ਨੂੰ ਸਲਾਮ ਕਰੋ! ਆਰਤੋ!" ਮਦਾਰੀ ਨੇ ਧਮਕੀ ਭਰੀ ਆਵਾਜ਼ ਵਿਚ ਕਿਹਾ।

"ਭੌਂਅ!" ਕੁੱਤਾ ਨਫਰਤ ਨਾਲ ਭੌਂਕਿਆ। ਫਿਰ ਤਰਸ ਭਰੀਆਂ ਅੱਖਾਂ ਨਾਲ ਮਾਲਿਕ ਵੱਲ ਵੇਖਿਆ ਅਤੇ ਦੋ ਵਾਰ ਭੌਂਕਿਆ : "ਭੌਂਅ! ਭੌਂਅ!"

"ਨਹੀਂ, ਮੇਰਾ ਮਾਲਕ ਮੇਰੇ ਦਿਲ ਦੀ ਗੱਲ ਨਹੀਂ ਸਮਝਦਾ," ਉਸਦਾ ਰੁਸਿਆ ਸੁਰ ਕਹਿੰਦਾ ਲੱਗਦਾ ਸੀ।

"ਇਹ ਹੋਈ ਨਾ ਗੱਲ! ਨਮਰਤਾ ਸਭ ਤੋਂ ਵੱਧ ਕੇ ਹੈ। ਚਲੋ ਹੁਣ ਥੋੜਾ ਕੁੱਦੀਏ," ਜ਼ਮੀਨ ਤੋਂ ਥੋੜ੍ਹੀ ਉਪਰ ਚਾਬੁਕ ਵਧਾਉਂਦਾ ਹੋਇਆ ਬੁੱਢਾ ਕਹਿੰਦਾ ਜਾ ਰਿਹਾ ਸੀ। "ਚਲੋ! ਅਰੇ, ਜੀਭ ਕਿਉਂ ਕੱਢਦਾ ਹੈਂ, ਬਈ! ਸ਼ਾਬਾਸ਼! ਇਸ ਤਰ੍ਹਾਂ! ਫਿਰ ਤੋਂ! ਸ਼ਾਬਾਸ਼, ਆਰਤੋ! ਘਰ ਜਾ ਕੇ ਤੈਨੂੰ ਗਾਜਰ ਦੇਵਾਂਗਾ। ਕੀ? ਤੂੰ ਗਾਜਰ ਨਹੀਂ ਖਾਂਦਾ? ਅਰੇ, ਮੈਂ ਭੁੱਲ ਹੀ ਗਿਆ। ਤਾਂ ਲੈ ਮੇਰਾ ਵਿਲਾਇਤੀ ਟੋਪਾ, ਸਾਹਬ ਲੋਕਾਂ ਤੋਂ ਕੁਝ ਮੰਗ ਲੈ। ਸ਼ਾਇਦ ਉਹ ਤੈਨੂੰ ਕੋਈ ਵਧੀਆ ਚੀਜ਼ ਦੇ ਦੇਣ।"

ਬੁੱਢੇ ਨੇ ਕੁੱਤੇ ਨੂੰ ਪਿਛਲੀਆਂ ਲੱਤਾਂ 'ਤੇ ਖੜ੍ਹਾ ਕੀਤਾ ਅਤੇ ਉਸਦੇ ਮੂੰਹ ਵਿਚ ਆਪਣੀ ਗੋਲ, ਚਪਟੀ, ਥਿੰਦੀ-ਮੈਲੀ ਟੋਪੀ ਫੜਾ ਦਿੱਤੀ, ਜਿਸ ਨੂੰ ਉਹ ਮਜ਼ਾਕ ਨਾਲ "ਵਿਲਾਇਤੀ ਟੋਪਾ" ਕਹਿੰਦਾ ਸੀ। ਟੋਪੀ ਮੂੰਹ ਵਿਚ ਫੜੀ ਅਤੇ ਆਪਣੀਆਂ ਮੁੜ-ਮੁੜ ਜਾਂਦੀਆਂ ਲੱਤਾਂ ਨੱਖਰੇ ਨਾਲ ਅੱਗੇ ਵਧਾਉਂਦਾ ਹੋਇਆ ਆਰਤੋ ਵਰਾਂਡੇ ਕੋਲ ਪਹੁੰਚ ਗਿਆ। ਬੀਮਾਰ ਜਿਹੀ ਦਿਖਣ ਵਾਲੀ ਔਰਤ ਦੇ ਹੱਥ ਵਿਚ ਸਿੱਪੀ ਦਾ ਪਰਸ ਪ੍ਰਗਟ ਹੋਇਆ। ਉਸਦੇ ਆਸ-ਪਾਸ ਖੜ੍ਹੇ ਲੋਕ ਹਮਦਰਦੀ ਨਾਲ ਮੁਸਕਰਾ ਰਹੇ ਸਨ।

"ਦੇਖਿਆ? ਕਿਹਾ ਸੀ ਨਾ ਮੈਂ?" ਬਾਬੇ ਨੇ ਸਰਗੇਈ ਵੱਲ ਝੁੱਕ ਕੇ ਉਸਦੇ ਚੂੰਡੀ ਭੋਰੀ। "ਤੂੰ ਮੈਨੂੰ ਪੁੱਛ : ਮੈਂ ਸਭ ਜਾਣਦਾ ਹਾਂ। ਰੂਬਲ ਤੋਂ ਘੱਟ ਨਹੀਂ ਦਵੇਗੀ।"

ਉਸੇ ਪਲ ਵਰਾਂਡੇ ਵਿੱਚ ਅਜਿਹੀ ਤਿੱਖੀ ਚੀਕ ਆਈ ਕਿ ਲੱਗਦਾ ਸੀ ਕਿ ਆਦਮੀ ਤਾਂ ਅਜਿਹੀ ਚੀਖ ਨਹੀਂ ਕੱਢ ਸਕਦਾ। ਆਰਤੋ ਨੇ ਝਿਜਕਦਿਆਂ ਟੋਪੀ ਮੂੰਹ 'ਚੋਂ ਸੁੱਟ ਦਿੱਤੀ ਅਤੇ ਦੁਮ ਦਬਾ ਕੇ, ਡਰੀਆਂ-ਡਰੀਆਂ ਨਜ਼ਰਾਂ ਨਾਲ ਮੁੜ ਕੇ ਦੇਖਦਾ ਹੋਇਆ ਉੱਛਲ ਕੇ ਮਾਲਿਕ ਦੇ ਪੈਰਾਂ ਵਿਚ ਆ ਦੁੱਬਕਿਆ।

"ਕੁੱਤਾ, ਹਾਏ, ਕੁੱਤਾ," ਘੁੰਗਰਾਲੇ ਵਾਲਾਂ ਵਾਲਾ ਮੁੰਡਾ ਪੈਰ ਪਟਕਾਉਂਦਾ ਹੋਇਆ ਲਗਾਤਾਰ ਚਿਲਾ ਰਿਹਾ ਸੀ। "ਮੈਨੂੰ ਦੇ ਦਿਓ, ਹਾਏ, ਦੇ ਦਿਓ! ਤ੍ਰਿਲੀ ਨੂੰ ਕੁੱਤਾ ਦੇ ਦਿਓ! ਹਾਏ-ਹਾਏ-ਹਾਏ!"

"ਹਾਏ ਰੱਬਾ! ਓਹ ਤ੍ਰਿਲੀ! ਛੋਟੇ ਮਾਲਿਕ! .. ਤ੍ਰਿਲੀ, ਚੁੱਪ ਹੋ ਜਾਓ, ਮੈਂ ਹੱਥ ਜੋੜਦੀ ਹਾਂ!" ਫਿਰ ਤੋਂ ਵਰਾਂਡੇ ਵਿਚ ਭੱਜਦੌੜ ਮੱਚ ਗਈ।

"ਕੁੱਤਾ! ਹਾਏ, ਕੁੱਤਾ ਦੇ ਦਿਓ! ਮੋਏ, ਗਧੇ, ਉੱਲੂ!" ਮੁੰਡਾ ਆਪੇ ਤੋਂ ਬਾਹਰ ਹੋ ਰਿਹਾ ਸੀ

"ਓਹ, ਮੇਰੇ ਰਾਜਾ, ਪਰੇਸ਼ਾਨ ਨਾ ਹੋ!" ਅਸਮਾਨੀ ਰੰਗ ਦੇ ਗਾਉਨ ਵਾਲੀ ਔਰਤ ਉਸ ਨੂੰ ਪੁਚਕਾਰਨ ਲੱਗੀ। "ਤੂੰ ਕੁੱਤੇ ਨੂੰ ਸਹਿਲਾਉਣਾ ਚਾਹੁੰਦੇ ਹੋ? ਚੰਗਾ, ਚੰਗਾ, ਮੇਰੇ ਲਾਡਲੇ, ਹੁਣੇ ਲੈ। ਡਾਕਟਰ, ਕੀ ਖਿਆਲ ਹੈ ਤੁਹਾਡਾ, ਤ੍ਰਿਲੀ ਕੁੱਤੇ ਨੂੰ ਸਹਿਲਾ ਸਕਦਾ ਹੈ?"

"ਵੈਸੇ ਤਾਂ ਨਾ ਕਰਨਾ ਹੀ ਚੰਗਾ ਹੈ, ਪਰ ਹਾਂ, ਜੇ ਕੁੱਤੇ ਨੂੰ ਬੋਰਿਕ ਐਸਿਡ ਜਾਂ ਕਾਰਬੋਲਿਕ ਦੇ ਘੋਲ ਨਾਲ ਧੋ ਦਿੱਤਾ ਜਾਵੇ, ਤਾਂ ..."

"ਹਾਏ, ਕੁੱਤਾ-ਆ-ਆ!"

"ਹੁਣੇ, ਮੇਰੇ ਲਾਲ, ਹੁਣੇ। ਸੋ, ਡਾਕਟਰ, ਅਸੀਂ ਉਸਨੂੰ ਬੋਰਿਕ ਐਸਿਡ ਨਾਲ ਧੋਣ ਨੂੰ ਕਹਿ ਦੇਂਦੇ ਹਾਂ ਤੇ ਫਿਰ ... ਓਹ, ਤ੍ਰਿਲੀ, ਘਬਰਾਉ ਨਹੀਂ! ਏ, ਮਦਾਰੀ, ਇਧਰ ਲਿਆਓ ਤਾਂ ਆਪਣੇ ਕੁੱਤੇ ਨੂੰ। ਡਰੋ ਨਹੀਂ, ਅਸੀਂ ਤੁਹਾਨੂੰ ਪੈਸੇ ਦੇਵਾਂਗੇ। ਸੁਣੋ, ਕੁੱਤੇ ਨੂੰ ਕੋਈ ਬਿਮਾਰੀ ਤਾਂ ਨਹੀਂ? ਹਲਕਾਇਆ ਤਾਂ ਨਹੀਂ? ਜਾਂ ਖੁਰਕ ਤਾਂ ਨਹੀਂ ਇਸ ਨੂੰ?"

"ਨਹੀਂ, ਸਹਿਲਾਉਣਾ, ਨਹੀਂ ਮੈਂ ਤਾਂ ਲਵਾਂਗਾ!" ਮੂੰਹ ਅਤੇ ਨੱਕ 'ਚੋਂ ਬੁਲਬੁਲੇ ਛੱਡਦਾ ਹੋਇਆ ਤ੍ਰਿਲੀ ਚਿਲਾਈ ਜਾ ਰਿਹਾ ਸੀ ਮੈਨੂੰ। "ਮੈਨੂੰ ਦੇ ਦਿਓ! ਗਧੇ, ਉੱਲੂ! ਬਿਲਕੁਲ ਮੈਨੂੰ! ਮੈਂ ਆਪਣੇ ਆਪ ਖੇਡਾਂਗਾ! ..."

"ਸੁਣੋ, ਮਦਾਰੀ, ਇਧਰ ਆਓ," ਔਰਤ ਉਸਦੀ ਚੀਕ ਤੋਂ ਵੀ ਜ਼ੋਰ ਨਾਲ ਚੀਕਣ ਦੀ ਕੋਸ਼ਿਸ਼ ਕਰ ਰਹੀ ਸੀ। "ਓਹ, ਤ੍ਰਿਲੀ, ਤੂੰ ਆਪਣੀਆਂ ਚੀਕਾਂ ਨਾਲ ਮਾਂ ਦੀ ਜਾਨ ਲਵੇਂਗਾ! ਕਿਉਂ ਆਉਣ ਦਿੱਤਾ ਇਨ੍ਹਾਂ ਮਦਾਰੀਆਂ ਨੂੰ! ਇਧਰ ਆਓ ਵੀ ਨਾ, ਕੋਲ ਆਓ, ਕਿਹਾ ਨਾ, ਹੋਰ ਕੋਲ! ਇਸ ਤਰ੍ਹਾਂ ... ਓਹ, ਤ੍ਰਿਲੀ, ਇਉਂ ਦੁਖੀ ਨਾ ਹੋ, ਮਾਂ ਤੁਹਾਡੇ ਲਈ ਸਭ ਕੁਝ ਕਰ ਦੇਵੇਗੀ। ਮੰਨ ਜਾਓ। ਮਿਸ, ਆਖਰ ਚੁੱਪ ਵੀ ਕਰਾਓ ਨਾ ਬੱਚੇ ਨੂੰ... ਡਾਕਟਰ, ਪਲੀਜ਼। ਮਦਾਰੀ, ਬੋਲੋ ਕਿੰਨੇ ਪੈਸੇ ਲਉਗੇ?"

ਬਾਬੇ ਨੇ ਟੋਪੀ ਉਤਾਰ ਦਿੱਤੀ। ਉਸਦੇ ਚਿਹਰੇ 'ਤੇ ਆਦਰ-ਸਨਮਾਨ ਅਤੇ ਨਾਲ ਹੀ ਨਿਮਰਤਾ ਦਾ ਭਾਵ ਆ ਗਿਆ।

"ਜੋ ਹਜ਼ੂਰ, ਮਾਈ-ਬਾਪ ਦੀ ਇੱਛਾ ਹੋਵੇ, ਮਾਲਕਿਨ... ਅਸੀਂ ਤਾਂ ਛੋਟੇ ਲੋਕ ਹਾਂ, ਜੋ ਦੇ ਦਿਓਗੇ, ਉਹੀ ਚੰਗਾ ਹੈ ...ਤੁਸੀਂ ਤਾਂ ਖੁਦ ਹੀ ਬੁੱਢੇ ਦਾ ਦਿਲ ਰੱਖੋਗੇ, ਮਾਈ-ਬਾਪ ..."

"ਉਫ਼ੋ, ਕਿਹੋ ਜਿਹੇ ਮੂਰਖ ਹੋ ਤੁਸੀਂ ਵੀ! ਤ੍ਰਿਲੀ, ਤੁਹਾਡਾ ਗਲਾ ਦੁਖਣ ਲੱਗੇਗਾ। ਸਮਝਦੇ ਕਿਉਂ ਨਹੀਂ ਕੁੱਤਾ ਤੇਰਾ ਹੈ, ਮੇਰਾ ਨਹੀਂ। ਬੋਲ ਕਿੰਨੇ ਲਵੇਂਗਾ? ਦਸ? ਪੰਦਰਾਂ? ਵੀਹ?"

"ਹਾਏ-ਹਾਏ-ਹਾਏ! ਦੇ ਦਿਓ ਕੁੱਤਾ, ਮੈਨੂੰ ਕੁੱਤਾ ਦੇ ਦਿਓ!" ਗੋਲ-ਮਟੋਲ ਦਰਬਾਨ ਦੇ ਢਿੱਡ 'ਚ ਪੈਰ ਮਾਰਦਾ ਹੋਇਆ ਮੁੰਡਾ ਚਿਲਾਈ ਜਾ ਰਿਹਾ ਸੀ।

"ਜੀ ... ਹਜ਼ੂਰ, ਉਹ ... ਮਾਫ ਕਰਨਾ," ਬੁੱਢਾ ਹਿਚਕਿਚਾ ਗਿਆ। "ਮੈਂ ਬੁੱਢਾ ਬੇਅਕਲ ਹਾਂ... ਇਕਦਮ ਤਾਂ ਸਮਝ ਵਿਚ ਨਹੀਂ ਆਉਂਦਾ ... ਤੇ ਕੁਝ ਠੀਕ ਤਰ੍ਹਾਂ ਸੁਣਾਈ ਵੀ ਨਹੀਂ ਦਿੰਦਾ ... ਜੀ ਹਜ਼ੂਰ ਨੇ ਕੀ ਕਿਹਾ? ... ਕੁੱਤੇ ਦੇ?"

"ਹੇ ਰੱਬਾ .. ਲੱਗਦਾ ਹੈ ਤੁਸੀਂ ਜਾਣ ਬੁਝ ਕੇ ਬੇਵਕੂਫ ਬਣ ਰਹੇ ਹੋ?" ਔਰਤ ਗੁੱਸੇ 'ਚ ਆ ਗਈ। "ਆਯਾ, ਜਲਦੀ ਪਾਣੀ ਦਿਓ ਤ੍ਰਿਲੀ ਨੂੰ! ਮੈਂ ਤੈਨੂੰ ਸਿੱਧੇ-ਸਿੱਧੇ ਪੁੱਛ ਰਹੀ ਹਾਂ, ਕਿੰਨੇ ਵਿਚ ਵੇਚੋਗੇ ਆਪਣਾ ਕੁੱਤਾ? ਸਮਝੇ ਕਿ ਨਹੀਂ, ਕੁੱਤਾ!"

"ਕੁੱਤਾ-ਆ, ਹਾਏ, ਕੁੱਤਾ-ਆ!" ਮੁੰਡਾ ਪਹਿਲੇ ਤੋਂ ਵੀ ਜ਼ਿਆਦਾ ਜ਼ੋਰ ਨਾਲ ਚਿਲਾਈ ਜਾ ਰਿਹਾ ਸੀ।

ਬੁੱਢਾ ਮਦਾਰੀ ਬੁਰਾ ਮੰਨ ਗਿਆ ਅਤੇ ਉਸਨੇ ਟੋਪੀ ਪਾ ਲਈ।

"ਹਜ਼ੂਰ, ਅਸੀਂ ਕੁੱਤੇ ਨਹੀਂ ਵੇਚਦੇ," ਉਸ ਨੇ ਸਿੱਧਾ-ਸਾਦਾ, ਆਕੜ ਨਾਲ ਕਿਹਾ। "ਤੇ ਇਹ ਕੁੱਤਾ ਸਾਡੇ ਦੋਵਾਂ ਦੀ," ਉਸਨੇ ਅੰਗੂਠੇ ਦੇ ਮੋਢੇ ਪਿੱਛੇ ਸਰਗੇਈ ਵੱਲ ਇਸ਼ਾਰਾ ਕੀਤਾ, "ਰੋਜ਼ੀ-ਰੋਟੀ ਕਮਾਉਂਦਾ ਹੈ ਸੋ ਇਹ ਤਾਂ ਬਿਲਕੁਲ ਨਾਮੁਮਕਿਨ ਹੈ ਇਸ ਨੂੰ ਵੇਚ ਦਈਏ।"

ਉਧਰ ਤ੍ਰਿਲੀ ਇੰਜਨ ਦੀ ਸੀਟੀ ਵਰਗੀ ਤਿੱਖੀ ਆਵਾਜ਼ 'ਚ ਚੀਕੀ ਜਾ ਰਿਹਾ ਸੀ। ਉਸ ਨੂੰ ਗਿਲਾਸ ਵਿੱਚ ਪਾਣੀ ਦਿੱਤਾ ਗਿਆ, ਪਰ ਉਸ ਨੇ ਗੁੱਸੇ 'ਚ ਪਾਣੀ ਮਿਸ ਦੇ ਮੂੰਹ 'ਤੇ ਸੁੱਟ ਦਿੱਤਾ।

"ਓਏ ਸੁਣ ਤਾਂ, ਪਾਗਲ ਕਿਤੋਂ ਦਾ! .. ਅਜਿਹੀ ਕੋਈ ਚੀਜ਼ ਨਹੀਂ ਹੈ, ਜਿਹੜੀ ਵਿਕਦੀ ਨਾ ਹੋਵੇ," ਔਰਤ ਆਪਣੀਆਂ ਕਨਪੱਟੀਆਂ ਨੂੰ ਹਥੇਲੀ ਨਾਲ ਦਬਾਉਂਦੀ ਹੋਈ ਬੋਲੀ ਜਾ ਰਹੀ ਸੀ। "ਮਿਸ, ਜਲਦੀ ਨਾਲ ਮੂੰਹ ਪੂੰਝੋ ਅਤੇ ਮੈਨੂੰ ਮੇਰੀ ਸਿਰਦਰਦ ਦੀ ਗੋਲੀ ਦਿਓ। ਤੇਰਾ ਕੁੱਤਾ ਕੀ ਸੌ ਰੂਬਲ ਦਾ ਹੈ? ਦੋ ਸੌ ਦਾ? ਤਿੰਨ ਸੌ ਦਾ? ਬੋਲ ਵੀ ਨਾ ਕਾਠ ਦੇ ਉੱਲੂ! ਡਾਕਟਰ, ਰੱਬ ਦੇ ਵਾਸਤੇ ਕੁਝ ਕਹੋ ਨਾ ਇਸ ਨੂੰ।"

"ਸਰਗੇਈ, ਚੁੱਕ ਆਪਣਾ ਸਮਾਨ," ਬੁੱਢੇ ਮਦਾਰੀ ਨੇ ਬੁੜਬੁੜਾਂਦਿਆਂ ਕਿਹਾ। "ਕਾਠ ਦਾ ਉੱਲੂ ... ਆਰਤੋ, ਚਲ ਇਧਰ!"

"ਏ, ਮਦਾਰੀ, ਰੁਕ," ਸੁਨਹਿਰੇ ਚਸ਼ਮੇ ਵਾਲੀ ਸਾਹਬ ਨੇ ਰੋਹਬ ਨਾਲ ਕਿਹਾ। "ਤੂੰ ਜ਼ਿਆਦਾ ਨਾ ਬਣ, ਸਮਝਿਆ? ਤੇਰਾ ਕੁੱਤਾ ਦਸ ਰੂਬਲ ਤੋਂ ਜ਼ਿਆਦਾ ਦਾ ਨਹੀਂ ਹੈ, ਗਧੇ, ਸੋਚ ਤਾਂ, ਤੈਨੂੰ ਕਿੰਨੇ ਪੈਸੇ ਮਿਲ ਰਹੇ ਹਨ!"

"ਬਹੁਤ-ਬਹੁਤ ਸ਼ੁਕਰੀਆ, ਹਜ਼ੂਰ ਮਾਈ ਬਾਪ ਦਾ, ਪਰ ..." ਬੁੱਢੇ ਨੇ ਹੂੰਘਦਿਆਂ ਪਟਾਰੀ ਪਿੱਠ ਉੱਤੇ ਚੜ੍ਹਾ ਲਈ। "ਪਰ ਇਹ ਕੋਈ ਗੱਲ ਨਹੀਂ ਕਿ ਵੇਚ ਦਈਏ। ਤੁਸੀਂ ਕਿਤਿਓਂ ਹੋਰ ਕੁੱਤਾ ਲੱਭ ਲਓ ...ਮੌਜ ਨਾਲ ਰਹੋ ...ਸਰਗੇਈ, ਚੱਲ ਅੱਗੇ!"

"ਪਾਸਪੋਰਟ ਹੈ ਤੇਰੇ ਕੋਲ?" ਅਚਾਨਕ ਡਾਕਟਰ ਨੇ ਚੀਕ ਕੇ ਧਮਕੀ ਦਿੱਤੀ। "ਜਾਣਦਾ ਹਾਂ ਮੈਂ ਤੁਹਾਨੂੰ ਹਰਾਮਜਾਦਿਆਂ ਨੂੰ!"

"ਜਮਾਂਦਾਰ! ਸੈਮਿਓਨ! ਭਜਾਓ ਇਹਨਾਂ ਨੂੰ!" ਗੁੱਸੇ ਨਾਲ ਲਾਲ-ਪੀਲੀ ਹੁੰਦੀ ਔਰਤ ਚੀਕੀ।

ਗੁਲਾਬੀ ਕਮੀਜ਼ ਪਾਈ ਮਨਹੂਸ ਜਮਾਂਦਾਰ ਡਰਾਉਣੀ ਸ਼ਕਲ ਬਣਾਉਂਦਾ ਮਦਾਰੀ ਕੋਲ

ਆਇਆ। ਵਰਾਂਡੇ ਵਿਚ ਹੰਗਾਮਾ ਮੱਚ ਗਿਆ : ਤ੍ਰਿਲੀ ਗਲਾ ਪਾੜ-ਪਾੜ ਕੇ ਚੀਕ ਰਿਹਾ ਸੀ, ਉਸਦੀ ਮਾਂ ਕਰਾਹ ਰਹੀ ਸੀ, ਆਯਾ ਅਤੇ ਛੋਟੀ ਆਯਾ ਜਲਦੀ-ਜਲਦੀ ਬੋਲ ਰਹੀਆਂ ਸਨ, ਕ੍ਰੋਧੀ ਭੂੰਡ ਵਾਂਗ ਨੀਵੀਂ ਅਵਾਜ਼ ਵਿੱਚ ਡਾਕਟਰ ਭਿੰਨਭਿੰਨਾ ਰਿਹਾ ਸੀ। ਪਰ ਬਾਬਾ ਅਤੇ ਸਰਗੇਈ ਨੂੰ ਇਹ ਦੇਖਣ ਦੀ ਫੁਰਸਤ ਨਹੀਂ ਸੀ ਕਿ ਇਹਨਾਂ ਸਭ ਦਾ ਅੰਤ ਕੀ ਹੋਵੇਗਾ। ਅੱਗੇ-ਅੱਗੇ ਬੜਾ ਡਰ ਗਿਆ ਆਰਤੋ ਅਤੇ ਉਸਦੇ ਪਿੱਛੇ ਦੌੜਦੇ ਬਾਬਾ ਅਤੇ ਸਰਗੇਈ ਫਾਟਕ ਵੱਲ ਵੱਧ ਰਹੇ ਸਨ। ਉਹਨਾਂ ਦੇ ਪਿੱਛੇ ਜਮਾਂਦਾਰ ਜਾ ਰਿਹਾ ਸੀ, ਬਾਬੇ ਦੀ ਪਟਾਰੀ 'ਤੇ ਧੱਕਾ ਦੇ ਰਿਹਾ ਸੀ ਤੇ ਧਮਕੀਆਂ ਦੇ ਰਿਹਾ ਸੀ :

" ਘੁੰਮਦੇ-ਫਿਰਦੇ ਹਨ, ਅਵਾਰਾ ਕਿਸੇ ਥਾਂ ਦੇ! ਸ਼ੁਕਰ ਮਨਾ ਬੁੱਢੇ ਦੇ ਚਪੇੜ ਨਹੀਂ ਪੈ ਗਈ। ਫਿਰ ਆਵੇਂਗਾ, ਤਾਂ ਕੋਈ ਲਿਹਾਜ਼ ਨਹੀਂ ਕਰਾਂਗਾ, ਸ਼ਿਕਾਇਤ ਕਰ ਦੇਵਾਂਗਾ ਤੇ ਹਵਲਦਾਰ ਕੋਲ ਘਸੀਟ ਕੇ ਲੈ ਜਾਵਾਂਗਾ। ਹਰਾਮਖੋਰ!"

ਬੜੀ ਦੇਰ ਤੱਕ ਬੁੱਢਾ ਅਤੇ ਮੁੰਡਾ ਚੁੱਪ-ਚਾਪ ਤੁਰਦੇ ਰਹੇ, ਫਿਰ ਅਚਾਨਕ, ਜਿਵੇਂ ਕਿ ਇੱਕ ਫੈਸਲੇ ਨਾਲ, ਇਹਨਾਂ ਦੋਨਾਂ ਨੇ ਇੱਕ ਦੂਸਰੇ ਵੱਲ ਵੇਖਿਆ ਤੇ ਹੱਸ ਪਏ : ਪਹਿਲਾਂ ਸਰਗੇਈ ਖਿੜਖਿੜਾ ਕੇ ਹੱਸਿਆ ਤੇ ਫਿਰ ਉਸ ਨੂੰ ਵੇਖਦੇ ਕੁਝ ਝਿਜਕ ਨਾਲ ਮਦਾਰੀ ਵੀ ਮੁਸਕਰਾਇਆ।

"ਕਿਉਂ ਬਾਬੇ? ਤੈਨੂੰ ਸਭ ਪਤਾ ਹੈ?" ਸਰਗੇਈ ਨੇ ਚੁਟਕੀ ਮਾਰੀ।

"ਹਾਂ, ਭਰਾਵਾ। ਅੱਜ ਤਾਂ ਅਸੀਂ ਧੋਖਾ ਖਾ ਗਏ," ਬੁੱਢੇ ਮਦਾਰੀ ਨੇ ਸਿਰ ਹਿਲਾਇਆ। "ਕਿਹੋ ਜਿਹਾ ਕੰਬਖਤ ਮੁੰਡਾ ਹੈ! .. ਕਿਵੇਂ ਇਸ ਨੂੰ ਇੰਝ ਪਾਲਿਆ ਹੈ? ਜ਼ਰਾ ਦੇਖੋ ਤਾਂ : ਪੱਚੀ ਲੋਕ ਇਸਦੇ ਆਲੇ-ਦੁਆਲੇ ਨੱਚ ਰਹੇ ਹਨ। ਜੇ ਮੇਰਾ ਵੱਸ ਚੱਲੇ, ਤਾਂ ਮੈਂ ਇਸ ਨੂੰ ਸਿੱਧਾ ਕਰ ਦੇਵਾਂ। ਕਹਿੰਦਾ ਹੈ ਕੁੱਤਾ ਦੇ ਦਿਓ! ਕੀ ਕਹਿਣਾ ਹੈ! ਕੱਲ ਨੂੰ ਕਹੇਗਾ ਅਸਮਾਨ ਤੋਂ ਚੰਨ ਲਿਆ ਦੇ, ਤਾਂ ਕੀ ਚੰਨ ਲਿਆ ਦਿਓਗੇ? ਇਧਰ ਆ ਆਰਤੋ, ਮੇਰੇ ਕੁੱਤੇ! ਕਿਹੋ ਜਿਹਾ ਦਿਨ ਚੜ੍ਹਿਆ ਹੈ ਅੱਜ! ਪੁੱਛੋ ਨਾ!"

"ਹਾਂ, ਕਿੰਨਾ ਵਧੀਆ ਦਿਨ ਹੈ!" ਸਰਗੇਈ ਬਾਬੇ ਦਾ ਮਜ਼ਾਕ ਉਡਾਉਂਦਾ ਜਾ ਰਿਹਾ ਸੀ। "ਇੱਕ ਮੇਮ ਸਾਹਿਬ ਨੇ ਕੱਪੜੇ ਦਿੱਤੇ, ਦੂਸਰੀ ਨੇ ਪੂਰਾ ਰੂਬਲ ਦੇ ਦਿੱਤਾ। ਹਾਂ, ਬਾਬੇ, ਤੂੰ ਤਾਂ ਸਭ ਕੁਝ ਜਾਣਦਾ ਹੈਂ।"

"ਤੂੰ ਚੁੱਪ ਰਹਿ, ਛੁੱਟਕੂ," ਬੁੱਢੇ ਨੇ ਵੀ ਮਜ਼ਾਕ ਵਿੱਚ ਜਵਾਬ ਦਿੱਤਾ। "ਜਮਾਂਦਾਰ ਤੋਂ ਡਰ ਕੇ ਕਿਵੇਂ ਭੱਜਿਆ ਸੀ, ਯਾਦ ਹੈ? ਮੈਂ ਤਾਂ ਸੋਚ ਰਿਹਾ ਸੀ ਕਿ ਤੇਰੇ ਨਾਲ ਚੱਲ ਹੀ ਨਹੀਂ ਪਾਵਾਂਗਾ। ਬੜਾ ਗੁਸੈਲ ਹੈ ਇਹ ਜਮਾਂਦਾਰ।"

ਪਾਰਕ ਤੋਂ ਬਾਹਰ ਆ ਕੇ ਮਦਾਰੀ ਅਤੇ ਉਸਦੇ ਸਾਥੀ ਤਿੱਖੀ ਢਲਾਣ ਵਾਲੀ ਰੋੜੀਦਾਰ ਪਗਡੰਡੀ 'ਤੋਂ ਹੇਠਾਂ ਸਮੁੰਦਰ ਵੱਲ ਉਤਰ ਗਏ। ਜਿੱਥੇ ਪਹਾੜੀਆਂ ਨੇ ਥੋੜ੍ਹੀ ਪਿੱਛੇ ਹੱਟ ਕੇ ਇਕ ਛੋਟੇ ਜਿਹੇ ਮੈਦਾਨ ਲਈ ਜਗ੍ਹਾ ਬਣਾ ਦਿੱਤੀ ਸੀ। ਮੈਦਾਨ ਜਵਾਰ ਨਾਲ ਘਸੇ ਪੱਥਰਾਂ ਨਾਲ ਭਰਿਆ ਪਿਆ ਸੀ। ਹੁਣ ਇੱਥੇ ਸਮੁੰਦਰ ਦੀਆਂ ਲਹਿਰਾਂ ਦੀ ਹਲਕੀ ਛਪ-ਛਪ ਹੋ ਰਹੀ ਸੀ। ਕਿਨਾਰੇ ਤੋਂ ਕੋਈ ਦੋ ਫਰਲਾਂਗ ਦੂਰ ਸਮੁੰਦਰੀ ਸੂਰ ਪਾਣੀ ਵਿੱਚ ਕਲਾਬਾਜ਼ੀਆਂ ਖਾ ਰਹੀਆਂ ਸਨ, ਪਲ ਕੁ ਲਈ ਉਸਦੀ ਗੋਲ, ਮੋਟੀ ਪਿੱਠ ਨਜ਼ਰ ਆ ਜਾਂਦੀ। ਦੂਰ ਖਿਤਿਜ ਦੇ ਕੋਲ ਜਿੱਥੇ ਸਮੁੰਦਰ ਦੀ

ਅਸਮਾਨੀ ਰੇਸ਼ਮੀ ਚਾਦਰ 'ਤੇ ਗਹਿਰੀ ਨੀਲੀ ਮਖਮਲੀ ਕਿਨਾਰੀ ਲੱਗੀ ਦਿਖਦੀ ਸੀ, ਧੁੱਪ ਵਿੱਚ ਮਛੇਰਿਆਂ ਦੀਆਂ ਕਿਸ਼ਤੀਆਂ ਦੇ ਹਲਕੇ ਗੁਲਾਬੀ ਜਿਹੀਆਂ ਪਾਲਾਂ ਨਿਸ਼ਚਲ ਖੜ੍ਹੀਆਂ ਸਨ।

"ਬਾਬੇ, ਇੱਥੇ ਹੀ ਨਹਾਵਾਂਗੇ," ਸਰਗੇਈ ਨੇ ਕਿਹਾ। ਉਸਨੇ ਚਲਦੇ-ਚੱਲਦੇ ਹੀ, ਕਦੀ ਇੱਕ ਪੈਰ ਅਤੇ ਕਦੀ ਦੂਸਰੇ ਪੈਰ 'ਤੇ ਉਛਲਦੇ ਹੋਏ ਪਤਲੂਨ ਉਤਾਰ ਲਈ ਸੀ। "ਲਿਆਓ, ਵਾਜਾ ਉਤਰਵਾ ਦੇਵਾਂ।" ਉਸਨੇ ਜਲਦੀ ਨਾਲ ਕੱਪੜੇ ਲਾਹੇ, ਆਪਣੇ ਨੰਗੇ, ਧੁੱਪ ਨਾਲ ਸਉਲੇ ਹੋਏ ਬਦਨ 'ਤੇ ਥਾਪੜਿਆ ਅਤੇ ਪਾਣੀ ਵਿੱਚ ਛਾਲ ਮਾਰ ਦਿੱਤੀ। ਉਸ ਦੇ ਚਾਰੇ ਪਾਸੇ ਝੱਗ ਉੱਠਣ ਲੱਗੀ।

ਬਾਬਾ ਅਰਾਮ ਨਾਲ ਕੱਪੜੇ ਉਤਾਰ ਰਿਹਾ ਸੀ। ਮੱਥੇ 'ਤੇ ਹੱਥ ਰੱਖ ਕੇ ਅੱਖਾਂ ਧੁੱਪ ਤੋਂ ਬਚਾਉਂਦਿਆਂ ਤੇ ਘੁੱਟਦਿਆਂ, ਉਹ ਪਿਆਰ ਭਰੀ ਮੁਸਕਾਨ ਨਾਲ ਸਰਗੇਈ ਨੂੰ ਵੇਖ ਰਿਹਾ ਸੀ।

"ਮੁੰਡਾ ਚੰਗਾ ਬਣ ਰਿਹਾ ਹੈ," ਬੁੱਢਾ ਮਦਾਰੀ ਸੋਚ ਰਿਹਾ ਸੀ। "ਹੈ ਤਾਂ ਸੁਕੜੂ- ਸਾਰੀਆਂ ਪਸਲੀਆਂ ਦਿਖ ਰਹੀਆਂ ਹਨ, ਪਰ ਕਾਠੀ ਮਜ਼ਬੂਤ ਹੋਵੇਗੀ। "

"ਓਏ, ਸਰਗੇਈ! ਜ਼ਿਆਦਾ ਦੂਰ ਨਾ ਜਾਵੀਂ, ਨਹੀਂ ਤਾਂ ਸਮੁੰਦਰੀ ਸੂਰ ਖਿੱਚ ਕੇ ਲੈ ਜਾਣਗੇ।"

"ਮੈਂ ਉਸਦੀ ਪੂਛ ਕੁਚਲ ਦੇਵਾਂਗਾ!" ਸਰਗੇਈ ਦੂਰੋਂ ਚਿਲਾਇਆ।

ਬਾਬਾ ਕਾਫੀ ਦੇਰ ਤੱਕ ਧੁੱਪ 'ਚ ਖੜ੍ਹਾ ਰਿਹਾ, ਆਪਣੀਆਂ ਕੱਛਾਂ ਘੁੱਟਦਾ ਰਿਹਾ। ਬੜੀ ਸਾਵਧਾਨੀ ਨਾਲ ਉਹ ਪਾਣੀ 'ਚ ਵੜਿਆ ਤੇ ਦੁਬਕੀ ਲਗਾਉਣ ਤੋਂ ਪਹਿਲਾਂ ਆਪਣੀ ਗੰਜੀ ਲਾਲ ਟਿੰਡ ਅਤੇ ਅੰਦਰ ਨੂੰ ਧੱਸੀਆਂ ਕੱਛਾਂ ਗਿੱਲੀਆਂ ਕੀਤੀਆਂ। ਉਸਦਾ ਸਰੀਰ ਪੀਲਾ, ਢਿਲਕੂ ਅਤੇ ਕਮਜ਼ੋਰ ਸੀ, ਲੱਤਾਂ ਬਹੁਤ ਪਤਲੀਆਂ ਸਨ, ਮੌਰਾਂ ਦੀਆਂ ਹੱਡੀਆਂ ਉਭਰੀਆਂ ਹੋਈਆਂ ਸਨ ਤੇ ਸਾਲਾਂ-ਸਾਲ ਪਟਾਰੀ ਢੋਣ ਨਾਲ ਪਿੱਠ ਕੁੱਬੀ ਹੋ ਗਈ ਸੀ।

"ਬਾਬੇ, ਬਾਬੇ, ਦੇਖ!" ਸਰਗੇਈ ਚੀਕਿਆ।

ਉਸਨੇ ਸਿਰ ਉਪਰੋਂ ਲੱਤਾਂ ਕੱਢ ਕੇ ਪਾਣੀ ਵਿੱਚ ਕਲਾ-ਬਾਜ਼ੀਆਂ ਲਗਾਈਆਂ।

ਬਾਬਾ ਲੱਕ ਤੱਕ ਪਾਣੀ ਵਿਚ ਵੜ ਗਿਆ ਸੀ ਅਤੇ ਮਜ਼ੇ ਨਾਲ ਹੌਂਕਦਾ ਹੋਇਆ ਉੱਠ-ਬੈਠ ਰਿਹਾ ਸੀ। ਉਹ ਚਿੰਤਤ ਅਵਾਜ਼ ਵਿੱਚ ਚੀਕਿਆ :

"ਓਏ, ਓਏ, ਸ਼ੈਤਾਨੀ ਨਾ ਕਰ। ਦੇਖ, ਤੇਰੀ ਖਬਰ ਲਵਾਂਗਾ!"

ਆਰਤੋ ਕਿਨਾਰੇ 'ਤੇ ਦੌੜਦਾ ਹੋਇਆ ਉੱਚੀ-ਉੱਚੀ ਭੌਂਕ ਰਿਹਾ ਸੀ। ਉਹ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਮੁੰਡਾ ਏਨੀ ਦੂਰ ਨਿਕਲ ਗਿਆ ਸੀ। "ਕਿਓਂ ਬਹਾਦਰੀ ਦਿਖਾਉਂਦਾ ਹੈਂ?" ਕੁੱਤਾ ਘਬਰਾ ਰਿਹਾ ਹੈ। ਜ਼ਮੀਨ ਤਾਂ ਹੈ, ਚਲੋ ਇਥੇ। ਕੋਈ ਪਰੇਸ਼ਾਨੀ ਨਾ ਹੋਵੇ।"

ਉਹ ਆਪ ਵੀ ਪੇਟ ਤੱਕ ਪਾਣੀ ਵਿੱਚ ਵੜਿਆ ਸੀ ਅਤੇ ਦੋ-ਤਿੰਨ ਵਾਰ ਉਸਨੂੰ ਜੀਭ ਨਾਲ ਚੱਟਿਆ ਸੀ। ਪਰ ਖਾਰਾ ਪਾਣੀ ਉਸਨੂੰ ਚੰਗਾ ਨਾ ਲੱਗਿਆ। ਕਿਨਾਰੇ ਦੀ ਰੋੜੀ ਤੇ ਸਰਸਰਾਂਦੀਆਂ ਲਹਿਰਾਂ ਤੋਂ ਉਸਨੂੰ ਡਰ ਲੱਗਦਾ ਸੀ। ਉਹ ਤੱਟ 'ਤੇ ਨਿਕਲ ਆਇਆ ਅਤੇ ਫਿਰ ਤੋਂ ਸਰਗੇਈ 'ਤੇ ਭੌਂਕਣ ਲੱਗਾ। "ਕੀ ਇਹ ਬੇਹੂਦਾ ਹਰਕਤਾਂ ਕਰ ਰਿਹਾ ਹੈਂ? ਇਥੇ ਕਿਨਾਰੇ 'ਤੇ ਹੀ ਬੁੱਢੇ ਨਾਲ ਬੈਠਾ ਰਹਿੰਦਾ। ਉਫ, ਕਿੰਨਾ ਪਰੇਸ਼ਾਨ ਕਰਦਾ ਹੈ ਇਹ ਮੁੰਡਾ!"

"ਓਏ, ਸਰਗੇਈ, ਚੱਲ ਹੁਣ ਬਾਹਰ ਨਿਕਲ, ਬਹੁਤ ਹੋ ਗਿਆ," ਬੁੱਢੇ ਨੇ ਆਵਾਜ਼ ਦਿੱਤੀ।

“ਹੁਣੇ ਆਇਆ, ਬਾਬੇ। ਦੇਖੋ ਇੰਜਨ ਆ ਰਿਹਾ ਹੈ। ਛੁਕ-ਛੁਕ-ਛੁਕ!”

ਅਖੀਰ ਉਹ ਤੱਟ ’ਤੇ ਆ ਗਿਆ, ਪਰ ਕੱਪੜੇ ਪਾਉਣ ਤੋਂ ਪਹਿਲਾਂ ਉਸਨੇ ਆਰਤੋ ਨੂੰ ਚੁੱਕਿਆ ਅਤੇ ਉਸ ਨਾਲ ਸਮੁੰਦਰ ਵਿੱਚ ਮੁੜ ਗਿਆ ਮੁੜ ਕੇ ਉਸ ਨੂੰ ਦੂਰ ਸੁੱਟ ਦਿੱਤਾ। ਕੁੱਤਾ ਤੁਰੰਤ ਹੀ ਵਾਪਸ ਤੈਰਨ ਲੱਗ ਪਿਆ। ਉਸਦੀ ਥੁਥਨੀ ਹੋਰ ਉਪਰ ਉਠ ਗਈ, ਕੰਨ ਵੀ ਬਸ ਪਾਣੀ ਦੇ ਬਾਹਰ ਸਨ। ਉਹ ਜ਼ੋਰ-ਜ਼ੋਰ ਦੀ ਅਤੇ ਨਰਾਜ਼ ਜਿਹਾ ਫੁੰਕਾਰ ਰਿਹਾ ਸੀ। ਬਾਹਰ ਆ ਕੇ ਉਸਨੇ ਸਾਰਾ ਬਦਨ ਝਾੜਿਆ, ਬੁੱਢੇ ਅਤੇ ਸਰਗੇਈ ’ਤੇ ਢੇਰ ਸਾਰੀਆਂ ਛਿੱਟਾਂ ਪਾਈਆਂ।

“ਓਏ ਸਰਗੇਈ, ਵੇਖ ਤਾਂ, ਉਹ ਫਿਰ ਸਾਡੇ ਵੱਲ ਆ ਰਿਹਾ ਹੈ?” ਬੁੱਢੇ ਨੇ ਗਹੁ ਨਾਲ ਉਪਰ ਪਹਾੜੀ ਵੱਲ ਵੇਖਦਿਆਂ ਹੋਇਆਂ ਕਿਹਾ।

ਕਾਲੇ ਗੋਲਿਆਂ ਵਾਲੀ ਗੁਲਾਬੀ ਕਮੀਜ਼ ਪਾਈ ਉਹੀ ਮਨਹੂਸ ਜਮਾਂਦਾਰ, ਜਿਸਨੇ ਪੰਦਰਾਂ ਮਿੰਟ ਪਹਿਲਾਂ ਉਹਨਾਂ ਨੂੰ ਕਲੋਨੀ ’ਚੋਂ ਭਜਾਇਆ ਸੀ, ਜੋ ਉੱਚੀ-ਉੱਚੀ ਚੀਕਦਾ ਹੋਇਆ ਹੱਥ ਹਿਲਾਉਂਦਾ ਪਗਡੰਡੀ ’ਤੇ ਹੇਠਾਂ ਉਤਰ ਰਿਹਾ ਸੀ।

“ਕੀ ਚਾਹੀਦਾ ਹੈ ਇਸ ਨੂੰ?” ਹੈਰਾਨ-ਪਰੇਸ਼ਾਨ ਬਾਬੇ ਨੇ ਪੁੱਛਿਆ।

## 4.

ਭਾਰੀ-ਭਰਕਮ ਜਮਾਂਦਾਰ ਬੇਡੌਲ ਜਿਹਾ ਹੇਠਾਂ ਦੌੜਦਾ ਆ ਰਿਹਾ ਸੀ ਅਤੇ ਚੀਕੀ ਜਾ ਰਿਹਾ ਸੀ। ਉਸ ਦੀ ਕਮੀਜ਼ ਦੀਆਂ ਬਾਹਵਾਂ ਹਵਾ ਵਿੱਚ ਲਹਿਰਾ ਰਹੀਆਂ ਸਨ ਅਤੇ ਦਾਮਨ ਬਾਦਬਾਂ ਵਾਂਗ ਫੁੱਲ ਗਿਆ ਸੀ।

“ਅਰੇ, ਓਏ! .. ਠਹਿਰ ਤਾਂ!”

“ਤੇਰਾ ਸੱਤਿਆਨਾਸ ਹੋਵੇ,” ਮਦਾਰੀ ਗੁੱਸੇ ਨਾਲ ਬੁੜਬੁੜਾਇਆ। “ਫਿਰ ਆਰਤੋ ਦੇ ਪਿੱਛੇ ਆਇਆ ਹੈ।”

“ਚਲ, ਬਾਬੇ, ਇਸਦੀ ਖਬਰ ਲੈਂਦੇ ਹਾਂ!” ਸਰਗੇਈ ਨੇ ਬੜੀ ਬਹਾਦਰੀ ਨਾਲ ਕਿਹਾ।

“ਜਾ, ਪਿੱਛਾ ਛੱਡ ... ਉਫ਼, ਕੀ ਲੋਕ ਹਨ। ਹੈ ਰੱਬਾ!”

“ਓਏ, ਸੁਣੋ ਤੁਸੀਂ ...” ਹੱਫ਼ਦਾ ਹੋਇਆ ਜਮਾਂਦਾਰ ਦੂਰੋਂ ਹੀ ਬੋਲਣ ਲੱਗਾ। “ਵੇਚ ਦਿਓ ਨਾ ਕੁੱਤੇ ਨੂੰ। ਛੋਟਾ ਮਾਲਿਕ ਵੱਸ ’ਚ ਹੀ ਨਹੀਂ ਆਉਂਦਾ। ਰੋਈ ਜਾ ਰਿਹਾ ਹੈ। ‘ਕੁੱਤਾ ਲਿਆ ਦਿਓ, ਕੁੱਤਾ ਲਿਆ ਦਿਓ ... ’ ਮਾਲਕਣ ਨੇ ਕਿਹਾ ਹੈ, ਜਿੰਨੇ ’ਚ ਵੀ ਦੇਣ, ਲੈ ਆ।”

“ਬੜੀ ਬੇਵਕੂਫ ਹੈ ਤੇਰੀ ਮਾਲਕਣ ਵੀ,” ਬੁੱਢਾ ਅਚਾਨਕ ਗੁੱਸੇ ’ਚ ਆ ਗਿਆ। ਇੱਥੇ ਸਮੁੰਦਰ ਤੱਟ ’ਤੇ ਉਸਨੂੰ ਅਜਿਹਾ ਕੋਈ ਡਰ ਨਹੀਂ ਸੀ, ਉਹ ਕਿਸੇ ਹੋਰ ਘਰ ’ਚ ਤਾਂ ਸੀ ਨਹੀਂ। “ਤੇ ਫਿਰ ਉਹ ਮੇਰੀ ਮਾਲਕਣ ਕਾਹਦੀ? ਮਾਲਕਣ ਹੋਵੇਗੀ ਤੇਰੀ, ਮੇਰੇ ਠੇਂਗੇ ਨਾਲ ... ਮੈਂ ਤੈਨੂੰ ਹੱਥ ਜੋੜਦਾ ਹਾਂ, ਜਾ ਤੂੰ ਇਥੋਂ, ਰੱਬ ਦੇ ਵਾਸਤੇ ... ਸਾਡਾ ਖਹਿੜਾ ਛੱਡ।”

ਪਰ ਜਮਾਂਦਾਰ ਮੰਨ ਨਹੀਂ ਰਿਹਾ ਸੀ। ਉਹ ਬੁੱਢੇ ਕੋਲ ਪੱਥਰਾਂ ’ਤੇ ਬੈਠ ਗਿਆ ਤੇ ਆਪਣੇ ਅੱਗੇ ਭੱਦੀਆਂ ਜਿਹੀਆਂ ਉਗਲਾਂ ਨਚਾਉਂਦੇ ਕਹਿਣ ਲੱਗਾ :

"ਸਮਝਦਾ ਕਿਉਂ ਨਹੀਂ, ਬੇਵਕੂਫ ..."

"ਬੇਵਕੂਫ ਹੋਵੇਂਗਾ ਤੂੰ," ਬੁੱਢੇ ਨੇ ਪਟਕ ਕੇ ਜਵਾਬ ਦਿੱਤਾ।

"ਉਫ਼ੋ, ਠਹਿਰ ਜਾ ... ਇਹ ਗੱਲ ਨਹੀਂ ... ਕਿਹੋ ਜਿਹਾ ਅੜੀਅਲ ਟੱਟੂ ਹੈਂ ਤੂੰ ... ਜ਼ਰਾ ਸੋਚ ਤਾਂ : ਕੀ ਹੈ ਇਹ ਕੁੱਤਾ? ਕਿਤਿਓਂ ਹੋਰ ਕਤੂਰਾ ਲੱਭ ਲਿਆ, ਦੋ ਲੱਤਾਂ 'ਤੇ ਖੜ੍ਹਾ ਹੋਣਾ ਸਿਖਾ ਦੇ, ਬਸ ਫਿਰ ਤੋਂ ਕੁੱਤਾ ਤਿਆਰ। ਠੀਕ ਹੈ ਕਿ ਨਹੀਂ? ਹੈਂਅ?"

ਬਾਬਾ ਬੜੇ ਧਿਆਨ ਨਾਲ ਪਤਲੂਨ ਦੀ ਪੇਟੀ ਬੰਨ੍ਹ ਰਿਹਾ ਸੀ। ਜਮਾਂਦਾਰ ਦੇ ਹੱਠੀ ਸਵਾਲਾਂ ਦਾ ਉਸਨੇ ਬੜੀ ਬੇਫਿਕਰੀ ਨਾਲ ਜਵਾਬ ਦਿੱਤਾ :

"ਬਕੀ ਜਾ, ਬਕੀ ਜਾ ... ਮੈਂ ਇੱਕ ਵਾਰ 'ਚ ਹੀ ਤੇਰੀਆਂ ਗੱਲਾਂ ਦਾ ਜਵਾਬ ਦੇ ਦੇਵਾਂਗਾ।"

"ਇੱਥੇ, ਭਰਾ ਮੇਰੇ, ਤੈਨੂੰ ਇਕਦਮ ਮੋਟੀ ਰਕਮ ਮਿਲ ਰਹੀ ਹੈ," ਜਮਾਂਦਾਰ ਜੋਸ਼ ਵਿੱਚ ਆ ਰਿਹਾ ਸੀ। "ਦੋ ਸੌ, ਨਹੀਂ ਤਾਂ ਪੂਰੇ ਤਿੰਨ ਸੌ ਹੀ! ਹਾਂ, ਕੁਝ ਹਿੱਸਾ ਮੇਰਾ ਵੀ — ਏਨੀ ਮਗਜਮਾਰੀ ਕਰ ਰਿਹਾ ਹਾਂ ਤੇਰੇ ਨਾਲ ... ਜ਼ਰਾ ਸੋਚ ਤਾਂ : ਤਿੰਨ ਸੌ ਰੂਬਲ! ਓਏ ਏਨੀ ਰਕਮ ਨਾਲ ਤਾਂ ਤੂੰ ਦੁਕਾਨ ਖੋਲ੍ਹ ਲਵੇਂਗਾ।"

ਇਉ ਬੋਲਦਿਆਂ ਜਮਾਂਦਾਰ ਨੇ ਜੇਬ ਵਿਚੋਂ ਸਲਾਮੀ ਦਾ ਇੱਕ ਟੁਕੜਾ ਕੱਢਿਆ ਅਤੇ ਕੁੱਤੇ ਵੱਲ ਸੁੱਟਿਆ। ਆਰਤੋ ਹਵਾ ਵਿਚ ਹੀ ਉਸ ਨੂੰ ਫੜ ਇੱਕੋ ਵਾਰੀ 'ਚ ਨਿਗਲ ਗਿਆ ਅਤੇ ਪੂਛ ਹਿਲਾਉਣ ਲੱਗਾ

"ਕਹਿ ਲਿਆ ਜੋ ਕਹਿਣਾ ਸੀ?" ਬਾਬੇ ਨੇ ਪੁੱਛਿਆ।

"ਕਹਿਣ ਨੂੰ ਹੈ ਹੀ ਕੀ। ਕੁੱਤਾ ਦੇ ਦੇ ਤੇ ਸੌਦਾ ਤੈਅ!"

" ਅੱਛਾ-ਆ, ਜੀ," ਬਾਬੇ ਨੇ ਵਿਅੰਗ ਨਾਲ ਕਿਹਾ। "ਤਾਂ ਕੁੱਤੇ ਨੂੰ ਵੇਚ ਦਈਏ?"

" ਸਾਫ ਗੱਲ ਹੈ, ਵੇਚ ਦੇ। ਹੋਰ ਕੀ ਚਾਹੀਦਾ ਤੈਨੂੰ? ਸਭ ਤੋਂ ਵੱਡੀ ਗੱਲ ਤਾਂ ਸਾਡਾ ਛੋਟਾ ਮਾਲਕ ਅਜਿਹਾ ਢੀਠ ਹੈ। ਕੁਝ ਦਿਲ ਵਿੱਚ ਆ ਜਾਵੇ — ਬਸ ਸਾਰਾ ਘਰ ਸਿਰ ਉੱਤੇ ਚੁੱਕ ਲੈਂਦਾ ਹੈ। ਦੇ ਦਿਓ, ਦੇ ਦਿਓ — ਹੋਰ ਕੋਈ ਗੱਲ ਨਹੀਂ। ਬਾਪ ਦੇ ਬਿਨਾਂ ਇਹ ਹਾਲ ਹੈ ... ਬਾਪ ਘਰ ਵਿੱਚ ਹੋਵੇ ਤਾਂ ....ਹੇ ਰੱਬਾ! .. ਮਾਲਕ ਸਾਡਾ ਇੰਜੀਨੀਅਰ ਹੈ, ਸੁਣਿਆ ਹੋਵੇਗਾ, ਅਬਾਲਿਯਾਨਿਨਵ ਸਾਹਿਬ? ਸਾਰੇ ਰੂਸ ਵਿੱਚ ਰੇਲਾਂ ਵਿਛਾਉਂਦਾ ਹੈ। ਲਖਪਤੀ ਹੈ! ਮੁੰਡਾ ਇਕ ਹੀ ਹੈ। ਬਸ ਇਸੇ ਲਈ, ਸਿਰ ਚੜ੍ਹਿਆ ਹੈ। ਜਿਊਂਦਾ-ਜਾਗਦਾ ਟੱਟੂ ਚਾਹੀਦਾ — ਲਓ ਜੀ ਟੱਟੂ ਆ ਗਿਆ। ਕਿਸ਼ਤੀ ਚਾਹੀਦੀ — ਲਓ ਸੱਚ-ਮੁੱਚ ਦੀ ਕਿਸ਼ਤੀ ਆ ਗਈ। ਕਿਸੇ ਗੱਲ ਲਈ ਕੋਈ ਇਨਕਾਰ ਹੀ ਨਹੀਂ ..."

"ਅਤੇ ਚੰਦਰਮਾ?"

"ਕੀ ਮਤਲਬ?"

"ਮੈਂ ਕਿਹਾ, ਚੰਨ ਕਦੇ ਵੀ ਨਹੀਂ ਮੰਗਿਆ ਉਸਨੇ?"

"ਵਾਹ, ਤੂੰ ਵੀ ਕੀ ਗੱਲ ਕਰਦਾ ਹੈ — ਚੰਨ!" ਜਮਾਂਦਾਰ ਹੈਰਾਨ ਹੋ ਗਿਆ। "ਅੱਛਾ ਤਾਂ ਭਲੇ ਆਦਮੀ ਸੌਦਾ ਪੱਕਾ?"

ਬਾਬੇ ਨੇ ਇਸ ਦੌਰਾਨ ਆਪਣਾ ਮਟਮੈਲਾ ਕੋਟ ਪਾ ਲਿਆ ਸੀ। ਆਪਣੀ ਝੁਕੀ ਹੋਈ ਪਿੱਠ ਨਾਲ ਜਿੱਥੋਂ ਤੱਕ ਹੋ ਸਕਦਾ ਸੀ, ਉਹ ਤਣ ਕੇ ਖੜ੍ਹਾ ਹੋ ਗਿਆ।

"ਮੈਂ ਤੈਨੂੰ ਇੱਕ ਗੱਲ ਕਹਿੰਦਾ ਹਾਂ," ਬਾਬਾ ਕਾਫੀ ਗੰਭੀਰ ਭਾਵ ਨਾਲ ਬੋਲਣ ਲੱਗਾ, "ਮੰਨ ਲਓ, ਤੇਰਾ ਕੋਈ ਭਰਾ ਹੋਵੇ ਜਾਂ ਦੋਸਤ, ਜੋ ਇਕਦਮ ਬਚਪਨ ਤੋਂ ਹੀ ... ਬਈ, ਤੂੰ ਬੇਕਾਰ ਹੀ ਕੁੱਤੇ ਨੂੰ ਸਲਾਮੀ ਨਾ ਖਵਾਈ ਜਾ ... ਖੁਦ ਖਾ ਲੈ ... ਇਸ ਨਾਲ ਉਹ ਪਰਚਣ ਵਾਲਾ ਨਹੀਂ। ਹਾਂ ਤਾਂ, ਜੇ ਤੇਰਾ ਕੋਈ ਇਕਦਮ ਪੱਕਾ, ਮਤਲਬ ਸੱਚਾ ਦੋਸਤ ਹੋਵੇ ... ਬਚਪਨ ਤੋਂ ... ਤਾਂ ਤੂੰ ਉਸਨੂੰ ਕਿੰਨੇ ਦਾ ਵੇਚੇਂਗਾ?"

" ਤੂੰ ਵੀ ਖੂਬ ਮੁਕਾਬਲਾ ਕੀਤਾ!"

"ਬਸ ਮੁਕਾਬਲਾ ਹੀ ਹੈ। ਤੂੰ ਇਹੀ ਕਹਿ ਦੇ, ਆਪਣੇ ਮਾਲਕ ਨੂੰ, ਜੋ ਰੇਲਾਂ ਬਣਾਉਂਦਾ ਹੈ," ਬਾਬੇ ਦੀ ਆਵਾਜ਼ ਤਿੱਖੀ ਹੋ ਗਈ। "ਇਹੀ ਕਹਿ ਦੇਵੀਂ ਕਿ ਜੋ ਕੁਝ ਖਰੀਦਿਆ ਜਾ ਸਕਦਾ ਹੈ, ਉਹ ਸਭ ਕੁਝ ਵਿਕਦਾ ਨਹੀਂ ਹੈ। ਸਮਝਿਆ? ਤੂੰ ਖਾਹਮਖਾਹ ਕੁੱਤੇ ਨੂੰ ਸਹਿਲਾ ਨਾ, ਇਸ ਨਾਲ ਕੁਝ ਨਹੀਂ ਹੋਣ ਵਾਲਾ। ਇਧਰ ਆ ਆਰਤੋ, ਕੁੱਤੇ ਦੀ ਔਲਾਦ! ਤੇਰੀ ਐਸੀ-ਤੈਸੀ ... ਸਰਗੇਈ, ਚਲ ਸਮਾਨ ਚੁੱਕ।"

"ਗਧਾ ਕਿਸੇ ਥਾਂ ਦਾ," ਆਖਰ ਜਮਾਂਦਾਰ ਤੋਂ ਨਾ ਰਿਹਾ ਗਿਆ।

"ਗਧਾ ਹਾਂ, ਤਾਂ ਆਪਣਾ ਬੋਝ ਢੋਣ ਲਈ। ਤੂੰ ਨੀਚ ਹੈ, ਹਰਾਮਖੋਰ, ਨਮਕਹਰਾਮ, ਕਮੀਨਾ!" ਬੁੱਢੇ ਮਦਾਰੀ ਨੇ ਗਾਲ੍ਹਾਂ ਕੱਢੀਆਂ। "ਆਪਣੀ ਮਾਲਕਣ ਨੂੰ ਦੇਖੇਗਾ, ਕਹਿ ਦਈਂ, ਲਓ ਜੀ, ਪਿਆਰ ਨਾਲ ਸਾਡਾ ਲੰਬਾ ਸਲਾਮ। ਚੁੱਕ ਦਰੀ, ਸਰਗੇਈ! ਉਫ, ਮੇਰੀ ਪਿੱਠ! ਚਲੋ। "ਅੱਛਾ, ਤਾਂ ਇਹ ਗੱਲ ਹੈ!" ਜਮਾਂਦਾਰ ਨੇ ਬੜੇ ਅਰਥ ਭਰੇ ਲਹਿਜੇ ਨਾਲ ਕਿਹਾ।

"ਬਸ, ਇਹੀ ਸੰਭਾਲ ਲੈ!" ਬੁੱਢੇ ਨੇ ਵੀ ਪਲਟ ਕੇ ਜਵਾਬ ਦਿੱਤਾ।

ਮਦਾਰੀ ਅਤੇ ਉਸਦੇ ਸਾਥੀ ਫਿਰ ਤੋਂ ਸਮੁੰਦਰ ਦੇ ਕਿਨਾਰੇ-ਕਿਨਾਰੇ, ਉਸੇ ਰਸਤੇ 'ਤੇ ਉਪਰ ਨੂੰ ਚੱਲ ਪਏ। ਸਰਗੇਈ ਨੇ ਐਵੇ ਹੀ ਸਿਰ ਪਿੱਛੇ ਘੁੰਮਾਇਆ ਤੇ ਦੇਖਿਆ ਕਿ ਜਮਾਂਦਾਰ ਨੇ ਉਹਨਾਂ ਤੇ ਨਜ਼ਰਾਂ ਗਡੀਆਂ ਹੋਈਆਂ ਸੀ। ਉਹ ਵਿਚਾਰ ਮਗਨ ਜਿਹਾ ਤੇ ਗੁਆਚਿਆ ਲੱਗ ਰਿਹਾ ਸੀ। ਅੱਖਾਂ 'ਤੇ ਉਤਰ ਆਈ ਟੋਪੀ ਦੇ ਪਿੱਛੇ ਟਿੰਡ 'ਤੇ ਉਲਝੇ ਲਾਲ ਵਾਲਾਂ ਨੂੰ ਉਹ ਪੂਰੇ ਪੰਜੇ ਨਾਲ ਖੁਜਲਾ ਰਿਹਾ ਸੀ।

## 5.

ਬੁੱਢੇ ਮਦਾਰੀ ਨੇ ਕਈ ਸਾਲ ਪਹਿਲਾਂ ਮਿਸਖੋਰ ਅਤੇ ਅਲੂਪਕਾ ਵਿਚਕਾਰ ਇੱਕ ਜਗ੍ਹਾ ਲੱਭੀ ਹੋਈ ਸੀ — ਹੇਠਲੀ ਸੜਕ 'ਤੇ ਥੱਲੇ ਵੱਲ, ਜਿੱਥੇ ਬੜੇ ਮਜੇ ਨਾਲ ਖਾਣਾ ਖਾਇਆ ਜਾ ਸਕਦਾ ਸੀ। ਉਹ ਆਪਣੇ ਸਾਥੀਆਂ ਨੂੰ ਉੱਥੇ ਲੈ ਗਿਆ। ਕਲਕਲ ਕਰਦੇ ਗੰਦਲੇ ਪਹਾੜੀ ਝਰਨੇ 'ਤੇ ਬਣੇ ਪੁੱਲ ਤੋਂ ਥੋੜੀ ਦੂਰ ਟੇਢੇ-ਮੇਢੇ ਬਲੂਤਾਂ ਅਤੇ ਹੇਜ਼ਲ ਦੀਆਂ ਸੰਘਣੀਆਂ ਝਾੜੀਆਂ ਦੀ ਛਾਂ ਵਿੱਚ ਜ਼ਮੀਨ ਤੇ ਇੱਕ ਝਰਨਾ ਫੁੱਟਦਾ ਸੀ। ਉਸ ਨਾਲ ਜ਼ਮੀਨ ਵਿਚ ਥੋੜ੍ਹਾ ਜਿਹਾ ਡੂੰਘਾ ਗੋਲ ਗੱਡਾ ਬਣ ਗਿਆ

ਸੀ, ਉਸ ਵਿੱਚੋਂ ਪਾਣੀ ਦੀ ਪਤਲੀ ਜਿਹੀ ਧਾਰ ਘਾਹ ਵਿੱਚ ਚਾਂਦੀ ਜਿਹੀ ਚਮਕਦੀ ਹੋਈ ਝਰਨੇ ਵਿੱਚ ਜਾ ਡਿੱਗਦੀ ਸੀ। ਇਸ ਝਰਨੇ ਕੋਲ ਸਵੇਰੇ-ਸ਼ਾਮ ਤੁਰਕਾਂ ਨੂੰ ਦੇਖਿਆ ਜਾ ਸਕਦਾ ਸੀ, ਜੋ ਇੱਥੇ ਪਾਣੀ ਪੀਂਦੇ ਸਨ ਅਤੇ ਨਮਾਜ਼ ਪੜ੍ਹਦੇ ਸਨ।

"ਓਹ, ਸਾਡੇ ਪਾਪ ਬੜੇ ਭਾਰੇ, ਅਤੇ ਝੋਲੀ ਖਾਲੀ," ਹੇਜਲ ਦੀਆਂ ਝਾੜੀਆਂ ਦੀ ਠੰਡੀ ਛਾਂ ਵਿੱਚ ਬੈਠਦਿਆਂ ਬੁੱਢੇ ਮਦਾਰੀ ਨੇ ਕਿਹਾ। "ਆ, ਜਾ, ਸਰਗੇਈ। ਹੈ ਰੱਬਾ, ਤੇਰਾ ਆਸਰਾ ਹੈ!"

ਉਸਨੇ ਕੈਨਵਸ ਦੇ ਝੋਲੇ ਵਿੱਚੋਂ ਡਬਲ ਰੋਟੀ, ਦੱਸ ਕੁ ਲਾਲ-ਲਾਲ ਟਮਾਟਰ, ਪਨੀਰ ਦਾ ਟੁਕੜਾ ਅਤੇ ਜੈਤੂਨ ਦੇ ਤੇਲ ਦੀ ਸ਼ੀਸ਼ੀ ਕੱਢੀ। ਇਹ ਕੱਪੜੇ 'ਚ, ਜਿਸ ਨੂੰ ਸਾਫ ਤਾਂ ਨਹੀਂ ਕਿਹਾ ਜਾ ਸਕਦਾ ਸੀ, ਨਮਕ ਦੀ ਪੋਟਲੀ ਬੰਨ੍ਹਿਆ ਹੋਇਆ ਸੀ। ਖਾਣਾ ਖਾਣ ਤੋਂ ਪਹਿਲਾਂ ਬੁੱਢਾ ਕਾਫੀ ਦੇਰ ਤੱਕ ਸਲੀਬ ਦੇ ਨਿਸ਼ਾਨ ਬਣਾਉਂਦਾ ਰਿਹਾ ਅਤੇ ਕੁਝ ਬੁੜਬੁੜਾਉਂਦਾ ਰਿਹਾ। ਫਿਰ ਉਸ ਨੇ ਰੋਟੀ ਦੇ ਤਿੰਨ ਟੁਕੜੇ ਕੀਤੇ : ਸਭ ਤੋਂ ਵੱਡਾ ਟੁਕੜਾ ਉਸੇ ਨੇ ਸਰਗੇਈ ਨੂੰ ਦਿੱਤਾ (ਬੱਚਾ ਵੱਡਾ ਹੋ ਰਿਹਾ ਹੈ, ਉਸ ਨੂੰ ਖਾਣਾ ਚਾਹੀਦਾ), ਦੂਸਰਾ, ਉਸਤੋਂ ਕੁਝ ਛੋਟਾ ਟੁਕੜਾ ਕੁੱਤੇ ਲਈ ਰਖਿਆ ਅਤੇ ਸਭ ਤੋਂ ਛੋਟਾ ਆਪ ਲਿਆ।

"ਹੇ ਪਰਮਪਿਤਾ ਪਰਮੇਸ਼ਰ। ਸਭ ਦੀਆਂ ਅੱਖਾਂ ਤੇਰੇ 'ਤੇ ਲੱਗੀਆਂ ਹਨ, ਪ੍ਰਭੂ," ਉਹ ਬੁੜ - ਬੁੜ ਕਰਦਾ ਜਾ ਰਿਹਾ ਸੀ ਅਤੇ ਹਿੱਸੇ ਵੰਡਦਾ ਹੋਇਆ ਉਹਨਾਂ 'ਤੇ ਸ਼ੀਸ਼ੀ ਨਾਲ ਤੇਲ ਪਾ ਰਿਹਾ ਸੀ। "ਲੈ ਖਾ ਲੈ ਸਰਗੇਈ!"

ਬਿਨਾ ਕਿਸੇ ਜਲਦਬਾਜ਼ੀ ਦੇ, ਹੌਲੀ-ਹੌਲੀ, ਜਿਵੇਂ ਕਿ ਸੱਚੇ ਮਿਹਨਤਕਸ਼ ਖਾਂਦੇ ਹਨ, ਤਿੰਨੋਂ ਆਪਣਾ ਸਿੱਧਾ-ਸਾਦਾ ਭੋਜਨ ਕਰਨ ਲੱਗੇ। ਬਸ ਤਿੰਨ ਜੋੜੇ ਜਬੜਿਆਂ ਦੇ ਚੱਲਣ ਦੀ ਆਵਾਜ਼ ਆ ਰਹੀ ਸੀ। ਆਰਤੋ ਆਪਣਾ ਹਿੱਸਾ ਇੱਕ ਪਾਸੇ ਬੈਠਾ ਖਾ ਰਿਹਾ ਸੀ। ਪੇਟ ਭਾਰ ਲੇਟ ਕੇ ਉਸਨੇ ਰੋਟੀ ਅਗਲੇ ਪੰਜਿਆਂ ਨਾਲ ਨੱਪ ਲਈ ਸੀ। ਬਾਬਾ ਅਤੇ ਸਰਗੇਈ ਵਾਰੀ-ਵਾਰੀ ਨਾਲ ਪੱਕੇ ਟਮਾਟਰ ਨਮਕ ਨਾਲ ਛੁਹਾਉਂਦੇ ਸਨ। ਟਮਾਟਰਾਂ ਨਾਲ ਉਹਨਾਂ ਦੇ ਬੁੱਲ੍ਹਾਂ ਅਤੇ ਹੱਥਾਂ 'ਤੇ ਖੂਨ ਜਿਹਾ ਲਾਲ ਰਸ ਵਗ ਰਿਹਾ ਸੀ। ਟਮਾਟਰ ਖਾ ਕੇ ਉਪਰੋਂ ਉਹ ਪਨੀਰ ਤੇ ਰੋਟੀ ਮੂੰਹ ਵਿੱਚ ਪਾਉਂਦੇ। ਭਰ ਪੇਟ ਖਾਣਾ ਖਾ ਕੇ ਉਹਨਾਂ ਨੇ ਜੀਅ ਭਰ ਕੇ ਪਾਣੀ ਪੀਤਾ। ਝਰਨੇ ਦੀ ਧਾਰ ਥੱਲੇ ਮੱਗ ਰੱਖ ਕੇ ਉਸ ਵਿੱਚ ਪਾਣੀ ਭਰ ਰਹੇ ਸਨ। ਪਾਣੀ ਨਿਰਮਲ, ਬਹੁਤ ਸਵਾਦਿਸ਼ਟ ਅਤੇ ਏਨਾ ਠੰਡਾ ਸੀ ਕਿ ਉਸ ਨਾਲ ਮੱਗ ਵੀ ਬਾਹਰੋਂ ਗਿੱਲਾ ਹੋ ਗਿਆ। ਦਿਨ ਦੀ ਤਪਸ਼ ਅਤੇ ਲੰਬੇ ਰਸਤੇ ਨਾਲ ਮਦਾਰੀ ਅਤੇ ਮੁੰਡਾ ਥੱਕ ਗਏ ਸਨ। ਪਹੁ ਫੁੱਟਦਿਆਂ ਹੀ ਉਹ ਨਿਕਲ ਪਏ ਸਨ। ਬਾਬੇ ਦੀਆਂ ਅੱਖਾਂ ਮੀਚੀਆਂ ਜਾ ਰਹੀਆਂ ਸਨ। ਸਰਗੇਈ ਉਬਾਸੀਆਂ ਲੈ ਰਿਹਾ ਲੈ ਰਿਹਾ ਸੀ, ਅੰਗੜਾਈਆਂ ਭਰ ਰਿਹਾ ਸੀ।

"ਕਿਉਂ, ਭਰਾਵਾ, ਥੋੜ੍ਹੀ ਦੇਰ ਲਈ ਲੇਟ ਜਾਈਏ, ਝਪਕੀ ਲੈ ਲਈਏ?" ਬਾਬੇ ਨੇ ਪੁੱਛਿਆ। "ਲਿਆ ਥੋੜ੍ਹਾ ਹੋਰ ਪਾਣੀ ਪੀ ਲਵਾਂ। ਵਾਹ, ਕਿੰਨਾ ਵਧੀਆ ਹੈ," ਬੁੱਲ੍ਹਾਂ ਤੋਂ ਮੱਗ ਹਟਾਉਂਦਿਆਂ ਤੇ ਭਾਰਾ ਸਾਹ ਲੈਂਦਿਆਂ ਬਾਬੇ ਨੇ ਕਿਹਾ। ਉਸਦੀਆਂ ਮੁੱਛਾਂ ਅਤੇ ਦਾੜ੍ਹੀ 'ਤੇ ਲਿਸ਼ਕਦੀਆਂ ਬੂੰਦਾਂ ਲੁੜਕ ਰਹੀਆਂ ਸਨ। "ਜੇ ਮੈਂ ਰਾਜਾ ਹੁੰਦਾ, ਤਾਂ ਬਸ ਇਹੀ ਪਾਣੀ ਹੀ ਪੀਂਦਾ ਰਹਿੰਦਾ... ਸਵੇਰ ਤੋਂ ਗਈ ਰਾਤ ਤੱਕ! ਆਰਤੋ, ਇਧਰ ਆ! ਲੈ, ਰੱਬ ਨੇ ਢਿੱਡ ਭਰਿਆ, ਕਿਸੇ ਨੇ ਨਹੀਂ ਦੇਖਿਆ, ਜਿਸ

ਨੇ ਦੇਖਿਆ, ਉਸ ਦੀ ਨਜ਼ਰ ਨਹੀਂ ਲੱਗੀ... ਓਹ-ਓਹ-ਓਹ!"

ਬੁੱਢਾ ਅਤੇ ਮੁੰਡਾ ਸਿਰ ਥੱਲੇ ਆਪਣਾ-ਆਪਣਾ ਪੁਰਾਣਾ ਕੋਟ ਰੱਖ ਕੇ ਕੋਲ-ਕੋਲ ਹੀ ਘਾਹ 'ਤੇ ਲੇਟ ਗਏ। ਉਹਨਾਂ ਦੇ ਸਿਰਾਂ ਉਪਰ ਸੰਘਣੇ, ਛੱਤਦਾਰ ਬਲੂਤਾਂ ਦੀਆਂ ਪੱਤੀਆਂ ਸਰਸਰਾ ਰਹੀਆਂ ਸਨ। ਉਹਨਾਂ ਦੇ ਵਿੱਚੋਂ-ਵਿੱਚੋਂ ਸਾਫ ਆਕਾਸ਼ ਦੀ ਨਿਲੱਤਣ ਚਮਕ ਰਹੀ ਸੀ। ਇੱਕ ਪੱਥਰ ਤੋਂ ਦੂਸਰੇ 'ਤੇ ਵਹਿੰਦਾ ਝਰਨਾ ਅਜਿਹੀ ਮਿੱਠੀ ਕਲਕਲ ਕਰ ਰਿਹਾ ਸੀ, ਜਿਵੇਂ ਕਿ ਲੋਰੀ ਸੁਣਾ ਰਿਹਾ ਹੋਵੇ। ਬਾਬਾ ਕੁਝ ਦੇਰ ਤੱਕ ਮਚਲਦਾ, ਹੂੰਘਦਾ ਰਿਹਾ, ਕੁਝ ਕਹਿੰਦਾ ਰਿਹਾ, ਪਰ ਸਰਗੇਈ ਨੂੰ ਲੱਗ ਰਿਹਾ ਸੀ ਕਿ ਉਸਦੀ ਆਵਾਜ਼ ਕਿਤੇ ਦੂਰ ਰਹੱਸਮਈ ਲੋਕ ਤੋਂ ਆ ਰਹੀ ਹੈ ਤੇ ਸ਼ਬਦ ਪਰੀ ਕਥਾਵਾਂ ਵਾਂਗ ਅਬੁੱਝ ਹਨ।

"ਸਭ ਤੋਂ ਪਹਿਲਾਂ ਤੇਰੇ ਲਈ ਜੋੜਾ ਖਰੀਦਾਂਗਾ : ਗੁਲਾਬੀ, ਸੁਨਹਿਰੀ ਸਲਮੇ-ਸਿਤਾਰਿਆਂ ਵਾਲਾ... ਜੁੱਤੀਆਂ ਵੀ ਗੁਲਾਬੀ, ਰੇਸ਼ਮੀ... ਕੀਯੇਵ, ਖਾਰਕੋਵ ਵਿੱਚ ਜਾਂ ਫਿਰ ਓਦੇਸਾ ਵਿਚ — ਪਤਾ ਹੈ ਉਥੇ ਕਿਹੋ-ਕਿਹੋ ਜਿਹੇ ਸਰਕਸ ਹਨ! ਬੱਤੀਆਂ ਅਣਗਿਣਤ... ਬਿਜਲੀ ਦੀਆਂ! ਲੋਕ ਪੰਜ ਹਜ਼ਾਰ ਤਾਂ ਹੁੰਦੇ ਹੀ ਹੋਣਗੇ... ਜਾਂ ਸ਼ਾਇਦ ਹੋਰ ਵੀ ਜ਼ਿਆਦਾ... ਮੈਨੂੰ ਕੀ ਪਤਾ? ਤੇਰਾ ਕੋਈ ਨਵਾਂ ਨਾਮ ਰੱਖਾਂਗੇ — ਇਤਾਲਵੀ ਨਾਮ। ਯੇਸਤੀਫੇਵ ਜਾਂ ਫਿਰ ਲਦੀਸ਼ਿਕਨ ਵੀ ਕੋਈ ਨਾਮ ਹੈ? ਬਕਵਾਸ ਹੈ ਨਿਰੀ — ਕੋਈ ਰੰਗ ਹੀ ਨਹੀਂ। ਅਸੀਂ ਇਸ਼ਤਿਹਾਰਾਂ 'ਚ ਤੇਰਾ ਨਾਮ ਲਿਖਾਂਗੇ ਅਨਟੋਨੀਓ ਜਾਂ ਫਿਰ ਐਨਰਿਕੋ, ਇਹ ਵੀ ਚੰਗਾ ਹੈ, ਜਾਂ ਅਲਫੋਂਜ਼ੋ ..."

ਇਸਤੇ ਅੱਗੇ ਮੁੰਡੇ ਨੂੰ ਕੁਝ ਸੁਣਾਈ ਨਾ ਦਿੱਤਾ। ਮਿੱਠੀ ਨੀਂਦ ਵਿੱਚ ਉਸਦਾ ਸਾਰਾ ਸਰੀਰ ਢਿੱਲਾ ਪੈ ਗਿਆ ਸੀ ਜਿੰਵੇ ਨਕਾਰਾ ਹੋ ਗਿਆ। ਬਾਬਾ ਵੀ ਸੌਂ ਗਿਆ, ਸਰਗੇਈ ਲਈ ਸਰਕਸ ਵਿੱਚ ਉੱਜਵਲ ਭਵਿੱਖ ਦੀਆਂ ਉਸਦੀਆਂ ਕਲਪਨਾਵਾਂ ਦਾ ਤਾਂਤਾ ਅਚਾਨਕ ਟੁੱਟ ਗਿਆ। ਇੱਕ ਵਾਰ ਨੀਂਦ ਵਿੱਚ ਉਸਨੂੰ ਲੱਗਾ ਕਿ ਆਰਤੋ ਕਿਸੇ 'ਤੇ ਗੁੱਰਾਅ ਰਿਹਾ ਹੈ। ਪਲ ਭਰ ਲਈ ਉਸ ਦੇ ਨੀਂਦ ਨਾਲ ਭਾਰੀ ਸਿਰ ਵਿੱਚ ਗੁਲਾਬੀ ਕਮੀਜ਼ ਵਾਲੇ ਜਮਾਂਦਾਰ ਦਾ ਅਚੇਤ ਅਤੇ ਚਿੰਤਾਜਨਕ ਵਿਚਾਰ ਝਲਕਿਆ, ਪਰ ਨੀਂਦ, ਥਕਾਵਟ ਅਤੇ ਗਰਮੀ ਨਾਲ ਉਹ ਅਜਿਹਾ ਨਿਢਾਲ ਸੀ ਕਿ ਉਠ ਨਹੀਂ ਸਕਦਾ ਸੀ, ਅੱਖਾਂ ਬੰਦ ਕੀਤਿਆਂ ਹੀ, ਅਲਸਾਈ ਅਵਾਜ਼ ਵਿੱਚ ਉਸਨੇ ਕੁੱਤੇ ਨੂੰ ਪੁਕਾਰਿਆ :

"ਆਰਤੋ... ਕਿੱਧਰ ਜਾ ਰਿਹਾ ਹੈ? ਤੇਰੀ ਐਸੀ-ਤੈਸੀ... ਅਵਾਰਾ ਕਿਸੇ ਥਾਂ ਦਾ!"

ਪਰ ਉਸੇ ਪਲ ਉਸਦੇ ਵਿਚਾਰ ਰੱਲਗਡ ਹੋ ਗਏ, ਭਾਰੇ ਨਿਰਾਕਾਰ ਸੁਪਨਿਆਂ ਵਿੱਚ ਬਦਲ ਗਏ।

ਸਰਗੇਈ ਦੀ ਆਵਾਜ਼ ਨਾਲ ਬਾਬੇ ਦੀ ਅੱਖ ਖੁੱਲ੍ਹੀ। ਮੁੰਡਾ ਝਰਨੇ ਦੇ ਦੂਸਰੇ ਪਾਸੇ ਅੱਗੇ-ਪਿੱਛੇ ਦੌੜ ਰਿਹਾ ਸੀ, ਤੇਜ਼-ਤੇਜ਼ ਸੀਟੀ ਵਜਾ ਰਿਹਾ ਸੀ, ਬੇਚੈਨ ਅਤੇ ਡਰਿਆ-ਡਰਿਆ ਜਿਹਾ ਜ਼ੋਰ ਨਾਲ ਚੀਕ ਰਿਹਾ ਸੀ :

"ਆਰਤੋ! ਇਧਰ ਆ! ਪੁੱਚ-ਪੁੱਚ-ਪੁੱਚ! ਆਰਤੋ, ਚੱਲ ਇਧਰ!"

"ਓਏ, ਚੀਕ ਕਿਉਂ ਰਿਹਾ ਹੈਂ?" ਸੁੰਨ ਹੋ ਗਈਆਂ ਬਾਹਾਂ ਨੂੰ ਮੁਸ਼ਕਿਲ ਨਾਲ ਸਿੱਧਾ ਕਰਦਿਆਂ ਬਾਬੇ ਨੇ ਪੁੱਛਿਆ।

"ਕਿਉਂ? ਕਿਉਂ? ਇਧਰ ਅਸੀਂ ਸੌਂਦੇ ਰਹੇ, ਉਧਰ ਕੁੱਤਾ ਗਾਇਬ ਹੋ ਗਿਆ," ਸਰਗੇਈ ਨੇ ਖਿੱਝ ਕੇ ਜਵਾਬ ਦਿੱਤਾ।

ਉਸਨੇ ਜ਼ੋਰ ਨਾਲ ਸੀਟੀ ਵਜਾਈ ਅਤੇ ਫਿਰ ਤੋਂ ਬੁਲਾਇਆ :

"ਆਰਤੋ-ਓ!"

"ਬੇਕਾਰ ਦੀਆਂ ਗੱਲਾਂ ਕਰਦਾ ਹੈ ਤੂੰ! ... ਮੁੜ ਆਵੇਗਾ," ਬਾਬੇ ਨੇ ਕਿਹਾ। ਪਰ ਤੁਰੰਤ ਹੀ ਖੜ੍ਹਾ ਹੋ ਗਿਆ ਅਤੇ ਉਨੀਂਦੀ, ਗੁੱਸੇ ਭਰੀ ਆਵਾਜ਼ ਵਿੱਚ ਕੁੱਤੇ ਨੂੰ ਪੁਕਾਰਿਆ :

"ਆਰਤੋ, ਇਧਰ ਆ, ਕੁੱਤੇ ਦੀ ਔਲਾਦ!"

ਜਲਦੀ-ਜਲਦੀ, ਛੋਟੇ-ਛੋਟੇ, ਡਗਮਗਾਉਂਦੇ ਕਦਮ ਭਰਦਿਆਂ ਉਸਨੇ ਪੁੱਲ ਪਾਰ ਕੀਤਾ, ਸੜਕ 'ਤੇ ਵੱਧ ਗਿਆ। ਉਹ ਕੁੱਤੇ ਨੂੰ ਪੁਕਾਰਦਾ ਜਾ ਰਿਹਾ ਸੀ। ਸਾਹਮਣੇ ਦੋ ਫਰਲਾਂਗ ਤੱਕ ਪੱਧਰਾ, ਚਮਕੀਲਾ ਸਫੇਦ ਰਸਤਾ ਦਿਖ ਰਿਹਾ ਸੀ, ਪਰ ਉਸ 'ਤੇ ਨਾ ਕੋਈ ਮੂਰਤ ਸੀ, ਨਾ ਕੋਈ ਪਰਛਾਵਾਂ।

"ਆਰਤੋ! ਆਰਤੋ ਓਏ!" ਬੁੱਢਾ ਰੋਣਹਾਕੀ ਅਵਾਜ਼ 'ਚ ਚੀਕਿਆ।

ਅਚਾਨਕ ਉਹ ਰੁਕ ਗਿਆ, ਜ਼ਮੀਨ 'ਤੇਂ ਝੁੱਕ ਗਿਆ ਤੇ ਪੈਰਾਂ ਭਾਰ ਬੈਠ ਗਿਆ।

"ਅੱਛਾ-ਆ! ਇਹ ਗੱਲ ਹੈ!" ਬੁੱਝੀ-ਬੁੱਝੀ ਆਵਾਜ਼ ਵਿੱਚ ਬੁੱਢਾ ਬੋਲਿਆ। "ਸਰਗੇਈ! ਇਧਰ ਆ, ਬੱਚੇ!"

"ਕੀ ਹੈ?" ਬੁੱਢੇ ਦੇ ਕੋਲ ਆਉਂਦੇ ਮੁੰਡੇ ਨੇ ਰੁਖੇਪਣ ਨਾਲ ਕਿਹਾ। "ਕੀ ਬੀਤਿਆ ਦਿਨ ਮਿਲ ਗਿਆ?

" ਸਰਗੇਈ ... ਦੇਖ ਤਾਂ ਇਹ ਕੀ ਹੈ? ... ਇਹ, ਇਹ ਕੀ ਹੈ? ... ਸਮਝਿਆ?" ਬੁੱਢੇ ਨੇ ਮੂੰਹ 'ਚੋਂ ਸ਼ਬਦ ਮੁਸ਼ਕਿਲ ਨਾਲ ਨਿਕਲ ਰਹੇ ਸਨ।

"ਉਹ ਗੁਆਚੀ-ਗੁਆਚੀ, ਤਰਸ ਭਰੀਆਂ ਨਜ਼ਰਾਂ ਨਾਲ ਮੁੰਡੇ ਵੱਲ ਵੇਖ ਰਿਹਾ ਸੀ ਤੇ ਜ਼ਮੀਨ ਵੱਲ ਇਸ਼ਾਰਾ ਕਰ ਰਿਹਾ ਸੀ ਉਸਦਾ ਹੱਥ ਇਧਰ-ਉਧਰ ਝੂੱਲ ਰਿਹਾ ਸੀ।

ਸੜਕ ਉੱਤੇ ਚਿੱਟੀ ਧੂੜ ਵਿੱਚ ਸਲਾਮੀ ਦਾ ਕਾਫੀ ਵੱਡਾ ਅੱਧਖਾਇਆ ਟੁਕੜਾ ਪਿਆ ਹੋਇਆ ਸੀ ਅਤੇ ਉਸਦੇ ਚਾਰੇ ਪਾਸੇ ਕੁੱਤੇ ਦੇ ਪੰਜਿਆਂ ਦੇ ਨਿਸ਼ਾਨ ਸਨ।

"ਪਰਚਾ ਕੇ ਲੈ ਗਿਆ, ਕਮੀਨਾ!" ਡਰੇ ਹੋਏ ਸੁਰ 'ਚ ਬਾਬਾ ਫੁਸਫਸਾਇਆ। ਉਹ ਪਹਿਲਾਂ ਵਾਂਗ ਹੀ ਪੰਜਿਆਂ ਦੇ ਭਾਰ ਬੈਠਾ ਹੋਇਆ ਸੀ। "ਉਹੀ ਹੋਵੇਗਾ, ਹੋਰ ਕੋਈ ਨਹੀਂ, ਸਾਫ ਗੱਲ ਹੈ ... ਯਾਦ ਹੈ, ਉੱਥੇ ਸਮੁੰਦਰ ਕਿਨਾਰੇ ਉਹ ਸਲਾਮੀ ਖਵਾ ਰਿਹਾ ਸੀ।"

"ਸਾਫ ਗੱਲ ਹੈ," ਕੌੜੇ ਸ਼ਬਦਾਂ 'ਚ ਸਰਗੇਈ ਨੇ ਦੁਹਰਾਇਆ।

ਬੁੱਢੇ ਦੀਆਂ ਫਟੀਆਂ-ਫਟੀਆਂ ਅੱਖਾਂ ਵਿੱਚ ਅੱਥਰੂ ਆ ਗਏ ਅਤੇ ਉਹ ਜਲਦੀ-ਜਲਦੀ ਝਮਕਣ ਲੱਗੀਆਂ। ਉਸ ਨੇ ਹੱਥਾਂ ਨਾਲ ਮੂੰਹ ਢੱਕ ਲਿਆ।

"ਹੁਣ ਅਸੀਂ ਕੀ ਕਰੀਏ, ਸਰਗੇਈ? ਹਾਂ? ਕੀ ਕਰੀਏ ਹੁਣ?" ਬੁੱਢਾ ਪੁੱਛ ਰਿਹਾ ਸੀ। ਬੇਵੱਸ ਜਿਹਾ ਸਿਸਕਦਾ ਹੋਇਆ ਉਹ ਅੱਗੇ-ਪਿੱਛੇ ਡੋਲ ਰਿਹਾ ਸੀ।

"ਕੀ ਕਰੀਏ, ਕੀ ਕਰੀਏ!" ਸਰਗੇਈ ਨੇ ਗੁੱਸੇ ਨਾਲ ਉਸ ਦੀ ਨਕਲ ਉਤਾਰੀ। "ਉੱਠ ਬਾਬੇ,

ਚਲੋ ਚਲੀਏ!"

"ਚਲੋ, ਚਲੀਏ," ਬੁੱਢੇ ਨੇ ਜ਼ਮੀਨ ਤੋਂ ਉਠਦਿਆਂ ਹੋਇਆਂ ਉਦਾਸੀ ਨਾਲ ਉਸਦੀ ਗੱਲ ਮੰਨੀ। "ਹਾਂ, ਸਰਗੇਈ, ਚਲ ਚਲੀਏ!"

ਸਰਗੇਈ ਧੀਰਜ ਗੁਆ ਬੈਠਾ, ਉਹ ਬੁੱਢੇ ਮਦਾਰੀ 'ਤੇ ਇਉਂ ਚੀਕਿਆ ਜਿਵੇਂ ਕਿ ਉਹ ਕੋਈ ਬੱਚਾ ਹੋਵੇ :

"ਚੰਗਾ, ਇਹ ਬੇਵਕੂਫੀ ਬੰਦ ਕਰੋ! ਇਹ ਕਿਥੋਂ ਦਾ ਕਾਨੂੰਨ ਹੈ ਕਿ ਪਰਾਏ ਕੁੱਤਿਆਂ ਨੂੰ ਪਰਚਾ ਕੇ ਲੈ ਗਏ? ਕੀ ਅੱਖਾਂ ਪਾੜ-ਪਾੜ ਕੇ ਦੇਖ ਰਿਹਾ ਹੈਂ? ਗਲਤ ਕਿਹਾ ਕੀ ਮੈਂ? ਸਿੱਧਾ ਜਾ ਕੇ ਕਹਿ ਦੇਵਾਂਗੇ : 'ਕੁੱਤਾ ਵਾਪਸ ਕਰੋ! ' ਨਹੀਂ ਦੇਣਗੇ ਤਾਂ, ਤਾਂ ਹਵਲਦਾਰ ਕੋਲ ਚਲੇ ਜਾਵਾਂਗੇ। ਸਿੱਧੀ ਗੱਲ ਹੈ।"

"ਹਾਂ ...ਹਵਲਦਾਰ ਕੋਲ ... ਹਾਂ, ਉਹ ਤਾਂ ਠੀਕ ਹੈ," ਨਿਰਾਰਥਕ, ਕੌੜੀ ਮੁਸਕਾਨ ਨਾਲ ਬਾਬਾ ਕਹੀ ਜਾ ਰਿਹਾ ਸੀ। ਪਰ ਉਸਦੀਆਂ ਅੱਖਾਂ ਵਿੱਚ ਝਿਜਕ ਸੀ। "ਹਵਲਦਾਰ ਕੋਲ ...ਹਾਂ ... ਪਰ ਉਹ ... ਗੱਲ ਨਹੀਂ ਬਣਦੀ, ਸਰਗੇਈ ... ਕਿ ਹਵਲਦਾਰ ਕੋਲ ਜਾਈਏ ..."

"ਗੱਲ ਕਿਉਂ ਨਹੀਂ ਬਣਦੀ? ਕਾਨੂੰਨ ਸਭ ਲਈ ਇੱਕ ਹੈ। ਕਿਉਂ ਅਸੀਂ ਉਹਨਾਂ ਅੱਗੇ ਪੂਛ ਹਿਲਾਈਏ?" ਮੁੰਡਾ ਬੇਚੈਨ ਹੋ ਰਿਹਾ ਸੀ।

"ਸਰਗੇਈ, ਤੂੰ ... ਭਰਾਵਾ, ਤੂੰ ਨਰਾਜ਼ ਨਾ ਹੋ। ਕੁੱਤਾ ਤਾਂ ਉਹ ਵਾਪਸ ਕਰਨ ਤੋਂ ਰਹੇ।" ਬਾਬੇ ਨੇ ਰਹੱਸਮਈ ਢੰਗ ਨਾਲ ਅਵਾਜ਼ ਨੀਵੀਂ ਕਰ ਲਈ। "ਮੈਨੂੰ ਪਾਸਪੋਰਟ ਦਾ ਡਰ ਹੈ। ਯਾਦ ਹੈ ਉਹ ਸਾਹਬ ਕੀ ਕਹਿ ਰਿਹਾ ਸੀ? ਪੁੱਛਦਾ ਸੀ : 'ਪਾਸਪੋਰਟ ਹੈ ਤੇਰੇ ਕੋਲ?' ਹਾਂ, ਭਰਾਵਾ, ਇਹ ਗੱਲ ਹੈ। ਤੇ ਮੇਰਾ ਪਾਸਪੋਰਟ," ਡਰੇ ਹੋਏ ਚਿਹਰੇ ਨਾਲ ਹੌਲੀ ਜਿਹੀ ਫੁਸਫੁਸਾਉਂਦੇ ਹੋਏ ਬਾਬੇ ਨੇ ਕਿਹਾ : "ਉਹ ਬੇਗਾਨਾ ਹੈ।"

" ਬੇਗਾਨਾ ਕਿਵੇਂ?"

" ਇਹੀ ਤਾਂ ਗੱਲ ਹੈ ਕਿ ਬੇਗਾਨਾ ਹੈ। ਮੇਰਾ ਆਪਣਾ ਤਾਂ ਤਗਨਰੋਗ ਸ਼ਹਿਰ ਵਿੱਚ ਗੁਆਚ ਗਿਆ ਸੀ, ਕੌਣ ਜਾਣੇ ਕਿ ਕਿਸੇ ਨੇ ਚੁਰਾ ਹੀ ਲਿਆ ਹੋਵੇ। ਦੋ ਸਾਲ ਤੱਕ ਮੈਂ ਭਟਕਦਾ ਰਿਹਾ ਸੀ : ਲੁਕ-ਲੁਕ ਕੇ ਰਹਿੰਦਾ ਸਾਂ, ਰਿਸ਼ਵਤ ਦਿੰਦਾ ਸੀ, ਕਈ ਵਾਰ ਅਰਜ਼ੀਆਂ ਲਿਖੀਆਂ ... ਆਖਰ ਦੇਖਿਆ ਕਿ ਜਿਊਣਾ ਹੀ ਹਰਾਮ ਹੋ ਗਿਆ, ਖਰਗੋਸ਼ ਵਾਂਗ ਹਰ ਕਿਸੇ ਤੋਂ ਡਰ ਲੱਗਦਾ ਹੈ। ਦਿਨ-ਰਾਤ ਚੈਨ ਨਹੀਂ। ਤਦੇ ਓਦੇਸਾ ਵਿੱਚ ਰੈਣਬਸੇਰੇ 'ਚ ਇਕ ਯੂਨਾਨੀ ਮਿਲਿਆ। ਉਹ ਬੋਲਿਆ ਇਹ ਤਾਂ ਕੋਈ ਕੰਮ ਹੀ ਨਹੀਂ, ਚੁਟਕੀ ਵਜਾਉਂਦੇ ਹੀ ਹੋ ਜਾਵੇਗਾ। ਬੋਲਿਆ, ਲਿਆ ਪੱਚੀ ਰੂਬਲ ਇਧਰ ਯਾਰ, ਮੈਂ ਤੈਨੂੰ ਪਾਸਪੋਰਟ ਲਿਆ ਦਵਾਂਗਾ। ਮੈਂ ਸੋਚ 'ਚ ਪੈ ਗਿਆ, ਫਿਰ ਮਨ ਵਿੱਚ ਆਇਆ ਜੋ ਹੋਵੇਗਾ, ਸੋ ਹੋਵੇਗਾ। ਬੋਲਿਆ, ਲਿਆ ਦੇ ਦੇ। ਬਸ, ਭਰਾਵਾ, ਤਦੇ ਤੋਂ ਮੈਂ ਬੇਗਾਨੇ ਪਾਸਪੋਰਟ ਨਾਲ ਹੀ ਰਹਿ ਰਿਹਾ ਹਾਂ।"

"ਓਹ, ਬਾਬੇ, ਬਾਬੇ!" ਰੋਣਾ ਰੋਕਦੇ ਹੋਏ ਸਰਗੇਈ ਨੇ ਡੂੰਘੀ ਸਾਹ ਲਿਆ। "ਕੁੱਤੇ ਦਾ ਅਫਸੋਸ ਹੈ ... ਬੜਾ ਹੀ ਪਿਆਰਾ ਕੁੱਤਾ ਸੀ।

"ਸਰਗੇਈ, ਮੇਰੇ ਬੱਚੇ!" ਬੁੱਢੇ ਨੇ ਕੰਬਦੇ ਹੱਥ ਉਸ ਵੱਲ ਵਧਾਏ। "ਜੇ ਮੇਰੇ ਕੋਲੋਂ ਸਚਮੁਚ ਦਾ ਪਾਸਪੋਰਟ ਹੁੰਦਾ, ਤਾਂ ਮੈਂ ਕੀ ਕਿਸੇ ਦੀ ਵੀ ਪਰਵਾਹ ਕਰਦਾ, ਜਾ ਕੇ ਟੈਂਟੂਆ ਫੜ ਲੈਂਦਾ! .. 'ਇਹ ਕੀ ਗੱਲ ਹੈ ਕੀ? ਕੀ ਹੱਕ ਹੈ ਤੈਨੂੰ ਦੂਸਰਿਆਂ ਦੇ ਕੁੱਤੇ ਚੁਰਾਉਣ ਦਾ? ਅਜਿਹਾ ਕਿਹੜਾ ਕਾਨੂੰਨ ਹੈ? ' ਪਰ ਹੁਣ ਭਰਾਵਾ ਅਸੀਂ ਕੁਝ ਨਹੀਂ ਕਰ ਸਕਦੇ। ਮੈਂ ਪੁਲਿਸ ਵਿੱਚ ਜਾਵਾਂ, ਜੋ ਸਭ ਤੋਂ ਪਹਿਲਾਂ ਕਹਿਣਗੇ : 'ਲਿਆ ਪਾਸਪੋਰਟ ਕੱਢ! ਚੰਗਾ ਤਾਂ ਤੂੰ ਸਮਾਰਾ ਦਾ ਮਰਤੀਨ ਲਦੀਸ਼ਿਕਨ ਹੈ? ' 'ਜੀ, ਹਜ਼ੂਰ '। ਪਰ ਮੈਂ ਤਾਂ ਭਰਾਵਾ ਲਦੀਸ਼ਿਕਨ ਹਾਂ ਹੀ ਨਹੀਂ, ਮੈਂ ਤਾਂ ਈਵਾਨ ਦੁਦਕਿਨ। ਤੇ ਇਹ ਲਦੀਸ਼ਿਕਨ ਕੌਣ ਹੈ, ਰੱਬ ਜਾਣੇ। ਮੈਨੂੰ ਕੀ ਪਤਾ ਉਹ ਕੋਈ ਚੋਰ-ਉਚੱਕਾ ਹੈ ਜਾਂ ਸਾਈਬੇਰੀਆ ਤੋਂ ਭੱਜਿਆ ਭਗੌੜਾ ਹੈ? ਜਾਂ ਸ਼ਾਇਦ ਹਤਿਆਰਾ ਹੀ ਹੋਵੇ? ਨਹੀਂ, ਸਰਗੇਈ, ਅਸੀਂ ਕੁਝ ਨਹੀਂ ਕਰ ਸਕਦੇ ... ਕੁਝ ਵੀ ਨਹੀਂ ..."

ਬਾਬੇ ਦਾ ਗਲਾ ਭਰ ਆਇਆ। ਅੱਥਰੂ ਫਿਰ ਤੋਂ ਧੁੱਪ ਨਾਲ ਕਾਲੀਆਂ ਪਈਆਂ ਗੂੜ੍ਹੀਆਂ ਝੁਰੜੀਆਂ 'ਚ ਵਗਣ ਲੱਗੇ। ਸਰਗੇਈ ਬੇਵੱਸ, ਕਮਜ਼ੋਰ ਬੁੱਢੇ ਦੀਆਂ ਗੱਲਾਂ ਚੁੱਪਚਾਪ ਸੁਣ ਰਿਹਾ ਸੀ, ਉਸਦੇ ਭਰਵੱਟੇ ਸੁੰਗੜੇ ਹੋਏ ਸਨ, ਉਤੇਜਨਾ ਨਾਂਲ ਪੀਲਾ ਪੈ ਗਿਆ ਸੀ। ਹੁਣ ਉਹ ਬੁੱਢੇ ਦੀਆਂ ਕੱਛਾਂ 'ਚ ਹੱਥ ਪਾ ਕੇ ਉਸ ਨੂੰ ਚੁੱਕਣ ਦੀ ਕੋਸ਼ਿਸ਼ ਲੱਗਾ।

"ਚਲੋ, ਬਾਬੇ," ਉਸਦੀ ਅਵਾਜ਼ 'ਚ ਹੁਕਮ ਵੀ ਸੀ ਤੇ ਪਿਆਰ ਵੀ। "ਭਾੜ 'ਚ ਜਾਵੇ ਪਾਸਪੋਰਟ, ਚਲੋ ਚੱਲੀਏ! ਇਥੋਂ ਸੜਕ 'ਤੇ ਥੋੜੇ ਹੀ ਰਾਤ ਕੱਟਾਂਗੇ।"

" ਮੇਰੇ ਬੱਚੇ, ਮੇਰੇ ਪਿਆਰੇ," ਬੁੱਢਾ ਕਹਿ ਰਿਹਾ ਸੀ। ਉਸਦਾ ਸਾਰਾ ਸਰੀਰ ਕੰਬ ਰਿਹਾ ਸੀ। "ਬੜਾ ਹੀ ਵਧੀਆਂ ਕੁੱਤਾ ਸੀ... ਸਾਡਾ ਆਰਤੋ ... ਦੂਸਰਾ ਅਜਿਹਾ ਕੁੱਤਾ ਨਹੀਂ ਮਿਲੇਗਾ ਸਾਨੂੰ ..."

" ਚੰਗਾ, ਚੰਗਾ ... ਉਠੋ," ਸਰਗੇਈ ਕਹਿ ਰਿਹਾ ਸੀ। "ਲਿਆ ਮੈਂ ਧੂੜ ਝਾੜ ਦਿਆਂ। ਤੂੰ ਤਾਂ ਬਾਬੇ ਬਿਲਕੁਲ ਹੀ ਹਿੰਮਤ ਹਾਰ ਬੈਠਾ।"

ਉਸ ਦਿਨ ਫਿਰ ਉਹਨਾਂ ਨੇ ਕੰਮ ਨਹੀਂ ਕੀਤਾ। ਆਪਣੀ ਛੋਟੀ ਉਮਰ ਦੇ ਬਾਵਜੂਦ ਸਰਗੇਈ ਚੰਗੀ ਤਰ੍ਹਾਂ ਸਮਝਦਾ ਸੀ ਕਿ ਇਹ ਭਿਆਨਕ ਸ਼ਬਦ "ਪਾਸਪੋਰਟ" ਗਰੀਬਾਂ ਦੀ ਜ਼ਿੰਦਗੀ 'ਚ ਕੀ ਮਾਇਨੇ ਰੱਖਦਾ ਹੈ। ਇਸ ਲਈ ਉਸਨੇ ਨਾ ਤਾਂ ਆਰਤੋ ਨੂੰ ਲੱਭਣ, ਨਾ ਹੀ ਹਵਲਦਾਰ ਕੋਲ ਜਾਣ ਦੀ, ਤੇ ਨਾ ਹੀ ਕੋਈ ਹੋਰ ਕਦਮ ਚੁੱਕਣ 'ਤੇ ਜ਼ੋਰ ਲਗਾਇਆ। ਹਾਂ, ਬਾਬੇ ਨਾਲ ਰੈਣਬਸੇਰੇ ਤੱਕ ਜਾਂਦੇ ਹੋਏ ਉਸਦੇ ਚਿਹਰੇ 'ਤੇ ਇੱਕ ਨਵਾਂ, ਇਕਾਗਰਤਾ ਅਤੇ ਹੱਠਧਰਮੀ ਦਾ ਭਾਵ ਬਣਿਆ ਰਿਹਾ, ਜਿਵੇਂ ਕਿ ਉਸ ਨੇ ਮਨ ਹੀ ਮਨ ਵਿੱਚ ਕੋਈ ਗੰਭੀਰ ਅਤੇ ਵੱਡੀ ਯੋਜਨਾ ਬਣਾ ਲਈ ਹੋਵੇ।

ਇੱਕ ਦੂਸਰੇ ਨੂੰ ਕੁਝ ਕਹੇ ਬਿਨਾ, ਪਰ ਇਕ ਹੀ ਇੱਛਾ ਤੋਂ ਪ੍ਰੇਰਿਤ ਹੋ ਕੇ ਉਹਨਾਂ ਨੇ ਕਾਫੀ ਲੰਬਾ ਚੱਕਰ ਲਗਾਇਆ, ਤਾਂ ਕਿ ਇੱਕ ਵਾਰ ਫਿਰ 'ਦੋਸਤੀ ' ਕਲੋਨੀ ਦੇ ਸਾਹਮਣਿਓਂ ਗੁਜ਼ਰ ਸਕਣ। ਉਹ ਫਾਟਕ ਦੇ ਸਾਹਮਣੇ ਕੁਝ ਕੁ ਪਲ ਲਈ ਰੁਕੇ, ਇਸ ਧੁੰਦਲੀ ਜਿਹੀ ਆਸ ਨਾਲ ਕਿ ਸ਼ਾਇਦ ਆਰਤੋ ਨੂੰ ਦੇਖ ਪਾਉਣ ਜਾਂ ਦੂਰ ਤੋਂ ਉਸਦੀ ਅਵਾਜ਼ ਹੀ ਸੁਣਾਈ ਦੇ ਜਾਵੇ।

ਪਰ ਆਲੀਸ਼ਾਨ ਕਲੋਨੀ ਦਾ ਲੋਹੇ ਦਾ ਫਾਟਕ ਬੰਦ ਸੀ ਅਤੇ ਛਾਂਅਦਾਰ ਬਾਗ ਵਿੱਚ ਉਦਾਸ, ਸੁਘੜ ਸਰੂ ਰੁੱਖਾਂ ਥੱਲੇ ਬੇਚੈਨ, ਸੁਗੰਧ ਭਰਿਆ ਸੱਨਾਟਾ ਛਾਇਆ ਹੋਇਆ ਸੀ।

"ਸਾ — ਹ — ਬ — ਜ਼ਾਦੇ!" ਫੁੰਕਾਰਦੀ ਹੋਈ ਆਵਾਜ਼ ਵਿੱਚ ਬੁੱਢੇ ਨੇ ਕਿਹਾ। ਇਸ ਇੱਕ ਸ਼ਬਦ 'ਚ ਉਸਨੇ ਆਪਣੇ ਦਿਲ ਦੀ ਸਾਰੀ ਕੌੜ ਡੋਲ੍ਹ ਦਿੱਤੀ।

"ਛੱਡੋ ਬਾਬੇ, ਚਲੋ ਹੁਣ," ਮੁੰਡੇ ਨੇ ਸਖਤੀ ਨਾਲ ਕਿਹਾ ਅਤੇ ਮਦਾਰੀ ਦੀ ਬਾਂਹ ਖਿੱਚੀ।

"ਸਰਗੇਈ, ਸ਼ਾਇਦ ਆਰਤੋ ਭੱਜ ਜਾਵੇ?" ਬਾਬੇ ਨੇ ਫਿਰ ਸਿਸਕੀ ਭਰੀ। "ਹੈਂ? ਕੀ ਖਿਆਲ ਹੈ ਤੇਰਾ, ਮੁੰਨਾ?"

ਪਰ ਮੁੰਡੇ ਨੇ ਬਾਬੇ ਨੂੰ ਕੋਈ ਜਵਾਬ ਨਹੀਂ ਦਿੱਤਾ। ਉਹ ਮਜ਼ਬੂਤੀ ਨਾਲ ਲੰਬੇ-ਲੰਬੇ ਕਦਮ ਭਰਦਾ ਤੁਰਿਆ ਜਾ ਰਿਹਾ ਸੀ। ਉਹਦੀਆਂ ਅੱਖਾਂ ਜ਼ਮੀਨ 'ਤੇ ਗਡੀਆਂ ਹੋਈਆਂ ਅਤੇ ਪਤਲੇ ਭਰਵੱਟੇ ਸੁੰਗੜੇ ਹੋਏ ਸਨ।

ਚੁੱਪ ਧਾਰੀ ਉਹ ਅਲੂਪਕਾ ਪਹੁੰਚ ਗਏ। ਬਾਬਾ ਸਾਰੇ ਰਸਤੇ ਹੂੰਘਦਾ ਅਤੇ ਹਉਕੇ ਭਰਦਾ ਰਿਹਾ ਸੀ। ਸਰਗੇਈ ਦੇ ਚਿਹਰੇ 'ਤੇ ਕੁੜੱਤਣ ਅਤੇ ਦ੍ਰਿੜ੍ਹ ਸੰਕਲਪ ਦਾ ਭਾਵ ਬਣਿਆ ਹੋਇਆ ਸੀ। ਇੱਕ ਤੁਰਕ ਦੇ ਗੰਦੇ ਕਾਹਵੇਖਾਨੇ ਵਿੱਚ, ਜਿਸਦਾ ਨਾਮ ਬੜਾ ਸ਼ਾਨਦਾਰ ਸੀ 'ਇਲਦੀਜ਼' ਮਤਲਬ 'ਸਿਤਾਰਾ', ਉਹ ਰਾਤ ਕੱਟਣ ਨੂੰ ਠਹਿਰੇ। ਉਹਨਾਂ ਨਾਲ ਕੁਝ ਯੂਨਾਨੀ ਰਾਜਗੀਰ, ਤੁਰਕ ਬੇਲਦਾਰ, ਦਿਹਾੜੀ ਕਰਨ ਵਾਲੇ ਰੂਸੀ ਮਜ਼ਦੂਰ ਅਤੇ ਕੁਝ ਸ਼ੱਕੀ ਅਵਾਰਾ ਲੋਕ ਵੀ, ਜੋ ਵੱਡੀ ਸੰਖਿਆ 'ਚ ਰੂਸ ਦੇ ਦੱਖਣ 'ਚ ਘੁੰਮਦੇ-ਫਿਰਦੇ ਹਨ, ਉਥੇ ਰਾਤ ਕੱਟ ਰਹੇ ਸਨ। ਜਿਵੇਂ ਹੀ ਨਿਸ਼ਚਿਤ ਸਮੇਂ 'ਤੇ ਕਾਹਵਾਖਾਨਾ ਬੰਦ ਹੋਇਆ, ਉਹ ਸਾਰੇ ਕੰਧਾਂ ਦੇ ਨਾਲ ਲੱਗੀਆਂ ਬੈਂਚਾਂ 'ਤੇ ਅਤੇ ਫਰਸ਼ 'ਤੇ ਲੇਟ ਗਏ। ਜੋ ਲੋਕ ਕੁਝ ਅਨੁਭਵੀ ਸਨ ਉਹਨਾਂ ਨੇ ਸਾਵਧਾਨੀ ਵਰਤਦੇ ਹੋਏ ਆਪਣੀ ਜੋ ਕੁਝ ਵੀ ਕੀਮਤੀ ਚੀਜ਼ਾਂ ਜਾਂ ਕੱਪੜਾ-ਲੱਤਾ ਸੀ ਉਸ ਨੂੰ ਸਿਰ ਥੱਲੇ ਰੱਖ ਲਿਆ।

ਰਾਤ ਅੱਧੀ ਤੋਂ ਜ਼ਿਆਦਾ ਬੀਤ ਚੁੱਕੀ ਸੀ। ਬਾਬੇ ਦੇ ਬਗਲ 'ਚ ਫਰਸ਼ 'ਤੇ ਲੇਟਿਆ ਸਰਗੇਈ ਹੌਲੀ ਜਿਹੀ ਉਠਿਆ ਅਤੇ ਜ਼ਰਾ ਵੀ ਸ਼ੋਰ ਨਾ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕਪੜੇ ਪਹਿਨਣ ਲੱਗਾ। ਵੱਡੀਆਂ-ਵੱਡੀਆਂ ਖਿੜਕੀਆਂ ਵਿੱਚੋਂ ਮੰਦ-ਮੰਦ ਚਾਨਣੀ ਆ ਰਹੀ ਸੀ। ਤਿਰਛੀਆਂ ਥਰਥਰਾਉਂਦੀਆਂ ਰਿਸ਼ਮਾਂ ਫਰਸ਼ 'ਤੇ ਫੈਲ ਰਹੀਆਂ ਸਨ, ਗੱਠੜੀ 'ਤੇ ਸੁੱਤੇ ਲੋਕਾਂ 'ਤੇ ਪੈ ਰਹੀਆਂ ਸਨ। ਚਾਨਣੀ 'ਚ ਉਹਨਾਂ ਦੇ ਚਿਹਰੇ ਦੁਖਦ ਅਤੇ ਮ੍ਰਿਤਕ ਜਿਹੇ ਲੱਗ ਰਹੇ ਸਨ।

"ਓਏ, ਛੋਕਰੇ, ਕਿੱਧਰ ਜਾ ਰਿਹਾ ਰਾਤ ਨੂੰ?" ਦਰਵਾਜ਼ੇ ਕੋਲ ਕਾਹਵਾਖਾਨੇ ਦੇ ਮਾਲਕ ਜਵਾਨ ਤੁਰਕ ਇਬਰਾਹੀਮ ਨੇ ਉਨੀਂਦੀ ਅਵਾਜ਼ 'ਚ ਸਰਗੇਈ ਨੂੰ ਟੋਕਿਆ।

"ਜਾਨ ਦੇ, ਕੰਮ ਹੈ!" ਸਰਗੇਈ ਨੇ ਤੇ ਸਖਤੀ ਨਾਲ ਜਵਾਬ ਦਿੱਤਾ। "ਉੱਠ ਵੀ ਨਾ, ਤੁਰਕ-ਤੁਰਕ!"

ਉਬਾਸੀਆਂ ਲੈਂਦੇ, ਖੁਰਕਦੇ ਅਤੇ ਜੀਭ ਨਾਲ ਚ-ਚ ਕਰਦੇ ਇਬਰਾਹੀਮ ਨੇ ਦਰਵਾਜ਼ਾ ਖੋਲ੍ਹ ਦਿੱਤਾ। ਤਾਤਾਰ ਬਜ਼ਾਰ ਦੀਆਂ ਤੰਗ ਗਲੀਆਂ ਵਿੱਚ ਸੰਘਣਾ, ਗਹਿਰਾ ਨੀਲਾ ਪਰਛਾਵਾਂ ਫੈਲਿਆ ਹੋਇਆ ਸੀ, ਸੜਕ ਦੰਦੇਦਾਰ ਵੇਲ-ਬੂਟਿਆਂ ਨਾਲ ਬਣੀ ਲੱਗਦੀ ਸੀ, ਪਰਛਾਵਾਂ ਸਾਹਮਣੇ ਦੇ ਮਕਾਨਾਂ ਦੀਆਂ ਦਹਲੀਜ਼ਾਂ ਤੱਕ ਪਹੁੰਚ ਗਿਆ ਸੀ। ਸਾਹਮਣੇ ਦੇ ਘਰਾਂ ਦੀਆਂ ਹੇਠਲੀਆਂ ਦੀਵਾਰਾਂ ਚਾਨਣੀ ਨਾਲ ਚਮਕ ਰਹੀਆਂ ਸਨ। ਮਹੱਲੇ ਤੋਂ ਪਰ੍ਹੇ ਕਿਤੇ ਕੁੱਤੇ ਭੌਂਕ ਰਹੇ ਸਨ। ਦੂਰ, ਉਪਰ ਦੀ

ਸੜਕ 'ਤੇ ਦੌੜਦੇ ਘੋੜੇ ਦੀਆਂ ਟਾਪਾਂ ਸੁਣਾਈ ਦੇ ਰਹੀਆਂ ਸਨ।

ਹਰੇ ਗੁੰਬਦ ਵਾਲੀ ਚਿੱਟੀ ਮਸਜਿਦ ਹਨੇਰੇ ਸੰਘਣੇ ਸਰੂ ਦੇ ਰੁੱਖਾਂ ਦੇ ਝੁਰਮਟ ਨਾਲ ਘਿਰੀ ਹੋਈ ਸੀ। ਉਸਨੂੰ ਪਾਰ ਕਰਕੇ ਮੁੰਡਾ ਤੇਜ਼ ਢਲਾਣ ਵਾਲੀ ਤੰਗ ਗਲੀ ਤੋਂ ਵੱਡੀ ਸੜਕ 'ਤੇ ਉਤਰ ਆਇਆ। ਜ਼ਿਆਦਾ ਬੋਝ ਨਾ ਹੋਵੇ, ਇਸ ਲਈ ਸਰਗੇਈ ਹੇਠਾਂ ਵਾਲੇ ਕੱਪੜੇ ਪਾਈ ਹੀ ਚਲਾ ਆਇਆ ਸੀ। ਚਾਨਣੀ ਉਸ ਦੀ ਪਿੱਠ 'ਤੇ ਪੈ ਰਹੀ ਸੀ ਤੇ ਉਸਦੇ ਅੱਗੇ-ਅੱਗੇ ਅਜੀਬ ਜਿਹਾ, ਛੋਟਾ ਪਰਛਾਵਾਂ ਦੌੜ ਰਿਹਾ ਸੀ। ਸੜਕ ਦੇ ਦੋਨੋਂ ਪਾਸੇ ਹਨੇਰੀਆਂ ਝਾੜੀਆਂ ਸਨ। ਕੋਈ ਚਿੜੀ ਉਹਨਾਂ ਵਿੱਚ ਸਮਾਨ ਅੰਤਰਾਲ ਨਾਲ ਕੋਮਲ ਸੁਰ ਵਿੱਚ ਚਹਿਕ ਰਹੀ ਸੀ : "ਸੋਊਂ! .. ਸੋਊਂ! .." ਲੱਗਦਾ ਸੀ ਕਿ ਉਹ ਰਾਤ ਦੀ ਚੁੱਪ 'ਚ ਕਿਸੇ ਦੁਖਦ ਰਹੱਸ ਨੂੰ ਲੁਕਾ ਰਹੀ ਹੋਵੇ ਅਤੇ ਨਿਤਾਣੀ ਜਿਹੀ ਨੀਂਦ ਅਤੇ ਥਕਾਵਟ ਨਾਲ ਸੰਘਰਸ਼ ਕਰ ਰਹੀ ਹੋਵੇ ਅਤੇ ਮੱਧਮ-ਮੱਧਮ ਅਵਾਜ਼ ਵਿੱਚ, ਬਿਨਾ ਕਿਸੇ ਆਸ ਦੇ ਕਿਸੇ ਨਾਲ ਸ਼ਿਕਾਇਤ ਕਰ ਰਹੀ ਹੋਵੇ : "ਸੋਊਂ, ਸੋਊਂ! ..." ਹਨੇਰੀਆਂ ਝਾੜੀਆਂ ਦੂਰ ਦੇ ਜੰਗਲ ਦੇ ਨੀਲੇ-ਨੀਲੇ ਸ਼ਿਖਰਾਂ ਉਪਰ ਆਏਪੇਤ੍ਰੀ ਪਰਬਤ ਦੇ ਦੋ ਨੁਕੀਲੇ ਸਿਰੇ ਅਸਮਾਨ ਨੂੰ ਛੂੰਹਦੇ ਲੱਗਦੇ ਸਨ। ਇਹ ਸਾਰਾ ਏਨਾ ਹਲਕਾ-ਫੁਲਕਾ ਲੱਗਦਾ ਸੀ, ਜਿਵੇਂ ਚਾਂਦੀ ਲੱਗੇ ਗੱਤੇ ਦਾ ਬਣਿਆ ਹੋਵੇ।

ਇਸ ਅਲੌਕਿਕ ਸ਼ਾਂਤੀ ਵਿੱਚ ਚੱਲਦਿਆਂ ਸਰਗੇਈ ਦੇ ਮਨ ਵਿੱਚ ਧੱਕ-ਧੱਕ ਹੋ ਰਹੀ ਸੀ, ਪਰ ਨਾਲ ਹੀ ਸਾਰੇ ਸਰੀਰ ਵਿੱਚ ਇੱਕ ਨਸ਼ੀਲੀ ਜਿਹੀ ਨਿਡਰਤਾ ਦਾ ਸੰਚਾਰ ਹੋ ਰਿਹਾ ਸੀ। ਇਕ ਮੋੜ 'ਤੇ ਅਚਾਨਕ ਉਸ ਨੂੰ ਸਮੁੰਦਰ ਦਿਖਿਆ। ਅਸੀਮ ਸ਼ਾਂਤ ਸਾਗਰ ਵਿੱਚ ਤਰੰਗਾ ਉੱਠ ਰਹੀਆਂ ਸਨ। ਖਿਤਿਜ 'ਤੇ ਤੱਟ ਵੱਲ ਪਤਲੀ ਜਿਹੀ, ਥਰਥਰਾਉਂਦੀ ਚਾਂਦੀ ਰੰਗੀ ਪੱਟੀ ਵੱਧਦੀ ਹੋਈ, ਸਮੁੰਦਰ ਦੇ ਵਿੱਚੋਂ-ਵਿੱਚ ਅਲੋਪ ਹੋ ਜਾਂਦੀ, ਬਸ ਕਿਤੇ-ਕਿਤੇ ਹੀ ਝਿਲਮਿਲ ਹੁੰਦੀ, ਤੇ ਫਿਰ ਅਚਾਨਕ ਤੱਟ 'ਤੇ ਪਿਘਲੀ ਚਾਂਦੀ ਫੈਲ ਜਾਂਦੀ।

ਸਰਗੇਈ ਜ਼ਰਾ ਵੀ ਅਵਾਜ਼ ਕੀਤੇ ਬਿਨਾ ਪਾਰਕ ਦੇ ਛੋਟੇ ਜਿਹੇ ਲੱਕੜ ਦੇ ਗੇਟ ਵਿਚੋਂ ਅੰਦਰ ਵੜ ਗਿਆ। ਉਥੇ ਸੰਘਣੇ ਰੁੱਖਾਂ ਥੱਲੇ ਬਿਲਕੁਲ ਹਨੇਰਾ ਸੀ। ਦੂਰੋਂ ਅਥੱਕ ਝਰਨੇ ਦੀ ਕਲਕਲ ਸੁਣਾਈ ਦੇ ਰਹੀ ਸੀ ਤੇ ਉਸ ਨਾਲ ਠੰਡੀਆਂ ਨਮ ਹਵਾਵਾਂ ਆ ਰਹੀਆਂ ਸਨ। ਪੁਲ ਦੀਆਂ ਲੱਕੜੀਆਂ 'ਤੇ ਪੈਰਾਂ ਦੀ ਠਕ-ਠਕ ਹੋਈ। ਪੁਲ ਥੱਲੇ ਪਾਣੀ ਕਾਲਾ ਅਤੇ ਸ਼ਾਨਦਾਰ ਸੀ। ਆਖਰ ਉਹ ਲੋਹੇ ਦਾ, ਲੇਸ ਵਰਗੇ ਵੇਲ-ਬੂਟਿਆਂ ਵਾਲਾ ਫਾਟਕ ਵੀ ਆ ਗਿਆ। ਫਾਟਕ ਦੇ ਦੋਵੇਂ ਪਾਸੇ ਵੇਲ ਲੱਗੀ ਹੋਈ ਸੀ। ਰੁੱਖਾਂ ਦੇ ਝੁਰਮਟ ਤੋਂ ਛਣ ਕੇ ਆਉਂਦੀ ਚਾਨਣੀ ਫਾਟਕ ਦੇ ਵੇਲ-ਬੂਟਿਆਂ 'ਤੇ ਕਿਤੇ-ਕਿਤੇ ਚਮਕ ਰਹੀ ਸੀ। ਫਾਟਕ ਦੇ ਦੂਸਰੇ ਪਾਸੇ ਹਨੇਰਾ ਸੀ ਅਤੇ ਸੱਨਾਟਾ, ਚੁੱਪ ਸੀ ਲੱਗਦਾ ਸੀ ਆਵਾਜ਼ ਨਾਲ ਖੜਾਕ ਹੋ ਜਾਏਗਾ।

ਕੁਝ ਪਲਾਂ ਲਈ ਸਰਗੇਈ ਦੇ ਮਨ ਵਿੱਚ ਸ਼ੰਕਾ ਆ ਗਈ, ਉਸ ਨੂੰ ਡਰ ਹੀ ਲੱਗਣ ਲੱਗ ਪਿਆ। ਪਰ ਉਸ ਨੇ ਆਪਣੀ ਇਸ ਕਮਜ਼ੋਰੀ 'ਤੇ ਕਾਬੂ ਕਰ ਲਿਆ ਅਤੇ ਬੁੜਬੜਾਇਆ :

"ਨਹੀਂ, ਜੋ ਵੀ ਹੋਵੇ, ਮੈਂ ਚੜ੍ਹ ਜਾਵਾਂਗਾ।"

ਚੜ੍ਹਨਾ ਉਸ ਲਈ ਮੁਸ਼ਕਿਲ ਨਹੀਂ ਸੀ। ਫਾਟਕ ਦੇ ਵੇਲ-ਬੂਟੇ ਉਸਦੇ ਲਚਕੀਲੇ ਹੱਥਾਂ ਤੇ

ਮਜ਼ਬੂਤ ਪੈਰਾਂ ਦੇ ਲਈ ਚੰਗਾ ਸਹਾਰਾ ਸਨ। ਫਾਟਕ ਉਪਰ ਇਕ ਖੰਭੇ ਤੋਂ ਦੂਸਰੇ ਤੱਕ ਪੱਥਰ ਦੀ ਚੌੜੀ ਡਾਟ ਬਣੀ ਹੋਈ ਸੀ। ਸਰਗੇਈ ਟੋਹੰਦਾ-ਟੋਹੰਦਾ ਉਸ ’ਤੇ ਚੜ੍ਹ ਗਿਆ, ਫਿਰ ਪੇਟ ਦੇ ਭਾਰ ਲੇਟ ਕੇ ਉਸਨੇ ਲੱਤਾਂ ਅੰਦਰ ਵੱਲ ਖਿੱਚੀਆਂ ਅਤੇ ਹੇਠਾਂ ਕਰ ਦਿੱਤੀਆਂ ਅਤੇ ਹੌਲੀ-ਹੌਲੀ ਸਾਰਾ ਧੜ ਹੇਠਾਂ ਕਰਨ ਲੱਗਾ, ਨਾਲ ਹੀ ਉਹ ਪੈਰਾਂ ਨਾਲ ਆਸਰਾ ਟੋਹੰਦਾ ਜਾ ਰਿਹਾ ਸੀ। ਇਸ ਤਰ੍ਹਾਂ ਉਹ ਡਾਟ ਦੇ ਦੂਸਰੇ ਪਾਸੇ ਲਟਕ ਗਿਆ, ਬਸ ਉਂਗਲੀਆਂ ਦੇ ਸਿਰਿਆਂ ਨਾਲ ਉਸ ਨੇ ਡਾਟ ਨੂੰ ਫੜਿਆ ਹੋਇਆ ਸੀ, ਪਰ ਉਸ ਦੇ ਪੈਰਾਂ ਨੂੰ ਕੋਈ ਟੇਕ ਨਹੀਂ ਮਿਲ ਰਹੀ ਸੀ। ਤਦ ਉਹ ਇਹ ਨਹੀਂ ਸਮਝ ਸਕਦਾ ਸੀ ਕਿ ਮੈਂ ਡਾਟ ਬਾਹਰ ਦੇ ਮੁਕਾਬਲੇ ਅੰਦਰ ਵੱਲ ਜ਼ਿਆਦਾ ਵਧੀ ਹੈ। ਉਸਦੀਆਂ ਬਾਹਵਾਂ ਸੁੰਨ ਹੁੰਦੀਆਂ ਜਾ ਰਹੀਆਂ ਸਨ ਅਤੇ ਨਿਰਬਲ ਹੋ ਗਿਆ ਸਰੀਰ ਭਾਰਾ ; ਮਨ ਵਿੱਚ ਡਰ ਸਮਾਉਂਦਾ ਜਾ ਰਿਹਾ ਸੀ।

ਆਖਰ ਉਹ ਹੋਰ ਨਾ ਸਹਿ ਸਕਿਆ। ਨੁਕੀਲੇ ਕਿਨਾਰੇ ’ਤੇ ਜੰਮੀਆਂ ਉਸਦੀਆਂ ਉਗਲੀਆਂ ਫਿਸਲ ਗਈਆਂ ਅਤੇ ਉਹ ਤੇਜ਼ੀ ਨਾਲ ਹੇਠਾਂ ਡਿੱਗ ਗਿਆ।

ਉਸਨੇ ਰੋੜੀ ਦੀ ਸਰਸਰਾਹਟ ਸੁਣੀ ਅਤੇ ਗੋਡਿਆਂ ’ਚ ਤੇਜ਼ ਦਰਦ ਮਹਿਸੂਸ ਕੀਤਾ। ਕੁਝ ਪਲ ਲਈ ਉਹ ਹੱਥਾਂ ਪੈਰਾਂ ਦੇ ਭਾਰ ਪਿਆ ਰਿਹਾ, ਡਿਗਣ ਨਾਲ ਉਹ ਸੁੰਨ ਹੋ ਗਿਆ ਸੀ। ਉਸ ਨੂੰ ਲਗ ਰਿਹਾ ਸੀ ਕਿ ਕਲੋਨੀ ਵਿੱਚ ਹੁਣੇ ਸਭ ਜਾਗ ਜਾਣਗੇ, ਗੁਲਾਬੀ ਕਮੀਜ਼ ਪਾਈ ਜਮਾਂਦਾਰ ਦੌੜਿਆ ਆਵੇਗਾ, ਹੰਗਾਮਾ ਮਚ ਜਾਵੇਗਾ ... ਪਰ ਪਹਿਲਾਂ ਵਾਂਗ ਹੀ ਬਾਗ ਵਿਚ ਗਹਿਰਾ ਸੱਨਾਟਾ ਛਾਇਆ ਹੋਇਆ ਸੀ। ਬਸ, ਸਾਰੇ ਬਾਗ ਵਿਚ ਅਜੀਬ ਜਿਹੀ ਸਾਂਅ-ਸਾਂਅ ਹੋ ਰਹੀ ਸੀ।

“ਓਹ, ਇਹ ਤਾਂ ਮੇਰੇ ਕੰਨਾਂ ਵਿੱਚ ਸ਼ੋਰ ਹੋ ਰਿਹਾ ਹੈ!” ਸਰਗੇਈ ਆਖਰ ਸਮਝ ਗਿਆ। ਉਹ ਖੜ੍ਹਾ ਹੋ ਗਿਆ। ਸਭ ਕੁਝ ਅਲੋਕਿਕ, ਰਹੱਸਮਈ ਅਤੇ ਬਹੁਤ ਸੁੰਦਰ ਸੀ, ਸੁਗੰਧਿਤ ਸੁਪਨਲੋਕ ਸੀ। ਹਨੇਰੇ ਵਿੱਚ ਮੁਸ਼ਕਿਲ ਨਾਲ ਦਿਖ ਰਹੇ ਫੁੱਲ ਹੌਲੀ-ਹੌਲੀ ਡੋਲ ਰਹੇ ਸਨ, ਜਿਵੇਂ ਇੱਕ ਦੂਸਰੇ ਦੇ ਕੰਨਾਂ ਵਿੱਚ ਕੁਝ ਕਹਿ ਰਹੇ ਹੋਣ, ਚੁਪ-ਚੁਪੀਤੇ ਦੇਖ ਰਹੇ ਸਨ ਅਤੇ ਅਸਪੱਸ਼ਟ ਜਿਹੀ ਚਿੰਤਾ ਨਾਲ ਸਿਰ ਹਿਲਾ ਰਹੇ ਸਨ। ਹਨੇਰੇ, ਸੁਘੜ, ਸੁਗੰਧਿਤ ਸਰੂ ਹੌਲੀ-ਹੌਲੀ ਆਪਣੇ ਨੁਕੀਲੇ ਸਿਖਰ ਹਿਲਾ ਰਹੇ ਸਨ, ਜਿਵੇਂ ਵਿਚਾਰਮਗਨ ਕਿਸੇ ਗੱਲ ਦਾ ਉਲ੍ਹਾਮਾ ਦੇ ਰਹੇ ਸਨ। ਝਰਨੇ ਦੇ ਪਾਰ ਝਾੜੀਆਂ ਦੇ ਝੁਰਮਟ ਵਿੱਚ ਨੰਨ੍ਹੀ ਜਿਹੀ ਥੱਕੀ ਹੋਈ ਚਿੜੀ ਨੀਂਦ ਨਾਲ ਜੂਝ ਰਹੀ ਸੀ ਅਤੇ ਨਿਰਾਸ਼, ਸ਼ਿਕਾਇਤ ਕਰਦੀ ਜਿਹੀ ਦੁਹਰਾਅ ਰਹੀ ਸੀ :

“ਸੋਉਂ! .. ਸੋਉਂ! .. ਸੋਉਂ! ..”

ਰਾਤ ਨੂੰ ਪਗਡੰਡੀਆਂ ’ਤੇ ਉਲਝੇ ਪਰਛਾਵਿਆਂ ਵਿੱਚ ਸਰਗੇਈ ਇਸ ਜਗ੍ਹਾ ਨੂੰ ਪਹਿਚਾਣ ਹੀ ਨਾ ਪਾਇਆ। ਉਹ ਬੜੀ ਦੇਰ ਤੱਕ ਸਰਸਰ ਕਰਦੀ ਰੋੜੀ ’ਤੇ ਭਟਕਦਾ ਰਿਹਾ ਤੇ ਆਖਰ ਮਕਾਨ ਕੋਲ ਪਹੁੰਚ ਗਿਆ।

ਜੀਵਨ ਵਿੱਚ ਪਹਿਲਾਂ ਕਦੇ ਵੀ ਮੁੰਡੇ ਨੇ ਅਜਿਹਾ ਨਹੀਂ ਲਗਿਆ ਸੀ ਕਿ ਉਹ ਏਨਾ ਬੇਵੱਸ ਹੈ, ਇਕੱਲਾ ਹੈ। ਉਸ ਨੂੰ ਲੱਗ ਰਿਹਾ ਸੀ ਕਿ ਇਸ ਵਿਸ਼ਾਲ ਘਰ ਵਿੱਚ ਦੁਸ਼ਮਣ ਲੁਕੇ ਬੈਠੇ ਹਨ, ਜਿਨ੍ਹਾਂ ਨੇ ਦੁਸ਼ਟਤਾ ਭਰੀ ਮੁਸਕਾਨ ਨਾਲ ਹਨੇਰੀਆਂ ਖਿੜਕੀਆਂ ਵਿੱਚੋਂ ਛੋਟੇ ਜਿਹੇ, ਦੁਰਬਲ ਮੁੰਡੇ

ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖੇ ਹੋਈ ਹੈ। ਇਹ ਦੁਸ਼ਮਣ ਚੁਪਚਾਪ ਬੇਸਬਰੀ ਨਾਲ ਕਿਸੇ ਸੰਕੇਤ ਦੀ, ਕਿਸੇ ਦੇ ਗੁਸੈਲੇ, ਜ਼ੋਰਦਾਰ ਹੁਕਮ ਦੀ ਉਡੀਕ ਕਰ ਰਹੇ ਸਨ।

"ਨਹੀਂ, ਘਰ ਵਿੱਚ ਨਹੀਂ ... ਘਰ ਵਿੱਚ ਉਹ ਨਹੀਂ ਹੋ ਸਕਦਾ!" ਸਰਗੇਈ ਜਿਵੇਂ ਕਿ ਸੁਪਨੇ ਵਿੱਚ ਬੁੜਬੁੜਾਇਆ। "ਘਰ ਵਿੱਚ ਉਹ ਚੂਕੇਗਾ, ਤੰਗ ਕਰੇਗਾ ..."

ਉਸਨੇ ਬੰਗਲੇ ਦਾ ਚੱਕਰ ਲਗਾਇਆ। ਪਿਛਲੇ ਪਾਸੇ ਖੁੱਲ੍ਹੇ ਵਿਹੜੇ ਵਿੱਚ ਕੁਝ ਮਮੂਲੀ ਜਿਹੀਆਂ ਇਮਾਰਤਾਂ ਸਨ, ਸ਼ਾਇਦ ਨੌਕਰਾਂ ਲਈ। ਵੱਡੇ ਘਰ ਵਾਂਗ ਹੀ ਇਥੇ ਵੀ ਕਿਸੇ ਵੀ ਖਿੜਕੀ 'ਚੋਂ ਰੋਸ਼ਨੀ ਨਹੀਂ ਸੀ ; ਬਸ ਹਨੇਰੇ ਸ਼ੀਸ਼ਿਆਂ ਵਿੱਚ ਚਾਨਣੀ ਹੀ ਧੁੰਦਲੀ ਜਿਹੀ ਚਮਕ ਰਹੀ ਸੀ। "ਹੁਣ ਕਦੇ ਵੀ ਇੱਥੋਂ ਨਹੀਂ ਨਿਕਲ ਪਾਵਾਂਗਾ। ਕਦੇ ਵੀ ਨਹੀਂ!" ਡੂੰਘੀ ਉਦਾਸੀ ਨਾਲ ਸਰਗੇਈ ਨੇ ਸੋਚਿਆ। ਕੁਝ ਪਲ ਲਈ ਬਾਬਾ, ਪੁਰਾਣੀ ਪਟਾਰੀ, ਕਾਹਵੇਖਾਨੇ 'ਚ ਰੈਣਬਸੇਰੇ, ਸ਼ੀਤਲ ਚਸ਼ਮੇ ਕੋਲ ਖਾਣਾ — ਇਹ ਸਭ ਉਸ ਨੂੰ ਯਾਦ ਆ ਗਿਆ। "ਹੁਣ ਇਹ ਸਭ ਕਦੇ ਵੀ ਨਹੀਂ ਹੋਵੇਗਾ," ਸਰਗੇਈ ਨੇ ਮਨ ਹੀ ਮਨ ਵਿੱਚ ਦੁਖ ਨਾਲ ਕਿਹਾ। ਪਰ ਉਸ ਦੇ ਵਿਚਾਰਾਂ ਵਿੱਚ ਜਿੰਨੀ ਅਧਿਕ ਨਿਰਾਸ਼ਾ ਆਉਂਦੀ ਜਾ ਰਹੀ ਸੀ, ਓਨਾ ਹੀ ਉਸਦੇ ਮਨ ਵਿੱਚ ਮਰ-ਮਿਟਣ ਦਾ ਸ਼ਾਂਤ, ਕੌੜਾ ਸੰਕਲਪ ਵੱਧਦਾ ਜਾ ਰਿਹਾ ਸੀ।

ਅਚਾਨਕ ਉਸਦੇ ਕੰਨਾਂ ਦੇ ਵਿੱਚ ਆਹ ਜਿਹੀ ਚਿਚਲਾਹਟ ਟਕਰਾਈ। ਮੁੰਡਾ ਠਠੰਬਰ ਗਿਆ, ਸਾਹ ਰੋਕੀ ਉਹ ਪੰਜਿਆਂ ਦੇ ਭਾਰ ਤਣ ਕੇ ਖੜ੍ਹਾ ਹੋ ਗਿਆ। ਫਿਰ ਉਹੀ ਆਵਾਜ਼ ਆਈ। ਲੱਗਦਾ ਸੀ ਕਿ ਉਸ ਤਹਿਖਾਨੇ ਵਿਚੋਂ ਆ ਰਹੀ ਸੀ, ਜਿਸ ਕੋਲ ਸਰਗੇਈ ਖੜ੍ਹਾ ਸੀ ਅਤੇ ਜਿਸ ਵਿੱਚ ਹਵਾ ਆਉਣ-ਜਾਣ ਲਈ ਛੋਟੇ-ਛੋਟੇ, ਚਕੋਰ ਝਰੋਖੇ ਬਣੇ ਹੋਏ ਸਨ। ਕੁਝ ਫੁੱਲਾਂ 'ਤੇ ਪੈਰ ਰੱਖਦਾ ਹੋਇਆ ਸਰਗੇਈ ਦੀਵਾਰ ਕੋਲ ਗਿਆ, ਇੱਕ ਝਰੋਖੇ ਕੋਲ ਮੂੰਹ ਲੈ ਜਾ ਕੇ ਸੀਟੀ ਵਜਾਈ। ਹੇਠਾਂ ਕਿਤੇ ਹੌਲੀ ਜਿਹੀ ਆਹਟ ਹੋਈ, ਪਰ ਉਸੇ ਪਲ ਸ਼ਾਂਤ ਹੋ ਗਈ।

"ਆਰਤੋ! ਆਰਤੋ!" ਸਰਗੇਈ ਨੇ ਕੰਬਦੀ ਅਵਾਜ਼ ਵਿੱਚ ਫੁਸਫਸਾਉਂਦਿਆਂ ਪੁਕਾਰਿਆ।

ਸਾਰੇ ਬਾਗ ਵਿੱਚ ਜ਼ੋਰ-ਜ਼ੋਰ ਨਾਲ ਭੌਂਕਣ ਦੀ ਆਵਾਜ਼ ਗੂੰਜ ਉੱਠੀ। ਇਸ ਅਵਾਜ਼ ਵਿੱਚ ਖੁਸ਼ੀ ਵੀ ਸੀ ਅਤੇ ਸ਼ਿਕਾਇਤ ਵੀ, ਕੁੜੱਤਣ ਵੀ ਅਤੇ ਸਰੀਰਕ ਵੇਦਨਾ ਦੀ ਭਾਵਨਾ ਵੀ। ਸਰਗੇਈ ਨੂੰ ਸੁਣਾਈ ਦੇ ਰਿਹਾ ਸੀ ਕਿ ਹਨੇਰੇ ਤਹਿਖਾਨੇ ਵਿੱਚ ਕੁੱਤਾ ਪੂਰਾ ਜ਼ੋਰ ਲਗਾ ਕੇ ਕਿਸੇ ਚੀਜ਼ ਤੋਂ ਛੁੱਟਣ ਦੀ ਕੋਸ਼ਿਸ਼ ਕਰ ਰਿਹਾ ਹੈ।

"ਆਰਤੋ, ਮੇਰੇ ਕੁੱਤੇ, ਆਰਤੋ," ਰੋਣਹਾਕੀ ਅਵਾਜ਼ ਵਿੱਚ ਮੁੰਡਾ ਵੀ ਕਹੀ ਜਾ ਰਿਹਾ ਸੀ।

"ਧੱਤ, ਕੰਬਖਤ ਕਿਤੇ ਦਾ!" ਰੁਖੀ ਅਵਾਜ਼ ਵਿੱਚ ਕੋਈ ਚੀਕਿਆ।

ਤਹਿਖਾਨੇ ਵਿੱਚ ਕੁਝ ਟਕਰਾਇਆ। ਕੁੱਤਾ ਰੁਕ-ਰੁਕ ਕੇ ਜ਼ੋਰ ਨਾਲ ਭੌਂਕਣ ਲੱਗਾ।

"ਮਾਰ ਨਾ, ਮੋਏ, ਨਾ ਮਾਰ ਕੁੱਤੇ ਨੂੰ," ਪੱਥਰ ਦੀ ਦੀਵਾਰ ਨੂੰ ਨਹੁੰਆਂ ਨਾਲ ਖਰੌਂਚਦਿਆਂ ਸਰਗੇਈ ਚੀਕ ਪਿਆ।

ਫਿਰ ਜੋ ਕੁਝ ਹੋਇਆ, ਉਸਦੀ ਸਰਗੇਈ ਨੂੰ ਧੁੰਦਲੀ ਜਿਹੀ ਹੀ ਯਾਦ ਸੀ, ਜਿਵੇਂ ਕਿ ਬੁਖਾਰ ਦੀ ਬੇਸੁੱਧੀ ਵਿੱਚ ਸਭ ਕੁਝ ਹੋਇਆ। ਤਹਿਖਾਨੇ ਦਾ ਦਰਵਾਜ਼ਾ ਖੜਖੜਾ ਕੇ ਖੁਲ੍ਹ ਗਿਆ ਅਤੇ

ਜਮਾਂਦਾਰ ਦੌੜਿਆ-ਦੌੜਿਆ ਬਾਹਰ ਆਇਆ। ਉਸਨੇ ਕੇਵਲ ਅੰਦਰੂਨੀ ਕੱਪੜੇ ਪਾਏ ਹੋਏ ਸਨ। ਨੰਗੇ ਪੈਰ, ਦੜੀਅਲ, ਚਿਹਰੇ 'ਤੇ ਪੈਂਦੀ ਚਾਨਣੀ ਨਾਲ ਪੀਲਾ ਜਮਾਂਦਾਰ ਸਰਗੇਈ ਨੂੰ ਰਾਖਸ਼ ਜਿਹਾ ਲੱਗਿਆ।

"ਕੌਣ ਹੈ? ਕੌਣ ਹੈ?" ਬਿਜਲੀ ਵਾਂਗ ਉਸਦੀ ਆਵਾਜ਼ ਕੜਕੀ। "ਫੜੋ-ਫੜੋ। ਚੋਰ! ਚੋਰ!"

ਉਸੇ ਪਲ ਖੁਲ੍ਹੇ ਦਰਵਾਜ਼ੇ ਦੇ ਹਨੇਰੇ ਵਿਚੋਂ ਉਛਲਦੇ ਸਫੇਦ ਗੋਲੇ ਵਾਂਗ ਆਰਤੋ ਭੌਂਕਦਾ ਹੋਇਆ ਬਾਹਰ ਆਇਆ। ਉਸਦੀ ਗਰਦਨ 'ਤੇ ਰੱਸੀ ਦਾ ਟੁਕੜਾ ਲਟਕ ਰਿਹਾ ਸੀ।

ਮੁੰਡੇ ਨੂੰ ਤਾਂ ਹੁਣ ਕੁੱਤੇ ਦੀ ਹੋਸ਼ ਨਹੀਂ ਸੀ। ਜਮਾਂਦਾਰ ਦੀ ਡਰਾਉਣੀ ਮੂਰਤ ਨਾਲ ਉਹ ਡਰ ਗਿਆ, ਪੈਰ ਜਿਵੇਂ ਕਾਠ ਦੇ ਹੋ ਗਏ, ਸਾਰੇ ਸਰੀਰ ਨੂੰ ਲਕਵਾ ਮਾਰ ਗਿਆ। ਪਰ ਖੁਸ਼ਕਿਸਮਤੀ ਨਾਲ ਇਹ ਜੜ੍ਹਤਾ ਜ਼ਿਆਦਾ ਦੇਰ ਨਾ ਰਹੀ। ਸਰਗੇਈ ਨੇ ਅਣਜਾਣੇ ਵਿੱਚ ਹੀ ਤਿੱਖੀ, ਲੰਬੀ ਚੀਕ ਮਾਰੀ ਅਤੇ ਸਿਰ 'ਤੇ ਪੈਰ ਰੱਖ ਕੇ ਤਹਿਖਾਨੇ ਤੋਂ ਦੂਰ ਭੱਜਿਆ, ਰਸਤਾ ਤਾਂ ਉਸਨੂੰ ਦਿਖ ਨਹੀਂ ਰਿਹਾ ਸੀ, ਅੰਦਾਜ਼ੇ ਨਾਲ ਹੀ ਦੌੜ ਪਿਆ।

ਉਹ ਹਿਰਨ ਵਾਂਗ ਜਲਦੀ-ਜਲਦੀ ਅਤੇ ਜ਼ੋਰ ਨਾਲ ਜਮੀਨ 'ਤੇ ਪੈਰ ਮਾਰਦਾ ਦੌੜਦਾ ਜਾ ਰਿਹਾ ਸੀ। ਲੱਤਾਂ ਉਸਦੀਆਂ ਅਚਾਨਕ ਏਨੀਆਂ ਮਜ਼ਬੂਤ ਹੋ ਗਈਆਂ ਸਨ, ਜਿਵੇਂ ਕਿ ਦੋ ਫੌਲਾਦੀ ਸਪ੍ਰਿੰਗ ਹੋਣ। ਉਸਦੇ ਨਾਲ ਹੀ ਖੁਸ਼ੀ ਨਾਲ ਭੌਂਕਦਾ ਆਰਤੋ ਦੌੜ ਰਿਹਾ ਸੀ। ਪਿੱਛੇ-ਪਿੱਛੇ ਰੇਤ 'ਤੇ ਜ਼ੋਰ-ਜ਼ੋਰ ਨਾਲ ਧਮਕਦਾ ਜਮਾਂਦਾਰ ਆ ਰਿਹਾ ਸੀ, ਗੁੱਸੇ ਵਿੱਚ ਗਾਲ੍ਹਾਂ ਕੱਢ ਰਿਹਾ ਸੀ।

ਦੌੜਦੇ-ਦੌੜਦੇ ਹੀ ਸਰਗੇਈ ਫਾਟਕ ਤੱਕ ਜਾ ਪਹੁੰਚਿਆ, ਅਤੇ ਪਲ 'ਚ ਹੀ ਸੋਚ ਕੇ ਨਹੀਂ, ਬਲਕਿ ਅੰਤਰ-ਪ੍ਰੇਰਣਾ ਨਾਲ ਹੀ ਇਹ ਸਮਝ ਗਿਆ ਕਿ ਇੱਥੇ ਰਸਤਾ ਨਹੀਂ ਹੈ। ਪੱਥਰਾਂ ਦੀ ਦੀਵਾਰ ਅਤੇ ਉਸਦੇ ਨਾਲ ਨਾਲ ਲੱਗੇ ਸਰੂ ਰੁੱਖਾਂ ਦੇ ਵਿਚਕਾਰ ਤੰਗ ਜਿਹਾ ਹਨੇਰਾ ਛੇਕ ਸੀ। ਕੁਝ ਸੋਚੇ-ਸਮਝੇ ਬਿਨਾਂ ਕੇਵਲ ਡਰ ਦੀ ਭਾਵਨਾ ਨਾਲ ਪ੍ਰੇਰਿਤ ਸਰਗੇਈ ਹੇਠਾਂ ਝੁਕਿਆ ਅਤੇ ਉਸ ਵਿੱਚ ਵੜ ਗਿਆ, ਦੀਵਾਰ ਦੇ ਨਾਲ-ਨਾਲ ਦੌੜਣ ਲੱਗਾ। ਸਰੂ ਦੀਆਂ ਕੰਢਿਆਂ ਵਾਲੀਆਂ ਪੱਤੀਆਂ ਉਸਦੇ ਚਿਹਰੇ 'ਤੇ ਜ਼ੋਰ-ਜ਼ੋਰ ਨਾਲ ਚੁਭ ਰਹੀਆਂ ਸਨ। ਉਹ ਰੁੱਖਾਂ ਦੀਆਂ ਜੜ੍ਹਾਂ ਨਾਲ ਟਕਰਾ ਜਾਂਦਾ, ਡਿੱਗਦਾ, ਹੱਥ ਖੂਨੋ-ਖੂਨ ਹੋ ਜਾਂਦੇ, ਪਰ ਉਹ ਤੁਰੰਤ ਹੀ ਉੱਠ ਖੜ੍ਹਾ ਹੁੰਦਾ, ਪੀੜ ਤੱਕ ਨਾ ਮਹਿਸੂਸ ਕਰਦਾ ਅਤੇ ਅੱਗੇ ਦੌੜਣ ਲੱਗਦਾ। ਉਹ ਮੁੜ ਕੇ ਦੋਹਰਾ ਹੀ ਹੋ ਗਿਆ ਸੀ, ਆਪਣੀ ਚੀਕ ਤੱਕ ਉਸਨੂੰ ਸੁਣਾਈ ਨਹੀਂ ਦੇ ਰਹੀ ਸੀ। ਆਰਤੋ ਉਸ ਦੇ ਪਿੱਛੇ-ਪਿੱਛੇ ਦੌੜ ਰਿਹਾ ਸੀ।

ਇਸ ਤਰ੍ਹਾਂ ਉਹ ਇੱਕ ਪਾਸੇ ਉੱਚੀ ਕੰਧ ਤੇ ਦੂਸਰੇ ਪਾਸੇ ਸਰੂ ਦੇ ਰੁੱਖਾਂ ਦੀਆਂ ਸੰਘਣੀ ਕਤਾਰ ਨਾਲ ਬਣੇ ਗਲਿਆਰੇ ਵਿੱਚ ਦੌੜ ਰਿਹਾ ਸੀ — ਅਸੀਮ ਫੰਦੇ ਵਿੱਚ ਫਸੇ, ਬੌਖਲਾਏ ਹੋਏ ਛੋਟੇ ਜਿਹੇ ਜਾਨਵਰ ਵਾਂਗ। ਉਸਦਾ ਗਲਾ ਸੁੱਕ ਗਿਆ ਅਤੇ ਹਰ ਸਾਹ ਨਾਲ ਛਾਤੀ ਵਿੱਚ ਹਜ਼ਾਰਾਂ ਸੂਈਆਂ ਚੁੱਭਦੀਆਂ ਸਨ। ਜਮਾਂਦਾਰ ਦੀ ਧੱਮ-ਧੱਮ ਕਦੇ ਸੱਜੇ ਪਾਸਿਓਂ ਆਉਂਦੀ ਤੇ ਕਦੇ ਖੱਬੇ ਪਾਸੇ ਤੋਂ। ਬਦਹਵਾਸ ਹੋਇਆ ਮੁੰਡਾ ਕਦੀ ਅੱਗੇ ਦੌੜਦਾ, ਕਦੀ ਪਿੱਛੇ, ਕਈ ਵਾਰ ਉਹ ਗੇਟ ਦੇ ਸਾਹਮਣਿਓਂ ਗੁਜ਼ਰਿਆ, ਹਨੇਰੇ, ਤੰਗ ਛੇਦ ਵਿੱਚ ਵੜ ਗਿਆ।

ਆਖਰ ਸਰਗੇਈ ਨਿਢਾਲ ਹੋ ਗਿਆ। ਡਰੇ ਹੋਏ ਮਨ ਵਿੱਚ ਨਿਰਾਸ਼ਾ ਸਮਾਉਣ ਲੱਗੀ, ਉਹ

ਹਰ ਤਰ੍ਹਾਂ ਦੇ ਖਤਰੇ ਤੋਂ ਉਦਾਸੀਨ ਜਿਹਾ ਹੁੰਦਾ ਜਾ ਰਿਹਾ ਸੀ। ਉਹ ਰੁੱਖ ਥੱਲੇ ਬੈਠ ਗਿਆ, ਆਪਣਾ ਥਕਾਵਟ ਨਾਲ ਚੂਰ-ਚੂਰ ਸਰੀਰ ਤਣੇ ਨਾਲ ਟਿਕਾਇਆ ਅਤੇ ਅੱਖਾਂ ਬੰਦ ਕਰ ਲਈਆਂ। ਦੁਸ਼ਮਣ ਦੇ ਭਾਰੇ ਕਦਮਾਂ ਥਲ੍ਹੇ ਰੇਤ ਦੀ ਸਰਸਰਾਹਟ ਕੋਲ ਹੀ ਆਉਂਦੀ ਜਾ ਰਹੀ ਸੀ। ਆਰਤੋ ਸਰਗੇਈ ਦੇ ਗੋਡਿਆਂ ਵਿੱਚ ਥੁਥਨੀ ਨੱਪ ਕੇ ਹੌਲੀ ਜਿਹੀ ਚੂਕ ਰਿਹਾ ਸੀ।

ਮੁੰਡੇ ਤੋਂ ਦੋ ਕਦਮ ਦੂਰ ਟਹਿਣੀਆਂ ਨੂੰ ਹੱਥ ਨਾਲ ਹਟਾਉਣ ਦੀ ਅਵਾਜ਼ ਆਈ। ਸਰਗੇਈ ਨੇ ਸਹਿਜੇ ਹੀ ਅੱਖਾਂ ਉਪਰ ਚੁੱਕੀਆਂ ਤੇ ਅਚਾਨਕ ਅਸੀਮ ਖੁਸ਼ੀ ਤੇ ਭਰਪੂਰ ਇਕ ਝਟਕੇ ਨਾਲ ਉਛਲ ਕੇ ਖੜ੍ਹਾ ਹੋ ਗਿਆ। ਹੁਣ ਕਿਤੇ ਉਸ ਨੇ ਦੇਖਿਆ ਸੀ ਕਿ ਜਿਸ ਜਗ੍ਹਾ ਉਹ ਬੈਠਾ ਸੀ, ਉਸਦੇ ਸਾਹਮਣੇ ਦੀਵਾਰ ਨੀਵੀਂ ਹੀ ਸੀ, ਚਾਰ ਫੁੱਟ ਤੋਂ ਜ਼ਿਆਦਾ ਨਹੀਂ। ਹਾਂ, ਉਸ ਉਪਰ ਕੱਚ ਲੱਗਾ ਹੋਇਆ ਸੀ, ਪਰ ਸਰਗੇਈ ਨੇ ਇਸ ਬਾਰੇ ਨਹੀਂ ਸੋਚਿਆ। ਪਲਕ ਝਪਕਦਿਆਂ ਹੀ ਉਸ ਨੇ ਆਰਤੋ ਨੂੰ ਧੜ ਤੋਂ ਚੁੱਕਿਆ ਤੇ ਉਸਦੀ ਅਗਲੀਆਂ ਲੱਤਾਂ ਦੀਵਾਰ ’ਤੇ ਰੱਖ ਦਿੱਤੀਆਂ। ਚਤੁਰ ਕੁੱਤਾ ਤੁਰੰਤ ਹੀ ਸਭ ਕੁਝ ਸਮਝ ਗਿਆ। ਉਹ ਜਲਦੀ ਨਾਲ ਦੀਵਾਰ ’ਤੇ ਚੜ੍ਹ ਗਿਆ, ਪੂਛ ਹਿਲਾਉਣ ਲੱਗਾ ਅਤੇ ਜਿੱਤ ਦੇ ਸੁਰ ਨਾਲ ਭੌਂਕਣ ਲੱਗਾ।

ਉਸ ਦੇ ਪਿੱਛੇ-ਪਿੱਛੇ ਸਰਗੇਈ ਵੀ ਦੀਵਾਰ ’ਤੇ ਚੜ੍ਹ ਗਿਆ, ਠੀਕ ਉਸੇ ਵਕਤ ਜਦੋਂ ਸਰੂ ਦੀਆਂ ਟਹਿਣੀਆਂ ਨੂੰ ਹਟਾ ਕੇ ਵਿਸ਼ਾਲ, ਕਾਲੀ ਅਕ੍ਰਿਤੀ ਪ੍ਰਗਟ ਹੋਈ। ਦੋ ਲਚਕੀਲੇ, ਫੁਰਤੀਲੇ ਸਰੀਰ ਤੇਜ਼ੀ ਨਾਲ ਸੜਕ ’ਤੇ ਕੁੱਦ ਗਏ। ਉਹਨਾਂ ਦੇ ਪਿੱਛੇ ਬੱਦਲਾਂ ਦੀ ਗੜਗੜਾਹਟ ਵਾਂਗ ਗੰਦੀਆਂ-ਗੰਦੀਆਂ ਗਾਲ੍ਹਾਂ ਸੁਣਾਈ ਦੇ ਰਹੀਆਂ ਸਨ।

ਪਤਾ ਨਹੀਂ ਕਿਉਂ ਜਮਾਂਦਾਰ ਇਹਨਾਂ ਦੋ ਦੋਸਤਾਂ ਵਰਗਾ ਫੁਰਤੀਲਾ ਨਹੀਂ ਸੀ ਉਹ ਬਾਗ ਵਿੱਚ ਦੌੜਦਾ-ਦੌੜਦਾ ਥੱਕ ਗਿਆ ਸੀ, ਜਾਂ ਉਸ ਨੂੰ ਉਮੀਦ ਨਹੀਂ ਸੀ ਕਿ ਇਹਨਾਂ ਭਗੌੜਿਆਂ ਨੂੰ ਫੜ ਪਾਵੇਗਾ, ਜੋ ਵੀ ਹੋਵੇ ਉਸਨੇ ਉਹਨਾਂ ਦਾ ਪਿੱਛਾ ਨਹੀਂ ਕੀਤਾ। ਪਰ ਫਿਰ ਵੀ ਉਹ ਦੋਵੇਂ ਕਾਫੀ ਦੇਰ ਤੱਕ ਦੌੜਦੇ ਚਲੇ ਗਏ, ਅਜ਼ਾਦੀ ਦੀ ਖੁਸ਼ੀ ਨਾਲ ਜਿਵੇਂ ਉਹਨਾਂ ਨੂੰ ਖੰਭ ਲੱਗ ਗਏ ਸਨ। ਕੁੱਤਾ ਜਲਦੀ ਹੀ ਨਿਸ਼ਚਿੰਤ ਹੋ ਗਿਆ, ਪਰ ਸਰਗੇਈ ਅਜੇ ਵੀ ਡਰਿਆ-ਡਰਿਆ ਪਿੱਛੇ ਮੁੜ ਕੇ ਦੇਖ ਰਿਹਾ ਸੀ। ਆਰਤੋ ਉਸਦੇ ਉਪਰ ਕੁੱਦ ਰਿਹਾ ਸੀ, ਖੁਸ਼ੀ ਨਾਲ ਕੰਨ ਅਤੇ ਰੱਸੀ ਦਾ ਟੁਕੜਾ ਹਿਲਾਉਂਦਾ ਹੋਇਆ ਉਹ ਇਕਦਮ ਉਛਲ ਕੇ ਮੁੰਡੇ ਦੇ ਐਨ ਬੁੱਲ੍ਹਾਂ ’ਤੇ ਹੀ ਆਪਣੀ ਜੀਭ ਫੇਰ ਲੈਂਦਾ।

ਚਸ਼ਮੇ ਕੋਲ ਹੀ, ਉਸੇ ਜਗ੍ਹਾ ਜਿਥੇ ਦਿਨੇ ਉਹਨਾਂ ਨੇ ਬਾਬੇ ਨਾਲ ਰੋਟੀ ਖਾਧੀ ਸੀ, ਮੁੰਡੇ ਦੀ ਜਾਨ ਵਿੱਚ ਜਾਨ ਆਈ। ਇਕੱਠਿਆਂ ਹੀ ਠੰਡੇ ਚਸ਼ਮੇ ਵਿੱਚ ਮੂੰਹ ਲਗਾ ਕੇ ਕੁੱਤਾ ਅਤੇ ਇਨਸਾਨ ਬੜੀ ਦੇਰ ਤੱਕ ਤਾਜ਼ਾ, ਮਿੱਠਾ ਪਾਣੀ ਪੀਂਦੇ ਰਹੇ।

ਉਹ ਇੱਕ ਦੂਸਰੇ ਨੂੰ ਧਕੇਲ ਦੇ, ਪਲ ਭਰ ਲਈ ਸਿਰ ਉਪਰ ਚੁੱਕ ਕੇ ਸਾਹ ਲੈਂਦੇ, ਉਹਨਾਂ ਦੇ ਬੁੱਲ੍ਹਾਂ ਤੋਂ ਟੱਪ-ਟੱਪ ਬੂੰਦਾਂ ਡਿੱਗਦੀਆਂ ਅਤੇ ਫਿਰ ਤੋਂ ਉਹ ਚਸ਼ਮੇ ਵਿੱਚ ਮੂੰਹ ਲਗਾ ਲੈਂਦੇ, ਹਾਬੜੇ ਹੀ ਪਾਣੀ ਪੀਣ ਲੱਗਦੇ। ਆਖਰ ਜਦੋਂ ਹੋਰ ਨਾ ਪੀਤਾ ਗਿਆ ਤਾਂ ਉਹ ਅੱਗੇ ਚੱਲ ਪਏ, ਉਹਨਾਂ ਦੇ ਢਿੱਡਾਂ ਵਿੱਚ ਪਾਣੀ ਦੀ ਗੁੜਗੁੜ ਹੋ ਰਹੀ ਸੀ। ਖਤਰਾ ਟਲ ਗਿਆ ਸੀ, ਇਸ ਰਾਤ ਦੇ ਸਾਰੇ

ਡਰਾਂ ਦਾ ਹੁਣ ਨਾਮੋਨਿਸ਼ਾਨ ਨਹੀਂ ਸੀ ਰਿਹਾ ਤੇ ਉਹ ਦੋਨੋਂ ਖੁਸ਼ੀ-ਖੁਸ਼ੀ, ਮਜ਼ੇ ਨਾਲ ਚਾਨਣੀ ਵਿੱਚ ਚਮਕਦੀ ਸੜਕ 'ਤੇ ਤੁਰੇ ਜਾ ਰਹੇ ਸਨ। ਦੋਨੋਂ ਪਾਸੇ ਦੀਆਂ ਹਨੇਰੀਆਂ ਝਾੜੀਆਂ ਤੋਂ ਸਵੇਰ ਦੀ ਤਾਜ਼ਗੀ ਅਤੇ ਤ੍ਰੇਲ ਨਾਲ ਭਿੱਜੀਆਂ ਪੱਤੀਆਂ ਦੀ ਮਿੱਠੀ ਸੁਗੰਧ ਆ ਰਹੀ ਸੀ।

'ਇਲਦੀਜ਼' ਕਾਹਵੇਖਾਨੇ ਵਿੱਚ ਇਬਰਾਹੀਮ ਮੁੰਡੇ ਨੂੰ ਉਲ੍ਹਾਮਾ ਦਿੰਦਿਆਂ ਬੁੜਬੜਾਇਆ : "ਓਏ, ਛੋਕਰੇ, ਕਿਥੇ ਘੁੰਮਦਾ ਰਹਿੰਦਾ ਹੈ ਤੂੰ? ਬੜੀ ਬੁਰੀ ਗੱਲ ਹੈ ..."

ਸਰਗੇਈ ਬਾਬੇ ਨੂੰ ਜਗਾਉਣਾ ਨਹੀਂ ਸੀ ਚਾਹੁੰਦਾ, ਪਰ ਉਸ ਦੀ ਜਗ੍ਹਾ ਆਰਤੋ ਨੇ ਅਜਿਹਾ ਕੀਤਾ। ਫਰਸ਼ 'ਤੇ ਗੱਠਰੀਆਂ ਵਾਂਗ ਪਏ ਸਰੀਰਾਂ ਵਿੱਚੋਂ ਉਸਨੇ ਝੱਟ ਹੀ ਬਾਬੇ ਨੂੰ ਲੱਭ ਲਿਆ ਤੇ ਉਹ ਹੋਸ਼ ਵਿੱਚ ਆਉਂਦਾ, ਇਸ ਤੋਂ ਪਹਿਲਾਂ ਹੀ ਖੁਸ਼ੀ ਨਾਲ ਚੂਕਦਿਆਂ ਉਸ ਦੇ ਗੱਲ੍ਹਾਂ, ਅੱਖਾਂ, ਨੱਕ, ਮੂੰਹ ਚੱਟਣ ਲੱਗਾ। ਬਾਬਾ ਜਾਗ ਗਿਆ, ਕੁੱਤੇ ਦੀ ਗਰਦਨ 'ਤੇ ਲਟਕ ਦੀ ਰੱਸੀ ਦੇਖੀ, ਆਪਣੇ ਕੋਲ ਹੀ ਲੇਟੇ, ਧੂੜ ਨਾਲ ਲੱਥ-ਪੱਥ ਮੁੰਡੇ ਨੂੰ ਦੇਖਿਆ ਅਤੇ ਸਭ ਕੁਝ ਸਮਝ ਗਿਆ। ਉਹ ਸਰਗੇਈ ਤੋਂ ਕੁਝ ਪੁੱਛਣਾ ਚਾਹੁੰਦਾ ਸੀ, ਪਰ ਕੋਈ ਗੱਲ ਨਾ ਬਣੀ। ਮੁੰਡਾ ਹੱਥ ਫੈਲਾਈ, ਮੂੰਹ ਖੋਲ੍ਹੀ ਸੌਂ ਰਿਹਾ ਸੀ।

*

**ਫ਼ਿਓਦਰ ਦਾਸਤੋਵਸਕੀ**

# ਪਰਾਏ ਆਲ੍ਹਣੇ 'ਚ



ਘੰਟਾ ਦੋ ਜਾਂ ਬਲਕਿ ਤਿੰਨ ਸੈਕਿੰਡ ਵਿੱਚ ਹੀ ਇੱਕ ਵਾਰ ਜ਼ੋਰ ਨਾਲ ਅਤੇ ਬਿਲਕੁਲ ਸਪੱਸ਼ਟ ਵਜ ਰਿਹਾ ਸੀ, ਪਰ ਉਹ ਮੁਨਾਦੀ ਦਾ ਘੰਟਾ ਨਹੀਂ ਸੀ, ਇਹ ਤਾਂ ਇੱਕ ਪਿਆਰਾ ਨਾਦ ਸੀ, ਜੋ ਮੱਧਮ ਤਾਲ ਵਿੱਚ ਗੂੰਜ ਰਿਹਾ ਸੀ। ਅਚਾਨਕ ਮੈਨੂੰ ਲੱਗਿਆ ਕਿ ਇਹ ਤਾਂ ਜਾਣਿਆ-ਪਹਿਚਾਣਿਆ ਨਾਦ ਹੈ, ਕਿ ਸੰਤ ਨਿਕੋਲਸ ਦੇ ਗਿਰਜੇ 'ਚ ਘੰਟਾ ਵਜ ਰਿਹਾ ਹੈ। ਮਾਸਕੋ ਦਾ ਇਹ ਪੁਰਾਣਾ ਲਾਲ ਗਿਰਜਾ ਸਾਡੇ ਬੋਰਡਿੰਗ ਸਕੂਲ ਦੇ ਸਾਹਮਣੇ ਹੀ ਸੀ, ਜ਼ਾਰ ਐਲੇਕਸੇਈ ਮਿਖਾਇਲਵਿਚ ਨੇ ਇਸ ਨੂੰ ਬਣਵਾਇਆ ਸੀ — ਵੇਲ-ਬੂਟੇਦਾਰ, ਬਹੁਤ ਸਾਰੇ ਗੁੰਬਦਾਂ ਅਤੇ ਸਤੰਭਾਂ ਵਾਲਾ ਗਿਰਜਾ। ਮੈਨੂੰ ਇਹ ਵੀ ਖਿਆਲ ਆਇਆ ਕਿ ਹੁਣੇ-ਹੁਣੇ ਈਸਟਰ ਹਫ਼ਤਾ ਬੀਤਿਆ ਹੈ ਅਤੇ ਹੁਣ ਸਕੂਲ ਦੇ ਬਗੀਚੇ ਵਿੱਚ ਪਤਲੇ-ਪਤਲੇ ਭੋਜ ਦਰੱਖਤਾਂ 'ਤੇ ਨਵੀਂਆਂ-ਨਵੀਂਆਂ ਨਿਕਲੀਆਂ ਹਰੀਆਂ-ਹਰੀਆਂ ਪੱਤੀਆਂ ਕੰਬ ਰਹੀਆਂ ਹੋਣੀਆਂ। ਅਜਿਹਾ ਹੀ ਇੱਕ ਦਿਨ ਸੀ ਉਦੋਂ। ਸਾਡੀ ਕਲਾਸ ਵਿੱਚ ਢਲਦੀ ਦੁਪਹਿਰ ਦੀ ਤਿਰਛੀ ਧੁੱਪ ਪੈ ਰਹੀ ਸੀ। ਕਲਾਸ ਦੇ ਖੱਬੇ ਪਾਸੇ ਵਾਲੇ ਛੋਟੇ ਜਿਹੇ ਕਮਰੇ ਵਿੱਚ, ਜਿਥੇ ਸਾਲ ਪਹਿਲਾਂ ਤੁਸ਼ਾਰ ਨੇ ਮੈਨੂੰ ਕਾਊਂਟਾਂ ਅਤੇ ਸੀਨੇਟਰਾਂ ਦੇ ਬੱਚਿਆਂ ਤੋਂ ਅਲੱਗ ਲੈ ਜਾ ਕੇ

ਰਖਿਆ ਸੀ, ਇੱਕ ਮਹਿਮਾਨ ਬੈਠੀ ਸੀ। ਹਾਂ, ਹਾਂ, ਮੈਂ ਕਿਸੇ ਉਚੇ ਘਰਾਣੇ ਦਾ ਨਹੀਂ ਸਾਂ, ਤਾਂ ਵੀ ਮੇਰੇ ਕੋਲ ਇੱਕ ਔਰਤ ਆਈ ਸੀ। ਜਦੋਂ ਤੋਂ ਮੈਂ ਤੁਸ਼ਾਰ ਕੋਲ ਰਹਿ ਰਿਹਾ ਸੀ, ਪਹਿਲੀ ਵਾਰ ਮੈਨੂੰ ਮਿਲਣ ਕੋਈ ਆਇਆ ਸੀ। ਜਿਵੇਂ ਹੀ ਉਹ ਅੰਦਰ ਆਈ ਸੀ ਮੈਂ ਉਸਨੂੰ ਪਹਿਚਾਣ ਗਿਆ ਸੀ : ਇਹ ਮੇਰੀ ਮਾਂ ਸੀ, ਹਾਲਾਂਕਿ ਉਸ ਦਿਨ ਤੋਂ ਜਦੋਂ ਪਿੰਡ ਦੇ ਗਿਰਜੇ ਵਿੱਚ ਉਹਨਾਂ ਨੇ ਮੈਨੂੰ ਯੁਖਾਰਿਸਤ ਦਿਲਵਾਇਆ ਸੀ ਅਤੇ ਗੁੰਬਦ ਦੇ ਥੱਲੇ ਇੱਕ ਕਬੂਤਰ ਉੱਡਿਆ ਸੀ, ਮੈਂ ਉਸ ਨੂੰ ਕਦੇ ਨਹੀਂ ਸੀ ਵੇਖਿਆ। ਅਸੀਂ ਦੋਵੇਂ ਇਕੱਲੇ ਬੈਠੇ ਸੀ ਅਤੇ ਮੈਂ ਉਸ ਨੂੰ ਅੱਖਾਂ ਚੁਰਾ ਕੇ ਅਜੀਬ ਤਰੀਕੇ ਨਾਲ ਘੂਰ ਰਿਹਾ ਸੀ। ਬਾਅਦ ਵਿੱਚ, ਕਈ ਸਾਲ ਬਾਅਦ ਮੈਨੂੰ ਪਤਾ ਚੱਲਿਆ ਸੀ ਕਿ ਉਦੋਂ ਉਹ ਆਪਣੀ ਮਰਜ਼ੀ ਨਾਲ, ਜਿਨਾਂ ਲੋਕਾਂ ਦੀ ਸੁਰੱਖਿਆ 'ਚ ਉਹਨਾਂ ਨੂੰ ਰਖਿਆ ਗਿਆ ਸੀ ਉਹਨਾਂ ਤੋਂ ਚੋਰੀ-ਚੋਰੀ ਹੀ ਮਾਸਕੋ ਆਈ ਸੀ, ਹਾਲਾਂਕਿ ਉਹਨਾਂ ਕੋਲ ਪੈਸੇ ਵੀ ਬਹੁਤ ਥੋੜ੍ਹੇ ਸਨ, ਤਾਂ ਵੀ ਉਹ ਸਿਰਫ ਮੈਨੂੰ ਦੇਖਣ ਲਈ ਹੀ ਆਈ ਸੀ। ਇਹ ਵੀ ਇੱਕ ਅਜੀਬ ਗੱਲ ਸੀ ਕਿ ਅੰਦਰ ਆ ਕੇ ਅਤੇ ਤੁਸ਼ਾਰ ਨਾਲ ਗੱਲ ਕਰਨ ਤੋਂ ਬਾਅਦ ਉਸ ਨੇ ਮੈਨੂੰ ਇੱਕ ਸ਼ਬਦ ਵੀ ਨਹੀਂ ਕਿਹਾ ਕਿ ਉਹ ਮੇਰੀ ਮਾਂ ਹੈ। ਉਹ ਮੇਰੇ ਕੋਲ ਬੈਠੀ ਸੀ, ਅਤੇ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਉਹ ਏਨਾ ਘੱਟ ਬੋਲਦੀ ਹੈ। ਉਹ ਆਪਣੇ ਨਾਲ ਇੱਕ ਗੱਠੜੀ ਲਿਆਈ ਸੀ। ਉਹਨੇ ਗੱਠਰੀ ਖੋਲ੍ਹੀ, ਉਸ ਵਿੱਚ ਛੇ ਮਾਲਟੇ ਕੁਝ ਪ੍ਰਿਆਨਿਕ ( ਸ਼ਹਿਦ, ਮੁਰੱਬੇ ਆਦਿ ਨਾਲ ਬਣਾਏ ਜਾਣ ਵਾਲੇ ਰੂਸੀ ਬਿਸਕੁਟ ) ਅਤੇ ਦੋ ਮਮੂਲੀ ਫਰੈਂਚ ਬਨ। ਮੈਨੂੰ ਉਹਨਾਂ ਦਾ ਫਰੈਂਚ 'ਚ ਬਨ ਲਿਆਉਣਾ ਚੰਗਾ ਨਾ ਲੱਗਿਆ, ਤੇ ਮੈਂ ਭੈੜਾ ਜਿਹਾ ਮੂੰਹ ਬਣਾ ਕੇ ਕਿਹਾ ਕਿ ਸਾਨੂੰ ਇੱਥੇ ਭੋਜਨ ਬਹੁਤ ਵਧੀਆ ਮਿਲਦਾ ਹੈ ਅਤੇ ਸਾਨੂੰ ਉਥੇ ਰੋਜ਼ਾਨਾ ਚਾਹ ਨਾਲ ਫਰੈਂਚ ਬਨ ਮਿਲਦੇ ਹਨ।

"ਕੋਈ ਗੱਲ ਨਹੀਂ, ਬੇਟਾ, ਮੈਂ ਤਾਂ ਆਪਣੀ ਨਾਦਾਨੀ ਵਿੱਚ ਸੋਚ ਰਹੀ ਸੀ ਕਿ ਸ਼ਾਇਦ ਉਹਨਾਂ ਨੂੰ ਉਥੇ ਸਕੂਲ ਵਿੱਚ ਖਾਣਾ ਚੰਗਾ ਨਾ ਮਿਲਦਾ ਹੋਵੇ। ਬੁਰਾ ਨਾ ਮੰਨੀ, ਬੱਚੇ।"

"ਜੀ, ਉਹ ਅੰਤਨੀਨਾ ਵਸੀਲਯੇਵਨਾ ( ਤੁਸ਼ਾਰ ਦੀ ਪਤਨੀ ) ਨੂੰ ਵੀ ਬੁਰਾ ਲੱਗੇਗਾ। ਤੇ ਸਾਥੀ ਵੀ ਮੇਰਾ ਮਜ਼ਾਕ ਉਡਾਉਣਗੇ ..."

"ਤਾਂ, ਨਹੀਂ ਲਵੇਂਗਾ ਕੀ? ਲੈ ਲੈ, ਖਾ ਲਵੀਂ।"

"ਅੱਛਾ, ਰਹਿਣ ਦਿਓ ..."

ਉਹਨਾਂ ਦੀ ਸੁਗਾਤ ਨੂੰ ਮੈਂ ਹੱਥ ਤੱਕ ਨਾ ਲਗਾਇਆ ; ਮਾਲਟੇ ਅਤੇ ਪ੍ਰਿਆਨਿਕ ਮੇਰੇ ਸਾਹਮਣੇ ਮੇਜ਼ 'ਤੇ ਰੱਖੇ ਸਨ ਤੇ ਮੈਂ ਅੱਖਾਂ ਝੁਕਾਈ, ਪਰ ਬੜੀ ਅਣਖ ਦੀ ਭਾਵਨਾ ਨਾਲ ਕੋਲ ਬੈਠਾ ਹੋਇਆ ਸੀ।

ਕੀ ਪਤਾ, ਹੋ ਸਕਦਾ ਹੈ, ਮੇਰਾ ਉਦੋਂ ਇਹ ਲੁਕਾਉਣ ਦਾ ਬਿਲਕੁਲ ਵੀ ਮਨ ਨਾ ਰਿਹਾ ਹੋਵੇ ਕਿ ਉਹਨਾਂ ਦੇ ਇੰਜ ਮਿਲਣ ਆਉਣ ਨਾਲ ਦੂਸਰੇ ਮੁੰਡਿਆ ਸਾਹਮਣੇ ਸ਼ਰਮਿੰਦਾ ਹਾਂ ; ਜਾਂ ਘੱਟ ਤੋਂ ਘੱਟ ਉਹਨਾਂ ਨੂੰ ਇਹ ਜਤਾਉਣਾ ਚਾਹੀਦਾ ਸੀ ਤਾਂ ਕਿ ਸਮਝ ਜਾਣ ਕਿ : ਦੇਖੋ, ਤੁਹਾਡੇ ਕਾਰਨ ਮੇਰਾ ਅਪਮਾਨ ਹੋ ਰਿਹਾ ਹੈ ਅਤੇ ਤੁਸੀਂ ਆਪ ਵੀ ਇਹ ਨਹੀਂ ਸਮਝਦੇ ਹੋ।" ਓਹ, ਮੈਂ ਉਹਨਾਂ ਦਿਨਾਂ 'ਚ ਤੁਸ਼ਾਰ ਦੇ ਮਗਰ-ਮਗਰ ਬੁਰਸ਼ ਚੁੱਕੀ ਚਲਦਾ ਸੀ, ਉਸਦੇ ਕੋਟ ਦੀ ਧੂੜ ਝਾੜਦਾ ਸੀ!

ਮੈਂ ਇਹ ਵੀ ਕਲਪਨਾ ਕਰ ਰਿਹਾ ਸੀ ਕਿ ਮਾਂ ਦੇ ਜਾਂਦਿਆਂ ਹੀ ਮੈਨੂੰ ਮੁੰਡਿਆਂ ਤੋਂ ਕਿਹੋ ਜਿਹੀਆਂ ਗੱਲਾਂ ਸੁਣਨੀਆਂ ਪੈਣਗੀਆਂ ਤੇ ਹੋ ਸਕਦਾ ਹੈ, ਖੁਦ ਤੁਸ਼ਾਰ ਵੀ ਮੇਰਾ ਮਜ਼ਾਕ ਉਡਾਵੇ। ਸੋ ਮੇਰੇ ਮਨ ਵਿੱਚ ਮਾਂ ਲਈ ਰੱਤੀ ਭਰ ਵੀ ਹਮਦਰਦੀ ਨਹੀਂ ਸੀ। ਕਨਖੀਆਂ 'ਚੋਂ ਮੈਂ ਉਸ ਦਾ ਪੁਰਾਣਾ ਜਿਹਾ, ਗਾੜ੍ਹੇ ਰੰਗ ਦਾ ਲਿਬਾਸ ਦੇਖ ਰਿਹਾ ਸੀ, ਉਸ ਦੇ ਹੱਥ ਕਿੰਨੇ ਖੁਰਦਰੇ ਸਨ – ਮਜ਼ਦੂਰਾਂ ਵਰਗੇ, ਤੇ ਜੁੱਤੀਆਂ ਤਾਂ ਬਿਲਕੁਲ ਹੀ ਘਟੀਆ ਸਨ ; ਚਿਹਰਾ ਕਮਜ਼ੋਰ ਹੋ ਗਿਆ ਸੀ, ਮੱਥੇ 'ਤੇ ਝੁਰੜੀਆਂ ਪੈਣ ਲੱਗੀਆਂ ਸਨ । ਹਾਂ, ਇਹ ਸੱਚ ਹੈ ਕਿ ਬਾਅਦ ਵਿੱਚ, ਮਾਂ ਦੇ ਚਲੇ ਜਾਣ 'ਤੇ ਸ਼ਾਮ ਨੂੰ ਅੰਤਨੀਨਾ ਵਸੀਲਯੇਵਨਾ ਨੇ ਕਿਹਾ ਸੀ : "ਤੇਰੀ ਮਾਂ ਜ਼ਰੂਰ ਹੀ ਕਦੀ ਦੇਖਣ ਵਿੱਚ ਖਾਸੀ ਚੰਗੀ ਰਹੀ ਹੋਵੇਗੀ"।

ਇਸ ਤਰ੍ਹਾਂ ਹੀ ਅਸੀਂ ਬੈਠੇ ਹੋਏ ਸਾਂ ਅਤੇ ਅਚਾਨਕ ਨੌਕਰਾਨੀ ਅਗਾਫਿਆ ਟ੍ਰੇਅ ਲੈ ਕੇ ਅੰਦਰ ਆਈ। ਟ੍ਰੇਅ 'ਤੇ ਕੌਫ਼ੀ ਦਾ ਕੱਪ ਰਖਿਆ ਹੋਇਆ ਸੀ। ਦੁਪਹਿਰ ਦੇ ਖਾਣੇ ਤੋਂ ਬਾਅਦ ਦਾ ਸਮਾਂ ਸੀ ਤੇ ਇਸ ਸਮੇਂ ਤੁਸ਼ਾਰ ਦੰਪਤੀ ਹਮੇਸ਼ਾਂ ਆਪਣੀ ਬੈਠਕ ਵਿੱਚ ਕੌਫ਼ੀ ਪੀਂਦੇ ਸਨ। ਪਰ ਮਾਂ ਨੇ ਧੰਨਵਾਦ ਕਿਹਾ ਅਤੇ ਕੌਫ਼ੀ ਨਹੀਂ ਲਈ। ਬਾਅਦ ਵਿੱਚ ਮੈਨੂੰ ਪਤਾ ਚੱਲਿਆ ਕਿ ਉਹਨਾਂ ਦਿਨਾਂ ਵਿੱਚ ਉਹ ਕੌਫ਼ੀ ਬਿਲਕੁਲ ਹੀ ਨਹੀਂ ਪੀਂਦੀ ਸੀ, ਕਿਉਂਕਿ ਉਸ ਨਾਲ ਉਹਨਾਂ ਦਾ ਜੀਅ ਘਬਰਾਉਣ ਲੱਗਦਾ ਸੀ। ਗੱਲ ਇਹ ਸੀ ਕਿ ਤੁਸ਼ਾਰ ਅਤੇ ਉਸ ਦੀ ਪਤਨੀ ਮਨ ਹੀ ਮਨ, ਇਹ ਸੋਚ ਰਹੇ ਸਨ ਕਿ ਮਾਂ ਨੂੰ ਮੈਨੂੰ ਮਿਲਣ ਦੀ ਇਜਾਜ਼ਤ ਦੇ ਕੇ ਉਹਨਾਂ ਨੇ ਬਹੁਤ ਵੱਡਾ ਉਪਕਾਰ ਕੀਤਾ ਹੈ, ਇਸ ਲਈ ਮਾਂ ਲਈ ਕੌਫ਼ੀ ਦਾ ਕੱਪ ਭੇਜਣਾ ਤਾਂ ਉਹਨਾਂ ਦੀ ਮਨੁੱਖਤਾ ਦੀ ਵੀਰਤਾ ਹੀ ਸੀ, ਜੋ ਉਹਨਾਂ ਦੀ ਸਭਿਅਤਾ ਅਤੇ ਯੂਰਪੀ ਚਾਲ-ਚਲਣ ਲਈ ਅਤਿਅੰਤ ਮਾਨ ਦੀ ਗੱਲ ਸੀ। ਤੇ ਮਾਂ ਨੇ ਜਿਵੇਂ ਕਿ ਜਾਣ-ਬੁਝ ਕੇ ਕੌਫ਼ੀ ਲਈ ਇਨਕਾਰ ਕਰ ਦਿੱਤਾ। ਮੈਨੂੰ ਤੁਸ਼ਾਰ ਕੋਲ ਬੁਲਾਇਆ ਗਿਆ, ਤੇ ਉਸਨੇ ਇਹ ਆਗਿਆ ਦਿੱਤੀ ਕਿ ਮੈਂ ਆਪਣੀ ਸਾਰੀਆਂ ਕਾਪੀਆਂ ਅਤੇ ਪੁਸਤਕਾਂ ਲੈ ਜਾ ਕੇ ਮਾਂ ਨੂੰ ਦਿਖਾਵਾਂ, ਤਾਂ ਕਿ "ਉਹ ਦੇਖ ਲਵੇ ਕਿ ਮੈਂ ਸਕੂਲ ਵਿੱਚ ਕਿੰਨਾ ਗਿਆਨ ਹਾਸਲ ਕੀਤਾ ਹੈ"। ਤਦੇ ਅੰਤਨੀਨਾ ਨੇ ਬੁੱਲ੍ਹ ਪਸੀਜ਼ ਕੇ ਅਤੇ ਮੂੰਹ ਬਣਾਉਂਦਿਆਂ ਮਖੌਲ ਦੇ ਸੁਰ ਵਿੱਚ ਕਿਹਾ :

"ਲੱਗਦਾ ਹੈ ਤੁਹਾਡੀ ਮਾਂ ਨੂੰ ਸਾਡੀ ਕੌਫ਼ੀ ਪਸੰਦ ਨਹੀਂ ਆਈ।"

ਮੈਂ ਕਾਪੀਆਂ ਚੁੱਕੀਆਂ ਅਤੇ ਮਾਂ ਨੂੰ ਦਿਖਾਉਣ ਲੈ ਗਿਆ। ਕਲਾਸ ਵਿੱਚ ਕਾਉਂਟਾਂ ਅਤੇ ਸਿਨੇਟਰਾਂ ਦੇ ਬੱਚੇ ਝੁੰਡ ਬਣਾਈ ਖੜ੍ਹੇ ਸਨ ਤੇ ਚੋਰੀ-ਚੋਰੀ ਮੇਰੇ ਕਮਰੇ ਵਿੱਚ ਝਾਕ ਰਹੇ ਸਨ। ਮੈਨੂੰ ਤੁਸ਼ਾਰ ਦੀ ਆਗਿਆ ਦੀ ਅੱਖਰ-ਅੱਡਾ-ਘੋੜੀ-ਅੱਖਰ ਪਾਲਨਾ ਕਰਨੀ ਚੰਗੀ ਹੀ ਲੱਗੀ। ਮੈਂ ਇੱਕ-ਇੱਕ ਕਰਕੇ ਕਾਪੀਆਂ ਖੋਲ੍ਹੀਆਂ ਅਤੇ ਦੱਸਣ ਲੱਗਾ : "ਇਹ ਦੇਖੋ — ਇਹ ਫਰਾਂਸੀਸੀ ਵਿਆਕਰਨ ਦਾ ਪਾਠ ਹੈ, ਇਹ ਇਮਲਾ ਅਸੀਂ ਲਿਖੀ ਹੈ, ਇਹ ਰਹੇ ਕਿਰਿਆਵਾਂ ਦੇ ਰੂਪ, ਇਹ ਭੂਗੋਲ ਦੀ ਕਾਪੀ ਹੈ, ਯੂਰਪ ਦੇ ਪ੍ਰਮੁੱਖ ਨਗਰਾਂ ਅਤੇ ਸੰਸਾਰ ਦੇ ਸਾਰੇ ਭਾਗਾਂ ਦਾ ਵਰਨਣ," ਆਦਿ। ਅੱਧੇ ਘੰਟੇ ਤੱਕ ਮੈਂ ਇਕਸੁਰ, ਮੱਧਮ ਅਵਾਜ਼ ਵਿੱਚ ਦਸਦਾ ਗਿਆ ਅਤੇ ਸਾਰਾ ਸਮਾਂ ਬੜੇ ਸਾਊ ਬੱਚੇ ਵਾਂਗ ਅੱਖਾਂ ਝੁਕਾਈ ਰਿਹਾ। ਮੈਂ ਜਾਣਦਾ ਸੀ ਕਿ ਮਾਂ ਦੀ ਸਮਝ ਵਿੱਚ ਇਹ ਸਭ ਨਹੀਂ ਆਉਂਦਾ, ਹੋ ਸਕਦਾ ਹੈ ਉਸ ਨੂੰ ਪੜ੍ਹਨਾ-ਲਿਖਣਾ ਵੀ ਨਾ ਆਉਂਦਾ ਹੋਵੇ, ਪਰ ਮੈਨੂੰ ਆਪਣੀ ਇਹ





ਭੂਮਿਕਾ ਬਹੁਤ ਵਧੀਆ ਲੱਗ ਰਹੀ ਸੀ। ਪਰ ਮੈਂ ਉਸ ਨੂੰ ਥਕਾ ਨਾ ਸਕਿਆ — ਉਹ ਸੁਣਦੀ ਜਾ ਰਹੀ ਸੀ, ਇੱਕ ਵਾਰ ਵੀ ਮੈਨੂੰ ਟੋਕਿਆ ਨਹੀਂ, ਬੜੇ ਧਿਆਨ ਨਾਲ ਅਤੇ ਆਦਰ ਭਾਵ ਨਾਲ ਸੁਣਦੀ ਰਹੀ। ਆਖਰ ਮੈਂ ਖੁਦ ਹੀ ਅੱਕ ਗਿਆ ਤੇ ਮੈਂ ਬੋਲਣਾ ਬੰਦ ਕਰ ਦਿੱਤਾ। ਹਾਂ, ਮਾਂ ਦੀਆਂ ਅੱਖਾਂ ਵਿੱਚ ਉਦੋਂ ਉਦਾਸੀ ਸੀ ਅਤੇ ਚਿਹਰਾ ਤਰਸ ਭਰਿਆ।

ਆਖਰ ਉਹ ਜਾਣ ਲਈ ਉੱਠ ਖੜ੍ਹੀ ਹੋਈ। ਅਚਾਨਕ ਤੁਸ਼ਾਰ ਅੰਦਰ ਆ ਗਿਆ ਅਤੇ ਆਕੜ ਜਿਹੀ ਨਾਲ ਪੁੱਛਣ ਲੱਗਾ : "ਕੀ ਤੁਸੀਂ ਆਪਣੇ ਪੁੱਤਰ ਦੀ ਸਫਲਤਾ ਤੋਂ ਸੰਤੁਸ਼ਟ ਹੋ?" ਮਾਂ ਕੁਝ ਬੁੜਬੁੜਾਉਣ ਲੱਗੀ ਅਤੇ ਅਹਿਸਾਨ ਪ੍ਰਗਟ ਕਰਨ ਲੱਗੀ ; ਅੰਤਨੀਨਾ ਵੀ ਆ ਗਈ। ਮਾਂ ਉਹਨਾਂ ਦੋਨਾਂ ਨੂੰ ਬੇਨਤੀ ਕਰਨ ਲੱਗੀ :" ਅਨਾਥ ਨੂੰ ਨਾ ਛੱਡਣਾ — ਹੁਣ ਤਾਂ ਇਸ ਨੂੰ ਅਨਾਥ ਹੀ ਸਮਝੋ, ਇਸ ਨੂੰ ਤੁਸੀਂ ਆਪਣੀ ਸ਼ਰਣ ਵਿੱਚ ਹੀ ਰੱਖੀ ਰੱਖਣਾ ..." ਉਸ ਦੀਆਂ ਅੱਖਾਂ ਭਰ ਗ਼ਈਆਂ ਤੇ ਉਹ ਉਹਨਾਂ ਸਾਹਮਣੇ ਲੱਕ ਤੱਕ ਝੁੱਕ ਗਈ, ਠੀਕ ਉਸ ਤਰ੍ਹਾਂ ਹੀ ਜਿਵੇਂ ਕਿ ਮਮੂਲੀ ਲੋਕ ਜਦੋਂ ਵੱਡੇ ਲੋਕਾਂ ਤੋਂ ਕੁਝ ਮੰਗਣ ਆਉਂਦੇ ਹਨ, ਤਾਂ ਝੁੱਕ-ਝੁੱਕ ਕੇ ਸਲਾਮ ਕਰਦੇ ਹਨ। ਤੁਸ਼ਾਰ ਅਤੇ ਉਸਦੀ ਪਤਨੀ ਨੂੰ ਇਹ ਆਸ ਤੱਕ ਨਹੀਂ ਸੀ, ਅੰਤਨੀਨਾ ਦਾ ਦਿਲ ਪਿਘਲ ਗਿਆ ਤੇ ਉਸਨੇ, ਬਿਨਾ ਸ਼ੱਕ, ਉਦੋਂ ਹੀ ਕੌਫ਼ੀ ਦੇ ਕੱਪ ਦੇ ਬਾਰੇ ਵਿੱਚ ਆਪਣੀ ਰਾਏ ਬਦਲ ਲਈ। ਤੁਸ਼ਾਰ ਹੋਰ ਵੀ ਜ਼ਿਆਦਾ ਹੰਕਾਰ ਨਾਲ, ਇਨਸਾਨੀਅਤ ਜਤਾਉਂਦਾ ਹੋਇਆ ਬੋਲਿਆ ਕਿ ਉਹ "ਬੱਚਿਆਂ ਵਿੱਚ ਭੇਦਭਾਵ ਨਹੀਂ ਕਰਦਾ, ਕਿ ਇਥੇ ਸਾਰੇ ਉਸਦੇ ਆਪਣੇ ਬੱਚੇ ਹਨ, ਅਤੇ ਉਹ ਉਹਨਾਂ ਦਾ ਪਿਤਾ ਹੈ, ਕਿ ਉਹ ਮੇਰੇ ਨਾਲ ਕਾਊਂਟਰਾਂ ਅਤੇ ਸਿਨੇਟਰਾਂ ਦੇ ਬੱਚਿਆਂ ਵਾਂਗ ਹੀ ਵਿਹਾਰ ਕਰਦਾ ਹੈ ਤੇ ਇਸਦੀ ਕਦਰ ਕਰਨੀ ਚਾਹੀਦੀ ਹੈ", ਆਦਿ, ਆਦਿ। ਮਾਂ ਝੁਕ-ਝੁਕ ਕੇ ਸਲਾਮ ਕਰੀ ਜਾ ਰਹੀ ਸੀ, ਪਰ ਫਿਰ ਉਹ ਝੱਕ ਗਈ ਤੇ ਆਖਰ ਮੇਰੇ ਵੱਲ ਮੁੜੀ। ਉਸ ਦੀਆਂ ਅੱਖਾਂ ਵਿੱਚ ਅੱਥਰੂ ਚਮਕੇ, ਬੋਲੀ :

"ਅਲਵਿਦਾ, ਮੇਰੇ ਲਾਲ!"

ਤੇ ਉਸ ਨੇ ਮੈਨੂੰ ਚੁੰਮਿਆ, ਨਹੀਂ, ਮੈਂ ਉਸ ਨੂੰ ਆਪਣੀ ਗੱਲ੍ਹ ਚੁੰਮਣ ਦਿੱਤੀ। ਉਹ ਤਾਂ ਸ਼ਾਇਦ ਬਾਰ-ਬਾਰ ਮੈਨੂੰ ਚੁੰਮਣਾ, ਬਾਹਵਾਂ ਵਿਚ ਭਰਣਾ, ਗਲੇ ਲਗਾਉਣਾ ਚਾਹੁੰਦੀ ਸੀ, ਪਰ ਪਤਾ ਨਹੀਂ ਕਿਉਂ, ਲੋਕਾਂ ਦੇ ਸਾਹਮਣੇ ਉਸ ਨੂੰ ਆਪਣੇ-ਆਪ ਹੀ ਝਾਕਾ ਆ ਗਿਆ, ਜਾਂ ਕਿਸੇ ਹੋਰ ਗੱਲ ਕਰਕੇ ਮਨ ਕੌੜਾ ਹੋ ਗਿਆ, ਜਾਂ ਸਮਝ ਗਈ ਕਿ ਮੈਂ ਸ਼ਰਮਿੰਦਾ ਹੋ ਰਿਹਾ ਹਾਂ, ਬਸ ਉਹ ਜਲਦੀ-ਜਲਦੀ ਤੁਸ਼ਾਰ ਅਤੇ ਉਸ ਦੀ ਪਤਨੀ ਸਾਹਮਣੇ ਝੁਕੀ ਅਤੇ ਬਾਹਰ ਚਲੀ ਗਈ। ਮੈਂ ਖੜ੍ਹਾ ਰਿਹਾ।

"ਮਾਂ ਨੂੰ ਛੱਡਣ ਜਾ ਨਾ ...ਕਿੰਨਾ ਬੇਰਹਿਮ ਮੁੰਡਾ ਹੈ!" ਅੰਤਨੀਨਾ ਬੋਲੀ।

ਤੁਸ਼ਾਰ ਨੇ ਜਵਾਬ ਵਿੱਚ ਮੋਢੇ ਉਚਕਾਏ, ਬਿਨਾ ਸ਼ੱਕ ਇਸ ਦਾ ਅਰਥ ਸੀ : "ਆਖਰ ਮੈਂ ਇਸ ਨੂੰ ਨੌਕਰ ਐਵੇਂ ਹੀ ਤਾਂ ਨਹੀਂ ਸਮਝਦਾ।"

ਆਗਿਆ ਪਾਲਣ ਕਰਦਿਆਂ ਮੈਂ ਮਾਂ ਦੇ ਪਿਛੇ-ਪਿਛੇ ਪੌੜੀਆਂ ਉਤਰਨ ਲੱਗਾ। ਅਸੀਂ ਬਾਹਰ ਨਿਕਲ ਆਏ। ਮੈਂ ਜਾਣਦਾ ਸਾਂ ਕਿ ਉਹ ਸਾਰੇ ਹੁਣ ਖਿੜਕੀ ਤੋਂ ਝਾਕ ਰਹੇ ਹਨ। ਮਾਂ ਗਿਰਜੇ ਵੱਲ ਮੁੜੀ ਅਤੇ ਤਿੰਨ ਵਾਰ ਜ਼ਮੀਨ 'ਤੇ ਝੁਕ ਕੇ ਸਲੀਬ ਦਾ ਚਿੰਨ੍ਹ ਬਣਾਇਆ। ਉਸਦੇ ਬੁੱਲ੍ਹ ਕੰਬ

ਰਹੇ ਸਨ। ਘੰਟੇ ਦਾ ਨਾਦ ਗੂੰਜ ਰਿਹਾ ਸੀ। ਉਹ ਮੇਰੇ ਵੱਲ ਮੁੜੀ, ਉਹਦੇ ਤੋਂ ਰਿਹਾ ਨਹੀਂ ਗਿਆ, ਦੋਵੇਂ ਹੱਥ ਮੇਰੇ ਸਿਰ 'ਤੇ ਰੱਖ ਦਿੱਤੇ ਅਤੇ ਰੋ ਪਈ।

"ਮਾਂ, ਬੱਸ ਕਰ ਨਾ ... ਸ਼ਰਮ ਆਉਂਦੀ ਹੈ ... ਉਹ ਸਾਰੇ ਖਿੜਕੀ ਤੋਂ ਵੇਖ ਰਹੇ ਹਨ ..."

ਉਸ ਨੇ ਝਟਕੇ ਨਾਲ ਸਿਰ ਚੁਕਿਆ ਅਤੇ ਜਲਦੀ-ਜਲਦੀ ਬੋਲਣ ਲੱਗੀ :

"ਹੈ ਰੱਬਾ... ਰੱਬ ਮੇਰੀ ਰੱਖਿਆ ਕਰੇ... ਹੈ ਦੇਵ ਦੂਤ, ਹੈ ਮਾਤਾ ਮਰੀਅਮ, ਈਸਾ ਦੇ ਪਿਆਰੇ ਸੰਤ ਨਿਕਲੋਸ ਰੱਖਿਆ ਕਰੋ... ਹੈ ਰੱਬਾ, ਹੈ ਰੱਬਾ!" ਉਹ ਜਲਦੀ-ਜਲਦੀ ਬੋਲਦੀ ਜਾ ਰਹੀ ਸੀ, ਅਤੇ ਮੇਰੇ ਉਪਰ ਜ਼ਿਆਦਾ ਤੋਂ ਜ਼ਿਆਦਾ ਸਲੀਬ ਦੇ ਨਿਸ਼ਾਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ। "ਮੇਰੇ ਲਾਲ, ਮੇਰੇ ਲਾਡਲੇ! ਠਹਿਰ ਤਾਂ, ਮੇਰੀ ਅੱਖ ਦੇ ਤਾਰੇ..."

ਉਸਨੇ ਜਲਦੀ ਨਾਲ ਜੇਬ ਵਿੱਚ ਹੱਥ ਪਾਇਆ ਅਤੇ ਰੁਮਾਲ ਕੱਢਿਆ, ਨੀਲਾ ਜਿਹਾ ਚੌਰਸ ਰੁਮਾਲ ਸੀ ਅਤੇ ਉਸਦੇ ਸਿਰੇ 'ਤੇ ਕੱਸ ਕੇ ਗੰਢ ਬੰਨ੍ਹੀ ਹੋਈ ਸੀ। ਉਹ ਗੰਢ ਖੋਲ੍ਹਣ ਲੱਗੀ, ਪਰ ਗੰਢ ਖੁੱਲ੍ਹ ਨਹੀਂ ਸੀ ਰਹੀ।

" ਚੰਗਾ, ਲੈ ਰੁਮਾਲ ਸਮੇਤ ਹੀ ਰੱਖ ਲੈ, ਸਾਂਫ ਹੈ, ਕੰਮ ਆ ਜਾਵੇਗਾ। ਮਾਫ ਕਰਨਾ, ਬੇਟਾ, ਜ਼ਿਆਦਾ ਤਾਂ ਮੇਰੇ ਕੋਲ ਹੈ ਨਹੀਂ... ਲਾਲ।"

ਮੈਂ ਰੁਮਾਲ ਲੈ ਲਿਆ, ਕਹਿਣਾ ਚਾਹੁੰਦਾ ਸੀ ਕਿ "ਸਾਨੂੰ ਸ਼੍ਰੀਮਾਨ ਤੁਸ਼ਾਰ ਅਤੇ ਅੰਤਨੀਨਾ ਤੋਂ ਸਭ ਕੁਝ ਮਿਲਦਾ ਹੈ ਅਤੇ ਸਾਨੂੰ ਕਿਸੇ ਵਸਤੂ ਦੀ ਜ਼ਰੂਰਤ ਨਹੀਂ", ਪਰ ਆਪਣੇ-ਆਪ ਨੂੰ ਰੋਕ ਲਿਆ ਅਤੇ ਰੁਮਾਲ ਰੱਖ ਲਿਆ।

ਆਖਰ ਉਹ ਚਲੀ ਗਈ। ਮੇਰੇ ਪਰਤਣ ਤੋਂ ਪਹਿਲਾਂ ਹੀ ਕਾਉਂਟਾਂ ਅਤੇ ਸਿਨੇਟਰਾਂ ਦੇ ਬੱਚੇ ਸਾਰੇ ਮਾਲਟੇ ਅਤੇ ਪ੍ਰਿਆਨਿਕ ਖਾ ਗਏ ਸਨ। ਵੀਹ-ਵੀਹ ਕੋਪੇਕ ਦੇ ਚਾਰ ਸਿੱਕੇ ਲੈਂਬਰਟ ਨੇ ਤੁਰੰਤ ਮੈਥੋਂ ਖੋਹ ਲਏ ; ਇਨ੍ਹਾਂ ਪੈਸਿਆਂ ਨਾਲ ਮੁੰਡਿਆਂ ਨੇ ਪੇਸਟਰੀਆਂ ਅਤੇ ਚਾਕਲੇਟਾਂ ਖਰੀਦੀਆਂ, ਮੈਨੂੰ ਦਿੱਤੇ ਤੱਕ ਨਹੀਂ।

ਪੂਰੇ ਛੇ ਮਹੀਨੇ ਬੀਤ ਗਏ। ਅਕਤੂਬਰ ਦਾ ਮਹੀਨਾ ਆਇਆ, ਤੇਜ਼ ਠੰਡੀਆਂ ਹਵਾਵਾਂ ਚਲਣ ਲੱਗੀਆਂ, ਸਾਰਾ ਦਿਨ ਮੀਂਹ ਵਰ੍ਹਦਾ ਰਹਿੰਦਾ ਸੀ। ਮੈਂ ਮਾਂ ਨੂੰ ਬਿਲਕੁਲ ਭੁੱਲ ਹੀ ਚੁਕਿਆ ਸੀ। ਉਫ਼, ਓਦੋਂ ਮੇਰੇ ਦਿਲ ਵਿੱਚ ਨਫਰਤ ਘਰ ਕਰ ਚੁੱਕੀ ਸੀ, ਮੈਨੂੰ ਸਾਰਿਆਂ ਨਾਲ ਨਫਰਤ ਸੀ, ਸਖਤ ਨਫਰਤ ; ਮੈਂ ਅਜੇ ਵੀ ਤੁਸ਼ਾਰ ਦੇ ਕੱਪੜਿਆਂ 'ਤੇ ਬੁਰਸ਼ ਕਰਦਾ ਸੀ, ਪਰ ਰੋਮ-ਰੋਮ ਨਾਲ ਉਸ ਨੂੰ ਨਫਰਤ ਕਰਦਾ ਸੀ ਅਤੇ ਮੇਰੀ ਇਹ ਨਫਰਤ ਦਿਨ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਸੀ। ਤਦੇ ਇੱਕ ਦਿਨ ਉਹ ਉਦਾਸੀ ਭਰੀ ਸ਼ਾਮ 'ਚ ਮੈਂ ਆਪਣੇ ਬਕਸੇ ਵਿੱਚ ਕੁਝ ਲੱਭ ਰਿਹਾ ਸੀ ਕਿ ਅਚਾਨਕ ਮੈਨੂੰ ਇੱਕ ਕੋਨੇ ਵਿੱਚ ਇੱਕ ਸਾਦਾ ਜਿਹਾ ਨੀਲਾ ਰੁਮਾਲ ਦਿਖਿਆ। ਮੈਂ ਜਿਵੇਂ ਉਸ ਨੂੰ ਬਕਸੇ ਸੁੱਟ ਦਿੱਤਾ ਸੀ, ਉਵੇਂ ਹੀ ਉਹ ਪਿਆ ਹੋਇਆ ਸੀ। ਮੈਂ ਉਸ ਨੂੰ ਕੱਢਿਆ ਤੇ ਕੁਝ ਉਤਸੁਕਤਾ ਨਾਲ ਵੇਖਣ ਲੱਗਾ ; ਰੁਮਾਲ ਦੇ ਸਿਰੇ 'ਤੇ ਹੁਣ ਤੱਕ ਗੰਢ ਦਾ ਨਿਸ਼ਾਨ ਬਣਿਆ ਹੋਇਆ ਸੀ, ਸਿੱਕਿਆਂ ਦੀ ਗੋਲ ਸ਼ਾਪ ਤੱਕ ਸਾਫ ਨਜ਼ਰ ਆ ਰਹੀ ਸੀ। ਮੈਂ ਰੁਮਾਲ ਵਾਪਸ ਰੱਖ ਦਿੱਤਾ ਅਤੇ ਬਕਸਾ ਹੇਠਾਂ ਖਿਸਕਾ ਦਿੱਤਾ। ਇਹ ਤਿਉਹਾਰ ਤੋਂ ਪਹਿਲੇ ਦਿਨ ਦੀ ਗੱਲ ਸੀ, ਤਦੇ ਗਿਰਜੇ ਵਿੱਚ

ਜਗਰਾਤੇ ਦੀ ਪੂਜਾ ਦਾ ਘੰਟਾ ਵਜਿਆ। ਸਾਰੇ ਮੁੰਡੇ ਦੁਪਹਿਰ ਦੇ ਖਾਣੇ ਤੋਂ ਬਾਅਦ ਹੀ ਆਪਣੇ-ਆਪਣੇ ਘਰ ਜਾ ਚੁੱਕੇ ਸਨ। ਇਸ ਵਾਰ ਇਕੱਲਾ ਲੈਂਬਰਟ ਹੀ ਸਕੂਲ ਵਿੱਚ ਰਹਿ ਗਿਆ ਸੀ, ਪਤਾ ਨਹੀਂ ਕਿਉਂ ਉਸ ਨੂੰ ਲੈਣ ਕੋਈ ਨਹੀਂ ਸੀ ਆਇਆ। ਉਹ ਅਜੇ ਵੀ ਮੈਨੂੰ ਪਹਿਲਾਂ ਵਾਂਗ ਹੀ ਕੁੱਟਿਆ ਕਰਦਾ ਸੀ, ਪਰ ਹੁਣ ਬਹੁਤ ਕੁਝ ਮੈਨੂੰ ਦੱਸਣ ਲੱਗਾ ਸੀ ਅਤੇ ਉਹਨੂੰ ਮੇਰੀ ਜ਼ਰੂਰਤ ਸੀ। ਅਸੀਂ ਸਾਰੀ ਸ਼ਾਮ ਲੇਪਾਝ (16 ਵੀਂ ਸਦੀ 'ਚ ਸਾਰੇ ਯੂਰਪ ਵਿੱਚ ਮਸ਼ਹੂਰ ਪਿਸਤੌਲਾਂ ਦਾ ਨਿਰਮਾਤਾ) ਦੀਆਂ ਪਿਸਤੌਲਾਂ ਦੀਆਂ ਗੱਲਾਂ ਕਰਦੇ ਰਹੇ, ਜੋ ਸਾਡੇ ਦੋਨਾਂ ਵਿੱਚੋਂ ਕਿਸੇ ਨੇ ਵੀ ਨਹੀਂ ਵੇਖੀਆਂ ਸੀ, ਅਤੇ ਚੇਰਕੇਸੋਂ (ਕਾਕੇਸ਼ੀਆ ਵਿੱਚ ਵੱਸਣ ਵਾਲੀ ਇਕ ਜਾਤੀ) ਦੀਆਂ ਤਲਵਾਰਾਂ ਦੀਆਂ ਗੱਲਾਂ, ਕਿ ਕੀ ਧਾਰ ਹੁੰਦੀ ਹੈ ਉਹਨਾਂ ਦੀ, ਕਿ ਜੇ ਆਪਣਾ ਇਕ ਡਾਕੂ ਗਿਰੋਹ ਬਣਾ ਲਿਆ ਜਾਵੇ ਤਾਂ ਕਿੰਨਾ ਵਧੀਆ ਹੋਵੇ ... ਦਸ ਵਜੇ ਅਸੀਂ ਸੌਣ ਲਈ ਲੇਟੇ ; ਮੈਂ ਸਿਰ 'ਤੇ ਕੰਬਲ ਲਿਆ ਅਤੇ ਸਿਰ੍ਹਾਣੇ ਥੱਲਿਓਂ ਨੀਲਾ ਰੁਮਾਲ ਕੱਢ ਲਿਆ : ਘੰਟੇ ਕੁ ਪਹਿਲਾਂ ਮੈਂ ਪਤਾ ਨਹੀਂ ਕਿਉਂ ਉਸਨੂੰ ਬਕਸੇ ਵਿੱਚੋਂ ਕੱਢ ਲਿਆਇਆ ਸੀ ਤੇ ਜਦੋਂ ਅਸੀਂ ਆਪਣੇ ਬਿਸਤਰੇ ਵਿਛਾਏ, ਤਾਂ ਉਸ ਨੂੰ ਸਿਰਹਾਣੇ ਥੱਲੇ ਰੱਖ ਦਿੱਤਾ ਸੀ। ਮੈਂ ਰੁਮਾਲ ਆਪਣੇ ਮੂੰਹ ਨਾਲ ਲਗਾ ਲਿਆ ਤੇ ਅਚਾਨਕ ਉਸ ਨੂੰ ਚੁੰਮਣ ਲੱਗਾ। "ਮਾਂ, ਮਾਂ," ਮੈਂ ਬੁੜਬੁੜਾ ਰਿਹਾ ਸੀ, ਮਾਂ ਨੂੰ ਯਾਦ ਕਰਕੇ ਮੇਰਾ ਕਲੇਜਾ ਭਰ ਰਿਹਾ ਸੀ। ਅੱਖਾਂ ਮੀਚਦਾ, ਤਾਂ ਮੈਨੂੰ ਉਸਦਾ ਚਿਹਰਾ ਨਜ਼ਰ ਆਉਂਦਾ ਅਤੇ ਕੰਬਦੇ ਬੁੱਲ੍ਹ, ਜਦੋਂ ਉਹ ਗਿਰਜੇ ਸਾਹਮਣੇ ਸਲੀਬ ਦੇ ਨਿਸ਼ਾਨ ਬਣਾ ਰਹੀ ਸੀ ਅਤੇ ਫਿਰ ਮੇਰੇ 'ਤੇ, ਤੇ ਮੈਂ ਕਹਿ ਰਿਹਾ ਸੀ : "ਸ਼ਰਮ ਆਉਂਦੀ ਹੈ, ਦੇਖ ਰਹੇ ਹਨ"। "ਮਾਂ, ਪਿਆਰੀ ਮਾਂ, ਜੀਵਨ ਵਿੱਚ ਇਕ ਵਾਰ ਤਾਂ ਤੂੰ ਮੇਰੇ ਕੋਲ ਆਈ ਸੀ... ਕਿੱਥੇ ਹੈਂ ਤੂੰ ਹੁਣ, ਮਾਂ? ਤੈਨੂੰ ਆਪਣੇ ਬੇਟੇ ਦੀ ਯਾਦ ਆਉਂਦੀ ਹੈ, ਜਿਸ ਨੂੰ ਮਿਲਣ ਤੂੰ ਆਈ ਸੀ? ਹੁਣ ਇੱਕ ਵਾਰ ਮੈਨੂੰ ਦਿਖ ਜਾ, ਸੁਪਨੇ ਵਿੱਚ ਹੀ ਆ ਜਾ, ਬਸ ਇੱਕ ਵਾਰ, ਤੇ ਮੈਂ ਤੈਨੂੰ ਕਹਿ ਦਵਾਂ ਕਿ ਤੈਨੂੰ ਕਿੰਨਾ ਪਿਆਰ ਕਰਦਾ ਹਾਂ, ਤੇਰੇ ਗਲੇ ਲੱਗ ਜਾਵਾਂ, ਤੇਰੀਆਂ ਨੀਲੀਆਂ ਅੱਖਾਂ ਚੁੰਮ ਲਵਾਂ, ਤੈਨੂੰ ਕਹਿ ਦੇਵਾਂ ਕਿ ਹੁਣ ਮੈਨੂੰ ਤੇਰੇ ਤੋਂ ਬਿਲਕੁਲ ਸ਼ਰਮ ਨਹੀਂ ਆਉਂਦੀ, ਕਿ ਮੈਂ ਉਦੋਂ ਵੀ ਤੈਨੂੰ ਪਿਆਰ ਕਰਦਾ ਸੀ, ਮੇਰੇ ਦਿਲ ਵਿੱਚ ਉਦੋਂ ਕਿਹੋ ਜਿਹਾ ਦਰਦ ਹੋ ਰਿਹਾ ਸੀ, ਬਸ ਮੈਂ ਚਾਕਰ ਜਿਹਾ ਬਣਿਆ ਬੈਠਾ ਹੋਇਆ ਸੀ। ਮਾਂ, ਤੂੰ ਕਦੀ ਨਹੀਂ ਜਾਣ ਪਾਵੇਂਗੀ ਕਿ ਮੈਨੂੰ ਤੇਰੇ ਨਾਲ ਉਦੋਂ ਕਿੰਨਾ ਪਿਆਰ ਸੀ! ਮਾਂ, ਮੇਰੀ ਮਾਂ, ਕਿੱਥੇ ਹੈਂ ਤੂੰ, ਸੁਣ ਰਹੀ ਹੈਂ ਮੇਰੀ ਅਵਾਜ਼? ਮਾਂ, ਯਾਦ ਹੈ ਉਹ ਕਬੂਤਰ, ਪਿੰਡ ਵਿੱਚ? .."

*

**ਦਿਮਿਤਰੀ ਗ੍ਰਿਗੋਰੋਵਿਚ**

# ਰਬੜ ਦਾ ਪੁਤਲਾ



**1.**

ਕਲਾ ਬਾਜ਼ ਬੇਕੱਰ ਦਾ ਸ਼ਾਗਿਰਦ ਸਿਰਫ ਇਸ਼ਤਿਹਾਰਾਂ ਵਿੱਚ ਹੀ "ਰਬੜ ਦਾ ਪੁਤਲਾ" ਕਹਿਲਾਉਂਦਾ ਸੀ ; ਉਸ ਦਾ ਅਸਲੀ ਨਾਮ ਸੀ ਪੇਤਿਆ ; ਵੈਸੇ ਤਾਂ ਉਸਨੂੰ ਅਭਾਗਾ ਬੱਚਾ ਕਹਿਣਾ ਹੀ ਸਭ ਤੋਂ ਸਹੀ ਹੋਵੇਗਾ।

ਉਸਦੀ ਕਹਾਣੀ ਬਿਲਕੁਲ ਛੋਟੀ ਜਿਹੀ ਹੈ, ਲੰਬੀ ਅਤੇ ਜਟਿਲ ਹੋਵੇ ਵੀ ਕਿਵੇਂ ਜਦੋਂ ਕਿ ਉਹ ਕੇਵਲ ਅੱਠ ਸਾਲ ਦਾ ਹੀ ਹੋਇਆ ਹੈ!

ਉਹ ਪੰਜ ਸਾਲ ਦਾ ਵੀ ਨਹੀਂ ਹੋਇਆ ਸੀ, ਜਦੋਂ ਮਾਂ ਮਰ ਗਈ, ਪਰ ਫਿਰ ਵੀ ਉਸ ਨੂੰ ਮਾਂ ਯਾਦ ਸੀ। ਅਜੇ ਤੱਕ ਉਸ ਨੂੰ ਉਹ ਅੱਖਾਂ ਸਾਹਮਣੇ ਜਿਊਂਦੀ-ਜਾਗਦੀ ਨਜ਼ਰ ਆਉਂਦੀ ਹੈ : ਦੁਬਲੀ-ਪਤਲੀ ਜਿਹੀ ਔਰਤ, ਜਿਸਦੇ ਹਲਕੇ ਤੂੜੀ ਰੰਗੇ ਪਤਲੇ ਜਿਹੇ ਵਾਲ ਹਮੇਸ਼ਾ ਉਲਝੇ-ਪੁਲਝੇ ਰਹਿੰਦੇ ਅਤੇ ਜਦੋਂ ਕਦੇ ਉਸਨੂੰ ਦੁਲਾਰਦੀ, ਹੱਥ ਵਿੱਚ ਜੋ ਆ ਜਾਂਦਾ : ਹਰਾ ਪਿਆਜ਼, ਪਾਈ,

ਮੱਛਲੀ, ਰੋਟੀ ਉਸਦੇ ਮੂੰਹ ਵਿੱਚ ਠੂਸਦੀ ਜਾਂਦੀ ਅਤੇ ਕਦੇ ਬਿਨਾ ਗੱਲ ਹੀ ਉਸ 'ਤੇ ਵਰ੍ਹ ਪੈਂਦੀ, ਚੀਕਣ ਲੱਗ ਪੈਂਦੀ, ਜੋ ਵੀ ਹੱਥ 'ਚ ਆਉਂਦਾ ਮਾਰਨ ਲੱਗਦੀ। ਤਾਂ ਵੀ ਪੇਤਿਆ ਉਸ ਨੂੰ ਅਕਸਰ ਯਾਦ ਕਰਦਾ ਸੀ।

ਪੇਤਿਆਂ ਨੂੰ ਉਹ ਦਿਨ ਵੀ ਚੰਗੀ ਤਰ੍ਹਾਂ ਯਾਦ ਸੀ, ਜਦੋਂ ਮਾਂ ਨੂੰ ਦਫਨਾਇਆ ਗਿਆ...

ਜਨਵਰੀ ਦੀ ਮਨਹੂਸ ਸਵੇਰ ਸੀ ; ਅਸਮਾਨ 'ਤੇ ਛਾਏ ਹੇਠਲੇ ਬੱਦਲਾਂ ਨਾਲ ਬਰੀਕ ਬਰਫ਼ ਡਿੱਗ ਰਹੀ ਸੀ ; ਹਵਾ ਦੇ ਬੁੱਲਿਆਂ ਨਾਲ ਚਿਹਰੇ 'ਤੇ ਸੂਈਆਂ ਵਾਂਗ ਚੁਭ ਰਹੀ ਸੀ ਅਤੇ ਠੰਡ ਨਾਲ ਜਕੜੀ ਸਖਤ ਜ਼ਮੀਨ 'ਤੇ ਲਹਿਰਾਂ ਵਾਂਗ ਵਧਦੀ ਜਾ ਰਹੀ ਸੀ। ਪੇਤਿਆ ਤਾਬੂਤ ਦੇ ਪਿਛੇ-ਪਿਛੇ ਨਾਨੀ ਅਤੇ ਵਰਵਾਰਾ ਧੋਬਣ ਵਿਚਕਾਰ ਚਲ ਰਿਹਾ ਸੀ। ਉਸਦੇ ਹੱਥਾਂ-ਪੈਰਾਂ 'ਚ ਠੰਡ ਨਾਲ ਅਸਹਿ ਜਲਨ ਹੋ ਰਹੀ ਸੀ। ਵੈਸੇ ਵੀ ਉਸ ਲਈ ਇਹਨਾਂ ਔਰਤਾਂ ਨਾਲ ਚੱਲਣਾ ਮੁਸ਼ਕਿਲ ਸੀ। ਉਹ ਇਧਰੋਂ-ਉਧਰੋਂ ਲਏ ਗਏ ਕੱਪੜਿਆਂ ਵਿੱਚ ਲਿਪਟਿਆ ਹੋਇਆ ਸੀ : ਕਿਤਿਓਂ ਬੂਟ ਲੱਭ ਲਏ ਗਏ ਸਨ, ਜਿਹੜੇ ਉਸਦੇ ਪੈਰਾਂ ਤੋਂ ਬਹੁਤ ਵੱਡੇ ਸਨ ; ਕਾਫ਼ਤਾਨ ਵੀ ਏਨਾ ਵੱਡਾ ਸੀ ਕਿ ਜੇ ਉਸ ਨੂੰ ਪਿਛਿਓਂ ਚੁਕ ਕੇ ਲੱਕ ਤੱਕ ਬੰਨ੍ਹ ਨਾ ਦਿੱਤਾ ਹੁੰਦਾ, ਤਾਂ ਉਹ ਚਲ ਵੀ ਨਹੀਂ ਸੀ ਸਕਦਾ ; ਟੋਪ ਵੀ ਜਮਾਂਦਾਰ ਤੋਂ ਮੰਗਿਆ ਹੋਇਆ ਸੀ, ਜਿਹੜਾ ਘੜੀ ਪਿੱਛੋਂ ਅੱਖਾਂ 'ਤੇ ਡਿੱਗ ਜਾਂਦਾ ਸੀ ਤੇ ਪੇਤਿਆ ਨੂੰ ਰਸਤਾ ਨਾ ਦਿਖਦਾ।

ਕਬਰਗਾਹ ਤੋਂ ਮੁੜਦਿਆਂ ਨਾਨੀ ਅਤੇ ਵਰਵਾਰਾ ਬੜੀ ਦੇਰ ਤੱਕ ਇਹ ਗੱਲਾਂ ਕਰਦੀਆਂ ਰਹੀਆਂ ਕਿ ਹੁਣ ਮੁੰਡੇ ਦਾ ਕੀ ਕੀਤਾ ਜਾਵੇ। ਕਿਥੇ ਉਸ ਨੂੰ ਕੁਝ ਸਿੱਖਣ ਲਈ ਭੇਜਿਆ ਜਾਵੇ? ਹੋਰ ਕੌਣ ਇਸ ਸਭ ਦਾ ਇੰਤਜ਼ਾਮ ਕਰੇ?

ਮੁੰਡਾ ਇਧਰ-ਉਧਰ ਕਦੀ ਇੱਕ ਕੋਨੇ ਵਿੱਚ, ਕਦੀ ਦੂਸਰੇ ਕੋਨੇ ਵਿੱਚ, ਕਦੇ ਇੱਕ ਬੁੱਢੀ, ਕਦੇ ਦੂਸਰੀ ਕੋਲ ਰਹਿੰਦਾ ਰਿਹਾ। ਜੇ ਵਰਵਾਰਾ ਧੋਬਣ ਉਸਦੀ ਪਰਵਾਹ ਨਾ ਕਰਦੀ, ਤਾਂ ਪਤਾ ਨਹੀਂ ਉਸਦਾ ਕੀ ਹੋਣਾ ਸੀ।

ਧੋਬਣ ਮਖਵਾਇਆ ਸੜਕ 'ਤੇ ਇੱਕ ਵੱਡੇ ਮਕਾਨ ਦੇ ਪਿਛਲੇ ਵਿਹੜੇ ਵਿੱਚ ਤਹਿਖਾਨੇ ਵਾਲੀ ਮੰਜ਼ਿਲ ਵਿੱਚ ਰਹਿੰਦੀ ਸੀ। ਉਸੇ ਵਿਹੜੇ ਵਿੱਚ ਉਪਰ ਦੀ ਮੰਜ਼ਿਲ ਵਿੱਚ ਕੁਝ ਸਰਕਸ ਵਾਲੇ ਰਹਿੰਦੇ ਸਨ। ਉਹਨਾਂ ਕੋਲ ਕੁਝ ਕਮਰੇ ਸਨ, ਜੋ ਕੋਲ ਦੇ ਹਨੇਰੇ ਗਲਿਆਰੇ ਨਾਲ ਇਕ ਦੂਜੇ ਨਾਲ ਜੁੜੇ ਹੋਏ ਸਨ। ਵਰਵਾਰਾ ਸਭ ਨੂੰ ਚੰਗੀ ਤਰ੍ਹਾਂ ਜਾਣਦੀ ਸੀ, ਕਿਉਂਕਿ ਉਹ ਹਮੇਸ਼ਾ ਉਹਨਾਂ ਦੇ ਕੱਪੜੇ ਧੋਂਦੀ ਸੀ। ਉਹਨਾਂ ਕੋਲ ਜਾਣ ਲੱਗਿਆਂ ਉਹ ਅਕਸਰ ਪੇਤਿਆ ਨੂੰ ਆਪਣੇ ਨਾਲ ਲੈ ਜਾਂਦੀ ਸੀ। ਸਭ ਨੂੰ ਉਸਦੀ ਕਹਾਣੀ ਪਤਾ ਸੀ : ਸਭ ਜਾਣਦੇ ਸਨ ਕਿ ਉਹ ਅਨਾਥ ਹੈ, ਉਸਦਾ ਕੋਈ ਅੱਗਾ-ਪਿੱਛਾ ਨਹੀਂ। ਗੱਲਾਂ-ਗੱਲਾਂ 'ਚ ਵਰਵਾਰਾ ਕਈ ਵਾਰ ਇਹ ਜਤਾ ਚੁੱਕੀ ਸੀ ਕਿ ਜੇ ਕੋਈ ਅਨਾਥ 'ਤੇ ਤਰਸ ਖਾ ਕੇ ਉਸ ਨੂੰ ਆਪਣਾ ਕੰਮ ਸਿਖਾਉਣ ਲਈ ਆਪਣੇ ਕੋਲ ਰੱਖ ਲਵੇ, ਤਾਂ ਬੜਾ ਵਧੀਆ ਹੋਵੇ। ਪਰ ਕੋਈ ਹਾਂ ਨਹੀਂ ਕਰਦਾ ਸੀ ; ਲੱਗਦਾ ਸੀ, ਕਿਸੇ ਨੂੰ ਆਪਣੇ ਝੰਜਟਾਂ ਤੋਂ ਹੀ ਫ਼ੁਰਸਤ ਨਹੀਂ ਸੀ। ਬਸ ਇਕ ਹੀ ਅਜਿਹਾ ਸਾਹਬ ਸੀ, ਜੋ ਨਾ ਹਾਂ ਕਹਿੰਦਾ ਸੀ, ਨਾ ਨਾਂਹ। ਕਦੇ-ਕਦੇ ਉਹ ਸਾਹਬ ਬੜੇ ਧਿਆਨ ਨਾਲ ਮੁੰਡੇ ਨੂੰ ਦੇਖਦਾ। ਇਹ ਸੀ ਜਰਮਨ ਕਲਾਬਾਜ਼ ਬੇਕੱਰ।



ਇਹ ਅਨੁਮਾਨ ਲਗਾਇਆ ਜਾ ਸਕਦਾ ਸੀ ਕਿ ਉਸਦੇ ਅਤੇ ਵਰਵਾਰਾ ਦਰਮਿਆਨ ਗੁਪ-ਚੁਪ ਕੁਝ ਗੱਲਾਂ ਚੱਲ ਰਹੀਆਂ ਸਨ, ਕਿਉਂਕਿ ਇੱਕ ਦਿਨ ਅਜਿਹਾ ਮੌਕਾ ਦੇਖ ਕੇ, ਜਦੋਂ ਬਾਕੀ ਸਰਕਸ ਵਾਲੇ ਰਿਹਰਸਲ 'ਤੇ ਚਲੇ ਗਏ ਅਤੇ ਘਰ ਵਿੱਚ ਇਕੱਲਾ ਬੇਕੱਰ ਰਹਿ ਗਿਆ, ਵਰਵਾਰਾ ਜਲਦੀ-ਜਲਦੀ ਪੇਤਿਆ ਨੂੰ ਉਪਰ ਲੈ ਗਈ ਤੇ ਸਿੱਧੇ ਬੇਕੱਰ ਦੇ ਕਮਰੇ ਵਿੱਚ ਵੜ ਗਈ।

ਬੇਕੱਰ ਬੈਠਾ ਕਿਸੇ ਦਾ ਇੰਤਜ਼ਾਰ ਕਰਦਾ ਲੱਗਦਾ ਸੀ। ਉਹ ਕੁਰਸੀ 'ਤੇ ਬੈਠਾ ਚੀਨੀ ਮਿੱਟੀ ਦਾ ਪਾਈਪ ਪੀ ਰਿਹਾ ਸੀ, ਜਿਸਦੀ ਡੰਡੀ ਮੁੜੀ ਹੋਈ ਸੀ ਤੇ ਉਸ 'ਤੇ ਝਾਲਰ ਲਟਕ ਰਹੀ ਸੀ। ਉਸਦੇ ਸਿਰ 'ਤੇ ਛੋਟੇ-ਛੋਟੇ ਰੰਗ-ਬਿਰੰਗੇ ਮੋਤੀਆਂ ਨਾਲ ਕਢਾਈ ਕੀਤੀ ਚਪਟੀ ਟੋਪੀ ਇੱਕ ਪਾਸੇ ਖਿਸਕੀ ਹੋਈ ਸੀ। ਉਹਦੇ ਸਾਹਮਣੇ ਮੇਜ਼ 'ਤੇ ਬੀਅਰ ਦੀਆਂ ਤਿੰਨ ਬੋਤਲਾਂ ਰਖੀਆਂ ਹੋਈਆਂ ਸਨ — ਦੋ ਖਾਲੀ ਅਤੇ ਇੱਕ ਹੁਣੇ-ਹੁਣੇ ਸ਼ੁਰੂ ਕੀਤੀ ਗਈ।

ਕਲਾਬਾਜ਼ ਦਾ ਫੁਲਿਆ ਹੋਇਆ ਚਿਹਰਾ ਅਤੇ ਸਾਂਢ ਵਰਗੀ ਮੋਟੀ ਗਰਦਨ ਲਾਲ ਸੀ ; ਹੰਕਾਰ ਨਾਲ ਭਰਪੂਰ ਉਹ ਆਕੜ ਕੇ ਬੈਠਾ ਹੋਇਆ ਸੀ। ਉਸ ਨੂੰ ਦੇਖ ਕੇ ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਰਹਿ ਜਾਂਦਾ ਸੀ ਕਿ ਇਥੇ, ਘਰ ਵਿਚ ਵੀ ਉਹ ਆਪਣੇ ਡੀਲ-ਡੌਲ ਦੀ ਖ਼ੂਬਸੂਰਤੀ 'ਤੇ ਗੁਮਾਨ ਕਰ ਰਿਹਾ ਹੈ।

"ਲਓ, ਕਾਰਲ ਬਗਦਾਨਵਿਚ... ਇਹ ਮੁੰਡਾ ਹੈ..." ਇਹ ਪੇਤਿਆਂ ਨੂੰ ਅੱਗੇ ਕਰਦਿਆਂ ਵਰਵਾਰਾ ਨੇ ਕਿਹਾ।

"ਚੰਗੀ ਗੱਲ ਹੈ," ਕਲਾਬਾਜ਼ ਬੋਲਿਆ। "ਪਰ ਅਸੀਂ ਇੰਝ ਨਹੀਂ ਵੇਖਦੇ ; ਮੁੰਡੇ ਦੇ ਕਪੜੇ ਉਤਾਰੋ ..."

ਪੇਤਿਆ ਅਜੇ ਤੱਕ ਬੁੱਤ ਬਣੀ ਖੜ੍ਹਾ ਸੀ ਅਤੇ ਡਰੀਆਂ-ਡਰੀਆਂ ਨਜ਼ਰਾਂ ਨਾਲ ਬੇਕੱਰ ਨੂੰ ਵੇਖ ਰਿਹਾ ਸੀ ; ਉਸਦੀ ਇਹ ਗੱਲ ਸੁਣ ਕੇ ਉਹ ਪਿਛੇ ਨੂੰ ਲਪਕਿਆ ਅਤੇ ਵਰਵਾਰਾ ਦੇ ਲਹਿੰਗਾ ਕੱਸ ਕੇ ਫੜ ਲਿਆ। ਬੇਕੱਰ ਨੇ ਦੁਬਾਰਾ ਉਸ ਦੇ ਕੱਪੜੇ ਉਤਾਰਨ ਲਈ ਕਿਹਾ ਅਤੇ ਵਰਵਾਰਾ ਪੇਤਿਆ ਦਾ ਮੂੰਹ ਆਪਣੇ ਵੱਲ ਮੋੜ ਕੇ ਉਸਦੇ ਕੱਪੜੇ ਉਤਾਰਨ ਲੱਗੀ, ਤਾਂ ਪੇਤਿਆਂ ਨੇ ਥਰਥਰਾਉਂਦਿਆਂ ਉਸਨੂੰ ਫੜ੍ਹ ਲਿਆ, ਚੀਕਣ ਅਤੇ ਛਟਪਟਾਉਣ ਲੱਗਾ, ਜਿਵੇਂ ਬਾਵਰਚੀ ਦੀ ਛੁਰੀ ਥੱਲੇ ਚੂਚਾ।

"ਓਏ, ਕੀ ਗੱਲ ਹੈ? ਬੁੱਧੂ ਕਿਸੇ ਥਾਂ! ਡਰਦਾ ਕਿਉਂ ਹੈ? ਉਤਾਰਨ ਦੇ ਕੱਪੜੇ, ਭਰਾਵਾ ... ਕੋਈ ਗੱਲ ਨਹੀਂ ... ਦੇਖ ਤਾਂ, ਕਿਹੋ ਜਿਹਾ ਬੁੱਧੂ ਹੈ!" ਧੋਬਣ ਮੁੰਡੇ ਦੀਆਂ ਉਂਗਲੀਆਂ ਛੁਡਾਉਣ ਦੀ ਕੋਸ਼ਿਸ਼ ਕਰਦੀ ਹੋਈ ਤੇ ਨਾਲ ਹੀ ਜਲਦੀ-ਜਲਦੀ ਉਸਦੀ ਪਤਲੂਨ ਦੇ ਬਟਨ ਖੋਲ੍ਹਦੀ ਹੋਈ ਬੋਲੀ ਜਾ ਰਹੀ ਸੀ।

ਪਰ ਮੁੰਡਾ ਕੁਝ ਕਰਨ ਨਹੀਂ ਦਿੰਦਾ ਸੀ ; ਉਹ ਪਤਾ ਨਹੀਂ ਕਿਉਂ ਬੁਰੀ ਤਰ੍ਹਾਂ ਡਰ ਗਿਆ ਸੀ ਤੇ ਕਦੇ ਵੇਲ ਵਾਂਗ ਵਲ੍ਹ ਖਾਂਦਾ ਜਾਂ ਇਕਦਮ ਸਿਮਟ ਜਾਂਦਾ ਜਾਂ ਫਰਸ਼ ਤੇ ਲੇਟ-ਲੇਟ ਜਾਂਦਾ। ਚੀਕ-ਚੀਕ ਕੇ ਉਸਨੇ ਸਾਰਾ ਘਰ ਸਿਰ 'ਤੇ ਚੁੱਕ ਲਿਆ। ਆਖਰ ਕਾਰਲ ਬਗਦਾਨਵਿਚ ਦਾ ਸਬਰ ਟੁੱਟ ਗਿਆ। ਉਸਨੇ ਪਾਈਪ ਮੇਜ਼ 'ਤੇ ਰਖਿਆ ਅਤੇ ਮੁੰਡੇ ਕੋਲ ਆਇਆ, ਇਸ ਗੱਲ ਵੱਲ ਹੋਰ ਜ਼ਰਾ ਵੀ ਧਿਆਨ ਦਿੱਤੇ ਬਿਨਾ ਕਿ ਮੁੰਡਾ ਹੋਰ ਵੀ ਜ਼ੋਰ ਨਾਲ ਲੇਟਣ ਲਗਿਆ ਬੇਕੱਰ ਨੇ ਉਸ ਨੂੰ

ਜਲਦੀ ਨਾਲ ਆਪਣੀਆਂ ਬਾਹਵਾਂ ਵਿਚ ਫੜ ਲਿਆ। ਪੇਤਿਆ ਨੂੰ ਪਤਾ ਵੀ ਨਾ ਚੱਲਿਆ ਕਦੋਂ ਉਹ ਕਲਾਬਾਜ਼ ਦੇ ਮੋਟੇ ਗੋਡਿਆਂ ਵਿਚਕਾਰ ਦੱਬ ਗਿਆ। ਕਲਾਬਾਜ਼ ਨੇ ਪਲਕ ਝਮਕਦਿਆਂ ਹੀ ਉਸਦੀ ਕਮੀਜ਼ ਅਤੇ ਪਤਲੂਨ ਉਤਾਰ ਦਿੱਤੀ ; ਫਿਰ ਉਸਨੇ ਤਿਨਕੇ ਵਾਂਗ ਉਸ ਨੂੰ ਚੁੱਕਿਆ ਤੇ ਆਪਣੇ ਗੋਡਿਆਂ ਤੇ ਲੇਟਾ ਕੇ ਉਸਦੀ ਛਾਤੀ ਅਤੇ ਕੱਛਾਂ ਨੂੰ ਟਟੋਲ ਕੇ ਵੇਖਣ ਲੱਗਾ। ਜਿੱਥੇ ਉਸਨੂੰ ਤੁਰੰਤ ਤਸੱਲੀ ਨਾ ਹੁੰਦੀ, ਉੱਥੇ ਉਹ ਅੰਗੂਠੇ ਨਾਲ ਦਬਾਉਂਦਾ ਤੇ ਹਰ ਵਾਰ ਜਦੋਂ ਮੁੰਡਾ ਛਟਪਟਾਉਂਦਾ, ਉਸਨੂੰ ਆਪਣਾ ਕੰਮ ਨਾ ਕਰਨ ਦਿੰਦਾ, ਤਾਂ ਉਹ ਉਸਦੇ ਥਪਕੀ ਮਾਰ ਦੇਂਦਾ।

ਧੋਬਣ ਨੂੰ ਪੇਤਿਆ ਉਤੇ ਤਰਸ ਆ ਰਿਹਾ ਸੀ : ਕਾਰਲ ਬਹੁਤ ਹੀ ਜ਼ੋਰ ਨਾਲ ਉਸਨੂੰ ਦਬਾ ਰਿਹਾ ਸੀ ; ਪਰ ਦੂਸਰੇ ਪਾਸੇ ਉਹ ਕੁਝ ਕਹਿੰਦਿਆਂ ਵੀ ਡਰਦੀ ਸੀ, ਕਿਉਂਕਿ ਆਪ ਹੀ ਮੁੰਡੇ ਨੂੰ ਇਥੇ ਲਿਆਈ ਸੀ ਅਤੇ ਕਲਾਬਾਜ਼ ਨੇ ਵਾਅਦਾ ਕੀਤਾ ਸੀ ਕਿ ਜੇ ਮੁੰਡਾ ਠੀਕ ਨਿਕਲਿਆ, ਤਾਂ ਉਹ ਉਸਨੂੰ ਆਪਣੇ ਕੋਲ ਰੱਖ ਲਵੇਗਾ, ਕੰਮ ਸਿਖਾਵੇਗਾ। ਮੁੰਡੇ ਸਾਹਮਣੇ ਖੜ੍ਹੀ ਹੋ ਕੇ ਉਹ ਜਲਦੀ-ਜਲਦੀ ਉਸਦੇ ਅੱਥਰੂ ਪੂੰਝ ਰਹੀ ਸੀ, ਉਸਨੂੰ ਮਨਾ ਰਹੀ ਸੀ ਕਿ ਰੋਵੇ ਨਾ, ਕਿ ਕਾਰਲ ਉਸਦਾ ਕੁਝ ਨਹੀਂ ਵਿਗਾੜੇਗਾ, ਉਹ ਤਾਂ ਬਸ ਉਸਨੂੰ ਦੇਖੇਗਾ ਹੀ ...

ਪਰ ਜਦੋਂ ਕਲਾਬਾਜ਼ ਨੇ ਅਚਾਨਕ ਮੁੰਡੇ ਨੂੰ ਗੋਡਿਆਂ ਭਾਰ ਬਿਠਾ ਕੇ ਉਸਦੀ ਪਿੱਠ ਆਪਣੇ ਵੱਲ ਕਰ ਲਈ, ਮੋਢੇ ਪਿਛੇ ਨੂੰ ਮੋੜਨ ਲੱਗਾ ਅਤੇ ਮੌਰਾਂ ਵਿਚਕਾਰ ਉਂਗਲੀਆਂ ਨਾਲ ਨੱਪਣ ਲੱਗਾ, ਜਦੋਂ ਮੁੰਡੇ ਦੀ ਨੰਗੀ, ਸੁੱਕੀ ਜਿਹੀ ਛਾਤੀ 'ਤੇ ਪਸਲੀ ਅੱਗੇ ਨੂੰ ਉਭਰ ਆਈ, ਉਸਦਾ ਸਿਰ ਪਿਛੇ ਨੂੰ ਝਟਕ ਗਿਆ, ਪੀੜ ਅਤੇ ਦਹਿਸ਼ਤ ਨਾਲ ਉਸਦਾ ਉਪਰ ਦਾ ਸਾਹ ਉਪਰ ਅਤੇ ਹੇਠਾਂ ਦਾ ਹੇਠਾਂ ਰਹਿ ਗਿਆ, ਤਦ ਵਰਵਾਰਾ ਕੋਲੋਂ ਰਿਹਾ ਨਾ ਗਿਆ ; ਉਸ ਨੂੰ ਛੁਡਾਉਣ ਲਈ ਲਪਕੀ। ਇਸ ਤੋਂ ਪਹਿਲਾਂ ਕਿ ਉਹ ਅਜਿਹਾ ਕਰ ਪਾਉਂਦੀ ਬੇਕੱਰ ਨੇ ਮੁੰਡੇ ਨੂੰ ਉਸਦੇ ਹੱਥਾਂ ਵਿੱਚ ਦੇ ਦਿੱਤਾ। ਪੇਤਿਆ ਤੁਰੰਤ ਹੀ ਹੋਸ਼ ਵਿੱਚ ਆ ਗਿਆ —ਬਸ ਥਰਥਰਾਉਂਦਾ ਅਤੇ ਹਿਚਕੀਆਂ ਲੈਂਦਾ ਜਾਵੇ।

"ਬਸ, ਬੇਟਾ, ਬਸ! ਦੇਖਿਆ, ਕੁਝ ਵੀ ਤਾਂ ਨਹੀਂ ਕੀਤਾ ਤੈਨੂੰ! .. ਕਾਰਲ ਤਾਂ ਬਸ ਤੈਨੂੰ ਵੇਖਣਾ ਚਾਹੁੰਦਾ ਸੀ ..." ਬੱਚੇ ਨੂੰ ਦੁਲਾਰਦਿਆਂ ਅਤੇ ਪੁਚਕਾਰਦਿਆਂ ਧੋਬਣ ਕਹੀ ਜਾ ਰਹੀ ਸੀ।

ਉਸਨੇ ਚੁੱਪ-ਚੁਪੀਤੇ ਬੇਕੱਰ ਵੱਲ ਵੇਖਿਆ ; ਬੇਕੱਰ ਨੇ ਸਿਰ ਹਿਲਾ ਦਿੱਤਾ ਅਤੇ ਗਿਲਾਸ ਵਿੱਚ ਬੀਅਰ ਭਰ ਲਈ।

ਦੋ ਦਿਨ ਬਾਅਦ ਜਦੋਂ ਮੁੰਡੇ ਨੂੰ ਬੇਕੱਰ ਦੇ ਹਵਾਲੇ ਕਰਨ ਦਾ ਸਮਾਂ ਆਇਆ ਤਾਂ ਧੋਬਣ ਨੂੰ ਆਪਣੀ ਸਾਰੀ ਚਲਾਕੀ ਦਿਖਾਉਣੀ ਪਈ। ਧੋਬਣ ਨੇ ਆਪਣੇ ਪੈਸਿਆਂ ਨਾਲ ਪੇਤਿਆ ਲਈ ਛੀਂਟ ਦੀਆਂ ਦੋ ਕਮੀਜ਼ਾਂ ਅਤੇ ਪੀਪਰਮਿੰਟ ਦੇ ਬਿਸਕੁਟ ਖਰੀਦੇ, ਉਸ ਨੂੰ ਬਹੁਤ ਸਮਝਾਇਆ-ਬੁਝਾਇਆ, ਲਾਡ-ਪਿਆਰ ਕੀਤਾ, ਪਰ ਉਹ ਮੰਨਦਾ ਹੀ ਨਹੀਂ ਸੀ। ਬੇਕੱਰ ਦੇ ਕਮਰੇ ਵਿੱਚ ਗੱਲ ਹੋ ਰਹੀ ਸੀ, ਸੋ ਉਹ ਰੋਣ ਤੋਂ ਡਰਦਾ ਸੀ। ਉਹ ਆਪਣਾ ਅੱਥਰੂਆਂ ਨਾਲ ਫੁੱਲਿਆ ਮੂੰਹ ਉਸਦੇ ਝੋਲੀ ਵਿੱਚ ਲੁਕਾ ਲੈਂਦਾ ਤੇ ਜਿਵੇਂ ਹੀ ਉਹ ਦਰਵਾਜ਼ੇ ਵੱਲ ਕਦਮ ਵਧਾਉਂਦੀ ਕੱਸ ਕੇ ਉਸਦਾ ਹੱਥ ਫੜ੍ਹ ਲੈਂਦਾ।

ਆਖਰ ਕਲਾਬਾਜ਼ ਇਸ ਸਭ ਤੋਂ ਤੰਗ ਆ ਗਿਆ। ਉਸ ਨੇ ਮੁੰਡੇ ਦਾ ਕਾਲਰ ਫੜ ਕੇ ਉਸਨੂੰ



ਵਰਵਾਰਾ ਦੇ ਲਹਿੰਗੇ ਤੋਂ ਅਲੱਗ ਕੀਤਾ ਅਤੇ ਜਿਵੇਂ ਹੀ ਧੋਬਣ ਦੇ ਪਿਛੇ ਦਰਵਾਜ਼ਾ ਬੰਦ ਹੋਇਆ, ਉਸ ਨੂੰ ਆਪਣੇ ਸਾਹਮਣੇ ਖੜ੍ਹਾ ਕੀਤਾ ਅਤੇ ਕਿਹਾ ਕਿ ਉਸ ਵੱਲ ਵੇਖੇ।

ਪੇਤਿਆ ਇਉਂ ਥਰਥਰਾ ਰਿਹਾ ਸੀ, ਜਿਵੇਂ ਕਿ ਉਸਨੂੰ ਤੇਜ਼ ਬੁਖਾਰ ਹੋਵੇ ; ਉਸਦਾ ਮਰੀਅਲ ਜਿਹਾ ਚਿਹਰਾ ਸੁੰਗੜ ਗਿਆ, ਉਸ ਵਿੱਚ ਤਰਸਯੋਗ, ਬੁੱਢਿਆਂ ਵਰਗੀ ਭਾਵਨਾ ਆ ਗਈ।

ਬੇਕੱਰ ਨੇ ਉਹਦੀ ਠੋਡੀ ਫੜੀ, ਮੂੰਹ ਆਪਣੇ ਵੱਲ ਘੁੰਮਾਇਆ ਤੇ ਫਿਰ ਤੋਂ ਆਪਣੇ ਵੱਲ ਵੇਖਣ ਲਈ ਕਿਹਾ।

"ਹੈ, ਮੁੰਡੇ, ਸੁਣ," ਉਹ ਬੋਲਿਆ ਅਤੇ ਪੇਤਿਆਂ ਦੀ ਨੱਕ ਦੇ ਸਾਹਮਣੇ ਉਂਗਲੀ ਰੱਖੀ, "ਜੇ ਤੂੰ ਉਥੇ ਚਾਹੁੰਦਾ ਹੈਂ," ਉਸਨੇ ਦਰਵਾਜ਼ੇ ਵੱਲ ਇਸ਼ਾਰਾ ਕੀਤਾ, "ਤਾਂ ਇਥੇ ਮਿਲੇਂਗਾ! .." ਉਸਨੇ ਪਿੱਠ ਤੋਂ ਥੋੜ੍ਹਾ ਹੇਠਾਂ ਦਿਖਾਇਆ। "ਤੇ ਜ਼ਿਆਦਾ-ਜ਼ਿਆਦਾ ਮਿਲੇਗਾ।" ਮੁੰਡੇ ਨੂੰ ਛੱਡ ਕੇ ਉਹ ਬੋਲਿਆ ਅਤੇ ਬਾਕੀ ਬੀਅਰ ਪੀ ਲਈ।

ਉਸੇ ਦਿਨ ਉਹ ਪੇਤਿਆਂ ਨੂੰ ਸਰਕਸ ਲੈ ਗਿਆ। ਉਥੇ ਭੱਜ-ਦੌੜ ਮਚੀ ਹੋਈ ਸੀ, ਸਮਾਨ ਬੰਨ੍ਹਿਆ ਜਾ ਰਿਹਾ ਸੀ।

ਅਗਲੇ ਦਿਨ ਸਰਕਸ ਆਪਣੇ ਸਾਰੇ ਮਾਲ-ਅਸਬਾਬ, ਲੋਕਾਂ ਅਤੇ ਘੋੜਿਆਂ ਨਾਲ ਗਰਮੀਆਂ ਲਈ ਰੀਗਾ ਜਾ ਰਿਹਾ ਸੀ।

ਪਹਿਲੇ ਪਲਾਂ ਵਿੱਚ ਤਾਂ ਇਸ ਖਬਰ ਅਤੇ ਨਵੇਂ-ਨਵੇਂ ਪ੍ਰਭਾਵਾਂ ਤੋਂ ਪੇਤਿਆ ਡਰਿਆ, ਪਰ ਉਸ ਨੇ ਮਨ ਵਿੱਚ ਕੋਈ ਵੀ ਉਤਸ਼ਾਹ ਨਹੀਂ ਜਾਗਿਆ। ਉਹ ਇਕ ਕੋਨੇ ਵਿੱਚ ਦੁਬਕ ਗਿਆ ਅਤੇ ਜੰਗਲੀ ਜਾਨਵਰ ਵਾਂਗ ਇਧਰ-ਉਧਰ ਜਾਂਦੇ ਲੋਕਾਂ ਨੂੰ ਦੇਖਣ ਲੱਗਾ, ਜੋ ਅਜੀਬੋ-ਗਰੀਬ ਚੀਜ਼ਾਂ ਕਿਤੇ ਲੈ ਕੇ ਜਾ ਰਹੇ ਸਨ। ਕਿਸੇ-ਕਿਸੇ ਦੀ ਨਜ਼ਰ ਅਣਜਾਣ ਮੁੰਡੇ 'ਤੇ ਪੈਂਦੀ, ਪਰ ਉਸ ਵੱਲ ਧਿਆਨ ਦੇਣ ਦੀ ਕਿਸੇ ਨੂੰ ਫੁਰਸਤ ਨਹੀਂ ਸੀ ਅਤੇ ਸਭ ਕੋਲੋਂ ਦੀ ਲੰਘਦੇ ਜਾ ਰਹੇ ਸਨ।

ਰੀਗਾ ਤੱਕ ਦੇ ਦਸ ਦਿਨਾਂ ਦੇ ਸਫ਼ਰ ਵਿੱਚ ਪੇਤਿਆ ਆਪਣੇ ਹਾਲ 'ਤੇ ਛੱਡਿਆ ਰਿਹਾ। ਡੱਬੇ ਵਿੱਚ ਹੁਣ ਉਸਦੇ ਆਸ-ਪਾਸ ਜੋ ਲੋਕ ਸਨ — ਉਹ ਬਿਲਕੁਲ ਅਣਜਾਣ ਨਹੀਂ ਰਹੇ ਸਨ। ਕਈਆਂ ਦਾ ਉਹ ਆਦੀ ਹੋ ਗਿਆ ਸੀ ; ਕਈ ਲੋਕ ਹਸਮੁਖ ਸਨ, ਹਾਸਾ-ਠੱਠਾ ਕਰਦੇ, ਗਾਣੇ ਗਾਉਂਦੇ ਤੇ ਉਸਨੂੰ ਉਹਨਾਂ ਤੋਂ ਡਰ ਨਹੀਂ ਸੀ ਲੱਗਦਾ। ਜੋਕਰ ਐਡਵਰਡਸ ਵਰਗੇ ਕੁਝ ਅਜਿਹੇ ਵੀ ਸਨ, ਜੋ ਆਉਂਦੇ-ਜਾਂਦੇ ਉਸਦਾ ਗੱਲ੍ਹ ਥਪਥਪਾ ਦਿੰਦੇ। ਇੱਕ ਵਾਰੀ ਇੱਕ ਔਰਤ ਨੇ ਉਸਨੂੰ ਮਾਲਟੇ ਦੀ ਇੱਕ ਫਾੜੀ ਵੀ ਦਿੱਤੀ। ਸੰਖੇਪ ਵਿੱਚ, ਇਹ ਕਹੀਏ ਕਿ ਉਹ ਹੌਲੀ-ਹੌਲੀ ਇਥੋਂ ਦਾ ਆਦੀ ਹੋ ਰਿਹਾ ਸੀ ਅਤੇ ਉਸ ਨੂੰ ਇਥੇ ਚੰਗਾ ਵੀ ਲੱਗਦਾ, ਬਸ਼ਰਤੇ ਕਾਰਲ ਦੀ ਜਗ੍ਹਾ ਕੋਈ ਹੋਰ ਉਸਨੂੰ ਆਪਣੇ ਕੋਲ ਰੱਖ ਲੈਂਦਾ। ਉਸਦਾ ਉਹ ਆਦੀ ਨਹੀਂ ਹੋ ਪਾ ਰਿਹਾ ਸੀ ; ਉਸ ਨੂੰ ਵੇਖਦਿਆਂ ਹੀ ਪੇਤਿਆ ਗੁੰਮਸੁੰਮ ਹੋ ਜਾਂਦਾ, ਸਿਮਟ ਜਿਹਾ ਜਾਂਦਾ ਅਤੇ ਬਸ ਇਸੇ ਫਿਕਰ ਵਿੱਚ ਰਹਿੰਦਾ ਕਿ ਕਿਤੇ ਰੋਣਾ ਨਾ ਛੁੱਟ ਜਾਵੇ।

ਜਦੋਂ ਕਲਾਬਾਜ਼ ਨੇ ਉਸਨੂੰ ਕੰਮ ਸਿਖਾਉਣਾ ਸ਼ੁਰੂ ਕੀਤਾ, ਤਦ ਹੋਰ ਵੀ ਮੁਸ਼ਕਿਲ ਦਿਨ ਆਏ। ਪਹਿਲੇ ਪ੍ਰਯੋਗਾਂ ਬਾਅਦ ਬੇਕੱਰ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਮੁੰਡਾ ਉਸਨੇ ਠੀਕ ਹੀ ਚੁਣਿਆ

ਹੈ। ਪੇਤਿਆ ਖੰਭ ਵਰਗਾ ਹਲਕਾ-ਫੁਲਕਾ ਅਤੇ ਉਸਦੇ ਜੋੜਾਂ ਵਿੱਚ ਲਚਕ ਸੀ ; ਹਾਂ ਇਹਨਾਂ ਕੁਦਰਤੀ ਗੁਣਾਂ ਦਾ ਲਾਭ ਉਠਾਉਣ ਲਈ ਪੱਠਿਆਂ ਵਿਚ ਬਹੁਤੀ ਸ਼ਕਤੀ ਨਹੀਂ ਸੀ, ਪਰ ਇਹ ਕੋਈ ਵੱਡੀ ਗੱਲ ਨਹੀਂ ਸੀ। ਬੇਕੱਰ ਨੂੰ ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਸੀ ਕਿ ਅਭਿਆਸ ਨਾਲ ਸ਼ਕਤੀ ਆ ਜਾਵੇਗੀ। ਇਸਦਾ ਸਬੂਤ ਤਾਂ ਕੁਝ ਹੱਦ ਤੱਕ ਉਹ ਹੁਣ ਵੀ ਦੇਖ ਹੀ ਰਿਹਾ ਸੀ। ਪੂਰਾ ਮਹੀਨਾ ਉਹ ਸਵੇਰੇ-ਸ਼ਾਮ ਮੁੰਡੇ ਨੂੰ ਫਰਸ਼ 'ਤੇ ਬਿਠਾ ਕੇ ਪੈਰਾਂ ਤੱਕ ਸਿਰ ਝੁਕਾਉਣ ਅਭਿਆਸ ਕਰਾਉਂਦਾ ਰਿਹਾ ਤੇ ਹੁਣ ਪੇਤਿਆ ਉਸਦੀ ਮਦਦ ਬਿਨਾ ਖੁਦ ਹੀ ਅਜਿਹਾ ਕਰ ਲੈਂਦਾ ਸੀ। ਉਸ ਲਈ ਪਿੱਛੇ ਮੁੜਨਾ ਅਤੇ ਅੱਡੀਆਂ ਨਾਲ ਸਿਰ ਤੋਂ ਛੂਹਣਾ ਕਿਤੇ ਜ਼ਿਆਦਾ ਮੁਸ਼ਕਲ ਸੀ ; ਪਰ ਹੌਲੀ-ਹੌਲੀ ਉਹ ਇਹ ਵੀ ਸਿੱਖ ਰਿਹਾ ਸੀ। ਉਹ ਦੌੜ ਕੇ ਕੁਰਸੀ ਉਪਰੋਂ ਬੜੀ ਸਫਾਈ ਨਾਲ ਛਾਲ ਮਾਰ ਲੈਂਦਾ ਸੀ ; ਪਰ ਜਦੋਂ ਉਸਤਾਦ ਇਹ ਚਾਹੁੰਦਾ ਕਿ ਉਹ ਛਲਾਂਗ ਲਗਾ ਕੇ ਪੈਰਾਂ 'ਤੇ ਨਹੀਂ, ਬਲਕਿ ਹੱਥਾਂ ਦੇ ਭਾਰ ਡਿਗੇ ਅਤੇ ਲੱਤਾਂ ਹਵਾ ਵਿਚ ਰਹਿਣ, ਤਾਂ ਅਜਿਹਾ ਉਹ ਬਹੁਤ ਘੱਟ ਹੀ ਕਰ ਪਾਉਂਦਾ ਸੀ। ਇਸ ਅਸਫਲਤਾ ਜਾਂ ਅਜਿਹਾ ਕਰਦਿਆਂ ਲੱਗੀ ਚੋਟ ਦਾ ਹੀ ਦੁੱਖ ਹੁੰਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ ; ਮੁਸੀਬਤ ਤਾਂ ਇਹ ਸੀ ਕਿ ਹਰ ਵਾਰ ਉਸਨੂੰ ਬੇਕੱਰ ਦੇ ਮੁੱਕੇ ਖਾਣੇ ਪੈਂਦੇ ਸਨ। ਮੁੰਡੇ ਦੇ ਪੱਠੇ ਪਹਿਲਾਂ ਵਾਂਗ ਹੀ ਕਮਜ਼ੋਰ ਅਤੇ ਸੁੱਕੇ ਸਨ। ਉਹਨਾਂ ਨੂੰ ਜ਼ੋਰ ਲਗਾ ਕੇ ਮਜ਼ਬੂਤ ਕਰਨ ਦੀ ਜ਼ਰੂਰਤ ਸੀ।

ਬੇਕੱਰ ਦੇ ਕਮਰੇ ਵਿੱਚ ਉਪਰੋਂ ਜੁੜੀ ਅਤੇ ਥੱਲਿਓਂ ਖੁੱਲ੍ਹਣ ਵਾਲੀ ਦੋਹਰੀ ਪੌੜੀ ਲਿਆਂਦੀ ਗਈ। ਉਸਦੀਆਂ ਪਟਰੀਆਂ 'ਤੇ ਫਰਸ਼ ਦੇ ਸਮਾਨਾਂਤਰ ਕੁਝ ਉਚਾਈ 'ਤੇ ਇੱਕ ਡੰਡਾ ਰਖਿਆ ਗਿਆ। ਬੇਕੱਰ ਦੇ ਹੁਕਮ 'ਤੇ ਪੇਤਿਆਂ ਨੂੰ ਦੌੜਦਿਆਂ ਡੰਡਾ ਫੜਣਾ ਹੁੰਦਾ ਤੇ ਫਿਰ ਹਵਾ ਵਿੱਚ ਲਟਕਦੇ ਰਹਿਣਾ ਹੁੰਦਾ — ਪਹਿਲੇ ਪੰਜ ਮਿੰਟ, ਫਿਰ ਦਸ ਮਿੰਟ। ਦਿਨ ਵਿੱਚ ਕਈ ਵਾਰ ਉਸ ਨੂੰ ਇੰਜ ਕਰਨਾ ਪੈਂਦਾ। ਇਸ ਅਭਿਆਸ ਵਿੱਚ ਵੱਖਰਤਾ ਬਸ ਇਹੀ ਸੀ ਕਿ ਕਦੇ ਤਾਂ ਉਹ ਇਉਂ ਹੀ ਹਵਾ ਵਿੱਚ ਲਟਕਦਾ ਰਹਿੰਦਾ ਤੇ ਕਦੇ ਡੰਡਾ ਫੜੀ ਸਾਰਾ ਧੜ ਪਿਛੇ ਨੂੰ ਕਰਨਾ ਹੁੰਦਾ ਤੇ ਲੱਤਾਂ ਨੂੰ ਡੰਡੇ ਅਤੇ ਸਿਰ ਵਿਚੋਂ ਕੱਢਣਾ ਹੁੰਦਾ। ਇਸ ਅਭਿਆਸ ਦਾ ਅੰਤਿਮ ਉਦੇਸ਼ ਇਹ ਸੀ ਕਿ ਮੁੰਡਾ ਪੈਰਾਂ ਦੇ ਪੰਜਿਆਂ ਨਾਲ ਡੰਡਾ ਫੜ ਲਵੇ ਅਤੇ ਅਚਾਨਕ ਹੱਥ ਛੱਡ ਕੇ ਪੰਜਿਆਂ ਭਾਰ ਲਟਕਿਆ ਰਹੇ। ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਜਦੋਂ ਪੈਰ ਉਪਰ ਹੁੰਦੇ ਤੇ ਸਿਰ ਹੇਠਾਂ, ਤਾਂ ਪੇਤਿਆ ਦੇ ਚਿਹਰੇ 'ਤੇ ਮੁਸਕਾਨ ਫੈਲੀ ਹੋਣੀ ਚਾਹੀਦੀ ; ਅਜਿਹਾ ਇਸ ਲਈ ਕਰਨਾ ਜ਼ਰੂਰੀ ਸੀ ਕਿ ਦਰਸ਼ਕ ਪ੍ਰਭਾਵਿਤ ਹੋਣ, ਉਹਨਾਂ ਨੂੰ ਕਿਸੇ ਵੀ ਹਾਲ ਵਿੱਚ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਮਾਸਪੇਸ਼ੀਆਂ ਦੇ ਤਣ ਜਾਣ ਨਾਲ ਕਿੰਨੀ ਮੁਸ਼ਕਲ ਹੁੰਦੀ ਹੈ, ਮੁੰਡੇ ਦੇ ਮੋਢਿਆਂ ਦੇ ਜੋੜਾਂ ਵਿਚ ਕਿੰਨਾ ਦਰਦ ਹੁੰਦਾ ਹੈ ਤੇ ਛਾਤੀ ਕਿਵੇਂ ਦੱਬੀ ਜਾਂਦੀ ਹੈ।

ਇਹ ਨਤੀਜਾ ਮੁੰਡੇ ਦੀਆਂ ਅਜਿਹੀਆਂ ਦਿਲ-ਚੀਰਵੀਆਂ ਚੀਕਾਂ ਦੇ ਨਾਲ ਪਾਇਆ ਜਾਂਦਾ ਕਿ ਬੇਕੱਰ ਦੇ ਸਾਥੀ ਉਸਦੇ ਕਮਰੇ ਵਿਚ ਦੌੜੇ ਆਉਂਦੇ ਤੇ ਮੁੰਡੇ ਨੂੰ ਉਸਦੇ ਹੱਥਾਂ ਤੋਂ ਛੁਡਾਉਂਦੇ। ਗਾਲੀ-ਗਲੋਚ ਅਤੇ ਝਗੜਾ ਹੋਣ ਲੱਗਦਾ ਤੇ ਇਸ ਤੋਂ ਬਾਅਦ ਪੇਤਿਆਂ ਦੀ ਹੋਰ ਵੀ ਬੁਰੀ ਸ਼ਾਮਤ ਆਉਂਦੀ। ਹਾਂ, ਕਦੇ-ਕਦੇ ਅਜਿਹਾ ਦਖਲ ਸ਼ਾਂਤੀਪੂਰਵਕ ਖਤਮ ਹੁੰਦਾ। ਐਡਵਰਡਸ ਜੋਕਰ ਦੇ

ਆਉਣ ’ਤੇ ਅਜਿਹਾ ਹੁੰਦਾ। ਉਹ ਬੀਅਰ ਅਤੇ ਕੁਝ ਖਾਣ ਵਾਲੀਆਂ ਚੀਜ਼ਾਂ ਨਾਲ ਮਾਮਲਾ ਰਫ਼ਾ-ਦਫ਼ਾ ਕਰਦਾ। ਇਸ ਤੋਂ ਬਾਅਦ ਦੇ ਗੱਲਬਾਤ ਵਿਚ ਐਡਵਰਡਸ ਹਰ ਵਾਰ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਬੇਕੱਰ ਦਾ ਸਿਖਾਉਣ ਦਾ ਤਰੀਕਾ ਬਿਲਕੁਲ ਗਲਤ ਹੈ, ਕਿ ਮਾਰ-ਕੁੱਟ ਅਤੇ ਡਰਾ ਧਮਕਾ ਕੇ ਬੱਚੇ ਨੂੰ ਤਾਂ ਕੀ, ਕੁੱਤਿਆਂ, ਬਾਂਦਰਾਂ ਨੂੰ ਵੀ ਕੁਝ ਨਹੀਂ ਸਿਖਾਇਆ ਜਾ ਸਕਦਾ, ਕਿ ਡਰ ਨਾਲ ਮਨ ਵਿੱਚ ਝਿਜਕ ਪੈਦਾ ਹੁੰਦੀ ਹੈ ਅਤੇ ਝਿਜਕ ਕਲਾਬਾਜ਼ ਦਾ ਸਭ ਤੋਂ ਵੱਡਾ ਦੁਸ਼ਮਣ ਹੈ, ਕਿਉਂਕਿ ਤਦ ਉਹ ਆਪਣੀ ਸ਼ਕਤੀ ਵਿੱਚ ਵਿਸ਼ਵਾਸ ਅਤੇ ਨਿਡਰਤਾ ਗਵਾ ਲੈਂਦਾ ਹੈ, ਅਤੇ ਇਸ ਤੋਂ ਬਿਨਾ ਤਾਂ ਬਸ ਉਹਨਾਂ ਦੀਆਂ ਨਸਾਂ ਚੜ੍ਹ ਜਾਣਗੀਆਂ ਜਾਂ ਉਹ ਗਰਦਨ ਨਹੀਂ, ਤਾਂ ਰੀੜ੍ਹ ਦੀਆਂ ਹੱਡੀਆਂ ਹੀ ਤੁੜਵਾ ਬੈਠੇਗਾ।

ਹੈਰਾਨੀ ਦੀ ਗੱਲ ਇਹ ਸੀ : ਹਰ ਵਾਰ ਜਦੋਂ ਬਹਿਸ ਅਤੇ ਬੀਅਰ ਦੇ ਜੋਸ਼ ਵਿੱਚ ਆ ਕੇ ਐਡਵਰਡਸ ਇਹ ਦਿਖਾਉਣ ਲੱਗਦਾ ਕਿ ਕੋਈ ਕਰਤੱਬ ਕਿਵੇਂ ਕਰਨਾ ਚਾਹੀਦਾ ਤਾਂ ਪੇਤਿਆ ਬੜੀ ਚੁਸਤੀ ਅਤੇ ਫੁਰਤੀ ਨਾਲ ਅਭਿਆਸ ਕਰਕੇ ਦਿਖਾਉਂਦਾ।

ਸਾਰੇ ਸਰਕਸ ਵਾਲੇ ਹੁਣ ਬੇਕੱਰ ਦੇ ਸ਼ਾਗਿਰਦ ਨੂੰ ਜਾਣਦੇ ਸਨ ਬੇਕੱਰ ਨੇ ਉਸ ਲਈ ਜੋਕਰ ਦੇ ਕੱਪੜੇ ਲੈ ਲਏ ਸਨ, ਉਸਦੇ ਮੂੰਹ ’ਤੇ ਪਾਊਡਰ ਪੋਤ ਕੇ ਅਤੇ ਗੱਲ੍ਹਾਂ ’ਤੇ ਸੁਰਖੀ ਲਗਾ ਕੇ ਉਹ ਉਸਨੂੰ ਤਮਾਸ਼ੇ ਵਿੱਚ ਲੈ ਜਾਂਦਾ। ਕਦੇ-ਕਦੇ ਉਸ ਨੂੰ ਪਰਖਣ ਲਈ ਬੇਕੱਰ ਅਚਾਨਕ ਉਸਦੀਆਂ ਲੱਤਾਂ ਉਪਰ ਚੁੱਕ ਲੈਂਦਾ ਅਤੇ ਹੱਥਾਂ ਭਾਰ ਰੇਤ ’ਤੇ ਦੌੜਾਉਂਦਾ। ਪੇਤਿਆ ਤਦ ਆਪਣਾ ਪੂਰਾ ਜ਼ੋਰ ਲਗਾਉਂਦਾ, ਪਰ ਅਕਸਰ ਕੁਝ ਦੂਰ ਦੌੜਨ ਤੋਂ ਬਾਅਦ ਉਸਦੀਆਂ ਬਾਹਵਾਂ ਜਵਾਬ ਦੇ ਜਾਂਦੀਆਂ ਅਤੇ ਸਿਰ ਰੇਤ ਵਿੱਚ ਧੱਸ ਜਾਂਦਾ, ਜਿਸ ਨਾਲ ਦਰਸ਼ਕ ਮਜ਼ਾਕ ਉਡਾਉਂਦੇ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਐਡਵਰਡਸ ਤੋਂ ਪੇਤਿਆ ਬਹੁਤ ਜ਼ਿਆਦਾ ਸਿਖ ਸਕਦਾ ਸੀ ; ਬੇਕੱਰ ਦੇ ਹੱਥਾਂ ਵਿਚ ਉਸ ਲਈ ਆਪਣੇ ਹੁਨਰ ਵਿਚ ਵੱਧਣਾ ਮੁਸ਼ਕਲ ਹੋ ਰਿਹਾ ਸੀ। ਪੇਤਿਆ ਪਹਿਲੇ ਦਿਨ ਵਾਂਗ ਹੀ ਆਪਣੇ ਉਸਤਾਦ ਤੋਂ ਡਰਦਾ ਸੀ। ਹੁਣ ਉਸਦੇ ਨਾਲ ਹੀ ਮਨ ਵਿੱਚ ਇੱਕ ਹੋਰ ਭਾਵਨਾ ਵੀ ਉਠਣ ਲੱਗੀ ਸੀ, ਜਿਸ ਨੂੰ ਉਹ ਸਮਝ ਤਾਂ ਨਹੀਂ ਪਾਉਂਦਾ ਸੀ, ਪਰ ਉਸ ਅੰਦਰ ਜ਼ੋਰ ਫੜਦੀ ਜਾ ਰਹੀ ਸੀ, ਉਸਦੇ ਵਿਚਾਰਾਂ ਅਤੇ ਭਾਵਨਾਵਾਂ ’ਤੇ ਹਾਵੀ ਹੋ ਰਹੀ ਸੀ, ਜਿਸ ਕਾਰਨ ਰਾਤ ਨੂੰ ਗੱਦੇ ’ਤੇ ਲੇਟਿਆਂ ਉਹ ਬੇਕੱਰ ਦੇ ਘੁਰਾੜੇ ਸੁਣ-ਸੁਣ ਕੇ ਅੱਥਰੂ ਵਹਾਉਂਦਾ ਰਹਿੰਦਾ ਸੀ।

ਅਤੇ ਬੇਕੱਰ ਸੀ ਕਿ ਮੁੰਡੇ ਨੂੰ ਆਪਣੇ ਨਾਲ ਪਰਚਾਉਣ ਲਈ ਕੁਝ ਵੀ ਨਹੀਂ ਕਰਦਾ ਸੀ, ਬਿਲਕੁਲ ਕੁਝ ਨਹੀਂ। ਇਥੋਂ ਤੱਕ ਕਿ ਜਦੋਂ ਪੇਤਿਆ ਕੋਈ ਕਰਤੱਬ ਚੰਗੀ ਤਰ੍ਹਾਂ ਕਰ ਲੈਂਦਾ, ਤਾਂ ਵੀ ਬੇਕੱਰ ਉਸ ਨੂੰ ਪਿਆਰ ਦਾ ਇੱਕ ਸ਼ਬਦ ਨਾ ਕਹਿੰਦਾ ; ਬਸ ਆਪਣੇ ਪਹਾੜ ਵਰਗੇ ਧੜ ਉਪਰੋਂ ਉਸ ’ਤੇ ਇੱਕ ਨਜ਼ਰ ਪਾ ਦਿੰਦਾ ਕਿ ਹਾਂ ਠੀਕ ਹੈ। ਬੇਕੱਰ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਕਿ ਵਰਵਾਰਾ ਧੋਬਣ ਨੇ ਮੁੰਡੇ ਨੂੰ ਜਿਹੜੀਆਂ ਦੋ ਕਮੀਜ਼ਾਂ ਦਿੱਤੀਆਂ ਸਨ ਉਹ ਹੁਣ ਚੀਥੜੇ-ਚੀਥੜੇ ਹੋ ਗਈਆਂ ਸਨ, ਕਿ ਮੁੰਡੇ ਦੇ ਹੇਠਾਂ ਪਾਉਣ ਵਾਲੇ ਕਪੜੇ ਦੋ-ਦੋ ਹਫ਼ਤੇ ਬਦਲੇ ਨਾ ਜਾਂਦੇ, ਕਿ ਉਸਦੇ ਕੰਨਾਂ ਅਤੇ ਗਰਦਨ ’ਤੇ ਮੈਲ ਦੀਆਂ ਪਰਤਾਂ ਜੰਮ ਗਈਆਂ ਸਨ, ਕਿ ਉਸਦੇ ਬੂਟਾਂ ਫਟ ਗਏ ਸਨ, ਉਹਨਾਂ ਵਿਚ ਪਾਣੀ ਅਤੇ ਚਿੱਕੜ ਭਰ ਜਾਂਦਾ ਸੀ । ਬੇਕੱਰ ਦੇ ਸਾਥੀ ਤੇ ਸਭ ਤੋਂ ਜ਼ਿਆਦਾ

ਐਡਵਰਡਸ ਉਸਨੂੰ ਇਸਦਾ ਉਲ੍ਹਾਮਾ ਦਿੰਦਾ ਸੀ ; ਜਵਾਬ ਵਿਚ ਬੇਸਬਰੀ ਨਾਲ ਸੀਟੀ ਵਜਾਉਂਦਾ ਰਹਿੰਦਾ ਅਤੇ ਆਪਣੀ ਪਤਲੂਨ 'ਤੇ ਕੋਰੜਾ ਝਟਕਦਾ ਰਹਿੰਦਾ।

ਉਹ ਪੇਤਿਆ ਨੂੰ ਕੰਮ ਸਿਖਾਉਂਦਾ ਜਾ ਰਿਹਾ ਸੀ ਅਤੇ ਹਰ ਵਾਰ ਜ਼ਰਾ ਜਿੰਨੀ ਵੀ ਗਲਤੀ ਹੋਣ 'ਤੇ ਉਸਨੂੰ ਸਜ਼ਾ ਦਿੰਦਾ।

ਸਰਕਸ ਦੇ ਪੀਟਰਸਬਰਗ ਵਾਪਸ ਆਉਣ ਦੇ ਬਾਅਦ ਦੀ ਗੱਲ ਹੈ। ਐਡਵਰਡਸ ਨੇ ਪੇਤਿਆ ਨੂੰ ਇੱਕ ਕਤੂਰਾ ਲੈ ਦਿੱਤਾ। ਮੁੰਡੇ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ, ਉਹ ਤਬੇਲੇ 'ਚ, ਗਲਿਆਰੇ 'ਚ ਉਸ ਨੂੰ ਫੜੀ ਦੌੜ ਰਿਹਾ ਸੀ, ਸਾਰਿਆਂ ਨੂੰ ਕਤੂਰਾ ਦਿਖਾ ਰਿਹਾ ਸੀ, ਅਤੇ ਵਾਰ-ਵਾਰ ਉਸਦੀ ਗਿਲੀ ਜਿਹੀ, ਗੁਲਾਬੀ ਥੁਥਨੀ ਚੁੰਮ ਰਿਹਾ ਸੀ।

ਬੇਕੱਰ ਦਾ ਤਮਾਸ਼ਾ ਦੇਖ ਕੇ ਲੋਕਾਂ ਨੇ ਉਸਨੂੰ ਤਾਲੀਆਂ ਵਜਾ ਕੇ ਦੁਬਾਰਾ ਨਹੀਂ ਬੁਲਾਇਆ ਸੀ ਅਤੇ ਇਸ ਗੱਲ 'ਤੇ ਸੜਿਆ-ਭੁਜਿਆ ਉਹ ਅੰਦਰ ਦੇ ਗਲਿਆਰੇ ਵਿੱਚ ਮੁੜ ਰਿਹਾ ਸੀ। ਪੇਤਿਆ ਦੇ ਹੱਥ 'ਚ ਕਤੂਰਾ ਦੇਖ ਕੇ ਉਸਨੇ ਖੋਹ ਲਿਆ ਅਤੇ ਜੁੱਤੀ ਦੀ ਨੋਕ ਨਾਲ ਉਸ ਨੂੰ ਜ਼ੋਰ ਦੀ ਠੋਕਰ ਮਾਰੀ। ਕਤੂਰੇ ਦਾ ਸਿਰ ਕੰਧ ਨਾਲ ਟਕਰਾਇਆ ਤੇ ਉਹ ਉਥੇ ਹੀ ਮਰ ਗਿਆ।

ਪੇਤਿਆ ਫੁੱਟ-ਫੁੱਟ ਕੇ ਰੋਣ ਲੱਗ ਪਿਆ ਅਤੇ ਉਸ ਪਲ ਡਰੈਸਿੰਗ ਰੂਮ 'ਚੋਂ ਨਿਕਲੇ ਐਡਵਰਡਸ ਵੱਲ ਲਪਕਿਆ। ਆਸ-ਪਾਸ ਲੋਕਾਂ ਨੂੰ ਬੁਰਾ-ਭਲਾ ਕਹਿੰਦਿਆਂ ਸੁਣ ਕੇ ਬੇਕੱਰ ਹੋਰ ਵੀ ਜ਼ਿਆਦਾ ਭੜਕ ਪਿਆ, ਉਸਨੇ ਝਟਕੇ ਨਾਲ ਪੇਤਿਆ ਨੂੰ ਐਡਵਰਡਸ ਦੇ ਹੱਥੋਂ ਖੋਹਿਆ ਅਤੇ ਕੱਸ ਕੇ ਥੱਪੜ ਮਾਰ ਦਿੱਤਾ।

ਪੇਤਿਆ ਹਲਕਾ-ਫੁਲਕਾ ਅਤੇ ਲਚਕੀਲਾ ਜ਼ਰੂਰ ਸੀ, ਪਰ ਫਿਰ ਵੀ ਉਹ ਰਬੜ ਦਾ ਪੁਤਲਾ ਨਹੀਂ ਬਦਕਿਸਮਤ ਬੱਚਾ ਸੀ।

## 2.

ਕਾਉਂਟ ਲਿਸਤਮੀਰਵ ਦੇ ਘਰ ਵਿਚ ਬੱਚਿਆਂ ਦੇ ਕਮਰੇ ਦੱਖਣ ਦੇ ਬਾਗ ਵੱਲ ਸਨ। ਕਿੰਨੀ ਸ਼ਾਨਦਾਰ ਜਗ੍ਹਾ ਸੀ! ਜਦੋਂ ਅਸਮਾਨ 'ਤੇ ਸੂਰਜ ਚਮਕਦਾ ਤਾਂ ਸਵੇਰ ਤੋਂ ਸ਼ਾਮ ਤੱਕ ਕਮਰਿਆਂ ਵਿਚ ਧੁੱਪ ਰਹਿੰਦੀ : ਕੇਵਲ ਹੇਠਲੇ ਹਿੱਸੇ ਵਿਚ ਖਿੜਕੀਆਂ 'ਤੇ ਨੀਲੇ ਪਰਦੇ ਲਗਾਏ ਗਏ ਸਨ — ਬੱਚਿਆਂ ਦੀਆਂ ਅੱਖਾਂ ਨੂੰ ਤੇਜ਼ ਰੋਸ਼ਨੀ ਤੋਂ ਬਚਾਉਣ ਲਈ। ਇਸ ਉਦੇਸ਼ ਨਾਲ ਸਾਰੇ ਕਮਰਿਆਂ ਵਿਚ ਗਲੀਚੇ ਵਿਛਾਏ ਗਏ ਸਨ — ਉਹ ਵੀ ਨੀਲੇ ਰੰਗ ਦੇ ਤੇ ਕੰਧਾਂ 'ਤੇ ਲਗਾਏ ਗਏ ਵਾੱਲ-ਪੇਪਰ ਬਹੁਤ ਲਿਸ਼ਕਦੇ ਰੰਗਾਂ ਦੇ ਨਹੀਂ ਸਨ।

ਇਕ ਕਮਰੇ ਵਿਚ ਦੀਵਾਰ ਦਾ ਸਾਰਾ ਹੇਠਲਾ ਹਿੱਸਾ ਖਿਡੌਣਿਆਂ ਨਾਲ ਭਰਿਆ ਹੋਇਆ ਸੀ।

ਰੰਗ-ਬਿਰੰਗੀਆਂ ਅੰਗਰੇਜ਼ੀ ਕਿਤਾਬਾਂ ਅਤੇ ਕਾਪੀਆਂ, ਗੁੱਡੀਆਂ-ਪਟੋਲੇ ਅਤੇ ਉਹਨਾਂ ਦੇ ਝੂਲੇ, ਤਸਵੀਰਾਂ, ਅਲਮਾਰੀਆਂ, ਛੋਟੀਆਂ-ਛੋਟੀਆਂ ਰਸੋਈਆਂ, ਚੀਨੀ ਮਿੱਟੀ ਦੇ ਸੈੱਟ, ਪਹੀਏਦਾਰ ਭੇਡਾਂ ਅਤੇ ਕੁੱਤੇ — ਇਹ ਸਭ ਕੁੜੀਆਂ ਦੇ ਹਿੱਸੇ ਸੀ ਅਤੇ ਮੁੰਡਿਆਂ ਤੇ ਹਿੱਸੇ ਸਨ ਜਸਤੇ ਦੇ

ਸਿਪਾਹੀ, ਵੱਡੀਆਂ-ਵੱਡੀਆਂ ਅੱਖਾਂ ਵਾਲੇ ਹਰੇ ਘੋੜਿਆਂ ਦੇ ਛੱਕੜੇ, ਜਿਸ ਉਤੇ ਘੁੰਗਰੂ ਲੱਗੇ ਹੋਏ ਸਨ, ਵੱਡਾ ਜਿਹਾ ਚਿੱਟਾ ਬੱਕਰਾ, ਘੋੜ-ਸਵਾਰ, ਢੋਲ ਅਤੇ ਪਿੱਤਲ ਦਾ ਵਾਜਾ, ਜਿਸ ਦੀ ਅਵਾਜ਼ ਨਾਲ ਅੰਗਰੇਜ਼ ਮਿਸ ਬਲਿਕਸ ਹਮੇਸ਼ਾ ਖਿੜਦੀ ਰਹਿੰਦੀ ਸੀ। ਉਹ ਕਮਰਾ ਖਿਡੌਣਿਆਂ ਦਾ ਕਮਰਾ ਹੀ ਕਹਿਲਾਉਂਦਾ ਸੀ।

ਮਾਸਲੇਨਿਤਸਾ (ਫਰਵਰੀ ਦੇ ਅੰਤ ਅਤੇ ਮਾਰਚ ਦੇ ਸ਼ੁਰੂ 'ਚ ਈਸਾਈਆਂ ਦੇ ਚਲੀਹੇ ਦੇ ਪਹਿਲੇ ਇਕ ਹਫਤੇ ਤੱਕ ਮਨਾਇਆ ਜਾਣ ਵਾਲਾ ਤਿਓਹਾਰ) ਦੇ ਦਿਨਾਂ ਵਿਚ ਬੁੱਧਵਾਰ ਨੂੰ ਕਮਰੇ ਵਿੱਚ ਬੜੇ ਉਤਸ਼ਾਹ ਦਾ ਵਾਤਾਵਰਣ ਸੀ। ਬੱਚਿਆਂ ਦੀਆਂ ਖੁਸ਼ੀਆਂ ਭਰੀਆਂ ਚੀਕਾਂ ਗੂੰਜ ਰਹੀਆਂ ਸਨ। ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ ਸੀ ; ਇਸ ਦਿਨ ਬੱਚਿਆਂ ਨੂੰ ਕਿਹਾ ਗਿਆ ਸੀ :

"ਬੱਚਿਓ, ਮਾਸਲੇਨਿਤਸਾ ਦੇ ਸ਼ੁਰੂ ਤੋਂ ਹੀ ਤੁਸੀਂ ਬੜੇ ਚੰਗੇ ਬੱਚੇ ਰਹੇ ਹੋ, ਕਹਿਣਾ ਮੰਨਦੇ ਰਹੇ ਹੋ। ਅੱਜ ਬੁੱਧਵਾਰ ਹੈ ; ਜੇ ਅੱਗੇ ਵੀ ਤੁਸੀਂ ਇੰਝ ਹੀ ਰਹੇ, ਤਾਂ ਸ਼ੁਕਰਵਾਰ ਤੁਹਾਨੂੰ ਸਰਕਸ ਲੈ ਜਾਵਾਂਗੇ! "

ਇਹ ਗੱਲ ਸੋਨਿਆ ਮਾਸੀ ਨੇ ਕਹੀ ਸੀ।

ਮਾਸੀ ਦਾ ਇਹ ਵਾਅਦਾ ਕਰਨ ਦੀ ਦੇਰ ਸੀ ਕਿ ਬੱਚੇ ਹੁੱਰੇਅ-ਹੁੱਰੇਅ ਕਰਨ ਲੱਗੇ, ਨੱਚਣ-ਟੱਪਣ ਲੱਗੇ ਤੇ ਹੋਰ ਵੀ ਕਈ ਤਰ੍ਹਾਂ ਨਾਲ ਆਪਣੀ ਖੁਸ਼ੀ ਦਿਖਾਉਣ ਲੱਗੇ। ਇਸ ਉਮੰਗ 'ਚ ਪੰਜ ਸਾਲਾਂ ਦੇ ਬਾਲਕ ਪਾਫ਼ ਨੇ ਸਭ ਨੂੰ ਹੈਰਾਨ ਕਰ ਦਿੱਤਾ। ਉਹ ਹਮੇਸ਼ਾ ਤੋਂ ਬੜਾ ਭਾਰੀ-ਭਰਕਮ ਸੀ, ਪਰ ਹੁਣ ਕਹਾਣੀਆਂ ਸੁਣ ਕੇ ਅਤੇ ਇਹ ਜਾਣ ਕੇ ਕਿ ਸਰਕਸ ਵਿੱਚ ਉਹ ਕੀ ਦੇਖੇਗਾ, ਉਹ ਅਚਾਨਕ ਹੱਥਾਂ-ਪੈਰਾਂ 'ਤੇ ਖੜ੍ਹਾ ਹੋ ਗਿਆ ਤੇ ਖੱਬੀ ਲੱਤ ਉਪਰ ਚੁੱਕ ਕੇ ਆਪਣੀ ਜੀਭ ਕੱਢ ਕੇ ਗੱਲ੍ਹ 'ਤੇ ਘੁੰਮਾਉਣ ਲੱਗਾ ਅਤੇ ਕਮਰੇ ਵਿਚ ਹਾਜ਼ਰ ਲੋਕਾਂ ਨੂੰ ਆਪਣੀ ਚੁੰਨ੍ਹੀਆਂ ਅੱਖਾਂ ਨਾਲ ਦੇਖਦਾ ਹੋਇਆ ਜੋਕਰ ਬਣਨ ਲੱਗਾ।

"ਚੁੱਕੋ ਇਸਨੂੰ, ਚੁੱਕੋ ਜਲਦੀ, ਨਹੀਂ ਤਾਂ ਇਸ ਦੇ ਸਿਰ 'ਤੇ ਖੂਨ ਚੜ੍ਹ ਜਾਏਗਾ।"

ਫਿਰ ਤੋਂ ਹੱਲਾ-ਗੁੱਲਾ ਹੋਣ ਲੱਗਾ, ਪਾਫ਼ ਦੇ ਚਾਰੇ ਪਾਸੇ ਉਛਲ-ਕੁੱਦ ਹੋਣ ਲੱਗੀ, ਜੋ ਉਠਣਾ ਹੀ ਨਹੀਂ ਚਾਹੁੰਦਾ ਸੀ ਤੇ ਕਦੇ ਇਕ ਲੱਤ, ਤੇ ਕਦੇ ਦੂਸਰੀ ਲੱਤ ਚੁੱਕ ਰਿਹਾ ਸੀ।

"ਬੱਚਿਓ! .. ਬਸ, ਹੁਣ ਬਸ! .. ਲੱਗਦਾ ਹੈ, ਤੁਸੀਂ ਹੁਣ ਸਮਝਦਾਰ ਨਹੀਂ ਬਣਨਾ ਚਾਹੁੰਦੇ ... ਕਹਿਣਾ ਨਹੀਂ ਮੰਨਣਾ ਚਾਹੁੰਦੇ," ਸੋਨਿਆ ਮਾਸੀ ਕਹਿ ਰਹੀ ਸੀ, ਜਿਸ ਨੂੰ ਸਭ ਤੋਂ ਜ਼ਿਆਦਾ ਉਲਝਣ ਇਸੇ ਗੱਲ ਦੀ ਸੀ ਕਿ ਉਸ ਨੂੰ ਗੁੱਸਾ ਕਰਨਾ ਨਹੀਂ ਆਉਂਦਾ ਸੀ।

ਉਹ ਇਹਨਾਂ ਨੂੰ "ਆਪਣੇ ਬੱਚੇ" ਹੀ ਕਹਿੰਦੀ ਸੀ ਤੇ ਉਹਨਾਂ 'ਤੇ ਲੱਟੂ ਸੀ। ਬੱਚੇ ਸੱਚਮੁੱਚ ਹੀ ਬੜੇ ਪਿਆਰੇ ਸਨ।

ਵੱਡੀ ਬੱਚੀ ਵੇਰਾ ਅੱਠ ਸਾਲ ਦੀ ਹੋ ਗਈ ਸੀ, ਉਸਦੇ ਬਾਅਦ ਸੀ ਛੇ ਸਾਲ ਦੀ ਜ਼ੀਨਾ ਅਤੇ ਮੁੰਡਾ, ਜਿਵੇਂ ਕਿ ਕਿਹਾ ਜਾ ਚੁੱਕਾ ਹੈ ਕਿ ਪੰਜ ਸਾਲ ਦਾ ਸੀ। ਉਸਦਾ ਨਾਮ ਸੀ, ਪਾਵੇਲ, ਪਰ ਉਸਨੂੰ ਘਰ ਵਿਚ ਕਈ ਨਾਮਾਂ ਨਾਲ ਬੁਲਾਇਆ ਜਾਂਦਾ ਸੀ : ਬੇਬੀ, ਲੱਟੂ, ਲੱਡੂ ਅਤੇ ਆਖਰ ਪਾਫ਼। ਹੁਣ ਸਾਰੇ ਇਸ ਨੂੰ ਇਸੇ ਨਾਮ ਨਾਲ ਬੁਲਾਉਂਦੇ ਸਨ। ਮੁੰਡਾ ਗਿੱਠਾ ਜਿਹਾ, ਗੋਲ-ਮਟੋਲ ਸੀ, ਗੋਰਾ,

ਗੁੰਦਵਾ ਬਦਨ, ਗੇਂਦ ਵਰਗਾ ਸਿਰ ਅਤੇ ਗੋਲ ਚਿਹਰਾ, ਜਿਸ 'ਤੇ ਇੱਕ ਮਾਤਰ ਵਿਸ਼ੇਸ਼ਤਾ ਸੀ ਉਹਦੀਆਂ ਛੋਟੀਆਂ-ਛੋਟੀਆਂ ਚੁੰਨ੍ਹੀਆਂ ਅੱਖਾਂ, ਜਿਹੜੀਆਂ ਖਾਣਾ ਪਰੋਸੇ ਜਾਣ 'ਤੇ ਜਾਂ ਖਾਣੇ ਦੀ ਚਰਚਾ ਹੋਣ 'ਤੇ ਹੀ ਪੂਰੀ ਤਰ੍ਹਾਂ ਖੁਲ੍ਹਦੀਆਂ ਸਨ।

ਜਿਸ ਪਲ ਸਰਕਸ ਜਾਣ ਦਾ ਵਾਅਦਾ ਕੀਤਾ ਗਿਆ, ਉਸੇ ਪਲ ਤੋਂ ਵੱਡੀ ਬੇਟੀ ਸੁਚੇਤ ਹੋ ਗਈ ਅਤੇ ਭੈਣ-ਭਰਾਵਾਂ 'ਤੇ ਪੂਰੀ ਤਰ੍ਹਾਂ ਨਜ਼ਰ ਰੱਖਣ ਲੱਗੀ। ਉਹਨਾਂ ਵਿਚ ਕੋਈ ਝਗੜਾ ਹੋਣ ਹੀ ਲੱਗਦਾ, ਤਾਂ ਉਹ ਤੁਰੰਤ ਉਹਨਾਂ ਕੋਲ ਪਹੁੰਚ ਜਾਂਦੀ ਅਤੇ ਰੋਹਬਦਾਰ ਮਿਸ ਬਲਿਕਸ ਵੱਲ ਦੇਖਦੀ ਹੋਈ ਜਲਦੀ-ਜਲਦੀ ਜਿਜ਼ੀ ਅਤੇ ਪਾਫ਼ ਦੇ ਕੰਨਾਂ ਵਿਚ ਕੁਝ ਕਹਿਣ ਲੱਗਦੀ, ਵਾਰੀ-ਵਾਰੀ ਉਹਨਾਂ ਨੂੰ ਚੁੰਮਦੀ ਅਤੇ ਫਿਰ ਤੋਂ ਸੁਲਾਹ-ਸ਼ਾਂਤੀ ਕਰਾ ਦਿੰਦੀ।

ਲਓ, ਏਨੀ ਬੇਸਬਰੀ ਨਾਲ ਸ਼ੁਕਰਵਾਰ ਵੀ ਆ ਗਿਆ। ਡਾਇਨਿੰਗ ਰੂਮ ਵਿਚ ਵੱਡੀ ਘੜੀ ਦੇ ਬਾਰਾਂ ਵੱਜੇ। ਉਸੇ ਪਲ ਇਕ ਦਰਬਾਨ ਨੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਮਿਸ ਬਲਿਕਸ ਅਤੇ ਨੌਕਰਾਨੀ ਨਾਲ ਬੱਚਿਆਂ ਨੇ ਡਾਇਨਿੰਗ ਰੂਮ ਵਿਚ ਪ੍ਰਵੇਸ਼ ਕੀਤਾ। ਨਾਸ਼ਤਾ ਹਮੇਸ਼ਾ ਵਾਂਗ ਬੜੇ ਸਲੀਕੇ ਨਾਲ ਕੀਤਾ ਗਿਆ।

ਵੇਰਾ ਨੇ ਜਿਜ਼ੀ ਅਤੇ ਪਾਫ਼ ਨੂੰ ਸੁਚੇਤ ਕਰ ਦਿੱਤਾ ਸੀ, ਸੋ ਨਾਸ਼ਤਾ ਕਰਦਿਆਂ ਉਹ ਬਿਲਕੁਲ ਚੁੱਪ ਰਹੇ ; ਵੇਰਾ ਨੇ ਭੈਣ-ਭਰਾਵਾਂ 'ਤੇ ਨਜ਼ਰ ਰੱਖੀ ਹੋਈ ਸੀ ਅਤੇ ਉਹਨਾਂ ਦੀ ਹਰ ਹਰਕਤ ਦਾ ਖਿਆਲ ਰੱਖ ਰਹੀ ਸੀ।

ਨਾਸ਼ਤਾ ਖਤਮ ਹੋ ਜਾਣ 'ਤੇ ਮਿਸ ਬਲਿਕਸ ਨੇ ਕਾਊਂਟੈਸ ਨੂੰ ਇਹ ਦੱਸਣਾ ਆਪਣਾ ਫਰਜ਼ ਸਮਝਿਆ ਕਿ ਇਹਨਾਂ ਪਿਛਲੇ ਦਿਨਾਂ ਵਿਚ ਬੱਚਿਆਂ ਦਾ ਆਚਰਣ ਜਿੰਨਾ ਵਧੀਆ ਰਿਹਾ ਹੈ, ਓਨਾ ਪਹਿਲਾਂ ਕਦੀ ਨਹੀਂ ਸੀ। ਕਾਊਂਟੈਸ ਬੋਲੀ ਕਿ ਉਹ ਦੀਦੀ ਤੋਂ ਇਹ ਗੱਲ ਸੁਣ ਚੁੱਕੀ ਹੈ ਇਸ ਲਈ ਉਹਨਾਂ ਨੇ ਕਹਿ ਦਿੱਤਾ ਕਿ ਅੱਜ ਸ਼ਾਮ ਨੂੰ ਸਰਕਸ ਵਿਚ ਇਕ ਬੋਕ੍ਸ ਲੈ ਲਿਆ ਜਾਵੇ।

ਵੇਰਾ ਨੂੰ ਏਨੀ ਦੇਰ ਤੋਂ ਆਪਣੀਆਂ ਖੁਸ਼ੀਆਂ ਦੇ ਬੰਨ੍ਹ ਨੂੰ ਰੋਕਿਆ ਹੋਇਆ ਸੀ, ਇਹ ਖਬਰ ਸੁਣ ਕੇ ਹੁਣ ਉਸ ਤੋਂ ਰਿਹਾ ਨਾ ਗਿਆ। ਉਹ ਝੱਟਪਟ ਕੁਰਸੀ ਤੋਂ ਉਠੀ ਤੇ ਇੰਨੇ ਜ਼ੋਰ ਨਾਲ ਕਾਊਂਟੈਸ ਦੇ ਗਲੇ ਲੱਗਣ ਲੱਗੀ ਕਿ ਕੁਝ ਪਲਾਂ ਲਈ ਉਸਦੇ ਸੰਘਣੇ ਵਾਲਾਂ ਪਿੱਛੇ ਉਸ ਦਾ ਚਿਹਰਾ ਲੁਕ ਗਿਆ।

ਵੇਰਾ ਗ੍ਰੈਂਡ ਪਿਆਨੋ ਕੋਲ ਗਈ, ਜਿਸ 'ਤੇ ਇਸ਼ਤਿਹਾਰ ਰੱਖੇ ਹੋਏ ਸਨ। ਉਹਨਾਂ ਵਿਚੋਂ ਇਕ 'ਤੇ ਹੱਥ ਰੱਖ ਕੇ ਉਸਨੇ ਆਪਣੀਆਂ ਨੀਲੀਆਂ-ਨੀਲੀਆਂ ਅੱਖਾਂ ਮਾਂ ਵੱਲ ਚੁੱਕੀਆਂ ਅਤੇ ਉਤਸੁਕਤਾ ਨਾਲ ਪੁੱਛਿਆ :

"ਮਾਂ... ਲੈ ਲਵਾਂ? .. ਇਹ ਪਰਚਾ ਲੈ ਲਵਾਂ?"

"ਲੈ ਲਓ।"

"ਜਿਜ਼ੀ! ਪਾਫ਼!" ਵੇਰਾ ਖੁਸ਼ੀ ਨਾਲ ਚੀਕੀ ਅਤੇ ਇਸ਼ਤਿਹਾਰ ਨੂੰ ਹਿਲਾਉਣ ਲੱਗੀ। "ਜਲਦੀ ਚਲੋ! ਮੈਂ ਤੁਹਾਨੂੰ ਦੱਸਾਂਗੀ ਅੱਜ ਅਸੀਂ ਸਰਕਸ ਵਿਚ ਕੀ-ਕੀ ਦੇਖਾਂਗੇ : ਸਭ ਕੁਝ ਦੱਸਾਂਗੀ! .. ਚਲੋ ਆਪਣੇ ਕਮਰਿਆਂ ਵਿਚ ਚੱਲੋ! .."

"ਵੇਰਾ! ਵੇਰਾ ..." ਕਾਉਂਟੇਸ ਨੇ ਮਿੱਠੇ ਉਲ੍ਹਾਮੇ ਨਾਲ ਕਿਹਾ।

ਪਰ ਵੇਰਾ ਹੁਣ ਨਹੀਂ ਸੁਣ ਰਹੀ ਸੀ : ਉਹ ਉਡਦੀ ਜਾ ਰਹੀ ਸੀ ਤੇ ਉਸਦੇ ਪਿੱਛੇ ਭੈਣ-ਭਰਾ। ਮਿਸ ਬਲਿਕਸ ਹਫ਼ਦੀ ਹੋਈ ਮੁਸ਼ਕਿਲ ਨਾਲ ਉਹਨਾਂ ਪਿਛੇ ਚੱਲ ਪਾ ਰਹੀ ਸੀ।

ਖਿਡੌਣਿਆਂ ਦੇ ਕਮਰੇ ਵਿਚ ਧੁੱਪ ਖਿੜੀ ਹੋਈ ਸੀ, ਹੁਣ ਉਥੇ ਰੌਣਕ ਹੋਰ ਵੀ ਵੱਧ ਗਈ ਸੀ।

ਹੇਠਲੀ ਮੇਜ਼ ਤੋਂ ਖਿਡੌਣਿਆਂ ਨਾਲ ਖਾਲੀ ਕਰਕੇ ਇਸ਼ਤਿਹਾਰ ਰਖਿਆ ਗਿਆ।

ਵੇਰਾ ਦੀ ਬੇਨਤੀ ਸੀ ਕਿ ਸਾਰੇ ਉਪਸਥਿਤ ਲੋਕ : ਸੋਨਿਆ ਮਾਸੀ ਅਤੇ ਮਿਸ ਬਲਿਕਸ, ਸੰਗੀਤ ਦੀ ਅਧਿਆਪਿਕਾ ਅਤੇ ਆਯਾ, ਜੋ ਹੁਣੇ-ਹੁਣੇ ਮੁੰਡੇ ਨੂੰ ਚੁੱਕੀ ਅੰਦਰ ਆਈ ਸੀ — ਸਾਰੇ ਮੇਜ਼ ਕੋਲ ਬੈਠ ਜਾਣ। ਜਿਜ਼ੀ ਅਤੇ ਪਾਫ਼ ਨੂੰ ਬਿਠਾਉਣਾ ਸਭ ਤੋਂ ਜ਼ਿਆਦਾ ਮੁਸ਼ਕਲ ਸੀ। ਉਹ ਇਕ ਦੂਸਰੇ ਨੂੰ ਧਕੇਲਦੇ ਹੋਏ ਕਦੀ ਇਕ ਪਾਸੇ, ਤੇ ਕਦੇ ਦੂਸਰੇ ਪਾਸੇ ਵੇਰਾ ਦੇ ਪਿੱਛੇ ਪੈ ਰਹੇ ਸਨ, ਸਟੂਲ ਉਤੇ ਚੜ੍ਹ ਜਾਂਦੇ, ਮੇਜ਼ 'ਤੇ ਝੁਕ ਜਾਂਦੇ ਅਤੇ ਆਪਣੀਆਂ ਕੂਹਣੀਆਂ ਨਾਲ ਅੱਧਾ ਇਸ਼ਤਿਹਾਰ ਢੱਕ ਲੈਂਦੇ। ਆਖਰ ਮਾਸੀ ਦੀ ਮਦਦ ਨਾਲ ਉਹਨਾਂ ਨੂੰ ਵੀ ਬਿਠਾ ਦਿੱਤਾ ਗਿਆ।

ਵੇਰਾ ਨੇ ਵਾਲ ਪਿਛੇ ਝਟਕੇ, ਇਸ਼ਤਿਹਾਰ 'ਤੇ ਝੁਕੀ ਅਤੇ ਬੜੇ ਜੋਸ਼ ਨਾਲ ਪੜ੍ਹਿਆ :

"'ਰਬੜ ਦਾ ਪੁਤਲਾ। ਪੰਦਰਾਂ ਫੁੱਟ ਉਚੇ ਪੋਲ 'ਤੇ ਹਵਾਈ ਕਲਾਬਾਜ਼ੀ!' ਹਾਏ, ਮਾਸੀ! ਇਹ ਤਾਂ ਤੁਸੀਂ ਸਾਨੂੰ ਦੱਸੋ! ਤੁਹਾਨੂੰ ਦੱਸਣਾ ਹੀ ਪੈਣਾ! ਇਹ ਕਿਹੋ ਜਿਹਾ ਪੁਤਲਾ ਹੈ? ਪੁਤਲਾ ਕਿਵੇਂ ਕਲਾਬਾਜ਼ੀ ਦਿਖਾਵੇਗਾ?"

"ਇਹ ਸ਼ਾਇਦ ਕੋਈ ਮੁੰਡਾ ਹੈ, ਜੋ ਬਹੁਤ ਲਚਕੀਲਾ ਹੈ, ਇਸ ਲਈ ਉਸਨੂੰ ਰਬੜ ਦਾ ਪੁਤਲਾ ਕਹਿੰਦੇ ਹਨ ... ਤੁਸੀਂ ਖੁਦ ਹੀ ਦੇਖ ਲੈਣਾ।"

"ਨਹੀਂ, ਨਹੀਂ, ਤੁਸੀਂ ਸਾਨੂੰ ਦੱਸੋ ਨਾ, ਇਹ ਪੋਲ 'ਤੇ ਹਵਾ ਵਿਚ ਕਲਾਬਾਜ਼ੀ ਕਿਵੇਂ ਕਰੇਗਾ?"

"ਕਿਵੇਂ ਕਰੇਗਾ?" ਜਿਜ਼ੀ ਵੀ ਬੋਲਿਆ।

"ਕਿਵੇਂ?" ਪਾਫ਼ ਦੇ ਮੂੰਹੋਂ ਬਸ ਏਨਾ ਹੀ ਨਿਕਲਿਆ।

"ਬੱਚਿਓ, ਤੁਸੀਂ ਤਾਂ ਪਤਾ ਨਹੀਂ ਕੀ-ਕੀ ਪੁੱਛਣ ਲੱਗਦੇ ਹੋ ... ਮੈਨੂੰ ਸੱਚਮੁੱਚ ਕੁਝ ਨਹੀਂ ਪਤਾ। ਅੱਜ ਸ਼ਾਮ ਨੂੰ ਤੁਸੀਂ ਆਪਣੀਆਂ ਅੱਖਾਂ ਨਾਲ ਇਹ ਸਭ ਦੇਖ ਲੈਣਾ। ਵੇਰਾ, ਤੂੰ ਅੱਗੇ ਪੜ੍ਹ ਨਾ। ਅੱਗੇ ਕੀ ਹੈ?"

ਅੱਗੇ ਕੀ ਸੀ, ਉਹ ਵੇਰਾ ਨੇ ਬਿਨਾ ਕਿਸੇ ਵਿਸ਼ੇਸ਼ ਉਤਸ਼ਾਹ ਦੇ ਹੀ ਪੜ੍ਹਿਆ ; ਇਸ ਵਿਚ ਕਿਸੇ ਦੀ ਰੁਚੀ ਨਾ ਰਹੀ ਸੀ। ਸਾਰੀ ਰੁਚੀ ਰਬੜ ਦੇ ਪੁਤਲੇ 'ਤੇ ਹੀ ਕੇਂਦਰਿਤ ਹੋ ਗਈ ਸੀ ; ਹੁਣ ਉਸੇ ਦੀਆਂ ਗੱਲਾਂ ਹੋਣ ਲੱਗੀਆਂ, ਅੰਦਾਜ਼ੇ ਲਗਾਏ ਜਾਣ ਲੱਗੇ ਅਤੇ ਬਹਿਸ ਵੀ ਹੋਣ ਲੱਗੀ।

ਜਿਜ਼ੀ ਅਤੇ ਪਾਫ਼ ਅੱਗੇ ਕੀ ਹੈ, ਇਹ ਸੁਣਨਾ ਵੀ ਨਹੀਂ ਚਾਹੁੰਦੇ ਸਨ, ਉਹ ਆਪਣੇ-ਆਪਣੇ ਸਟੂਲ 'ਤੋਂ ਉਤਰ ਗਏ ਅਤੇ ਸ਼ੋਰ ਮਚਾਉਂਦੇ ਹੋਏ ਖੇਡਣ ਲੱਗੇ। ਉਹ ਇਹ ਕਲਪਨਾ ਕਰ ਰਹੇ ਸਨ ਕਿ ਰਬੜ ਦਾ ਪੁਤਲਾ ਕੀ ਤਮਾਸ਼ਾ ਦਿਖਾਏਗਾ। ਪਾਫ਼ ਫਿਰ ਹੱਥਾਂ-ਪੈਰਾਂ 'ਤੇ ਖੜ੍ਹਾ ਹੋ ਗਿਆ, ਜੋਕਰ ਵਾਂਗ ਖੱਬੀ ਲੱਤ ਉਪਰ ਚੁੱਕ ਕੇ ਅਤੇ ਜੀਭ ਨੂੰ ਗੱਲ੍ਹ ਤੱਕ ਲੈ ਜਾਂਦਿਆਂ ਸਾਰਿਆਂ ਨੂੰ ਆਪਣੀਆਂ ਚੁੰਨ੍ਹੀਆਂ ਅੱਖਾਂ ਨਾਲ ਦੇਖਦਾ। ਹਰ ਵਾਰ ਜਦੋਂ ਉਹ ਅਜਿਹਾ ਕਰਦਾ ਤਾਂ ਸੋਨਿਆ ਮਾਸੀ ਹਉਕਾ

ਭਰਦੀ, ਉਸਨੂੰ ਡਰ ਸੀ ਕਿ ਕਿਤੇ ਉਸਦੇ ਸਿਰ 'ਤੇ ਖ਼ੂਨ ਨਾ ਚੜ੍ਹ ਜਾਵੇ।

ਜਲਦੀ-ਜਲਦੀ ਇਸ਼ਤਿਹਾਰ ਪੜ੍ਹ ਕੇ ਵੇਰਾ ਵੀ ਭੈਣ-ਭਰਾਵਾਂ ਨਾਲ ਖੇਡਣ ਲੱਗ ਪਈ।

ਖਿਡੌਣਿਆਂ ਦੇ ਕਮਰੇ 'ਚ ਪਹਿਲਾਂ ਕਦੀ ਵੀ ਅਜਿਹਾ ਆਨੰਦ ਦਾ ਵਾਤਾਵਰਨ ਨਹੀਂ ਬਣਿਆ ਸੀ। ਬਾਗ ਪਿਛੇ ਮਕਾਨਾਂ ਦੀਆਂ ਛੱਤਾਂ 'ਤੇ ਝੁਕਦੇ ਸੂਰਜ ਦੀਆਂ ਕਿਰਨਾਂ ਵੀ ਖ਼ੁਸ਼ੀ ਨਾਲ ਭਰਪੂਰ, ਲਾਲ-ਲਾਲ ਗੱਲ੍ਹਾਂ ਵਾਲੇ ਬੱਚਿਆਂ ਨਾਲ ਖੇਡ ਰਹੀਆਂ ਸਨ, ਕਮਰੇ ਵਿਚ ਖਿਲਰੇ ਰੰਗ-ਬਿਰੰਗੇ ਖਿਡੌਣਿਆਂ ਨੂੰ ਚਮਕਾ ਰਹੀਆਂ ਸਨ, ਗਲੀਚੇ 'ਤੇ ਫੈਲ ਰਹੀਆਂ ਸਨ, ਸਾਰੇ ਕਮਰੇ ਨੂੰ ਗੁਲਾਬੀ ਧੁੱਪ ਨਾਲ ਭਰ ਰਹੀਆਂ ਸਨ। ਇਥੇ ਖ਼ੁਸ਼ੀਆਂ ਅਤੇ ਉਮੰਗਾਂ ਦਾ ਰਾਜ ਲੱਗਦਾ ਹੈ।

ਖਾਣਾ ਖਾਂਦੇ ਹੋਏ ਬੱਚੇ ਇਹੀ ਪੁੱਛਦੇ ਰਹੇ ਕਿ ਮੌਸਮ ਕਿਹੋ ਜਿਹਾ ਹੈ ਤੇ ਕਿੰਨੇ ਵੱਜੇ ਹਨ। ਸੋਨਿਆ ਮਾਸੀ ਵਿਅਰਥ ਹੀ ਇਹ ਕੋਸ਼ਿਸ਼ ਕਰਦੀ ਰਹੀ ਕਿ ਬੱਚਿਆਂ ਦੇ ਵਿਚਾਰਾਂ ਨੂੰ ਦੂਸਰੀ ਦਿਸ਼ਾ ਵੱਲ ਮੋੜੇ ਅਤੇ ਉਹਨਾਂ ਨੂੰ ਕੁਝ ਸ਼ਾਂਤ ਕਰ ਸਕੇ। ਖਾਣੇ ਤੋਂ ਬਾਅਦ ਮਾਸੀ ਬੱਚਿਆਂ ਦੇ ਕਮਰੇ ਵਿਚ ਮੁੜੀ ; ਉਹਨਾਂ ਦਾ ਚਿਹਰਾ ਖੁਸ਼ੀ ਨਾਲ ਚਮਕ ਰਿਹਾ ਸੀ। ਉਹ ਬੋਲੀ : ਕਾਊਂਟ ਅਤੇ ਕਾਊਂਟਸ ਨੇ ਬੱਚਿਆਂ ਨੂੰ ਕੱਪੜੇ ਪਹਿਨਾਉਣ ਅਤੇ ਸਰਕਸ ਲੈ ਜਾਣ ਲਈ ਕਿਹਾ ਹੈ।

ਕਮਰੇ 'ਚ ਤੂਫਾਨ ਮੱਚ ਗਿਆ। ਹੁਣ ਇਹ ਧਮਕੀ ਦੇਣੀ ਪਈ ਕਿ ਜੋ ਕਹਿਣਾ ਨਹੀਂ ਮੰਨੇਗਾ, ਠੀਕ ਤਰ੍ਹਾਂ ਕੱਪੜੇ ਨਹੀਂ ਪਹਿਣਾਉਣ ਦਵੇਗਾ ਉਸ ਨੂੰ ਘਰ ਹੀ ਛੱਡ ਜਾਣਗੇ। ਥੋੜ੍ਹੀ ਦੇਰ ਵਿੱਚ ਬੱਚਿਆਂ ਨੂੰ ਵੱਡੀ ਪੌੜੀ 'ਤੇ ਲਿਜਾਇਆ ਗਿਆ। ਉਥੇ ਫਿਰ ਤੋਂ ਧਿਆਨ ਨਾਲ ਦੇਖਿਆ ਗਿਆ, ਕੱਪੜੇ ਠੀਕ ਕੀਤੇ ਗਏ ਅਤੇ ਆਖਰਕਾਰ ਦਰਵਾਜ਼ੇ ਤੋਂ ਬਾਹਰ ਕੱਢਿਆ ਗਿਆ। ਉਥੇ ਚਾਰ ਸੀਟਾਂ ਵਾਲੀ ਬੰਦ ਸਲੈਂਜ ਗੱਡੀ ਘੋੜਿਆਂ ਨਾਲ ਜੋੜੀ ਖੜ੍ਹੀ ਸੀ। ਉਹ ਚਾਰੇ ਪਾਸੇ ਬਰਫ ਨਾਲ ਘਿਰੀ ਸੀ।

ਗੱਡੀ ਦੇ ਦਰਵਾ ਦਰਵਾਜ਼ੇ ਬੰਦ ਹੋਏ, ਦਰਬਾਨ ਉਛਲ ਕੇ ਕੋਚ-ਬਾੱਕਸ 'ਤੇ ਬੈਠ ਗਿਆ ਅਤੇ ਉਹ ਚੱਲ ਪਏ।

## 3.

ਸਰਕਸ ਦਾ ਸ਼ੋਅ ਅਜੇ ਸ਼ੁਰੂ ਨਹੀਂ ਸੀ ਹੋਇਆ। ਸਰਕਸ ਪੂਰੀ ਤਰ੍ਹਾਂ ਭਰਿਆ ਹੋਇਆ ਸੀ, ਖਾਸ ਤੌਰ 'ਤੇ ਉਪਰ ਦੀਆਂ ਕਤਾਰਾਂ ਵਿੱਚ ਖ਼ੂਬ ਭੀੜ ਸੀ। ਵੱਡੇ ਲੋਕ ਹਮੇਸ਼ਾ ਵਾਂਗ ਦੇਰੀ ਨਾਲ ਆ ਰਹੇ ਸਨ। ਬੈਂਡ ਵੱਜ ਰਿਹਾ ਸੀ। ਸਰਕਸ ਦੇ ਗੋਲ ਰਿੰਗ ਦੇ ਆਲੇ-ਦੁਆਲੇ ਅਤੇ ਉਪਰੋਂ ਤੇਜ਼ ਰੋਸ਼ਨੀ ਪੈ ਰਹੀ ਸੀ।

ਅਚਾਨਕ ਬੈਂਡ ਦੀ ਧੁੰਨ ਤੇਜ਼ ਹੋ ਗਈ। ਅਸਤਬਲ ਵੱਲ ਦਾ ਪਰਦਾ ਖੁੱਲ੍ਹਿਆ ਅਤੇ ਉਧਰੋਂ ਡੋਰੀਆਂ ਵਾਲੇ ਲਾਲ ਵਰਦੀਆਂ ਅਤੇ ਉੱਚੇ ਚਮਕੀਲੇ ਬੂਟ ਪਾਈ ਕੋਈ ਵੀਹ ਕੁ ਲੋਕ ਆਏ। ਉਹਨਾਂ ਦੇ ਸਿਰਾਂ 'ਤੇ ਵਾਲਾਂ ਦੇ ਕੁੰਡਲ ਬਣੇ ਹੋਏ ਸਨ ਅਤੇ ਕਰੀਮ ਨਾਲ ਚਮਕ ਰਹੇ ਸਨ।

ਸਰਕਸ 'ਚ ਉਪਰ ਤੋਂ ਹੇਠਾਂ ਤੱਕ ਪ੍ਰਸ਼ੰਸਾ ਭਰੀ ਫੁਸਫੁਸਾਹਟ ਸੀ। ਤਮਾਸ਼ਾ ਸ਼ੁਰੂ ਹੋ ਰਿਹਾ ਸੀ। ਅਜੇ ਇਹ ਵਰਦੀਧਾਰੀ ਹਮੇਸ਼ਾ ਵਾਂਗ ਦੋ-ਦੋ ਦੀਆਂ ਕਤਾਰਾਂ ਬਣਾ ਵੀ ਨਹੀਂ ਪਾਏ ਸਨ ਕਿ ਅਸਤਬਲ ਵੱਲੋਂ ਖਿੜਖੜ੍ਹਾਹਟ ਅਤੇ ਚੀਂਅ-ਚੀਂਅ ਕਰਕੇ ਹੱਸਣ ਦੀ ਜ਼ੋਰਦਾਰ ਆਵਾਜ਼ ਆਈ,

ਜੋਕਰਾਂ ਦਾ ਝੁੰਡ ਲੁੜਕਦਾ-ਭੁੜਕਦਾ, ਹੱਥਾਂ 'ਤੇ ਕੁੱਦਦਾ, ਹਵਾ ਵਿਚ ਉਛਲਦਾ ਰਿੰਗ 'ਤੇ ਆ ਪਹੁੰਚਿਆ।

ਸਭ ਤੋਂ ਅੱਗੇ ਜਿਹੜਾ ਜੋਕਰ ਸੀ ਉਸਦੇ ਕੋਟ ਦੀ ਛਾਤੀ ਅਤੇ ਪਿੱਠ 'ਤੇ ਬਹੁਤ ਵੱਡੀ ਤਿਤਲੀ ਬਣੀ ਹੋਈ ਸੀ। ਦਰਸ਼ਕ ਆਪਣੇ ਪਿਆਰੇ ਜੋਕਰ ਐਡਵਰਡਸ ਨੂੰ ਪਹਿਚਾਣ ਗਏ।

"ਹੁੱਰੇਅ, ਐਡਵਰਡਸ, ਹੁੱਰੇਅ।" ਚਾਰੇ ਪਾਸਿਓਂ ਆਵਾਜ਼ਾਂ ਆਈਆਂ।

ਪਰ ਇਸ ਵਾਰ ਐਡਵਰਸ ਨੇ ਦਰਸ਼ਕਾਂ ਦੀ ਆਸ ਅਨੁਸਾਰ ਰੰਗ ਨਹੀਂ ਜਮਾਇਆ। ਉਸਨੇ ਕੋਈ ਖਾਸ ਕਰਤੱਬ ਨਹੀਂ ਦਿਖਾਇਆ ; ਇਕ-ਦੋ ਵਾਰ ਸਿਰ ਦੇ ਭਾਰ ਕਲਾਬਾਜ਼ੀਆਂ ਖਾਧੀਆਂ, ਫਿਰ ਨੱਕ 'ਤੇ ਮੋਰ ਦਾ ਪੰਖ ਸੰਭਾਲਦੇ ਹੋਇਆਂ ਰਿੰਗ ਦਾ ਚੱਕਰ ਲਗਾਇਆ ਅਤੇ ਜਲਦੀ ਨਾਲ ਚਲਾ ਗਿਆ। ਦਰਸ਼ਕਾਂ ਨੇ ਬਹੁਤ ਤਾੜੀਆਂ ਵਜਾਈਆਂ, ਆਵਾਜ਼ਾਂ ਲਗਾਈਆਂ, ਪਰ ਉਹ ਫਿਰ ਤੋਂ ਰਿੰਗ 'ਤੇ ਨਹੀਂ ਆਇਆ।

ਉਸਦੀ ਥਾਂ 'ਤੇ ਜਲਦੀ-ਜਲਦੀ ਦੀ ਇਕ ਮੋਟਾ ਚਿੱਟਾ ਘੋੜਾ ਲਿਆਇਆ ਗਿਆ ਅਤੇ ਪੰਦਰਾਂ ਸਾਲ ਦੀ ਸੁੰਦਰ ਕੁੜੀ ਅਮਾਲਿਆ ਨੇ ਚਾਰੇ ਪਾਸੇ ਝੁੱਕਦਿਆਂ ਸਲਾਮ ਕੀਤਾ।

ਅਮਾਲਿਆ ਤੋਂ ਬਾਅਦ ਬਾਜ਼ੀਗਰ ਆਇਆ ; ਬਾਜ਼ੀਗਰ ਦੇ ਬਾਅਦ ਸਿਖਾਏ ਹੋਏ ਕੁੱਤਿਆਂ ਨਾਲ ਜੋਕਰ ; ਉਸ ਤੋਂ ਬਾਅਦ ਰੱਸੇ 'ਤੇ ਨਾਚ ਹੋਇਆ ; ਫਿਰ ਘੋੜੇ ; ਬਿਨਾ ਕਾਠੀ ਦੇ ਘੋੜ ਸਵਾਰੀ ਹੋਈ, ਫਿਰ ਦੋ ਘੋੜਿਆਂ 'ਤੇ ਕਾਠੀ 'ਤੇ — ਸੰਖੇਪ ਵਿਚ ਇਹ ਕਿ ਇੰਟਰਵਲ ਤੱਕ ਤਮਾਸ਼ਾ ਕ੍ਰਮ ਅਨੁਸਾਰ ਚੱਲਦਾ ਰਿਹਾ।

'ਮਾਸੀ, ਪਿਆਰੀ ਮਾਸੀ, ਹੁਣ ਰਬੜ ਦਾ ਪੁਤਲਾ ਹੋਵੇਗਾ ਨਾ?" ਵੇਰਾ ਨੇ ਪੁੱਛਿਆ।

'ਹਾਂ, ਇਸ਼ਤਿਹਾਰ ਵਿੱਚ ਲਿਖਿਆ ਹੈ ਕਿ ਉਹ ਇੰਟਰਵਲ ਦੇ ਬਾਅਦ ਹੋਣਾ। ਤਾਂ ਬੱਚਿਓ, ਕਿਵੇਂ ਲੱਗ ਰਿਹਾ? ਮਜ਼ਾ ਆ ਰਿਹਾ ਹੈ?"

"ਹਾਏ, ਬੜਾ ਮਜ਼ਾ ਆ ਰਿਹਾ! .. ਬੜਾ!" ਵੇਰਾ ਨੇ ਖੁਸ਼ੀ ਨਾਲ ਚਹਿਚਹਾਉਂਦਿਆਂ ਕਿਹਾ।

"ਜਿਜ਼ੀ, ਤੈਨੂੰ? ਪਾਫ਼, ਤੈਨੂੰ ਮਜ਼ਾ ਆ ਰਿਹਾ ਹੈ?"

"ਇਥੇ ਠਾਹ-ਠਾਹ ਹੋਵੇਗੀ?" ਜਿਜ਼ੀ ਨੇ ਪੁੱਛਿਆ।

"ਅਰੇ ਨਹੀਂ, ਬੇਟਾ, ਘਬਰਾ ਨਾ। ਕਹਿ ਦਿੱਤਾ ਨਾ, ਨਹੀਂ ਹੋਵੇਗੀ।"

ਪਾਫ਼ ਕੋਲੋਂ ਕੁਝ ਵੀ ਕਹਾਉਣਾ ਅਸੰਭਵ ਸੀ। ਇੰਟਰਵਲ ਦੇ ਸ਼ੁਰੂ ਤੋਂ ਹੀ ਉਸਦਾ ਸਾਰਾ ਧਿਆਨ ਫੇਰੀਵਾਲੇ ਉਤੇ ਲੱਗਾ ਹੋਇਆ ਸੀ, ਜੋ ਸੇਬ ਅਤੇ ਮਠਿਆਈਆਂ ਵੇਚ ਰਿਹਾ ਸੀ।

ਫਿਰ ਤੋਂ ਬੈਂਡ ਵੱਜਣ ਲੱਗਾ, ਫਿਰ ਤੋਂ ਲਾਲ ਵਰਦੀ ਵਾਲੇ ਦੋ ਕਤਾਰਾਂ ਵਿਚ ਖੜ੍ਹੇ ਹੋਏ। ਸਰਕਸ ਦਾ ਦੂਸਰਾ ਭਾਗ ਸ਼ੁਰੂ ਹੋਇਆ।

"ਰਬੜ ਦਾ ਪੁਤਲਾ ਕਦੋਂ ਆਏਗਾ?" ਹਰ ਵਾਰ ਜਦੋਂ ਇਕ ਤੋਂ ਬਾਅਦ ਦੂਸਰਾ ਤਮਾਸ਼ਬੀਨ ਆਉਂਦਾ, ਤਾਂ ਬੱਚੇ ਪੁੱਛਦੇ। "ਕਦੋਂ ਆਏਗਾ?"

ਸੱਚ ਮੁੱਚ ਹੀ ਉਹ ਆ ਗਿਆ। ਵੱਲਸ ਨਾਚ ਦੀ ਧੁੰਨ ਨਾਲ ਪਰਦਾ ਖੁੱਲ੍ਹਿਆ ਅਤੇ ਰਾਖਸ਼ ਕਲਾਬਾਜ਼ ਬੇਕੱਰ ਦੁਬਲੇ-ਪਤਲੇ ਸੁਨਹਿਰੀ ਵਾਲਾਂ ਵਾਲੇ ਮੁੰਡੇ ਦੀ ਉਂਗਲ ਫੜ ਪ੍ਰਗਟ ਹੋਇਆ।

ਦੋਵਾਂ ਨੇ ਬਦਨ ਨਾਲ ਚਿਪਕੀ, ਚਮੜੀ ਦੇ ਰੰਗ ਦੀ ਪੋਸ਼ਾਕ ਪਾਈ ਹੋਈ ਸੀ, ਜਿਸ 'ਤੇ ਸਲਮੇ-ਸਿਤਾਰੇ ਚਮਕ ਰਹੇ ਸਨ। ਉਹਨਾਂ ਦੇ ਪਿੱਛੇ-ਪਿੱਛੇ ਦੋ ਨੌਕਰ ਲੰਬਾ ਸੁਨਹਿਰੀ ਪੋਲ ਲਿਆਏ, ਜਿਸਦੇ ਇਕ ਸਿਰੇ 'ਤੇ ਲੋਹੇ ਦੀ ਟੇਢੀ ਛੜ ਲੱਗੀ ਹੋਈ ਸੀ।

ਰਿੰਗ ਦੇ ਵਿਚ-ਵਿਚਾਲੇ ਪਹੁੰਚ ਕੇ ਬੇਕੱਰ ਅਤੇ ਮੁੰਡੇ ਨੇ ਚਾਰੇ ਪਾਸੇ ਝੁਕ ਕੇ ਸਲਾਮ ਕੀਤਾ, ਫਿਰ ਬੇਕੱਰ ਨੇ ਮੁੰਡੇ ਦੀ ਪਿੱਠ 'ਤੇ ਸੱਜਾ ਹੱਥ ਰੱਖ ਕੇ ਉਸਨੂੰ ਤਿੰਨ ਵਾਰ ਹਵਾ ਵਿੱਚ ਘੁਮਾਇਆ। ਪਰ ਇਹ ਤਾਂ ਕੇਵਲ ਸ਼ੁਰੂਆਤ ਹੀ ਸੀ। ਫਿਰ ਤੋਂ ਉਹਨਾਂ ਨੇ ਝੁਕ ਕੇ ਸਲਾਮ ਕੀਤਾ, ਬੇਕੱਰ ਨੇ ਪੋਲ ਚੁੱਕ ਲਿਆ, ਉਸਦਾ ਮੋਟਾ ਸਿਰਾ ਪੇਟ 'ਤੇ ਬੰਨ੍ਹੀ ਸੁਨਹਿਰੀ ਪੇਟੀ 'ਤੇ ਟਿਕਾਇਆ, ਅਤੇ ਦੂਸਰੇ ਸਿਰੇ ਨੂੰ ਸੰਤੁਲਿਤ ਕਰਨ ਲੱਗਾ, ਜੋ ਸਰਕਸ ਦੇ ਗੁੰਬਦ ਨੂੰ ਛੂੰਹਦਾ ਲੱਗਦਾ ਸੀ। ਇਸ ਤਰ੍ਹਾਂ ਪੋਲ ਨੂੰ ਸੰਤੁਲਿਤ ਕਰਕੇ ਕਲਾਬਾਜ਼ ਨੇ ਮੁੰਡੇ ਨੂੰ ਫੁਸਫੁਸਾ ਕੇ ਕਿਹਾ ਤੇ ਫਿਰ ਉਹ ਉਸਦੇ ਮੋਢੇ 'ਤੇ ਚੜ੍ਹਿਆ ਤੇ ਫਿਰ ਹੌਲੀ-ਹੌਲੀ ਪੋਲ 'ਤੇ ਚੜ੍ਹਣ ਲੱਗਾ। ਮੁੰਡੇ ਦੀ ਹਰ ਗਤੀ ਨਾਲ ਪੋਲ ਹਿਲਣ ਲੱਗਦਾ ਤੇ ਬੇਕੱਰ ਪੈਰ ਬਦਲਦਾ ਹੋਇਆ ਉਸ ਨੂੰ ਸੰਤੁਲਿਤ ਕਰਦਾ।

ਜਦੋਂ ਮੁੰਡੇ ਨੇ ਪੋਲ ਉਪਰ ਚੜ੍ਹ ਕੇ ਦਰਸ਼ਕਾਂ ਨੂੰ ਹਵਾਈ ਚੁੰਮਣ ਭੇਜਿਆ ਤਾਂ ਸਰਕਸ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉਠਿਆ। ਫਿਰ ਤੋਂ ਸੱਨਾਟਾ ਛਾ ਗਿਆ, ਬਸ ਬੈਂਡ ਹੀ ਵਾੱਲਸ ਦੀ ਧੁੰਨ ਵਜਾ ਰਿਹਾ ਸੀ। ਇਸ ਦੌਰਾਨ ਮੁੰਡਾ ਲੋਹੇ ਦੀ ਛੜ ਫੜ ਕੇ ਸਿੱਧਾ ਹੋ ਗਿਆ ਅਤੇ ਫਿਰ ਹੌਲੀ-ਹੌਲੀ ਪਿੱਛੇ ਹਟਦਾ ਹੋਇਆ ਆਪਣੇ ਸਿਰ ਅਤੇ ਛੜ ਵਿਚਕਾਰੋਂ ਲੱਤਾਂ ਕੱਢਣ ਲੱਗਾ ; ਪਲ ਕੁ ਲਈ ਉਸ ਦੇ ਹੇਠਾਂ ਲਟਕਦੇ ਸੁਨਹਿਰੀ ਵਾਲ ਅਤੇ ਧੌਂਕਣੀ ਵਾਂਗ ਚਲਦੀ ਛਾਤੀ ਹੀ ਦਿਖੀ, ਜੋ ਸਲਮੇ-ਸਿਤਾਰਿਆਂ ਨਾਲ ਚਮਕ ਰਹੀ ਸੀ। ਪੋਲ ਇੱਕ ਪਾਸੇ ਤੋਂ ਦੂਸਰੇ ਪਾਸੇ ਹਿਲ ਰਿਹਾ ਸੀ ਤੇ ਇਹ ਸਾਫ ਦੇਖਿਆ ਜਾ ਸਕਦਾ ਸੀ ਬੇਕੱਰ ਲਈ ਉਸ ਨੂੰ ਸੰਤੁਲਿਤ ਰੱਖਣਾ ਕਿੰਨਾ ਮੁਸ਼ਕਿਲ ਸੀ।

"ਵਾਹ! ਵਾਹ! ਸ਼ਾਬਾਸ਼!" ਫਿਰ ਤੋਂ ਹਾਲ ਗੂੰਜ ਪਿਆ।

"ਬਸ! .. ਬਸ!" ਦੋ ਤਿੰਨ ਜਗ੍ਹਾ ਤੋਂ ਅਵਾਜ਼ਾਂ ਆਈਆਂ।

ਪਰ ਜਦੋਂ ਮੁੰਡਾ ਫਿਰ ਤੋਂ ਟੇਢੀ ਛੜ 'ਤੇ ਬੈਠਾ ਦਿਖਿਆ ਤੇ ਉਥੋਂ ਉਸ ਨੇ ਹਵਾਈ ਚੁੰਮਣ ਭੇਜਿਆ, ਤਾਂ ਹਾਲ ਵਿਚ ਤਾਲੀਆਂ ਗੜਗੜਾ ਉਠੀਆਂ। ਬੇਕੱਰ ਇਕਟਕ ਮੁੰਡੇ ਨੂੰ ਦੇਖੀ ਜਾ ਰਿਹਾ ਸੀ, ਉਸ ਨੇ ਫੁਸਫਸਾ ਕੇ ਕੁਝ ਕਿਹਾ। ਮੁੰਡਾ ਹੌਲੀ-ਹੌਲੀ ਦੂਸਰਾ ਕਰਤੱਬ ਦਿਖਾਉਣ ਲੱਗਾ। ਹੱਥਾਂ ਨਾਲ ਛੜ ਫੜੀ ਉਹ ਸਾਵਧਾਨੀ ਨਾਲ ਲੱਤਾਂ ਹੇਠਾਂ ਕਰਕੇ ਅਤੇ ਪਿੱਠ ਦੇ ਭਾਰ ਲੇਟਣ ਲੱਗਾ। ਹੁਣ ਉਸ ਨੇ ਸਭ ਤੋਂ ਜ਼ਿਆਦਾ ਮੁਸ਼ਕਲ ਕੰਮ ਕਰਨਾ ਸੀ : ਉਸਨੇ ਪਿੱਠ ਭਾਰ ਲੇਟ ਕੇ ਛੜ 'ਤੇ ਇਸ ਤਰ੍ਹਾਂ ਟਿਕਣਾ ਸੀ ਕਿ ਸਿਰ ਅਤੇ ਲੱਤਾਂ ਵਿਚਕਾਰ ਸੰਤੁਲਨ ਬਣ ਜਾਵੇ ਤੇ ਫਿਰ ਅਚਾਨਕ ਪਿੱਠ 'ਤੇ ਪਿੱਛੇ ਨੂੰ ਸਰਕ ਜਾਣਾ ਸੀ, ਛੜ ਨੂੰ ਗੋਡਿਆਂ ਦੇ ਹੇਠਾਂ ਤੋਂ ਹੀ ਫੜੀ ਰੱਖਣਾ ਸੀ।

ਸਭ ਠੀਕ-ਠਾਕ ਚੱਲ ਰਿਹਾ ਸੀ। ਹਾਂ, ਪੋਲ ਕਾਫੀ ਜ਼ੋਰ ਨਾਲ ਹਿਲ ਰਿਹਾ ਸੀ, ਪਰ ਰਬੜ ਦਾ ਪੁਤਲਾ ਅੱਧਾ ਰਸਤਾ ਤੈਅ ਕਰ ਚੁੱਕਾ ਸੀ ; ਉਹ ਹੇਠਾਂ ਹੀ ਹੇਠਾਂ ਝੁਕਦਾ ਜਾ ਰਿਹਾ ਸੀ ਅਤੇ ਪਿੱਠ 'ਤੇ ਸਰਕ ਰਿਹਾ ਸੀ।

"ਬਸ! ਬਸ! ਬਹੁਤ ਹੋ ਗਿਆ!" ਕੁਝ ਜ਼ੋਰਦਾਰ ਅਵਾਜ਼ਾਂ ਆਈਆਂ।

ਮੁੰਡੇ ਦੀ ਪਿੱਠ ਸਰਕਦੀ ਜਾ ਰਹੀ ਸੀ ਤੇ ਉਹ ਹੌਲੀ-ਹੌਲੀ ਸਿਰ ਭਾਰ ਹੇਠਾਂ ਝੁਕਦਾ ਜਾ ਰਿਹਾ ਸੀ...

ਅਚਾਨਕ ਇੱਕ ਲਿਸ਼ਕੋਰ ਹੋਈ, ਹਵਾ ਵਿੱਚ ਵਲ਼ ਖਾਂਦਾ ਹੋਇਆ ਕੁਝ ਘੁੰਮ ਗਿਆ, ਉਸੇ ਪਲ ਰਿੰਗ 'ਤੇ ਕੁਝ ਡਿੱਗਣ ਦੀ ਧੱਮ ਜਿਹੀ ਆਵਾਜ਼ ਆਈ।

ਪਲਕ ਝਪਕਦਿਆਂ ਹੀ ਹਾਲ ਵਿਚ ਤਹਿਲਕਾ ਮੱਚ ਗਿਆ। ਕੁਝ ਲੋਕ ਸ਼ੋਰ ਮਚਾਉਣ ਲੱਗੇ, ਚੀਕਣ ਦੀਆਂ ਅਵਾਜ਼ਾਂ ਆਈਆਂ, ਡਾਕਟਰ ਦੀ ਪੁਕਾਰ ਸੁਣਾਈ ਦਿੱਤੀ। ਰਿੰਗ 'ਤੇ ਵੀ ਭੱਜ-ਦੌੜ ਮੱਚੀ ਹੋਈ ਸੀ ; ਨੌਕਰਾਂ ਅਤੇ ਜੋਕਰਾਂ ਨੇ ਜਲਦੀ-ਜਲਦੀ ਅੰਦਰ ਆ ਕੇ ਬੇਕੱਰ ਨੂੰ ਘੇਰ ਲਿਆ। ਕੁਝ ਲੋਕਾਂ ਨੇ ਕੁਝ ਚੁਕਿਆ ਤੇ ਹੇਠਾਂ ਨੂੰ ਝੁਕਦਿਆਂ ਜਲਦੀ ਨਾਲ ਪਰਦੇ ਵੱਲ ਲੈ ਗਏ, ਜਿਸਦੇ ਪਿੱਛੇ ਅਸਤਬਲ ਦਾ ਦਰਵਾਜ਼ਾ ਸੀ, ਰਿੰਗ 'ਤੇ ਬਸ ਸੁਨਹਿਰਾ ਪੋਲ ਰਹਿ ਗਿਆ, ਜਿਸਦੇ ਇਕ ਪਾਸੇ ਲੋਹੇ ਦੀ ਟੇਢੀ ਛੜ ਲੱਗੀ ਹੋਈ ਸੀ। ਮਿੰਟ ਕੁ ਲਈ ਰੁਕ ਗਏ ਬੈਂਡ ਨੂੰ ਇਸ਼ਾਰਾ ਕੀਤਾ ਗਿਆ ਤੇ ਉਹ ਫਿਰ ਤੋਂ ਵੱਜਣ ਲੱਗਾ। ਚੀਂਅ-ਚੀਂਅ ਕਰਦੇ, ਕਲਾਬਾਜ਼ੀਆਂ ਕਰਦੇ ਕੁਝ ਜੋਕਰ ਰਿੰਗ 'ਤੇ ਆਏ, ਪਰ ਉਹਨਾਂ ਵੱਲ ਕਿਸੇ ਨੇ ਧਿਆਂਨ ਨਹੀਂ ਦਿੱਤਾ ਲੋਕ ਬਾਹਰ ਨਿਕਲ ਰਹੇ ਸਨ।

ਇਹ ਸਭ ਭੱਜ-ਦੌੜ ਅਤੇ ਸ਼ੋਰ-ਸ਼ਰਾਬੇ ਵਿਚ ਵੀ ਕਈ ਲੋਕਾਂ ਦਾ ਧਿਆਨ ਨੀਲੀ ਟੋਪੀ ਪਾਈ ਸੁਨਹਿਰੀ ਵਾਲਾਂ ਵਾਲੀ ਬੜੀ ਪਿਆਰੀ ਜਿਹੀ ਕੁੜੀ ਵਲ ਗਿਆ ; ਕਾਲੀ ਪੋਸ਼ਾਕ ਪਾਈ ਔਰਤ ਦੇ ਗਲੇ ਵਿਚ ਬਾਹਵਾਂ ਪਾ ਕੇ ਉਹ ਦਹਾੜਾਂ ਮਾਰ ਕੇ ਰੋ ਰਹੀ ਸੀ ਅਤੇ ਜ਼ੋਰ-ਜ਼ੋਰ ਨਾਲ ਚੀਕ ਰਹੀ ਸੀ :

"ਹਾਏ, ਮੁੰਡਾ! ਮੁੰਡਾ!"

ਅਗਲੇ ਦਿਨ ਸਵੇਰੇ ਸਰਕਸ ਦੇ ਇਸ਼ਤਿਹਾਰ ਵਿੱਚ "ਰਬੜ ਦੇ ਪੁਤਲੇ" ਦੇ ਕਰਤੱਬਾਂ ਦਾ ਜ਼ਿਕਰ ਨਹੀਂ ਸੀ। ਬਾਅਦ ਵਿੱਚ ਵੀ ਉਸਦਾ ਨਾਮ ਇਸ਼ਤਿਹਾਰਾਂ ਵਿੱਚ ਨਹੀਂ ਆਇਆ। ਆ ਵੀ ਕਿਵੇਂ ਸਕਦਾ ਸੀ : ਰਬੜ ਦਾ ਪੁਤਲਾ ਇਸ ਦੁਨੀਆਂ ਵਿਚ ਨਹੀਂ ਰਿਹਾ ਸੀ।

*

**ਕੋਨਸਟੈਂਟਿਨ ਸਟੈਨਿਊਕੋਵਿਚ**

# ਮਕਸਿਮਕਾ



## 1.

ਹੁਣੇ-ਹੁਣੇ ਘੰਟਾ ਵਜਿਆ ਸੀ। ਅਟਲਾਂਟਿਕ ਮਹਾਂਸਾਗਰ ਵਿੱਚ ਊਸ਼ਣਕਟੀਬੰਦ ਵਿੱਚ ਸੁਹਾਵਣੀ ਸਵੇਰ ਦੇ ਛੇ ਵਜੇ ਸਨ।

ਖਿਤੀਜ 'ਚ ਅਸੀਮ ਉਚਾਈਆਂ ਨੂੰ ਉਠਦੇ ਆਕਾਸ਼ ਦਾ ਰੰਗ ਕੋਮਲ, ਪਾਰਦਰਸ਼ੀ ਜਿਹਾ ਫਿਰੋਜ਼ੀ ਸੀ। ਕਿਤੇ-ਕਿਤੇ ਹੀ ਬਰਫ਼ ਚਿੱਟੀ ਲੇਸ ਵਰਗੇ ਛੋਟੇ-ਛੋਟੇ ਤਿੱਤਰ ਖੰਭੀ ਬੱਦਲ ਛਾਏ ਹੋਏ ਸਨ। ਸੁਨਹਿਰੀ ਸੂਰਜ ਤੇਜ਼ੀ ਨਾਲ ਚੜ੍ਹ ਰਿਹਾ ਸੀ। ਮਹਾਂਸਾਗਰ ਦੇ ਲਹਿਰਦਾਰ ਪਾਣੀਆਂ 'ਤੇ ਇਹ ਆਨੰਦਮਈ ਚਾਨਣ ਵਰਸਾ ਰਿਹਾ ਸੀ। ਖਿਤੀਜ ਦੀ ਨੀਲੀ ਰੇਖਾ ਮਹਾਂਸਾਗਰ ਦੀ ਅਨੰਤ ਪਾਣੀ ਨੂੰ ਸੀਮਾਬੱਧ ਕਰ ਰਹੀ ਸੀ।

ਚਾਰੇ ਪਾਸੇ ਇੱਕ ਅਲੌਕਿਕ ਸ਼ਾਂਤੀ ਛਾਈ ਹੋਈ ਸੀ।

ਬਸ ਪ੍ਰਚੰਡ ਉਜਲੀਆਂ-ਨੀਲੀਆਂ ਲਹਿਰਾਂ ਧੁੱਪ ਵਿੱਚ ਆਪਣੇ ਚਾਂਦੀਲੇ ਸ਼ਿਖਰ

ਚਮਚਮਾਉਂਦੀਆਂ ਅਤੇ ਇੱਕ ਦੂਸਰੇ ਨਾਲ ਟਕਰਾਉਂਦੀਆਂ ਮਿੱਠੀ ਗੂੰਜ ਕਰਦੀਆਂ ਪ੍ਰਤੀਤ ਹੁੰਦੀਆਂ ਸਨ। ਅਤੇ ਇਹ ਗੂੰਜ ਜਿਵੇਂ ਕਹਿੰਦੀ ਸੀ ਕਿ ਇਹਨਾਂ ਵਿਥਕਾਰਾਂ ਵਿੱਚ ਇਹ ਚਿਰਕਾਲੀਨ ਮਹਾਂਸਾਗਰ ਹਮੇਸ਼ਾ ਦਿਆਲ ਹੁੰਦਾ ਹੈ। ਪਿਆਰ ਕਰਨ ਵਾਲੇ ਪਿਤਾ ਵਾਂਗ ਆਪਣੀ ਵਿਸ਼ਾਲ ਛਾਤੀ 'ਤੇ ਜਲ ਸ੍ਰੋਤਾਂ ਨੂੰ ਸੰਭਾਲਦਾ ਹੋਇਆ ਵਹਾਉਂਦਾ ਹੈ ਤੇ ਉਹਨਾਂ ਨੂੰ ਤੂਫਾਨਾਂ ਦਾ ਕੋਈ ਡਰ ਨਹੀਂ ਹੁੰਦਾ।

ਚਾਰੋਂ ਪਾਸੇ ਸੁੰਨ ਸੀ।

ਨਾ ਕਿਤੇ ਕੋਈ ਚਿੱਟਾ ਬਾਦਬਾਂ ਝਿਲਮਿਲਾ ਰਿਹਾ ਸੀ, ਤੇ ਨਾ ਹੀ ਕਿਤੇ ਖਿਤੀਜ ਤੋਂ ਧੂੰਆਂ ਦਿਖ ਰਿਹਾ ਸੀ। ਮਹਾਂਸਾਗਰ ਦਾ ਮਾਰਗ ਇਥੇ ਇਕਦਮ ਖੁੱਲ੍ਹਾ ਸੀ।

ਕਦੇ-ਕਦੇ ਹੀ ਕੋਈ ਉਡਦੀ ਮੱਛਲੀ ਧੁੱਪ ਵਿੱਚ ਚਮਚਮਾ ਉੱਠਦੀ, ਪਾਣੀ ਨਾਲ ਖੇਡਾਂ ਖੇਡਦੀ ਵੇਲ੍ਹ ਦੀ ਕਾਲੀ ਪਿੱਠ ਦਿਖਦੀ ਅਤੇ ਉਹ ਜ਼ੋਰ ਨਾਲ ਪਾਣੀ ਦਾ ਫੁਹਾਰਾ ਛੱਡਦੀ, ਅਕਾਸ਼ ਵਿੱਚ ਕਾਲਾ ਜਿਹਾ ਫ੍ਰਿਗੇਟ ਜਾਂ ਐਲਬਰਟੋਸ ਉਡਦੇ ਜਾਂਦੇ, ਪਾਣੀ ਦੇ ਕੋਲ ਹੀ ਛੋਟਾ ਜਿਹਾ ਸੁਰਮਈ ਸਮੁੰਦਰ-ਕੁਕੜੀ ਉਡਦੀ ਦਿਖਦੀ। ਇਹ ਅਫ਼ਰੀਕਾ ਦਾ ਅਮਰੀਕਾ ਦੇ ਦੂਰ ਤੱਟਾਂ ਨੂੰ ਜਾ ਰਹੇ ਹੁੰਦੇ। ਤੇ ਫਿਰ ਤੋਂ ਚਾਰੇ ਪਾਸੇ ਸੁੰਨ ਪਸਰ ਜਾਂਦੀ। ਫਿਰ ਉਹੀ ਗਰਜਦਾ ਮਹਾਂਸਾਗਰ ਅਤੇ ਸੂਰਜ ਅਤੇ ਅਕਾਸ਼ — ਚਮਕਦੇ, ਮੁਹੱਬਤੀ, ਕੋਮਲ।

ਮਹਾਂਸਾਗਰ ਦੀਆਂ ਤਰੰਗਾਂ 'ਤੇ ਡੋਲਦਾ ਹੋਇਆ ਵਾਸ਼ਪਚਾਲਿਤ ਰੂਸੀ ਕਲਿਪਰ ਜੰਗੀ ਜਹਾਜ਼ 'ਲੜਾਕੂ' ਤੇਜ਼ੀ ਨਾਲ ਦੱਖਣ ਵੱਲ ਵੱਧ ਰਿਹਾ ਸੀ ਅਤੇ ਉੱਤਰ ਤੋਂ ਨਿਰੰਤਰ ਦੂਰ ਹੀ ਦੂਰ ਹੁੰਦਾ ਜਾ ਰਿਹਾ ਸੀ, ਉਸ ਉੱਤਰ ਤੋਂ ਜਿਥੇ ਧੁੰਦ ਸੀ, ਠੰਡ ਸੀ, ਪਰ ਫਿਰ ਵੀ ਉਹ ਏਨਾ ਪਿਆਰਾ ਸੀ।

'ਲੜਾਕੂ' ਜਹਾਜ਼ ਬਹੁਤ ਵੱਡਾ ਤਾਂ ਨਹੀਂ ਸੀ, ਪਰ ਬਿਲਕੁਲ ਕਾਲਾ ਸੀ ਅਤੇ ਉਸਦੀ ਬਨਾਵਟ ਸੁਘੜ, ਸੁੰਦਰ ਸੀ। ਥੋੜ੍ਹਾ ਪਿਛੇ ਨੂੰ ਝੁਕੇ, ਉਚੇ ਮਸਤੂਲਾਂ 'ਤੇ ਉਪਰ ਤੋਂ ਹੇਠਾਂ ਤੱਕ ਬਾਦਬਾਨ ਲੱਗੇ ਹੋਏ ਸਨ, ਨਿਰੰਤਰ ਇਕ ਹੀ ਦਿਸ਼ਾ ਵਿੱਚ ਆਮ ਤੌਰ 'ਤੇ ਇਕ ਹੀ ਗਤੀ ਨਾਲ ਵਹਿ ਰਹੀ ਉੱਤਰ-ਪੂਰਬੀ ਹਵਾ ਬਾਦਬਾਨਾਂ ਨੂੰ ਫੈਲਾ ਰਹੀ ਸੀ ਅਤੇ ਉਹ ਘੰਟੇ ਵਿੱਚ ਸੱਤ-ਅੱਠ ਸਮੁੰਦਰੀ ਮੀਲ ਪਾਰ ਕਰਦਾ ਵੱਧਦਾ ਤੁਰਿਆ ਜਾ ਰਿਹਾ ਸੀ, ਹਵਾ ਵਾਲੇ ਪਾਸੇ ਵੱਲ ਥੋੜ੍ਹਾ ਝੁਕਿਆ ਹੋਇਆ ਸੀ। 'ਲੜਾਕੂ' ਸਹਿਜ ਹੀ ਇੱਕ ਲਹਿਰ ਤੋਂ ਦੂਸਰੀ ਲਹਿਰ 'ਤੇ ਚੜ੍ਹਦਾ ਹੋਇਆ ਹਲਕੇ ਜਿਹੇ ਸ਼ੋਰ ਨਾਲ ਆਪਣੀ ਨਾਲ ਉਹਨਾਂ ਨੂੰ ਕੱਟਦਾ ਜਾ ਰਿਹਾ ਸੀ। ਨੋਕ ਕੋਲ ਪਾਣੀ ਵਿੱਚ ਝੱਗ ਉੱਠ ਰਹੀ ਸੀ ਅਤੇ ਬੂੰਦਾਂ ਹੀਰਿਆਂ ਵਾਂਗ ਚਮਕ ਰਹੀਆਂ ਸਨ। ਲਹਿਰਾਂ ਉਸਦੇ ਪਾਸਿਆਂ ਨੂੰ ਚੁੰਮ ਰਹੀਆਂ ਸਨ। ਜਹਾਜ਼ ਦੀ ਪਿਛਲੀ ਨੋਕ 'ਤੇ ਚੌੜੀ ਚਾਂਦੀਰੰਗੀ ਪੱਟੀ ਛੁੱਟ ਰਹੀ ਸੀ।

ਡੈੱਕ ਉੱਤੇ ਅਤੇ ਹੇਠਾਂ ਝੰਡਾ ਲਹਿਰਾਉਣ ਤੋਂ ਪਹਿਲਾਂ ਯਾਨੀ ਅੱਠ ਵਜੇ ਤੋਂ ਪਹਿਲਾਂ ਦੀ ਆਮ ਸਫਾਈ ਹੋ ਰਹੀ ਸੀ। ਅੱਠ ਵਜੇ ਹੀ ਜਹਾਜ਼ 'ਤੇ ਦਿਨ ਸ਼ੁਰੂ ਹੁੰਦਾ ਸੀ।

ਚੌੜੇ, ਨੀਲੇ ਕਾਲਰਾਂ ਵਾਲੀਆਂ ਚਿੱਟੀਆਂ ਕਮੀਜ਼ਾਂ ਪਾਈ ਮਲਾਹ ਡੈੱਕ ਨੂੰ, ਜਹਾਜ਼ ਦੇ ਪਾਸਿਆਂ, ਤੋਪਾਂ ਅਤੇ ਤਾਂਬੇ ਨੂੰ ਰਗੜ-ਰਗੜ ਕੇ ਸਾਫ਼ ਕਰ ਰਹੇ ਸਨ। ਉਹਨਾਂ ਦੀਆਂ ਧੁੱਪ ਨਾਲ ਸਉਲੀਆਂ ਹੋਈਆਂ ਗਰਦਨਾਂ ਦਿਖ ਰਹੀਆਂ ਸਨ, ਪਤਲੂਨਾਂ ਗੋਡਿਆਂ ਤੱਕ ਚੜ੍ਹੀਆਂ ਹੋਈਆਂ



ਸਨ ਅਤੇ ਉਹ ਨੰਗੇ ਪੈਰ ਸਨ। ਉਹ ਉਸੇ ਤਰ੍ਹਾਂ ਬੜੀ ਲਗਨ ਅਤੇ ਧਿਆਨ ਨਾਲ ਆਪਣੇ ਜਹਾਜ਼ ਨੂੰ ਚਮਕਾ ਰਹੇ ਸਨ, ਜਿਵੇਂ ਕਿ ਹਮੇਸ਼ਾ ਜਹਾਜ਼ਾਂ 'ਤੇ ਹੁੰਦਾ ਹੈ, ਜਿਥੇ ਮਸਤੂਲਾਂ ਦੇ ਸ਼ਿਖਰਾਂ ਤੋਂ ਲੈ ਕੇ ਕਾਰਗੋ ਤੱਕ ਚੰਗੀ ਤਰ੍ਹਾਂ ਸਫਾਈ ਹੋਣੀ ਚਾਹੀਦੀ ਹੈ ਤੇ ਜਿਥੇ ਹਰ ਹਿੱਸਾ ਜਿਸ ਨੂੰ ਇੱਟ ਜਾਂ ਚੀਥੜੇ ਨਾਲ ਰਗੜਿਆ ਜਾ ਸਕਦਾ ਹੈ, ਚਮਕਣਾ ਚਾਹੀਦਾ।

ਮਲਾਹ ਬੜੀ ਲਗਨ ਤੇ ਜ਼ੋਰ ਨਾਲ ਕੰਮ ਕਰ ਰਹੇ ਸਨ। ਮਲਾਹਾਂ ਦਾ ਸਾਥੀ, ਬੁੱਢਾ ਮਲਾਹ, ਮਤਵੇਇਚ ਜਿਸਦਾ ਚਿਹਰਾ ਧੁੱਪ ਨਾਲ ਅਤੇ ਤੱਟ 'ਤੇ ਚੱਲਣ ਵਾਲੇ ਸ਼ਰਾਬ ਦੇ ਦੌਰਾਂ ਨਾਲ ਲਾਲ-ਸੁਰਖ ਸੀ, ਸਫਾਈ ਦੇ ਦੌਰਾਨ ਵਿਚ-ਵਿਚ ਅਜਿਹੀ ਕਰਾਰੀ ਅਤੇ ਲੰਬੀ-ਚੌੜੀ ਗਾਲ੍ਹ ਕੱਢਦਾ ਕਿ ਇਸ ਦੇ ਆਦੀ ਰੂਸੀ ਮਲਾਹ ਵੀ ਹੈਰਾਨ ਰਹਿ ਜਾਂਦੇ। ਮਤਵੇਇਚ ਕਿਸੇ ਨੂੰ ਝਿੜਕਣ ਲਈ ਨਹੀਂ, ਬਲਕਿ ਜਿਵੇਂ ਕਿ ਉਹ ਆਪ ਕਹਿੰਦਾ ਸੀ "ਕਾਇਦੇ ਲਈ" ਹੀ ਇੰਜ ਕਰਦਾ ਸੀ।

ਪਰ ਕੋਈ ਉਸਦੀਆਂ ਇਹਨਾਂ ਗਾਲ੍ਹਾਂ ਦਾ ਬੁਰਾ ਨਹੀਂ ਮਨਾਉਂਦਾ ਸੀ। ਸਭ ਜਾਣਦੇ ਸਨ ਕਿ ਉਹ ਚੰਗਾ ਇਨਸਾਨ ਹੈ, ਖਾਹਮਖਾਹ ਕਿਸੇ ਨੂੰ ਤੰਗ ਨਹੀਂ ਕਰਦਾ, ਆਪਣੀ ਸੱਤਾ ਦਾ ਦੁਰਵਰਤੋਂ ਨਹੀਂ ਕਰਦਾ। ਸਾਰੇ ਇਸ ਗੱਲ ਦੇ ਆਦੀ ਹੋ-ਚੁੱਕੇ ਸਨ ਕਿ ਉਹ ਦੋ ਸ਼ਬਦ ਵੀ ਗਾਲ ਦੇ ਬਿਨਾ ਨਹੀਂ ਕਹਿ ਸਕਦਾ ਸੀ । ਅਤੇ ਹੈਰਾਨ ਅਤੇ ਪ੍ਰਸ਼ੰਸਾ ਨਾਲ ਇਹ ਦੇਖਦੇ ਸਨ ਕਿ ਉਹ ਇਕ ਹੀ ਗਾਲ੍ਹ ਕਿੰਨੀ ਤਰ੍ਹਾਂ ਨਾਲ ਘੁਮ-ਘੁਮਾ ਕੇ ਕੱਢਦਾ ਸੀ। ਇਸ ਮਾਮਲੇ ਵਿੱਚ ਉਸ ਦੀ ਕੋਈ ਬਰਾਬਰੀ ਨਹੀਂ ਸੀ।

ਕਦੇ-ਕਦੇ ਮਲਾਹ ਡੈੱਕ ਦੇ ਅਗਲੇ ਭਾਗ ਵਿੱਚ ਜਾਂਦੇ, ਜਿੱਥੇ ਪਾਣੀ ਦਾ ਡਰੰਮ ਰਖਿਆ ਹੋਇਆ ਸੀ ਅਤੇ ਇਕ ਡੱਬੇ ਵਿੱਚ ਸੁਲਗਦੀ ਰੱਸੀ, ਤਾਂਕਿ ਜਲਦੀ-ਜਲਦੀ ਤੇਜ਼ ਤੰਬਾਕੂ ਦਾ ਪਾਈਪ ਪੀ ਲੈਣ, ਦੋ ਗੱਲਾਂ ਕਰ ਲੈਣ। ਤੇ ਫਿਰ ਤੋਂ ਸਫਾਈ ਵਿੱਚ ਜੁੱਟ ਜਾਂਦੇ, ਤੋਪਾਂ ਚਮਕਾਉਣ ਲੱਗਦੇ, ਜਹਾਜ਼ ਦੇ ਪਾਸੇ ਧੋਂਦੇ। ਸਵੇਰੇ ਤੜਕੇ ਤੋਂ ਹੀ ਵੱਡਾ ਅਫ਼ਸਰ ਜਹਾਜ਼ 'ਤੇ ਇਧਰ-ਉਧਰ ਚੱਕਰ ਲਗਾ ਰਿਹਾ ਸੀ, ਝਾਕ ਰਿਹਾ ਸੀ। ਉਚੇ ਕੱਦ ਦੇ, ਪਤਲੇ ਜਿਹੇ ਅਫ਼ਸਰ ਨੂੰ ਕੋਲ ਆਉਂਦਾ ਵੇਖ ਕੇ ਮਲਾਹ ਹੋਰ ਵੀ ਜ਼ੋਰ ਨਾਲ ਆਪਣਾ ਕੰਮ ਕਰਦੇ।

ਸਵੇਰੇ ਚਾਰ ਵਜੇ ਤੋਂ ਸੁਨਹਿਰੀ ਵਾਲਾਂ ਵਾਲਾ ਜਵਾਨ ਅਫ਼ਸਰ ਡਿਊਟੀ 'ਤੇ ਸੀ। ਪਹਿਰੇ ਦੇ ਪਹਿਲੇ ਅੱਧੇ ਘੰਟੇ ਦਾ ਆਲਸ ਉਹ ਕਦੋਂ ਦਾ ਦੂਰ ਕਰ ਚੁੱਕਾ ਸੀ। ਉਸਨੇ ਚਿੱਟੇ ਕੱਪੜੇ ਪਾਏ ਹੋਏ ਸਨ, ਕਮੀਜ਼ ਦੇ ਬਟਨ ਖੁੱਲ੍ਹੇ ਹੋਏ ਸਨ। ਜਹਾਜ਼ ਦੇ ਚਬੂਤਰੇ 'ਤੇ ਚੱਕਰ ਲਗਾਉਂਦਾ ਹੋਇਆ ਉਹ ਤਾਜ਼ੀ ਹਵਾ ਵਿੱਚ ਡੂੰਘੇ ਸਾਹ ਲੈ ਰਿਹਾ ਸੀ। ਹਵਾ ਅਜੇ ਧੁੱਪ ਵਿੱਚ ਤਪੀ ਨਹੀਂ ਸੀ। ਕਦੇ-ਕਦੇ ਰੁਕ ਜਾਂਦਾ ਤੇ ਦੇਖਦਾ ਕਿ ਚਾਲਕ ਪਤਵਾਰ ਠੀਕ ਚਲਾ ਰਿਹਾ ਹੈ ਜਾਂ ਨਹੀਂ, ਜਾਂ ਬਾਦਬਾਨ ਵੱਲ ਵੇਖਦਾ ਕਿ ਉਹ ਠੀਕ ਤਰ੍ਹਾਂ ਫੁੱਲੇ ਹਨ ਜਾਂ ਨਹੀਂ, ਜਾਂ ਖਿਤੀਜ ਵੱਲ ਨਜ਼ਰ ਮਾਰਦਾ — ਕਿਤੇ ਤੂਫਾਨੀ ਬੱਦਲ ਤਾਂ ਨਹੀਂ ਦਿਖ ਰਹੇ। ਅਜਿਹੇ ਪਲਾਂ ਵਿੱਚ ਸਿਰ ਦਾ ਕੋਮਲ ਸਪਰਸ਼ ਕਰਦੀ ਹਵਾ ਜਵਾਨ ਲੈਫਟੀਨੈਂਟ ਨੂੰ ਬਹੁਤ ਚੰਗੀ ਲੱਗਦੀ... ਸਭ ਠੀਕ-ਠਾਕ ਸੀ, ਅਤੇ ਲੈਫਟੀਨੈਂਟ ਲਈ ਡਿਊਟੀ 'ਤੇ ਕਰਨ ਨੂੰ ਕੁਝ ਨਹੀਂ ਸੀ।

ਤੇ ਉਹ ਫਿਰ ਚਬੂਤਰਾ ਨਾਪਣ ਲੱਗਦਾ ਤੇ ਬਹੁਤ ਜਲਦੀ ਹੀ ਉਸ ਪਲ ਦਾ ਸੁਪਨਾ ਦੇਖਣ

ਲੱਗਦਾ, ਜਦੋਂ ਡਿਊਟੀ ਖਤਮ ਹੋਵੇਗੀ ਤੇ ਉਹ ਜਾ ਕੇ ਤਾਜ਼ੇ, ਨਰਮ-ਨਰਮ ਬੰਦਿਆਂ ਨਾਲ ਇਕ-ਦੋ ਗਲਾਸ ਚਾਹ ਪੀਵੇਗਾ। ਅਫਸਰਾਂ ਦਾ ਬਾਵਰਚੀ ਬਨ ਬੜੇ ਵਧੀਆ ਬਣਾਉਂਦਾ ਸੀ, ਹਾਂ, ਪਰ ਮੈਦੇ ਵਿੱਚ ਖਮੀਰ ਲਿਆਉਣ ਲਈ ਜਿਹੜੀ ਵੋਦਕਾ ਉਹ ਪਾਉਂਦਾ ਸੀ, ਉਸ ਨੂੰ ਆਪਣੇ ਹਲਕ 'ਚ ਉਤਾਰ ਲੈਂਦਾ।

## 2.

ਅਚਾਨਕ ਡੈੱਕ 'ਤੇ ਪਹਿਰੇਦਾਰ, ਦੀ ਜੋ ਜਹਾਜ਼ ਦੀ ਨੋਕ 'ਤੇ ਬੈਠਾ ਵੇਖ ਰਿਹਾ ਸੀ, ਬਹੁਤ ਤੇਜ਼ ਅਤੇ ਦੁਖੀ ਚੀਕ ਗੂੰਜੀ।

"ਸਮੁੰਦਰ ਵਿੱਚ ਆਦਮੀ ਹੈ!"

ਮਲਾਹਾਂ ਨੇ ਤੁਰੰਤ ਆਪਣਾ ਕੰਮ ਛੱਡ ਦਿੱਤਾ, ਹੈਰਾਨ ਅਤੇ ਪ੍ਰੇਸ਼ਾਨ ਉਹ ਭੱਜੇ-ਭੱਜੇ ਡੈੱਕ ਦੇ ਅਗਲੇ ਹਿਸੇ 'ਤੇ ਗਏ ਅਤੇ ਸਮੁੰਦਰ ਵੱਲ ਵੇਖਣ ਲਗੇ।

"ਕਿਥੇ ਹੈ? ਕਿਥੇ?" ਚਾਰੇ ਪਾਸਿਓਂ ਪਹਿਰੇਦਾਰ ਨੂੰ ਪੁਛਿਆ ਜਾ ਰਿਹਾ ਸੀ। ਉਹ ਹਲਕੇ, ਤੂੜੀ ਦੇ ਰੰਗ ਵਾਲਾ ਜਵਾਨ ਮਲਾਹ ਸੀ, ਉਸਦਾ ਚਿਹਰਾ ਕਾਗਜ਼ ਵਰਗਾ ਚਿੱਟਾ ਪੈ ਗਿਆ ਸੀ।

"ਉਥੇ," ਕੰਬਦੇ ਹੱਥ ਨਾਲ ਉਸ ਨੇ ਇਸ਼ਾਰਾ ਕੀਤਾ। "ਹੁਣ ਦਿਖਾਈ ਨਹੀਂ ਦੇ ਰਿਹਾ। ਹੁਣੇ-ਹੁਣੇ ਮੈਂ ਦੇਖਿਆ ਸੀ ...ਮਸਤੂਲ 'ਤੇ ਸੀ ... ਸ਼ਾਇਦ ਬੰਨ੍ਹਿਆ ਹੋਇਆ ਹੈ," ਉਤੇਜਿਤ ਹੋ ਕੇ ਮਲਾਹ ਕਹਿ ਰਿਹਾ ਸੀ ਅਤੇ ਨਜ਼ਰਾਂ ਨਾਲ ਉਸ ਆਦਮੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਨੂੰ ਉਸ ਨੇ ਹੁਣੇ-ਹੁਣੇ ਵੇਖਿਆ ਸੀ।

ਡਿਊਟੀ 'ਤੇ ਖੜ੍ਹਾ ਲੈਫਟੀਨੈਂਟ ਪਹਿਰੇਦਾਰ ਦੀ ਚੀਕ ਤੋਂ ਠਠੰਬਰ ਗਿਆ, ਅਤੇ ਦੂਰਬੀਨ 'ਤੇ ਅੱਖਾਂ ਟਿਕਾ ਕੇ ਉਸ ਨੂੰ ਜਹਾਜ਼ ਦੇ ਅਗਲੇ ਵਿਸਥਾਰ ਵਿੱਚ ਘੁੰਮਾਉਣ ਲੱਗਾ।

ਸਿਗਨਲਮੈਨ ਵੀ ਦੂਰਬੀਨ ਨਾਲ ਉਧਰ ਹੀ ਦੇਖ ਰਿਹਾ ਸੀ।

"ਦਿਸਿਆ?" ਲੈਫਟੀਨੈਂਟ ਨੇ ਪੁਛਿਆ।

"ਜੀ, ਸਾਹਬ ... ਥੋੜ੍ਹਾ ਖੱਬੇ ਘੁਮਾਓ ..."

ਪਰ ਉਸੇ ਪਲ ਅਫ਼ਸਰ ਨੇ ਵੀ ਲਹਿਰਾਂ ਵਿੱਚ ਮਸਤੂਲ ਦਾ ਟੁਕੜਾ ਅਤੇ ਉਸ 'ਤੇ ਮਨੁੱਖੀ ਅਕਾਰ ਵੇਖਿਆ। ਤੇ ਕੰਬਦੀ ਅਵਾਜ਼ ਵਿੱਚ ਜਲਦੀ-ਜਲਦੀ, ਆਪਣੇ ਸਿਹਤਮੰਦ ਫੇਫੜਿਆਂ ਦਾ ਪੂਰਾ ਜ਼ੋਰ ਲਗਾ ਕੇ ਚੀਕਿਆ :

"ਉਪਰ ਆਉਣ ਲਈ ਸੀਟੀ ਵਜਾਓ! ਅਗਲਾ ਅਤੇ ਵੱਡਾ ਬਾਦਬਾਨ ਉਤਾਰੋ! ਕਿਸ਼ਤੀ ਤਿਆਰ ਕਰੋ!"

ਸਿਗਨਲਮੈਨ ਵੱਲ ਮੁੜ ਕੇ ਉਤੇਜਿਤ ਅਵਾਜ਼ ਵਿੱਚ ਬੋਲਿਆ :

ਗੁਆਉਣਾ ਨਹੀਂ ਉਸ ਨੂੰ ਆਪਣੀਆਂ ਨਜ਼ਰਾਂ ਤੋਂ!"

"ਸਾਰੇ ਉਪਰ ਚਲੋ!" ਸੀਟੀ ਵਜਾਉਣ ਤੋਂ ਬਾਅਦ ਮਲਾਹਾਂ ਦਾ ਸਾਥੀ ਆਪਣੀ ਫਟੀ-ਜਿਹੀ, ਭਾਰੀ ਅਵਾਜ਼ ਵਿੱਚ ਚੀਕਿਆ।

ਮਲਾਹ ਪਾਗਲਾਂ ਵਾਂਗ ਆਪਣੀ-ਆਪਣੀ ਜਗ੍ਹਾ 'ਤੇ ਦੌੜੇ।

ਕਪਤਾਨ ਅਤੇ ਵੱਡਾ ਅਫਸਰ ਦੌੜਦੇ ਹੋਏ ਚਬੂਤਰੇ 'ਤੇ ਚੜ੍ਹ ਰਹੇ ਸਨ। ਉਨੀਂਦੇ ਅਫ਼ਸਰ ਚਲਦੇ-ਚਲਦੇ ਹੀ ਵਰਦੀ ਦੇ ਕੋਟ ਪਾਉਂਦੇ ਹੋਏ ਪੌੜੀਆਂ ਚੜ੍ਹ ਕੇ ਡੈੱਕ 'ਤੇ ਆ ਰਹੇ ਸਨ।

ਜਿਵੇਂ ਕਿ ਸਭ ਨੂੰ ਉਪਰ ਆਉਣ ਦੇ ਹੁਕਮ 'ਤੇ ਹਮੇਸ਼ਾਂ ਹੁੰਦਾ ਹੈ, ਵੱਡੇ ਅਫ਼ਸਰ ਨੇ ਕਮਾਨ ਸੰਭਾਲੀ। ਉਸ ਦੇ ਮੂੰਹੋਂ ਜ਼ੋਰ-ਜ਼ੋਰ ਨਾਲ ਹੁਕਮ ਨਿਕਲਦੇ ਅਤੇ ਮਲਾਹ ਉਸੇ ਵੇਲੇ ਉਹਨਾਂ ਨੂੰ ਪੂਰਾ ਕਰਨ ਵਿੱਚ ਰੁੱਝ ਜਾਂਦੇ। ਉਹਨਾਂ ਦੇ ਹੱਥ ਮਸ਼ੀਨਾਂ ਵਾਂਗ ਚੱਲ ਰਹੇ ਸਨ। ਹਰ ਕੋਈ ਜਿਵੇਂ ਇਹ ਸਮਝਦਾ ਸੀ ਕਿ ਇਕ-ਇਕ ਪਲ ਕਿੰਨਾ ਕੀਮਤੀ ਹੈ।

ਸੱਤ ਮਿੰਟ ਵੀ ਨਹੀਂ ਬੀਤੇ ਸਨ ਕਿ ਦੋ-ਤਿੰਨ ਬਾਦਬਾਨ ਛੱਡ ਕੇ ਬਾਕੀ ਸਾਰੇ ਉਤਾਰ ਦਿਤੇ ਗਏ, ਜਹਾਜ਼ ਖੜ੍ਹਾ ਹੋ ਗਿਆ, ਰੁਕਿਆ ਹੋਇਆ ਸਮੁੰਦਰ ਵਿੱਚ ਡੋਲਣ ਲੱਗਾ, ਅਤੇ ਸੋਲ੍ਹਾਂ ਮਲਾਹਾਂ ਨਾਲ ਕਿਸ਼ਤੀ ਵੀ ਪਾਣੀ ਵਿਚੋਂ ਉਤਾਰ ਦਿੱਤੀ ਗਈ। ਉਸਦੀ ਪਤਵਾਰ ਇੱਕ ਅਫਸਰ ਨੇ ਸੰਭਾਲੀ ਹੋਈ ਸੀ।

"ਜਾਓ, ਰੱਬ ਤੁਹਾਡਾ ਸਾਥ ਦੇਵੇ!" ਜਹਾਜ਼ ਤੋਂ ਵਖ ਹੋਈ ਕਿਸ਼ਤੀ ਵੱਲ ਚੀਕ ਕੇ ਕਪਤਾਨ ਨੇ ਕਿਹਾ।

ਆਦਮੀ ਨੂੰ ਬਚਾਉਣ ਦੀ ਜਲਦੀ ਵਿੱਚ ਮਲਾਹ ਪੂਰਾ ਜ਼ੋਰ ਲਗਾ ਕੇ ਕਿਸ਼ਤੀ ਠੇਲ੍ਹਣ ਲੱਗੇ।

ਪਰ ਇਨ੍ਹਾਂ ਸੱਤ ਮਿੰਟਾਂ ਵਿੱਚ, ਜੋ ਜਹਾਜ਼ ਨੂੰ ਰੋਕਣ ਵਿੱਚ ਲੱਗੇ ਉਹ ਮੀਲ ਕੁ ਦੂਰ ਨਿਕਲ ਗਿਆ ਸੀ ਅਤੇ ਮਸਤੂਲ ਦਾ ਟੁਕੜਾ ਦੂਰਬੀਨ ਵਿਚ ਵੀ ਨਹੀਂ ਦਿਖ ਰਿਹਾ ਸੀ।

ਪਰ ਕੰਪਾਸ ਨਾਲ ਉਹ ਦਿਸ਼ਾ ਦੇਖ ਲਈ ਗਈ ਸੀ, ਕਿ ਜਿਧਰ ਆਦਮੀ ਸੀ ਤੇ ਕਿਸ਼ਤੀ ਉਸ ਪਾਸੇ ਵੱਧਦੀ ਜਾ ਰਹੀ ਸੀ।

'ਲੜਾਕੂ ' ਜਹਾਜ਼ ਦੇ ਸਾਰੇ ਮਲਾਹਾਂ ਦੀਆਂ ਨਜ਼ਰਾਂ ਕਿਸ਼ਤੀ 'ਤੇ ਲੱਗੀਆਂ ਹੋਈਆਂ ਸੀ। ਮਹਾਂਸਾਗਰ ਦੀਆਂ ਲਹਿਰਾਂ 'ਤੇ ਚੜ੍ਹਦੀ-ਉਤਰਦੀ ਕਿਸ਼ਤੀ ਇੱਕ ਛੋਟਾ ਜਿਹਾ ਟੁਕੜਾ ਲੱਗਦੀ ਸੀ।

ਜਲਦੀ ਹੀ ਉਹ ਇੱਕ ਛੋਟਾ ਜਿਹਾ ਕਾਲਾ ਧੱਬਾ ਲੱਗਣ ਲੱਗੀ।

## 3.

ਡੈੱਕ 'ਤੇ ਖਮੋਸ਼ੀ ਛਾਈ ਹੋਈ ਸੀ।

ਕੁਆਰਟਰ ਡੈੱਕ 'ਤੇ ਭੀੜ ਲਗਾਈ ਖੜ੍ਹੇ ਮਲਾਹ ਬਸ ਕਦੇ-ਕਦਾਈਂ ਦੱਬੀ-ਦੱਬੀ ਅਵਾਜ਼ ਵਿਚ ਕੁਝ ਕਹਿ ਦਿੰਦੇ ਸਨ।

"ਕਿਸੇ ਡੁੱਬ ਗਏ ਜਹਾਜ਼ ਦਾ ਮਲਾਹ ਹੋਣਾ।"

"ਇਥੇ ਤਾਂ ਜਹਾਜ਼ ਡੁੱਬਣਾ ਤਾਂ ਮੁਸ਼ਕਿਲ ਹੈ। ਹਾਂ, ਜੇ ਬਿਲਕੁਲ ਹੀ ਬੇਕਾਰ ਜਹਾਜ਼ ਹੋਇਆ ..."

"ਨਹੀਂ, ਰਾਤ ਨੂੰ ਕਿਸੇ ਦੂਸਰੇ ਜਹਾਜ਼ ਨਾਲ ਟਕਰਾ ਗਿਆ ਹੋਣਾ।"

" ਜਾਂ ਸ਼ਾਇਦ ਸੜ ਗਿਆ ਹੋਣਾ।"

" ਇਕ ਹੀ ਆਦਮੀ ਬਚਿਆ ਹੈ ਬਸ!"

"ਸ਼ਾਇਦ ਦੂਸਰੀਆਂ ਕਿਸ਼ਤੀਆਂ 'ਤੇ ਹੋਣ, ਇਸ ਨੂੰ ਭੁੱਲ ਗਏ ਹੋਣ ..."

"ਪਤਾ ਨਹੀਂ ਜਿਉਂਦਾ ਹੈ ਕਿ ਨਹੀਂ।"

"ਪਾਣੀ ਤਾਂ ਗਰਮ ਹੈ। ਸ਼ਾਇਦ ਜਿਉਂਦਾ ਹੀ ਹੋਵੇ।"

"ਕਿਵੇਂ ਸ਼ਾਰਕ ਮੱਛਲੀ ਨੇ ਨਹੀਂ ਖਾਧਾ ਇਸਨੂੰ। ਇਥੇ ਤਾਂ ਕਿੰਨੀਆਂ ਹੀ ਸ਼ਾਰਕਾਂ ਹਨ!"

"ਹਾਂ ਭਰਾਵੋ। ਇਹ ਜਹਾਜ਼ ਦੀ ਨੌਕਰੀ ਬੜੀ ਖਤਰਨਾਕ ਹੈ। ਉਫ਼, ਕਿੰਨੀ ਖਤਰਨਾਕ!" ਹਉਕਾ ਭਰਦਿਆਂ ਜਵਾਨ ਜਿਹੇ ਮਲਾਹ ਨੇ ਕਿਹਾ। ਉਸਦਾ ਨੇਵੀ ਵਿਚ ਪਹਿਲਾ ਸਾਲ ਹੀ ਸੀ ਤੇ ਸਿੱਧਾ ਵਿਸ਼ਵ ਪਰਿਕਰਮਾ ਕਰ ਰਹੇ ਜਹਾਜ਼ ਵਿਚ ਲੱਗ ਗਿਆ ਸੀ।

ਉਸਦੇ ਚਿਹਰੇ 'ਤੇ ਉਦਾਸੀ ਛਾਈ ਹੋਈ ਸੀ। ਟੋਪੀ ਉਤਾਰ ਕੇ ਉਸਨੇ ਸਲੀਬ ਦਾ ਨਿਸ਼ਾਨ ਬਣਾਇਆ, ਜਿਵੇਂ ਕਿ ਰੱਬ ਨੂੰ ਪ੍ਰਾਰਥਨਾ ਕਰ ਰਿਹਾ ਹੋਵੇ ਕਿ ਉਸ ਨੂੰ ਸਮੁੰਦਰ ਵਿੱਚ ਅਜਿਹੀ ਭਿਆਨਕ ਮੌਤ ਤੋਂ ਬਚਾ ਲਵੇ।

ਬੇਚੈਨੀ ਭਰੀ ਉਡੀਕ ਵਿੱਚ ਕੋਈ ਪੌਣਾ ਘੰਟਾ ਬੀਤ ਗਿਆ।

ਆਖਰਕਾਰ ਸਿਗਨਲਮੈਨ, ਜੋ ਸਾਰੇ ਵਕਤ ਦੂਰਬੀਨ 'ਤੇ ਅੱਖਾਂ ਟਿਕਾਈ ਖੜ੍ਹਾ ਸੀ, ਖੁਸ਼ੀ ਨਾਲ ਚੀਕਿਆ :

"ਕਿਸ਼ਤੀ ਵਾਪਸ ਚੱਲ ਪਈ!"

ਜਦੋਂ ਉਹ ਕੋਲ ਆਉਣ ਲੱਗੀ, ਤਾਂ ਵੱਡੇ ਅਫ਼ਸਰ ਨੇ ਸਿਗਨਲਮੈਨ ਨੂੰ ਪੁਛਿਆ :

"ਉਹ ਆਦਮੀ ਹੈ ਕਿਸ਼ਤੀ 'ਤੇ?"

"ਦਿਖ ਨਹੀਂ ਰਿਹਾ, ਸਾਹਬ!" ਉਸਨੇ ਜਵਾਬ ਦਿੱਤਾ। ਹੁਣ ਉਸਦੀ ਅਵਾਜ਼ ਏਨੀ ਖੁਸ਼ ਨਹੀਂ ਸੀ।

"ਲਗਦਾ ਹੈ ਮਿਲਿਆ ਨਹੀਂ!" ਕਪਤਾਨ ਕੋਲ ਜਾਂਦੇ ਹੋਏ ਵੱਡੇ ਅਫ਼ਸਰ ਨੇ ਕਿਹਾ।

'ਲੜਾਕੂ ' ਜਹਾਜ਼ ਦਾ ਕਮਾਂਡਰ ਅੱਧਖੜ ਉਮਰ ਦਾ ਛੋਟੇ ਕੱਦ ਦਾ, ਮਜ਼ਬੂਤ ਕਾਠੀ ਦਾ ਆਦਮੀ ਸੀ। ਉਸਦੀਆਂ ਮਾਸਲ ਗੱਲ੍ਹਾਂ ਅਤੇ ਠੋਡੀ 'ਤੇ ਸੰਘਣੇ ਕਾਲੇ ਵਾਲ ਸਨ, ਜੋ ਹੁਣ ਚਿੱਟੇ ਹੋਣ ਲੱਗੇ ਸਨ। ਅੱਖਾਂ ਉਸਦੀਆਂ ਛੋਟੀਆਂ-ਛੋਟੀਆਂ ਸਨ, ਬਾਜ਼ ਵਰਗੀਆਂ ਅਤੇ ਉਸ ਤਰ੍ਹਾਂ ਦੀ ਹੀ ਤਿੱਖੀ ਨਜ਼ਰ ਉਸਦੀ। ਉਸਨੇ ਮੋਢਾ ਝੰਜੋੜਿਆ, ਆਪਣਾ ਚਿੜਚਿੜਾਪਣ ਲੁਕਾਉਂਦੇ ਹੋਏ, ਬੋਲਿਆ :

"ਨਹੀਂ। ਕਿਸ਼ਤੀ 'ਤੇ ਚੰਗਾ ਅਫ਼ਸਰ ਹੈ, ਜੇ ਆਦਮੀ ਨਾ ਮਿਲਦਾ, ਤਾਂ ਉਹ ਏਨੀ ਜਲਦੀ ਨਾ ਮੁੜਦਾ!"

"ਪਰ ਉਹ ਕਿਸ਼ਤੀ 'ਤੇ ਦਿਖ ਤਾਂ ਨਹੀਂ ਰਿਹਾ।"

"ਹੋ ਸਕਦਾ ਹੈ, ਹੇਠਾਂ ਲੇਟਿਆ ਹੋਵੇ, ਇਸ ਲਈ ਦਿਖ ਨਹੀਂ ਰਿਹਾ ... ਖੈਰ, ਹੁਣੇ ਪਤਾ ਚੱਲ ਜਾਵੇਗਾ।"

ਤੇ ਕਪਤਾਨ ਚਬੂਤਰੇ 'ਤੇ ਚੱਕਰ ਕੱਟਣ ਲੱਗਾ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਉਹ ਰੁਕ ਜਾਂਦਾ ਅਤੇ ਕੋਲ ਆ ਰਹੀ ਕਿਸ਼ਤੀ 'ਤੇ ਨਜ਼ਰ ਮਾਰਦਾ। ਆਖਰਕਾਰ ਉਸ ਨੇ ਦੂਰਬੀਨ ਵਿੱਚ ਦੇਖਿਆ, ਬਚਾਇਆ ਹੋਇਆ ਆਦਮੀ ਤਾਂ ਉਸਨੂੰ ਨਜ਼ਰ ਨਹੀਂ ਆਇਆ, ਪਰ ਜਹਾਜ਼ ਦੀ ਕਮਾਨ 'ਤੇ ਬੈਠੇ ਅਫਸਰ ਦੇ ਸ਼ਾਂਤ, ਪ੍ਰਸੰਨ ਚਿਹਰੇ ਨੂੰ ਦੇਖ ਕੇ ਸਮਝ ਗਿਆ ਕਿ ਉਹਨਾਂ ਨੇ ਆਦਮੀ ਨੂੰ ਬਚਾ ਲਿਆ ਹੈ।

ਕਪਤਾਨ ਦੇ ਉਦਾਸ ਚਿਹਰੇ 'ਤੇ ਸੰਤੋਸ਼ ਦੀ ਮੁਸਕਾਨ ਫੈਲ ਗਈ।

ਤੇ ਕੁਝ ਮਿੰਟ ਬੀਤਣ 'ਤੇ ਕਿਸ਼ਤੀ ਜਹਾਜ਼ ਦੇ ਕੋਲ ਆ ਗਈ ਅਤੇ ਲੋਕਾਂ ਸਮੇਤ ਉਸ ਨੂੰ ਜਹਾਜ਼ 'ਤੇ ਚੜ੍ਹਾ ਲਿਆ ਗਿਆ।

ਅਫ਼ਸਰ ਦੇ ਪਿਛੇ-ਪਿਛੇ ਮਲਾਹ ਉਸ ਵਿਚੋਂ ਨਿਕਲਣ ਲੱਗੇ। ਉਹਨਾਂ ਦੇ ਚਿਹਰੇ ਲਾਲ ਹੋ ਗਏ ਸਨ, ਪਸੀਨੇ ਨਾਲ ਉਹ ਤਰ-ਬ-ਤਰ ਅਤੇ ਹਫ਼ ਰਹੇ ਸਨ। ਇੱਕ ਮਲਾਹ ਦਾ ਸਹਾਰਾ ਲੈ ਕੇ ਉਹ ਵੀ ਡੈੱਕ 'ਤੇ ਉਤਰਿਆ, ਜਿਸ ਨੂੰ ਬਚਾਇਆ ਗਿਆ ਸੀ। ਉਹ ਦਸ-ਗਿਆਰਾਂ ਸਾਲ ਦਾ ਨੀਗਰੋ ਮੁੰਡਾ ਸੀ। ਫਟੀ ਹੋਈ ਕਮੀਜ਼ ਪ੍ਰਾਈ ਹੋਈ ਸੀ, ਜਿਸਨੇ ਉਸਦੇ ਪਤਲੇ, ਸੁੱਕੇ, ਕਾਲੇ, ਲਿਸ਼ਕਦੇ ਸਰੀਰ ਦਾ ਥੋੜ੍ਹਾ ਜਿਹਾ ਹਿੱਸਾ ਹੀ ਢੱਕਿਆ ਹੋਇਆ ਸੀ। ਉਹ ਬੁਰੀ ਤਰ੍ਹਾਂ ਨਾਲ ਭਿੱਜ ਗਿਆ ਸੀ।

ਮੁੰਡਾ ਮੁਸ਼ਕਿਲ ਨਾਲ ਖੜ੍ਹਾ ਹੋ ਪਾ ਰਿਹਾ ਸੀ, ਬੁਰੀ ਤਰ੍ਹਾਂ ਕੰਬ ਰਿਹਾ ਸੀ, ਉਸਦੀਆਂ ਛੋਟੀਆਂ-ਛੋਟੀਆਂ ਧੱਸੀਆਂ ਹੋਈਆਂ ਅੱਖਾਂ ਵਿੱਚ ਅਪਾਰ ਖੁਸ਼ੀ ਸੀ ਅਤੇ ਨਾਲ ਹੀ ਹੈਰਾਨੀ ਵੀ, ਜਿਵੇਂ ਕਿ ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਹੋਵੇ ਕਿ ਉਹ ਬਚ ਗਿਆ ਹੈ।

"ਬਿਲਕੁਲ ਅੱਧਮਰੇ ਨੂੰ ਮਸਤੂਲ ਤੋਂ ਉਤਾਰਿਆ ਗਿਆ। ਬੜੀ ਮੁਸ਼ਕਿਲ ਨਾਲ ਵਿਚਾਰੇ ਨੂੰ ਹੋਸ਼ ਵਿੱਚ ਲਿਆਂਦਾ ਹੈ," ਅਫ਼ਸਰ ਕਪਤਾਨ ਨੂੰ ਰਿਪੋਰਟ ਦੇ ਰਿਹਾ ਸੀ।

"ਉਸ ਨੂੰ ਜਲਦੀ ਮਰੀਜ਼ਾਂ ਦੇ ਕਮਰੇ ਵਿੱਚ ਲੈ ਜਾਓ।" ਕਪਤਾਨ ਨੇ ਹੁਕਮ ਦਿੱਤਾ।

ਮੁੰਡੇ ਨੂੰ ਉਸੇ ਵੇਲੇ ਕਮਰੇ 'ਚ ਲਿਜਾਇਆ ਗਿਆ, ਉਸਦਾ ਸਰੀਰ ਪੂੰਝ ਕੇ ਸੁਕਾਇਆ ਗਿਆ, ਬਿਸਤਰੇ 'ਤੇ ਲੇਟਾ ਕੇ ਉਸ ਉਤੇ ਕੰਬਲ ਪਾਇਆ ਅਤੇ ਡਾਕਟਰ ਉਸ ਕੋਲ ਟਹਿਲਣ ਲੱਗਾ। ਉਸ ਦੇ ਮੂੰਹ ਵਿੱਚ ਬਰਾਂਡੀ ਦੀਆਂ ਕੁਝ ਬੂੰਦਾਂ ਪਾਈਆਂ।

ਮੁੰਡਾ ਹੌਲੀ ਜਿਹੀ ਬਰਾਂਡੀ ਨਿਗਲ ਗਿਆ। ਅੱਖਾਂ ਨਾਲ ਹੀ ਮਿੰਨਤ ਕਰਦਾ ਹੋਇਆ ਉਹ ਡਾਕਟਰ ਵੱਲ ਵੇਖ ਰਿਹਾ ਸੀ, ਮੂੰਹ ਵੱਲ ਇਸ਼ਾਰਾ ਕਰ ਰਿਹਾ ਸੀ।

ਉਪਰ ਬਾਦਬਾਨ ਚੜ੍ਹਾਏ ਜਾਣ ਲੱਗੇ ਅਤੇ ਪੰਜ ਮਿੰਟ ਬਾਅਦ ਹੀ 'ਲੜਾਕੂ' ਜਹਾਜ਼ ਆਪਣੇ ਪਹਿਲੇ ਵਾਲੇ ਮਾਰਗ 'ਤੇ ਚੱਲ ਪਿਆ। ਮਲਾਹ ਵੀ ਆਪਣਾ ਵਿਚੇ ਹੀ ਛੁੱਟ ਗਿਆ ਕੰਮ ਪੂਰਾ ਕਰਨ ਲੱਗੇ।

"ਹਬਸ਼ੀ ਮੁੰਡੇ ਨੂੰ ਬਚਾ ਲਿਆ!" ਚਾਰੇ ਪਾਸੇ ਮਲਾਹ ਖੁਸ਼ੀ-ਖੁਸ਼ੀ ਕਹਿ ਰਹੇ ਸਨ।

"ਕਿਹੋ ਜਿਹਾ ਦੁਬਲਾ-ਪਤਲਾ ਜਿਹਾ ਹੈ!"

ਕੁਝ ਲੋਕ ਮਰੀਜ਼ ਦੇ ਕਮਰੇ ਵਿੱਚ ਜਾ ਰਹੇ ਸਨ, ਇਹ ਪਤਾ ਲਗਾਉਣ ਕਿ ਮੁੰਡੇ ਦਾ ਕੀ

ਹੋਇਆ।

"ਡਾਕਟਰ ਇਲਾਜ ਕਰ ਰਿਹਾ ਹੈ। ਦੇਖੋ, ਸ਼ਾਇਦ ਬਚਾ ਲੈਣ!"

ਇਕ ਘੰਟੇ ਬਾਅਦ ਕੋਰਸ਼ੁਨਵ ਨਾਮ ਦਾ ਮਲਾਹ ਇਹ ਖਬਰ ਲਿਆਇਆ ਕਿ ਹਬਸ਼ੀ ਮੁੰਡਾ ਡੂੰਘੀ ਨੀਂਦ ਸੌਂ ਰਿਹਾ ਹੈ, ਡਾਕਟਰ ਨੇ ਉਸਨੂੰ ਗਰਮ-ਗਰਮ ਸੂਪ ਦੇ ਕੁਝ ਚਮਚ ਦਿਤੇ ਤੇ ਉਹ ਸੌਂ ਗਿਆ ...

"ਓਏ ਭਰਾਵੋ, ਮੁੰਡੇ ਲਈ ਡਾਕਟਰ ਨੇ ਅਜਿਹਾ ਸੂਪ ਬਣਵਾਇਆ, ਕੁਝ ਵੀ ਨਹੀਂ ਪਾਇਆ ਉਸ ਵਿੱਚ, ਬਸ ਗੋਸ਼ਤ ਦਾ ਉਬਲਿਆ ਪਾਣੀ ਹੀ ਸਮਝੋ," ਕੋਰਸ਼ੁਨਵ ਨੂੰ ਬੜੇ ਜੋਸ਼ ਨਾਲ ਕਹੀ ਜਾ ਰਿਹਾ ਸੀ। ਉਹ ਇਸ ਗੱਲ 'ਤੇ ਖੁਸ਼ ਸੀ ਕਿ ਮਸ਼ਹੂਰ ਗੱਪੀ ਹੋਣ ਦੇ ਬਾਵਜੂਦ ਵੀ ਇਸ ਵਕਤ ਸਭ ਉਸਦੀਆਂ ਗੱਲਾਂ 'ਤੇ ਵਿਸ਼ਵਾਸ ਕਰ ਰਹੇ ਹਨ ਅਤੇ ਇਸ ਗੱਲ 'ਤੇ ਵੀ ਕਿ ਉਹ ਇਸ ਵਕਤ ਝੂਠ ਨਹੀਂ ਬੋਲ ਰਿਹਾ ਤੇ ਸਭ ਧਿਆਨ ਨਾਲ ਉਹਦੀਆਂ ਗੱਲਾਂ ਸੁਣ ਰਹੇ ਹਨ।

ਤੇ ਜਿਵੇਂ ਇਸ ਮੌਕੇ ਦਾ ਫਾਇਦਾ ਚੁਕਦੇ ਹੋਏ ਉਹ ਬੋਲੀ ਜਾ ਰਿਹਾ ਸੀ :

"ਉਹ ਛੋਟਾ ਡਾਕਟਰ ਕਹਿ ਰਿਹਾ ਸੀ ਕਿ ਜਦੋਂ ਮੁੰਡੇ ਨੂੰ ਖਾਣਾ ਖਵਾ ਰਹੇ ਸਨ, ਤਾਂ ਉਹ ਵੀ ਕੁਝ ਬੁੜਬੁੜ ਕਰ ਰਿਹਾ ਸੀ, ਮਤਲਬ ਕਹਿ ਰਿਹਾ ਸੀ : 'ਕਿ ਹੋਰ ਦਿਓ, ਉਹ ਸੂਪ ' ... ਉਹ ਤਾਂ ਡਾਕਟਰ ਦੇ ਹੱਥੋਂ ਪਿਆਲਾ ਹੀ ਖੋਹ ਰਿਹਾ ਸੀ ...ਪਰ ਜ਼ਿਆਦਾ ਨਹੀਂ ਦਿੱਤਾ, ਇਕਦਮ ਜ਼ਿਆਦਾ ਪੀ ਲਿਆ ਤਾਂ ਮਰ ਜਾਵੇਗਾ।"

"ਤਾਂ ਮੁੰਡੇ ਨੇ ਕੀ ਕੀਤਾ?"

"ਕੁਝ ਨਹੀਂ, ਮੰਨ ਗਿਆ।"

ਉਸੇ ਵਕਤ ਪਾਣੀ ਦੇ ਡਰੰਮ ਕੋਲ ਕਪਤਾਨ ਦਾ ਅਰਦਲੀ ਸੋਇਕਿਨ ਆਇਆ ਅਤੇ ਉਸਨੇ ਕਪਤਾਨ ਦੇ ਸਿਗਾਰ ਦਾ ਬੱਟ ਸੁਲਗਾਇਆ। ਸਭ ਦਾ ਧਿਆਨ ਅਰਦਲੀ ਵੱਲ ਗਿਆ, ਕਿਸੇ ਨੇ ਪੁੱਛਿਆ :

"ਓਏ ਸੋਇਕਿਨ, ਕੁਝ ਸੁਣਾ, ਹਬਸ਼ੀ ਮੁੰਡੇ ਦਾ ਬਾਅਦ ਵਿਚ ਕੀ ਕਰੋਗੇ?"

ਲਾਲ ਵਾਲਾਂ ਵਾਲੇ ਸੋਇਚਿਨ ਨੂੰ ਖੂਬ ਸੱਜ-ਧੱਜ ਕੇ ਰਹਿੰਦਾ ਸੀ। ਉਸਨੇ ਆਪਣੇ ਨਿੱਜੀ ਕੱਪੜਿਆਂ ਦੀ ਬਣੀ ਮਲਾਹਾਂ ਦੀ ਵਰਦੀ ਦੀ ਪਤਲੀ ਕਮੀਜ਼ ਅਤੇ ਕੈਨਵਸ ਦੇ ਜੁੱਤੇ ਪਾਏ ਹੋਏ ਸਨ। ਬੜੀ ਸ਼ਾਨ ਨਾਲ ਉਸਨੇ ਸਿਗਾਰ ਦਾ ਕਸ਼ ਭਰਿਆ ਅਤੇ ਅਜਿਹੇ ਅੰਦਾਜ਼ ਵਿਚ ਕਿ ਜਿਵੇਂ ਉਹ ਬਹੁਤ ਕੁਝ ਜਾਣਦਾ ਹੋਵੇ, ਬੋਲਿਆ :

"ਕਰਨਗੇ ਕੀ? ਗੁੱਡ ਕੇਪ 'ਤੇ ਛੱਡ ਦੇਣਗੇ, ਜਦੋਂ ਜਹਾਜ਼ ਉਥੇ ਪਹੁੰਚੇਗਾ ਤਾਂ।"

ਕੇਪ ਆਫ਼ ਗੁੱਡ ਹੋਪ ਨੂੰ ਉਹ ਗੁੱਡ ਕੇਪ ਕਹਿੰਦਾ ਸੀ।

ਥੋੜ੍ਹੀ ਦੇਰ ਤੱਕ ਉਹ ਚੁੱਪ ਰਿਹਾ ਅਤੇ ਫਿਰ ਰੋਹਬ ਜਿਹਾ ਦਿਖਾਉਂਦਾ ਹੋਇਆ, ਕੁਝ ਨਫਰਤ ਜਿਹੇ ਭਾਵ ਨਾਲ ਬੋਲਿਆ :

"ਹੋਰ ਕਰਨਾ ਵੀ ਕੀ ਹੈ, ਕਾਲੇ ਹਬਸ਼ੀ ਦਾ? ਨਾ ਕੋਈ ਧਰਮ ਇਹਨਾਂ ਦਾ, ਨਾ ਜਾਤ। ਇਕਦਮ ਜੰਗਲੀ ਹਨ।"

"ਜੰਗਲੀ ਹੋਣ, ਭਾਵੇਂ ਕੁਝ ਵੀ ਹੋਣ, ਹੈ ਤਾਂ ਸਾਰੇ ਰੱਬ ਦੇ ਬੰਦੇ .... ਕੁਝ ਰਹਿਮ ਹੋਣਾ ਚਾਹੀਦਾ!" ਬੁੱਢੇ ਤਰਖਾਣ ਜਖਾਰਿਚ ਨੇ ਕਿਹਾ।

ਤੰਬਾਕੂ ਪੀਣ ਨੂੰ ਇਕੱਠੇ ਹੋਏ ਮਲਾਹਾਂ ਨੂੰ ਜਖਾਰਿਚ ਦੀ ਗੱਲ ਚੰਗੀ ਲੱਗੀ ਸੀ।

"ਤੇ ਉਥੋਂ ਮੁੰਡਾ ਆਪਣੇ ਘਰ ਕਿਵੇਂ ਪਹੁੰਚੇਗਾ? ਉਸਦੇ ਵੀ ਤਾਂ ਮਾਂ-ਬਾਪ ਹੋਣੇ!" ਕਿਸੇ ਨੇ ਕਿਹਾ।

"ਗੁੱਡ ਕੇਪ ਵਿੱਚ ਇਹਨਾਂ ਹਬਸ਼ੀਆਂ ਦੀ ਭਰਮਾਰ ਹੈ। ਆਪਣੇ ਆਪ ਪਤਾ ਲਗਾ ਲੈਣਗੇ, ਕਿਥੋਂ ਦਾ ਹੈ," ਸੋਇਚਿਨ ਨੇ ਜਵਾਬ ਦਿੱਤਾ ਅਤੇ ਸਿਗਰਟ ਪੀ ਕੇ ਚਲਾ ਗਿਆ।

"ਵੱਡਾ ਬਣਿਆ ਫਿਰਦਾ ਹੈ, ਅਰਦਲੀਆ!" ਬੁੱਢੇ ਤਰਖਾਣ ਨੇ ਗੁੱਸੇ ਨਾਲ ਉਸ ਦੇ ਪਿੱਛੇ ਚੀਕ ਕੇ ਕਿਹਾ।

## 4.

ਅਗਲੇ ਦਿਨ ਹਬਸ਼ੀ ਮੁੰਡਾ ਅਜੇ ਕਮਜ਼ੋਰ ਹੀ ਸੀ, ਪਰ ਹਾਂ ਸਦਮੇ ਤੋਂ ਬਾਅਦ ਉਹ ਏਨਾ ਕੁ ਠੀਕ ਹੋ ਗਿਆ ਕਿ ਮੋਟੇ, ਅੱਧਖੜ੍ਹ ਡਾਕਟਰ ਨੇ ਖੁੱਲ੍ਹ ਕੇ ਮੁਸਕਰਾਂਦਿਆਂ ਮੁੰਡੇ ਦੀ ਗੱਲ੍ਹ ਥਪਥਪਾਈ ਅਤੇ ਉਸਨੂੰ ਪਿਆਲਾ ਭਰ ਕੇ ਸੂਪ ਦਿੱਤਾ। ਇਹ ਦੇਖ ਰਿਹਾ ਸੀ ਕਿ ਮੁੰਡਾ ਕਿਵੇਂ ਜਲਦੀ-ਜਲਦੀ ਸੂਪ ਨਿਗਲ ਰਿਹਾ ਹੈ। ਆਪਣੀਆਂ ਵੱਡੀਆਂ-ਵੱਡੀਆਂ ਕਾਲੀਆਂ ਅੱਖਾਂ ਨਾਲ, ਜਿਨ੍ਹਾਂ ਦੀ ਸਫੇਦੀ 'ਤੇ ਤਾਰੇ ਚਮਕ ਰਹੇ ਸਨ, ਸ਼ੁਕਰਗੁਜ਼ਾਰੀ ਨਾਲ ਡਾਕਟਰ ਵੱਲ ਵੇਖ ਰਿਹਾ ਸੀ।

ਇਸ ਤੋਂ ਬਾਅਦ ਡਾਕਟਰ ਨੇ ਇਹ ਜਾਣਨਾ ਚਾਹਿਆ ਕਿ ਮੁੰਡਾ ਕਿਵੇਂ ਸਮੁੰਦਰ ਵਿਚ ਡਿਗਿਆ, ਕਿੰਨੀ ਦੇਰ ਭੁੱਖਾ ਰਿਹਾ। ਪਰ ਮਰੀਜ਼ ਨਾਲ ਗੱਲ ਕਰਨੀ ਅਸੰਭਵ ਸਿੱਧ ਹੋਈ, ਬਾਵਜੂਦ ਇਸ ਦੇ ਕਿ ਡਾਕਟਰ ਚੰਗੀ ਤਰ੍ਹਾਂ ਇਸ਼ਾਰਿਆਂ ਨਾਲ ਆਪਣੀ ਗੱਲ ਸਮਝਾ ਰਿਹਾ ਸੀ। ਹਬਸ਼ੀ ਮੁੰਡੇ ਨੂੰ ਡਾਕਟਰ ਤੋਂ ਜ਼ਿਆਦਾ ਅੰਗਰੇਜ਼ੀ ਆਉਂਦੀ ਸੀ ਪਰ ਡਾਕਟਰ ਵਾਂਗ ਹੀ ਉਹ ਵੀ ਜੋ ਥੋੜ੍ਹੇ ਬਹੁਤ ਸ਼ਬਦ ਜਾਣਦਾ ਸੀ, ਉਹਨਾਂ ਨੂੰ ਤੋੜ-ਮਰੋੜ ਕੇ ਬੋਲਦਾ ਸੀ।

ਉਹ ਇਕ ਦੂਸਰੇ ਦੀ ਗੱਲ ਨਹੀਂ ਸਮਝ ਰਹੇ ਸਨ।

ਤਦੇ ਡਾਕਟਰ ਨੇ ਆਪਣੇ ਸਹਾਇਕ ਨੂੰ ਜਵਾਨ ਵਾਰੰਟ ਅਫ਼ਸਰ ਨੂੰ ਬੁਲਾਉਣ ਭੇਜਿਆ, ਜਿਸ ਨੂੰ ਅਫਸਰਾਂ ਦੇ ਕਮਰੇ ਵਿੱਚ ਸਾਰੇ ਪੇਤਿਆ ਕਹਿ ਕੇ ਬੁਲਾਉਂਦੇ ਸਨ।

"ਪੇਤਿਆ, ਤੁਹਾਨੂੰ ਤਾਂ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ ਆਉਂਦੀ ਹੈ, ਜ਼ਰਾ ਇਸ ਨਾਲ ਗੱਲ ਤਾਂ ਕਰੋ, ਮੇਰੇ ਕੋਲੋਂ ਨਹੀਂ ਹੋ ਰਹੀ," ਡਾਕਟਰ ਨੇ ਹੱਸਦਿਆਂ ਕਿਹਾ। "ਤੇ ਇਸ ਨੂੰ ਇਹ ਵੀ ਕਹਿ ਦੇਣਾ ਕਿ ਤਿੰਨ ਦਿਨ 'ਚ ਮੈਂ ਇਸ ਨੂੰ ਛੁੱਟੀ ਦੇ ਦੇਵਾਂਗਾ।"

ਵਾਰੰਟ ਅਫਸਰ ਮੰਜੇ ਕੋਲ ਬੈਠ ਕੇ ਮੁੰਡੇ ਨੂੰ ਸਵਾਲ ਪੁੱਛਣ ਲੱਗਾ। ਉਹ ਛੋਟੇ-ਛੋਟੇ ਵਾਕ ਬੋਲ ਰਿਹਾ ਸੀ ਤੇ ਉਹ ਵੀ ਹੌਲੀ-ਹੌਲੀ, ਬਿਲਕੁਲ ਸਪੱਸ਼ਟ। ਛੋਟਾ ਹਬਸ਼ੀ ਸ਼ਾਇਦ ਉਸਦੀ ਸਾਰੀ ਗੱਲ ਤਾਂ ਨਹੀਂ, ਪਰ ਕਾਫੀ ਕੁਝ ਸਮਝ ਰਿਹਾ ਸੀ ਅਤੇ ਥੋੜ੍ਹੇ-ਬਹੁਤ ਜੋ ਸ਼ਬਦ ਜਾਣਦਾ ਸੀ, ਉਹਨਾਂ ਨੂੰ ਹੀ ਉਲਟੇ-ਸਿੱਧੇ ਬੋਲ ਕੇ ਜਲਦੀ-ਜਲਦੀ ਜਵਾਬ ਦੇ ਰਿਹਾ ਸੀ, ਹਾਂ ਨਾਲ ਹੀ ਅਰਥਪੂਰਨ ਢੰਗ

ਨਾਲ ਇਸ਼ਾਰੇ ਵੀ ਕਰ ਰਿਹਾ ਸੀ।

ਕਾਫੀ ਲੰਬੀ ਅਤੇ ਮੁਸ਼ਕਿਲ ਗੱਲ ਤੋਂ ਬਾਅਦ ਵਾਰੰਟ ਅਫਸਰ ਨੇ ਅਫਸਰਾਂ ਦੇ ਕਮਰੇ ਵਿਚ ਹਬਸ਼ੀ ਮੁੰਡੇ ਦੇ ਦੀ ਮੋਟੇ ਤੌਰ 'ਤੇ ਸੁਣੀ ਕਹਾਣੀ ਸੁਣਾਈ।

ਮੁੰਡਾ ਅਮਰੀਕੀ ਜਹਾਜ਼ 'ਬੈਟਸੀ ' 'ਤੇ ਸਵਾਰ ਸੀ ਅਤੇ ਕਪਤਾਨ ਦਾ ਨੌਕਰ ਸੀ (ਅਫਸਰ ਨੇ ਆਪਣੇ ਵੱਲੋਂ ਕਿਹਾ : ਕਮੀਨੇ ਕਪਤਾਨ ਦਾ), ਮੁੰਡਾ ਕਪਤਾਨ ਦੇ ਕਪੜਿਆਂ ਤੋਂ ਧੂੜ ਝਾੜਦਾ ਸੀ, ਜੁੱਤੀਆਂ ਸਾਫ ਕਰਦਾ ਸੀ ਅਤੇ ਕੌਫ਼ੀ ਨਾਲ ਬਰਾਂਡੀ ਜਾਂ ਬਰਾਂਡੀ ਨਾਲ ਕੌਫ਼ੀ ਦੇਂਦਾ ਸੀ। ਕਪਤਾਨ ਮੁੰਡੇ ਨੂੰ 'ਬੌਇ ' ਕਹਿੰਦਾ ਸੀ ਅਤੇ ਹਬਸ਼ੀ ਮੁੰਡੇ ਨੂੰ ਇਹ ਵਿਸ਼ਵਾਸ ਸੀ ਕਿ ਇਹੀ ਉਸਦਾ ਨਾਮ ਹੈ। ਮਾਂ-ਬਾਪ ਦੀ ਉਸ ਨੂੰ ਕੋਈ ਯਾਦ ਨਹੀਂ ਸੀ। ਕਪਤਾਨ ਨੇ ਸਾਲ ਪਹਿਲਾਂ ਮੋਜ਼ਾਮਬੀਕ ਵਿਚ ਮੁੰਡੇ ਨੂੰ ਖਰੀਦਿਆ ਸੀ ਤੇ ਰੋਜ਼ ਉਸਨੂੰ ਕੁੱਟਦਾ ਸੀ। ਜਹਾਜ਼ ਸੇਨੇਗਲ ਤੋਂ ਰੀਓ ਜਾ ਰਿਹਾ ਸੀ, ਹਬਸ਼ੀਆਂ ਨੂੰ ਲੱਦ ਕੇ ਲੈ ਜਾ ਰਿਹਾ ਸੀ। ਦੋ ਰਾਤਾਂ ਪਹਿਲਾਂ ਦੂਸਰਾ ਜਹਾਜ਼ ਉਸ ਨਾਲ ਜ਼ੋਰ ਦੀ ਟਕਰਾਇਆ (ਇਸ ਦਾ ਅਨੁਮਾਨ ਅਫ਼ਸਰ ਨੇ ਇਸ ਗੱਲ ਤੋਂ ਲਗਾਇਆ ਕਿ ਹਬਸ਼ੀ ਮੁੰਡੇ ਨੇ ਦੋ-ਤਿੰਨ ਵਾਰ "ਠਾਹ-ਠਾਹ-ਠਾਹ" ਕਿਹਾ ਅਤੇ ਫਿਰ ਕੰਧ 'ਤੇ ਹੌਲੀ ਜਿਹੀ ਮੁੱਕਾ ਮਾਰਿਆ )। ਜਹਾਜ਼ ਡੁੱਬ ਗਿਆ। ਮੁੰਡਾ ਪਾਣੀ ਵਿਚ ਜਾ ਡਿਗਿਆ, ਮਸਤੂਲ ਦੇ ਟੁਕੜੇ ਨਾਲ ਆਪਣੇ ਆਪ ਨੂੰ ਬੰਨ੍ਹ ਲਿਆ ਅਤੇ ਉਸੇ 'ਤੇ ਦੋ ਦਿਨ, ਦੋ ਰਾਤਾਂ ਕੱਟੀਆਂ।

ਆਪਣੇ ਭਿਆਨਕ ਜੀਵਨ ਦੀ ਕਹਾਣੀ ਜੇ ਮੁੰਡਾ ਸ਼ਬਦਾਂ ਵਿੱਚ ਕਹਿ ਵੀ ਸਕਦਾ, ਤਾਂ ਵੀ ਉਹ ਏਨੇ ਭਾਵਪੂਰਨ ਨਹੀਂ ਹੁੰਦੇ। ਸ਼ਬਦਾਂ ਤੋਂ ਜ਼ਿਆਦਾ ਚੰਗੀ ਤਰ੍ਹਾਂ ਉਸਦੀ ਕਹਾਣੀ ਉਸਦੀਆਂ ਨਜ਼ਰਾਂ ਕਹਿ ਰਹੀਆਂ ਸਨ, ਜਿਨ੍ਹਾਂ ਵਿੱਚ ਇਸ ਗੱਲ ਦੀ ਹੈਰਾਨੀ ਸੀ ਕਿ ਉਸ ਨਾਲ ਏਨਾ ਵਧੀਆ ਸਲੂਕ ਕੀਤਾ ਜਾ ਰਿਹਾ ਹੈ। ਤਰਸਯੋਗ ਕਤੂਰੇ ਵਾਂਗ ਸ਼ੁਕਰਗੁਜ਼ਾਰ ਅੱਖਾਂ ਨਾਲ ਉਹ ਡਾਕਟਰ, ਉਸਦੇ ਸਹਾਇਕ ਅਤੇ ਵਾਰੰਟ ਅਫ਼ਸਰ ਨੂੰ ਦੇਖ ਰਿਹਾ ਸੀ। ਇਸ ਸਭ ਤੋਂ ਵੀ ਵੱਧ ਕੇ ਪ੍ਰਭਾਵਿਤ ਕਰਦੀ ਸੀ ਉਸਦੀ ਪਤਲੀ, ਚਮਕਦੀ ਹੋਈ ਕਾਲੀ ਪਿੱਠ, ਜਿਸ 'ਤੇ ਸਾਰੀਆਂ ਪਸਲੀਆਂ ਦਿਖਦੀਆਂ ਸਨ — ਸਾਰੀ ਪਿੱਠ ਕੋਰੜੇ ਲੱਗਣ ਨਾਲ ਲਾਸਾਂ ਨਾਲ ਭਰੀ ਹੋਈ ਸੀ।

ਵਾਰੰਟ ਅਫ਼ਸਰ ਅਤੇ ਡਾਕਟਰ ਦੀਆਂ ਗੱਲਾਂ ਸੁਣ ਕੇ ਅਫ਼ਸਰਾਂ ਦੇ ਕਮਰੇ ਵਿੱਚ ਸਭ ਹੈਰਾਨ ਰਹਿ ਗਏ। ਕਿਸੇ ਨੇ ਕਿਹਾ ਕਿ ਇਸ ਵਿਚਾਰੇ ਨੂੰ ਕੇਪਟਾਊਨ ਵਿੱਚ ਰੂਸੀ ਕੌਂਸਲ ਦੀ ਸੁਰੱਖਿਆ ਵਿੱਚ ਦੇ ਦੇਣਾ ਚਾਹੀਦਾ ਅਤੇ ਮੁੰਡੇ ਲਈ ਚੰਦਾ ਇਕੱਠਾ ਕਰਨਾ ਚਾਹੀਦਾ।

ਬੱਚੇ ਹਬਸ਼ੀ ਦੀ ਕਹਾਣੀ ਤੋਂ ਮਲਾਹ ਹੋਰ ਵੀ ਪ੍ਰਭਾਵਿਤ ਹੋਏ। ਉਸੇ ਦਿਨ ਸ਼ਾਮ ਨੂੰ ਵਾਰੰਟ ਅਫ਼ਸਰ ਨੇ ਅਰਦਲੀ ਅਰਤੇਮੀ ਮੁਖਿਨ ਦੇ ਮੂੰਹੋਂ ਉਹਨਾਂ ਨੇ ਵਾਰੰਟ ਅਫ਼ਸਰ ਦੀ ਦੱਸੀ ਕਹਾਣੀ ਸੁਣੀ। ਅਰਤੇਮੀ ਕਹਾਣੀ ਵਿਚ ਆਪਣੇ ਵੱਲੋਂ ਮਿਰਚ-ਮਸਾਲੇ ਲਗਾਉਣ ਤੋਂ ਵੀ ਬਾਜ਼ ਨਾ ਆਇਆ ਤਾਂਕਿ ਇਹ ਪਤਾ ਚੱਲੇ ਕਿ ਅਮਰੀਕੀ ਕਪਤਾਨ ਕਿਹੋ ਜਿਹੇ ਜੱਲਾਦ ਸਨ।

"ਓਏ, ਭਰਾਵਾ, ਹਰ ਰੋਜ਼ ਕੰਬਖਤ ਮੁੰਡੇ ਨੂੰ ਕੁੱਟਦਾ ਸੀ। ਜ਼ਰਾ ਜਿਹੀ ਕੋਈ ਗੱਲ ਹੋਈ, ਬਸ ਜਬਾੜੇ 'ਤੇ ਮੁੱਕੇ ਮਾਰਣ ਲੱਗਦਾ, ਇਕ, ਦੋ, ਤਿੰਨ ... ਖੂਨੋ-ਖੂਨ ਕਰ ਦਿੰਦਾ ਤੇ ਕਿੱਲੀ ਤੋਂ ਕੋਰੜਾ ਉਤਾਰਦਾ, ਕੋਰੜਾ ਵੀ ਕਿਤੇ ਐਸਾ-ਵੈਸਾ ਨਹੀਂ ਸੀ, ਸਭ ਤੋਂ ਮੋਟੀ ਪੇਟੀ ਦਾ ਬਣਿਆ ਤੇ

ਬਸ ਵਿਚਾਰੇ ਦੀ ਕੁੱਟ-ਮਾਰ ਕਰਨ ਲੱਗਦਾ," ਅਰਤੇਮੀ ਕਹਿ ਰਿਹਾ ਸੀ, ਆਪਣੀ ਕਲਪਨਾ ਦੀ ਉਡਾਨ ਨਾਲ ਜ਼ਿਆਦਾ ਤੋਂ ਜ਼ਿਆਦਾ ਜੋਸ਼ ਵੀ ਆਉਂਦਾ ਜਾ ਰਿਹਾ ਸੀ, ਉਹ ਹਬਸ਼ੀ ਮੁੰਡੇ ਦਾ ਜੀਵਨ ਭਿਆਨਕਤਮ ਰੂਪ ਵਿੱਚ ਦਿਖਾਉਣਾ ਚਾਹੁੰਦਾ ਸੀ। "ਹਰਾਮੀ ਦਾ ਪਿੱਲਾ ਇਹ ਤੱਕ ਨਾ ਦੇਖਦਾ ਸੀ ਕਿ ਉਸਦੇ ਸਾਹਮਣੇ ਬੇਜ਼ੁਬਾਨ ਬੱਚਾ ਹੈ, ਹਬਸ਼ੀ ਹੋਇਆ ਤਾਂ ਕੀ... ਅਜੇ ਤੱਕ ਵਿਚਾਰੇ ਦੀ ਸਾਰੀ ਪਿੱਠ ਲਾਸਾਂ ਨਾਲ ਭਰੀ ਹੋਈ ਹੈ। ਡਾਕਟਰ ਕਹਿ ਰਿਹਾ ਸੀ : ਦੇਖਿਆ ਨਹੀਂ ਜਾਂਦਾ!" ਭਾਵੁਕ ਅਰਤੇਮੀ ਨੇ ਕਿਹਾ।

ਮਲਾਹ ਆਪ ਹੀ ਅਤੀਤ ਵਿੱਚ ਗੁਲਾਮ ਸਨ, ਉਹਨਾਂ ਲਈ ਇਹ ਸਭ ਮਿਰਚ-ਮਸਾਲੇ ਲਗਾਉਣ ਦੀ ਕੋਈ ਜ਼ਰੂਰਤ ਨਹੀਂ ਸੀ। ਉਹਨਾਂ ਨੂੰ ਯਾਦ ਸੀ ਕਿ ਕਿਵੇਂ ਉਹਨਾਂ ਦੀ ਪਿੱਠਾਂ ਸੇਕੀਆਂ ਜਾਂਦੀਆਂ ਸਨ। ਉਹਨਾਂ ਦੀ ਸਾਰੀ ਹਮਦਰਦੀ ਮੁੰਡੇ ਨਾਲ ਸੀ ਅਤੇ ਅਮਰੀਕੀ ਕਪਤਾਨ ਨੂੰ ਵੀ ਖੂਬ ਬਦਦੁਆਵਾਂ ਦੇ ਰਹੇ ਸਨ, ਜੇ ਹੁਣ ਤੱਕ ਸ਼ਾਰਕਾਂ ਉਸਨੂੰ ਹੜੱਪ ਨਹੀਂ ਗਈਆਂ, ਤਾਂ ਜਲਦੀ ਤੋਂ ਜਲਦੀ ਹੜੱਪ ਜਾਣ।

"ਸਾਡੇ ਇਥੇ ਤਾਂ ਹੁਣ ਤੱਕ ਸਾਰੇ ਈਸਾ ਦੇ ਭਗਤਾਂ ਨੂੰ ਅਜ਼ਾਦੀ ਮਿਲ ਗਈ ਹੋਣੀ। ਪਰ ਇਹਨਾਂ ਅਮਰੀਕੀਆਂ ਕੋਲ ਅਜੇ ਵੀ ਗੁਲਾਮ ਹਨ? ਕੀ ਕਿਸੇ ਅੱਧਖੜ੍ਹ ਮਲਾਹ ਨੇ ਪੁੱਛਿਆ।

"ਹਾਂ, ਅਜੇ ਤੱਕ ਹਨ।"

"ਅਜੀਬ ਗੱਲ ਹੈ ... ਅਜ਼ਾਦ ਲੋਕ ਹਨ, ਪਰ ਫਿਰ ਵੀ..." ਅੱਧਖੜ੍ਹ ਮਲਾਹ ਨੇ ਹੌਲੀ-ਹੌਲੀ ਬੋਲਦਿਆਂ ਕਿਹਾ।

"ਉਹਨਾਂ ਲਈ ਹਬਸ਼ੀ ਸਾਡੇ ਇਥੇ ਦੇ ਗੁਲਾਮਾਂ ਵਰਗੇ ਹਨ।" ਅਤਰੇਮੀ ਨੇ ਕਿਹਾ, ਜੋ ਅਫ਼ਸਰਾਂ ਦੇ ਕਮਰੇ ਵਿੱਚ ਇਸ ਸਿਲਸਿਲੇ 'ਚ ਕੁਝ ਗੱਲਾਂ ਸੁਣ ਚੁੱਕਾ ਸੀ। "ਇਸੇ ਗੱਲ ਨੂੰ ਲੈ ਕੇ ਉਹਨਾਂ ਦੀ ਆਪਸ ਵਿੱਚ ਲੜਾਈ ਹੋ ਰਹੀ ਹੈ। ਕੁਝ ਅਮਰੀਕੀ ਚਾਹੁੰਦੇ ਹਨ ਕਿ ਸਾਰੇ ਹਬਸ਼ੀ, ਜੋ ਉਥੇ ਰਹਿੰਦੇ ਹਨ, ਅਜ਼ਾਦ ਹੋਣ, ਅਤੇ ਦੂਸਰੇ ਇਹ ਗੱਲ ਨਹੀਂ ਮੰਨਦੇ, ਇਹ ਓਹੀ ਹਨ, ਜਿਨ੍ਹਾਂ ਕੋਲ ਗੁਲਾਮ ਹਬਸ਼ੀ ਹਨ। ਬਸ ਇਸੇ ਗੱਲ 'ਤੇ ਇੱਕ ਦੂਸਰੇ ਨੂੰ ਭੁੰਨ ਰਹੇ ਹਨ ... ਸਾਹਬ ਲੋਕ ਕਹਿੰਦੇ ਹਨ ਕਿ ਜੋ ਅਮਰੀਕੀ ਹਬਸ਼ੀਆਂ ਨਾਲ ਹਨ, ਉਹੀ ਜਿੱਤਣਗੇ। ਅਮਰੀਕੀ ਜਿਮੀਂਦਾਰਾਂ ਦਾ ਸਫਾਇਆ ਕਰ ਦੇਣਗੇ!" ਖੁਸ਼ ਹੁੰਦਿਆਂ ਅਰਤੇਮੀ ਨੇ ਕਿਹਾ।

"ਹਾਂ, ਰੱਬ ਉਹਨਾਂ ਦੀ ਮਦਦ ਕਰੇਗਾ ... ਹਬਸ਼ੀ ਵੀ ਤਾਂ ਅਜ਼ਾਦੀ ਨਾਲ ਰਹਿਣਾ ਚਾਹੁੰਦੇ ਹਨ ... ਚਿੜੀ ਤੱਕ ਕੈਦ ਵਿੱਚ ਰਹਿ ਨਹੀਂ ਸਕਦੀ, ਫਿਰ ਆਦਮੀ ਤਾਂ ਆਦਮੀ ਹੈ," ਜਖਾਰਿਚ ਤਰਖਾਣ ਨੇ ਕਿਹਾ।

ਸਾਂਵਲਾ ਜਵਾਨ ਮਲਾਹ, ਉਹੀ ਜੋ ਕਹਿ ਰਿਹਾ ਸੀ ਕਿ ਜਹਾਜ਼ ਦੀ ਨੌਕਰੀ ਖਤਰਨਾਕ ਹੈ, ਬੜੇ ਧਿਆਨ ਨਾਲ ਸਾਰੀ ਗੱਲ ਸੁਣ ਰਿਹਾ ਸੀ, ਆਖਰ ਉਸ ਨੇ ਪੁੱਛਿਆ :

"ਤਾਂ, ਭਰਾਵਾ ਅਰਤੇਮੀ, ਹੁਣ ਇਹ ਹਬਸ਼ੀ ਮੁੰਡਾ ਅਜ਼ਾਦ ਹੋਵੇਗਾ?"

"ਹੋਰ ਨਹੀਂ ਤਾਂ ਕੀ? ਸਾਫ ਗੱਲ ਹੈ ਅਜ਼ਾਦ ਹੋਵੇਗਾ," ਅਰਤੇਮੀ ਨੇ ਦ੍ਰਿੜ੍ਹਤਾ ਨਾਲ ਕਿਹਾ, ਹਾਲਾਂਕਿ ਦਿਲ ਵਿੱਚ ਉਸਨੂੰ ਇਸ ਗੱਲ 'ਤੇ ਪੂਰਾ ਵਿਸ਼ਵਾਸ ਨਹੀਂ ਸੀ, ਕਿਉਂਕਿ ਮਾਲਕੀ ਦੇ

ਅਮਰੀਕੀ ਕਾਨੂੰਨਾਂ ਬਾਰੇ ਵਿੱਚ ਉਹ ਕੁਝ ਵੀ ਨਹੀਂ ਜਾਣਦਾ ਸੀ।

ਪਰ ਉਸਦੀ ਆਪਣੀ ਸਮਝ ਇਹ ਕਹਿੰਦੀ ਸੀ ਕਿ ਮੁੰਡਾ ਅਜ਼ਾਦ ਹੋਣਾ ਚਾਹੀਦਾ। ਮੋਇਆ ਮਾਲਕ ਤਾਂ ਮੱਛਲੀਆਂ ਦਾ ਨਿਵਾਲਾ ਬਣ ਚੁੱਕਿਆ ਹੈ, ਤਾਂ ਫਿਰ ਹੋਰ ਕੀ ਗੱਲ ਹੋ ਸਕਦੀ ਹੈ।

ਤੇ ਉਹ ਬੋਲਿਆ :

"ਬਸ ਹੁਣ ਗੁੱਡ ਕੇਪ ਵਿੱਚ ਮੁੰਡੇ ਨੂੰ ਪਾਸਪੋਰਟ ਮਿਲ ਜਾਵੇ ਅਤੇ ਬਸ ਫਿਰ ਉਹ ਜਿਥੇ ਜਾਣਾ ਚਾਹੇ ਚਲਾ ਜਾਵੇ।"

ਪਾਸਪੋਰਟ ਦੇ ਇਸ ਵਿਚਾਰ ਨੇ ਉਸਦੇ ਬਚੇ-ਖੁਚੇ ਸ਼ੱਕ ਵੀ ਦੂਰ ਕਰ ਦਿੱਤੇ।

"ਹਾਂ, ਬਸ ਇਹੀ ਤਾਂ ਗੱਲ ਹੈ!" ਸਉਲਾ ਮਲਾਹ ਖੁਸ਼ੀ ਨਾਲ ਬੋਲਿਆ। ਉਸਦੀਆਂ ਲਾਲ ਗੱਲ੍ਹਾਂ ਅਤੇ ਨੇਕ ਅੱਖਾਂ ਵਾਲੇ ਚਿਹਰੇ 'ਤੇ ਮਿੱਠੀ ਮੁਸਕਾਨ ਫੈਲ ਗਈ, ਜਿਸ ਨਾਲ ਬਦਕਿਸਮਤ ਹਬਸ਼ੀ ਲਈ ਉਸਦੀ ਖੁਸ਼ੀ ਪ੍ਰਗਟ ਹੁੰਦੀ ਸੀ।

ਸ਼ਾਮ ਦਾ ਧੁੰਦਲਕਾ ਤੇਜ਼ੀ ਨਾਲ ਊਸ਼ਣਕਟੀਬੰਦ ਦੀ ਸੁਹਾਵਣੀ ਰਾਤ ਵਿੱਚ ਬਦਲ ਗਿਆ। ਅਕਾਸ਼ ਵਿੱਚ ਅਣਗਿਣਤ ਤਾਰੇ ਚਮਕ ਪਏ, ਮਖਮਲੀ ਉਚਾਈਆਂ ਵਿੱਚ ਉਹਨਾਂ ਦੀ ਰੌਸ਼ਨ ਝਿਲਮਿਲ ਹੋ ਰਹੀ ਸੀ। ਦੂਰ ਮਹਾਂਸਾਗਰ ਕਾਲਾ ਪੈ ਗਿਆ, ਜਹਾਜ਼ ਦੇ ਆਸੇ-ਪਾਸੇ ਅਤੇ ਪਿਛੇ ਫਾਸਫੋਰਸੈਂਟ ਚਮਕ ਸੀ।

ਜਲਦੀ ਹੀ ਪ੍ਰਾਰਥਨਾ ਦੀ ਸੀਟੀ ਵੱਜੀ ਤੇ ਫਿਰ ਜਿਨ੍ਹਾਂ ਮਲਾਹਾਂ ਨੇ ਤੜਕੇ ਡਿਊਟੀ ਦੇਣੀ ਸੀ ਉਹ ਮੰਜੇ ਲੈ ਕੇ ਡੈੱਕ 'ਤੇ ਸੌਂ ਗਏ।

ਜੋ ਮਲਾਹ ਡਿਊਟੀ 'ਤੇ ਸਨ, ਉਹ ਰੱਸਿਆਂ 'ਤੇ ਬੈਠੇ ਮੱਧਮ ਅਵਾਜ਼ ਵਿੱਚ ਗੱਲਾਂ ਕਰਨ ਲੱਗੇ। ਉਸ ਰਾਤ ਕਈ ਝੁੰਡਾਂ ਵਿੱਚ ਹਬਸ਼ੀ ਮੁੰਡੇ ਦੀ ਹੀ ਚਰਚਾ ਹੁੰਦੀ ਰਹੀ।

## 5.

ਦੋ ਦਿਨ ਬਾਅਦ ਹਮੇਸ਼ਾ ਵਾਂਗ ਸਵੇਰੇ ਸੱਤ ਵਜੇ ਡਾਕਟਰ ਮਰੀਜ਼ਾਂ ਦੇ ਕਮਰੇ ਵਿਚ ਆਇਆ, ਆਪਣੇ ਮਰੀਜ਼ ਦੀ ਜਾਂਚ ਕੀਤੀ ਤੇ ਵੇਖਿਆ ਕਿ ਉਹ ਠੀਕ ਹੋ ਗਿਆ ਹੈ, ਬਿਸਤਰੇ ਤੋਂ ਉਠ ਸਕਦਾ ਹੈ ਅਤੇ ਉਪਰ ਜਾ ਕੇ ਮਲਾਹਾਂ ਦਾ ਖਾਣਾ ਖਾ ਸਕਦਾ ਹੈ। ਇਹ ਸਭ ਉਸ ਨੇ ਮੁੰਡੇ ਨੂੰ ਇਸ਼ਾਰਿਆਂ ਨਾਲ ਹੀ ਸਮਝਾਇਆ, ਜੋ ਇਸ ਵਾਰ ਜਲਦੀ ਹੀ ਸਮਝ ਗਿਆ। ਮੁੰਡੇ ਦੇ ਚਿਹਰੇ 'ਤੇ ਰੌਣਕ ਆ ਗਈ ਸੀ ਅਤੇ ਉਹ ਇਹ ਭੁੱਲ ਹੀ ਗਿਆ ਲੱਗਦਾ ਸੀ ਕਿ ਕੁਝ ਦਿਨ ਪਹਿਲਾਂ ਉਹ ਮੌਤ ਦੇ ਪੰਜੇ ਵਿਚ ਸੀ। ਉਹ ਝੱਟ ਮੰਜੇ ਤੋਂ ਉਛਲ ਖੜ੍ਹਾ ਹੋਇਆ। ਉਹ ਮਲਾਹਾਂ ਦਾ ਲੰਬਾ ਕੁਰਤਾ, ਜਿਹੜਾ ਉਸਦੇ ਬਦਨ 'ਤੇ ਬੋਰੇ ਵਰਗਾ ਲੱਗਦਾ ਸੀ, ਪਾ ਕੇ ਹੀ ਉਪਰ ਜਾ ਕੇ ਧੁੱਪ ਸੇਕਣਾ ਚਾਹੁੰਦਾ ਸੀ। ਪਰ ਉਸਦੀ ਇਹ ਵੇਸ਼-ਭੂਸ਼ਾ ਦੇਖ ਕੇ ਡਾਕਟਰ ਜ਼ੋਰ ਦੀ ਹੱਸਣ ਲੱਗਾ ਅਤੇ ਸਹਾਇਕ ਵੀ ਖੀਂਅ-ਖੀਂਅ ਕਰਨ ਲੱਗਾ, ਮੁੰਡਾ ਡਰ ਗਿਆ। ਉਹ ਕੈਬਿਨ ਦੇ ਵਿਚ-ਵਿਚਾਲੇ ਖੜ੍ਹਾ ਸੀ, ਉਸਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਕਰੇ ਅਤੇ ਕਿਉਂ ਡਾਕਟਰ ਉਸਦੀ ਕਮੀਜ਼ ਖਿਚਦਾ ਹੋਇਆ ਹੱਸੀ ਜਾ ਰਿਹਾ ਹੈ।

ਤਦ ਹਬਸ਼ੀ ਮੁੰਡੇ ਨੇ ਜਲਦੀ ਨਾਲ ਕਮੀਜ਼ ਉਤਾਰ ਦਿੱਤੀ ਅਤੇ ਨੰਗਾ ਹੀ ਖਿਸਕ ਜਾਣਾ ਚਾਹੁੰਦਾ ਸੀ, ਪਰ ਸਹਾਇਕ ਨੇ ਉਸਦੀ ਬਾਂਹ ਫੜ੍ਹ ਲਈ ਅਤੇ ਡਾਕਟਰ ਹੱਸਦੇ ਹੋਏ ਕਹੀ ਜਾ ਰਿਹਾ ਸੀ :

"ਨੋ, ਨੋ, ਨੋ।"

ਤੇ ਉਸਤੋਂ ਬਾਅਦ ਇਸ਼ਾਰੇ ਨਾਲ ਮੁੰਡੇ ਨੂੰ ਸਮਝਾਇਆ ਕਿ ਇਹ ਬੋਰੀਨੁਮਾ ਕਮੀਜ਼ ਪਾ ਲਵੇ।

"ਇਸਨੂੰ ਕੀ ਪਾਈਏ ਫਿਲੀਪਵ?" ਡਾਕਟਰ ਚਿੰਤਤ ਜਿਹਾ ਘੁੰਗਰਾਲੇ ਵਾਲਾਂ ਵਾਲੇ ਸੋਹਣੇ ਜਿਹੇ ਤੀਹ ਸਾਲਾਂ ਦੇ ਸਹਾਇਕ ਨੂੰ ਪੁੱਛ ਰਿਹਾ ਸੀ। "ਇਹ ਤਾਂ ਅਸੀਂ ਸੋਚਿਆ ਹੀ ਨਹੀਂ।"

"ਜੀ ਹਾਂ, ਇਸ ਦੀ ਤਾਂ ਕਲਪਨਾ ਹੀ ਨਹੀਂ ਹੋਈ। ਹੁਣ ਜੇ ਇਸਦੀ ਕਮੀਜ਼ ਗੋਡਿਆਂ ਤੱਕ ਕੱਟ ਦਈਏ ਅਤੇ ਲੱਕ ਤੱਕ ਪੇਟੀ ਬੰਨ੍ਹ ਦਈਏ, ਤਾਂ ਖੂਬ ਜੋੜ ਬੈਠੇਗਾ," ਸਹਾਇਕ ਨੇ ਕਿਹਾ। ਜਦੋਂ ਉਹ ਕੋਈ ਵਧੀਆ ਗੱਲ ਕਰਨਾ ਚਾਹੁੰਦਾ ਤਾਂ ਅਟਪਟੇ ਸ਼ਬਦ ਬੋਲ ਦੇਂਦਾ, ਜਿਸ ਨਾਲ ਸਭ ਉਸ ਦਾ ਮਜ਼ਾਕ ਉਡਾਉਂਦੇ ਸਨ।

"'ਜੋੜ ਬੈਠੇਗਾ' ਦਾ ਕੀ ਮਤਲਬ?" ਡਾਕਟਰ ਮੁਸਕੁਰਾਇਆ।

"ਜੀ, ਓਹੀ... ਜੋੜ ਬੈਠੇਗਾ... ਸਭ ਜਾਣਦੇ ਹਨ ਹਜ਼ੂਰ, ਜੋੜ ਬੈਠੇਗਾ ਦਾ ਮਤਲਬ ਕੀ ਹੈ!" ਸਹਾਇਕ ਨੇ ਬੁਰਾ ਮਨਾਉਂਦਿਆਂ ਕਿਹਾ। "ਅਰਾਮਦਾਇਕ ਵੀ ਹੋਵੇਗਾ, ਚੰਗਾ ਵੀ ਲੱਗੇਗਾ।"

"ਨਹੀਂ, ਭਰਾਵਾ, ਇਹ ਤਾਂ 'ਕੋਈ ਜੋੜ ਨਹੀਂ ਬੈਠੇਗਾ'। ਬਸ ਹਾਸੇ ਦੀ ਗੱਲ ਹੀ ਹੋਣੀ। ਹਾਂ, ਕੁਝ ਤਾਂ ਪਹਿਨਣਾ ਚਾਹੀਦਾ ਇਸਨੂੰ, ਜਦੋਂ ਤੱਕ ਮੈਂ ਕਪਤਾਨ ਤੋਂ ਇਸਦੇ ਨਾਪ ਦੇ ਕੱਪੜੇ ਸਿਲਵਾਉਣ ਦੀ ਆਗਿਆ ਨਹੀਂ ਲੈ ਲੈਂਦਾ।"

"ਜੀ ਹਾਂ, ਕਪੜੇ ਤਾਂ ਵਧੀਆ ਸਿਲ ਸਕਦੇ ਹਨ... ਜਹਾਜ਼ 'ਤੇ ਹਨ ਅਜਿਹੇ ਮਲਾਹ, ਜੋ ਦਰਜ਼ੀ ਦਾ ਕੰਮ ਜਾਣਦੇ ਹਨ। ਉਹ ਸਿਉਂ ਦੇਣਗੇ।"

ਉਸੇ ਪਲ ਮਰੀਜ਼ ਦੇ ਕਮਰੇ ਦੇ ਦਰਵਾਜ਼ੇ 'ਤੇ ਕਿਸੇ ਨੇ ਹੌਲੀ ਜਿਹੀ ਦਸਤਕ ਦਿੱਤੀ।

"ਕੌਣ ਹੈ? ਆ ਜਾਓ," ਡਾਕਟਰ ਨੇ ਕਿਹਾ।

ਦਰਵਾਜ਼ੇ 'ਚ ਪਹਿਲਾਂ ਤਾਂ ਲਾਲ ਜਿਹਾ, ਥੋੜ੍ਹਾ ਫੁੱਲਿਆ ਹੋਇਆ ਚਿਹਰਾ ਦਿਖਿਆ, ਜਿਸਦੇ ਇਧਰ-ਉਧਰ ਸਣ ਦੇ ਰੰਗ ਦੀਆਂ ਮੁੱਛਾਂ ਲਮਕ ਰਹੀਆਂ ਸਨ, ਨੱਕ ਅਜੀਬ ਜਿਹੇ ਰੰਗ ਦਾ ਸੀ, ਪਰ ਅੱਖਾਂ 'ਚੋਂ ਫੁਰਤੀ ਅਤੇ ਨੇਕੀ ਟਪਕਦੀ ਸੀ। ਇਸ ਤੋਂ ਬਾਅਦ ਮਲਾਹ ਈਵਾਨ ਲੁਚਕਿਨ ਦੀ ਗਿੱਠੀ, ਸੁਘੜ ਅਤੇ ਮਜ਼ਬੂਤ ਸ਼ਕਲ ਸਾਹਮਣੇ ਆਈ।

ਮਲਾਹ ਅੱਧਖੜ੍ਹ ਸੀ, ਲਗਭਗ ਚਾਲੀ ਸਾਲ ਦਾ, ਪੰਦਰਾਂ ਸਾਲ ਤੋਂ ਫੌਜੀ ਬੇੜੇ ਵਿਚ ਸੀ। ਇਸ ਕਲਿੱਪਰ ਜਹਾਜ਼ 'ਤੇ ਉਹ ਇਕ ਸਭ ਤੋਂ ਵਧੀਆ ਮਲਾਹ ਸੀ ਅਤੇ ਤੱਟ 'ਤੇ ਸਭ ਤੋਂ ਵੱਡਾ ਪਿਆਕੜ। ਕਈ ਵਾਰ ਤਾਂ ਉਹ ਆਪਣੇ ਕਪੜੇ ਤੱਕ ਵੇਚ ਕੇ ਸ਼ਰਾਬ ਪੀ ਲੈਂਦਾ ਤੇ ਕੇਵਲ ਅੰਦਰੂਨੀ ਕਪੜੇ ਪਾਈ ਜਹਾਜ਼ 'ਤੇ ਮੁੜਦਾ। ਅਗਲੇ ਦਿਨ ਸਵੇਰੇ ਇਕਦਮ ਬੇਫ਼ਿਕਰ ਜਿਹਾ ਸਜ਼ਾ ਸੁਣਨ ਨੂੰ ਹਾਜ਼ਰ ਹੁੰਦਾ।

"ਹਜ਼ੂਰ, ਓਹ ਮੈਂ ..." ਲੁਚਕਿਨ ਖੋਖਲੀ ਅਵਾਜ਼ ਵਿਚ ਬੋਲਿਆ। ਉਹ ਖੜ੍ਹਾ-ਖੜ੍ਹਾ ਪੈਰ ਬਦਲ ਰਿਹਾ ਸੀ। ਉਸਦੇ ਨੰਗੇ ਪੈਰਾਂ 'ਤੇ ਉਭਰੀਆਂ ਨਸਾਂ ਦਿਖ ਰਹੀਆਂ ਸਨ। ਖੁਰਦਰੇ ਹੱਥ ਨਾਲ ਉਹ ਆਪਣੀ ਪਤਲੂਨ ਨੂੰ ਛੂਹ ਰਿਹਾ ਸੀ।

ਦੂਸਰੇ ਹੱਥ ਵਿੱਚ ਛੋਟੀ ਜਿਹੀ ਗੱਠੜੀ ਸੀ।

ਉਹ ਡਾਕਟਰ ਵੱਲ ਅਜਿਹੇ ਸੰਕੋਚ ਅਤੇ ਦੋਸ਼ੀ ਭਾਵਨਾ ਦੇਖ ਰਿਹਾ ਸੀ, ਜੋ ਪਿਆਕੜਾਂ ਅਤੇ ਆਪਣੇ ਐਬ ਜਾਣਨ ਵਾਲੇ ਲੋਕਾਂ ਦੇ ਚਿਹਰੇ ਅਤੇ ਅੱਖਾਂ ਵਿਚ ਆਮ ਤੌਰ 'ਤੇ ਹੁੰਦਾ ਹੈ।

"ਕੀ ਚਾਹੀਦਾ ਲੁਚਕਿਨ? ਬੀਮਾਰ ਪੈ ਗਿਆ?"

"ਬਿਲਕੁਲ ਨਹੀਂ, ਹਜ਼ੂਰ, ਉਹ... ਮੁੰਡੇ ਲਈ ਕਪੜੇ ਲਿਆਇਆ ਹਾਂ। ਸੋਚਿਆ ਨੰਗਾ ਹੈ, ਸੋ ਸਿਉਂ ਦਿੱਤੇ, ਨਾਪ ਵੀ ਮੈਂ ਪਹਿਲਾਂ ਹੀ ਲੈ ਲਿਆ ਸੀ। ਇਜਾਜ਼ਤ ਹੋਵੇ ਤਾਂ ਦੇ ਦੇਵਾਂ, ਹਜ਼ੂਰ।"

"ਜ਼ਰੂਰ ਦੇ ਭਰਾਵਾ... ਬੜੀ ਖੁਸ਼ੀ ਦੀ ਗੱਲ ਹੈ," ਡਾਕਟਰ ਹੈਰਾਨ ਜਿਹਾ ਕਹਿ ਰਿਹਾ ਸੀ। "ਅਸੀਂ ਇਸ ਸੋਚ ਦੇ ਵਿਚ ਪਏ ਹੋਏ ਸਾਂ ਕਿ ਮੁੰਡੇ ਨੂੰ ਕੀ ਪਹਿਨਾਈਏ, ਤੂੰ ਸਾਡੇ ਤੋਂ ਪਹਿਲਾਂ ਹੀ ਸਭ ਸੋਚ ਲਿਆ।"

"ਖਾਲੀ ਵਕਤ ਸੀ ਹਜ਼ੂਰ," ਲੁਚਕਿਨ ਜਿਵੇਂ ਮਾਫ਼ੀ ਮੰਗ ਰਿਹਾ ਹੋਵੇ।

ਏਨਾ ਕਹਿ ਕੇ ਉਸ ਨੇ ਇਕ ਕਪੜੇ ਵਿਚੋਂ ਮਲਾਹਾਂ ਦੀ ਵਰਦੀ ਵਾਲੀ ਛੋਟੀ ਜਿਹੀ ਕਮੀਜ਼ ਤੇ ਉਹੋ ਜਿਹੀ ਹੀ ਪਤਲੂਨ ਕੱਢੀ। ਉਸਨੂੰ ਝਾੜਿਆ ਅਤੇ ਹੈਰਾਨ ਖੜ੍ਹੇ ਮੁੰਡੇ ਨੂੰ ਫੜਾਇਆ।

"ਲੈ ਮਕਸਿਮਕਾ! ਕਪੜਾ ਵੇਰੀ ਗੁੱਡ ਹੈ ਭਰਾਵਾ! ਲੈ ਪਾ ਲੈ, ਦੇਖਦਾ ਹਾਂ ਕਿਵੇਂ ਲੱਗਦਾ। ਚੱਲ, ਮਕਸਿਮਕਾ!" ਹਬਸ਼ੀ ਮੁੰਡੇ ਵੱਲ ਪਿਆਰ ਨਾਲ ਦੇਖਦਿਆਂ ਉਸਨੇ ਖੁਸ਼ੀ ਨਾਲ ਕਿਹਾ, ਹੁਣ ਉਸਦੀ ਅਵਾਜ਼ ਵਿੱਚ ਦੋਸ਼ ਦੀ ਭਾਵਨਾ ਨਹੀਂ ਸੀ, ਜਿਵੇਂ ਕਿ ਡਾਕਟਰ ਨਾਲ ਗੱਲਾਂ ਕਰਦੇ ਵਕਤ ਸੀ।

"ਅਰੇ, ਤੂੰ ਇਸ ਨੂੰ ਮਕਸਿਮਕਾ ਕਿਉਂ ਕਹਿ ਰਿਹਾ?" ਡਾਕਟਰ ਹੱਸ ਪਿਆ।

"ਹੋਰ ਕੀ ਹਜ਼ੂਰ? ਮਕਸਿਮਕਾ ਹੀ ਹੈ, ਕਿਉਂਕਿ ਇਸ ਨੇ ਸੰਤ ਮਕਸੀਮ ਦੇ ਦਿਨ ਬਚਾਇਆ ਸੀ, ਸੋ ਬਸ ਇਹ ਮਕਸਿਮਕਾ ਹੀ ਹੋਇਆ... ਤੇ ਹੁਣ ਫਿਰ ਇਸਦਾ ਕੋਈ ਨਾਮ ਵੀ ਤਾਂ ਨਹੀਂ, ਕਿਵੇਂ ਬੁਲਾਵਾਂਗੇ ਇਸ ਨੂੰ।"

ਨਵੇਂ ਕੱਪੜੇ ਪਾ ਕੇ ਤਾਂ ਮੁੰਡੇ ਦੀ ਖੁਸ਼ੀ ਦੀ ਹੱਦ ਨਾ ਰਹੀ। ਲੱਗਦਾ ਸੀ ਪਹਿਲਾਂ ਕਦੀ ਵੀ ਉਸ ਨੇ ਅਜਿਹੇ ਕੱਪੜੇ ਨਹੀਂ ਪਾਏ ਸਨ।

ਲੁਚਕਿਨ ਨੇ ਮੁੰਡੇ ਨੂੰ ਇਧਰ-ਉਧਰ ਘੁਮਾ ਕੇ ਦੇਖਿਆ, ਕਮੀਜ਼ ਖਿੱਚੀ, ਛੋਹੀ ਅਤੇ ਵੇਖਿਆ ਕਿ ਕੱਪੜੇ ਬਿਲਕੁਲ ਠੀਕ ਹਨ।

"ਹੁਣ ਚੱਲ ਉਪਰ ਚਲੀਏ ਮਕਸਿਮਕਾ ... ਧੁੱਪ ਸੇਕਣ। ਇਜਾਜ਼ਤ ਹੈ, ਹਜ਼ੂਰ?"

ਡਾਕਟਰ ਨੇ ਸਦਭਾਵਨਾ ਨਾਲ ਮੁਸਕਰਾਂਦਿਆਂ ਸਿਰ ਹਿਲਾਇਆ ਅਤੇ ਮਲਾਹ ਹਬਸ਼ੀ ਮੁੰਡੇ ਦਾ ਹੱਥ ਫੜ ਕੇ ਡੈੱਕ ਦੇ ਅਗਲੇ ਭਾਗ ਵਿੱਚ ਲੈ ਗਿਆ। ਦੂਸਰੇ ਮਲਾਹਾਂ ਨੂੰ ਇਸ ਨੂੰ ਦਿਖਾਉਂਦਿਆਂ ਉਸਨੇ ਕਿਹਾ :

"ਸੋ, ਇਹ ਰਿਹਾ ਮਕਸਿਮਕਾ! ਬਸ ਹੁਣ ਭੁੱਲ ਜਾਵੇਗਾ ਦੁਸ਼ਟ ਅਮਰੀਕੀ ਨੂੰ। ਜਾਣਦਾ ਹੈ ਕਿ ਰੂਸੀ ਮਲਾਹ ਇਸਦਾ ਦਿਲ ਨਹੀਂ ਦੁਖਾਉਣਗੇ!"

ਉਸਨੇ ਪਿਆਰ ਨਾਲ ਮੁੰਡੇ ਦਾ ਮੋਢਾ ਥਪਥਪਾਇਆ ਅਤੇ ਉਸਦੇ ਘੁੰਗਰਾਲੇ ਸਿਰ ਵੱਲ ਇਸ਼ਾਰਾ ਕਰਦਿਆਂ ਕਿਹਾ :

"ਕੋਈ ਗੱਲ ਨਹੀਂ, ਭਰਾਵਾ ਟੋਪੀ ਵੀ ਬਣਾ ਦੇਵਾਂਗੇ ... ਤੇ ਜੁੱਤੇ ਵੀ, ਬਸ ਥੋੜ੍ਹਾ ਸਮਾਂ ਚਾਹੀਦਾ।"

ਮੁੰਡਾ ਕੁਝ ਨਹੀਂ ਸਮਝ ਰਿਹਾ ਸੀ, ਪਰ ਮਲਾਹਾਂ ਦੇ ਸਉਲੇ ਹੋਏ ਚਿਹਰੇ, ਉਹਨਾਂ ਦੀ ਹਮਦਰਦੀ ਭਰੀਆਂ ਮੁਸਕਾਨਾਂ ਦੇਖ ਕੇ ਉਹ ਅਨੁਭਵ ਕਰ ਰਿਹਾ ਸੀ ਕਿ ਇਥੇ ਉਸਨੂੰ ਕੁਝ ਨਹੀਂ ਹੋਵੇਗਾ।

ਅਤੇ ਉਹ ਆਪਣੇ ਚਮਕੀਲੇ, ਦੁਧੀਆ ਦੰਦ ਦਿਖਾਉਂਦਾ ਹੱਸ ਰਿਹਾ ਸੀ, ਦੱਖਣ ਦੇ ਆਪਣੇ ਪਿਆਰੇ ਸੂਰਜ ਦੀ ਗਰਮੀ ਪਾ ਰਿਹਾ ਸੀ।

ਇਸ ਦਿਨ ਤੋਂ ਸਭ ਉਸ ਨੂੰ ਮਕਸਿਮਕਾ ਕੈਹਿਣ ਲੱਗੇ।

## 6.

ਡੈੱਕ ਉਤੇ ਮਲਾਹਾਂ ਵਰਗੇ ਕਪੜੇ ਪਾਈ ਛੋਟੇ ਹਬਸ਼ੀ ਦੀ ਮਲਾਹਾਂ ਨਾਲ ਜਾਣ-ਪਛਾਣ ਕਰਾ ਕੇ ਲੁਚਕਿਨ ਨੇ ਤੁਰੰਤ ਹੀ ਇਹ ਘੋਸ਼ਣਾ ਕੀਤੀ ਕਿ ਉਹ ਮੁੰਡੇ ਦੀ ਦੇਖਭਾਲ ਕਰੇਗਾ, ਉਸਦਾ ਖਾਸ ਖਿਆਲ ਰੱਖੇਗਾ, ਉਸਦਾ ਉਸ 'ਤੇ ਹੱਕ ਹੈ, ਕਿਉਂਕਿ ਉਸਨੇ ਮੁੰਡੇ ਨੂੰ ਸਜਾਇਆ ਹੈ ਅਤੇ ਉਸਦਾ ਨਾਮ ਰਖਿਆ ਹੈ।

ਲੁਚਕਿਨ ਨੇ ਕਿਸੇ ਨਾਲ ਇਸ ਬਾਰੇ ਵਿਚ ਕੋਈ ਸ਼ਬਦ ਵੀ ਨਹੀਂ ਕਿਹਾ ਕਿ ਇਸ ਦੁਬਲੇ-ਪਤਲੇ ਬਦਕਿਸਮਤ ਬੱਚੇ ਨੂੰ ਦੇਖ ਕੇ (ਜਿਸ ਨੇ ਆਪਣੇ ਜੀਵਨ ਦੇ ਸ਼ੁਰੂ ਤੋਂ ਹੀ ਅਮਰੀਕੀ ਕਪਤਾਨ ਦੇ ਹੱਥੋਂ ਇੰਨੇ ਦੁੱਖ ਝੱਲੇ ਹਨ) ਉਸ ਦੇ ਮਨ ਵਿਚ ਇਕ ਇਹੋ ਜਿਹੀ ਹਮਦਰਦੀ ਜਾਗੀ ਹੈ, ਕਿ ਉਸਦੀ ਆਪਣੀ ਟੁੰਡੀ ਜਿਹੀ ਜ਼ਿੰਦਗੀ ਵੀ ਪਹਿਲਾਂ ਕਿੰਨੇ ਦੁੱਖਾਂ ਭਰੀ ਰਹੀ ਹੈ। ਆਮ ਰੂਸੀ ਲੋਕਾਂ ਵਾਂਗ ਹੀ ਉਹ ਦੂਸਰਿਆਂ ਸਾਹਮਣੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਾ ਹੋਇਆ ਸ਼ਰਮਾਉਂਦਾ ਸੀ ਅਤੇ ਸ਼ਾਇਦ ਇਸੇ ਲਈ ਮਕਸਿਮਕਾ ਦਾ ਧਿਆਨ ਰੱਖਣ ਦੀ ਆਪਣੀ ਇੱਛਾ ਦਾ ਕਾਰਨ ਇਹ ਦੱਸਿਆ ਕਿ ਹਬਸ਼ੀ ਬੜਾ ਮਜ਼ੇਦਾਰ ਹੈ, ਬਿਲਕੁਲ ਬਾਂਦਰ ਵਰਗਾ ਹੈ।

ਹਾਂ, ਨਾਲ ਹੀ ਉਸ ਨੇ ਪੈਤ੍ਰੋਵ ਮਲਾਹ ਵੱਲ ਵੇਖਦਿਆਂ, ਜੋ ਨਵੇਂ ਮਲਾਹਾਂ ਨੂੰ ਤੰਗ ਕਰਨ ਲਈ ਮਸ਼ਹੂਰ ਸੀ, ਦ੍ਰਿੜ੍ਹਤਾ ਨਾਲ ਕਿਹਾ ਕਿ ਜੇ ਅਜਿਹਾ "ਕਮੀਨਾ ਆਦਮੀ" ਜੋ 'ਅਨਾਥ' ਬੱਚੇ ਨੂੰ ਛੇੜੇਗਾ, ਤਾਂ ਉਸਦਾ ਵਾਸਤਾ ਸਿੱਧਾ ਲੁਚਕਿਨ ਨਾਲ ਪਵੇਗਾ। ਅਤੇ ਜਿਵੇਂ ਕਿ ਇਹ ਸਪਸ਼ਟ ਕਰਨ ਲਈ ਕਿ ਉਸ ਦਾ ਵਾਸਤਾ ਪੈਣ ਦਾ ਕੀ ਮਤਲਬ ਹੈ, ਉਹ ਬੋਲਿਆ :

"ਅਜਿਹਾ ਹੁਲੀਆ ਬਣਾ ਦੇਵਾਂਗੇ ਬਸ ਯਾਦ ਰਖੇਗਾ। ਬੱਚਿਆਂ ਨੂੰ ਤੰਗ ਕਰਨਾ ਸਭ ਤੋਂ ਵੱਡਾ ਪਾਪ ਹੈ ... ਈਸਾਈ ਹੋਵੇ ਜਾਂ ਹਬਸ਼ੀ, ਹੈ ਤਾਂ ਬੱਚਾ ਹੀ ... ਤੇ ਕੋਈ ਉਸ ਨੂੰ ਹੱਥ ਵੀ ਨਾ

ਲਾਏ।"

ਸਾਰੇ ਮਲਾਹਾਂ ਨੇ ਅਸਾਨੀ ਨਾਲ ਮਕਸਿਮਕਾ 'ਤੇ ਲੁਚਕਿਨ ਦਾ ਅਧਿਕਾਰ ਸਵੀਕਾਰ ਕਰ ਲਿਆ। ਹਾਂ, ਕਈ ਅਜਿਹੇ ਵੀ ਸਨ, ਜਿਨ੍ਹਾਂ ਨੂੰ ਇਸ ਗੱਲ 'ਤੇ ਕੋਈ ਖਾਸ ਭਰੋਸਾ ਨਹੀਂ ਸੀ ਕਿ ਲੁਚਕਿਨ ਨੇ ਆਪਣੇ ਉਪਰ ਜੋ ਜ਼ਿੰਮੇਵਾਰੀ ਲਈ ਹੈ, ਉਸਨੂੰ ਠੀਕ ਤਰ੍ਹਾਂ ਨਿਭਾ ਸਕੇਗਾ।

ਅਜਿਹਾ ਪਿਆਕੜ ਅਤੇ ਦਲੇਰ ਮਲਾਹ ਮੁੰਡੇ ਦੀ ਦੇਖਭਾਲ ਕਿਵੇਂ ਕਰੇਗਾ?

ਇਕ ਪੁਰਾਣੇ ਮਲਾਹ ਨੇ ਚੁਟਕੀ ਵਜਾਉਂਦਿਆਂ ਪੁਛਿਆ :

"ਤਾਂ ਤੂੰ ਲੁਚਕਿਨ ਮਕਸਿਮਕਾ ਦੀ ਆਯਾ ਬਣੇਗਾ?"

"ਆਯਾ ਹੀ ਸਮਝ ਲਓ," ਲੁਚਕਿਨ ਨੇ ਹੱਸਦਿਆਂ ਜਵਾਬ ਦਿੱਤਾ। ਮਜ਼ਾਕ ਦੀ ਉਸਨੇ ਕੋਈ ਪਰਵਾਹ ਨਹੀਂ ਕੀਤੀ। "ਕਿਉਂ ਭਰਾਵੋ, ਏਨਾ ਵੀ ਨਹੀਂ ਕਰ ਸਕਦਾ ਮੈਂ? ਕਿਸੇ ਸਾਹਿਬਜ਼ਾਦੇ ਦੀ ਦੇਖਭਾਲ ਥੋੜ੍ਹੀ ਕਰਨੀ ਹੈ... ਇਸ ਕਾਲੇ ਲਈ ਕਪੜਿਆਂ ਦਾ ਇੰਤਜ਼ਾਮ ਕਰਨਾ ਹੈ... ਦੂਸਰਾ ਜੋੜਾ ਸਿਉਣਾ ਹੈ, ਟੋਪੀ ਬਣਾਉਣੀ ਹੈ ... ਡਾਕੀਆ ਕਹਿੰਦਾ ਹੈ, ਜਹਾਜ਼ ਤੋਂ ਸਰਕਾਰੀ ਮਾਲ ਲੈ ਦੇਵੇਗੇ ... ਆਖਰ ਮਕਸਿਮਕਾ ਜਦੋਂ ਗੁੱਡ ਕੇਪ 'ਤੇ ਰਹਿ ਜਾਵੇਗਾ, ਤਾਂ ਯਾਦ ਕਰੇਗਾ ਰੂਸੀ ਮਲਾਹਾਂ ਨੂੰ। ਘੱਟ ਤੋਂ ਘੱਟ ਨੰਗਾ ਤਾਂ ਨਹੀਂ ਹੋਏਗਾ।"

"ਤੂੰ ਇਸ ਨਾਲ ਗੱਲਾਂ ਕਿਵੇਂ ਕਰੇਂਗਾ? ਨਾ ਉਹ ਤੇਰੀ ਕੋਈ ਗੱਲ ਸਮਝਦਾ ਹੈ, ਨਾ ਤੂੰ ਉਸਦੀ।"

"ਕਰ ਲਵਾਂਗੇ ਗੱਲਾਂ ਵੀ। ਤੂੰ ਦੇਖਦਾ ਰਹੀਂ!" ਅਬੁੱਝ ਵਿਸ਼ਵਾਸ ਨਾਲ ਲੁਚਕਿਨ ਨੇ ਕਿਹਾ। "ਹਬਸ਼ੀ ਹੈ ਤਾਂ ਫਿਰ ਕੀ ਹੋਇਆ, ਹੈ ਤਾਂ ਸਮਝਦਾਰ... ਮੈਂ ਇਸਨੂੰ ਆਪਣੀ ਬੋਲੀ ਸਿਖਾ ਦੇਵਾਂਗਾ... ਸਭ ਸਮਝ ਲਵੇਗਾ ਉਹ..."

ਤੇ ਲੁਚਕਿਨ ਨੇ ਛੋਟੇ ਹਬਸ਼ੀ ਵੱਲ ਵੇਖਿਆ, ਜੋ ਜਹਾਜ਼ ਦੇ ਪਾਸੇ ਨਾਲ ਲਗਿਆ ਉਤਸੁਕਤਾ ਨਾਲ ਇਧਰ-ਉਧਰ ਵੇਖ ਰਿਹਾ ਸੀ।

ਹਬਸ਼ੀ ਬੱਚੇ ਨੇ ਪ੍ਰੇਮ ਅਤੇ ਸਨੇਹ ਵਿੱਚ ਭਿੱਜੀ ਉਸਦੀ ਨਜ਼ਰ ਵੇਖੀ ਅਤੇ ਆਪਣੇ ਚਿੱਟੇ ਦੰਦ ਚਮਕਾਉਂਦਾ ਮੁਸਕਰਾ ਪਿਆ। ਬਿਨਾ ਸ਼ਬਦਾਂ ਦੇ ਹੀ ਉਹ ਸਮਝ ਰਿਹਾ ਸੀ ਕਿ ਇਹ ਮਲਾਹ ਉਸਦਾ ਮਿੱਤਰ ਹੈ।

ਸਾਢੇ ਗਿਆਰਾਂ ਵਜੇ ਮਲਾਹਾਂ ਨੇ ਆਪਣਾ ਸਵੇਰ ਦਾ ਕੰਮ ਖਤਮ ਕੀਤਾ। ਡੈੱਕ 'ਤੇ ਵੋਦਕਾ ਦਾ ਡਰੱਮ ਲਿਆਂਦਾ ਗਿਆ ਤੇ ਦੋਨਾਂ ਮੇਟਾਂ ਅਤੇ ਅੱਠ ਜੂਨੀਅਰ ਅਫਸਰਾਂ ਨੇ ਘੇਰਾ ਬਣਾ ਕੇ ਸੀਟੀ ਵਜਾਈ। ਮਲਾਹ ਇਸ ਸੀਟੀ ਨੂੰ "ਕੋਇਲ ਦੀ ਕੂਕ" ਕਹਿੰਦੇ ਸਨ। ਲੁਚਕਿਨ ਖੁਸ਼ੀ ਨਾਲ ਮੁਸਕੁਰਾਇਆ ਅਤੇ ਆਪਣੇ ਮੂੰਹ ਵੱਲ ਇਸ਼ਾਰਾ ਕਰਦਾ ਮੁੰਡੇ ਨੂੰ ਬੋਲਿਆ : "ਮੰਗਦਾ ਹੈਂ!" ਅਤੇ ਦੌੜਦਾ ਹੋਇਆ ਪਿਛਲੇ ਡੈੱਕ 'ਤੇ ਚਲਾ ਗਿਆ। ਮੁੰਡਾ ਉਲਝਣ ਵਿੱਚ ਖੜ੍ਹਾ ਰਿਹਾ।

ਪਰ ਉਸਦੀ ਉਲਝਣ ਜਲਦੀ ਹੀ ਦੂਰ ਹੋ ਗਈ।

ਵੋਦਕਾ ਦੀ ਤੇਜ਼ ਗੰਧ ਪੂਰੇ ਡੈੱਕ 'ਤੇ ਫੈਲ ਗਈ। ਮਲਾਹ ਆਪਣੇ ਖੁਰਦਰੇ ਹੱਥਾਂ ਨਾਲ ਨੱਕ ਪੂੰਝਦਾ ਪਿਛਲੇ ਡੈੱਕ 'ਤੇ ਆ ਰਹੇ ਸਨ, ਉਹਨਾਂ ਦੇ ਗੰਭੀਰ ਚਿਹਰੇ 'ਤੇ ਸੰਤੁਸ਼ਟੀ ਝਲਕ ਰਹੀ ਸੀ।

ਮੁੰਡੇ ਨੂੰ ਯਾਦ ਆਇਆ ਕਿ 'ਬੈਟਸੀ' 'ਤੇ ਵੀ ਮਲਾਹਾਂ ਨੂੰ ਹਫ਼ਤੇ ਵਿੱਚ ਇਕ ਵਾਰ ਰਮ ਦਾ ਗਲਾਸ ਮਿਲਦਾ ਸੀ ਅਤੇ ਉਹ ਇਹ ਵੀ ਕਿ ਕਪਤਾਨ ਰੋਜ਼ ਹੀ ਰਮ ਪੀਂਦਾ ਸੀ ਅਤੇ ਮੁੰਡੇ ਨੂੰ ਲੱਗਦਾ ਸੀ ਉਹ ਜ਼ਰੂਰਤ ਤੋਂ ਜ਼ਿਆਦਾ ਪੀਂਦਾ ਹੈ।

ਲੁਚਕਿਨ ਮਕਸਿਮਕਾ ਕੋਲ ਮੁੜ ਆਇਆ ਸੀ। ਉਹ ਬੜੇ ਵਧੀਆ ਮੂਡ ਵਿੱਚ ਸੀ, ਉਸਨੇ ਮੁੰਡੇ ਦੀ ਪਿੱਠ ਥਪਥਪਾਈ ਅਤੇ ਬੋਲਿਆ :

"ਗੁੱਡ ਵੋਦਕਾ! ਵੇਰੀ ਗੁੱਡ, ਮਕਸਿਮਕਾ!"

ਮਕਸਿਮਕਾ ਨੇ ਸਿਰ ਹਿਲਾ ਦਿੱਤਾ ਅਤੇ ਬੋਲਿਆ :

"ਵੇਰੀ ਗੁੱਡ!"

ਇਹ ਦੇਖ ਕੇ ਮੁੰਡਾ ਏਨੀ ਜਲਦੀ ਉਸਦੀ ਗੱਲ ਸਮਝ ਗਿਆ, ਲੁਚਕਿਨ ਬਹੁਤ ਖੁਸ਼ ਹੋਇਆ ਅਤੇ ਚੀਕਿਆ :

"ਅਰੇ ਵਾਹ, ਮਕਸਿਮਕਾ! ਸਭ ਸਮਝਦਾ ਹੈ ... ਚੱਲ ਹੁਣ ਖਾਣਾ ਖਾਣ ਚਲੀਏ ... ਭੁੱਖ ਲੱਗੀ ਹੈ?"

ਅਤੇ ਉਹ ਜਬਾੜ੍ਹੇ ਚਲਾਉਣ ਲੱਗਾ।

ਇਹ ਸਮਝਣਾ ਵੀ ਔਖਾ ਨਹੀਂ ਸੀ, ਖਾਸ ਤੌਰ 'ਤੇ ਇਸ ਲਈ ਕਿ ਮੁੰਡੇ ਨੇ ਹੇਠਾਂ ਤੋਂ ਮਲਾਹਾਂ ਨੂੰ ਲੱਕੜੀ ਦੇ ਵੱਡੇ-ਵੱਡੇ ਡੌਂਗਿਆਂ ਵਿੱਚ ਖਾਣਾ ਲਿਆਂਉਂਦੇ ਵੇਖਿਆ ਸੀ, ਜਿਨ੍ਹਾਂ ਤੋਂ ਬੜੀ ਪਿਆਰੀ ਮਹਿਕ ਆ ਰਹੀ ਸੀ।

ਹਬਸ਼ੀ ਮੁੰਡਾ ਵੀ ਸਿਰ ਹਿਲਾਉਣ ਲੱਗਾ ਅਤੇ ਉਸਦੀਆਂ ਅੱਖਾਂ ਖੁਸ਼ੀ ਨਾਲ ਚਮਕ ਪਈਆਂ।

"ਦੇਖੋ ਤਾਂ ਸਭ ਸਮਝਦਾ ਹੈ! ਕਿੰਨਾ ਅਕਲਮੰਦ ਹੈ!" ਲੁਚਕਿਨ ਨੇ ਕਿਹਾ। ਹਬਸ਼ੀ ਮੁੰਡੇ ਦਾ ਉਸ ਨਾਲ ਪਿਆਰ ਪਲ-ਪਲ ਵਧ ਰਿਹਾ ਸੀ ਤੇ ਇਸ ਗੱਲ ਦਾ ਵੀ ਉਸ ਨੂੰ ਮਾਨ ਸੀ ਕਿ ਉਹ ਮੁੰਡੇ ਨੂੰ ਆਪਣੀ ਗੱਲ ਸਮਝਾ ਸਕਦਾ ਹੈ। ਮਕਸਿਮਕਾ ਦਾ ਹੱਥ ਫੜ ਕੇ ਉਹ ਉਸ ਨੂੰ ਲੈ ਗਿਆ। ਡੈੱਕ 'ਤੇ ਤਰਪਾਲ ਵਿਛਾ ਕੇ ਬਾਰਾਂ-ਬਾਰਾਂ ਦੇ ਝੁੰਡ ਬੈਠੇ ਸਨ। ਸੂਪ ਨਾਲ ਭਰੇ ਹੋਏ ਡੌਂਗਿਆਂ ਦੇ ਆਲੇ-ਦੁਆਲੇ ਘੇਰਾ ਬਣਾ ਕੇ ਬੈਠੇ ਸਨ ਅਤੇ ਚੁਪਚਾਪ ਬੜੀ ਲਗਨ ਨਾਲ, ਜਿਵੇਂ ਕਿ ਆਮ ਆਦਮੀ ਖਾਂਦੇ ਹਨ, ਖਾਣਾ ਖਾ ਰਹੇ ਸਨ। ਸੂਪ ਉਸ ਬੰਦਗੋਭੀ ਨਾਲ ਬਣਿਆ ਸੀ, ਜਿਸ ਨੂੰ ਕ੍ਰੋਂਸ਼ਤਾਤ ਵਿੱਚ ਹੀ ਕੱਟ ਕੇ ਅਤੇ ਨਮਕ ਲਗਾ ਕੇ ਲੱਕੜ ਦੇ ਪੀਪਿਆਂ ਵਿੱਚ ਜਹਾਜ਼ 'ਤੇ ਰੱਖ ਲਿਆ ਗਿਆ ਸੀ।

ਖਾਣਾ ਖਾਂਦੇ ਲੋਕਾਂ ਵਿੱਚ ਧਿਆਨ ਨਾਲ ਵਧਦਿਆਂ ਲੁਚਕਿਨ ਮਕਸਿਮਕਾ ਨੂੰ ਆਪਣੇ ਸਾਥੀਆਂ ਕੋਲ ਲੈ ਗਿਆ। ਉਹਨਾਂ ਨੇ ਲੁਚਕਿਨ ਦੇ ਇੰਤਜ਼ਾਰ ਵਿੱਚ ਅਜੇ ਖਾਣਾ ਸ਼ੁਰੂ ਨਹੀਂ ਸੀ ਕੀਤਾ ਸੀ। ਲੁਚਕਿਨ ਨੇ ਉਹਨਾਂ ਨੂੰ ਕਿਹਾ :

"ਕਿਉਂ ਭਰਾਵੋ, ਮਕਸੀਮਕਾ ਨੂੰ ਆਪਣੇ ਨਾਲ ਬਿਠਾਓਗੇ?"

"ਓਏ ਪੁੱਛਣ ਵਾਲੀ ਕਿਹੜੀ ਗੱਲ ਹੈ? ਬੈਠੋ ਦੋਵੇਂ ਜਾਣੇ!" ਬੁੱਢੇ ਤਰਖਾਣ ਜ਼ਖਾਰਿਚ ਨੇ ਕਿਹਾ।

"ਸ਼ਾਇਦ ਹੋਰ ਕਿਸੇ ਨੂੰ ਇਤਰਾਜ਼ ਹੋਵੇ ... ਸਾਫ-ਸਾਫ ਕਹਿ ਦਿਓ, ਭਰਾਵੋ!" ਲੁਚਕਿਨ ਨੇ

ਫਿਰ ਤੋਂ ਪੁਛਿਆ।

ਸਭ ਨੇ ਇਕਸੁਰ ਹੋ ਕੇ ਜਵਾਬ ਦਿਤਾ ਕਿ ਮਕਸਿਮਕਾ ਉਹਨਾਂ ਦੇ ਨਾਲ ਖਾਣਾ ਖਾਵੇ ਅਤੇ ਥੋੜ੍ਹਾ ਹੱਟ ਕੇ ਉਨ੍ਹਾਂ ਦੋਨਾਂ ਦੇ ਬੈਠਣ ਲਈ ਇਕ ਜਗ੍ਹਾ ਬਣਾਈ। ਮਜ਼ਾਕ ਕਰਨ ਲਗੇ :

"ਓਏ ਕੀ, ਸਾਡੇ ਹਿੱਸੇ ਦਾ ਖਾ ਜਾਵੇਗਾ!"

"ਸਾਰਾ ਗੋਸ਼ਤ ਤਾਂ ਨਹੀਂ ਹੜੱਪ ਜਾਵੇਗਾ!"

"ਤੇਰੇ ਕਾਲੂ ਲਈ ਅਸੀਂ ਚਮਚ ਵੀ ਲੈ ਲਿਆ ਹੈ।"

"ਮੈਂ ਤਾਂ, ਭਰਾਵਾ, ਇਸ ਲਈ ਪੁੱਛ ਰਿਹਾ ਸੀ ਕਿ ਇਹ ਹਬਸ਼ੀ ਹੈ ... ਈਸਾਈ ਨਹੀਂ," ਲੁਚਕਿਨ ਨੇ ਬੈਠ ਕੇ ਅਤੇ ਮਕਸਿਮਕਾ ਨੂੰ ਆਪਣੇ ਕੋਲ ਬਿਠਾਉਂਦਿਆਂ ਕਿਹਾ। "ਪਰ ਮੈਂ ਤਾਂ ਇਹ ਸਮਝਦਾ ਹਾਂ ਕਿ ਰੱਬ ਅੱਗੇ ਸਭ ਬਰਾਬਰ ਹਨ ... ਰੋਟੀ ਤਾਂ ਹਰ ਕੋਈ ਖਾਣਾ ਚਾਹੁੰਦਾ ਹੈ।"

"ਹੋਰ ਨਹੀਂ ਤਾਂ ਕੀ? ਰੱਬ ਨੇ ਸਭ ਨੂੰ ਧਰਤੀ 'ਤੇ ਵਸਾਇਆ ਹੈ। ਉਸ ਲਈ ਤਾਂ ਕੋਈ ਫਰਕ ਨਹੀਂ। ਉਹ ਤਾਂ ਸੋਇਕਿਨ ਅਰਦਲੀਏ ਵਰਗੇ ਬੇਵਕੂਫ਼ ਇਹ ਗੱਲਾਂ ਕਰਦੇ ਹਨ ਕਿ ਈਸਾਈ ਹੈ, ਨਹੀਂ ਹੈ!" ਬੁੱਢੇ ਜ਼ਖਾਰਿਚ ਨੇ ਫਿਰ ਕਿਹਾ।

ਜ਼ਖਾਰਿਚ ਦੀ ਗੱਲ ਤੋਂ ਸਾਰੇ ਸਹਿਮਤ ਲਗਦੇ ਸਨ। ਰੂਸੀ ਮਲਾਹ ਤਾਂ ਹਮੇਸ਼ਾ ਹੀ ਜਿੰਨਾਂ ਵੱਖ-ਵੱਖ ਧਰਮਾਂ, ਨਸਲਾਂ ਦੇ ਲੋਕਾਂ ਨੂੰ ਮਿਲਦੇ ਹਨ, ਸਾਰਿਆਂ ਨਾਲ ਬੜੀ ਸਹਿਣਸ਼ੀਲਤਾ ਦਿਖਾਉਂਦੇ ਹਨ।

ਲੁਚਕਿਨ ਦੇ ਦਲ ਦੇ ਸਾਥੀਆਂ ਨੇ ਮਕਸਿਮਕਾ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ। ਕਿਸੇ ਨੇ ਉਸ ਨੂੰ ਚਮਚਾ ਦਿਤਾ, ਕਿਸੇ ਨੇ ਭਿਉਂਇਆ ਹੋਇਆ ਰਸ ਅਤੇ ਸਾਰੇ ਬੜੇ ਪਿਆਰ ਨਾਲ ਡਰੇ-ਡਰੇ ਬੈਠੇ ਮੁੰਡੇ ਨੂੰ ਦੇਖ ਰਹੇ ਸਨ। ਲਗਦਾ ਸੀ ਉਹ ਗੋਰੀ ਚਮੜੀ ਵਾਲਿਆਂ ਤੋਂ ਅਜਿਹਾ ਪਿਆਰ ਪਾਉਣ ਦਾ ਆਦੀ ਨਹੀਂ ਹੈ। ਸਾਰੇ ਲੋਕ ਚੁੱਪ ਨਜ਼ਰਾਂ ਨਾਲ ਉਸ ਨੂੰ ਨਾ ਡਰਨ ਲਈ ਕਹਿ ਰਹੇ ਸਨ।

"ਠੀਕ ਹੈ, ਤਾਂ ਚਲੋ ਸ਼ੁਰੂ ਕਰੀਏ, ਨਹੀਂ ਤਾਂ ਸੂਪ ਠੰਢਾ ਹੋ ਜਾਵੇਗਾ।" ਜ਼ਖਾਰਿਚ ਬੋਲਿਆ।

ਸਭ ਨੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਆਪਣੇ-ਆਪਣੇ ਚਮਚੇ ਨਾਲ ਵਾਰੀ-ਵਾਰੀ ਡੌਂਗ ਵਿੱਚੋਂ ਸੂਪ ਲੈਣ ਲੱਗੇ।

"ਮਕਸਿਮਕਾ ਤੂੰ ਖਾਂਦਾ ਕਿਉਂ ਨਹੀਂ? ਖਾ ਲੈ, ਬੁੱਧੂ! ਬੜਾ ਵਧੀਆ ਸੂਪ ਹੈ! ਗੁੱਡ ਸੂਪ!" ਚਮਚ ਵੱਲ ਇਸ਼ਾਰਾ ਕਰਦਿਆਂ ਲੁਚਕਿਨ ਕਹਿ ਰਿਹਾ ਸੀ।

ਹਬਸ਼ੀ ਮੁੰਡੇ ਨੂੰ ਅਮਰੀਕੀ ਜਹਾਜ਼ 'ਤੇ ਕਦੇ ਗੋਰਿਆਂ ਨਾਲ ਖਾਣਾ ਨਹੀਂ ਦਿੱਤਾ ਜਾਂਦਾ ਸੀ, ਉਥੇ ਉਸਨੂੰ ਜੂਠ ਹੀ ਮਿਲਦੀ ਸੀ, ਜਿਸ ਨੂੰ ਉਹ ਕਿਤੇ ਹਨੇਰੇ ਕੋਨੇ ਵਿੱਚ ਦੁਬਕ ਕੇ ਖਾਂਦਾ ਸੀ। ਉਹ ਲਲਚਾਈਆਂ ਨਜ਼ਰਾਂ ਨਾਲ ਸੂਪ ਵੱਲ ਵੇਖ ਰਿਹਾ ਸੀ, ਲਾਰ ਨਿਗਲ ਰਿਹਾ ਸੀ, ਪਰ ਖਾਣ ਨੂੰ ਝਿਜਕ ਰਿਹਾ ਸੀ।

"ਦੇਖੋ ਤਾਂ ਕਿੰਨਾ ਡਰਪੋਕ ਹੈ! ਉਸ ਅਮਰੀਕੀ ਸ਼ੈਤਾਨ ਨੇ ਬੜਾ ਡਰਾਇਆ ਹੋਵੇਗਾ ਵਿਚਾਰੇ ਨੂੰ!" ਮਕਸਿਮਕਾ ਦੇ ਕੋਲ ਬੈਠੇ ਜ਼ਖਾਰਿਚ ਨੇ ਕਿਹਾ। ਤੇ ਉਸਦਾ ਸਿਰ ਪਲੋਸਦਿਆਂ ਆਪਣਾ

ਚਮਚ ਉਸਦੇ ਮੂੰਹ ਕੋਲ ਲੈ ਗਿਆ ...

ਇਸ ਤੋਂ ਬਾਦ ਮਕਸਿਮਕਾ ਦੀ ਸਾਰੀ ਝਿਜਕ ਦੂਰ ਹੋ ਗਈ ਤੇ ਕੁਝ ਹੀ ਪਲਾਂ 'ਚ ਉਹ ਦਬਾਦਬ ਸੂਪ ਪੀਣ ਲੱਗਾ, ਫਿਰ ਨਮਕੀਨ ਗੋਸ਼ਤ ਅਤੇ ਬਾਜਰੇ ਦੀ ਖਿਚੜੀ ਵੀ ਉਸ ਨੇ ਖਾਧੀ।

ਲੁਚਕਿਨ ਬਾਰ-ਬਾਰ ਉਸ ਦੀ ਹਿੰਮਤ ਵਧਾ ਰਿਹਾ ਸੀ, ਕਹਿ ਰਿਹਾ ਸੀ :

"ਗੁੱਡ ਮਕਸਿਮਕਾ! ਵੇਰੀ ਗੁੱਡ, ਭਰਾਵਾ! ਖਾਈ ਜਾ, ਮਜ਼ੇ ਨਾਲ।"

## 7.

ਸਾਰੇ ਜਹਾਜ਼ 'ਤੇ ਖਾਣਾ ਖਾ ਕੇ ਸੌਂ ਰਹੇ ਮਲਾਹਾਂ ਦੇ ਘੁਰਾੜੇ ਸੁਣਾਈ ਦੇ ਰਹੇ ਸਨ। ਸਿਰਫ਼ ਡਿਊਟੀ ਵਾਲੇ ਮਲਾਹ ਨਹੀਂ ਸੌਂ ਰਹੇ ਸਨ, ਤੇ ਕਦੇ-ਕਦੇ ਕੋਈ ਮਲਾਹ ਖਾਲੀ ਸਮੇਂ ਦਾ ਫਾਇਦਾ ਉਠਾਉਂਦਾ ਆਪਣੀਆਂ ਜੁੱਤੀਆਂ ਦੀ ਮੁਰੰਮਤ ਕਰ ਰਿਹਾ ਸੀ। ਕਮੀਜ਼ ਸਿਉਂ ਰਿਹਾ ਸੀ ਜਾਂ ਕੱਪੜੇ-ਲੱਤੇ ਦੀ ਮੁਰੰਮਤ ਕਰ ਰਿਹਾ ਸੀ।

'ਲੜਾਕੂ' ਜਹਾਜ਼ ਦੇ ਬਾਦਬਾਨ ਵਿੱਚ ਹਵਾ ਭਰੀ ਹੋਈ ਸੀ ਅਤੇ ਉਸ ਨੂੰ ਅੱਗੇ ਲਈ ਜਾ ਰਹੇ ਸਨ। ਡਿਊਟੀ ਦੇ ਮਲਾਹਾਂ ਲਈ ਕਰਨ ਲਈ ਕੁਝ ਵੀ ਨਹੀਂ ਸੀ। ਹਾਂ ਜੇ ਕਿਤੇ ਕਾਲੇ ਬੱਦਲ ਵਧਦੇ ਦਿਖਦੇ, ਤਾਂ ਉਹਨਾਂ ਨੂੰ ਠੀਕ ਸਮੇਂ 'ਤੇ ਬਾਦਬਾਨ ਸਮੇਟਣੇ ਹੁੰਦੇ ਸਨ, ਤਾਂ ਕਿ ਊਸ਼ਣਕੱਟੀਬੰਦ ਦੀ ਮੂਸਲਾਧਾਰ ਬਾਰਿਸ਼ ਅਤੇ ਤੇਜ਼ ਹਵਾ ਦਾ ਸਾਹਮਣਾ ਤਿਆਰ, ਭਾਵ ਖਾਲੀ ਮਸਤੂਲਾਂ ਨਾਲ ਕੀਤਾ ਜਾ ਸਕੇ, ਜਿਸ ਨਾਲ ਤੂਫਾਨ ਦੇ ਵਿਰੋਧ ਦਾ ਖੇਤਰਫਲ ਘੱਟ ਤੋਂ ਘੱਟ ਹੋਵੇ।

ਪਰ ਖਿਤਿਜ ਇਕਦਮ ਸਾਫ਼ ਸੀ। ਕਿਤੇ ਵੀ ਉਹ ਸੁਰਮਈ ਧੱਬਾ ਨਹੀਂ ਦਿਖ ਰਿਹਾ ਸੀ, ਜੋ ਤੇਜ਼ੀ ਨਾਲ ਵਧਦਾ ਹੈ, ਵਿਸ਼ਾਲ ਕਾਲੀ ਘਟਾ ਬਣ ਕੇ ਖਿਤਿਜ ਅਤੇ ਸੂਰਜ ਨੂੰ ਆਪਣੀ ਗਰਭ ਵਿੱਚ ਲੁਕਾ ਲੈਂਦਾ ਹੈ। ਹਵਾ ਦੇ ਤੇਜ਼ ਝੱਖੜ ਜਹਾਜ਼ ਨੂੰ ਇੱਕ ਪਾਸੇ ਝੁਕਾ ਦਿੰਦੇ ਹਨ, ਡੈੱਕ 'ਤੇ ਮੂਸਲਾਧਾਰ ਪਾਣੀ ਵਰ੍ਹਦਾ ਹੈ, ਮਲਾਹਾਂ ਨੂੰ ਬੁਰੀ ਤਰ੍ਹਾਂ ਭਿਉਂ ਦਿੰਦਾ ਹੈ ਅਤੇ ਜਿੰਨੀ ਤੇਜ਼ੀ ਨਾਲ ਇਹ ਤੂਫਾਨ ਆਉਂਦਾ ਹੈ, ਉਨੀ ਹੀ ਤੇਜ਼ੀ ਨਾਲ ਚਲਾ ਵੀ ਜਾਂਦਾ ਹੈ।

ਫਿਰ ਤੋ ਧੁੱਪ ਖਿੜ ਪਈ ਹੈ, ਡੈੱਕ, ਰੱਸੇ, ਬਾਦਬਾਨ ਅਤੇ ਮਲਾਹਾਂ ਦੀਆਂ ਕਮੀਜ਼ਾਂ ਸੁਕਾਉਂਦੀ ਹੈ। ਫਿਰ ਤੋਂ ਉਪਰ ਨੀਲਾ ਆਕਾਸ਼ ਅਤੇ ਥੱਲੇ ਨੀਲਾ ਮਹਾਂਸਾਗਰ ਹੁੰਦਾ ਹੈ, ਜਿਸ ਦੀ ਛਾਤੀ 'ਤੇ ਸਾਰੇ ਬਾਦਬਾਨ ਚੜ੍ਹਾ ਜਹਾਜ਼ ਹਵਾ ਦੇ ਆਸਰੇ ਅੱਗੇ ਵੱਧਦਾ ਜਾਂਦਾ ਹੈ।

ਇਸ ਸਮੇਂ ਵੀ ਚਾਰੇ ਪਾਸੇ ਸੁਹਾਵਣਾ ਨਜ਼ਾਰਾ ਸੀ। ਜਹਾਜ਼ 'ਤੇ ਵੀ ਸ਼ਾਂਤੀ ਸੀ। ਸਭ ਅਰਾਮ ਕਰ ਰਹੇ ਸਨ ਅਤੇ ਇਸ ਸਮੇਂ ਬਹੁਤ ਜ਼ਰੂਰਤ ਹੋਣ 'ਤੇ ਹੀ ਮਲਾਹਾਂ ਨੂੰ ਬੁਲਾਇਆ ਜਾ ਸਕਦਾ ਸੀ, ਨਹੀਂ ਤਾਂ ਨਹੀਂ — ਇਹ ਜਹਾਜ਼ਾਂ ਦੀ ਪੁਰਾਣੀ ਪਰੰਪਰਾ ਹੈ।

ਅਗਲੇ ਮਸਤੂਲ ਕੋਲ ਛਾਂ ਵਿੱਚ ਲੁਚਕਿਨ ਬੈਠਾ ਸੀ, ਉਹ ਵੀ ਅੱਜ ਨਹੀਂ ਸੌਂ ਰਿਹਾ ਸੀ। ਡਿਊਟੀ ਵਾਲੇ ਇਹ ਦੇਖ ਕੇ ਹੈਰਾਨ ਸਨ, ਉਹ ਜਾਣਦੇ ਸਨ ਕਿ ਲੁਚਕਿਨ ਸੌਣ ਵਿੱਚ ਉਸਤਾਦ ਹੈ।

ਕੁਝ ਗੁਣਗੁਣਾਉਂਦਾ ਹੋਇਆ ਲੁਚਕਿਨ ਕੈਨਵਸ ਦੇ ਟੁਕੜੇ ਤੋਂ ਜੁੱਤੀ ਕੱਟ ਰਿਹਾ ਸੀ। ਬਾਰ-ਬਾਰ ਉਹ ਆਪਣੇ ਕੋਲ ਹੀ ਮਿੱਠੀ ਨੀਂਦ ਵਿੱਚ ਸੁੱਤੇ ਮਕਸਿਮਕਾ ਅਤੇ ਉਸਦੇ ਪੈਰ ਵੱਲ ਵੇਖਦਾ,

ਜਿਵੇਂ ਕਿ ਅਨੁਮਾਨ ਲਗਾ ਰਿਹਾ ਹੋਵੇ ਕਿ ਉਸਨੇ ਖਾਣੇ ਤੋਂ ਤੁਰੰਤ ਬਾਅਦ ਹੀ ਇਨ੍ਹਾਂ ਪੈਰਾਂ ਦਾ ਜੋ ਨਾਪ ਲਿਆ ਹੈ, ਉਹ ਠੀਕ ਹੈ ਜਾਂ ਨਹੀਂ।

ਉਸਦਾ ਨਾਪ ਠੀਕ ਹੀ ਲੱਗਦਾ ਸੀ, ਉਹ ਫਿਰ ਤੋਂ ਕੰਮ ਵਿੱਚ ਜੁੱਟ ਗਿਆ ਤੇ ਹੁਣ ਚਿੱਟੀ ਪਤਲੂਨ ਵਿੱਚੋਂ ਦਿਖ ਰਹੇ ਕਾਲੇ ਪੈਰਾਂ ਵੱਲ ਉਸਦਾ ਧਿਆਨ ਨਹੀਂ ਜਾ ਰਿਹਾ ਸੀ।

ਇਹ ਸੋਚ ਕੇ ਕਿ ਉਹ ਇਸ ਬਦਕਿਸਮਤ ਅਨਾਥ ਬੱਚੇ ਲਈ "ਅੱਵਲ ਦਰਜੇ" ਦੀਆਂ ਜੁੱਤੀਆਂ ਬਣਾ ਦੇਵੇਗਾ ਅਤੇ ਹੋਰ ਵੀ ਉਸ ਨੂੰ ਜੋ ਕੁਝ ਚਾਹੀਦਾ ਹੈ ਦੇਵੇਗਾ, ਲੁਚਕਿਨ ਦਾ ਮਨ ਖ਼ੁਸ਼ੀ ਨਾਲ ਭਰ ਰਿਹਾ ਸੀ। ਫਿਰ ਉਸਨੂੰ ਆਪਣੀ ਮਲਾਹ ਦੀ ਜ਼ਿੰਦਗੀ ਯਾਦ ਆਈ। ਉਸ ਵਿੱਚ ਯਾਦ ਕਰਨ ਨੂੰ ਕੁਝ ਖਾਸ ਨਹੀਂ ਸੀ : ਅੰਨ੍ਹੇਵਾਹ ਪੀਣਾ ਅਤੇ ਸਰਕਾਰੀ ਕੱਪੜਾ-ਲੱਤਾ ਵੇਚ ਕੇ ਪੀ ਲੈਣ 'ਤੇ ਕੋਰੜੇ ਖਾਣੇ — ਇਹੀ ਸੀ ਉਸਦੀ ਸਾਰੀ ਜ਼ਿੰਦਗੀ।

ਲੁਚਕਿਨ ਇਸ ਸਿੱਟੇ 'ਤੇ ਬਿਨਾ ਕਾਰਨ ਹੀ ਨਹੀਂ ਪਹੁੰਚਿਆ ਕਿ ਜੇ ਉਹ ਏਨਾ ਦਲੇਰ ਮਲਾਹ ਨਾ ਹੁੰਦਾ, ਜਿਸ ਦੀ ਨਿਡਰਤਾ ਦੇਖ ਕੇ ਸਾਰੇ ਕਪਤਾਨ ਅਤੇ ਅਫ਼ਸਰ ਹੈਰਾਨ ਰਹਿ ਜਾਂਦੇ ਸਨ, ਤਾਂ ਉਹ ਕਦੋਂ ਦਾ ਕੈਦੀਆਂ ਦੀ ਟੁਕੜੀ ਵਿੱਚ ਹੁੰਦਾ।

"ਕੰਮ ਦੇਖ ਕੇ ਤਰਸ ਕਰਦੇ ਸਨ!" ਉਸ ਨੇ ਆਪਣੇ ਆਪ ਨੂੰ ਕਿਹਾ, ਪਤਾ ਨਹੀਂ ਕਿਉਂ ਡੂੰਘਾ ਸਾਹ ਲਿਆ ਅਤੇ ਬੋਲਿਆ : ਇਹੀ ਤਾਂ ਸਮੱਸਿਆ ਹੈ।"

ਇਹ ਰੁਕਾਵਟ ਕਿਸ ਗੱਲ ਵਿਚ ਸੀ : ਇਸ ਗੱਲ ਵਿੱਚ ਕਿ ਬੇਤਹਾਸ਼ਾ ਪੀਂਦਾ ਸੀ ਅਤੇ ਕਿਸੇ ਵੀ ਬੰਦਰਗਾਹ 'ਤੇ ( ਸਿਵਾਏ ਕ੍ਰੋਂਸ਼ਤਾਤ ਦੇ ) ਸਭ ਤੋਂ ਨਜ਼ਦੀਕੀ ਅੱਡੇ ਤੋਂ ਅੱਗੇ ਕਦੇ ਨਹੀਂ ਸੀ ਪਹੁੰਚਿਆ, ਜਾਂ ਇਸ ਗੱਲ ਵਿੱਚ ਕਿ ਉਹ ਨਿਡਰ ਮਲਾਹ ਸੀ ਅਤੇ ਕੇਵਲ ਇਸੇ ਲਈ ਕੈਦੀਆਂ ਦੀਆਂ ਟੁਕੜੀਆਂ ਵਿੱਚ ਜਾਣ ਤੋਂ ਬਚਿਆ ਰਿਹਾ ਸੀ, — ਇਹ ਕਹਿਣਾ ਮੁਸ਼ਕਿਲ ਸੀ। ਇਕ ਗੱਲ ਪੱਕੀ ਸੀ : ਜੀਵਨ ਵਿੱਚ ਕਿਸੇ ਵੀ "ਰੁਕਾਵਟ" ਦੇ ਪ੍ਰਸ਼ਨ 'ਤੇ ਲੁਚਕਿਨ ਸੋਚ ਵਿੱਚ ਪੈ ਗਿਆ ਸੀ, ਉਸ ਦਾ ਗੁਣਗੁਣਾਉਣਾ ਬੰਦ ਹੋ ਗਿਆ ਸੀ ਤੇ ਆਖਰਕਾਰ ਉਹ ਬੋਲਿਆ :

"ਮਕਸਿਮਕਾ ਲਈ ਜੈਕੇਟ ਵੀ ਸਿਉਣੀ ਚਾਹੀਦੀ... ਜੈਕੇਟ ਤੋਂ ਬਿਨਾ ਭਲਾ ਕਿਵੇਂ ਕੰਮ ਚਲੇਗਾ?"

ਖਾਣੇ ਤੋਂ ਬਾਅਦ ਆਰਾਮ ਦੇ ਇੱਕ ਘੰਟੇ ਦੌਰਾਨ ਲੁਚਕਿਨ ਨੇ ਮਕਸਿਮਕਾ ਦੀਆਂ ਜੁੱਤੀਆਂ ਲਈ ਪੱਟੀਆਂ ਅਤੇ ਤਲੇ ਕੱਟ ਲਏ। ਤਲੇ ਨਵੇਂ ਹੀ ਸਨ, ਸਰਕਾਰੀ ਮਾਲ ਦੇ, ਜੋ ਲੁਚਕਿਨ ਨੇ ਸਵੇਰੇ ਹੀ ਇੱਕ ਕਿਫ਼ਾਇਤੀ ਮਲਾਹ ਤੋਂ ਉਧਾਰ ਲਏ ਸਨ, ਜਿਸ ਕੋਲ ਆਪਣੀਆਂ ਜੁੱਤੀਆਂ ਸਨ। ਲੁਚਕਿਨ ਜਾਣਦਾ ਸੀ ਕਿ ਉਸ ਕੋਲ ਪੈਸੇ ਨਹੀਂ ਰਹਿੰਦੇ, ਖਾਸ ਤੌਰ 'ਤੇ ਤੱਟ 'ਤੇ ਉਤਰਨ ਤੋਂ ਬਾਅਦ, ਇਸ ਲਈ ਉਸਨੂੰ ਆਪ ਹੀ ਇਹ ਸੁਝਿਆ ਕਿ ਮੇਟ ਹੀ ਕਰਜ਼ੇ ਦੇ ਪੈਸੇ ਉਸਦੀ ਤਨਖਾਹ ਵਿੱਚੋਂ ਕੱਟ ਕੇ ਦੇ ਦੇਵੇਗਾ।

ਮੇਟ ਦੀ ਸੀਟੀ ਵੱਜੀ ਅਤੇ ਉਸ ਤੋਂ ਬਾਅਦ ਮੇਟ ਵਸੀਲੀ ਯੇਗੋਰੋਵਿਚ, ਜਾਂ ਜਿਵੇਂ ਕਿ ਮਲਾਹ ਉਸ ਨੂੰ ਕਹਿੰਦੇ ਸਨ — ਯੇਗੋਰਿਚ "ਭੋਂਪੂ" — ਨੇ ਉਠਣ ਦਾ ਹੁਕਮ ਦਿੱਤਾ। ਲੁਚਕਿਨ ਮਿੱਠੀ ਨੀਂਦ 'ਚ ਸੌਂ ਰਹੇ ਮਕਸਿਮਕਾ ਨੂੰ ਜਗਾਉਣ ਲੱਗਾ। ਲੁਚਕਿਨ ਲਈ ਮਕਸਿਮਕਾ "ਸਵਾਰੀ" ਹੀ

ਸੀ, ਪਰ ਤਾਂ ਵੀ ਉਸ ਨੂੰ ਮਲਾਹਾਂ ਵਾਂਗ ਹੀ ਰਹਿਣਾ ਚਾਹੀਦਾ ਸੀ, ਤਾਂ ਕਿ ਕੋਈ ਅਣਸੁਖਾਵੀਂ ਗੱਲ ਨਾ ਹੋਵੇ, ਖਾਸ ਤੌਰ 'ਤੇ ਯੇਗੋਰਿਚ ਵੱਲੋਂ। ਲੁਚਕਿਨ ਇਹ ਮੰਨਦਾ ਸੀ ਕਿ ਯੇਗੋਰਿਚ ਨੇਕ ਇਨਸਾਨ ਹੈ, ਪਰ ਗੁੱਸੇ ਵਿੱਚ ਆ ਕੇ ਉਹ ਹਬਸ਼ੀ ਮੁੰਡੇ ਨੂੰ ਵੀ "ਕਾਇਦਾ ਵਿਗਾੜਨ" ਲਈ ਥੱਪੜ ਮਾਰ ਸਕਦਾ ਸੀ, ਸੋ ਚੰਗਾ ਹੈ ਕਿ ਉਹ ਸ਼ੁਰੂ ਤੋਂ ਹੀ ਕਾਇਦਾ ਸਿਖ ਲਵੇ।

"ਉੱਠ, ਮਕਸਿਮਕਾ!" ਮੁੰਡੇ ਦਾ ਮੋਢਾ ਝੰਜੋੜਦਿਆਂ ਲੁਚਕਿਨ ਪਿਆਰ ਨਾਲ ਕਹਿ ਰਿਹਾ ਸੀ।

ਮਕਸਿਮਕਾ ਨੇ ਅੰਗੜਾਈ ਲਈ, ਅੱਖਾਂ ਖੋਲ੍ਹੀਆਂ ਅਤੇ ਆਲੇ-ਦੁਆਲੇ ਦੇਖਿਆ। ਇਹ ਦੇਖ ਕੇ ਕਿ ਸਾਰੇ ਮਲਾਹ ਉਠ ਪਏ ਹਨ ਅਤੇ ਲੁਚਕਿਨ ਆਪਣਾ ਕੰਮ ਸਮੇਟ ਰਿਹਾ ਹੈ, ਮਕਸਿਮਕਾ ਜਲਦੀ ਨਾਲ ਉਠ ਖੜ੍ਹਾ ਹੋਇਆ ਅਤੇ ਵਫ਼ਾਦਾਰ ਕੁੱਤੇ ਵਾਂਗ ਲੁਚਕਿਨ ਦੀਆਂ ਅੱਖਾਂ 'ਚ ਝਾਕਣ ਲੱਗਾ।

"ਓਏ ਤੂੰ ਡਰ ਨਾ, ਭਰਾਵਾ ... ਬੁੱਧੂ ਹੀ ਹੈਂ ... ਹਰ ਗੱਲ 'ਤੇ ਡਰਦਾ ਹੈ! ਇਹ ਦੇਖ, ਤੇਰੇ ਲਈ ਜੁੱਤੀਆਂ ਬਣਾ ਰਿਹਾ ਹਾਂ।"

ਹਬਸ਼ੀ ਮੁੰਡੇ ਦੀ ਸਮਝ ਵਿੱਚ ਕੁਝ ਨਹੀਂ ਆ ਰਿਹਾ ਸੀ ਕਿ ਲੁਚਕਿਨ ਉਸਦੇ ਪੈਰਾਂ ਅਤੇ ਕੈਨਵਸ ਦੇ ਟੁਕੜਿਆਂ ਵੱਲ ਦਿਖਾਉਂਦਿਆਂ ਕੀ ਕਹਿ ਰਿਹਾ ਹੈ, ਪਰ ਉਹ ਮੁਸਕਰਾਈ ਜਾ ਰਿਹਾ ਸੀ, ਇਹ ਮਹਿਸੂਸ ਕਰਦਿਆਂ ਕਿ ਉਸ ਨਾਲ ਕੁਝ ਚੰਗੀ ਗੱਲ ਕੀਤੀ ਜਾ ਰਹੀ ਹੈ। ਲੁਚਕਿਨ ਨੇ ਉਸ ਨੂੰ ਇਸ਼ਾਰਾ ਕੀਤਾ ਕਿ ਉਹ ਉਸਦੇ ਪਿਛੇ-ਪਿਛੇ ਮਲਾਹਾਂ ਦੇ ਰਹਿਣ ਲਈ ਹੇਠਲੇ ਡੈੱਕ 'ਤੇ ਚਲਾ ਗਿਆ। ਉਥੇ ਬੜੀ ਉਤਸੁਕਤਾ ਨਾਲ ਉਹ ਦੇਖਣ ਲੱਗਾ ਕਿ ਕਿਵੇਂ ਲੁਚਕਿਨ ਨੇ ਕਪੜਿਆਂ ਨਾਲ ਭਰੀ ਆਪਣੀ ਸੰਦੂਕਚੀ ਵਿੱਚ ਕੰਮ ਰਖਿਆ। ਲੁਚਕਿਨ ਨੇ ਆਪਣੀ ਟੋਪੀ ਉਤਾਰੀ ਅਤੇ ਮੁੰਡੇ ਦੇ ਸਿਰ ਵੱਲ ਇਸ਼ਾਰਾ ਕਰਦਿਆਂ ਸ਼ਬਦਾਂ ਨਾਲ ਵੀ ਅਤੇ ਇਸ਼ਾਰਿਆਂ ਨਾਲ ਵੀ ਇਹ ਸਮਝਾਉਣ ਦਾ ਕੋਸ਼ਿਸ਼ ਕਰਨ ਲੱਗਾ ਕਿ ਮਕਸਿਮਕਾ ਕੋਲ ਵੀ ਅਜਿਹੀ ਹੀ ਟੋਪੀ ਹੋਵੇਗੀ, ਚਿੱਟੇ ਖੋਲ੍ਹ ਅਤੇ ਨੀਲੇ ਫੀਤੇ ਵਾਲੀ, ਪਰ ਉਹ ਫਿਰ ਤੋਂ ਕੁਝ ਨਹੀਂ ਸਮਝ ਪਾ ਰਿਹਾ ਸੀ ਤੇ ਬਸ ਅਹਿਸਾਨਮੰਦੀ ਨਾਲ ਮੁਸਕਰਾਈ ਜਾ ਰਿਹਾ ਸੀ।

ਮੁੰਡਾ ਆਪਣੇ ਸਾਰੇ ਦਿਲ ਨਾਲ ਇਨ੍ਹਾਂ ਗੋਰੇ ਲੋਕਾਂ ਦੀ ਸਦਭਾਵਨਾ ਮਹਿਸੂਸ ਕਰ ਰਿਹਾ ਸੀ, ਜਿਹੜੇ 'ਬੇਟਸੀ ' ਦੇ ਗੋਰਿਆਂ ਤੋਂ ਬਿਲਕੁਲ ਵੱਖਰੀ ਭਾਸ਼ਾ ਬੋਲਦੇ ਸਨ। ਇਹ ਲਾਲ ਮਿਰਚ ਵਰਗੀ ਨੱਕ ਅਤੇ ਸਣ ਰੰਗੀਂ ਵਾਲਾਂ ਵਾਲਾ ਮਲਾਹ ਤਾਂ ਬੜਾ ਉਦਾਰ ਸੀ — ਬੜੇ ਸ਼ਾਨਦਾਰ ਕਪੜੇ ਉਸਨੇ ਦਿੱਤੇ ਸਨ, ਏਨਾ ਵਧੀਆ ਖਾਣਾ ਖਵਾਇਆ ਸੀ ਅਤੇ ਅਜਿਹੇ ਪਿਆਰ ਨਾਲ ਦੇਖਦਾ ਸੀ, ਜਿਵੇਂ ਕਦੇ ਕਿਸੇ ਨੇ ਉਸ ਨੂੰ ਨਹੀਂ ਵੇਖਿਆ ਸੀ, ਸਿਵਾਏ ਕਾਲੇ ਨਾਰੀ ਚਿਹਰੇ ਉਤੇ ਦੋ ਵੱਡੀਆਂ-ਵੱਡੀਆਂ ਅੱਖਾਂ ਨੇ।

ਦਿਆਲਤਾ ਅਤੇ ਪਿਆਰ ਭਰੀਆਂ ਇਹ ਦੋ ਅੱਖਾਂ ਉਸਦੀ ਯਾਦ ਵਿਚ ਅਤੀਤ ਦੀ, ਧੁੰਦਲੀ ਯਾਦ ਦੇ ਰੂਪ ਵਿੱਚ ਕੇਲੇ ਅਤੇ ਨਾਰੀਅਲ ਦੇ ਰੁੱਖਾਂ ਨਾਲ ਘਿਰੀਆਂ ਝੌਂਪੜੀਆਂ ਦੀਆਂ ਯਾਦਾਂ ਨਾਲ ਘੁਲੀਆਂ-ਮਿਲੀਆਂ, ਬਣੀਆਂ ਹੋਈਆਂ ਸਨ। ਇਹ ਉਸਦੀ ਕਲਪਨਾ ਸੀ ਜਾਂ ਬਚਪਨ ਦੀਆਂ

ਛਾਪਾਂ — ਉਸ ਲਈ ਕਹਿਣਾ ਮੁਸ਼ਕਿਲ ਸੀ। ਹਾਂ, ਇਹ ਅੱਖਾਂ ਕਦੇ-ਕਦੇ ਸੁਪਨੇ ਵਿੱਚ ਉਸ ਨੂੰ ਦਿਖਦੀਆਂ, ਉਸਨੂੰ ਹੌਸਲਾ ਦਿੰਦੀਆਂ ਸਨ। ਤੇ ਹੁਣ ਉਸ ਨੇ ਪ੍ਰਗਟ ਰੂਪ ਵਿੱਚ ਪਿਆਰ ਭਰੀਆਂ ਅੱਖਾਂ ਵੇਖੀਆਂ ਸਨ।

ਜੰਗੀ ਬੇੜੇ 'ਤੇ ਬਿਤਾਏ ਇਹ ਦਿਨ ਉਸਨੂੰ ਉਨ੍ਹਾਂ ਮਿੱਠੇ ਸੁਪਨਿਆਂ ਵਰਗੇ ਹੀ ਲੱਗ ਰਹੇ ਸਨ, ਜੋ ਨੀਂਦ ਵਿਚ ਆਉਂਦੇ ਹਨ — ਅਜੇ ਥੋੜ੍ਹੇ ਦਿਨ ਪਹਿਲਾਂ ਦੀ ਹੀ ਉਸਦੀ ਜ਼ਿੰਦਗੀ, ਦੁੱਖ ਅਤੇ ਡਰ ਨਾਲ ਭਰੀ ਜ਼ਿੰਦਗੀ ਤੋਂ ਬਿਲਕੁਲ ਅਲੱਗ ਸੀ।

ਆਖਰਕਾਰ ਲੁਚਕਿਨ ਨੇ ਟੋਪੀ ਬਾਰੇ ਸਮਝਾਉਣਾ ਛੱਡ ਸੰਦੂਕਚੀ ਵਿਚੋਂ ਚੀਨੀ ਦੀ ਡਲੀ ਕੱਢੀ ਅਤੇ ਮਕਸਿਮਕਾ ਨੂੰ ਦਿੱਤੀ। ਉਹ ਖੁਸ਼ ਹੋ ਗਿਆ। ਉਸਨੇ ਮਲਾਹ ਦਾ ਖੁਰਦਰਾ, ਗੰਢਿਆ ਹੋਇਆ ਹੱਥ ਫੜਿਆ ਅਤੇ ਡਰਿਆ-ਡਰਿਆ ਉਸਨੂੰ ਸਹਿਲਾਉਣ ਲੱਗਾ। ਉਹ ਲੁਚਕਿਨ ਦੀਆਂ ਅੱਖਾਂ ਵਿੱਚ ਝਾਕ ਰਿਹਾ ਸੀ, ਉਸਦੇ ਚਿਹਰੇ 'ਤੇ ਅਜਿਹੇ ਦੱਬੇ-ਕੁਚਲੇ ਜੀਵ ਦਾ ਭਾਵ ਸੀ, ਜਿਸਨੂੰ ਆਖਰਕਾਰ ਕੁਝ ਲਾਡ-ਪਿਆਰ ਮਿਲਿਆ ਹੋਵੇ। ਉਸ ਦੀ ਅੱਖਾਂ ਵਿਚ ਵੀ ਅਤੇ ਚਿਹਰੇ ਤੋਂ ਵੀ ਸ਼ੁਕਰਗੁਜ਼ਾਰੀ ਟਪਕ ਰਹੀ ਸੀ ... ਮੁੰਡੇ ਨੇ ਚੀਨੀ ਦੀ ਡਲੀ ਮੂੰਹ ਵਿੱਚ ਪਾਉਣ ਤੋਂ ਪਹਿਲਾਂ ਆਪਣੀ ਮਾਤ ਭਾਸ਼ਾ ਵਿੱਚ ਜਲਦੀ-ਜਲਦੀ ਅਤੇ ਬੜੇ ਜੋਸ਼ ਨਾਲ ਕੁਝ ਸ਼ਬਦ ਕਹੇ, ਉਸ ਨੇ ਗਲੇ ਵਿਚੋਂ ਵੀ ਉਸਦੀ ਸ਼ੁਕਰਗੁਜ਼ਾਰੀ ਛਲਕਦੀ ਸੀ।

"ਦੇਖੋ ਤਾਂ, ਕਿਵੇਂ ਲਾਡ ਲੈਂਦਾ ਹੈ। ਕਦੇ ਕਿਸੇ ਨੇ ਤੇਰੇ ਵਰਗੇ ਦੁਖਿਆਰੇ ਨੂੰ ਪਿਆਰ ਦੇ ਦੋ ਸ਼ਬਦ ਨਹੀਂ ਕਹੇ ਲਗਦੇ!" ਮਲਾਹ ਆਪਣੀ ਫਟੀ-ਫਟੀ ਆਵਾਜ਼ ਵਿਚ ਜਿੰਨੀ ਕੋਮਲਤਾ ਲਿਆ ਸਕਦਾ ਸੀ, ਓਨੀ ਕੋਮਲਤਾ ਨਾਲ ਬੋਲਿਆ। "ਖਾ ਲੈ ਨਾ! ਬੜੀ ਸਵਾਦ ਹੈ!" ਹੇਠਲੇ ਡੈੱਕ 'ਤੇ ਇਸ ਹਨੇਰੇ ਕੋਨੇ ਵਿੱਚ ਪਿਆਰ ਦੇ ਅਦਾਨ-ਪ੍ਰਦਾਨ ਤੋਂ ਬਾਅਦ ਮਲਾਹ ਅਤੇ ਹਬਸ਼ੀ ਮੁੰਡੇ ਦੀ ਮਿੱਤਰਤਾ ਪੱਕੀ ਹੋ ਗਈ। ਦੋਵੇਂ ਇੱਕ ਦੂਸਰੇ ਨਾਲ ਪੂਰੀ ਤਰ੍ਹਾਂ ਖੁਸ਼ ਸਨ।

"ਹਾਂ, ਭਰਾਵਾ, ਮਕਸਿਮਕਾ, ਤੈਨੂੰ ਸਾਡੀ ਬੋਲੀ ਜ਼ਰੂਰ ਸਿਖਣੀ ਚਾਹੀਦੀ, ਨਹੀਂ ਤਾਂ ਕੁਝ ਸਮਝ ਵਿੱਚ ਨਹੀਂ ਆਵੇਗਾ, ਕੀ ਗਿੱਟ-ਪਿੱਟ ਕਰਦਾ ਹੈ ਤੂੰ ਕਾਲੂ। ਚੰਗਾ, ਚੱਲ ਉਪਰ ਚਲੀਏ। ਹੁਣ ਗੋਲੀਬਾਰੀ ਦਾ ਅਭਿਆਸ ਹੋਣਾ! ਦੇਖੀ!"

ਉਹ ਉਪਰ ਚਲੇ ਗਏ। ਜਲਦੀ ਹੀ ਢੋਲਚੀ ਨੇ ਖਤਰੇ ਦਾ ਢੋਲ ਵਜਾਇਆ। ਮਕਸਿਮਕਾ ਮਸਤੂਲ ਦੇ ਨਾਲ ਲੱਗ ਕੇ ਖੜ੍ਹਾ ਹੋ ਗਿਆ, ਤਾਂ ਕਿ ਬੇਤਹਾਸ਼ਾ ਦੌੜਦੇ ਮਲਾਹਾਂ ਦੇ ਪੈਰਾਂ ਥੱਲੇ ਆ ਕੇ ਡਿਗ ਨਾ ਜਾਵੇ। ਪਹਿਲਾਂ ਤਾਂ ਉਹ ਤੋਪਾਂ ਵੱਲ ਦੌੜਦੇ ਜਾ ਰਹੇ ਮਲਾਹਾਂ ਨੂੰ ਦੇਖ ਕੇ ਡਰ ਹੀ ਗਿਆ, ਪਰ ਫਿਰ ਉਹ ਸ਼ਾਂਤ ਹੋ ਗਿਆ ਅਤੇ ਖੁਸ਼ੀ ਭਰੀਆਂ ਪ੍ਰਸ਼ੰਸਾ ਭਰੀਆਂ ਨਜ਼ਰਾਂ ਲਈ ਦੇਖਣ ਲੱਗਾ ਕਿ ਕਿਵੇਂ ਮਲਾਹਾਂ ਨੇ ਵੱਡੀਆਂ-ਵੱਡੀਆਂ ਤੋਪਾਂ ਨੂੰ ਪਿੱਛੇ ਧਕੇਲਿਆ, ਕਿਵੇਂ ਜਲਦੀ ਨਾਲ ਉਹਨਾਂ ਵਿਚ ਬੁਰਸ਼ ਪਾ ਕੇ ਸਾਫ਼ ਕੀਤਾ, ਫਿਰ ਤੋਂ ਤੋਪਾਂ ਬਾਹਰ ਕੱਢ ਜਹਾਜ਼ ਦੇ ਇਕ ਪਾਸੇ ਰੱਖ ਦਿੱਤੀਆਂ। ਅਤੇ ਉਹਨਾਂ ਕੋਲ ਸਾਵਧਾਨ ਖੜ੍ਹੇ ਹੋ ਗਏ। ਮੁੰਡੇ ਨੂੰ ਉਮੀਦ ਸੀ ਕਿ ਹੁਣੇ ਗੋਲਾਬਾਰੀ ਹੋਵੇਗੀ ਤੇ ਉਹ ਪਰੇਸ਼ਾਨ ਸੀ ਕਿ ਕਿਸ ਉਤੇ ਗੋਲੇ ਦਾਗਣਗੇ, ਕਿਉਂਕਿ ਚਾਰੇ ਪਾਸੇ ਕਿਤੇ ਕੋਈ ਦੂਜਾ ਜਹਾਜ਼ ਨਹੀਂ ਸੀ। ਉਹ ਇਸ ਗੋਲਾਬਾਰੀ ਤੋਂ ਜਾਣੂ ਸੀ ਅਤੇ ਆਪਣੀਆਂ ਅੱਖਾਂ ਨਾਲ ਇਹ ਦੇਖ ਚੁੱਕਾ ਸੀ

ਕਿ ਕਿਵੇਂ 'ਬੇਂਟਸੀ ' ਦੀ ਛੱਤ ਪਿਛੇ ਧੜੰਮ ਕਰਦਾ ਕੁਝ ਆ ਡਿੱਗਿਆ ਸੀ। 'ਬੇਂਟਸੀ ' ਜਹਾਜ਼ ਉਦੋਂ ਹਵਾ ਰੁਖ ਕਿਸੇ ਤਿੰਨ ਮਸਤੂਲਾਂ ਵਾਲੇ ਜਹਾਜ਼ ਤੋਂ ਬਚਦਾ ਭੱਜ ਰਿਹਾ ਸੀ, ਜੋ ਹਬਸ਼ੀਆਂ ਦੇ ਲੱਦੇ 'ਬੇਂਟਸੀ ' ਦਾ ਪਿੱਛਾ ਕਰ ਰਿਹਾ ਸੀ। ਮੁੰਡੇ ਨੇ ਦੇਖਿਆ ਕਿ ਕਿਵੇਂ ਜਹਾਜ਼ 'ਤੇ ਸਾਰੇ ਡਰ ਗਏ ਸਨ ਅਤੇ ਕਿਵੇਂ ਜਹਾਜ਼ ਦਾ ਕਪਤਾਨ ਗਾਲ੍ਹਾਂ ਕੱਢ ਰਿਹਾ ਸੀ, ਜਦੋਂ ਤੱਕ ਤਿੰਨ ਮਸਤੂਲਾਂ ਵਾਲਾ ਜਹਾਜ਼ ਕਾਫੀ ਪਿੱਛੇ ਨਾ ਛੁੱਟਣ ਲੱਗਾ। ਉਸ ਨੂੰ ਇਹ ਪਤਾ ਨਹੀਂ ਸੀ ਕਿ ਉਹ ਉਹਨਾਂ ਬ੍ਰਿਟਿਸ਼ ਕਰੂਜ਼ਰਾਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਹਬਸ਼ੀਆਂ ਦਾ ਵਪਾਰ ਕਰਨ ਵਾਲਿਆਂ ਨੂੰ ਫੜਣ ਲਈ ਨਿਯੁਕਤ ਕੀਤਾ ਗਿਆ ਸੀ ; ਅਤੇ ਉਹ ਵੀ ਖੁਸ਼ ਹੋ ਰਿਹਾ ਸੀ ਕਿ ਉਹਨਾਂ ਦਾ ਜਹਾਜ਼ ਬਚ ਨਿਕਲਿਆ ਅਤੇ ਇਸ ਤਰ੍ਹਾਂ ਉਸਦਾ ਜਲਾਦ ਕਪਤਾਨ ਫੜਿਆ ਨਹੀਂ ਗਿਆ ਅਤੇ ਉਸਨੂੰ ਲੋਕਾਂ ਦਾ ਵਪਾਰ ਕਰਨ ਲਈ ਮਸਤੂਲ 'ਤੇ ਲਟਕਾ ਨਹੀਂ ਦਿੱਤਾ ਗਿਆ। (ਪੁਰਾਣੇ ਜ਼ਮਾਨੇ ਵਿੱਚ ਜਦੋਂ ਹਬਸ਼ੀਆਂ ਦਾ ਵਪਾਰ ਖੂਬ ਜ਼ੋਰਾਂ 'ਤੇ ਸੀ ਤਾਂ ਯੂਰਪ ਦੇ ਆਮ ਤੌਰ 'ਤੇ ਸਾਰੇ ਦੇਸ਼ਾਂ ਵਿਚਕਾਰ ਇਸ ਬੇਇਨਸਾਫੀ ਦਾ ਵਿਰੋਧ ਕਰਨ ਲਈ ਅੰਤਰਰਾਸ਼ਟਰੀ ਸੰਧੀ ਹੋਈ ਸੀ। ਇਸ ਦੇ ਅੰਤਰਗਤ ਫਰਾਂਸ ਅਤੇ ਇੰਗਲੈਂਡ, ਅਫ਼ਰੀਕਾ ਅਤੇ ਅਮਰੀਕਾ ਦੇ ਤੱਟਾਂ ਵੱਲ ਆਪਣੇ ਲੜਾਕੂ ਜਹਾਜ਼ ਭੇਜਦੇ ਸਨ। ਫੜੇ ਗਏ ਲੋਕਾਂ ਨਾਲ ਸਖਤੀ ਵਰਤੀ ਜਾਂਦੀ ਸੀ। ਕਪਤਾਨ ਅਤੇ ਉਸਦੇ ਸਹਾਇਕ ਨੂੰ ਫਾਂਸੀ ਦੇ ਦਿੱਤੀ ਜਾਂਦੀ ਸੀ ਤੇ ਮਲਾਹਾਂ ਨੂੰ ਕਠੋਰ ਜੇਲ੍ਹ ਦੀ ਸਜ਼ਾ ਮਿਲਦੀ ਸੀ। ਹਬਸ਼ੀ ਆਜ਼ਾਦ ਘੋਸ਼ਿਤ ਕਰ ਦਿੱਤੇ ਜਾਂਦੇ ਸਨ ਅਤੇ ਫੜੇ ਗਏ ਜਹਾਜ਼ ਫੜਨ ਵਾਲਿਆਂ ਨੂੰ ਪੁਰਸਕਾਰ ਹੁੰਦੇ ਸਨ।)

ਪਰ ਕੋਈ ਗੋਲਾ ਨਹੀਂ ਦਾਗਿਆ ਜਾ ਰਿਹਾ ਸੀ। ਮਕਸਿਮਕਾ ਬੜੇ ਉਤਸ਼ਾਹ ਨਾਲ ਢੋਲ ਵੱਜਦਾ ਸੁਣ ਰਿਹਾ ਸੀ ਅਤੇ ਲੁਚਕਿਨ ਨੂੰ ਵੇਖ ਰਿਹਾ ਸੀ, ਜੋ ਡੈੱਕ ਤੇ ਅਗਲੇ ਭਾਗ ਦੀ ਤੋਪ ਕੋਲ ਖੜ੍ਹਾ ਸੀ ਅਤੇ ਨਿਸ਼ਾਨਾ ਸੇਧਨ ਲਈ ਵਾਰ-ਵਾਰ ਝੁਕ ਰਿਹਾ ਸੀ।

ਅਭਿਆਸ ਦਾ ਦ੍ਰਿਸ਼ ਮਕਸਿਮਕਾ ਨੂੰ ਬਹੁਤ ਵਧੀਆ ਲੱਗਾ ਤੇ ਉਸ ਤੋਂ ਵੀ ਜ਼ਿਆਦਾ ਵਧੀਆ ਰਹੀ ਅਭਿਆਸ ਤੋਂ ਤੁਰੰਤ ਬਾਅਦ ਮਿਲੀ ਚਾਹ। ਪਹਿਲਾਂ ਤਾਂ ਮਕਸਿਮਕਾ ਇਹ ਦੇਖ ਕੇ ਹੈਰਾਨ ਹੁੰਦਾ ਰਿਹਾ ਕਿ ਕਿਵੇਂ ਸਭ ਮਲਾਹ ਮੱਗਾਂ ਵਿਚੋਂ ਗਰਮ ਪਾਣੀ ਦੀਆਂ ਚੁਸਕੀਆਂ ਭਰ ਰਹੇ ਹਨ, ਚੀਨੀ ਦੀ ਡਲੀ ਕੁਤਰ ਰਹੇ ਹਨ ਅਤੇ ਪਸੀਨੇ ਨਾਲ ਤਰ-ਬ-ਤਰ ਹੁੰਦੇ ਜਾ ਰਹੇ ਹਨ। ਪਰ ਜਦੋਂ ਲੁਚਕਿਨ ਨੇ ਉਸ ਨੂੰ ਵੀ ਮੱਗ ਅਤੇ ਚੀਨੀ ਦੀ ਡਲੀ ਦਿੱਤੀ, ਤਾਂ ਮਕਸਿਮਕਾ ਨੂੰ ਵੀ ਮਜ਼ਾ ਆਇਆ ਤੇ ਉਹ ਦੋ ਮੱਗ ਪੀ ਗਿਆ।

ਉਸੇ ਦਿਨ ਸ਼ਾਮ ਨੂੰ ਜਦੋਂ ਗਰਮੀ ਕੁਝ ਘੱਟ ਹੋਣ ਲੱਗੀ ਅਤੇ ਜਦੋਂ ਲੁਚਕਿਨ ਦੇ ਸ਼ਬਦਾਂ ਵਿੱਚ "ਦਿਮਾਗ ਵਿੱਚ ਗੱਲ ਬਿਠਾਉਣੀ" ਸੌਖੀ ਹੁੰਦੀ ਹੈ, ਤਦੋ ਉਸ ਨੇ ਰੂਸੀ ਦਾ ਪਹਿਲਾ ਪਾਠ ਸ਼ੁਰੂ ਕੀਤਾ। ਉਹ ਮੁੰਡੇ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਉਸਦਾ ਨਾਮ ਮਕਸਿਮਕਾ ਹੈ ਅਤੇ ਉਸਦੇ ਸਿਖਿਅਕ ਦਾ ਨਾਮ ਲੁਚਕਿਨ। ਪਰ ਉਸ ਨੂੰ ਆਪਣੇ ਯਤਨਾਂ ਵਿੱਚ ਜ਼ਰਾ ਵੀ ਸਫਲਤਾ ਨਹੀਂ ਮਿਲ ਰਹੀ ਸੀ ਅਤੇ ਦੂਸਰੇ ਮਲਾਹ ਉਸਦਾ ਖੂਬ ਮਜ਼ਾਕ ਉਡਾ ਰਹੇ ਸਨ।

ਲੁਚਕਿਨ ਦਾ ਖਿਆਲ ਸੀ ਕਿ ਨਾਮ ਦਾ ਗਿਆਨ ਸਾਰੀ ਸਿੱਖਿਆ ਦੀ ਨੀਂਹ ਹੁੰਦਾ ਹੈ। ਭਾਵੇਂ ਉਹ ਕਦੇ ਸਿਖਿਅਕ ਨਹੀਂ ਰਿਹਾ ਸੀ, ਪਰ ਆਪਣੇ ਉਦੇਸ਼ ਦੀ ਪ੍ਰਾਪਤੀ ਵਿੱਚ ਉਹ ਜਿਸ ਲਗਨ

ਨਾਲ ਲੱਗਾ ਹੋਇਆ ਸੀ, ਜਿੰਨੇ ਧੀਰਜ ਅਤੇ ਨਿਮਰਤਾ ਨਾਲ ਉਹ ਸਿਖਾ ਰਿਹਾ ਸੀ, ਉਸ ਤੋਂ ਪੇਸ਼ੇਵਰ ਸਿਖਿਅਕਾਂ ਨੂੰ ਵੀ ਈਰਖਾ ਹੋ ਸਕਦੀ ਸੀ, ਤੇ ਫਿਰ ਉਹਨਾਂ ਨੂੰ ਤਾਂ ਸ਼ਾਇਦ ਹੀ ਕਦੀ ਕੋਈ ਅਜਿਹੀ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੋਵੇ, ਜਿਵੇਂ ਮਲਾਹ ਦੇ ਸਾਹਮਣੇ ਸੀ।

ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਨਵੇਂ-ਨਵੇਂ ਕਾਰਗਰ ਤਰੀਕੇ ਸੋਚਦਾ ਅਤੇ ਤੁਰੰਤ ਹੀ ਉਹਨਾਂ 'ਤੇ ਅਮਲ ਕਰਨ ਲੱਗਦਾ।

ਪਰ ਛੋਟੇ ਹਬਸ਼ੀ ਦੀ ਛਾਤੀ 'ਤੇ ਉਂਗਲ ਰੱਖ ਕੇ ਕਹਿੰਦਾ : "ਮਕਸਿਮਕਾ" ਤੇ ਫਿਰ ਆਪਣੇ ਵੱਲ ਇਸ਼ਾਰਾ ਕਰਕੇ ਕਹਿੰਦਾ "ਲੁਚਕਿਨ"। ਕਈ ਵਾਰ ਅਜਿਹਾ ਕਰਨ 'ਤੇ ਵੀ ਉਸ ਨੂੰ ਸੰਤੋਖਜਨਕ ਨਤੀਜਾ ਨਹੀਂ ਮਿਲਦਾ, ਤਦ ਉਹ ਕੁਝ ਕਦਮ ਦੂਰ ਹੱਟ ਕੇ ਚੀਕਣ ਲੱਗਾ : "ਮਕਸਿਮਕਾ!" ਮੁੰਡਾ ਹਾਸਾ ਦਬਾਉਂਦਾ, ਪਰ ਇਸ ਤਰ੍ਹਾਂ ਵੀ ਉਸਦੇ ਪੱਲੇ ਕੁਝ ਨਹੀਂ ਪੈਂਦਾ। ਤਦ ਲੁਚਕਿਨ ਨੇ ਨਵਾਂ ਤਰੀਕਾ ਸੋਚਿਆ। ਉਸਨੇ ਇੱਕ ਮਲਾਹ ਨੂੰ ਕਿਹਾ ਕਿ ਉਹ "ਮਕਸਿਮਕਾ" ਪੁਕਾਰੇ ਅਤੇ ਜਦੋਂ ਉਸ ਨੇ ਅਜਿਹਾ ਕੀਤਾ ਤਾਂ ਲੁਚਕਿਨ ਨੇ ਸਫਲਤਾ ਦੇ ਵਿਸ਼ਵਾਸ ਨਾਲ ਖੁਸ਼ ਹੁੰਦਿਆਂ ਮੁੰਡੇ ਵੱਲ ਇਸ਼ਾਰਾ ਕੀਤਾ ਅਤੇ ਉਸਦਾ ਕਾਲਰ ਵੀ ਹੌਲੀ ਜਿਹੀ ਝੰਜੋੜਿਆ ਤਾਂ ਕਿ ਉਹ ਪੂਰੀ ਤਰ੍ਹਾਂ ਸਮਝ ਜਾਵੇ। ਪਰ, ਅਫਸੋਸ! ਮਕਸਿਮਕਾ ਖਿੜਖਿੜਾ ਕੇ ਹੱਸ ਰਿਹਾ ਸੀ। ਜ਼ਾਹਰ ਹੈ ਕਾਲਰ ਝੰਜੋੜਨ ਦਾ ਮਤਲਬ ਉਸ ਨੇ ਇਹ ਸਮਝਿਆ ਕਿ ਉਸ ਨੂੰ ਨੱਚਣ ਲਈ ਕਿਹਾ ਗਿਆ ਹੈ, ਕਿਉਂਕਿ ਉਹ ਤੁਰੰਤ ਹੀ ਉਛਲਿਆ ਅਤੇ ਸਾਰੇ ਮਲਾਹਾਂ ਅਤੇ ਖੁਦ ਲੁਚਕਿਨ ਨੂੰ ਖੁਸ਼ ਕਰਦਾ ਹੋਇਆ ਨੱਚਣ ਲੱਗਾ।

ਆਖਿਰ ਜਦੋਂ ਨਾਚ ਖਤਮ ਹੋਇਆ, ਤਾਂ ਮੁੰਡਾ ਇਹ ਚੰਗੀ ਤਰ੍ਹਾਂ ਸਮਝ ਗਿਆ ਕਿ ਸਾਰੇ ਉਸਦੇ ਨਾਚ ਤੋਂ ਬਹੁਤ ਖੁਸ਼ ਹਨ, ਕਿਉਂਕਿ ਕਈ ਮਲਾਹਾਂ ਨੇ ਉਸਦਾ ਮੋਢਾ, ਪਿੱਠ, ਸਿਰ ਥਪਥਪਾਇਆ ਅਤੇ ਹੱਸਦੇ ਬੋਲੇ :

"ਗੁੱਡ, ਮਕਸਿਮਕਾ! ਸ਼ਾਬਾਸ਼, ਮਕਸਿਮਕਾ!"

ਇਹ ਕਹਿਣਾ ਮੁਸ਼ਕਲ ਹੈ ਕਿ ਮਕਸਿਮਕਾ ਨੂੰ ਉਸਦੇ ਨਾਮ ਤੋਂ ਜਾਣੂ ਕਰਾਉਣ ਲਈ ਲੁਚਕਿਨ ਦੀਆਂ ਨਵੀਂਆਂ ਕੋਸ਼ਿਸ਼ਾਂ ਕਿੰਨੀਆਂ ਸਫਲ ਰਹਿੰਦੀਆਂ, ਜੋ ਉਹ ਫਿਰ ਤੋਂ ਸ਼ੁਰੂ ਕਰਨਾ ਚਾਹੁੰਦਾ ਸੀ, ਪਰ ਤਦੇ ਡੈੱਕ 'ਤੇ ਵਾਰੰਟ ਅਫਸਰ ਆਇਆ, ਜੋ ਅੰਗਰੇਜ਼ੀ ਬੋਲਦਾ ਸੀ ਅਤੇ ਮਾਮਲਾ ਆਸਾਨ ਹੋ ਗਿਆ। ਉਸ ਨੇ ਮੁੰਡੇ ਨੂੰ ਸਮਝਾਇਆ ਕਿ ਉਸਦਾ ਨਾਮ "ਬੌਇ" ਨਹੀਂ, ਮਕਸਿਮਕਾ ਹੈ ਅਤੇ ਇਹ ਵੀ ਦੱਸ ਦਿੱਤਾ ਕਿ ਉਸਦੇ ਮਿੱਤਰ ਦਾ ਨਾਮ ਲੁਚਕਿਨ ਹੈ।

"ਹੁਣ ਉਸ ਨੂੰ ਇਸ ਪਤਾ ਚੱਲ ਗਿਆ ਕਿ ਤੂੰ ਇਸਦਾ ਕੀ ਨਾਮ ਰਖਿਆ ਹੈ!" ਵਾਰੰਟ ਅਫ਼ਸਰ ਨੇ ਲੁਚਕਿਨ ਨੂੰ ਕਿਹਾ।

"ਬਹੁਤ-ਬਹੁਤ ਸ਼ੁਕਰੀਆ ਸਾਹਬ!" ਖੁਸ਼ ਹੋ ਕੇ ਲੁਚਕਿਨ ਨੇ ਕਿਹਾ ਅਤੇ ਬੋਲਿਆ : "ਮੈਂ ਤਾਂ ਬੜੀ ਦੇਰ ਤੋਂ ਮਗਜਮਾਰੀ ਕਰ ਰਿਹਾ ਸਾਂ। ਮੁੰਡਾ ਤਾਂ ਅਕਲਮੰਦ ਹੈ, ਪਰ ਇਹ ਨਹੀਂ ਸਮਝ ਪਾ ਰਿਹਾ ਸੀ ਇਸਦਾ ਨਾਮ ਕੀ ਹੈ ..."

"ਹੁਣ ਜਾਣ ਗਿਆ ... ਪੁੱਛੋ!"

"ਮਕਸਿਮਕਾ!"

ਛੋਟੇ ਹਬਸ਼ੀ ਨੇ ਆਪਣੇ ਵੱਲ ਇਸ਼ਾਰਾ ਕੀਤਾ।

"ਬਹੁਤ ਖੂਬ, ਹਜ਼ੂਰ ... ਲੁਚਕਿਨ!" ਫਿਰ ਤੋਂ ਮਲਾਹ ਮੁੰਡੇ ਵੱਲ ਮੁੜਿਆ।

ਮੁੰਡੇ ਨੇ ਮਲਾਹ ਵੱਲ ਇਸ਼ਾਰਾ ਕੀਤਾ।

ਅਤੇ ਉਹ ਦੋਵੇਂ ਖਿੜਖਿੜਾ ਕੇ ਹੱਸ ਪਏ। ਬਾਕੀ ਮਲਾਹ ਵੀ ਹੱਸ ਰਹੇ ਸਨ ਅਤੇ ਕਹਿ ਰਹੇ ਸਨ :

"ਓਏ, ਕਾਲੂ ਤਾਂ ਪੰਡਿਤ ਬਣ ਰਿਹਾ ..."

ਅਗਲੇ ਪਾਠ ਵਿਚ ਕੋਈ ਮੁਸ਼ਕਲ ਨਹੀਂ ਆਈ।

ਲੁਚਕਿਨ ਨਵੀਂਆਂ-ਨਵੀਂਆਂ ਚੀਜ਼ਾਂ ਦਿਖਾਉਂਦਾ ਅਤੇ ਉਨ੍ਹਾਂ ਦੇ ਨਾਮ ਦੱਸਦਾ ਜਾਂਦਾ। ਜੇ ਕੋਈ ਸ਼ਬਦ ਉਹ ਜ਼ਰਾ ਵੀ ਤੋੜ-ਮਰੋੜ ਸਕਦਾ ਤਾਂ ਜ਼ਰੂਰ ਕਰਦਾ, ਕਮੀਜ਼ ਦੀ ਜਗ੍ਹਾ "ਕਮੀਜ਼ਾ", ਮਸਤੂਲ ਦੀ ਜਗ੍ਹਾ "ਮਸਤੂਲਾ"। ਉਸਨੂੰ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਸ਼ਬਦ ਵਿਦੇਸ਼ੀ ਸ਼ਬਦਾਂ ਨਾਲ ਜ਼ਿਆਦਾ ਮਿਲਦੇ ਹਨ ਅਤੇ ਉਸ ਨੂੰ ਅਸਾਨੀ ਨਾਲ ਯਾਦ ਕਰ ਪਾਏਗਾ।

ਜਦੋਂ ਸ਼ਾਮ ਦੇ ਖਾਣੇ ਦੀ ਸੀਟੀ ਵੱਜੀ, ਤਾਂ ਮਕਸਿਮਕਾ ਲੁਚਕਿਨ ਦੇ ਪਿਛੇ ਕੁਝ ਰੂਸੀ ਸ਼ਬਦ ਦੁਹਰਾ ਸਕਦਾ ਸੀ।

"ਬਈ ਵਾਹ, ਲੁਚਕਿਨ। ਫਟਾਫਟ ਸਿਖਾ ਦਿੱਤਾ ਕਾਲੂ ਨੂੰ। ਇੰਝ ਤਾਂ ਬਸ ਗੁੱਡ ਕੇਪ ਤੱਕ ਪਹੁੰਚਦੇ-ਪਹੁੰਚਦੇ ਉਹ ਸਾਡੀ ਬੋਲੀ ਹੀ ਬੋਲਣ ਲੱਗੇਗਾ!" ਮਲਾਹ ਕਹਿ ਰਹੇ ਸਨ।

"ਹੋਰ ਨਹੀਂ ਤਾਂ ਕੀ! ਗੁੱਡ ਕੇਪ ਤੱਕ ਤਾਂ ਵੀਹ ਦਿਨ ਤੋਂ ਘੱਟ ਦਾ ਰਸਤਾ ਨਹੀਂ ਰਹਿ ਗਿਆ ... ਤੇ ਮਕਸਿਮਕਾ ਸਮਝਦਾਰ ਹੈ!"

"ਮਕਸਿਮਕਾ" ਸੁਣ ਕੇ ਮੁੰਡੇ ਨੇ ਲੁਚਕਿਨ ਵੱਲ ਅੱਖ ਚੁੱਕੀ।

"ਦੇਖੋ ਤਾਂ, ਕਿਵੇਂ ਆਪਣਾ ਨਾਮ ਜਾਣਦਾ ਹੈ! .. ਆ, ਭਰਾਵਾ, ਬੈਠ ਜਾ, ਖਾਣਾ ਖਾਈਏ।"

ਪ੍ਰਾਰਥਨਾ ਤੋਂ ਬਾਅਦ ਮੰਜੇ ਮਿਲੇ। ਲੁਚਕਿਨ ਨੇ ਮਕਸਿਮਕਾ ਨੂੰ ਆਪਣੇ ਕੋਲ ਡੈੱਕ 'ਤੇ ਸੁਆਇਆ। ਮਕਸਿਮਕਾ ਖੂਬ ਖੁਸ਼ ਸੀ ਅਤੇ ਅਹਿਸਾਨ ਨਾਲ ਭਰਿਆ। ਉਹ ਅਰਾਮ ਨਾਲ ਮਲਾਹਾਂ ਦੇ ਗੱਦੇ 'ਤੇ ਸਿਰ ਥੱਲੇ ਸਿਰਹਾਣਾ ਰੱਖ ਅਤੇ ਕੰਬਲ ਲੈ ਸੌਂ ਰਿਹਾ ਸੀ। ਲੁਚਕਿਨ ਨੇ ਸਟੋਰਕੀਪਰ ਤੋਂ ਉਸ ਲਈ ਮੰਜਾ ਅਤੇ ਬਿਸਤਰਾ ਲੈ ਲਿਆ ਸੀ।

"ਸੌਂ ਜਾ, ਸੌਂ ਜਾ ਮਕਸਿਮਕਾ! ਸਵੇਰੇ ਜਲਦੀ ਉਠਣਾ ਪੈਣਾ।"

ਮਕਸਿਮਕਾ ਦੀ ਤਾਂ ਉਸਦੇ ਕਹੇ ਬਿਨਾ ਹੀ ਅੱਖਾਂ ਬੰਦ ਹੁੰਦੀਆਂ ਜਾ ਰਹੀਆਂ ਸਨ। ਪਹਿਲਾ ਪਾਠ ਉਸਨੇ ਕਾਫੀ ਚੰਗੀ ਤਰ੍ਹਾਂ ਸਿੱਖ ਲਿਆ ਸੀ। ਸੌਣ ਤੋਂ ਪਹਿਲਾਂ ਬੋਲਿਆ : "ਮਕਸਿਮਕਾ" ਅਤੇ "ਲੁਚਿਕ", ਆਪਣੇ ਉਸਤਾਦ ਦਾ ਨਾਮ ਉਸਨੇ ਇੰਝ ਹੀ ਸਮਝਿਆ ਸੀ।

ਮਲਾਹ ਨੇ ਬੱਚੇ 'ਤੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਜਲਦੀ ਹੀ ਘੁਰਾੜੇ ਮਾਰਨ ਲੱਗਾ।

ਅੱਧੀ ਰਾਤ ਤੋਂ ਉਸਦੀ ਡਿਊਟੀ ਸੀ। ਅਗਲੇ ਮਸਤੂਲ 'ਤੇ ਇਕ ਹੋਰ ਮਲਾਹ ਲਿਓਨਤਯੇਵ

ਨਾਲ ਉਹ ਡਿਊਟੀ ਦੇ ਰਿਹਾ ਸੀ।

ਇਧਰ-ਉਧਰ ਦੇਖ ਕੇ ਕਿ ਸਭ ਕੁਝ ਠੀਕ-ਠਾਕ ਹੈ ਕਿ ਨਹੀਂ, ਉਹ ਦੋਵੇਂ ਬੈਠ ਗਏ ਤੇ ਗੱਲਾਂ ਕਰਨ ਲੱਗੇ, ਤਾਂ ਕਿ ਨੀਂਦ ਨਾ ਆਵੇ। ਕ੍ਰੋਂਸ਼ਤਾਤ ਦੀ ਗੱਲਾਂ ਕੀਤੀਆਂ, ਪੁਰਾਣੇ ਕਮਾਂਡਰਾਂ ਨੂੰ ਯਾਦ ਕੀਤਾ ਅਤੇ ਫਿਰ ਚੁੱਪ ਹੋ ਗਏ।

ਅਚਾਨਕ ਲੁਚਕਿਨ ਨੇ ਪੁੱਛਿਆ :

"ਲਿਓਨਤਯੇਵ, ਤੂੰ ਕਦੀ ਪੀਂਦਾ ਨਹੀਂ?"

ਕਦੇ ਨਸ਼ਾ ਨਾ ਕਰਨ ਵਾਲਾ ਸੰਜਮੀ ਲਿਓਨਤਯੇਵ ਚੰਗੇ ਮਲਾਹ ਦੇ ਨਾਤੇ ਲੁਚਕਿਨ ਦਾ ਆਦਰ ਕਰਦਾ ਸੀ, ਪਰ ਨਾਲ ਹੀ ਉਸਦੇ ਪਿਆਕੜ ਹੋਣ ਕਾਰਨ ਉਸ ਨੂੰ ਨਫਰਤ ਨਾਲ ਦੇਖਦਾ ਸੀ। ਉਸ ਨੇ ਦ੍ਰਿੜ੍ਹਤਾ ਨਾਲ ਕਿਹਾ :

"ਕਦੇ ਨਹੀਂ!"

"ਕਦੇ ਹੱਥ ਤੱਕ ਨਹੀਂ ਲਗਾਇਆ!"

ਕਦੇ ਤਿਉਹਾਰ-ਵਿਹਾਰ 'ਤੇ ਇਕ ਅੱਧ ਗਲਾਸ ਪੀ ਲਿਆ ਹੋਵੇ ਤਾਂ ਪੀ ਲਿਆ।"

"ਤਦੇ ਤਾਂ ਤੂੰ ਜਹਾਜ਼ 'ਤੇ ਆਪਣਾ ਹਿੱਸਾ ਨਹੀਂ ਲੈਂਦਾ, ਇਸ ਦੇ ਬਦਲੇ ਪੈਸੇ ਲੈਂਦਾ ਹੈਂ?"

"ਹਾਂ ਭਰਾਵਾ, ਪੈਸੇ ਤਾਂ ਕੰਮ ਆਉਣਗੇ ... ਰੂਸ ਮੁੜਾਂਗੇ, ਉੱਥੇ ਰਿਟਾਇਰ ਹੋ ਗਏ ਤਾਂ ਹੱਥ ਵਿਚ ਕੁਝ ਪੈਸੇ ਹੋਣਗੇ ਤਾਂ ਚੰਗਾ ਹੀ ਰਹੇਗਾ ..."

"ਸੋ ਤਾਂ ਹੈ ..."

"ਪਰ ਲੁਚਕਿਨ, ਤੂੰ ਕਿਉਂ ਇਹ ਸਭ ਪੁਛਣ ਲੱਗਾ?"

"ਇਸ ਲਈ, ਲਿਓਨਤਯੇਵ, ਕਿ ਤੂੰ ਖੁਸ਼ਕਿਸਮਤ ਹੈਂ ..."

ਲੁਚਕਿਨ ਨੇ ਥੋੜ੍ਹੀ ਦੇਰ ਚੁੱਪ ਰਹਿ ਕੇ ਪੁਛਿਆ :

"ਸੁਣਿਆ ਹੈ ਇਸ ਨਸ਼ੇ ਤੋਂ ਛੁੱਟਣ ਦਾ ਕੋਈ ਮੰਤਰ-ਵੰਤਰ ਹੈ?"

"ਹਾਂ, ਕੁਝ ਲੋਕ ਪੜ੍ਹਦੇ ਹਨ.... 'ਕੋਬਚਿਕ ' ਵਿੱਚ ਛੋਟੇ ਅਫ਼ਸਰ ਨੇ ਇੱਕ ਮਲਾਹ 'ਤੇ ਪੜ੍ਹਿਆ ਸੀ ... ਜਾਣਦਾ ਸੀ ਉਹ ... ਸਾਡੇ ਇਥੇ ਵੀ ਇਕ ਆਦਮੀ ਹੈ ..."

"ਕੌਣ?"

"ਜ਼ਖਾਰਿਚ ਤਰਖਾਣ ... ਪਰ ਉਹ ਕਿਸੇ ਨੂੰ ਦੱਸਦਾ ਨਹੀਂ। ਹਰ ਕਿਸੇ 'ਤੇ ਪੜ੍ਹਦਾ ਵੀ ਨਹੀਂ। ਪਰ ਤੂੰ ਕਿਉਂ ਪੀਣਾ ਛੱਡੇਗਾ, ਲੁਚਕਿਨ?" ਲਿਓਨਤਯੇਵ ਨੇ ਵਿਅੰਗ ਨਾਲ ਪੁੱਛਿਆ।

"ਛੱਡਣਾ ਤਾਂ ਕੀ, ਬਸ ਇਹ ਕਿ ਅੰਨ੍ਹੇਵਾਹ ਨਾ ਪੀਵਾਂ ..."

"ਸੋਚ-ਸਮਝ ਕੇ ਪੀਣ ਦੀ ਕੋਸ਼ਿਸ਼ ਕਰ ..."

"ਕੋਸ਼ਿਸ਼ ਤਾਂ ਕੀਤੀ ਸੀ, ਪਰ ਗੱਲ ਨਹੀਂ ਬਣਦੀ। ਬਸ ਇੱਕ ਵਾਰ ਪੀਣ ਲੱਗਾ, ਤਾਂ ਫਿਰ ਛੁੱਟਦੀ ਨਹੀਂ। ਅਜਿਹਾ ਹੀ ਮੇਰਾ ਢੰਗ!"

"ਢੰਗ-ਵੰਗ ਕੁਝ ਨਹੀਂ, ਅਕਲ ਦੀ ਕਮੀ ਹੈ ਤੈਨੂੰ!" ਲਿਓਨਤਯੇਵ ਨੇ ਉਸਨੂੰ ਸਮਝਾਉਂਦਿਆਂ ਕਿਹਾ। "ਹਰ ਆਦਮੀ ਨੂੰ ਆਪਣੀ ਹੋਸ਼ ਹੋਣੀ ਚਾਹੀਦੀ ਹੈ ... ਤੂੰ ਜ਼ਖਾਰਿਚ ਨਾਲ ਗੱਲ ਕਰਕੇ

ਵੇਖ। ਹੋ ਸਕਦਾ ਹੈ, ਤੈਨੂੰ ਨਾਂਹ ਨਾ ਕਰੇ... ਪਰ ਤੇਰੇ 'ਤੇ ਮੰਤਰ-ਵੰਤਰ ਦਾ ਅਸਰ ਸ਼ਾਇਦ ਹੀ ਪਵੇ!" ਲਿਓਨਤਯੇਵ ਨੇ ਵਿਅੰਗ ਨਾਲ ਕਿਹਾ।

"ਹਾਂ, ਮੈਂ ਵੀ ਇਹੀ ਸੋਚਦਾ ਹਾਂ। ਨਹੀਂ ਅਸਰ ਪਏਗਾ!" ਲੁਚਕਿਨ ਬੋਲਿਆ ਅਤੇ ਆਪ ਹੀ ਹੌਲੀ ਜਿਹੀ ਹੱਸ ਪਿਆ, ਜਿਵੇਂ ਕਿ ਇਸ ਗੱਲ 'ਤੇ ਖੁਸ਼ ਹੀ ਹੋਵੇ ਕਿ ਉਸ 'ਤੇ ਕਿਸੇ ਮੰਤਰ ਦਾ ਅਸਰ ਨਹੀਂ ਪਵੇਗਾ।

## 8.

ਤਿੰਨ ਹਫਤੇ ਬੀਤ ਗਏ। ਕਲਿਪਰ 'ਲੜਾਕੂ' ਕੇਪਟਾਊਨ ਤੋਂ ਦੂਰ ਨਹੀਂ ਸੀ, ਪਰ ਬਿਲਕੁਲ ਸਾਹਮਣਿਓਂ ਅਤੇ ਕਦੀ-ਕਦੀ ਤੂਫਾਨ ਵਰਗੀ ਤੇਜ਼ ਵਗਦੀ ਹਵਾ ਕਾਰਨ ਉਹ ਤੱਟ ਕੋਲ ਨਹੀਂ ਜਾ ਪਾ ਰਿਹਾ ਸੀ। ਹਵਾ ਅਤੇ ਲਹਿਰਾਂ ਏਨੀਆਂ ਤੇਜ਼ ਸਨ ਕਿ ਭਾਫ਼ ਦਾ ਇੰਜਨ ਚਲਾ ਕੇ ਵੀ ਨਹੀਂ ਪਹੁੰਚਿਆ ਜਾ ਸਕਦਾ ਸੀ। ਕੋਲਾ ਹੀ ਬੇਕਾਰ ਫੂਕਿਆ ਜਾਂਦਾ।

ਮੌਸਮ ਬਦਲਣ ਦੀ ਉਡੀਕ ਵਿੱਚ ਜਹਾਜ਼ ਬਾਦਬਾਨ ਸਮੇਟੀ ਕਿਨਾਰੇ ਤੋਂ ਥੋੜ੍ਹੀ ਹੀ ਦੂਰ ਖੜ੍ਹਾ ਸੀ ਅਤੇ ਜ਼ੋਰ-ਜ਼ੋਰ ਨਾਲ ਹਿਚਕੋਲੇ ਖਾ ਰਿਹਾ ਸੀ।

ਇਸ ਤਰ੍ਹਾਂ ਛੇ-ਸੱਤ ਦਿਨ ਬੀਤ ਗਏ।

ਆਖਰ ਹਵਾ ਰੁਕ ਗਈ। ਜਹਾਜ਼ 'ਤੇ ਭਾਫ਼ ਦਾ ਇੰਜਨ ਚਲਾਇਆ ਗਿਆ ਅਤੇ ਜਲਦੀ ਹੀ ਚਿੱਟੀ ਚਿਮਨੀ ਤੋਂ ਧੂੰਆਂ ਛੱਡਦਾ ਜਹਾਜ਼ ਕੇਪ ਟਾਊਨ ਨੂੰ ਤੁਰ ਪਿਆ।

ਕਹਿਣਾ ਦੀ ਗੱਲ ਨਹੀਂ ਕਿ ਮਲਾਹ ਇਸ 'ਤੇ ਕਿੰਨੇ ਖੁਸ਼ ਸਨ।

ਪਰ ਜਹਾਜ਼ 'ਤੇ ਇੱਕ ਆਦਮੀ ਸੀ, ਜੋ ਕੇਵਲ ਖੁਸ਼ ਹੀ ਨਹੀਂ ਬਲਕਿ ਜਿਉਂ-ਜਿਉਂ ਬੰਦਰਗਾਹ ਕੋਲ ਆਉਂਦੀ ਜਾ ਰਹੀ ਸੀ, ਤਿਉਂ-ਤਿਉਂ ਹੋਰ ਉਦਾਸ ਨਜ਼ਰ ਆ ਰਿਹਾ ਸੀ।

ਇਹ ਲੁਚਕਿਨ ਸੀ, ਜੋ ਮਕਸਿਮਕਾ ਤੋਂ ਵਿਛੜਨ ਵਾਲਾ ਸੀ।

ਬੀਤੇ ਮਹੀਨੇ 'ਚ ਮਲਾਹ ਦੇ ਅੰਦਾਜ਼ੇ ਦੇ ਉਲਟ ਲੁਚਕਿਨ ਨੇ ਮਕਸਿਮਕਾ ਦੀ ਦੇਖਭਾਲ ਕਰਨੀ ਨਹੀਂ ਛੱਡੀ, ਬਲਕਿ ਉਸ ਨੂੰ ਮਕਸਿਮਕਾ ਨਾਲ ਮੋਹ ਹੋ ਗਿਆ ਅਤੇ ਛੋਟਾ ਹਬਸ਼ੀ ਵੀ ਉਸ ਨਾਲ ਘੁਲ-ਮਿਲ ਗਿਆ। ਉਹ ਦੋਵੇਂ ਇੱਕ ਦੂਸਰੇ ਦੀਆਂ ਗੱਲਾਂ ਬੜੀ ਚੰਗੀ ਤਰ੍ਹਾਂ ਸਮਝ ਲੈਂਦੇ ਸਨ, ਕਿਉਂਕਿ ਲੁਚਕਿਨ ਨੇ ਅਸਧਾਰਨ ਅਧਿਆਪਨ ਯੋਗਤਾ ਦਿਖਾਈ ਸੀ ਅਤੇ ਮਕਸਿਮਕਾ ਵੀ ਬੜਾ ਹੁਸ਼ਿਆਰ ਨਿਕਲਿਆ ਸੀ। ਹੁਣ ਉਹ ਥੋੜ੍ਹੀ ਬਹੁਤ ਰੂਸੀ ਬੋਲ ਲੈਂਦਾ ਸੀ। ਉਹ ਇਕ ਦੂਸਰੇ ਨੂੰ ਜਿੰਨਾ ਜ਼ਿਆਦਾ ਜਾਣਦੇ ਜਾ ਰਹੇ ਸਨ, ਓਨਾ ਹੀ ਉਹਨਾਂ ਦਾ ਲਗਾਉ ਵੱਧ ਰਿਹਾ ਸੀ। ਮਕਸਿਮਕਾ ਕੋਲ ਦੋ ਜੋੜੇ ਕੱਪੜੇ, ਜੁੱਤੀਆਂ, ਟੋਪੀ ਅਤੇ ਪੇਟੀ 'ਤੇ ਬੰਨ੍ਹਿਆ ਮਲਾਹਾਂ ਦਾ ਚਾਕੂ ਸੀ। ਉਹ ਬੜਾ ਸਮਝਦਾਰ ਅਤੇ ਹੱਸਮੁਖ ਮੁੰਡਾ ਸੀ। ਜਹਾਜ਼ 'ਤੇ ਸਾਰੇ ਉਸ ਨੂੰ ਪਿਆਰ ਕਰਦੇ ਸਨ, ਇਥੋਂ ਤੱਕ ਕਿ ਯੇਗੋਰਿਚ ਵੀ, ਜਿਸ ਨੂੰ ਜਹਾਜ਼ 'ਤੇ ਕੋਈ ਮੁਸਾਫਿਰ ਜ਼ਰਾ ਵੀ ਚੰਗਾ ਨਹੀਂ ਲੱਗਦਾ ਸੀ, ਕਿਉਂਕਿ ਉਹ ਕੁਝ ਨਹੀਂ ਕਰਦੇ, ਉਹ ਵੀ ਮਕਸਿਮਕਾ ਪ੍ਰਤੀ ਦਿਆਲ ਸੀ, ਕਿਉਂਕਿ ਮਕਸਿਮਕਾ ਕੰਮ ਵੇਲੇ ਹਮੇਸ਼ਾ ਦੂਸਰਿਆਂ ਨਾਲ ਰੱਸੇ ਖਿੱਚਦਾ ਸੀ ਅਤੇ ਹਮੇਸ਼ਾ ਕਿਸੇ ਨਾ ਕਿਸੇ ਤਰ੍ਹਾਂ ਦੂਸਰਿਆਂ ਦੀ ਮਦਦ

ਕਰਨ ਦੀ ਕੋਸ਼ਿਸ਼ ਕਰਦਾ ਸੀ, ਮੁਫ਼ਤ ਦੀ ਰੋਟੀ ਨਹੀਂ ਖਾਂਦਾ ਸੀ। ਬਾਂਦਰ ਵਾਂਗ ਰੱਸਿਆਂ 'ਤੇ ਚੜ੍ਹ ਜਾਂਦਾ ਸੀ ਅਤੇ ਤੂਫਾਨ ਆਉਣ 'ਤੇ ਵੀ ਡਰਦਾ ਨਹੀਂ ਸੀ, ਸੰਖੇਪ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਪੱਕਾ "ਮਲਾਹ" ਸੀ।

ਬੜੇ ਵਧੀਆ ਸੁਭਾਅ ਦਾ ਅਤੇ ਪਿਆਰ ਕਰਨ ਵਾਲਾ ਮੁੰਡਾ ਸੀ ਉਹ। ਡੈੱਕ 'ਤੇ ਨਾਚ ਦਿਖਾ ਕੇ ਅਤੇ ਸੁਰੀਲੀ ਆਵਾਜ਼ 'ਚ ਆਪਣੇ ਗਾਣੇ ਗਾ ਕੇ ਉਹ ਮਲਾਹਾਂ ਦਾ ਦਿਲ ਬਹਿਲਾਉਂਦਾ ਸੀ। ਇਸ ਲਈ ਸਾਰੇ ਉਸ ਨੂੰ ਚਾਹੁੰਦੇ ਸਨ, ਲਾਡ-ਪਿਆਰ ਕਰਦੇ ਸਨ ਅਤੇ ਵਾਰੰਟ ਅਫਸਰ ਦਾ ਅਰਦਲੀ ਅਰਤੇਮੀ ਅਫ਼ਸਰਾਂ ਦੇ ਕਮਰੇ ਵਿੱਚੋਂ ਉਸ ਲਈ ਬਚੀ-ਖੁਚੀ ਪੇਸਟਰੀ ਲਿਆਉਂਦਾ ਸੀ।

ਇਹ ਕਹਿਣ ਦੀ ਕੋਈ ਜ਼ਰੂਰਤ ਹੀ ਨਹੀਂ ਕਿ ਮਕਸਿਮਕਾ ਲੁਚਕਿਨ ਪ੍ਰਤੀ ਕੁੱਤੇ ਵਾਂਗ ਵਫ਼ਾਦਾਰ ਸੀ, ਹਮੇਸ਼ਾ ਉਸਦੇ ਨਾਲ ਰਹਿੰਦਾ ਸੀ। ਮਸਤੂਲ 'ਤੇ ਵੀ ਉਸ ਕੋਲ ਚੜ੍ਹ ਜਾਂਦਾ ਸੀ, ਜਦੋਂ ਉਹ ਉੱਥੇ ਡਿਊਟੀ 'ਤੇ ਹੁੰਦਾ, ਜਾਂ ਜਦੋਂ ਉਹ ਜਹਾਜ਼ ਦੀ ਕਮਾਨ 'ਤੇ ਪਹਿਰਾ ਦੇ ਰਿਹਾ ਹੁੰਦਾ, ਤਾਂ ਉਸ ਕੋਲ ਘੰਟਿਆ ਬੱਧੀ ਬੈਠਾ ਰਹਿੰਦਾ, ਬੜੀ ਕੋਸ਼ਿਸ਼ ਨਾਲ ਰੂਸੀ ਸ਼ਬਦ ਸਿਖਦਾ।

...ਉੱਚੇ ਕਿਨਾਰਿਆਂ ਵਾਲਾ ਤੱਟ ਸਾਫ਼ ਦਿਖਾਈ ਦੇ ਰਿਹਾ ਸੀ। 'ਲੜਾਕੂ ' ਜਹਾਜ਼ ਪੂਰੀ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਸੀ। ਦੁਪਹਿਰ ਤੱਕ ਜਹਾਜ਼ ਕੇਪ ਟਾਊਨ ਵਿੱਚ ਲੰਗਰ ਪਾਉਣ ਵਾਲਾ ਸੀ।

ਇਸ ਸੁਹਾਵਣੀ ਸਵੇਰ ਨੂੰ, ਲੁਚਕਿਨ ਦਾ ਮਨ ਬੁਝਿਆ-ਬੁਝਿਆ ਸੀ ਅਤੇ ਜ਼ੋਰ ਲਗਾ ਕੇ ਤੋਪ ਸਾਫ਼ ਕਰ ਰਿਹਾ ਸੀ। ਮਕਸਿਮਕਾ ਉਸ ਕੋਲ ਹੀ ਖੜ੍ਹਾ ਹੱਥ ਵਟਾ ਰਿਹਾ ਸੀ।

"ਹਾਂ, ਭਰਾ ਮਕਸਿਮਕਾ, ਥੋੜ੍ਹੀ ਦੇਰ 'ਚ ਅਸੀਂ ਵੱਖ-ਵੱਖ ਜਾਵਾਂਗੇ!" ਆਖਿਰ ਲੁਚਕਿਨ ਬੋਲਿਆ।

"ਵੱਖ-ਵੱਖ ਕਿਉਂ?" ਮਕਸਿਮਕਾ ਹੈਰਾਨ ਹੋਇਆ।

"ਤੈਨੂੰ ਗੁੱਡ ਕੇਪ 'ਤੇ ਛੱਡ ਜਾਵਾਂਗੇ ... ਹੋਰ ਕੀ ਕਰਾਂਗੇ ਤੇਰਾ?"

ਮੁੰਡੇ ਨੇ ਆਪਣੇ ਭਵਿੱਖ ਬਾਰੇ ਵਿੱਚ ਕੁਝ ਨਹੀਂ ਸੋਚਿਆ ਸੀ ਤੇ ਉਹ ਠੀਕ ਤਰ੍ਹਾਂ ਸਮਝ ਨਹੀਂ ਪਾ ਰਿਹਾ ਸੀ ਕਿ ਲੁਚਕਿਨ ਉਸ ਨੂੰ ਕੀ ਕਹਿ ਰਿਹਾ ਹੈ, ਪਰ ਮਲਾਹ ਦਾ ਉਦਾਸ ਚਿਹਰਾ ਦੇਖ ਕੇ ਇਹ ਸਮਝ ਗਿਆ ਕਿ ਉਹ ਕੋਈ ਖੁਸ਼ੀ ਦੀ ਗੱਲ ਨਹੀਂ ਕਰ ਰਿਹਾ। ਮੁੰਡੇ ਦੇ ਚਿਹਰੇ 'ਤੇ ਉਸਦੇ ਮਨੋਭਾਵ ਤੁਰੰਤ ਹੀ ਝਲਕ ਪੈਂਦੇ ਸਨ। ਇਕ ਪਲ 'ਚ ਉਸਦਾ ਚਿਹਰਾ ਉਤਰ ਗਿਆ, ਬੋਲਿਆ :

"ਮੈਂ ਨਹੀਂ ਸਮਝਿਆ, ਲੁਚਿਕ।"

"ਜਾਵੇਂਗਾ, ਮਕਸਿਮਕਾ, ਜਹਾਜ਼ ਤੋਂ ਹੇਠਾਂ ... ਤੱਟ 'ਤੇ ਉਤਰੇਂਗਾ, ਮੈਂ ਅੱਗੇ ਚਲਾ ਜਾਵਾਂਗਾ, ਤੂੰ ਇੱਥੇ ਰਹੇਂਗਾ।" ਲੁਚਕਿਨ ਉਸਨੂੰ ਇਸ਼ਾਰਿਆਂ ਨਾਲ ਸਮਝਾਉਣ ਲੱਗਾ ਕਿ ਗੱਲ ਕੀ ਹੈ।

ਹਬਸ਼ੀ ਮੁੰਡਾ ਸਭ ਸਮਝ ਗਿਆ। ਉਸ ਨੇ ਲੁਚਕਿਨ ਦਾ ਹੱਥ ਫੜ ਲਿਆ ਅਤੇ ਮਿੰਨਤ ਕਰਦਿਆਂ ਕਿਹਾ :

"ਮੈਂ ਤੱਟ ਨਹੀਂ ... ਮੈਂ ਇੱਥੇ, ਮਕਸਿਮਕਾ, ਲੁਚਿਕ, ਲੁਚਿਕ, ਮਕਸਿਮਕਾ, ... ਮੈਂ ਲੂਸੀ ਮੱਲਾ ... ਹਾਂ, ਹਾਂ, ਹਾਂ ..."

ਅਚਾਨਕ ਮਲਾਹ ਦੇ ਦਿਮਾਗ ਵਿੱਚ ਇੱਕ ਵਿਚਾਰ ਆਇਆ। ਉਸਨੇ ਪੁੱਛਿਆ :

"ਮਕਸਿਮਕਾ ਰੂਸੀ ਮਲਾਹ ਬਣੇਗਾ?"

"ਹਾਂ, ਹਾਂ," ਮਕਸਿਮਕਾ ਦੁਹਰਾ ਰਿਹਾ ਸੀ ਅਤੇ ਪੂਰੇ ਜ਼ੋਰ ਨਾਲ ਸਿਰ ਹਿਲਾ ਰਿਹਾ ਸੀ।

"ਹਾਂ ਓਏ, ਕਿੰਨਾ ਵਧੀਆ ਰਹੇਗਾ! ਪਹਿਲਾਂ ਕਿਉਂ ਨਹੀਂ ਆਈ ਮੇਰੇ ਦਿਮਾਗ ਵਿੱਚ ... ਸਾਥੀਆਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਯੇਗੋਰਿਚ ਨਾਲ... ਉਹ ਵੱਡੇ ਅਫ਼ਸਰ ਨੂੰ ਕਹਿ ਦੇਵੇਗਾ।"

ਕੁਝ ਮਿੰਟਾਂ ਬਾਅਦ ਹੀ ਡੈੱਕ ਦੇ ਅਗਲੇ ਹਿੱਸੇ 'ਤੇ ਲੁਚਕਿਨ ਉਥੇ ਇਕੱਠੇ ਹੋਏ ਮਲਾਹਾਂ ਨਾਲ ਗੱਲ ਕਰ ਰਿਹਾ ਸੀ :

"ਭਰਾਵੋ! ਮਕਸਿਮਕਾ ਸਾਡੇ ਨਾਲ ਰਹਿਣਾ ਚਾਹੁੰਦਾ ਹੈ। ਅਸੀਂ ਇਜਾਜ਼ਤ ਮੰਗ ਲਵਾਂਗੇ ... ਸਾਡੇ ਨਾਲ ਸਾਡੇ ਜਹਾਜ਼ 'ਤੇ ਰਹੇ। ਤੁਹਾਡਾ ਕੀ ਖਿਆਲ ਹੈ, ਭਰਾਵੋ?"

ਸਾਰੇ ਮਲਾਹਾਂ ਨੇ ਬੜੇ ਉਤਸ਼ਾਹ ਨਾਲ ਇਸ ਪ੍ਰਸਤਾਵ ਦਾ ਸਵਾਗਤ ਕੀਤਾ।

ਫਿਰ ਲੁਚਕਿਨ ਮੇਟ ਕੋਲ ਗਿਆ, ਉਸਨੂੰ ਸਾਰੇ ਮਲਾਹ ਦਲ ਵੱਲੋਂ ਵੱਡੇ ਅਫ਼ਸਰ ਨੂੰ ਬੇਨਤੀ ਕਰਨ ਲਈ ਕਿਹਾ ਅਤੇ ਆਪਣੇ ਵੱਲੋਂ ਵੀ ਜੋੜਿਆ :

"ਯੇਗੋਰਿਚ, ਮੇਰੀ ਬੇਨਤੀ ਹੈ, ਨਾਂਹ ਨਾ ਕਰਨਾ... ਵੱਡੇ ਸਾਹਿਬ ਨੂੰ ਕਹਿ ਦਿਓ ਕਿ ਮਕਸਿਮਕਾ ਖੁਦ ਹੀ ਰਹਿਣਾ ਚਾਹੁੰਦਾ ਹੈ... ਕਿਥੇ ਵਿਚਾਰੇ ਅਨਾਥ ਨੂੰ ਇਕੱਲਿਆਂ ਛੱਡ ਜਾਵਾਂਗੇ। ਬਿਲਕੁਲ ਮਾਰਿਆ ਜਾਵੇਗਾ ਵਿਚਾਰਾ... ਤਰਸ ਆਉਂਦਾ ਹੈ ਮੁੰਡੇ 'ਤੇ... ਏਨਾ ਵਧੀਆ ਮੁੰਡਾ ਹੈ!"

"ਠੀਕ ਹੈ, ਮੈਂ ਕਹਿ ਦੇਵਾਂਗਾ ... ਮਕਸਿਮਕਾ ਚੰਗਾ ਮੁੰਡਾ ਹੈ। ਪਰ ਪਤਾ ਨਹੀਂ, ਕਪਤਾਨ ਕੀ ਕਹੇ ... ਹਬਸ਼ੀ ਨੂੰ ਰੂਸੀ ਜਹਾਜ਼ 'ਤੇ ਰੱਖਣ ਨੂੰ ਤਿਆਰ ਹੋਵੇ ਕਿ ਨਹੀਂ ... ਕਿਤੇ ਇਸ ਵਿਚ ਅੜਚਣ ਨਾ ਹੋਵੇ ..."

"ਕੋਈ ਅੜਚਣ ਨਹੀਂ ਹੋਵੇਗੀ, ਯੇਗੋਰਿਚ। ਅਸੀਂ ਮਕਸਿਮਕਾ ਨੂੰ ਹਬਸ਼ੀ ਨਹੀਂ ਕਹਿਣ ਦੇਵਾਂਗੇ।"

"ਉਹ ਕਿਵੇਂ?"

"ਸਾਡੇ ਰੂਸੀ ਧਰਮ ਵਿੱਚ ਉਸਦਾ ਬਪਤਿਸਮਾ ਕਰ ਦੇਵਾਂਗੇ ਤੇ ਉਹ ਰੂਸੀ ਹਬਸ਼ੀ ਹੋ ਜਾਵੇਗਾ।"

ਯੇਗੋਰਿਚ ਨੂੰ ਇਹ ਵਿਚਾਰ ਪਸੰਦ ਆਇਆ ਤੇ ਉਸਨੇ ਤੁਰੰਤ ਹੀ ਵੱਡੇ ਅਫ਼ਸਰ ਨੂੰ ਰਿਪੋਰਟ ਕਰਨ ਦਾ ਵਾਅਦਾ ਕੀਤਾ।

ਵੱਡੇ ਅਫ਼ਸਰ ਨੇ ਮੇਟ ਦੀ ਗੱਲ ਸੁਣੀ ਅਤੇ ਕਿਹਾ :

"ਲੁਚਕਿਨ ਕਹਿ ਰਿਹਾ ਹੈ?"

"ਸਾਰਾ ਮਲਾਹ ਦਲ ਕਹਿ ਰਿਹਾ ਹੈ, ਸਾਹਬ ... ਕਿਥੇ ਉਸਨੂੰ ਛੱਡਾਂਗੇ? ਤਰਸ ਆਉਂਦਾ ਹੈ, ਸਾਹਬ ... ਉਹ ਸਾਡੇ ਜਹਾਜ਼ 'ਤੇ ਛੋਟਾ ਮਲਾਹ ਹੋਵੇਗਾ। ਮੁੰਡਾ ਬੜਾ ਸੁਧਰਿਆ ਹੋਇਆ ਹੈ, ਹਜ਼ੂਰ। ਤੇ ਜੇ ਉਸਦਾ ਬਪਤਿਸਮਾ ਕਰ ਦਈਏ, ਤਾਂ ਬਸ ਆਤਮਾ ਦਾ ਵੀ ਮੋਕਸ਼ ਹੋ ਜਾਵੇਗਾ।"

ਵੱਡੇ ਅਫ਼ਸਰ ਨੇ ਕਪਤਾਨ ਨੂੰ ਰਿਪੋਰਟ ਦੇਣ ਦਾ ਵਾਅਦਾ ਕੀਤਾ।

ਝੰਡਾ ਲਹਿਰਾਉਣ ਸਮੇਂ ਕਪਤਾਨ ਉਪਰ ਆਇਆ। ਵੱਡੇ ਅਫ਼ਸਰ ਨੇ ਜਦੋਂ ਮਲਾਹ ਦਲ ਦੀ ਬੇਨਤੀ ਦੱਸੀ, ਤਾਂ ਪਹਿਲਾਂ ਤਾਂ ਕਪਤਾਨ ਨਾਂਹ ਕਰਨ ਲੱਗਾ ਸੀ। ਪਰ ਫਿਰ ਸ਼ਾਇਦ ਉਸ ਨੂੰ ਆਪਣੇ ਬੱਚੇ ਯਾਦ ਆ ਗਏ, ਉਸਨੇ ਤੁਰੰਤ ਆਪਣਾ ਫੈਸਲਾ ਬਦਲ ਲਿਆ ਅਤੇ ਬੋਲਿਆ :

"ਠੀਕ ਹੈ, ਰਹੇ। ਉਸਨੂੰ ਛੋਟਾ ਮਲਾਹ ਬਣਾ ਦੇਵਾਂਗੇ। ਅਤੇ ਜਦੋਂ ਸਾਡੇ ਨਾਲ ਕ੍ਰੋਂਸ਼ਤਾਂਤ ਮੁੜੇਗਾ ਤਾਂ ਉਸ ਨੂੰ ਕਿਤੇ ਦਾਖਲ ਕਰਵਾ ਦੇਵਾਂਗੇ ... ਵਾਕਈ, ਕਿਉਂ ਉਸਨੂੰ ਐਵੇਂ ਹੀ ਛੱਡਿਆ ਜਾਵੇ ਤੇ ਉਹ ਆਪ ਵੀ ਨਹੀਂ ਚਾਹੁੰਦਾ! ਹਾਂ, ਉਸ ਨੂੰ ਲੁਚਕਿਨ ਦੀ ਦੇਖਭਾਲ ਵਿੱਚ ਹੀ ਰਹਿਣ ਦਿਓ ... ਹੈ ਤਾਂ ਉਹ ਲੁਚਕਿਨ ਪੱਕਾ ਪਿਆਕੜ, ਪਰ ਦੇਖੋ ... ਮੁੰਡੇ ਨਾਲ ਏਨਾ ਲਗਾਅ ... ਮੈਨੂੰ ਡਾਕਟਰ ਨੇ ਦੱਸਿਆ ਸੀ, ਕਿਵੇਂ ਉਸਨੇ ਹਬਸ਼ੀ ਲਈ ਕਪੜੇ ਸੀਤੇ ਸਨ ..."

ਡੈੱਕ 'ਤੇ ਜਦੋਂ ਮਕਸਿਮਕਾ ਨੂੰ ਜਹਾਜ਼ 'ਤੇ ਰੱਖੇ ਰਹਿਣ ਦੀ ਖਬਰ ਪਹੁੰਚੀ, ਤਾਂ ਸਾਰੇ ਮਲਾਹ ਬੇਹੱਦ ਖੁਸ਼ ਹੋ ਗਏ। ਬੇਸ਼ੱਕ ਲੁਚਕਿਨ ਅਤੇ ਮਕਸਿਮਕਾ ਸਭ ਤੋਂ ਜ਼ਿਆਦਾ ਖੁਸ਼ ਸਨ।

ਦੁਪਹਿਰ ਦੇ ਇਕ ਵਜੇ ਜਹਾਜ਼ ਨੇ ਕੇਪ ਟਾਊਨ ਬੰਦਰਗਾਹ ਵਿੱਚ ਲੰਗਰ ਸੁੱਟਿਆ। ਅਗਲੇ ਦਿਨ ਜੋ ਮਲਾਹ ਪਹਿਲੀ ਸ਼ਿਫ਼ਟ ਵਿੱਚ ਡਿਊਟੀ ਦੇ ਚੁੱਕੇ ਸਨ, ਉਹਨਾਂ ਨੂੰ ਤੱਟ 'ਤੇ ਜਾਣ ਦੀ ਇਜਾਜ਼ਤ ਮਿਲੀ। ਲੁਚਕਿਨ ਅਤੇ ਮਕਸਿਮਕਾ ਵੀ ਜਾਣ ਨੂੰ ਤਿਆਰ ਹੋਏ।

"ਦੇਖ, ਲੁਚਕਿਨ, ਕਿਤੇ ਮਕਸਿਮਕਾ ਨੂੰ ਵੇਚ-ਵੱਟ ਕੇ ਪੀ ਨਾ ਲਵੀਂ," ਯੇਗੋਰਿਚ ਨੇ ਹੱਸਦਿਆਂ ਕਿਹਾ।

ਸਾਫ਼ ਤੌਰ 'ਤੇ ਇਹ ਗੱਲ ਲੁਚਕਿਨ ਨੂੰ ਚੁਭੀ, ਉਸਨੇ ਜਵਾਬ ਦਿੱਤਾ : "ਹੋ ਸਕਦਾ ਹੈ ਮਕਸਿਮਕਾ ਦੀ ਕਾਰਨ ਮੈਂ ਬਿਨਾ ਪੀਤੇ ਹੀ ਪਰਤ ਆਵਾਂ!"

ਲੁਚਕਿਨ ਤੱਟ ਤੋਂ ਨਸ਼ੇ ਵਿੱਚ ਧੁੱਤ ਮੁੜਿਆ, ਪਰ ਸਾਰੇ ਇਹ ਦੇਖ ਕੇ ਹੈਰਾਨ ਸਨ ਕਿ ਉਸਦੇ ਕਪੜੇ ਸਹੀ ਸਲਾਮਤ ਸਨ। ਬਾਅਦ ਵਿੱਚ ਪਤਾ ਚੱਲਿਆ ਕਿ ਅਜਿਹਾ ਮਕਸਿਮਕਾ ਦੀ ਬਦੌਲਤ ਹੀ ਹੋਇਆ। ਉਸ ਨੇ ਜਦੋਂ ਇਹ ਦੇਖਿਆ ਕਿ ਉਸਦਾ ਮਿੱਤਰ ਹੱਦੋਂ ਵੱਧ ਪੀ ਰਿਹਾ ਹੈ, ਤਾਂ ਉਹ ਭੱਜਿਆ-ਭੱਜਿਆ ਕੋਲ ਹੀ ਦੂਸਰੇ ਅੱਡੇ 'ਤੇ ਰੂਸੀ ਮਲਾਹਾਂ ਨੂੰ ਬੁਲਾਉਣ ਗਿਆ ਅਤੇ ਉਹ ਲੁਚਕਿਨ ਨੂੰ ਘਾਟ 'ਤੇ ਚੁੱਕ ਲਿਆਏ ਅਤੇ ਉਸ ਨੂੰ ਕਿਸ਼ਤੀ ਵਿੱਚ ਲੇਟਾ ਦਿਤਾ, ਜਿਥੇ ਮਕਸਿਮਕਾ ਉਸ ਕੋਲੋਂ ਇਕ ਪਲ ਵੀ ਨਹੀਂ ਹਟਿਆ।

ਲੁਚਕਿਨ ਦੇ ਮੂੰਹੋਂ ਬੋਲ ਮੁਸ਼ਕਲ ਨਾਲ ਨਿਕਲ ਰਹੇ ਸਨ, ਪਰ ਵਾਰ-ਵਾਰ ਕਹਿ ਰਿਹਾ ਸੀ :

"ਮਕਸਿਮਕਾ ਕਿਥੇ ਹੈ? ਇਧਰ ਦਿਓ, ਮੇਰੇ ਮਕਸਿਮਕਾ ਨੂੰ... ਭਰਾਵੋ, ਮੈਂ ਮਕਸਿਮਕਾ ਨੂੰ ਨਹੀਂ ਵੇਚਿਆ... ਉਹ ਮੇਰਾ ਸਭ ਤੋਂ ਚੰਗਾ ਦੋਸਤ ਹੈ... ਕਿਥੇ ਹੈ ਮਕਸਿਮਕਾ?"

ਤੇ ਜਦੋਂ ਮਕਸਿਮਕਾ ਉਸ ਕੋਲ ਆਇਆ, ਤਾਂ ਉਹ ਤੁਰੰਤ ਸ਼ਾਂਤ ਹੋ ਗਿਆ ਅਤੇ ਸੌਂ ਗਿਆ।

ਹਫ਼ਤੇ ਕੁ ਬਾਅਦ 'ਲੜਾਕੂ' ਜਹਾਜ਼ ਕੇਪ ਆੱਫ ਗੁੱਡ ਹੋਪ ਨੂੰ ਚੱਲ ਪਿਆ। ਜਲਦੀ ਹੀ ਧੂਮ-ਧਾਮ ਨਾਲ ਮਕਸਿਮਕਾ ਦਾ ਬਪਤਿਸਮਾ ਕਰ ਦਿੱਤਾ ਗਿਆ।

ਤਿੰਨ ਸਾਲ ਬਾਅਦ 'ਲੜਾਕੂ' ਜਹਾਜ਼ 'ਤੇ ਚੌਦਾਂ ਸਾਲ ਦੇ ਉਮਰ ਵਿੱਚ ਮਕਸਿਮਕਾ ਕ੍ਰੋਂਸ਼ਤਾਤ

ਪਹੁੰਚਿਆ। ਜਹਾਜ਼ ਉੱਤੇ ਵਾਰੰਟ ਅਫਸਰ ਉਸ ਨੂੰ ਪੜ੍ਹਾਉਂਦਾ ਰਿਹਾ ਸੀ ਅਤੇ ਹੁਣ ਉਹ ਰੂਸੀ ਚੰਗੀ ਤਰ੍ਹਾਂ ਪੜ੍ਹ ਲਿਖ ਲੈਂਦਾ ਸੀ।

ਕਪਤਾਨ ਨੇ ਉਸਨੂੰ ਨਰਸਿੰਗ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਲੁਚਕਿਨ ਵੀ ਰਿਟਾਇਰ ਹੋ ਗਿਆ ਅਤੇ ਕ੍ਰੋਂਸ਼ਤਾਤ ਵਿੱਚ ਹੀ ਰਹਿਣ ਲੱਗਾ, ਤਾਂ ਕਿ ਆਪਣੇ ਪਿਆਰੇ ਮੁੰਡੇ ਕੋਲ ਹੀ ਰਹੇ, ਜਿਸ ਨੂੰ ਉਸਨੇ ਆਪਣੇ ਦਿਲ ਦਾ ਸਾਰਾ ਪਿਆਰ ਦਿੱਤਾ ਸੀ ਅਤੇ ਜਿਸ ਦੀ ਖਾਤਰ ਹੁਣ ਉਹ ਆਪਣੇ ਕਪੜੇ ਵੇਚ ਕੇ ਨਹੀਂ ਬਲਕਿ ਸੋਚ ਸਮਝ ਕੇ ਪੀਂਦਾ ਸੀ।

*

**ਵਸੇਵੋਲੋਦ ਗਾਰਸ਼ਿਨ**

# ਸਿਗਨਲ



ਸੇਮਿਓਨ ਇਵਾਨੋਵ ਰੇਲਵੇ ਵਿਚ ਲਾਈਨਮੈਨ ਦਾ ਕੰਮ ਕਰਦਾ ਸੀ। ਉਸਦੀ ਚੌਕੀ ਤੋਂ ਇੱਕ ਸਟੇਸ਼ਨ ਨੌਂ ਮੀਲ ਦੂਰ ਸੀ ਅਤੇ ਦੂਸਰਾ ਕੋਈ ਸੱਤ ਮੀਲ। ਤਕਰੀਬਨ ਤਿੰਨ ਮੀਲ ਦੂਰ ਪਿਛਲੇ ਸਾਲ ਇਕ ਵੱਡੀ ਕਤਾਈ ਮਿਲ ਮਿੱਲ ਖੁੱਲ੍ਹੀ ਸੀ। ਜੰਗਲ ਪਿੱਛੋਂ ਉਸਦੀ ਕਾਲੀ ਚਿਮਨੀ ਦਿਖਾਈ ਦੇਂਦੀ ਸੀ। ਆਲੇ-ਦੁਆਲੇ ਲਾਈਨਮੈਨਾਂ ਦੀਆਂ ਚੌਕੀਆਂ ਤੋਂ ਇਲਾਵਾ ਕੋਈ ਘਰ ਨਹੀਂ ਸੀ।

ਸੇਮਿਓਨ ਇਵਾਨੋਵ ਬਿਮਾਰ ਅਤੇ ਟੁਟਿਆ ਹੋਇਆ ਆਦਮੀ ਸੀ। ਨੌਂ ਸਾਲ ਪਹਿਲਾਂ ਉਹ ਲੜਾਈ ਵਿਚ ਗਿਆ ਸੀ। ਇਕ ਅਫ਼ਸਰ ਦਾ ਅਰਦਲੀ ਸੀ ਅਤੇ ਉਹ ਉਸ ਨਾਲ ਪੂਰੀ ਜੰਗ ਵਿਚ ਰਿਹਾ ਸੀ। ਉਥੇ ਉਸ ਨੂੰ ਭੁੱਖਾ ਵੀ ਰਹਿਣਾ ਪੈਂਦਾ ਸੀ ਤੇ ਕੜਕਦੀ ਠੰਡ ਵਿੱਚ ਅਤੇ ਝੁਲਸਦੀ ਧੁੱਪ ਵੀ ਸਹਿਣੀ ਪੈਂਦੀ ਸੀ। ਸਰਦੀ-ਗਰਮੀ ਵਿੱਚ ਉਹ ਤੀਹ-ਤੀਹ, ਚਾਲੀ-ਚਾਲੀ ਮੀਲ ਤੁਰਿਆ ਸੀ। ਗੋਲੀਆਂ ਦੀ ਵਾਛੜ ਵਿਚ ਵੀ ਚੱਲਣਾ ਪੈਂਦਾ ਸੀ, ਪਰ ਰੱਬ ਦੀ ਦਇਆ ਨਾਲ ਇਕ ਵੀ ਗੋਲੀ ਉਸਨੂੰ ਨਹੀਂ ਲੱਗੀ ਸੀ। ਇਕ ਵਾਰ ਉਹਨਾਂ ਦੀ ਰੈਜੀਮੈਂਟ ਮੋਰਚੇ ਦੀ ਅਗਲੀ ਲਾਈਨ ਵਿਚ ਸੀ ; ਪੂਰਾ ਹਫਤਾ ਤੁਰਕਾਂ ਨਾਲ ਗੋਲੀਬਾਰੀ ਹੋਈ : ਇਧਰ ਸਾਡੀ ਟੁਕੜੀ ਸੀ ਅਤੇ ਖੱਡ ਪਾਰ

ਤੁਰਕਾਂ ਦੀ, ਸਵੇਰ ਤੋਂ ਸ਼ਾਮ ਤੱਕ ਗੋਲੀਆਂ ਚੱਲਦੀਆਂ ਰਹਿੰਦੀਆਂ ਸਨ। ਸੇਮਿਓਨ ਦਾ ਅਫ਼ਸਰ ਵੀ ਉਸੇ ਟੁਕੜੀ ਵਿਚ ਸੀ ; ਦਿਨ ਵਿਚ ਤਿੰਨ ਵਾਰ ਰੈਜੀਮੈਂਟ ਦੀ ਰਸੋਈ ਤੋਂ ਸੇਮਿਓਨ ਉਸ ਲਈ ਖਾਣਾ ਅਤੇ ਗਰਮ ਕੇਤਲੀ ਲੈ ਕੇ ਜਾਂਦਾ ਸੀ। ਖੁੱਲ੍ਹੀ ਜਗ੍ਹਾ 'ਤੇ ਉਹ ਕੇਤਲੀ ਲੈ ਕੇ ਚੱਲਦਾ, ਸਾਂਅ-ਸਾਂਅ ਕਰਦੀਆਂ ਗੋਲੀਆਂ ਵਰ੍ਹਦੀਆਂ, ਪੱਥਰਾਂ ਨਾਲ ਟਕਰਾਉਂਦੀਆਂ ; ਸੇਮਿਓਨ ਦਾ ਡਰ ਦੇ ਮਾਰੇ ਬੁਰਾ ਹਾਲ ਹੁੰਦਾ, ਉਹ ਰੋਂਦਾ, ਪਰ ਤੁਰਦਾ ਜਾਂਦਾ। ਅਫ਼ਸਰ ਉਸ ਤੋਂ ਬਹੁਤ ਖ਼ੁਸ਼ ਸਨ : ਉਹਨਾਂ ਨੂੰ ਚੌਵੀ ਘੰਟੇ ਗਰਮ ਚਾਹ ਮਿਲਦੀ ਰਹਿੰਦੀ ਸੀ। ਇਸ ਜੰਗ ਤੋਂ ਉਹ ਸਹੀ ਸਲਾਮਤ ਮੁੜਿਆ, ਬਸ ਹੱਥ-ਪੈਰ ਟੁੱਟਣ ਲੱਗੇ ਸਨ। ਤਦ ਤੋਂ ਉਸਨੂੰ ਬਹੁਤ ਦੁਖ ਝੱਲਣਾ ਪਿਆ ਸੀ। ਘਰ ਮੁੜਿਆ ਤਾਂ ਬੁੱਢਾ ਬਾਪ ਮਰ ਗਿਆ, ਗਲੇ ਦੀ ਬਿਮਾਰੀ ਸੀ ਉਸ ਨੂੰ ; ਸੇਮਿਓਨ ਘਰਵਾਲੀ ਨਾਲ ਇਕੱਲਾ ਰਹਿ ਗਿਆ। ਖੇਤੀਬਾੜੀ ਉਹਨਾਂ ਦੀ ਠੀਕ ਨਹੀਂ ਚਲੀ ; ਸੁੱਜੇ ਹੱਥਾਂ ਪੈਰਾਂ ਨਾਲ ਜ਼ਮੀਨ ਵਾਹੁਣੀ ਵੀ ਸੌਖੀ ਨਹੀਂ ਸੀ। ਆਪਣੇ ਪਿੰਡ ਵਿੱਚ ਰਹਿਣਾ ਉਹਨਾਂ ਲਈ ਅਸਹਿ ਹੋ ਗਿਆ ਅਤੇ ਉਹ ਨਵੀਂਆਂ ਜਗ੍ਹਾ ਵਲ ਸੁਖਚੈਨ ਲੱਭਣ ਨਿਕਲ ਪਏ। ਸੇਮਿਓਨ ਆਪਣੀ ਬੀਵੀ ਨਾਲ ਖੇਰਸੋਨ ਵੀ ਗਿਆ, ਦੋਨ ਦੇ ਇਲਾਕੇ ਵਿੱਚ ਵੀ, ਪਰ ਕਿਤੇ ਉਸਨੂੰ ਸੁਖ ਨਹੀਂ ਮਿਲਿਆ। ਬੀਵੀ ਨੌਕਰਾਣੀ ਦਾ ਕੰਮ ਕਰਨ ਲੱਗੀ ਤੇ ਸੇਮਿਓਨ ਪਹਿਲਾ ਵਾਂਗ ਹੀ ਭਟਕਦਾ ਫਿਰ ਰਿਹਾ ਸੀ। ਇਕ ਵਾਰ ਰੇਲ ਗੱਡੀ ਵਿਚ ਉਹ ਕਿਤੇ ਜਾ ਰਿਹਾ ਸੀ ; ਇਕ ਸਟੇਸ਼ਨ 'ਤੇ ਕੀ ਵੇਖਦਾ ਹੈ ਕਿ ਸਟੇਸ਼ਨ ਮਾਸਟਰ ਜਾਣਿਆ-ਪਹਿਚਾਣਿਆ ਲੱਗਦਾ ਹੈ। ਸੇਮਿਓਨ ਉਸ ਵੱਲ ਤੱਕ ਰਿਹਾ ਸੀ ਅਤੇ ਸਟੇਸ਼ਨ ਮਾਸਟਰ ਵੀ ਸੇਮਿਓਨ ਨੂੰ ਗੌਰ ਨਾਲ ਵੇਖ ਰਿਹਾ ਸੀ। ਦੋਵੇਂ ਇੱਕ ਦੂਸਰੇ ਨੂੰ ਪਹਿਚਾਣ ਗਏ : ਉਹ ਉਹਨਾਂ ਦੀ ਰੈਜੀਮੈਂਟ ਦਾ ਹੀ ਅਫ਼ਸਰ ਸੀ।

"ਅਰੇ, ਇਵਾਨ ਹੈ?" ਉਸਨੇ ਪੁੱਛਿਆ।

"ਜੀ ਹਜ਼ੂਰ, ਮੈਂ ਹੀ ਹਾਂ।"

"ਤੂੰ ਇਥੇ ਕਿਵੇਂ ਆ ਪਹੁੰਚਿਆ?"

ਸੇਮਿਓਨ ਨੇ ਉਸਨੂੰ ਆਪਣੀ ਸਾਰੀ ਕਹਾਣੀ ਸੁਣਾਈ।

"ਹੁਣ ਕਿਥੇ ਜਾ ਰਿਹਾ ਹੈਂ?"

"ਕੁਝ ਪਤਾ ਨਹੀਂ, ਹਜ਼ੂਰ।"

"ਵਾਹ ਓਏ ਮੂਰਖਾ, ਕਿਵੇਂ ਪਤਾ ਨਹੀਂ?"

"ਠੀਕ ਗੱਲ ਹੈ, ਹਜ਼ੂਰ। ਕੋਈ ਠਹੁਰ-ਠਿਕਾਣਾ ਤਾਂ ਹੈ ਨਹੀਂ। ਕੋਈ ਕੰਮ-ਕਾਜ ਲੱਭਣਾ ਚਾਹੀਦਾ, ਹਜ਼ੂਰ।"

ਸਟੇਸ਼ਨ ਮਾਸਟਰ ਨੇ ਉਸ ਵੱਲ ਦੇਖਿਆ, ਫਿਰ ਕੁਝ ਸੋਚ ਕੇ ਬੋਲਿਆ :

"ਚੰਗਾ, ਸੁਣ, ਤੂੰ ਫਿਲਹਾਲ ਸਟੇਸ਼ਨ 'ਤੇ ਹੀ ਠਹਿਰ ਜਾ। ਤੂੰ ਤਾਂ ਸ਼ਾਦੀਸ਼ੁਦਾ ਹੈ ਨਾ? ਬੀਵੀ ਕਿਥੇ ਹੈ?"

"ਜੀ ਹਜ਼ੂਰ, ਸ਼ਾਦੀਸ਼ੁਦਾ ਹਾਂ। ਬੀਵੀ ਕੁਰਸਕ ਵਿੱਚ ਇਕ ਵਪਾਰੀ ਦੇ ਘਰ ਨੌਕਰ ਹੈ।"

"ਚੰਗਾ ਤਾਂ ਬੀਵੀ ਨੂੰ ਲਿਖਦੇ ਕਿ ਇਥੇ ਆ ਜਾਵੇ। ਮੈਂ ਉਸ ਲਈ ਮੁਫਤ ਦੀ ਟਿਕਟ ਦਾ



ਇੰਤਜ਼ਾਮ ਕਰ ਦੇਵਾਂਗਾ। ਸਾਡੇ ਇਥੇ ਇਕ ਚੌਕੀ ਖਾਲੀ ਹੋਣ ਵਾਲੀ ਹੈ ; ਮੈਂ ਡਿਵੀਜ਼ਨ ਮੈਨੇਜਰ ਨੂੰ ਤੇਰੀ ਸਿਫਾਰਿਸ਼ ਕਰ ਦੇਵਾਂਗਾ।"

"ਬਹੁਤ-ਬਹੁਤ ਸ਼ੁਕਰਗੁਜ਼ਾਰ ਹਾਂ, ਹਜ਼ੂਰ, ਮਾਈ ਬਾਪ," ਸੇਮਿਓਨ ਨੇ ਜਵਾਬ ਦਿੱਤਾ।

ਤੇ ਉਹ ਸਟੇਸ਼ਨ 'ਤੇ ਰਹਿਣ ਲੱਗਾ। ਸਟੇਸ਼ਨ ਮਾਸਟਰ ਦੀ ਰਸੋਈ ਵਿੱਚ ਕੋਈ ਕੰਮ ਕਰ ਦੇਂਦਾ ਸੀ, ਲੱਕੜੀਆਂ ਚੀਰਦਾ। ਵਿਹੜੇ ਦੀ, ਪਲੇਟਫਾਰਮ 'ਤੇ ਝਾੜੂ ਮਾਰ ਦਿੰਦਾ। ਦੋ ਹਫਤੇ ਬਾਅਦ ਬੀਵੀ ਆ ਗਈ ਤੇ ਸੇਮਿਓਨ ਹੱਥ-ਟਰਾਲੀ ਵਿੱਚ ਸਮਾਨ ਲੱਧ ਕੇ ਆਪਣੀ ਚੌਕੀ ਨੂੰ ਤੁਰ ਪਿਆ। ਚੌਕੀ ਨਵੀਂ ਹੀ ਸੀ, ਅੰਦਰ ਨਿੱਘ ਸੀ, ਲੱਕੜ ਦੀ ਕੋਈ ਕਮੀ ਨਹੀਂ ਸੀ ; ਪਹਿਲੇ ਵਾਲੇ ਲਾਈਨਮੈਨ ਨੇ ਨੇੜੇ ਹੀ ਸਬਜ਼ੀ-ਭਾਜੀ ਲਈ ਕੁਝ ਕਿਆਰੀਆਂ ਬਣਾਈਆਂ ਹੋਈਆਂ ਸਨ ਅਤੇ ਰੇਲ ਲਾਈਨ ਦੇ ਇਧਰ-ਉਧਰ ਕੋਈ ਦੋ ਵਿੱਘੇ ਜ਼ਮੀਨ ਵੀ ਸੀ। ਸੇਮਿਓਨ ਖੁਸ਼ ਹੋ ਗਿਆ ; ਸੋਚਣ ਲੱਗਾ ਕਿ ਕਿਵੇਂ ਆਪਣੀ ਖੇਤੀ ਕਰਨ ਲੱਗੇਗਾ, ਗਾਂ-ਘੋੜਾ ਖਰੀਦ ਲਵੇਗਾ।

ਕੰਮ ਲਈ ਸਾਰੀਆਂ ਜ਼ਰੂਰੀ ਚੀਜ਼ਾਂ ਉਸਨੂੰ ਮਿਲ ਗਈਆਂ : ਹਰੀ ਝੰਡੀ, ਲਾਲ ਝੰਡੀ, ਲਾਲਟੈਣ, ਬਿਗਲ, ਹਥੌੜਾ, ਲੈਂਪਾਂ ਦੇ ਸ਼ੀਸ਼ੇ ਕੱਸਣ ਦੀ ਚਾਬੀ, ਸੱਬਲ, ਬੇਲਚਾ, ਝਾੜੂ, ਬੋਲਟ ਅਤੇ ਕਿੱਲਾਂ। ਨਾਲ ਹੀ ਦੋ ਕਿਤਾਬਾਂ ਵੀ ਮਿਲੀਆਂ — ਇਕ ਨਿਯਮਾਂ ਦੀ ਅਤੇ ਦੂਸਰੀ ਟਾਈਮ ਟੇਬਲ ਦੀ। ਸ਼ੁਰੂ-ਸ਼ੁਰੂ ਵਿੱਚ ਤਾਂ ਸੇਮਿਓਨ ਰਾਤਾਂ ਨੂੰ ਨਹੀਂ ਸੌਂਦਾ ਸੀ, ਟਾਈਮਟੇਬਲ ਰੱਟਦਾ ਰਹਿੰਦਾ ਸੀ ; ਗੱਡੀ ਦੋ ਘੰਟੇ ਬਾਅਦ ਜਾਣ ਵਾਲੀ ਹੁੰਦੀ, ਪਰ ਉਹ ਪਹਿਲਾਂ ਹੀ ਆਪਣੇ ਹਿੱਸੇ ਦਾ ਚੱਕਰ ਲਗਾ ਆਉਂਦਾ, ਚੌਕੀ ਕੋਲ ਬੈਂਚ 'ਤੇ ਬੈਠ ਜਾਂਦਾ ਅਤੇ ਧਿਆਨ ਨਾਲ ਦੇਖਦਾ-ਸੁਣਦਾ ਰਹਿੰਦਾ : ਪੱਟੜੀ ਤਾਂ ਨਹੀਂ ਹਿਲ ਰਹੀ, ਗੱਡੀ ਦੀ ਅਵਾਜ਼ ਤਾਂ ਨਹੀਂ ਆ ਰਹੀ। ਸਾਰੇ ਨਿਯਮ ਵੀ ਉਸ ਨੇ ਜ਼ੁਬਾਨੀ ਰੱਟ ਲਏ ; ਪੜ੍ਹਦਾ ਤਾਂ ਉਹ ਮੁਸ਼ਕਿਲ ਨਾਲ ਸੀ — ਇਕ-ਇਕ ਅੱਖਰ ਜੋੜ ਕੇ, ਫਿਰ ਵੀ ਸਭ ਰੱਟ ਲਏ।

ਗਰਮੀਆਂ ਦੇ ਦਿਨ ਸਨ, ਕੰਮ ਕੋਈ ਜ਼ਿਆਦਾ ਮੁਸ਼ਕਿਲ ਨਹੀਂ ਸੀ, ਬਰਫ਼ ਹਟਾਉਣ ਦੀ ਜ਼ਰੂਰਤ ਨਹੀਂ ਅਤੇ ਗੱਡੀਆਂ ਵੀ ਉਸ ਲਾਈਨ 'ਤੇ ਘੱਟ ਹੀ ਚੱਲਦੀਆਂ ਸਨ। ਸੇਮਿਓਨ ਦਿਨ ਵਿੱਚ ਦੋ ਵਾਰ ਆਪਣਾ ਪੌਣਾ ਮੀਲ ਦਾ ਚੱਕਰ ਲਗਾ ਆਉਂਦਾ ; ਕਿਤੇ-ਕਿਤੇ ਲਾਲਟੈਣਾਂ ਦੇ ਸ਼ੀਸ਼ੇ ਕੱਸ ਦਿੰਦਾ, ਰੋੜੀ ਠੀਕ ਕਰਦਾ, ਪਾਣੀ ਦੇ ਪਾਈਪ ਦੇਖ ਲੈਂਦਾ ਅਤੇ ਆਪਣੀ ਖੇਤੀ ਕਰਨ ਘਰ ਮੁੜ ਆਉਂਦਾ। ਖੇਤੀ ਵਿਚ ਇਕ ਵੱਡੀ ਅੜਚਣ ਸੀ : ਜੋ ਵੀ ਕਰਨਾ ਹੋਵੇ ਫੋਰਮੈਨ ਨੂੰ ਪੁੱਛੋ, ਉਹ ਡਿਵੀਜ਼ਨ ਮੈਨੇਜਰ ਨੂੰ ਲਿਖੇਗਾ, ਜਦੋਂ ਤੱਕ ਇਜਾਜ਼ਤ ਮਿਲਦੀ, ਉਹ ਕੰਮ ਕਰਨ ਦਾ ਵਕਤ ਹੀ ਨਿਕਲ ਚੁੱਕਿਆ ਹੁੰਦਾ। ਸੇਮਿਓਨ ਅਤੇ ਉਸ ਦੀ ਬੀਵੀ ਇਸ ਤੋਂ ਅੱਕਣ ਲੱਗੇ ਸਨ।

ਕੋਈ ਦੋ ਮਹੀਨੇ ਬੀਤ ਗਏ ; ਸੇਮਿਓਨ ਆਪਣੇ ਆਸ-ਪਾਸ ਦੇ ਲਾਈਨਮੈਨਾਂ ਨਾਲ ਜਾਣ-ਪਹਿਚਾਣ ਕਰਨ ਲੱਗਾ। ਇੱਕ ਤਾਂ ਬਿਲਕੁਲ ਬੁੱਢਾ ਸੀ ; ਉਸਨੂੰ ਬਦਲਣ ਦੀ ਸੋਚ ਰਹੇ ਸਨ; ਮੁਸ਼ਕਿਲ ਨਾਲ ਚੌਕੀ ਵਿੱਚੋਂ ਬਾਹਰ ਨਿਕਲਦਾ ਸੀ। ਉਸਦੀ ਘਰਵਾਲੀ ਹੀ ਉਸਦੀ ਜਗ੍ਹਾ ਲਾਈਨ ਦਾ ਚੱਕਰ ਲਗਾਉਂਦੀ ਸੀ। ਦੂਸਰਾ ਲਾਈਨਮੈਨ, ਜੋ ਸਟੇਸ਼ਨ ਵਾਲੀ ਚੌਕੀ 'ਤੇ ਸੀ, ਜਵਾਨ ਹੀ ਸੀ — ਦੁਬਲਾ-ਪਤਲਾ ਜਿਹਾ, ਨਾੜਾਂ ਉਭਰੀਆਂ ਹੋਈਆਂ ਸਨ। ਇੱਕ ਵਾਰ ਲਾਈਨ

'ਤੇ ਦੋਵਾਂ ਦੀ ਮੁਲਾਕਾਤ ਹੋ ਗਈ ; ਸੇਮਿਓਨ ਨੇ ਟੋਪੀ ਉਤਾਰੀ, ਝੁੱਕ ਕੇ ਸਲਾਮ ਕੀਤਾ, ਬੋਲਿਆ :

"ਕਿਉਂ ਭਰਾ ਗੁਆਂਢੀਆ ਕਿਵੇਂ ਹੈਂ? ਮਜ਼ੇ ਵਿਚ ਤਾਂ ਹੈ?"

ਗੁਆਂਢੀ ਨੇ ਕੱਣਖੀਆਂ 'ਚੋਂ ਉਸ ਵੱਲ ਵੇਖਿਆ।

"ਨਮਸਤੇ!" ਅਤੇ ਮੁੜ ਕੇ ਵਾਪਸ ਚਲਾ ਗਿਆ। ਇਸ ਤੋਂ ਬਾਅਦ ਇਕ ਵਾਰ ਦੋਨਾਂ ਦੀਆਂ ਬੀਵੀਆਂ ਦੀ ਮੁਲਾਕਾਤ ਹੋ ਗਈ। ਸੇਮਿਓਨ ਦੀ ਅਰੀਨਾ ਨੇ ਪੜੋਸਣ ਨੂੰ ਨਮਸਤੇ ਕੀਤੀ ; ਉਸ ਨੇ ਕੋਈ ਗੱਲ ਨਹੀਂ ਕੀਤੀ ਅਤੇ ਚਲੀ ਗਈ। ਇਕ ਦਿਨ ਸੇਮਿਓਨ ਨੇ ਉਸ ਨੂੰ ਦੇਖਿਆ, ਬੋਲਿਆ :

"ਕੀ ਗੱਲ ਹੈ, ਭੈਣੇ, ਮਰਦ ਤੇਰਾ ਗੱਲ ਹੀ ਨਹੀਂ ਕਰਦਾ?"

ਉਹ ਕੁਝ ਦੇਰ ਚੁੱਪ ਰਹੀ। ਫਿਰ ਬੋਲੀ :

"ਗੱਲਾਂ ਕੀ ਕਰੀਏ? ਹਰ ਕਿਸੇ ਦੀ ਆਪਣੀ ਜ਼ਿੰਦਗੀ ਹੈ ... ਜਾਓ, ਤੁਸੀਂ ਆਪਣੀ ਵੇਖੋ।"

ਖੈਰ, ਹੋਰ ਇਕ ਮਹੀਨਾ ਬੀਤਣ ਤੱਕ ਦੋਨਾਂ ਦੀ ਜਾਣ-ਪਹਿਚਾਣ ਹੋ ਗਈ। ਲਾਈਨ 'ਤੇ ਸੇਮਿਓਨ ਅਤੇ ਵਸੀਲੀ ਮਿਲਦੇ, ਕਿਨਾਰੇ 'ਤੇ ਬੈਠ ਜਾਂਦੇ, ਪਾਈਪ ਪੀਂਦੇ ਅਤੇ ਇਧਰ-ਉਧਰ ਦੀਆਂ ਗੱਲਾਂ ਕਰਦੇ। ਵਸੀਲੀ ਤਾਂ ਜ਼ਿਆਦਾਤਰ ਚੁੱਪ ਹੀ ਰਹਿੰਦਾ, ਸੇਮਿਓਨ ਉਸਨੂੰ ਆਪਣੇ ਪਿੰਡ ਦੀਆਂ, ਲੜਾਈ ਦੀਆਂ ਗੱਲਾਂ ਦੱਸਦਾ ਰਹਿੰਦਾ। ਇਕ ਦਿਨ ਸੇਮਿਓਨ ਦੱਸਣ ਲੱਗਾ :

"ਉਮਰ ਤਾਂ ਮੇਰੀ ਕੋਈ ਖਾਸ ਨਹੀਂ, ਪਰ ਦੁਖ ਬਹੁਤ ਦੇਖੇ ਹਨ ਮੈਂ। ਸੁਖ ਨਹੀਂ ਮਿਲਿਆ ਕਿਤੇ ਵੀ। ਆਦਮੀ ਦੀ ਕਿਸਮਤ ਵਿੱਚ ਜੋ ਲਿਖਿਆ ਹੁੰਦਾ ਹੈ, ਬਸ ਉਹੀ ਮਿਲਦਾ ਹੈ ਉਸ ਨੂੰ। ਇਹੀ ਗੱਲ ਹੈ, ਭਰਾ ਮੇਰੇ।"

ਵਸੀਲੀ ਨੇ ਪਾਈਪ ਰੇਲ ਉੱਤੇ ਠੋਕਿਆ ਤੇ ਖੜ੍ਹਾ ਹੋਇਆ, ਬੋਲਿਆ :

"ਸਾਡੇ 'ਤੇ ਕਿਸਮਤ ਦੀ ਮਾਰ ਨਹੀਂ, ਲੋਕਾਂ ਦੀ ਮਾਰ ਹੈ। ਇਸ ਦੁਨੀਆਂ ਵਿਚ ਆਦਮੀ ਤੋਂ ਵੱਧ ਦੁਸ਼ਟ ਜਾਨਵਰ ਹੋਰ ਕੋਈ ਨਹੀਂ। ਭੇੜੀਆ ਭੇੜੀਏ ਨੂੰ ਨਹੀਂ ਖਾਂਦਾ, ਪਰ ਆਦਮੀ ਆਦਮੀ ਨੂੰ ਜਿਉਂਦੀਆਂ ਜੀ ਹੀ ਹੜੱਪ ਜਾਂਦਾ ਹੈ।"

"ਨਹੀਂ, ਭਰਾ ਮੇਰੇ। ਇਹ ਗੱਲ ਤਾਂ ਨਹੀਂ। ਭੇੜੀਆ ਤਾਂ ਭੇੜੀਏ ਨੂੰ ਖਾ ਜਾਂਦਾ ਹੈ।"

"ਉਹ ਤਾਂ ਮੈਂ ਗੱਲ ਵਿੱਚ ਗੱਲ ਕਰ ਦਿਤੀ। ਪਰ ਫਿਰ ਵੀ ਆਦਮੀ ਨਾਲੋਂ ਕਠੋਰ ਕੋਈ ਨਹੀਂ। ਜੇ ਲੋਕਾਂ 'ਚ ਦੁਸ਼ਟਤਾ ਅਤੇ ਲਾਲਚ ਨਾ ਹੋਵੇ ਤਾਂ ਚੈਨ ਨਾਲ ਜੀਵਿਆ ਜਾ ਸਕਦਾ ਹੈ। ਹਰ ਕੋਈ ਇਸੇ ਤਾਕ ਵਿੱਚ ਰਹਿੰਦਾ ਹੈ ਕਿ ਕਿਵੇਂ ਦੂਜੇ ਨੂੰ ਕੱਟ ਲਵੇ ਅਤੇ ਹੜੱਪ ਲਵੇ।"

ਸੇਮਿਓਨ ਸੋਚ ਵਿੱਚ ਪੈ ਗਿਆ, ਫਿਰ ਬੋਲਿਆ :

"ਪਤਾ ਨਹੀਂ, ਭਰਾਵਾ। ਹੋ ਸਕਦਾ ਹੈ, ਇੰਜ ਹੀ ਹੋਵੇ। ਪਰ ਇੰਜ ਹੈ ਵੀ ਤਾਂ ਸਭ ਰੱਬ ਦੀ ਮਰਜ਼ੀ ਹੈ।"

ਵਸੀਲੀ ਬੋਲਿਆ :

"ਜੇ ਅਜਿਹਾ ਹੈ, ਤਾਂ ਫਿਰ ਮੈਂ ਤੇਰੇ ਨਾਲ ਕੋਈ ਗੱਲ ਨਹੀਂ ਕਰਨੀ। ਹਰ ਬੇਇਨਸਾਫੀ ਨੂੰ ਰੱਬ ਦੀ ਦੁਹਾਈ ਦੇ ਕੇ ਬੈਠੇ ਸਹਿੰਦੇ ਰਹੋ, ਤਾਂ ਫਿਰ ਆਦਮੀ ਆਦਮੀ ਨਹੀਂ, ਜਾਨਵਰ ਹੈ। ਮੈਂ ਤਾਂ ਇਹੀ ਕਹਾਂਗਾ।"

ਤੇ ਉਹ ਮੁੜ ਕੇ ਤੁਰ ਪਿਆ, ਨਮਸਤੇ ਵੀ ਨਹੀਂ ਕੀਤੀ। ਸੇਮਿਓਨ ਵੀ ਖੜ੍ਹਾ ਹੋ ਗਿਆ, ਚੀਕਿਆ :

"ਵਸੀਲੀ, ਓਏ ਨਰਾਜ਼ ਕਿਉਂ ਹੁੰਦਾ ਹੈਂ, ਭਰਾਵਾ!"

ਪਰ ਉਸਨੇ ਮੁੜ ਕੇ ਨਹੀਂ ਵੇਖਿਆ ਅਤੇ ਤੁਰਦਾ ਗਿਆ। ਸੇਮਿਓਨ ਦੇਰ ਤੱਕ ਉਸਨੂੰ ਜਾਂਦਿਆਂ ਤੱਕਦਾ ਰਿਹਾ ਜਦ ਤੱਕ ਕਿ ਉਹ ਮੋੜ 'ਤੇ ਵਸੀਲੀ ਅੱਖਾਂ ਤੋਂ ਓਹਲੇ ਨਹੀਂ ਹੋ ਗਿਆ। ਘਰ ਆ ਕੇ ਬੀਵੀ ਨੂੰ ਕਿਹਾ :

"ਕਿਵੇਂ ਦਾ ਗੁਆਂਢੀ ਹੈ ਸਾਡਾ, ਅਰੀਨਾ। ਆਦਮੀ ਨਹੀਂ ਭੂੰਡ ਹੈ।"

ਪਰ ਖੈਰ ਉਹਨਾਂ ਵਿੱਚ ਮਨ-ਮੁਟਾਵ ਨਹੀਂ ਹੋਇਆ। ਅਗਲੇ ਦਿਨ ਫਿਰ ਮਿਲੇ ਅਤੇ ਪਹਿਲਾ ਵਾਂਗ ਹੀ ਗੱਲਾਂ ਕਰਨ ਲੱਗ ਪਏ, ਫਿਰ ਉਹੀ ਚਰਚਾ ਛਿੜ ਗਈ।

"ਓਏ ਭਰਾਵਾ, ਜੇ ਲੋਕਾਂ ਦਾ ਜ਼ੁਲਮ ਨਾ ਹੁੰਦਾ, ਤਾਂ ਅਸੀਂ ਇਥੇ ਇਨ੍ਹਾਂ ਚੌਕੀਆਂ ਵਿੱਚ ਨਾ ਬੈਠੇ ਹੁੰਦੇ," ਵਸੀਲੀ ਬੋਲਿਆ।

"ਚੌਕੀ ਵੀ ਕਿਹੜੀ ਮਾੜੀ ਹੈ ... ਜੀਇਆ ਜਾ ਸਕਦਾ ਹੈ।"

"ਉਫ਼, ਜੀਇਆ ਜਾ ਸਕਦਾ ਹੈ, ਜੀਇਆ ਜਾ ਸਕਦਾ ਹੈ ... ਬਹੁਤ ਜੀਇਆ, ਪਰ ਕੁਝ ਨਹੀਂ ਪਾਇਆ, ਬਹੁਤ ਦੇਖਿਆ, ਪਰ ਕੁਝ ਨਹੀਂ ਜਾਣਿਆ। ਗਰੀਬ ਆਦਮੀ ਭਾਵੇਂ ਚੌਕੀ ਵਿੱਚ ਰਹੇ ਜਾਂ ਕਿਤੇ ਵੀ, ਉਸਦੀ ਜ਼ਿੰਦਗੀ ਜ਼ਿੰਦਗੀ ਨਹੀਂ! ਇਹ ਕੰਬਖਤ ਜੀਂਦੇ ਜੀਅ ਖਾਂਦੇ ਰਹਿੰਦੇ ਹਨ। ਸਾਰਾ ਖੂਨ ਨਿਚੋੜ ਲੈਂਦੇ ਹਨ ਅਤੇ ਜਦੋਂ ਬੁੱਢੇ ਹੋ ਜਾਓ, ਤਾਂ ਫੋਕ ਵਾਂਗ ਸੁੱਟ ਦੇਣਗੇ, ਸੂਰਾਂ ਦੇ ਖਾਣ ਲਈ। ਤੈਨੂੰ ਕਿੰਨੇ ਪੈਸੇ ਮਿਲਦੇ ਹਨ?"

"ਕੋਈ ਖਾਸ ਨਹੀਂ, ਭਰਾਵਾ। ਬਸ ਬਾਰਾਂ ਰੂਬਲ ਹੀ।"

"ਮੈਨੂੰ ਸਾਢੇ ਤੇਰਾਂ ਮਿਲਦੇ ਹਨ। ਹੁਣ ਤੂੰ ਇਹ ਦੱਸ ਕੇ ਕਿਉਂ? ਕਾਇਦੇ ਨਾਲ ਸਭ ਨੂੰ ਇਕੋ ਜਿਹੀ ਤਨਖਾਹ ਮਿਲਣੀ ਚਾਹੀਦੀ ਹੈ : ਮਹੀਨੇ ਵਿੱਚ ਪੰਦਰਾਂ ਰੂਬਲ ਅਤੇ ਅੱਗ, ਦੀਵਾ-ਬੱਤੀ ਵੱਖ। ਕਿਸਨੇ ਤੈਅ ਕੀਤਾ ਕਿ ਸਾਨੂੰ ਬਾਰਾਂ ਜਾਂ ਸਾਢੇ ਤੇਰਾਂ ਮਿਲਣ? ਕਿਸ ਦੀ ਜੇਬ ਵਿੱਚ ਬਾਕੀ ਦੇ ਤਿੰਨ ਜਾਂ ਡੇਢ ਰੂਬਲ ਜਾਂਦੇ ਹਨ, ਕੌਣ ਇਹਨਾਂ ਨਾਲ ਆਪਣਾ ਦੋਜ਼ਖ ਭਰਦਾ ਹੈ, ਤੂੰ ਦੱਸ ਮੈਨੂੰ! .. ਤੇ ਤੂੰ ਕਹਿੰਦਾ ਹੈਂ ਜੀਇਆ ਜਾ ਸਕਦਾ ਹੈ! ਸਮਝਦੇ ਕਿਉਂ ਨਹੀਂ, ਗੱਲ ਡੇਢ ਜਾਂ ਤਿੰਨ ਰੂਬਲ ਦੀ ਨਹੀਂ। ਭਾਵੇਂ ਪੂਰੇ ਪੰਦਰਾਂ ਹੀ ਕਿਉਂ ਨਾ ਦੇਣ। ਪਿਛਲੇ ਮਹੀਨੇ ਮੈਂ ਸਟੇਸ਼ਨ 'ਤੇ ਗਿਆ ਸੀ। ਜਨਰਲ ਮੈਨੇਜਰ ਜਾ ਰਿਹਾ ਸੀ, ਦੇਖਿਆ ਮੈਂ ਉਸਨੂੰ। ਅਜਿਹੇ ਭਾਗ ਖੁੱਲ੍ਹੇ ਮੇਰੇ ਕਿ ਦਰਸ਼ਨ ਹੋਏ ਉਹਨਾਂ ਦੇ! ਆਪਣੀ ਅਲੱਗ ਬੋਗੀ ਵਿੱਚ ਸਾਹਬ ਜਾ ਰਹੇ ਹਨ ; ਪਲੇਟਫਾਰਮ 'ਤੇ ਨਿਕਲੇ, ਠਾਠ ਨਾਲ ਖੜ੍ਹੇ ਹਨ, ਤੋਂਦ 'ਤੇ ਸੋਨੇ ਦੀ ਚੇਨ ਲਟਕ ਰਹੀ ਹੈ, ਗੱਲ੍ਹਾਂ ਲਾਲ-ਸੁਰਖ ... ਖੂਨ ਪੀ-ਪੀ ਕੇ ਲਾਲ ਹੋ ਗਿਆ, ਸਾਲਾ। ਉਫ਼, ਜੇ ਇਹਨਾਂ ਹੱਥਾਂ ਵਿੱਚ ਤਾਕਤ ਹੋਵੇ! ..ਨਹੀਂ, ਮੈਂ ਇਥੇ ਨਹੀਂ ਰਹਾਂਗਾ, ਚਲਾ ਜਾਵਾਂਗਾ ਕਿਧਰੇ, ਜਿਧਰ ਵੀ ਸਿਰ ਉਠਿਆ।"

"ਕਿਥੇ ਜਾਵੇਂਗਾ, ਭਾਈ ਮੇਰੇ! ਰੋਟੀ ਨੂੰ ਲੱਤ ਮਾਰ ਕੇ ਕੋਈ ਰੋਟੀ ਲੱਭਦਾ ਹੈ ਕੀ? ਇਥੇ ਤਾਂ ਤੈਨੂੰ ਘਰ ਵੀ ਮਿਲਿਆ ਹੋਇਆ ਹੈ, ਸਰਦੀਆਂ ਵਿੱਚ ਘਰ ਗਰਮਾਉਣ ਲਈ ਲੱਕੜ ਵੀ ਤੇ ਥੋੜ੍ਹੀ-

ਬਹੁਤ ਜ਼ਮੀਨ ਵੀ ਹੈ! ਔਰਤ ਤਾਂ ਤੇਰੀ ਮਿਹਨਤੀ ਹੈ ..."

"ਕੀ ਜ਼ਮੀਨ ਹੈ! ਤੂੰ ਆ ਕੇ ਦੇਖ ਤਾਂ ਮੇਰੀ ਜ਼ਮੀਨ। ਇੱਕ ਟੂੰਡ ਤੱਕ ਨਹੀਂ ਉਗਦਾ। ਬਸੰਤ ਵਿੱਚ ਮੈਂ ਬੰਦਗੋਭੀ ਉਗਾਉਣ ਦੀ ਸੋਚੀ ਸੀ, ਤਾਂ ਫੋਰਮੈਨ ਆ ਗਿਆ, ਚੀਕਣ ਲੱਗਾ : 'ਇਹ ਕੀ ਕਰਦੇ ਹੋ। ਰਪਟ ਕਿਉਂ ਨਹੀਂ ਦਿੱਤੀ? ਬਿਨਾ ਇਜਾਜ਼ਤ ਦੇ ਕਿਉਂ ਬੀਜੀ? ਉਖਾੜ ਹੁਣੇ, ਇਸਦਾ ਨਾਮੋ-ਨਿਸ਼ਾਨ ਤੱਕ ਨਾ ਰਹੇ ਇਥੇ।' ਪੀਤੀ ਹੋਈ ਸੀ ਸਾਲੇ ਨੇ। ਹੋਰ ਕੋਈ ਮੌਕਾ ਹੁੰਦਾ ਤਾਂ ਕੁਝ ਵੀ ਨਾ ਕਹਿੰਦਾ, ਪਰ ਉਸ ਦਿਨ ਭੂਤ ਸਵਾਰ ਸੀ ਉਸ 'ਤੇ... 'ਤਿੰਨ ਰੂਬਲ ਜੁਰਮਾਨਾ!'"ਵਸੀਲੀ ਚੁੱਪ ਹੋ ਗਿਆ, ਪਾਈਪ ਦੇ ਦੋ ਕਸ਼ ਖਿਚੇ, ਫਿਰ ਹੌਲੀ ਜਿਹੀ ਬੋਲਿਆ :

"ਬਸ ਥੋੜ੍ਹੀ ਦੇਰ ਦੀ ਹੋਰ ਕਸਰ ਸੀ, ਸਾਲੇ ਦਾ ਕੰਮ ਤਮਾਮ ਕਰ ਦਿੱਤਾ ਹੁੰਦਾ।"

"ਓਹ ਭਰਾਵਾ, ਬੜਾ ਕ੍ਰੋਧੀ ਹੈਂ ਤੂੰ!"

"ਕ੍ਰੋਧੀ-ਵੋਧੀ ਕੁਝ ਨਹੀਂ, ਮੈਂ ਸੱਚ ਗੱਲ ਕਰਦਾ, ਸਭ ਸਮਝਦਾ ਹਾਂ ਚੰਗੀ ਤਰ੍ਹਾਂ। ਖੈਰ ਮੈਂ ਵੀ ਉਸ ਲਾਲ ਥੁੱਥਣੇ ਨੂੰ ਮਜ਼ਾ ਚਖਾ ਕੇ ਰਹਾਂਗਾ। ਦੇਖ ਲੈਣਾ!"

ਤੇ ਸੱਚ-ਮੁੱਚ ਹੀ ਉਸਨੇ ਸ਼ਿਕਾਇਤ ਕੀਤੀ।

ਇਕ ਵਾਰ ਡਿਵੀਜ਼ਨ ਮੈਨੇਜਰ ਰਸਤੇ ਦੀ ਜਾਂਚ ਪੜਤਾਲ ਕਰਨ ਆਇਆ। ਉਸ ਤੋਂ ਤਿੰਨ ਦਿਨ ਬਾਅਦ ਪੀਟਰਸਬਰਗ ਤੋਂ ਕੁਝ ਵੱਡੇ ਸਾਹਬ ਇੰਸਪੈਕਸ਼ਨ ਕਰਨ ਆਉਣ ਵਾਲੇ ਸਨ, ਸੋ ਉਸ ਤੋਂ ਪਹਿਲਾਂ ਸਭ ਕੁਝ ਠੀਕ-ਠਾਕ ਕਰਨਾ ਸੀ। ਰੋੜੀ-ਵੋੜੀ ਪਾ ਦਿੱਤੀ, ਸਭ ਬਰਾਬਰ ਕਰ ਦਿੱਤਾ, ਸਲਿੱਪਰ ਸਾਰੇ ਦੇਖੇ, ਕਿੱਲਾਂ ਠੋਕ-ਠਾਕ ਦਿੱਤੀਆਂ, ਸ਼ੀਸ਼ੇ ਕੱਸ ਦਿੱਤੇ, ਖੰਭਿਆਂ 'ਤੇ ਰੰਗ ਕਰ ਦਿੱਤਾ, ਕਰਾਸਿੰਗਾਂ 'ਤੇ ਪੀਲੀ ਰੇਤ ਪਾਉਣ ਦਾ ਹੁਕਮ ਹੋਇਆ। ਪੜੋਸਣ ਲਾਈਨਮੈਨ ਨੇ ਆਪਣੇ ਬੁੱਢੇ ਨੂੰ ਵੀ ਬਾਹਰ ਕੱਢ ਦਿੱਤਾ — ਘਾਹ ਪੁੱਟਣ ਲਈ। ਸੇਮਿਓਨ ਸਾਰਾ ਹਫ਼ਤਾ ਡੱਟ ਕੇ ਕੰਮ ਕਰਦਾ ਰਿਹਾ ; ਸਭ ਕੁਝ ਠੀਕ-ਠਾਕ ਕਰ ਦਿੱਤਾ, ਆਪਣੇ ਕਾਫ਼ਤਾਨ ਦੀ ਵੀ ਮੁਰੰਮਤ ਕਰ ਲਈ, ਧੋ ਲਿਆ ਅਤੇ ਤਾਂਬੇ ਦੇ ਬਿੱਲੇ ਨੂੰ ਵੀ ਇੱਟ ਨਾਲ ਰਗੜ-ਰਗੜ ਕੇ ਚਮਕਾ ਦਿੱਤਾ। ਵਸੀਲੀ ਵੀ ਕੰਮ ਵਿੱਚ ਰੁਝਿਆ ਹੋਇਆ ਸੀ। ਡਿਵੀਜ਼ਨ ਮੈਨੇਜਰ ਟਰਾਲੀ 'ਤੇ ਆਇਆ ; ਚਾਰ ਮਜ਼ਦੂਰ ਹੈਂਡਲ ਘੁਮਾ ਰਹੇ ਸਨ, ਗੇਅਰ ਸਰ-ਸਰ ਕਰਦੇ, ਘੰਟੇ ਵਿੱਚ ਟਰਾਲੀ ਪੰਦਰਾਂ ਮੀਲ ਪਾਰ ਕਰ ਲੈਂਦੀ। ਸੇਮਿਓਨ ਨੇ ਸਾਵਧਾਨ ਖੜੇ ਹੋ ਕੇ ਸਿਪਾਹੀ ਵਾਂਗ ਰਿਪੋਰਟ ਦਿੱਤੀ। ਸਭ ਕੁਝ ਠੀਕ-ਠਾਕ ਨਿਕਲਿਆ।

"ਕਦੋਂ ਤੋਂ ਹੈਂ ਤੂੰ ਇੱਥੇ?" ਮੈਨੇਜਰ ਨੇ ਪੁੱਛਿਆ।

"ਦੂਸਰੀ ਮਈ ਤੋਂ, ਹਜ਼ੂਰ।"

"ਚੰਗਾ। ਸ਼ੁਕਰੀਆ ਤੇਰਾ। ਇੱਕ ਸੌ ਚੌਂਹਠ ਨੰਬਰ ਵਿੱਚ ਕੌਣ ਹੈ?"

ਫੋਰਮੈਨ ਵੀ ਉਹਨਾਂ ਨਾਲ ਟਰਾਲੀ ਵਿੱਚ ਜਾ ਰਿਹਾ ਸੀ, ਬੋਲਿਆ :

"ਵਸੀਲੀ ਸਪੀਰੀਦਵ ... ਇਹ ਉਹੀ ਹੈ ਨਾ, ਜਿਸ ਦੇ ਬਾਰੇ ਵਿੱਚ ਤੂੰ ਪਿਛਲੇ ਸਾਲ ਕੁਝ ਕਿਹਾ ਸੀ।"

"ਜੀ, ਸਾਹਬ, ਉਹੀ ਹੈ।"

"ਚੰਗਾ, ਦੇਖਦੇ ਹਾਂ ਇਸ ਵਸੀਲੀ ਨੂੰ ਵੀ। ਚਲੋ।"

ਮਜ਼ਦੂਰ ਹੈਂਡਲ ਘੁਮਾਉਣ ਲੱਗਾ ; ਟਰਾਲੀ ਤੁਰ ਪਈ।

ਸੇਮਿਓਨ ਉਹਨਾਂ ਨੂੰ ਜਾਂਦਿਆਂ ਦੇਖ ਰਿਹਾ ਸੀ ਅਤੇ ਮਨ ਹੀ ਮਨ ਵਿੱਚ ਸੋਚ ਰਿਹਾ ਸੀ : "ਜ਼ਰੂਰ ਕੋਈ ਤਮਾਸ਼ਾ ਹੋਵੇਗਾ ਉਥੇ।"

ਦੋ ਘੰਟੇ ਬਾਅਦ ਲਾਈਨ ਦਾ ਚੱਕਰ ਲਗਾਉਣ ਨਿਕਲਿਆ। ਦੇਖਦਾ ਕੀ ਹੈ ਕਿ ਪੱਟੜੀ 'ਤੇ ਕੋਈ ਤੁਰਿਆ ਆ ਰਿਹਾ ਹੈ, ਸਿਰ 'ਤੇ ਚਿੱਟਾ ਜਿਹਾ ਕੁਝ ਨਜ਼ਰ ਆ ਰਿਹਾ ਹੈ। ਸੇਮਿਓਨ ਧਿਆਨ ਨਾਲ ਦੇਖਣ ਲੱਗਿਆ — ਵਸੀਲੀ ਸੀ। ਹੱਥ ਵਿੱਚ ਛੜੀ ਫੜੀ ਹੋਈ ਸੀ, ਮੋਢੇ 'ਤੇ ਛੋਟੀ ਜਿਹੀ ਗੱਠਰੀ, ਗਲ੍ਹ 'ਤੇ ਰੁਮਾਲ ਬੰਨ੍ਹਿਆ ਹੋਇਆ ਸੀ।

"ਕਿਥੇ ਚਲਿਆ, ਵਸੀਲੀ?" ਸੇਮਿਓਨ ਚੀਕਿਆ।

ਵਸੀਲੀ ਬਿਲਕੁਲ ਕੋਲ ਆ ਗਿਆ ; ਉਸਦਾ ਚਿਹਰਾ ਇਕਦਮ ਉਤਰਿਆ ਹੋਇਆ ਸੀ, ਚੂਨੇ ਵਰਗਾ ਚਿੱਟਾ, ਅੱਖਾਂ ਫੱਟੀਆਂ-ਫੱਟੀਆਂ, ਬੋਲਿਆ, ਤਾਂ ਆਵਾਜ਼ ਕੰਬਣ ਲੱਗੀ।

"ਸ਼ਹਿਰ ਜਾ ਰਿਹਾ ਹਾਂ ... ਮਾਸਕੋ ... ਵੱਡੇ ਦਫ਼ਤਰ ..."

"ਵੱਡੇ ਦਫ਼ਤਰ ... ਅੱਛਾ! ਤਾਂ ਸ਼ਿਕਾਇਤ ਕਰਨ ਜਾ ਰਿਹਾ ਹੈਂ? ਰਹਿਣ ਦੇ, ਭਰਾਵਾ, ਭੁੱਲ ਜਾ ਇਹ ਸਭ! .."

"ਨਹੀਂ, ਭਰਾਵਾ, ਨਹੀਂ ਭੁੱਲਾਂਗਾ। ਭੁੱਲਣ ਦਾ ਵਕਤ ਨਹੀਂ ਰਿਹਾ ਹੁਣ। ਦੇਖ ਰਿਹਾ ਹੈਂ, ਕਿਵੇਂ ਮੂੰਹ 'ਤੇ ਮਾਰਿਆ ਹੈ, ਖ਼ੂਨੋ-ਖ਼ੂਨ ਕਰ ਦਿੱਤਾ। ਜਦ ਤੱਕ ਜਿੰਦਾ ਹਾਂ, ਇੰਝ ਨਹੀਂ ਛੱਡਾਂਗਾ। ਇਹਨਾਂ ਖ਼ੂਨ ਚੂਸਣ ਵਾਲਿਆਂ ਨੂੰ ਸਬਕ ਸਿਖਾਉਣਾ ਚਾਹੀਦਾ।"

ਸੇਮਿਓਨ ਨੇ ਉਸਦਾ ਹੱਥ ਫੜ ਲਿਆ :

"ਰਹਿਣ ਦੇ, ਵਸੀਲੀ, ਮੈਂ ਠੀਕ ਕਹਿ ਰਿਹਾ ਹਾਂ : ਕੁਝ ਨਹੀਂ ਬਣਨਾ।"

ਬਣੇ-ਬਣਾਏਗਾ ਕੀ! ਮੈਨੂੰ ਖ਼ੁਦ ਹੀ ਪਤਾ ਹੈ ਕਿ ਕੁਝ ਨਹੀਂ ਹੋਣਾ-ਹੋਵਣਾ ; ਸੱਚ ਹੀ ਕਹਿ ਰਿਹਾ ਸੀ — ਜੋ ਕਿਸਮਤ 'ਚ ਲਿਖਿਆ ਹੈ। ਮੇਰਾ ਤਾਂ ਕੁਝ ਬਣੇਗਾ ਨਹੀਂ, ਪਰ ਇਨਸਾਫ ਲਈ ਮੈਂ ਜ਼ਰੂਰ ਲੜਾਂਗਾ।"

ਤੂੰ ਇਹ ਤਾਂ ਦੱਸ ਕਿ ਇਹ ਸਭ ਹੋਇਆ ਕਿਵੇਂ?"

"ਹੋਣਾ ਕੀ ਸੀ... ਸਭ ਕੁਝ ਦੇਖ ਲਿਆ ਉਸ ਨੇ, ਟਰਾਲੀ ਤੋਂ ਉਤਰਿਆ, ਚੌਕੀ ਵਿੱਚ ਝਾਕ ਕੇ ਵੇਖਿਆ। ਮੈਂ ਜਾਣਦਾ ਸੀ ਕਿ ਸਖਤੀ ਨਾਲ ਦੇਖੇਗਾ, ਸਭ ਠੀਕ-ਠਾਕ ਸੀ। ਉਹ ਤਾਂ ਚੱਲਣ ਹੀ ਵਾਲਾ ਸੀ, ਤਦੇ ਮੈਂ ਸ਼ਿਕਾਇਤ ਲੈ ਕੇ ਗਿਆ। ਉਹ ਵਰ੍ਹ ਪਿਆ : 'ਹਰਾਮਜ਼ਾਦੇ, ਇੱਥੇ ਸਰਕਾਰੀ ਇੰਸਪੈਕਸ਼ਨ ਹੋਣ ਵਾਲੀ ਹੈ ਤੇ ਤੈਨੂੰ ਸ਼ਿਕਾਇਤ ਕਰਨ ਦੀ ਪਈ ਹੋਈ ਹੈ! ਇਥੇ ਵੱਡੇ-ਵੱਡੇ ਸਾਹਿਬ ਆਉਣ ਵਾਲੇ ਹਨ ਤੇ ਤੈਨੂੰ ਆਪਣੀ ਬੰਦ ਗੋਭੀ ਦੀ ਫਿਕਰ ਹੈ! ' ਮੇਰੇ ਤੋਂ ਰਿਹਾ ਨਾ ਗਿਆ, ਮੂੰਹ 'ਚੋਂ ਗੱਲ ਨਿਕਲ ਗਈ, ਕੋਈ ਖਾਸ ਨਹੀਂ, ਪਰ ਉਸ ਨੂੰ ਬੁਰੀ ਲੱਗੀ। ਕੱਸ ਕੇ ਹੱਥ ਦੇ ਮਾਰਿਆ ... ਉਫ਼, ਕੰਬਖਤ ਸਾਡਾ ਧੀਰਜ! ਇਥੇ ਹੀ ਉਸ ਨੂੰ ਦੱਸਦਾ ... ਪਰ ਮੈਂ ਬੁੱਤ ਬਣਿਆ ਖੜ੍ਹਾ ਰਿਹਾ, ਜਿਵੇਂ ਕਿ ਇੰਝ ਹੀ ਹੋਣਾ ਚਾਹੀਦਾ ਸੀ। ਉਹ ਚਲੇ ਗਏ, ਤਦ ਹੋਸ਼ ਆਇਆ, ਮੂੰਹ ਧੋਅ ਕੇ ਤੁਰ ਪਿਆ।"

"ਚੌਕੀ ਦਾ ਕੀ ਹੋਵੇਗਾ?"

"ਬੀਵੀ ਤਾਂ ਹੈ ; ਸੰਭਾਲ ਲਵੇਗੀ। ਭਾੜ 'ਚ ਜਾਵੇ ਇਹ ਸਭ ਅਤੇ ਉਹਨਾਂ ਦੀਆਂ ਰੇਲਾਂ!"

ਵਸੀਲੀ ਉਠਿਆ, ਚੱਲਣ ਲੱਗਾ।

"ਚੰਗਾ ਤਾਂ, ਸੇਮਿਓਨ ਭਰਾਵਾ! ਪਤਾ ਨਹੀਂ ਕਿਤੇ ਇਨਸਾਫ ਮਿਲੇਗਾ ਕਿ ਨਹੀਂ।"

"ਪੈਦਲ ਜਾਵੇਂਗਾ?"

"ਸਟੇਸ਼ਨ 'ਤੇ ਮਾਲ ਗੱਡੀ ਵਿੱਚ ਬੈਠ ਜਾਵਾਂਗਾ ; ਕੱਲ ਮਾਸਕੋ ਪਹੁੰਚ ਜਾਵਾਂਗਾ।"

ਗੁਆਂਢੀਆਂ ਨਾਲ ਹੱਥ ਮਿਲਾਇਆ ; ਵਸੀਲੀ ਚਲਾ ਗਿਆ ਅਤੇ ਕਈ ਦਿਨਾਂ ਤੱਕ ਉਸਦੀ ਕੋਈ ਖਬਰ ਨਾ ਮਿਲੀ। ਉਸ ਦੀ ਬੀਵੀ ਉਸ ਦਾ ਸਾਰਾ ਕੰਮ ਕਰਦੀ ਸੀ, ਰਾਤ-ਦਿਨ ਨਾ ਸੌਂਦੀ ; ਮਰਦ ਦੀ ਵਾਟ ਤੱਕਦੀ-ਤੱਕਦੀ ਸੁੱਕ ਗਈ। ਤੀਸਰੇ ਦਿਨ ਇੰਸਪੈਕਸ਼ਨ ਦੀ ਗੱਡੀ ਗੁਜ਼ਰੀ : ਇੰਜਨ, ਮਾਲ ਡੱਬਾ ਅਤੇ ਦੋ ਫਸਟ ਕਲਾਸ ਦੇ ਡੱਬੇ। ਵਸੀਲੀ ਅਜੇ ਤੱਕ ਨਹੀਂ ਮੁੜਿਆ ਸੀ। ਚੌਥੇ ਦਿਨ ਸੇਮਿਓਨ ਨੇ ਉਸਦੀ ਬੀਵੀ ਨੂੰ ਦੇਖਿਆ : ਚਿਹਰਾ ਰੋ-ਰੋ ਕੇ ਸੁੱਜ ਗਿਆ ਸੀ, ਅੱਖਾਂ ਲਾਲ ਹੋ ਰਹੀਆਂ ਸਨ।

"ਮੁੜ ਆਇਆ?" ਉਸਨੇ ਪੁੱਛਿਆ।

ਵਸੀਲੀ ਦੀ ਔਰਤ ਨੇ ਹੱਥ ਝਟਕ ਦਿੱਤਾ, ਕੁਝ ਨਹੀਂ ਕਿਹਾ ਅਤੇ ਆਪਣੀ ਚੌਕੀ ਵੱਲ ਚਲੀ ਗਈ।

***

ਸੇਮਿਓਨ ਨੇ ਆਪਣੇ ਬਚਪਨ ਵਿੱਚ ਬੈਂਤ ਦੀਆਂ ਟਹਿਣੀਆਂ ਨਾਲ ਬੰਸਰੀ ਬਣਾਉਣੀ ਸਿਖੀ ਸੀ। ਟਹਿਣੀ ਨੂੰ ਅੰਦਰੋਂ ਗਰਮ ਸੀਖ ਨਾਲ ਖੋਖਲਾ ਕਰ ਲੈਂਦਾ, ਫਿਰ ਉਸ ਵਿੱਚ ਜਿਥੇ ਛੇਕ ਕਰਨੇ ਹੁੰਦੇ ਛੇਕ ਕਰ ਲੈਂਦਾ, ਇੱਕ ਸਿਰੇ 'ਤੇ ਡਾਟ ਲਗਾ ਦੇਂਦਾ ਅਤੇ ਅਜਿਹੀ ਵਧੀਆ ਬੰਸਰੀ ਬਣਾ ਦੇਂਦਾ ਕਿ ਜੋ ਚਾਹੋ ਵਜਾਓ। ਖਾਲੀ ਸਮੇਂ ਵਿੱਚ ਵਸੀਲੀ ਬਹੁਤ ਸਾਰੀਆਂ ਬੰਸਰੀਆਂ ਬਣਾ ਲੈਂਦਾ ਸੀ ਅਤੇ ਆਪਣੇ ਇਕ ਜਾਣ-ਪਹਿਚਾਣ ਦੇ ਮਾਲ ਗੱਡੀ ਦੇ ਗਾਰਡ ਨਾਲ ਸ਼ਹਿਰ ਭੇਜ ਦਿੰਦਾ ਸੀ। ਉਥੇ ਬਜ਼ਾਰ ਵਿੱਚ ਉਹ ਦੋ-ਦੋ ਕੋਪੇਕ ਦੀ ਵਿਕ ਜਾਂਦੀ ਸੀ। ਇੰਸਪੈਕਸ਼ਨ ਤੋਂ ਬਾਅਦ ਤੀਸਰੇ ਦਿਨ ਸ਼ਾਮ ਨੂੰ ਉਸਦੀ ਘਰਵਾਲੀ ਨੂੰ ਛੇ ਵਜੇ ਦੀ ਗੱਡੀ ਨੂੰ ਝੰਡੀ ਦਿਖਾਉਣ ਲਈ ਛੱਡਿਆ ਅਤੇ ਆਪ ਚਾਕੂ ਲੈ ਕੇ ਜੰਗਲ ਵੱਲ ਚਲਾ ਗਿਆ, ਟਹਿਣੀਆਂ ਕੱਟਣ। ਉਹ ਆਪਣੇ ਟੁਕੜੇ ਦੇ ਅਖੀਰ ਤੱਕ ਪਹੁੰਚਿਆ — ਉਸ ਜਗ੍ਹਾ ਰੇਲ ਲਾਈਨ ਵਿੱਚ ਤੇਜ਼ ਘੁਮਾਵ ਸੀ, ਉੱਥੋਂ ਉਹ ਹੇਠਾਂ ਉਤਰ ਕੇ ਜੰਗਲ-ਜੰਗਲ ਤੁਰ ਪਿਆ। ਕੋਈ ਡੇਢ ਫਰਲਾਂਗ ਦੂਰ ਇੱਕ ਦਲਦਲ ਸੀ, ਉਥੇ ਬੰਸਰੀਆਂ ਲਈ ਬਹੁਤ ਵਧੀਆ ਝਾੜੀਆਂ ਉਗਦੀਆਂ ਸਨ। ਉਸ ਨੇ ਢੇਰ ਸਾਰੀਆਂ ਟਹਿਣੀਆਂ ਤੋੜ ਕੇ ਗੱਠਲ ਬਣਾਇਆ ਅਤੇ ਘਰ ਨੂੰ ਤੁਰ ਪਿਆ। ਉਹ ਜੰਗਲ-ਜੰਗਲ ਜਾ ਰਿਹਾ ਸੀ ; ਸੂਰਜ ਖਿਤਿਜ 'ਤੇ ਝੁਕ ਰਿਹਾ ਸੀ, ਜੰਗਲ ਵਿੱਚ ਸੱਨਾਟਾ ਸੀ, ਬੱਸ ਚਿੜੀਆਂ ਦੇ ਚਹਿਕਣ ਅਤੇ ਪੈਰਾਂ ਥੱਲੇ ਸੁੱਕੀਆਂ ਲੱਕੜੀਆਂ ਦੇ ਭੁਰਣ ਦੀ ਅਵਾਜ਼ ਆ ਰਹੀ ਸੀ। ਸੇਮਿਓਨ ਕਾਫੀ ਦੂਰ ਆ ਗਿਆ ਸੀ, ਹੁਣ ਰੇਲ ਲਾਈਨ ਆਉਣ ਹੀ ਵਾਲੀ ਸੀ। ਅਚਾਨਕ ਉਸ ਨੂੰ ਲੱਗਿਆ ਕਿ ਹੋਰ ਕੋਈ ਅਵਾਜ਼ ਵੀ ਆ ਰਹੀ ਹੈ, ਜਿਵੇਂ ਕਿ ਕਿਤੇ

ਲੋਹੇ ਨਾਲ ਲੋਹਾ ਟਕਰਾ ਰਿਹਾ ਹੋਵੇ। ਸੇਮਿਓਨ ਤੇਜ਼-ਤੇਜ਼ ਤੁਰਨ ਲੱਗਾ। ਉਹਨਾਂ ਦਿਨਾਂ ਵਿਚ ਉਸ ਹਿੱਸੇ ਵਿਚ ਪੱਟੜੀਆਂ ਦੀ ਕੋਈ ਮੁਰੰਮਤ ਤਾਂ ਹੋਣ ਵਾਲੀ ਨਹੀਂ ਸੀ।

"ਕੀ ਹੈ ਇਹ ਸਭ?" ਮਨ ਹੀ ਮਨ ਉਹ ਸੋਚ ਰਿਹਾ ਸੀ। ਜੰਗਲ ਦੇ ਬਾਹਰ ਪਹੁੰਚਿਆ — ਸਾਹਮਣੇ ਰੇਲ ਲਾਈਨ ਦਾ ਮੀਲ ਪੱਥਰ ਸੀ ; ਉਪਰ ਇੱਕ ਆਦਮੀ ਝੁਕਿਆ ਬੈਠਾ ਕੁਝ ਕਰ ਰਿਹਾ ਸੀ ; ਸੇਮਿਓਨ ਚੁਪ-ਚਾਪ ਉਸ ਵੱਲ ਜਾਣ ਲੱਗਾ : ਸੋਚਿਆ ਕੋਈ ਕੁਝ ਚੁਰਾਉਣ ਆਇਆ ਹੈ। ਪਰ ਦੇਖਦਾ ਕੀ ਹੈ ਉਹ ਆਦਮੀ ਵੀ ਖੜ੍ਹਾ ਹੋ ਗਿਆ, ਉਹਦੇ ਹੱਥ ਵਿੱਚ ਸੱਬਲ ਸੀ ; ਉਸ ਨੇ ਸੱਬਲ ਪਟੜੀ ਹੇਠਾਂ ਅਟਕਾਇਆ ਅਤੇ ਝਟਕੇ ਨਾਲ ਪੱਟੜੀ ਇੱਕ ਪਾਸੇ ਨੂੰ ਖਿਸਕਾ ਦਿੱਤੀ। ਸੇਮਿਓਨ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ; ਚੀਕਣਾ ਚਾਹੁੰਦਾ ਸੀ, ਪਰ ਆਵਾਜ਼ ਨਹੀਂ ਨਿਕਲ ਰਹੀ ਸੀ। ਦੇਖਿਆ — ਉਪਰ ਵਸੀਲੀ ਸੀ, ਦੌੜਣ ਲੱਗਾ, ਪਰ ਵਸੀਲੀ ਸੱਬਲ ਅਤੇ ਚਾਬੀ ਲੈ ਕੇ ਦੂਸਰੇ ਪਾਸੇ ਢਲਾਨ 'ਤੇ ਲੁੜਕ ਗਿਆ।

"ਵਸੀਲੀ, ਓਏ, ਭਰਾਵਾ। ਮੁੜ ਆ, ਮੁੜ ਆ! ਦੇ ਦੇ ਮੈਨੂੰ ਸੱਬਲ। ਆ ਜਾ, ਰੇਲ ਜੋੜ ਦੇ, ਕਿਸੇ ਨੂੰ ਕੁਝ ਪਤਾ ਨਹੀਂ ਚੱਲੇਗਾ। ਮੁੜ ਆ! ਕਿਉਂ ਆਪਣੇ ਸਿਰ ਅਜਿਹਾ ਪਾਪ ਲੈਂਦਾ ਹੈਂ।"

ਵਸੀਲੀ ਨਹੀਂ ਮੁੜਿਆ, ਜੰਗਲ ਵਿੱਚ ਚਲਾ ਗਿਆ।

ਸੇਮਿਓਨ ਉਖੜੀ ਪੱਟੜੀ 'ਤੇ ਖੜ੍ਹਾ ਸੀ, ਟਹਿਣੀਆਂ ਦਾ ਗੱਠਰ ਉਸਦੇ ਹੱਥੋਂ ਡਿੱਗ ਗਿਆ। ਗੱਡੀ ਆਉਣ ਵਾਲੀ ਸੀ, ਉਹ ਵੀ ਮਾਲ ਗੱਡੀ ਨਹੀਂ ਸਵਾਰੀ ਗੱਡੀ। ਉਸ ਨੂੰ ਰੋਕਿਆ ਵੀ ਨਹੀਂ ਨਹੀਂ ਜਾ ਸਕਦਾ : ਝੰਡੀ ਨਹੀਂ ਹੈ। ਪਟੜੀ ਠੀਕ ਕੀਤੀ ਨਹੀਂ ਜਾ ਸਕਦੀ, ਖਾਲੀ ਹੱਥਾਂ ਨਾਲ ਕਿੱਲਾਂ ਤਾਂ ਠੋਕੀਆਂ ਨਹੀਂ ਜਾ ਸਕਦੀਆਂ। ਦੌੜ ਕੇ ਚੌਕੀ 'ਤੇ ਜਾਣਾ ਚਾਹੀਦਾ, ਜਲਦੀ ਨਾਲ। ਹੈ ਰੱਬਾ, ਮਦਦ ਕਰ!

ਸੇਮਿਓਨ ਆਪਣੀ ਚੌਕੀ ਵੱਲ ਦੌੜਿਆ, ਸਾਹ ਫੁੱਲ ਗਿਆ, ਬਸ ਹੁਣੇ ਡਿਗਿਆ ਕਿ ਡਿਗਿਆ। ਜੰਗਲ ਪਾਰ ਕੀਤਾ, ਚੌਕੀ ਮੁਸ਼ਕਿਲ ਨਾਲ ਦੋ-ਢਾਈ ਗਜ਼ ਦੂਰ ਸੀ। ਤਦੇ ਫੈਕਟਰੀ ਦਾ ਸਾਇਰਨ ਵਜਿਆ। ਛੇ ਵੱਜ ਗਏ! ਛੇ ਵੱਜ ਕੇ ਦੋ ਮਿੰਟ 'ਤੇ ਗੱਡੀ ਗੁਜ਼ਰੇਗੀ। ਹੈ ਰੱਬਾ! ਨਿਰਦੋਸ਼ ਜਾਨਾਂ ਨੂੰ ਬਚਾ ਲੈ! ਸੇਮਿਓਨ ਦੀਆਂ ਅੱਖਾਂ ਸਾਹਮਣੇ ਨਜ਼ਾਰਾ ਘੁੰਮ ਗਿਆ : ਇੰਜਨ ਦਾ ਖੱਬਾ ਪਹੀਆ ਉਖੜੀ ਪੱਟੜੀ ਨਾਲ ਟਕਰਾਏਗਾ, ਇੰਜਣ ਕੰਬ ਜਾਵੇਗਾ, ਇੱਕ ਪਾਸੇ ਝੁਕੇਗਾ ਅਤੇ ਸਲੀਪਰਾਂ ਦੇ ਟੁਕੜੇ ਕਰਦਾ ਜਾਵੇਗਾ, ਤੇ ਅੱਗੇ ਤਿੱਖਾ ਮੋੜ ਹੈ ਅਤੇ ਢਲਾਣ ਵੀ, ਹੇਠਾਂ ਪੂਰੇ ਪੱਚੀ ਗਜ਼ ਤੱਕ, ਉਧਰ ਤੀਸਰੇ ਦਰਜੇ ਵਿੱਚ ਲੋਕ ਠਸਾਠਸ ਭਰੇ ਹੋਏ ਹਨ, ਛੋਟੇ-ਛੋਟੇ ਬੱਚੇ ... ਅਜੇ ਉਹ ਸਭ ਬੈਠੇ ਹੋਣੇ, ਬੇਖਬਰ! ਹੈ ਰੱਬਾ, ਮੈਂ ਕੀ ਕਰਾਂ! ਨਹੀਂ, ਚੌਕੀ ਤੱਕ ਜਾਣ ਤੇ ਮੁੜਨ ਦਾ ਸਮਾਂ ਨਹੀਂ ਰਿਹਾ।

ਸੇਮਿਓਨ ਪੁੱਠੇ ਪੈਰ ਵਾਪਸ ਦੌੜ ਪਿਆ, ਪਹਿਲਾਂ ਨਾਲੋਂ ਵੀ ਤੇਜ਼। ਪਾਗਲਾਂ ਵਾਂਗ ਭੱਜ ਰਿਹਾ ਸੀ, ਉਸਨੂੰ ਖੁਦ ਵੀ ਨਹੀਂ ਪਤਾ ਚੱਲ ਰਿਹਾ ਸੀ ਕਿ ਉਹ ਕੀ ਕਰੇ। ਉਖੜੀ ਪੱਟੜੀ 'ਤੇ ਗੱਠਰ ਪਿਆ ਹੋਇਆ ਸੀ। ਝੁੱਕ ਕੇ ਇਕ ਟਹਿਣੀ ਕੱਢ ਲਈ, ਆਪ ਨੂੰ ਵੀ ਪਤਾ ਨਹੀਂ ਕਿ ਕਿਉਂ, ਤੇ ਅੱਗੇ ਦੌੜ ਪਿਆ। ਉਸ ਨੂੰ ਲੱਗਾ, ਗੱਡੀ ਆ ਰਹੀ ਹੈ। ਦੂਰੋਂ ਸੀਟੀ ਸੁਣਾਈ ਦਿੱਤੀ, ਪੱਟੜੀਆਂ ਹੌਲੀ-ਹੌਲੀ

ਕੰਬਣ ਲੱਗੀਆਂ ਸਨ ... ਅੱਗੇ ਦੌੜਣ ਦੀ ਹਿੰਮਤ ਨਹੀਂ ਰਹੀ ; ਉਸ ਭਿਆਨਕ ਜਗ੍ਹਾ ਤੋਂ ਸੌ ਗਜ਼ ਦੂਰ ਰੁਕ ਗਿਆ : ਤਦੇ ਦਿਮਾਗ ਵਿੱਚ ਇਕ ਵਿਚਾਰ ਆਇਆ। ਉਸ ਨੇ ਟੋਪੀ ਲਾਹ ਦਿੱਤੀ, ਉਸ ਵਿੱਚ ਤਹਿ ਕਰਕੇ ਰਖਿਆ ਸੂਤੀ ਰੁਮਾਲ ਕੱਢਿਆ ; ਗੋਡਿਆਂ ਤੱਕ ਉਚੇ ਬੂਟ ਵਿੱਚੋਂ ਚਾਕੂ ਕੱਢਿਆ, ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ : ਹੈ ਰੱਬਾ, ਤੇਰਾ ਆਸਰਾ ਹੈ।

ਉਸਨੇ ਖੱਬੀ ਬਾਂਹ ਉਪਰ ਚਾਕੂ ਖੋਭ ਦਿੱਤਾ ; ਖ਼ੂਨ ਦੀ ਧਾਰ ਫੁੱਟੀ, ਗਰਮ-ਗਰਮ ਖ਼ੂਨ ; ਉਸ ਨਾਲ ਉਸਨੇ ਰੁਮਾਲ ਭਿਓਂਇਆ, ਉਸਨੂੰ ਖੋਲ੍ਹਿਆ, ਟਹਿਣੀ 'ਤੇ ਬੰਨ੍ਹਿਆ ਅਤੇ ਲਾਲ ਝੰਡੀ ਉਪਰ ਚੁੱਕ ਲਈ।

ਖੜ੍ਹਾ-ਖੜ੍ਹਾ ਉਹ ਲਾਲ ਝੰਡੀ ਹਿਲਾ ਰਿਹਾ ਸੀ ; ਗੱਡੀ ਦਿਖਾਈ ਦੇ ਰਹੀ ਸੀ। ਇੰਜਣ ਡਰਾਈਵਰ ਉਸ ਨੂੰ ਨਹੀਂ ਦੇਖ ਰਿਹਾ ਸੀ, ਨੇੜੇ ਆ ਗਿਆ, ਤਾਂ ਸੌ ਗਜ਼ ਤੋਂ ਏਨੀ ਭਾਰੀ ਗੱਡੀ ਰੋਕ ਨਹੀਂ ਪਾਵੇਗਾ!

ਉਧਰ ਖ਼ੂਨ ਵਹਿੰਦਾ ਹੀ ਜਾ ਰਿਹਾ ਸੀ ; ਉਹ ਜ਼ਖਮ ਨੂੰ ਬਗਲ 'ਚ ਦਬਾ ਰਿਹਾ ਸੀ, ਪਰ ਖ਼ੂਨ ਰੁਕ ਨਹੀਂ ਰਿਹਾ ਸੀ, ਡੂੰਘਾ ਜ਼ਖਮ ਹੋ ਗਿਆ ਸੀ। ਸਿਰ ਚਕਰਾਉਣ ਲੱਗਾ, ਅੱਖਾਂ ਅੱਗੇ ਤਿਤਰੀਆਂ ਜਿਹੀਆਂ ਨੱਚਣ ਲੱਗੀਆਂ, ਫਿਰ ਬਿਲਕੁਲ ਹਨੇਰਾ ਛਾ ਗਿਆ ; ਕੰਨਾਂ ਵਿੱਚ ਜਿਵੇਂ ਘੰਟੀਆਂ ਗੂੰਜ ਰਹੀਆਂ ਹੋਣ। ਉਸ ਨੂੰ ਨਾ ਗੱਡੀ ਦਿਖ ਰਹੀ ਸੀ, ਨਾ ਉਸਦੀ ਆਵਾਜ਼ ਸੁਣਾਈ ਦੇ ਰਹੀ ਸੀ ; ਦਿਮਾਗ ਵਿੱਚ ਬਸ ਇੱਕ ਹੀ ਵਿਚਾਰ ਘੁੰਮ ਰਿਹਾ ਸੀ : "ਖੜ੍ਹਾ ਨਹੀਂ ਰਹਿ ਸਕਾਂਗਾ, ਡਿਗ ਜਾਵਾਂਗਾ, ਝੰਡੀ ਛੁੱਟ ਜਾਵੇਗੀ, ਗੱਡੀ ਮੇਰੇ ਉਪਰੋਂ ਨਿਕਲ ਜਾਵੇਗੀ ... ਹੈ ਰੱਬਾ, ਮਦਦ ਕਰੋ, ਕਿਸੇ ਨੂੰ ਭੇਜ ਦਿਓ ..."

ਅੱਖਾਂ ਵਿੱਚ ਘੁੱਪ ਹਨੇਰਾ ਛਾ ਗਿਆ, ਮਨ ਵਿਚ ਸੱਨਾਟਾ ਤੇ ਝੰਡੀ ਉਸਦੇ ਹੱਥੋਂ ਨਿਕਲ ਗਈ ਪਰ ਖ਼ੂਨ ਨਾਲ ਰੰਗੀ ਝੰਡੀ ਜ਼ਮੀਨ 'ਤੇ ਨਹੀਂ ਡਿਗੀ : ਇਕ ਹੱਥ ਨਾਲ ਅੱਗੇ ਵੱਧ ਕੇ ਉਸ ਨੇ ਫੜ੍ਹ ਲਈ ਅਤੇ ਉਪਰ ਚੁੱਕ ਲਿਆ, ਵੱਧਦੀ ਆ ਰਹੀ ਗੱਡੀ ਦੇ ਸਾਹਮਣੇ ਹਿਲਾਉਣ ਲੱਗਾ। ਇੰਜਣ ਡਰਾਈਵਰ ਨੇ ਝੰਡੀ ਦੇਖ ਲਈ, ਰੈਗੂਲੇਟਰ ਬੰਦ ਕਰ ਦਿੱਤਾ, ਪਿਛਾਂਹ ਨੂੰ ਭਾਫ਼ ਦਿੱਤੀ ਅਤੇ ਗੱਡੀ ਰੁਕ ਗਈ।

***

ਡੱਬਿਆਂ ਵਿੱਚੋਂ ਲੋਕ ਕੁੱਦ ਕੇ ਬਾਹਰ ਨਿਕਲੇ। ਭੀੜ ਲੱਗ ਗਈ। ਸਭ ਨੇ ਦੇਖਿਆ : ਖ਼ੂਨ ਨਾਲ ਲੱਥ-ਪੱਥ ਆਦਮੀ ਬੇਹੋਸ਼ ਪਿਆ ਹੋਇਆ ਸੀ ਉਸ ਕੋਲ ਇੱਕ ਦੂਸਰਾ—ਡੰਡੀ 'ਤੇ ਖ਼ੂਨ ਨਾਲ ਭਿਜਿਆ ਕਪੜਾ ਫੜੀ।

ਵਸੀਲੀ ਨੇ ਨਜ਼ਰ ਘੁਮਾ ਕੇ ਸਭ ਨੂੰ ਦੇਖਿਆ ਅਤੇ ਸਿਰ ਝੁਕਾ ਦਿੱਤਾ।

"ਮੈਨੂੰ ਫੜ ਲਓ, ਮੈਂ ਪੱਟੜੀ ਪੁੱਟੀ ਹੈ।"

*

ਲਿਓ ਤਾਲਸਤਾਏ

# ਕੋਹਕਾਫ਼ ਦਾ ਕੈਦੀ



## 1.

ਇਕ ਸੀ ਸਾਹਬ। ਉਸਦਾ ਨਾਮ ਸੀ ਝੀਲਿਨ। ਉਹ ਫੌਜ ਵਿੱਚ ਅਫ਼ਸਰ ਸੀ ਅਤੇ ਕਾਕੇਸ਼ੀਆ ਵਿੱਚ ਤੈਨਾਤ ਸੀ।

ਇਕ ਦਿਨ ਉਸ ਨੂੰ ਘਰੋਂ ਚਿੱਠੀ ਆਈ। ਬੁੱਢੀ ਮਾਂ ਨੇ ਲਿਖਿਆ ਸੀ : "ਬੇਟਾ, ਮੈਂ ਤਾਂ ਹੁਣ ਬਿਲਕੁਲ ਬੁੱਢੀ ਹੋ ਚੱਲੀ ਹਾਂ। ਮਰਨ ਤੋਂ ਪਹਿਲਾਂ ਬਸ ਇਕ ਵਾਰ ਆਪਣੀ ਅੱਖਾਂ ਦੇ ਤਾਰੇ ਨੂੰ ਵੇਖਣਾ ਚਾਹੁੰਦੀ ਹਾਂ। ਆ ਜਾ ਬੇਟਾ, ਆਪਣੀ ਮਾਂ ਤੋਂ ਵਿਦਾ ਲੈ ਲੈ। ਮੈਨੂੰ ਦਫਨਾ ਕੇ ਫਿਰ ਤੋਂ ਫੌਜ ਵਿੱਚ ਨੌਕਰੀ ਕਰਨ ਚਲਾ ਜਾਵੀਂ। ਮੈਂ ਬਹੂ ਵੀ ਵੇਖ ਰਖੀ ਹੈ : ਸਮਝਦਾਰ ਹੈ, ਸੁੰਦਰ ਹੈ ਅਤੇ ਆਪਣੀ ਜਗੀਰ ਵੀ ਹੈ ਉਸਦੀ। ਤੈਨੂੰ ਪਸੰਦ ਆ ਜਾਵੇ, ਤਾਂ ਵਿਆਹ ਵੀ ਹੋ ਜਾਵੇ, ਫਿਰ ਤਾਂ ਫੌਜ ਵਿੱਚ ਮੁੜਨ ਦੀ ਵੀ ਜ਼ਰੂਰਤ ਨਹੀਂ।"

ਝੀਲਿਨ ਸੋਚ ਵਿੱਚ ਪੈ ਗਿਆ। ਮਾਂ ਸੱਚਮੁੱਚ ਹੀ ਬਹੁਤ ਬੁੱਢੀ ਹੋ ਗਈ ਸੀ, ਜ਼ਿੰਦਗੀ ਦਾ

ਕੋਈ ਭਰੋਸਾ ਨਹੀਂ, ਪਤਾ ਨਹੀਂ ਫਿਰ ਮਿਲਣਾ ਹੋਵੇ ਜਾਂ ਨਾ ਹੋਵੇ। ਕਿਉਂ ਨਾ ਚਲਾ ਜਾਵਾਂ, ਅਤੇ ਜੇ ਕੁੜੀ ਚੰਗੀ ਹੈ, ਤਾਂ ਵਿਆਹ ਵੀ ਕੀਤਾ ਜਾ ਸਕਦਾ ਹੈ।

ਤਦ ਉਹ ਕਰਨਲ ਦੇ ਕੋਲ ਗਿਆ, ਉਸ ਤੋਂ ਛੁੱਟੀ ਲਈ, ਸਾਥੀ ਅਫਸਰਾਂ ਤੋਂ ਵਿਦਾਈ ਲਈ, ਆਪਣੇ ਸਿਪਾਹੀਆਂ ਨੂੰ ਚਾਰ ਬਾਲਟੀਆਂ ਵੋਦਕਾ ਦੀਆਂ ਦਿੱਤੀਆਂ ਅਤੇ ਚੱਲਣ ਨੂੰ ਤਿਆਰ ਹੋ ਗਿਆ।

ਕਾਕੇਸ਼ੀਆ ਵਿੱਚ ਉਦੋਂ ਲੜਾਈ ਚੱਲ ਰਹੀ ਸੀ। ਰਾਤ ਹੋਵੇ ਜਾਂ ਦਿਨ ਰਸਤੇ 'ਤੇ ਚਲਣਾ ਖਤਰੇ ਤੋਂ ਖਾਲੀ ਨਹੀਂ ਸੀ। ਕੋਈ ਰੂਸੀ ਪੈਦਲ ਜਾਂ ਘੋੜੇ 'ਤੇ ਹੀ ਕਿਲ੍ਹੇ ਤੋਂ ਥੋੜ੍ਹੀ ਦੂਰ ਨਿਕਲ ਜਾਂਦਾ, ਤਾਂ ਤਾਤਾਰ ਉਸ ਨੂੰ ਮਾਰ ਦਿੰਦੇ ਜਾਂ ਫੜ ਕੇ ਪਹਾੜਾਂ ਵਿਚ ਲੈ ਜਾਂਦੇ। ਸੋ ਇਹ ਕਾਇਦਾ ਸੀ ਕਿ ਹਫਤੇ ਵਿਚ ਦੋ ਵਾਰ ਇਕ ਕਿਲੇ ਤੋਂ ਦੂਸਰੇ ਕਿਲੇ ਵਿੱਚ ਗਾਰਦ ਦੇ ਨਾਲ ਕਾਫਲਾ ਜਾਂਦਾ ਸੀ। ਅੱਗੇ-ਪਿਛੇ ਸਿਪਾਹੀ ਚਲਦੇ ਸਨ ਅਤੇ ਵਿਚਕਾਰ ਲੋਕ।

ਗਰਮੀਆਂ ਦੇ ਦਿਨ ਸਨ। ਸਵੇਰੇ-ਤੜਕੇ ਕਿਲ੍ਹੇ ਦੇ ਬਾਹਰ ਕਾਫਲਾ ਜਮਾਂ ਹੋ ਗਿਆ, ਗਾਰਦ ਤੇ ਸਿਪਾਹੀ ਆਏ ਅਤੇ ਸਾਰੇ ਚੱਲ ਪਏ। ਜ਼ੀਲਿਨ ਘੋੜੇ 'ਤੇ ਜਾ ਰਿਹਾ ਸੀ ਅਤੇ ਉਸਦਾ ਸਮਾਨ ਗੱਡੀ 'ਤੇ ਲੱਦਿਆ ਹੋਇਆ ਕਾਫਲੇ ਦੇ ਨਾਲ ਆ ਰਿਹਾ ਸੀ।

ਅਠਾਰਾਂ ਮੀਲ ਦਾ ਰਸਤਾ ਸੀ। ਕਾਫਲਾ ਹੌਲੀ-ਹੌਲੀ ਵੱਧ ਰਿਹਾ ਸੀ। ਕਦੇ ਸਿਪਾਹੀ ਰੁਕ ਜਾਂਦੇ, ਕਦੇ ਕਾਫਲੇ ਵਿੱਚ ਕਿਸੇ ਦੀ ਗੱਡੀ ਦਾ ਪਹੀਆ ਉਤਰ ਜਾਂਦਾ ਜਾਂ ਘੋੜਾ ਅੜ੍ਹ ਜਾਂਦਾ ਅਤੇ ਸਾਰਿਆਂ ਨੂੰ ਰੁਕ ਕੇ ਇੰਤਜ਼ਾਰ ਕਰਨਾ ਪੈਂਦਾ।

ਦੁਪਹਿਰ ਹੋ ਚੁੱਕੀ ਸੀ, ਪਰ ਕਾਫਲਾ ਅਜੇ ਅੱਧਾ ਰਸਤਾ ਵੀ ਤੈਅ ਨਹੀਂ ਕਰ ਪਾਇਆ ਸੀ। ਤਿੱਖੀ ਧੁੱਪ ਸੀ, ਧੂੜ ਉੱਡ ਰਹੀ ਸੀ। ਕਿਤੇ ਸ਼ਰਨ ਲੈਣ ਦੀ ਜਗ੍ਹਾ ਨਹੀਂ, ਚਾਰੇ ਪਾਸੇ ਸਟੇਪੀ ਸੀ, ਨਾ ਕੋਈ ਰੁੱਖ, ਨਾ ਝਾੜੀ।

ਜ਼ੀਲਿਨ ਥੋੜ੍ਹਾ ਅੱਗੇ ਵੱਧ ਗਿਆ ਅਤੇ ਰੁਕ ਕੇ ਇੰਤਜ਼ਾਰ ਕਰਨ ਲੱਗਾ ਕਿ ਕਦੋਂ ਕਾਫਲਾ ਆਵੇ। ਤਦੇ ਉਸ ਨੂੰ ਬਿਗਲ ਸੁਣਾਈ ਦਿੱਤਾ — ਕਾਫਿਲਾ ਫਿਰ ਰੁੱਕ ਗਿਆ ਸੀ। ਜ਼ੀਲਿਨ ਸੋਚਣ ਲੱਗਾ : "ਕਿਉਂ ਨਾ ਮੈਂ ਇਕੱਲਾ ਹੀ ਚੱਲ ਪਵਾਂ, ਗਾਰਦ ਤੋਂ ਬਿਨਾ ਹੀ? ਘੋੜਾ ਮੇਰਾ ਤੇਜ਼ ਹੈ, ਜੇ ਤਾਤਾਰਾਂ ਨਾਲ ਸਾਹਮਣਾ ਹੋ ਵੀ ਗਿਆ, ਤਾਂ ਭੱਜ ਨਿਕਲਾਂਗਾ। ਜਾਵਾਂ ਜਾਂ ਨਾ ਜਾਵਾਂ?"

ਇੰਝ ਹੀ ਖੜ੍ਹਾ-ਖੜ੍ਹਾ ਸੋਚ ਰਿਹਾ ਸੀ। ਤਦੇ ਘੋੜੇ 'ਤੇ ਸਵਾਰ ਇਕ ਦੂਸਰਾ ਅਫ਼ਸਰ ਕਸਤੀਲਿਨ ਉਥੇ ਆਇਆ। ਉਹਦੇ ਕੋਲ ਬੰਦੂਕ ਸੀ। ਉਹ ਬੋਲਿਆ :

"ਚਲੋ, ਜ਼ੀਲਿਨ ਇਕੱਲੇ ਹੀ ਚਲਦੇ ਹਾਂ। ਮੈਥੋਂ ਹੁਣ ਨਹੀਂ ਰਿਹਾ ਜਾਂਦਾ, ਭੁੱਖ ਲੱਗੀ ਹੈ, ਉਪਰੋਂ ਇਹ ਗਰਮੀ। ਮੈਂ ਤਾਂ ਪਸੀਨੇ ਨਾਲ ਤਰ ਹੋ ਗਿਆ।"

ਕਸਤੀਲਿਨ ਕਾਫੀ ਭਾਰੀ-ਭਰਕਮ ਸੀ, ਗਰਮੀ ਦੇ ਮਾਰੇ ਉਸਦਾ ਮੂੰਹ ਲਾਲ ਹੋ ਗਿਆ ਸੀ ਅਤੇ ਪਸੀਨਾ ਚੋਅ ਰਿਹਾ ਸੀ। ਜ਼ੀਲਿਨ ਕੁਝ ਦੇਰ ਸੋਚਦਾ ਰਿਹਾ, ਫਿਰ ਬੋਲਿਆ :

"ਬੰਦੂਕ ਵਿੱਚ ਗੋਲੀਆਂ ਤਾਂ ਹਨ?"

"ਹਨ।"

"ਤਾਂ ਚਲੋ, ਚਲਦੇ ਹਾਂ। ਪਰ ਇਕ ਗੱਲ ਹੈ : ਰਸਤੇ ਵਿੱਚ ਵੱਖ-ਵੱਖ ਨਹੀਂ ਹੋਣਾ, ਨਾਲ-ਨਾਲ ਚੱਲਣਾ ਹੋਵੇਗਾ।"

ਬਸ ਉਹ ਦੋਵੇਂ ਅੱਗੇ ਤੁਰ ਪਏ। ਗੱਲਾਂ ਕਰਦੇ, ਇਧਰ-ਉਧਰ ਦੇਖਦੇ ਉਹ ਸਟੇਪੀ ਪਾਰ ਕਰ ਲਈ, ਅੱਗੇ ਰਸਤੇ ਦੋ ਪਹਾੜਾਂ ਵਿਚੋਂ ਜਾਂਦਾ ਸੀ। ਝੀਲਿਨ ਬੋਲਿਆ :

"ਪਹਾੜੀ 'ਤੇ ਚੜ੍ਹ ਕੇ ਦੇਖ ਲੈਣਾ ਚਾਹੀਦਾ, ਨਹੀਂ ਤਾਂ ਅਚਾਨਕ ਕਿਤੇ ਪਹਾੜੀ ਦੇ ਪਿੱਛੋਂ ਨਿਕਲ ਆਏ, ਪਤਾ ਵੀ ਨਹੀਂ ਚੱਲੇਗਾ।"

ਪਰ ਕਸਤੀਲਿਨ ਨੇ ਕਿਹਾ :

"ਦੇਖਣਾ ਕੀ ਹੈ? ਚੱਲ ਚੱਲੀਏ।"

ਝੀਲਿਨ ਨੇ ਉਸ ਦਾ ਕਹਿਣਾ ਨਹੀਂ ਮੰਨ੍ਹਿਆ ਤੇ ਘੋੜੇ ਨੂੰ ਖੱਬੇ ਪਾਸੇ ਪਹਾੜੀ 'ਤੇ ਚੜ੍ਹਾ ਦਿੱਤਾ। ਘੋੜਾ ਸ਼ਿਕਾਰੀ ਸੀ (ਝੀਲਿਨ ਨੇ ਸੌ ਰੂਬਲ 'ਚ ਵਛੇਰਾ ਖਰੀਦਿਆ ਸੀ ਅਤੇ ਆਪ ਹੀ ਉਸਨੂੰ ਸਵਾਰਿਆ ਸੀ) ; ਹਵਾ ਨਾਲ ਗੱਲਾਂ ਕਰਦਿਆਂ ਉਹ ਪਹਾੜੀ 'ਤੇ ਚੜ੍ਹ ਗਿਆ। ਉਪਰ ਪਹੁੰਚਦਿਆਂ ਹੀ ਝੀਲਿਨ ਨੇ ਕੀ ਦੇਖਿਆ ਕਿ ਉਸਦੇ ਬਿਲਕੁਲ ਸਾਹਮਣੇ ਚਾਰ ਕੁ ਵਿਘੇ ਦੂਰ ਘੋੜ ਸਵਾਰ ਤਾਤਾਰ ਖੜ੍ਹੇ ਹਨ, ਕੋਈ ਤੀਹ ਲੋਕ ਹੋਣੇ। ਉਹਨਾਂ ਨੂੰ ਦੇਖਦਿਆਂ ਹੀ ਉਹ ਪਿਛੇ ਮੁੜਿਆ ; ਤਾਤਾਰਾਂ ਨੇ ਵੀ ਉਸਨੂੰ ਦੇਖ ਲਿਆ, ਉਸ ਵੱਲ ਘੋੜੇ ਭਜਾਏ ਅਤੇ ਬੰਦੂਕਾਂ ਕੱਢਣ ਲੱਗੇ। ਝੀਲਿਨ ਘੋੜੇ ਨੂੰ ਢਲਾਣ 'ਤੇ ਸਰਪਟ ਦੌੜਣ ਲੱਗਾ। ਉਸ ਨੇ ਕਸਤੀਲਿਨ ਨੂੰ ਚੀਕ ਕੇ ਕਿਹਾ :

"ਬੰਦੂਕ ਕੱਢੋ!"

ਮਨ ਹੀ ਮਨ ਵਿੱਚ ਉਹ ਘੋੜੇ ਨੂੰ ਮਿੰਨਤ ਕਰ ਰਿਹਾ ਸੀ : "ਲੈ ਚੱਲ, ਭਰਾਵਾ, ਕਿਤੇ ਠੋਕਰ ਨਾ ਲੱਗ ਜਾਵੇ ; ਡਿੱਗ ਗਿਆ ਤਾਂ ਬਸ ਕੰਮ ਤਮਾਮ ਸਮਝੋ। ਇਕ ਵਾਰ ਬੰਦੂਕ ਤੱਕ ਪਹੁੰਚ ਜਾਵਾਂ, ਫਿਰ ਮੈਂ ਇਹਨਾਂ ਦੇ ਹੱਥ ਨਹੀਂ ਆਵਾਂਗਾ।"

ਕਸਤੀਲਿਨ ਇੰਤਜ਼ਾਰ ਕਰਨ ਦੀ ਬਜਾਏ ਤਾਤਾਰਾਂ ਨੂੰ ਦੇਖਦਿਆਂ ਹੀ ਜਾਨ ਛਡਾ ਕੇ ਕਿਲ੍ਹੇ ਵੱਲ ਦੌੜਿਆ। ਉਹ ਕਦੀ ਇਸ ਪਾਸੇ ਤੇ ਕਦੀ ਉਸ ਪਾਸੇ ਘੋੜੇ 'ਤੇ ਕੋੜੇ ਵਰਸਾਉਂਦਾ ਜਾ ਰਿਹਾ ਸੀ। ਧੂੜ ਦੇ ਬੱਦਲ ਵਿੱਚ ਬਸ ਘੋੜੇ ਦੀ ਪੂਛ ਹਿਲਦੀ ਨਜ਼ਰ ਆ ਰਹੀ ਸੀ।

ਝੀਲਿਨ ਨੇ ਦੇਖਿਆ ਕਿ ਮਾਮਲਾ ਗੜਬੜ ਹੈ। ਬੰਦੂਕ ਚਲੀ ਗਈ, ਇਕ ਤਲਵਾਰ ਨਾਲ ਉਹ ਕੀ ਕਰ ਲਵੇਗਾ। ਉਸਨੇ ਘੋੜੇ ਨੂੰ ਵਾਪਸ ਗਾਰਦ ਵੱਲ ਘੁਮਾਇਆ — ਸੋਚਦਾ ਸੀ ਨਿਕਲ ਜਾਵੇਗਾ। ਪਰ ਦੇਖਿਆ ਕੀ ਕਿ ਉਧਰੋਂ ਉਸਦਾ ਰਸਤਾ ਕੱਟਣ ਲਈ ਛੇ ਘੋੜਸਵਾਰ ਦੌੜਦੇ ਆ ਰਹੇ ਹਨ। ਉਸ ਦਾ ਘੋੜਾ ਤੇਜ਼ ਸੀ, ਪਰ ਉਹਨਾਂ ਦੇ ਘੋੜੇ ਹੋਰ ਵੀ ਜ਼ਿਆਦਾ ਤੇਜ਼ ਸਨ ਅਤੇ ਉਪਰੋਂ ਉਹਨਾਂ ਦਾ ਰਸਤਾ ਵੀ ਕੱਟ ਰਹੇ ਸਨ। ਝੀਲਿਨ ਨੇ ਘੋੜੇ ਨੂੰ ਰੋਕਣਾ ਚਾਹਿਆ, ਦੂਸਰੇ ਪਾਸੇ ਮੁੜਨਾ ਚਾਹਿਆ, ਪਰ ਘੋੜਾ ਏਨੀ ਤੇਜ਼ੀ ਨਾਲ ਦੌੜ ਰਿਹਾ ਸੀ ਕਿ ਰੋਕਿਆ ਨਹੀਂ ਜਾ ਸਕਦਾ ਸੀ, ਪਰ ਸਿੱਧਾ ਤਾਤਾਰਾਂ ਵੱਲ ਵੱਧਦਾ ਜਾ ਰਿਹਾ ਸੀ। ਝੀਲਿਨ ਨੇ ਦੇਖਿਆ ਕਿ ਸਲੇਟੀ ਘੋੜੇ 'ਤੇ ਸਵਾਰ ਲਾਲ ਦਾੜ੍ਹੀ ਵਾਲਾ ਤਾਤਾਰ ਉਸ ਕੋਲ ਆ ਰਿਹਾ ਹੈ। ਉਹ ਹੱਸਦਾ ਹੋਇਆ ਚੀਕ ਰਿਹਾ ਸੀ, ਬੰਦੂਕ ਤਾਣੀ ਹੋਈ ਸੀ।



ਜ਼ੀਲਿਨ ਮਨ ਹੀ ਮਨ ਸੋਚ ਰਿਹਾ ਸੀ : "ਜਾਣਦਾ ਹਾਂ ਮੈਂ ਤੁਹਾਨੂੰ ਕੰਬਖਤਾਂ ਨੂੰ : ਜੇ ਜਿਉਂਦਾ ਫੜ ਲਿਆ ਤਾਂ ਗੱਡੇ ਵਿੱਚ ਸੁੱਟ ਦੇਣਗੇ, ਕੋੜੇ ਮਾਰਨਗੇ। ਨਹੀਂ, ਜੀਂਦੇ ਜੀਅ ਮੈਂ ਤੁਹਾਡੇ ਹੱਥ ਨਹੀਂ ਆਉਣ ਵਾਲਾ..."

ਜ਼ੀਲਿਨ ਸੀ ਤਾਂ ਗਿੱਠਾ ਜਿਹਾ, ਪਰ ਬੜਾ ਬਹਾਦਰ। ਉਸ ਨੇ ਤਲਵਾਰ ਕੱਢੀ ਅਤੇ ਘੋੜੇ ਨੂੰ ਸਿੱਧੇ ਲਾਲ ਤਾਤਾਰ ਵੱਲ ਵਧਾਇਆ, ਸੋਚ ਰਿਹਾ ਸੀ : "ਜਾਂ ਤਾਂ ਘੋੜੇ ਨਾਲ ਕੁਚਲ ਦੇਵਾਂਗਾ, ਜਾਂ ਤਲਵਾਰ ਨਾਲ ਸਿਰ ਉਡਾ ਦੇਵਾਂਗਾ। "

ਇਕ ਘੋੜੇ ਦਾ ਫਾਸਲਾ ਰਹਿ ਗਿਆ, ਤਦੇ ਪਿਛੋਂ ਕਿਸੇ ਨੇ ਗੋਲੀ ਚਲਾ ਦਿੱਤੀ, ਗੋਲੀ ਘੋੜੇ ਨੂੰ ਲੱਗੀ। ਘੋੜਾ ਧੜੱਮ ਕਰਦਾ ਜ਼ਮੀਨ 'ਤੇ ਡਿੱਗ ਪਿਆ, ਜ਼ੀਲਿਨ ਦੀ ਲੱਤ ਉਸਦੇ ਥੱਲੇ ਦੱਬੀ ਗਈ।

ਜ਼ੀਲਿਨ ਉਠਣਾ ਚਾਹੁੰਦਾ ਸੀ, ਪਰ ਦੋ ਤਾਤਾਰ ਉਸ ਉਪਰ ਚੜ੍ਹ ਗਏ ਸਨ, ਉਸਦੀਆਂ ਬਾਹਵਾਂ ਪਿਛੇ ਮਰੋੜ ਰਹੇ ਸਨ। ਜ਼ੀਲਿਨ ਨੇ ਝਟਕੇ ਨਾਲ ਉਹਨਾਂ ਨੂੰ ਸੁੱਟ ਦਿੱਤਾ, ਪਰ ਤਦੇ ਹੋਰ ਤਿੰਨ ਤਾਤਾਰ ਘੋੜਿਆਂ ਤੋਂ ਉਤਰੇ, ਬੰਦੂਕਾਂ ਦੇ ਬੋਲਟ ਉਸ ਦੇ ਸਿਰ 'ਤੇ ਮਾਰਨ ਲੱਗੇ। ਜ਼ੀਲਿਨ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ, ਲੱਤਾਂ ਲੜਖੜਾ ਗਈਆਂ। ਤਾਤਾਰਾਂ ਨੇ ਉਸਨੂੰ ਫੜ ਲਿਆ। ਉਸਦੀਆਂ ਬਾਹਵਾਂ ਪਿੱਠ ਪਿੱਛੇ ਮਰੋੜ ਕੇ ਗੰਢ ਬੰਨ੍ਹ ਦਿੱਤੀ ਅਤੇ ਘਸੀਟ ਕੇ ਕਾਠੀ ਵੱਲ ਲੈ ਗਏ। ਕਿਸੇ ਨੇ ਉਸਦੀ ਟੋਪੀ ਲਾਹ ਦਿੱਤੀ, ਗੋਡਿਆਂ ਤੱਕ ਉਚੇ ਬੂਟ ਖਿੱਚ ਲਏ, ਸਾਰੀਆਂ ਜੇਬਾਂ ਟਟੋਲ-ਟਟੋਲ ਕੇ ਪੈਸੇ, ਘੜੀ ਜੋ ਕੁਝ ਮਿਲਿਆ ਕੱਢ ਲਿਆ, ਕਪੜੇ ਪਾੜ ਦਿੱਤੇ। ਜ਼ੀਲਿਨ ਨੇ ਆਪਣੇ ਘੋੜੇ ਵੱਲ ਵੇਖਿਆ : ਉਹ ਵਿਚਾਰਾ ਜਿਸ ਭਾਰ ਡਿਗਿਆ ਸੀ, ਉਸੇ ਭਾਰ ਪਿਆ ਹੋਇਆ ਸੀ, ਬੱਸ ਹਵਾ ਵਿੱਚ ਲੱਤਾਂ ਝੱਟਕ ਰਿਹਾ ਸੀ, ਪਰ ਟਾਪ ਜ਼ਮੀਨ 'ਤੇ ਨਹੀਂ ਪੈ ਰਹੀ ਸੀ। ਸਿਰ ਵਿੱਚ ਛੇਕ ਸੀ ਤੇ ਛੇਕ ਵਿੱਚੋਂ ਖੂਨ ਦੀ ਧਾਰ ਫੁੱਟ ਰਹੀ ਸੀ, ਚਾਰੇ ਪਾਸੇ ਮਿੱਟੀ ਖੂਨ ਵਿੱਚ ਰੰਗ ਗਈ ਸੀ।

ਇਕ ਤਾਤਾਰ ਘੋੜੇ ਕੋਲ ਜਾ ਕੇ ਕਾਠੀ ਉਤਾਰਨ ਲੱਗਾ — ਘੋੜਾ ਲੱਤਾਂ ਹਵਾ ਵਿਚ ਮਾਰੀ ਜਾ ਰਿਹਾ ਸੀ ਤਾਤਾਰ ਨੇ ਛੁਰਾ ਕੱਢਿਆ ਅਤੇ ਉਸ ਦੀ ਗਰਦਨ ਕੱਟ ਦਿੱਤੀ। ਗਰਦਨ ਤੋਂ ਸ਼ੂੰਅ ਦੀ ਅਵਾਜ਼ ਨਿਕਲੀ, ਘੋੜਾ ਛਟਪਟਾਇਆ ਅਤੇ ਉਸ ਦੇ ਪ੍ਰਾਣ ਪੰਖੇਰੂ ਉਡ ਗਏ।

ਤਾਤਾਰਾਂ ਨੇ ਕਾਠੀ ਉਤਾਰ ਲਈ, ਸਾਜ਼ ਉਤਾਰ ਲਿਆ। ਲਾਲ ਦਾੜ੍ਹੀ ਵਾਲਾ ਤਾਤਾਰ ਘੋੜੇ 'ਤੇ ਸਵਾਰ ਹੋ ਗਿਆ, ਦੂਸਰੇ ਨੇ ਦੇ ਜ਼ੀਲਿਨ ਨੂੰ ਚੁੱਕ ਕੇ ਉਸਦੀ ਕਾਠੀ 'ਤੇ ਬਿਠਾ ਦਿੱਤਾ, ਉਹ ਡਿਗੇ ਨਾ, ਇਸ ਲਈ ਉਸਦੀ ਕਮਰ 'ਤੇ ਪੇਟੀ ਖਿਚ ਕੇ ਤਾਤਾਰ ਨਾਲ ਬੰਨ੍ਹ ਦਿੱਤੀ। ਤੇ ਫਿਰ ਉਹ ਉਸਨੂੰ ਪਹਾੜਾਂ 'ਤੇ ਲੈ ਤੁਰੇ।

ਹੁਣ ਜ਼ੀਲਿਨ ਤਾਤਾਰ ਪਿਛੇ ਬੈਠਾ ਹਿਚਕੋਲੇ ਖਾ ਰਿਹਾ ਸੀ। ਉਸਦਾ ਚਿਹਰਾ ਤਾਤਾਰ ਦੀ ਪਿੱਠ ਨਾਲ ਟਕਰਾ-ਟਕਰਾ ਜਾਂਦਾ ਸੀ। ਉਹਦੀਆਂ ਅੱਖਾਂ ਸਾਹਮਣੇ ਬਸ ਤਾਤਾਰ ਦੀ ਚੌੜੀ ਪਿੱਠ ਸੀ, ਗਰਦਨ ਦੀਆਂ ਫੁੱਲੀਆਂ ਹੋਈਆਂ ਨਸਾਂ ਤੇ ਟੋਪੀ ਹੇਠਾਂ ਮੁੜੀ ਹੋਈ ਟਿੰਡ ਹੀ ਉਸ ਨੂੰ ਨਜ਼ਰ ਆ ਰਹੀ ਸੀ। ਜ਼ੀਲਿਨ ਦਾ ਸਿਰ ਪਾਟਿਆ ਹੋਇਆ ਸੀ, ਅੱਖਾਂ ਉਪਰ ਖੂਨ ਜੰਮ ਗਿਆ ਸੀ। ਨਾ ਤਾਂ ਉਹ ਘੋੜੇ 'ਤੇ ਠੀਕ ਤਰ੍ਹਾਂ ਬੈਠ ਸਕਦਾ ਸੀ, ਨਾ ਹੀ ਖੂਨ ਪੂੰਝ ਸਕਦਾ ਸੀ। ਹੱਥ ਏਨੀ ਕੱਸ ਕੇ ਬੰਨ੍ਹੇ ਹੋਏ ਸਨ ਕਿ ਹੰਸਲੀ ਵਿੱਚ ਦਰਦ ਹੋ ਰਿਹਾ ਸੀ।



ਬੜੀ ਦੇਰ ਤੱਕ ਉਹ ਚੱਲਦੇ ਰਹੇ, ਇਕ ਪਹਾੜੀ ਤੋਂ ਦੂਸਰੀ 'ਤੇ ਚੜ੍ਹਦੇ-ਉਤਰਦੇ। ਇਕ ਨਦੀ ਪਾਰ ਕੀਤੀ। ਸੜਕ 'ਤੇ ਪਹੁੰਚੇ ਤਾਂ ਤੰਗ ਘਾਟੀ ਵਿੱਚੋਂ ਜਾਣ ਲੱਗੇ।

ਝੀਲਿਨ ਰਸਤਾ ਯਾਦ ਕਰਨਾ ਚਾਹੁੰਦਾ ਸੀ ਕਿ ਉਸ ਨੂੰ ਕਿੱਧਰ ਲੈ ਕੇ ਜਾ ਰਹੇ ਹਨ, ਪਰ ਅੱਖਾਂ ਖ਼ੂਨ ਨਾਲ ਲਿਬੜੀਆਂ ਹੋਈਆਂ ਸਨ ਅਤੇ ਸਿਰ ਵੀ ਨਹੀਂ ਘੁਮਾ ਸਕਦਾ ਸੀ।

ਘੁਸਮੁਸਾ ਹੋਣ ਲੱਗਾ। ਉਹਨਾਂ ਨੇ ਇਕ ਹੋਰ ਨਦੀ ਪਾਰ ਕੀਤੀ, ਫਿਰ ਪਥਰੀਲੀ ਪਹਾੜੀ 'ਤੇ ਚੜ੍ਹਣ ਲੱਗੇ। ਧੂੰਏਂ ਦੀ ਗੰਧ ਆਈ, ਕੁੱਤੇ ਭੌਂਕਣ ਲੱਗੇ। ਉਹ ਲੋਕ ਪਿੰਡ ਵਿੱਚ ਪਹੁੰਚ ਗਏ। ਤਾਤਾਰ ਘੋੜਿਆਂ ਤੋਂ ਉਤਰੇ, ਉਹਨਾਂ ਦੇ ਬੱਚੇ ਇਕੱਠੇ ਹੋ ਗਏ, ਉਹਨਾਂ ਨੇ ਝੀਲਿਨ ਨੂੰ ਘੇਰ ਲਿਆ। ਖ਼ੁਸ਼ੀ ਨਾਲ ਚੀਕਦੇ-ਚਿਲਾਉਂਦੇ ਉਹ ਝੀਲਿਨ ਨੂੰ ਕੰਕਰ ਮਾਰਨ ਲੱਗੇ।

ਤਾਤਾਰ ਨੇ ਬੱਚਿਆਂ ਨੂੰ ਭਜਾ ਦਿੱਤਾ, ਝੀਲਿਨ ਨੂੰ ਘੋੜੇ ਤੋਂ ਉਤਾਰਿਆ ਅਤੇ ਨੌਕਰ ਨੂੰ ਅਵਾਜ਼ ਦਿੱਤੀ। ਇਕ ਨਗਾਈ (ਕਾਕੇਸ਼ੀਆ {ਕੋਹਕਾਫ} ਵਿੱਚ ਵੱਸਣ ਵਾਲੀ ਇਕ ਜਾਤੀ। ਇਹਨਾਂ ਲੋਕਾਂ ਦੀ ਭਾਸ਼ਾ ਤਾਤਾਰਾਂ ਨਾਲ ਮਿਲਦੀ-ਜੁਲਦੀ ਹੈ) ਆਇਆ — ਗੱਲਾਂ ਦੀਆਂ ਹੱਡੀਆਂ ਉਭਰੀਆਂ ਹੋਈਆਂ, ਕੁਰਤਾ ਪਾਇਆ ਹੋਇਆ। ਕੁਰਤਾ ਫੱਟਿਆ ਹੋਇਆ ਸੀ, ਸਾਰੀ ਛਾਤੀ ਉਭਰੀ ਹੋਈ ਸੀ। ਤਾਤਾਰ ਨੇ ਉਸਨੂੰ ਕੁਝ ਕਿਹਾ। ਨੌਕਰ ਬੇੜੀ ਲਿਆਇਆ : ਬਲੂਤ ਦੀ ਲੱਕੜ ਦੇ ਦੋ ਕੁੰਦੇ, ਉਹਨਾਂ 'ਤੇ ਲੋਹੇ ਦੇ ਕੜੇ ਲੱਗੇ ਹੋਏ, ਇਕ ਕੜੇ ਵਿੱਚ ਕੁੰਡਾ ਅਤੇ ਤਾਲਾ ਲੱਗਾ ਹੋਇਆ।

ਝੀਲਿਨ ਦੇ ਹੱਥ ਖੋਲ੍ਹ ਕੇ ਪੈਰਾਂ ਵਿੱਚ ਬੇੜੀ ਚੜ੍ਹਾ ਦਿੱਤੀ ਅਤੇ ਕੋਠੜੀ ਵਿੱਚ ਲੈ ਗਏ ; ਉਸ ਨੂੰ ਕੋਠਰੀ ਵਿੱਚ ਧਕੇਲ ਕੇ ਬਾਹਰੋਂ ਦਰਵਾਜ਼ਾ ਬੰਦ ਕਰ ਦਿੱਤਾ। ਝੀਲਿਨ ਗੋਹੇ 'ਤੇ ਡਿੱਗਿਆ। ਹਨੇਰੇ ਵਿਚ ਟੋਹੰਦਿਆਂ ਉਸਨੇ ਨਰਮ ਜਗ੍ਹਾ ਲੱਭੀ ਅਤੇ ਲੇਟ ਗਿਆ।

## 2.

ਉਸ ਰਾਤ ਝੀਲਿਨ ਸੌਂ ਨਹੀਂ ਸਕਿਆ। ਰਾਤਾਂ ਛੋਟੀਆਂ ਸਨ। ਉਸਨੇ ਦੇਖਿਆ ਦਰਾਰ ਵਿਚ ਰੋਸ਼ਨੀ ਆ ਰਹੀ ਹੈ। ਉਠ ਕੇ ਦਰਾਰ ਕੋਲ ਗਿਆ, ਖੁਰਚ ਕੇ ਦਰਾਰ ਵੱਡੀ ਕੀਤੀ ਅਤੇ ਦੇਖਣ ਲੱਗਾ।

ਦਰਾਰ ਵਿਚੋਂ ਉਸਨੂੰ ਸੜਕ ਦਿਖਾਈ ਦੇ ਰਹੀ ਸੀ, ਜੋ ਪਹਾੜੀ ਤੋਂ ਹੇਠਾਂ ਚਲੀ ਗਈ ਸੀ। ਖੱਬੇ ਪਾਸੇ ਤਾਤਾਰਾਂ ਦਾ ਘਰ ਸੀ, ਨੇੜੇ ਦੋ ਦਰੱਖਤ ਉਗੇ ਹੋਏ ਸਨ। ਦਹਿਲੀਜ਼ 'ਤੇ ਕਾਲਾ ਕੁੱਤਾ ਲੇਟਿਆ ਹੋਇਆ ਸੀ, ਬੱਕਰੀ ਮੇਮਣਿਆਂ ਨਾਲ ਟਹਿਲ ਰਹੀ ਸੀ, ਉਹ ਸਾਰੇ ਆਪਣੀਆਂ ਪੂਛਾਂ ਹਿਲਾ ਰਹੇ ਸਨ। ਝੀਲਿਨ ਨੇ ਦੇਖਿਆ ਢਲਾਣ 'ਤੇ ਜਵਾਨ ਤਾਤਾਰ ਔਰਤ ਚੜ੍ਹੀ ਆ ਰਹੀ ਸੀ, ਉਸਨੇ ਰੰਗ-ਬਿਰੰਗੀ, ਖੁੱਲ੍ਹੀ ਕਮੀਜ਼ ਅਤੇ ਸਲਵਾਰ ਪਾਈ ਹੋਈ ਸੀ, ਪੈਰਾਂ ਵਿੱਚ ਗੋਡਿਆਂ ਤੱਕ ਉੱਚੇ ਬੂਟ ਸਨ, ਸਿਰ ਕਫ਼ਤਾਨ ਨਾਲ ਢੱਕਿਆ ਹੋਇਆ ਸੀ ਅਤੇ ਸਿਰ 'ਤੇ ਟੀਨ ਦੀ ਝੱਜਰ ਸੀ, ਪਾਣੀ ਨਾਲ ਭਰੀ ਹੋਈ। ਚਲਦਿਆਂ ਉਸਦੀ ਕਮਰ ਲਚਕ ਰਹੀ ਸੀ। ਸਿਰ ਮੁੰਨੇ ਹੋਏ ਮੁੰਡੇ ਦੀ ਉਂਗਲੀ ਫੜੀ ਉਸ ਨਾਲ ਜਾ ਰਹੀ ਸੀ, ਮੁੰਡੇ ਨੇ ਬਸ ਇਕ ਕੁਰਤਾ ਹੀ ਪਾਇਆ ਹੋਇਆ ਸੀ। ਪਾਣੀ ਚੁੱਕੀ

ਤਾਤਾਰ ਔਰਤ ਘਰ ਵਿੱਚ ਚਲੀ ਗਈ। ਘਰ ਵਿਚੋਂ ਤਾਤਾਰ ਨਿਕਲਿਆ — ਉਹੀ ਕਲ ਵਾਲਾ, ਲਾਲ ਦਾੜ੍ਹੀ ਵਾਲਾ। ਉਸਨੇ ਰੇਸ਼ਮੀ ਅੰਗਰਖਾ ਪਾਇਆ ਹੋਇਆ ਸੀ, ਕਮਰਬੰਦ 'ਤੇ ਚਾਂਦੀ ਦਾ ਕੰਮ ਕੀਤਾ ਹੋਇਆ ਖੰਜਰ ਲਟਕ ਰਿਹਾ ਸੀ, ਬਿਨਾ ਜ਼ੁਰਾਬਾਂ ਦੇ ਹੀ ਜੁੱਤੀਆਂ ਪਾਈਆਂ ਹੋਈਆਂ ਸਨ। ਸਿਰ 'ਤੇ ਉੱਚੀ ਟੋਪੀ ਸੀ, ਕਾਲੀ ਭੇਡ ਦੀ ਖੱਲ ਦੀ, ਪਿੱਛੇ ਨੂੰ ਮੁੜੀ ਹੋਈ। ਬਾਹਰ ਨਿਕਲ ਕੇ ਉਸਨੇ ਅੰਗੜਾਈ ਲਈ, ਆਪਣੀ ਲਾਲ ਦਾੜ੍ਹੀ ਸਹਿਲਾਈ। ਥੋੜ੍ਹੀ ਦੇਰ ਖੜ੍ਹਾ ਰਿਹਾ, ਫਿਰ ਨੌਕਰ ਨੂੰ ਕੁਝ ਕਿਹਾ ਅਤੇ ਕਿਤੇ ਚਲਾ ਗਿਆ।

ਦੋ ਮੁੰਡੇ ਘੋੜਿਆਂ 'ਤੇ ਸਵਾਰ ਨਦੀ ਵੱਲ ਗਏ। ਫਿਰ ਕੁਝ ਹੋਰ ਮੁੰਨੇ ਹੋਏ ਸਿਰਾਂ ਵਾਲੇ ਮੁੰਡੇ ਘਰੋਂ ਬਾਹਰ ਨਿਕਲੇ, ਸਾਰਿਆਂ ਨੇ ਨਿਰਾ ਕੁਰਤਾ ਪਾਇਆ ਹੋਇਆ ਸੀ, ਨੰਗੇ ਪੈਰ ਸਨ। ਉਹ ਇਕ ਝੁੰਡ ਵਿੱਚ ਖੜ੍ਹੇ ਹੋ ਗਏ, ਫਿਰ ਕੋਠੜੀ ਕੋਲ ਆਏ, ਦਰਾਰ ਵਿੱਚ ਤਿਨਕੇ ਸੁੱਟਣ ਲੱਗੇ। ਝੀਲਿਨ ਨੇ ਜ਼ੋਰ ਦੀ ਆਵਾਜ਼ ਦਿੱਤੀ, ਬੱਚੇ ਚੀਕੇ ਅਤੇ ਭੱਜ ਗਏ, ਬਸ ਉਹਨਾਂ ਦੇ ਨੰਗੇ ਗੋਡੇ ਹੀ ਚਮਕਦੇ ਰਹੇ।

ਝੀਲਿਨ ਨੂੰ ਪਿਆਸ ਲੱਗੀ ਸੀ, ਗਲਾ ਸੁੱਕ ਰਿਹਾ ਸੀ। ਉਹ ਦਿਲ ਵਿੱਚ ਕੁਝ ਕਹਿ ਰਿਹਾ ਸੀ : ਕੋਈ ਖਬਰ ਲੈਣ ਹੀ ਜਾਂਦਾ। ਤਦੇ ਉਸ ਨੂੰ ਕੋਠੜੀ ਦੇ ਖੁੱਲ੍ਹਣ ਦੀ ਆਵਾਜ਼ ਸੁਣਾਈ ਦਿੱਤੀ। ਲਾਲ ਤਾਤਾਰ ਆਇਆ ਅਤੇ ਉਸ ਨਾਲ ਇਕ ਕਾਲਾ ਤਾਤਾਰ ਵੀ, ਉਸ ਤੋਂ ਥੋੜ੍ਹੇ ਛੋਟੇ ਕੱਦ ਦਾ, ਅੱਖਾਂ ਕਾਲੀਆਂ-ਕਾਲੀਆਂ, ਲਾਲ ਗਲ੍ਹਾਂ, ਛੋਟੀ ਜਿਹੀ ਛਾਂਗੀ ਹੋਈ ਦਾੜ੍ਹੀ। ਚਿਹਰੇ ਤੋਂ ਖੁਸ਼ਦਿਲ ਲੱਗਦਾ ਸੀ, ਹੱਸੀ ਜਾ ਰਿਹਾ ਸੀ। ਉਹਨੇ ਹੋਰ ਵੀ ਚੰਗੇ ਕੱਪੜੇ ਪਾਏ ਹੋਏ ਸਨ : ਨੀਲਾ ਅੰਗਰਖਾ, ਜਿਸ 'ਤੇ ਡੋਰੀਆਂ ਲੱਗੀਆਂ ਹੋਈਆਂ ਸਨ, ਕਮਰ 'ਤੇ ਚਾਂਦੀ ਦੇ ਕੰਮ ਵਾਲਾ ਖੰਜਰ ਲਟਕ ਰਿਹਾ ਸੀ। ਪੈਰਾਂ ਵਿੱਚ ਪਤਲੇ ਚਮੜੇ ਦੀਆਂ ਲਾਲ ਜੁੱਤੀਆਂ ਪਾਈਆਂ ਸਨ — ਜ਼ਰੀ ਦੇ ਕੰਮ ਵਾਲੀ ਅਤੇ ਉਹਨਾਂ ਉਪਰ ਮੋਟੇ ਜੁੱਤੇ। ਸਿਰ 'ਤੇ ਚਿੱਟੀ ਭੇਡ ਦੀ ਉੱਚੀ ਟੋਪੀ।

ਲਾਲ ਤਾਤਾਰ ਅੰਦਰ ਆਇਆ, ਕੁਝ ਬੋਲਿਆ, ਜਿਵੇਂ ਨਰਾਜ਼ ਹੋ ਰਿਹਾ ਹੋਵੇ ਅਤੇ ਚੁਗਾਠ ਦਾ ਸਹਾਰਾ ਲੈ ਕੇ ਖੜ੍ਹਾ ਹੋ ਗਿਆ। ਖੰਜਰ ਹਿਲਾਉਂਦਾ ਹੋਇਆ ਅਤੇ ਭਰਵੱਟੇ ਸਿੰਗੋੜਦਾ ਖੂੰਖਾਰ ਭੇੜੀਏ ਵਾਂਗ ਝੀਲਿਨ ਨੂੰ ਦੇਖਣ ਲੱਗਾ। ਕਾਲਾ ਤਾਤਾਰ ਬੜਾ ਤੇਜ਼ ਸੀ, ਲਪਕਦਾ ਹੋਇਆ ਤੁਰਦਾ ਸੀ। ਝੀਲਿਨ ਕੋਲ ਆ ਗਿਆ, ਆਕੜ ਕੇ ਬੈਠ ਗਿਆ, ਹੱਸਣ ਲੱਗਾ, ਝੀਲਿਨ ਦਾ ਮੋਢਾ ਥਪਥਪਾਇਆ ਅਤੇ ਜਲਦੀ-ਜਲਦੀ ਆਪਣੀ ਭਾਸ਼ਾ ਵਿੱਚ ਕੁਝ ਬੋਲਣ ਲੱਗਾ, ਨਾਲ ਹੀ ਅੱਖ ਮਾਰਦਾ ਜਾਵੇ, ਜੀਭ ਨਾਲ ਚਅ-ਚਅ ਕਰੇ ਅਤੇ ਵਿਚੋਂ-ਵਿੱਚ ਬੋਲਦਾ ਜਾਵੇ : "ਅੱਚਾ ਉਰੂਸ! ਅੱਚਾ ਉਰੂਸ!" (ਤਾਤਾਰ ਰੂਸੀਆਂ ਨੂੰ 'ਉਰੂਸ' ਕਹਿੰਦੇ ਸਨ ਅਤੇ ਉਹਨਾਂ ਲਈ ਹਰ ਰੂਸੀ ਦਾ ਨਾਮ 'ਇਵਾਨ' ਸੀ)

ਝੀਲਿਨ ਕੁਝ ਨਹੀਂ ਸਮਝਿਆ, ਬੋਲਿਆ : "ਪਾਣੀ ਦਿਓ, ਪਾਣੀ।"

ਕਾਲਾ ਹੱਸਦਾ ਜਾ ਰਿਹਾ ਸੀ। "ਅੱਚਾ ਉਰੂਸ," ਆਪਣੀ ਬੋਲੀ ਵਿੱਚ ਬੋਲਦਾ ਜਾ ਰਿਹਾ ਸੀ।

ਝੀਲਿਨ ਨੇ ਬੁੱਲਾਂ ਅਤੇ ਹੱਥਾਂ ਨਾਲ ਦੱਸਿਆ ਕਿ ਉਸਨੂੰ ਪਿਆਸ ਲੱਗੀ ਹੈ।

ਕਾਲਾ ਤਾਤਾਰ ਸਮਝ ਗਿਆ, ਹੱਸ ਪਿਆ, ਦਰਵਾਜ਼ੇ ਵੱਲ ਵੇਖਿਆ ਅਤੇ ਕਿਸੇ ਨੂੰ

ਬੁਲਾਇਆ : "ਦੀਨਾ!"

ਇਕ ਕੁੜੀ ਭੱਜੀ ਆਈ, ਦੁਬਲੀ-ਪਤਲੀ, ਕੋਈ ਤੇਰਾਂ ਸਾਲ ਦੀ, ਸ਼ਕਲ-ਸੂਰਤ ਬਿਲਕੁਲ ਕਾਲੇ ਤਾਤਾਰ ਵਰਗੀ। ਉਸਦੀ ਬੇਟੀ ਹੀ ਹੋਣੀ। ਉਸਦੀਆਂ ਅੱਖਾਂ ਵੀ ਕਾਲੀਆਂ, ਚਮਕਦਾਰ ਸਨ ਅਤੇ ਚਿਹਰਾ ਸੋਹਣਾ। ਲੰਬੀ, ਨੀਲੀ ਕਮੀਜ਼ ਪਾਈ ਹੋਈ ਸੀ, ਚੌੜੀਆਂ ਬਾਹਵਾਂ ਵਾਲੀ ਅਤੇ ਕਮਰਬੰਦ ਤੋਂ ਬਿਨਾ। ਕਮੀਜ਼ ਦੇ ਦਾਮਨ, ਛਾਤੀ ਅਤੇ ਬਾਜ਼ੂਆਂ 'ਤੇ ਲਾਲ ਗੋਟਾ ਲੱਗਾ ਹੋਇਆ ਸੀ। ਸਲਵਾਰ ਪਾਈ ਹੋਈ ਸੀ। ਪੈਰਾਂ ਵਿੱਚ ਪਤਲੀਆਂ ਜੁੱਤੀਆਂ ਅਤੇ ਉਹਨਾਂ ਉਪਰ ਉੱਚੀ ਅੱਡੀ ਦੀ ਦੂਸਰੀ ਮੋਟੀ ਜੁੱਤੀ। ਗਲੇ ਵਿੱਚ ਪੰਜਾਹ ਕੋਪੇਕ ਦੇ ਰੂਸੀ ਸਿੱਕਿਆਂ ਦੀ ਲਟਕਣ। ਸਿਰ ਨੰਗਾ ਸੀ, ਕਾਲੀ ਗੁੱਤ ਅਤੇ ਗੁੱਤ ਵਿੱਚ ਰਿਬਨ ਗੁੰਦਿਆ ਹੋਇਆ, ਰਿਬਨ 'ਤੇ ਪੱਤਰੀਆਂ ਅਤੇ ਚਾਂਦੀ ਦਾ ਰੂਬਲ ਲੱਗਾ ਹੋਇਆ ਸੀ।

ਬਾਪ ਨੇ ਉਸਨੂੰ ਕੁਝ ਕਿਹਾ। ਉਹ ਦੌੜ ਗਈ ਅਤੇ ਫਿਰ ਮੁੜ ਆਈ, ਜਿਸਤ ਦੀ ਸੁਰਾਹੀ ਲਿਆਈ। ਝੀਲਿਨ ਨੂੰ ਪਾਣੀ ਦਿੱਤਾ ਅਤੇ ਆਪ ਉਸ ਦੇ ਸਾਹਮਣੇ ਉਹ ਕੁੰਗੜ ਕੇ ਬੈਠ ਗਈ ਇਵੇਂ ਗੱਠੜੀ ਬਣ ਗਈ ਕਿ ਮੋਢੇ ਗੋਡਿਆਂ ਤੋਂ ਹੇਠਾਂ ਹੋ ਗਏ। ਅੱਖਾਂ ਪਾੜ-ਪਾੜ ਕੇ ਦੇਖਣ ਲੱਗੀ ਕਿ ਕਿਵੇਂ ਝੀਲਿਨ ਪਾਣੀ ਪੀ ਰਿਹਾ ਹੈ, ਜਿਵੇਂ ਉਹ ਕੋਈ ਜਾਨਵਰ ਹੋਵੇ।

ਝੀਲਿਨ ਨੇ ਉਸਨੂੰ ਸੁਰਾਹੀ ਮੋੜੀ। ਉਹ ਜੰਗਲੀ ਬੱਕਰੀ ਵਾਂਗ ਉਛਲ ਕੇ ਪਿਛੇ ਹਟੀ। ਉਸਦਾ ਬਾਪ ਵੀ ਹੱਸ ਪਿਆ। ਫਿਰ ਉਸ ਨੂੰ ਕਿਤੇ ਭੇਜ ਦਿੱਤਾ। ਉਸ ਨੇ ਸੁਰਾਹੀ ਚੁੱਕੀ ਅਤੇ ਦੌੜ ਗਈ। ਗੋਲ ਪਟੜੀ 'ਤੇ ਫਿੱਕੀ ਰੋਟੀ ਲਿਆਈ, ਫਿਰ ਬੈਠ ਗਈ, ਗੱਠਰੀ ਬਣ ਗਈ, ਟਿਕ-ਟਿਕੀ ਲਗਾ ਕੇ ਝੀਲਿਨ ਨੂੰ ਦੇਖਣ ਲੱਗੀ।

ਤਾਤਾਰ ਚਲੇ ਗਏ, ਦਰਵਾਜ਼ਾ ਬੰਦ ਕਰ ਗਏ। ਥੋੜ੍ਹੀ ਦੇਰ ਬਾਅਦ ਨਗਾਈ ਆਇਆ, ਬੋਲਿਆ :

"ਏ, ਮਾਲਿਕ, ਓ-ਓ!"

ਉਸ ਨੂੰ ਵੀ ਰੂਸੀ ਨਹੀਂ ਆਉਂਦੀ ਸੀ। ਪਰ ਝੀਲਿਨ ਸਮਝ ਗਿਆ ਕਿ ਕਿਤੇ ਜਾਣ ਨੂੰ ਕਹਿ ਰਿਹਾ ਹੈ।

ਝੀਲਿਨ ਬੇੜੀ ਪਾਈ ਤੁਰ ਪਿਆ, ਲੰਗੜਾਉਂਦਾ ਹੋਇਆ, ਪੈਰ ਨਹੀਂ ਰਖਿਆ ਜਾ ਰਿਹਾ ਸੀ — ਇਕ ਪਾਸੇ ਨੂੰ ਮੁੜ-ਮੁੜ ਜਾਂਦਾ ਸੀ। ਝੀਲਿਨ ਨਗਾਈ ਦੇ ਪਿਛੇ-ਪਿਛੇ ਬਾਹਰ ਨਿਕਲੇ। ਦੇਖਿਆ : ਦਸ ਕੁ ਘਰਾਂ ਦਾ ਪਿੰਡ ਹੈ ਅਤੇ ਮੀਨਾਰ ਵਾਲੀ ਮਸਜਿਦ। ਇਕ ਘਰ ਕੋਲ ਤਿੰਨ ਘੋੜੇ ਖੜ੍ਹੇ ਸਨ, ਕਾਠੀ ਕੱਸ ਕੇ ਬੰਨ੍ਹੀ ਹੋਈ ਸੀ। ਮੁੰਡਿਆਂ ਨੇ ਲਗਾਮਾਂ ਫੜੀਆਂ ਹੋਈਆਂ ਸਨ। ਉਸ ਘਰ 'ਚੋਂ ਕਾਲਾ ਤਾਤਾਰ ਨਿਕਲਿਆ, ਹੱਥ ਹਿਲਾਉਣ ਲੱਗਾ ਕਿ ਝੀਲਿਨ ਉਧਰ ਆਵੇ। ਹੱਸਦਾ ਜਾ ਰਿਹਾ ਸੀ ਅਤੇ ਆਪਣੀ ਬੋਲੀ ਵਿੱਚ ਕੁਝ ਬੋਲ ਰਿਹਾ ਸੀ, ਫਿਰ ਦਰਵਾਜ਼ੇ ਵਿੱਚ ਵੜ ਗਿਆ। ਝੀਲਿਨ ਘਰ ਅੰਦਰ ਆ ਗਿਆ। ਬੈਠਕ ਵਧੀਆ ਸੀ, ਦੀਵਾਰਾਂ 'ਤੇ ਚਿਕਨੀ ਮਿੱਟੀ ਨਾਲ ਪੁਤਾਈ ਕੀਤੀ ਹੋਈ ਸੀ। ਸਾਹਮਣੇ ਦੀ ਕੰਧ ਦੇ ਆਲੇ ਵਿੱਚ ਰੰਗ ਬਿਰੰਗੇ ਸਿਰਹਾਣਿਆਂ ਦਾ ਢੇਰ ਲੱਗਾ ਹੋਇਆ ਸੀ, ਆਲੇ-ਦੁਆਲੇ ਕੀਮਤੀ ਗਲੀਚੇ ਟੰਗੇ ਹੋਏ ਸਨ, ਗਲੀਚਿਆਂ 'ਤੇ

ਬੰਦੂਕਾਂ, ਪਿਸਤੌਲਾਂ, ਸਾਰਿਆਂ ’ਤੇ ਚਾਂਦੀ ਦਾ ਕੰਮ ਸੀ। ਇਕ ਕੰਧ ਵਿੱਚ ਫਰਸ਼ ਕੋਲ ਹੀ ਅੰਗੀਠੀ ਬਣੀ ਹੋਈ ਸੀ। ਫਰਸ਼ ਵੀ ਮਿੱਟੀ ਦਾ ਸੀ, ਬਿਲਕੁਲ ਸਾਫ, ਸਾਹਮਣੇ ਦੇ ਸਾਰੇ ਕੋਨਿਆਂ ਵਿੱਚ ਊਨੀ ਕੰਬਲ ਵਿਛੇ ਹੋਏ ਸੀ ; ਕੰਬਲਾਂ ’ਤੇ ਗਲੀਚੇ ਅਤੇ ਉਹਨਾਂ ’ਤੇ ਖੰਭਾਂ ਦੇ ਤਕੀਏ। ਗਲੀਚਿਆਂ ’ਤੇ ਪਤਲੀਆਂ ਜੁੱਤੀਆਂ ਪਾਈ ਤਤਾਰ ਬੈਠੇ ਸਨ : ਕਾਲਾ, ਲਾਲ ਅਤੇ ਤਿੰਨ ਮਹਿਮਾਨ। ਸਾਰਿਆਂ ਦੀ ਪਿੱਠ ਪਿੱਛੇ ਤਕੀਏ ਸਨ। ਉਹਨਾਂ ਦੇ ਸਾਹਮਣੇ ਗੋਲ ਫੱਟਾ ’ਤੇ ਬਾਜਰੇ ਦੀਆਂ ਟਿੱਕੀਆਂ ਰਖੀਆਂ ਸਨ ਅਤੇ ਇਕ ਪਿਆਲੇ ਵਿੱਚ ਪਿਘਲਿਆ ਹੋਇਆ ਮੱਖਣ। ਸੁਰਾਹੀ ਵਿੱਚ ਤਾਤਾਰਾਂ ਦੀ ਬੀਅਰ ਰੱਖੀ ਹੋਈ ਸੀ — ਬੂਜ਼ਾ। ਉਹ ਹੱਥਾਂ ਨਾਲ ਖਾ ਰਹੇ ਸਨ, ਉਂਗਲੀਆਂ ਮੱਖਣ ਨਾਲ ਲਿਬੜੀਆਂ ਹੋਈਆਂ ਸਨ।

ਕਾਲਾ ਤਾਤਾਰ ਖੜ੍ਹਾ ਹੋ ਗਿਆ, ਜ਼ੀਲਿਨ ਨੂੰ ਇਕ ਪਾਸੇ ਬਿਠਾਉਣ ਨੂੰ ਕਿਹਾ, ਗਲੀਚੇ ’ਤੇ ਨਹੀਂ, ਨੰਗੇ ਫਰਸ਼ ’ਤੇ। ਫਿਰ ਤੋਂ ਉਹ ਗਲੀਚੇ ’ਤੇ ਬੈਠ ਗਿਆ, ਮਹਿਮਾਨਾਂ ਨੂੰ ਟਿੱਕੀਆਂ ਅਤੇ ਬੂਜ਼ਾ ਦੇਣ ਲੱਗਾ। ਨੌਕਰ ਨੇ ਜ਼ੀਲਿਨ ਨੂੰ ਉਸਦੀ ਜਗ੍ਹਾ ’ਤੇ ਬਿਠਾ ਦਿੱਤਾ, ਆਪ ਉਪਰ ਵਾਲੇ ਜੁੱਤੇ ਉਤਾਰ, ਦਰਵਾਜ਼ੇ ਕੋਲ ਰੱਖੇ, ਜਿਥੇ ਦੂਸਰਿਆਂ ਦੇ ਜੁੱਤੇ ਵੀ ਰਖੇ ਹੋਏ ਸਨ ਅਤੇ ਮਾਲਕਾਂ ਕੋਲ ਕੰਬਲ ’ਤੇ ਬੈਠ ਗਿਆ ; ਉਹਨਾਂ ਨੂੰ ਖਾਂਦਿਆਂ ਦੇਖਦਾ ਜਾਵੇ ਅਤੇ ਲਾਰ ਟਪਕਾਉਂਦਾ ਜਾਵੇ। ਤਾਤਾਰਾਂ ਨੇ ਟਿੱਕੀਆਂ ਖਾ ਲਈਆਂ। ਇਕ ਔਰਤ ਆਈ, ਕੁੜੀ ਵਰਗੀ ਹੀ ਸਲਵਾਰ-ਕਮੀਜ਼ ਪਾਈ ਹੋਈ ਸੀ ; ਸਿਰ ’ਤੇ ਕਸਾਬਾ ਬੰਨ੍ਹਿਆ ਹੋਇਆ ਸੀ। ਉਹ ਮੱਖਣ ਅਤੇ ਟਿੱਕੀਆਂ ਲੈ ਗਈ, ਲੱਕੜ ਦੀ ਚਿਲਮਚੀ ਅਤੇ ਪਤਲੀ ਟੂਟੀ ਵਾਲੀ ਸੁਰਾਹੀ ਲਿਆਈ। ਤਾਤਾਰ ਹੱਥ ਧੋਣ ਲੱਗੇ, ਫਿਰ ਗੋਡਿਆਂ ਭਾਰ ਬੈਠ ਗਏ, ਹੱਥ ਜੋੜੇ, ਚਾਰੇ ਪਾਸੇ ਫੂਕ ਮਾਰੀ ਅਤੇ ਦੁਆ ਪੜ੍ਹੀ। ਆਪਸ ਵਿੱਚ ਗੱਲਾਂ ਕਰਨ ਲੱਗੇ। ਫਿਰ ਮਹਿਮਾਨਾਂ ਵਿਚੋਂ ਇਕ ਤਾਤਾਰ ਜ਼ੀਲਿਨ ਵੱਲ ਮੁੜਿਆ ਅਤੇ ਰੂਸੀ ਵਿੱਚ ਬੋਲਣ ਲੱਗਾ :

“ਤੈਨੂੰ ਕਾਜ਼ੀ ਮੁਹੰਮਦ ਨੇ ਫੜਿਆ ਹੈ,” ਲਾਲ ਤਾਤਾਰ ਵੱਲ ਇਸ਼ਾਰਾ ਕੀਤਾ, “ਅਤੇ ਅਬਦੁਲ ਮੁਰਾਦ ਨੂੰ ਦੇ ਦਿੱਤਾ,” ਕਾਲੇ ਤਾਤਾਰ ਵੱਲ ਦਿਖਾਇਆ,” ਹੁਣ ਅਬਦੁਲ ਮੁਰਾਦ ਤੇਰਾ ਮਾਲਕ ਹੈ।”

ਜ਼ੀਲਿਨ ਚੁੱਪ ਬੈਠਾ ਰਿਹਾ। ਅਬਦੁਲ ਮੁਰਾਦ ਬੋਲਣ ਲੱਗਾ, ਵਾਰ-ਵਾਰ ਝਿਲਿਨ ਵੱਲ ਦਿਖਾਉਂਦਾ ਜਾਵੇ, ਅਤੇ ਹੱਸੀ ਜਾਵੇ, ਬੋਲਿਆ : “ਉਰੂਸ ਸਿਪਾਹੀ, ਅੱਚਾ ਉਰੂਸ”। ਦੁਭਾਸ਼ੀਆ ਬੋਲਿਆ : “ਉਹ ਕਹਿੰਦਾ ਹੈ ਕਿ ਤੂੰ ਘਰ ਚਿੱਠੀ ਲਿਖ, ਤਾਂ ਕਿ ਤੇਰੇ ਬਦਲੇ ਪੈਸੇ ਭੇਜੇ ਜਾਣ। ਜਦ ਪੈਸੇ ਆ ਜਾਣਗੇ, ਤਾਂ ਉਹ ਤੈਨੂੰ ਛੱਡ ਦੇਣਗੇ।”

ਜ਼ੀਲਿਨ ਕੁਝ ਦੇਰ ਸੋਚਦਾ ਰਿਹਾ, ਫਿਰ ਬੋਲਿਆ :

“ਕਿੰਨੇ ਪੈਸੇ ਚਾਹੀਦੇ ਹਨ?”

ਤਾਤਾਰ ਗੱਲਾਂ ਕਰਨ ਲੱਗੇ ; ਦੁਭਾਸ਼ੀਆ ਬੋਲਿਆ :

“ਤਿੰਨ ਹਜ਼ਾਰ ਸਿੱਕੇ।”

“ਨਹੀਂ, ਏਨੇ ਮੈਂ ਨਹੀਂ ਦੇ ਸਕਦਾ,” ਜ਼ੀਲਿਨ ਨੇ ਜਵਾਬ ਦਿੱਤਾ।

ਅਬਦੁਲ ਭੁੜ੍ਹਕ ਕੇ ਖੜ੍ਹਾ ਹੋ ਗਿਆ, ਹੱਥ ਹਿਲਾਉਣ ਲੱਗਾ ਅਤੇ ਜ਼ੀਲਿਨ ਨੂੰ ਕੁਝ ਕਹਿਣ

ਲੱਗਾ — ਸੋਚ ਰਿਹਾ ਸਾਂ ਕਿ ਉਹ ਸਮਝ ਜਾਵੇਗਾ। ਦੁਭਾਸ਼ੀਏ ਨੇ ਦੱਸਿਆ : "ਕਿੰਨਾ ਦਵੇਂਗਾ ਤੂੰ?" ਝੀਲਿਨ ਸੋਚਦਾ ਰਿਹਾ, ਫਿਰ ਬੋਲਿਆ : "ਪੰਜ ਸੌ ਰੂਬਲ"। ਸਾਰੇ ਤਾਤਾਰ ਇਕੱਠੇ ਜਲਦੀ-ਜਲਦੀ ਬੋਲਣ ਲੱਗੇ। ਅਬਦੁਲ ਲਾਲ ਤਾਤਾਰ 'ਤੇ ਚਿਲਾਉਣ ਲੱਗਾ, ਜਿਵੇਂ ਏਨੀ ਜ਼ੋਰ ਦੀ ਗਿਟਪਿਟ ਕਰਨ ਲੱਗਾ ਕਿ ਮੂੰਹ 'ਚੋਂ ਥੁੱਕ ਨਿਕਲਣ ਲੱਗੀ। ਲਾਲ ਤਾਤਾਰ ਬਸ ਅੱਖਾਂ ਘੁੱਟੀ ਜਾਵੇ ਅਤੇ ਜੀਭ ਨਾਲ ਚ-ਚ ਕਰੀ ਜਾਵੇ।

ਉਹ ਚੁੱਪ ਹੋ ਗਏ ਅਤੇ ਦੁਭਾਸ਼ੀਏ ਨੇ ਕਿਹਾ :

"ਮਾਲਿਕ ਲਈ ਪੰਜ ਸੌ ਰੂਬਲ ਥੋੜ੍ਹੇ ਹਨ। ਉਸ ਨੇ ਖੁਦ ਤੇਰੇ ਬਦਲੇ ਦੋ ਸੌ ਦਿੱਤੇ ਹਨ। ਕਾਜ਼ੀ ਮੁਹੰਮਦ ਉਸ ਦਾ ਕਰਜ਼ਦਾਰ ਸੀ। ਉਸਨੇ ਤੈਨੂੰ ਕਰਜ਼ੇ ਦੇ ਬਦਲੇ ਲਿਆ ਹੈ। ਤਿੰਨ ਹਜ਼ਾਰ ਰੂਬਲ ਤੋਂ ਘੱਟ ਨਹੀਂ ਹੋ ਸਕਦਾ। ਨਹੀਂ ਲਿਖੇਂਗਾ, ਤਾਂ ਤੈਨੂੰ ਟੋਏ ਵਿੱਚ ਸੁੱਟ ਦੇਵਾਂਗੇ, ਕੋੜਿਆਂ ਦੀ ਸਜ਼ਾ ਮਿਲੇਗੀ।"

ਝੀਲਿਨ ਨੇ ਦਿਲ ਵਿਚ ਸੋਚਿਆ : "ਇਹਨਾਂ ਅੱਗੇ ਝੁੱਕਣ ਨਾਲੋਂ ਤਾਂ ਹੋਰ ਬੁਰਾ ਹੀ ਹੋਣਾ।"

ਉਹ ਉਠ ਖੜ੍ਹਾ ਹੋਇਆ ਅਤੇ ਕਹਿਣ ਲੱਗਾ :

"ਤੂੰ ਉਸਨੂੰ ਕਹਿ ਦੇ ਕਿ ਜੇ ਉਹ ਮੈਨੂੰ ਡਰਾਉਣਾ ਚਾਹੁੰਦਾ ਹੈ, ਤਾਂ ਇੱਕ ਕੋਪੇਕ ਵੀ ਨਹੀਂ ਦੇਵਾਂਗਾ ਅਤੇ ਘਰ ਲਿਖਾਂਗਾ ਵੀ ਨਹੀਂ, ਮੈਂ ਤੁਹਾਡੇ ਲੋਕਾਂ ਤੋਂ ਨਾ ਕਦੀ ਡਰਿਆ ਹਾਂ, ਤੇ ਨਾ ਡਰਾਂਗਾ।"

ਦੁਭਾਸ਼ੀਏ ਨੇ ਉਸਦੀ ਗੱਲ ਉਹਨਾਂ ਨੂੰ ਦੱਸ ਦਿੱਤੀ, ਫਿਰ ਸਾਰੇ ਇਕੱਠੇ ਬੋਲਣ ਲੱਗੇ। ਬੜੀ ਦੇਰ ਤੱਕ ਗਿਟਪਿਟ ਕਰਦੇ ਰਹੇ, ਫਿਰ ਕਾਲਾ ਤਾਤਾਰ ਉਠਿਆ, ਝੀਲਿਨ ਕੋਲ ਆਇਆ, ਕਹਿਣ ਲੱਗਾ :

"ਉਰੂਸ ਜਿਗੀਤ, ਜਿਗੀਤ ਉਰੂਸ!"

ਜਿਗੀਤ ਦਾ ਉਹਨਾਂ ਦੀ ਬੋਲੀ ਵਿੱਚ ਮਤਲਬ ਹੈ : ਬੜਾ ਵਧੀਆ ਹੈ। ਤਾਤਾਰ ਆਪ ਹੱਸੀ ਜਾ ਰਿਹਾ ਸੀ, ਉਸ ਨੇ ਦੁਭਾਸ਼ੀਏ ਨੂੰ ਕੁਝ ਕਿਹਾ ਅਤੇ ਉਹ ਬੋਲਿਆ :

"ਚੱਲ, ਇਕ ਹਜ਼ਾਰ ਦੇ ਦੇ।"

ਝੀਲਿਨ ਆਪਣੀ ਗੱਲ 'ਤੇ ਅੜ ਗਿਆ : ਪੰਜ ਰੂਬਲ ਤੋਂ ਜ਼ਿਆਦਾ ਨਹੀਂ ਦੇਵਾਂਗਾ। ਜੇ ਮਾਰ ਦਿਓਗੇ, ਤਾਂ ਕੁਝ ਵੀ ਨਹੀਂ ਪਾਓਗੇ।"

ਤਾਤਾਰਾਂ ਨੇ ਆਪਸ ਵਿੱਚ ਗੱਲ ਕੀਤੀ, ਨੌਕਰ ਨੂੰ ਕਿਤੇ ਭੇਜਿਆ ਅਤੇ ਆਪ ਕਦੀ ਝੀਲਿਨ ਵੱਲ ਕਦੀ ਦਰਵਾਜ਼ੇ ਵੱਲ ਦੇਖਣ ਲੱਗੇ। ਨੌਕਰ ਆਇਆ, ਉਸਦੇ ਪਿੱਛੇ ਕੋਈ ਮੋਟਾ ਜਿਹਾ ਆਦਮੀ ਤੁਰਿਆ ਆ ਰਿਹਾ ਸੀ — ਨੰਗੇ ਪੈਰ, ਫਟੇ ਹਾਲ ; ਉਹਦੇ ਪੈਰ ਵਿੱਚ ਵੀ ਬੇੜੀਆਂ ਸਨ।

ਝੀਲਿਨ ਦੇਖ ਕੇ ਹੈਰਾਨ ਰਹਿ ਗਿਆ। ਕਸਤੀਲੀਨ ਨੂੰ ਪਹਿਚਾਣ ਗਿਆ। ਉਸ ਨੂੰ ਵੀ ਫੜ ਲਿਆ ਸੀ। ਦੋਵਾਂ ਨੂੰ ਉਹਨਾਂ ਨੇ ਕੋਲ-ਕੋਲ ਬਿਠਾ ਦਿੱਤਾ। ਉਹ ਦੋਵੇਂ ਇੱਕ ਦੂਸਰੇ ਨੂੰ ਆਪ ਬੀਤੀ ਦੱਸਣ ਲੱਗੇ, ਤਾਤਾਰ ਚੁੱਪ-ਚਾਪ ਉਹਨਾਂ ਨੂੰ ਦੇਖਦੇ ਰਹੇ। ਝੀਲਿਨ ਨੇ ਉਸਦੇ ਕੋਲ ਜੋ ਕੁਝ ਹੋਇਆ ਸੀ ਦੱਸਿਆ। ਕਸਤੀਲੀਨ ਨੇ ਦੱਸਿਆ ਕਿ ਉਸਦਾ ਘੋੜਾ ਅੜ ਗਿਆ, ਬੰਦੂਕ ਵੀ ਚੱਲੀ ਨਹੀਂ, ਤੇ

ਬਸ ਇਸੇ ਅਬਦੁਲ ਨੇ ਉਸਨੂੰ ਜਾ ਫੜਿਆ ਸੀ।

ਅਬਦੁਲ ਉੱਛਲ ਕੇ ਖੜ੍ਹਾ ਹੋਇਆ, ਕਸਤੀਲੀਨ ਵੱਲ ਇਸ਼ਾਰਾ ਕਰਕੇ ਕੁਝ ਕਹਿਣ ਲੱਗਾ। ਦੁਭਾਸ਼ੀਏ ਨੇ ਦੱਸਿਆ ਕਿ ਹੁਣ ਉਹ ਇਕ ਹੀ ਮਾਲਕ ਦੇ ਹਨ, ਜੋ ਪਹਿਲਾਂ ਪੈਸੇ ਦੇਵੇਗਾ, ਉਹੀ ਪਹਿਲਾਂ ਛੁੱਟ ਜਾਵੇਗਾ। ਜ਼ੀਲਿਨ ਨੂੰ ਕਹਿਣ ਲੱਗਾ :

"ਦੇਖ ਤੂੰ ਗੁੱਸਾ ਕਰਦਾ ਹੈਂ, ਤੇ ਤੇਰਾ ਸਾਥੀ ਠੰਡੇ ਸੁਭਾਅ ਦਾ ਹੈ ; ਉਸ ਨੇ ਘਰ ਲਿਖ ਦਿੱਤਾ ਹੈ, ਪੰਜ ਹਜ਼ਾਰ ਸਿੱਕੇ ਭੇਜਣਗੇ। ਹੁਣ ਉਸਨੂੰ ਖਾਣਾ ਵੀ ਚੰਗਾ ਮਿਲੇਗਾ ਅਤੇ ਤੰਗ ਵੀ ਨਹੀਂ ਕਰਾਂਗੇ।"

ਜ਼ੀਲਿਨ ਨੇ ਜਵਾਬ ਦਿੱਤਾ :

"ਸਾਥੀ ਜੋ ਮਰਜ਼ੀ ਕਰੇ : ਹੋ ਸਕਦਾ ਹੈ ਉਹ ਅਮੀਰ ਹੋਵੇ, ਪਰ ਮੈਂ ਅਮੀਰ ਨਹੀਂ। ਜਿਵੇਂ ਮੈਂ ਕਹਿ ਦਿੱਤਾ, ਉਹੀ ਹੋਵੇਗਾ। ਜੀਅ 'ਚ ਆਵੇ ਤਾਂ ਮਾਰ ਦਿਓ, ਤੁਹਾਡੇ ਹੱਥ ਕੁਝ ਵੀ ਲੱਗਣ ਵਾਲਾ ਨਹੀਂ। ਪਰ ਮੈਂ ਪੰਜ ਸੌ ਤੋਂ ਜ਼ਿਆਦਾ ਨਹੀਂ ਲਿਖਾਂਗਾ।"

ਸਾਰੇ ਚੁੱਪ ਰਹੇ। ਫਿਰ ਅਬਦੁਲ ਝਟਕੇ ਨਾਲ ਉਠਿਆ, ਸੰਦੂਕਚੀ ਫੜੀ, ਉਸ ਵਿਚੋਂ ਕਲਮ ਕੱਢੀ, ਕਾਗਜ਼ ਦਾ ਟੁਕੜਾ ਅਤੇ ਸਿਆਹੀ ਜ਼ੀਲਿਨ ਨੂੰ ਸਭ ਦਿੱਤਾ ਅਤੇ ਉਸਦੇ ਮੋਢੇ 'ਤੇ ਹੱਥ ਮਾਰਿਆ, ਹੁਕਮ ਦਿੱਤਾ : "ਲਿਖ"। ਰਾਜ਼ੀ ਹੋ ਗਿਆ ਪੰਜ ਸੌ ਲਈ।

"ਠਹਿਰ ਜਾ," ਜ਼ੀਲਿਨ ਨੇ ਦੁਭਾਸ਼ੀਏ ਨੂੰ ਕਿਹਾ, "ਤੂੰ ਇਸ ਨੂੰ ਕਹਿ ਦੇ ਕਿ ਸਾਨੂੰ ਖਾਣਾ ਵਧੀਆ ਦੇਣ ਅਤੇ ਵਧੀਆ ਜੁੱਤੀਆਂ-ਕੱਪੜੇ ਵੀ, ਕਿ ਸਾਨੂੰ ਇਕੱਠਿਆਂ ਰੱਖਣ — ਇੰਝ ਅਸੀਂ ਵਧੀਆ ਰਹਾਂਗੇ, ਤੇ ਸਾਡੀਆਂ ਬੇੜੀਆਂ ਵੀ ਉਤਾਰ ਦੇਣ", ਕਹਿੰਦਾ ਹੋਇਆ ਮਾਲਿਕ ਵੱਲ ਵੇਖ ਹੱਸੀ ਜਾ ਰਿਹਾ ਸੀ। ਮਾਲਕ ਵੀ ਹੱਸ ਰਿਹਾ ਸੀ। ਉਸਨੇ ਸਾਰੀ ਗੱਲ ਸੁਣੀ ਅਤੇ ਬੋਲਿਆ :

"ਕਪੜੇ ਬਹੁਤ ਵਧੀਆ ਦੇਵਾਂਗੇ : ਚੋਗਾ ਵੀ ਅਤੇ ਉੱਚੇ ਬੂਟ ਵੀ, ਅਜਿਹੇ ਕੇ ਪਹਿਣ ਕੇ ਵਿਆਹ ਕਰ ਸਕੋ। ਜੇ ਇਕੱਠੇ ਰਹਿਣਾ ਚਾਹੁੰਦੇ ਹੋ ਤਾਂ ਰਹੋ ਕੋਠੜੀ 'ਚ। ਪਰ ਬੇੜੀ ਨਹੀਂ ਉਤਾਰੀ ਜਾ ਸਕਦੀ — ਭੱਜ ਜਾਓਗੇ। ਰਾਤ ਨੂੰ ਸਿਰਫ ਲਾਹ ਦਿਆ ਕਰਾਂਗੇ।" ਉੱਠਿਆ ਅਤੇ ਜ਼ੀਲਿਨ ਦਾ ਮੋਢਾ ਥਪਥਪਾਇਆ। "ਤੇਰਾ ਅੱਚਾ, ਮੇਰਾ ਅੱਚਾ!"

ਜ਼ੀਲਿਨ ਨੇ ਚਿੱਠੀ ਲਿਖ ਦਿੱਤੀ, ਪਰ ਪਤਾ ਠੀਕ ਨਹੀਂ ਲਿਖਿਆ। ਮਨ ਹੀ ਮਨ ਵਿੱਚ ਸੋਚਿਆ : "ਭੱਜ ਜਾਵਾਂਗਾ।"

ਜ਼ੀਲਿਨ ਅਤੇ ਕਸਤੀਲੀਨ ਨੂੰ ਕੋਠੜੀ ਵਿੱਚ ਲੈ ਜਾਇਆ ਗਿਆ। ਉਹਨਾਂ ਲਈ ਕਪੜੇ ਲੈ ਆਏ, ਦੋ ਪੁਰਾਣੇ ਚੋਗੇ ਅਤੇ ਗੋਡਿਆਂ ਤੱਕ ਉੱਚੇ ਬੂਟ, ਸਿਪਾਹੀਆਂ ਦੇ। ਮਾਰੇ ਗਏ ਸਿਪਾਹੀਆਂ ਦੇ ਉਤਾਰੇ ਹੋਏ ਹੋਣੇ। ਰਾਤ ਨੂੰ ਉਹਨਾਂ ਦੀਆਂ ਬੇੜੀਆਂ ਉਤਾਰ ਕੇ ਉਹਨਾਂ ਨੂੰ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ।

## 3.

ਝੀਲਿਨ ਅਤੇ ਉਸਦਾ ਸਾਥੀ ਇਕ ਮਹੀਨਾ ਇੰਜ ਹੀ ਰਹੇ। ਮਾਲਕ ਜਦੋਂ ਦੇਖਦਾ, ਹੱਸਦਾ : "ਤੂੰ ਈਵਾਨ ਅੱਛਾ, ਹਮ ਅਬਦੁਲ ਅੱਛਾ!" ਖਾਣਾ ਐਂਵੇ-ਕੈਂਵੇ ਦਾ ਹੀ ਦਿੰਦੇ ਸਨ – ਸਿਰਫ ਬਾਜਰੇ ਦੀਆਂ ਫਿੱਕੀਆਂ ਰੋਟੀਆਂ ਤੇ ਉਹ ਵੀ ਕਦੀ ਕੱਚੀਆਂ, ਕਦੇ ਪੱਕੀਆਂ।

ਕਸਤੀਲੀਨ ਨੇ ਇਕ ਵਾਰ ਹੋਰ ਘਰ ਚਿੱਠੀ, ਬਸ ਇਸੇ ਇੰਤਜ਼ਾਰ ਵਿਚ ਰਹਿੰਦਾ ਕਿ ਕਦੋਂ ਪੈਸੇ ਆਉਣੇ। ਸਾਰਾ ਦਿਨ ਕੋਠੜੀ ਵਿੱਚ ਬੈਠਾ ਦਿਨ ਗਿਣਦਾ ਰਹਿੰਦਾ ਸੀ ਕਿ ਕਦੋਂ ਚਿੱਠੀ ਆਵੇਗੀ ਜਾਂ ਸੌਂਦਾ ਰਹਿੰਦਾ ਸੀ। ਝੀਲਿਨ ਨੂੰ ਜਾਣਦਾ ਸੀ ਕਿ ਉਸਦੀ ਚਿੱਠੀ ਘਰ ਤੱਕ ਨਹੀਂ ਪਹੁੰਚੇਗੀ ਅਤੇ ਦੂਸਰੀ ਚਿੱਠੀ ਉਸੇ ਨੇ ਲਿਖੀ ਨਹੀਂ।

ਉਹ ਸੋਚਦਾ ਸੀ : "ਮਾਂ ਕੋਲ ਇੰਨੇ ਪੈਸੇ ਕਿਥੋਂ ਆਉਣੇ? ਵੈਸੇ ਹੀ ਮੈਂ ਜੋ ਭੇਜਦਾ ਸੀ, ਉਸ ਨਾਲ ਉਸਦਾ ਗੁਜ਼ਾਰਾ ਹੁੰਦਾ ਸੀ। ਪੰਜ ਸੌ ਰੂਬਲ ਜਮ੍ਹਾਂ ਕਰਨ ਲਈ ਤਾਂ ਉਸਨੂੰ ਕੰਗਾਲ ਹੋਣਾ ਪੈਣਾ ; ਆਪ ਹੀ ਕਿਸੇ ਤਰ੍ਹਾਂ ਨਿਕਲ ਜਾਵਾਂਗਾ।"

ਖੁਦ ਉਹ ਹਰ ਵਕਤ ਇਸੇ ਤਾਕ ਵਿਚ ਰਹਿੰਦਾਂ ਸੀ ਕਿ ਕਿਵੇਂ ਭੱਜਿਆ ਜਾ ਸਕਦਾ ਹੈ।

ਪਿੰਡ ਵਿੱਚ ਸੀਟੀ ਵਜਾਉਂਦਾ ਘੁੰਮਦਾ ਰਹਿੰਦਾ, ਜਾਂ ਬੈਠਾ-ਬੈਠਾ ਕੁਝ ਬਣਾਉਂਦਾ ਰਹਿੰਦਾ : ਕਦੇ ਚੀਕਣੀ ਮਿੱਟੀ ਨਾਲ ਗੁੱਡੀਆਂ ਬਣਾ ਦਿੰਦਾ, ਕਦੇ ਬੇਲ ਦੀਆਂ ਟਹਿਣੀਆਂ ਨਾਲ ਕੋਈ ਚੀਜ਼। ਝੀਲਿਨ ਅਜਿਹੇ ਕੰਮ ਕਰਨ ਵਿੱਚ ਬੜਾ ਹੁਸ਼ਿਆਰ ਸੀ।

ਇਕ ਦਿਨ ਉਸਨੇ ਗੁੱਡੀ ਬਣਾਈ, ਛੋਟੀ ਜਿਹੀ ਨੱਕ, ਬਾਹਵਾਂ ਅਤੇ ਲੱਤਾਂ ਵੀ, ਤਾਤਾਰਾਂ ਵਰਗੀ ਕਮੀਜ਼ ਅਤੇ ਛੱਤ 'ਤੇ ਉਸ ਨੂੰ ਸੁਕਾਉਣ ਲਈ ਰੱਖ ਦਿੱਤਾ। ਤਾਤਾਰ ਕੁੜੀਆਂ ਪਾਣੀ ਲੈਣ ਚਲੀਆਂ। ਮਾਲਕ ਦੀ ਬੇਟੀ ਦੀਨਾ ਨੇ ਗੁੱਡੀ ਵੇਖ ਲਈ, ਦੂਸਰੀਆਂ ਕੁੜੀਆਂ ਨੂੰ ਬੁਲਾਇਆ। ਸਾਰੀਆਂ ਨੇ ਝੱਜਰਾਂ ਉਤਾਰ ਕੇ ਰੱਖ ਦਿੱਤੀਆਂ, ਗੁੱਡੀ ਨੂੰ ਦੇਖੀ ਜਾਣ ਅਤੇ ਹੱਸੀ ਜਾਣ। ਝੀਲਿਨ ਨੇ ਗੁੱਡੀ ਉਤਾਰ ਕੇ ਉਹਨਾਂ ਵੱਲ ਵਧਾਈ। ਉਹ ਹੱਸਦੀਆਂ ਜਾਣ, ਪਰ ਲੈਣ ਦੀ ਹਿੰਮਤ ਨਾ ਕਰਨ। ਗੁੱਡੀ ਉਥੇ ਹੀ ਰੱਖ ਕੇ ਉਹ ਕੋਠੜੀ ਵਿੱਚ ਚਲਾ ਗਿਆ, ਚੁਪ-ਚਾਪ ਦੇਖਣ ਲੱਗਾ, ਹੁਣ ਕੀ ਹੋਵੇਗਾ?

ਦੀਨਾ ਭੱਜੀ-ਭੱਜੀ ਆਈ, ਇਧਰ-ਉਧਰ ਦੇਖਿਆ, ਗੁੱਡੀ ਚੁੱਕੀ ਅਤੇ ਭੱਜ ਗਈ।

ਅਗਲੇ ਦਿਨ ਸਵੇਰੇ ਉਸ ਨੇ ਦੇਖਿਆ ਕਿ ਦੀਨਾ ਗੁੱਡੀ ਫੜੀ ਦਹਿਲੀਜ਼ 'ਤੇ ਆਈ। ਗੁੱਡੀ ਨੂੰ ਉਸਨੇ ਲਾਲ ਟਾਕੀਆਂ ਨਾਲ ਸਜਾ ਦਿੱਤਾ ਸੀ ਤੇ ਹੁਣ ਬੱਚੇ ਵਾਂਗ ਗੋਦ ਵਿੱਚ ਝੁਲਾ ਰਹੀ ਸੀ, ਆਪਣੀ ਬੋਲੀ ਵਿੱਚ ਲੋਰੀ ਸੁਣਾ ਰਹੀ ਸੀ। ਇਕ ਬੁੱਢੀ ਬਾਹਰ ਨਿਕਲੀ, ਉਸਨੇ ਉਸਨੂੰ ਡਾਂਟਿਆ, ਗੁੱਡੀ ਖੋਹ ਕੇ ਤੋੜ ਦਿੱਤੀ ਅਤੇ ਦੀਨਾ ਨੂੰ ਕੁਝ ਕੰਮ ਕਰਨ ਲਈ ਭੇਜ ਦਿੱਤਾ।

ਝੀਲਿਨ ਨੇ ਇਕ ਹੋਰ ਗੁੱਡੀ ਬਣਾਈ, ਪਹਿਲਾਂ ਤੋਂ ਵੀ ਵਧੀਆ ਅਤੇ ਦੀਨਾ ਨੂੰ ਦੇ ਦਿੱਤੀ। ਇਕ ਦਿਨ ਦੀਨਾ ਸੁਰਾਹੀ ਲੈ ਕੇ ਆਈ, ਉਸ ਕੋਲ ਰੱਖ ਦਿੱਤੀ, ਬੈਠ ਕੇ ਉਸ ਵੱਲ ਵੇਖਣ ਲੱਗੀ, ਸੁਰਾਹੀ ਵੱਲ ਇਸ਼ਾਰਾ ਕਰਕੇ ਹੱਸੀ ਜਾਵੇ।

"ਏਨੀ ਖੁਸ਼ ਕਿਉਂ ਹੋ ਰਹੀ ਹੈ?" ਝੀਲਿਨ ਨੇ ਸੋਚਿਆ। ਸੁਰਾਹੀ ਚੁੱਕੀ ਅਤੇ ਪੀਣ ਲੱਗਾ।

ਉਸਨੇ ਸੋਚਿਆ ਕਿ ਪਾਣੀ ਹੋਣਾ, ਪਰ ਉਸ ਵਿੱਚ ਦੁੱਧ ਸੀ। ਜ਼ੀਲਿਨ ਨੇ ਦੁੱਧ ਪੀ ਲਿਆ ਅਤੇ ਬੋਲਿਆ : "ਆਹਾ! ਬਹੁਤ ਵਧੀਆ!" ਕਿੰਨੀ ਖੁਸ਼ ਹੋਈ ਦੀਨਾ!

"ਅੱਚਾ ਈਵਾਨ, ਅੱਚਾ!" ਉਛਲ ਕੇ ਤਾੜੀਆਂ ਮਾਰਣ ਲੱਗੀ। ਸੁਰਾਹੀ ਖੋਹ ਲਈ ਅਤੇ ਭੱਜ ਗਈ।

ਓਦੋਂ ਤੋਂ ਰੋਜ਼ ਉਸ ਲਈ ਚੁੱਪ-ਚਾਪ ਦੁੱਧ ਲਿਆਉਣ ਲੱਗੀ। ਤਾਤਾਰ ਬੱਕਰੀ ਦੇ ਦੁੱਧ ਦਾ ਪਨੀਰ ਬਣਾ ਕੇ ਉਸ ਨੂੰ ਮੋਟੀਆਂ ਰੋਟੀਆਂ ਦੀ ਸ਼ਕਲ ਵਿੱਚ ਛੱਤ 'ਤੇ ਸੁਕਾਉਂਦੇ ਹਨ। ਕਦੇ-ਕਦੇ ਦੀਨਾ ਇਹ ਰੋਟੀ ਵੀ ਚੁੱਪ-ਚਾਪ ਲੈ ਆਉਂਦੀ ਸੀ। ਇਕ ਵਾਰ ਮਾਲਕ ਦੇ ਘਰ ਭੇਡ ਕੱਟੀ, ਦੀਨਾ ਲੁਕਾ ਕੇ ਮਾਸ ਦਾ ਟੁਕੜਾ ਲੈ ਆਈ। ਬਸ ਸੁੱਟ ਦਿੰਦੀ ਅਤੇ ਭੱਜ ਜਾਂਦੀ।

ਇਕ ਦਿਨ ਖੂਬ ਬੱਦਲ ਗਰਜੇ, ਘੰਟਾ ਭਰ ਮੂਸਲਾਧਾਰ ਬਾਰਿਸ਼ ਹੁੰਦੀ ਰਹੀ। ਸਾਰੀਆਂ ਨਦੀਆਂ ਠਾਠਾਂ ਮਾਰਨ ਲੱਗੀਆਂ। ਜਿਥੇ ਸੋਕਾ ਸੀ ਉਥੇ ਤਿੰਨ ਤਿੰਨ ਫੁੱਟ ਪਾਣੀ ਹੋ ਗਿਆ, ਪੱਥਰ ਵਹਿੰਦੇ ਜਾਣ। ਹਰ ਜਗ੍ਹਾ ਪਾਣੀ ਦੀਆਂ ਧਾਰਾਵਾਂ ਵਹਿ ਰਹੀਆਂ ਸਨ, ਪਹਾੜਾਂ ਵਿੱਚ ਖੂਬ ਸ਼ੋਰ ਹੋ ਰਿਹਾ ਸੀ। ਜਦੋਂ ਬਾਰਿਸ਼ ਰੁਕੀ, ਤਾਂ ਪਿੰਡ ਵਿਚ ਜਗ੍ਹਾ-ਜਗ੍ਹਾ ਪਾਣੀ ਵਹਿ ਰਿਹਾ ਸੀ। ਜ਼ੀਲਿਨ ਨੇ ਮਾਲਕ ਤੋਂ ਚਾਕੂ ਮੰਗ ਲਿਆ, ਲੱਕੜ ਛਿੱਲ-ਕੱਟ ਕੇ ਧੁਰੀ, ਗੋਲ ਪਟਰੀਆਂ ਅਤੇ ਚੱਕੇ ਬਣਾਏ, ਚੱਕਿਆਂ 'ਤੇ ਖੰਭ ਲਗਾ ਦਿੱਤੇ ਅਤੇ ਪਹੀਆਂ ਦੇ ਦੋਨਾਂ ਪਾਸੇ ਗੁੱਡੀਆਂ ਬਣਾ ਦਿੱਤੀਆਂ।

ਕੁੜੀਆਂ ਟਾਕੀਆਂ ਲਿਆਈਆਂ ; ਉਹਨਾਂ ਨੇ ਗੁੱਡੀਆਂ ਨੂੰ ਕੱਪੜੇ ਪਾ ਦਿੱਤੇ – ਇੱਕ ਆਦਮੀ ਬਣ ਗਿਆ, ਇੱਕ ਔਰਤ ; ਉਹਨਾਂ ਨੂੰ ਠੀਕ ਤਰ੍ਹਾਂ ਜੋੜਿਆ ਅਤੇ ਪਹੀਆ ਪਾਣੀ ਦੀ ਧਾਰ 'ਤੇ ਰੱਖ ਦਿੱਤਾ। ਪਹੀਆ ਘੁੰਮੇ ਅਤੇ ਗੁੱਡੀਆਂ ਉਛਲਣ।

ਸਾਰਾ ਪਿੰਡ ਇਕੱਠਾ ਹੋ ਗਿਆ : ਮੁੰਡੇ, ਕੁੜੀਆਂ, ਔਰਤਾਂ ਅਤੇ ਤਾਤਾਰ ਵੀ, ਜੀਭ ਨਾਲ ਚਟਕਾਰੇ ਭਰਦੇ ਜਾਣ :

"ਵਾਹ, ਉਰੂਸ, ਵਾਹ, ਈਵਾਨ!"

ਅਬਦੁਲ ਕੋਲ ਰੂਸੀ ਘੜੀ ਸੀ, ਖਰਾਬ ਹੋ ਗਈ ਸੀ। ਉਸਨੇ ਜ਼ੀਲਿਨ ਨੂੰ ਬੁਲਾਇਆ, ਘੜੀ ਦਿਖਾਈ ਅਤੇ ਚਅ-ਚਅ ਕਰਨ ਲੱਗਾ। ਜ਼ੀਲਿਨ ਬੋਲਿਆ :

"ਲਿਆਓ, ਠੀਕ ਕਰ ਦੇਵਾਂ!"

ਘੜੀ ਲੈ ਕੇ ਉਸਨੇ ਚਾਕੂ ਨਾਲ ਖੋਲ੍ਹ ਦਿੱਤਾ, ਇਕ-ਇਕ ਪੁਰਜਾ ਵਖ ਕਰ ਦਿੱਤਾ ; ਫਿਰ ਜੋੜ ਦਿਤਾ ਅਤੇ ਦੇ ਦਿਤੀ। ਘੜੀ ਚੱਲਣ ਲੱਗੀ। ਮਾਲਿਕ ਖੁਸ਼ ਹੋ ਗਿਆ, ਆਪਣਾ ਪੁਰਾਣਾ, ਫਟਿਆ ਹੋਇਆ ਅੰਗਰਖਾ ਲਿਆ ਕੇ ਉਸਨੂੰ ਦੇ ਦਿੱਤਾ। ਕੀ ਕਰਦਾ, ਲੈ ਲਿਆ ਅਤੇ ਕੁਝ ਨਹੀਂ ਤਾਂ ਰਾਤ ਨੂੰ ਔੜਨ ਦੇ ਕੰਮ ਆਵੇਗਾ।

ਓਦੋਂ ਤੋਂ ਜ਼ੀਲਿਨ ਦੀ ਮਸ਼ਹੂਰੀ ਹੋ ਗਈ ਕਿ ਉਹ ਵਧੀਆ ਕਾਰੀਗਰ ਹੈ। ਦੂਰ ਦੇ ਪਿੰਡਾਂ ਤੋਂ ਵੀ ਲੋਕ ਆਉਣ ਲੱਗੇ, ਕੋਈ ਬੰਦੂਕ ਜਾਂ ਪਿਸਤੌਲ ਦਾ ਘੋੜਾ ਠੀਕ ਕਰਾਉਣ, ਕੋਈ ਘੜੀ ਠੀਕ ਕਰਾਉਣ। ਮਾਲਿਕ ਨੇ ਉਸ ਨੂੰ ਹਥਿਆਰ ਲਿਆ ਦਿਤੇ : ਚਿਮਟੀ, ਬਰਮਾ, ਰੇਤੀ।

ਇਕ ਵਾਰ ਇਕ ਤਾਤਾਰ ਬੀਮਾਰ ਪੈ ਗਿਆ, ਜ਼ੀਲਿਨ ਨੂੰ ਬੁਲਾਇਆ ਗਿਆ : "ਚੱਲ,

ਇਲਾਜ ਕਰ!" ਜ਼ੀਲਿਨ ਨੂੰ ਕੁਝ ਪਤਾ ਨਹੀਂ ਸੀ ਕਿਵੇਂ ਇਲਾਜ-ਵਿਲਾਜ ਕੀਤਾ ਜਾਵੇ। ਗਿਆ, ਤਾਤਾਰ ਨੂੰ ਦੇਖਿਆ ਅਤੇ ਮਨ ਹੀ ਮਨ ਵਿਚ ਸੋਚਿਆ : "ਕੀ ਪਤਾ ਆਪਣੇ ਆਪ ਹੀ ਠੀਕ ਹੋ ਜਾਵੇ।" ਕੋਠੜੀ ਵਿੱਚ ਚਲਾ ਗਿਆ, ਥੋੜ੍ਹਾ ਪਾਣੀ ਲਿਆ ਅਤੇ ਉਸ ਵਿੱਚ ਰੇਤ ਮਿਲਾ ਦਿੱਤੀ। ਤਾਤਾਰਾਂ ਸਾਹਮਣੇ ਪਾਣੀ 'ਤੇ ਮੰਤਰ ਪੜ੍ਹ ਦਿੱਤਾ ਅਤੇ ਬੀਮਾਰ ਨੂੰ ਪਿਲਾ ਦਿੱਤਾ। ਉਸ ਦੀ ਖੁਸ਼ਕਿਸਮਤੀ ਨਾਲ ਤਾਤਾਰ ਠੀਕ ਹੋ ਗਿਆ।

ਜ਼ੀਲਿਨ ਉਹਨਾਂ ਦੀ ਬੋਲੀ ਵੀ ਥੋੜ੍ਹੀ-ਥੋੜ੍ਹੀ ਸਮਝਣ ਲੱਗਾ। ਜੋ ਤਾਤਾਰ ਉਸਦੇ ਕੁਝ ਆਦੀ ਹੋ ਗਏ ਸਨ, ਉਹਨਾਂ ਨੂੰ ਜਦੋਂ ਜ਼ਰੂਰਤ ਪੈਂਦੀ, ਬੁਲਾਉਂਦੇ : "ਈਵਾਨ, ਈਵਾਨ!" ਕੁਝ ਅਜਿਹੇ ਵੀ ਸਨ ਜੋ ਤਿਰਛੀਆਂ ਨਜ਼ਰਾਂ ਨਾਲ ਇੰਝ ਦੇਖਦੇ ਸਨ ਜਿਵੇਂ ਉਹ ਕੋਈ ਜਾਨਵਰ ਹੋਵੇ।

ਲਾਲ ਤਾਤਾਰ ਨੂੰ ਜ਼ੀਲਿਨ ਜ਼ਰਾ ਵੀ ਨਹੀਂ ਸੀ ਚੰਗਾ ਲੱਗਦਾ। ਉਸਨੂੰ ਦੇਖਦਿਆਂ ਹੀ ਉਹ ਮੂੰਹ ਮੋੜ ਲੈਂਦਾ ਅਤੇ ਗਾਲ੍ਹਾਂ ਦੇਂਦਾ। ਇਕ ਹੋਰ ਬੁੱਢਾ ਸੀ ਉਥੇ। ਉਹ ਪਿੰਡ ਵਿਚ ਨਹੀਂ ਰਹਿੰਦਾ ਸੀ ਪਹਾੜੀ ਦੇ ਹੇਠੋਂ ਕਿਤਿਓਂ ਆਉਂਦਾ ਸੀ। ਉਹ ਮਸਜਿਦ ਵਿਚ ਨਮਾਜ਼ ਪੜ੍ਹਨ ਜਦੋਂ ਆਉਂਦਾ, ਉਦੋਂ ਜ਼ੀਲਿਨ ਉਸਨੂੰ ਦੇਖਦਾ। ਕੱਦ ਉਸਦਾ ਛੋਟਾ ਸੀ, ਟੋਪੀ 'ਤੇ ਚਿੱਟਾ ਦੁਪੱਟਾ ਬੰਨ੍ਹਿਆ ਹੋਇਆ ਸੀ, ਦਾੜ੍ਹੀ ਅਤੇ ਮੁੱਛਾਂ ਛਾਂਗੀਆਂ ਹੋਈਆਂ ਸਨ, ਬਿਲਕੁਲ ਚਿੱਟਾ ਸੀ। ਚਿਹਰਾ ਸਾਰਾ ਝੁਰੜੀਆਂ ਨਾਲ ਭਰਿਆ ਸੀ ਅਤੇ ਇੱਟ ਵਰਗਾ ਲਾਲ। ਨੱਕ ਉਸਦੀ ਬਾਜ਼ ਵਰਗੀ ਸੀ ਅਤੇ ਅੱਖਾਂ ਸੁਰਮਈ, ਕਠੋਰਤਾ ਨਾਲ ਭਰੀਆਂ, ਮੂੰਹ ਵਿੱਚ ਬਸ ਦੋ ਦੰਦ ਰਹਿ ਗਏ ਸਨ। ਪਗੜੀ ਪਾਈ, ਬੈਸਾਖੀਆਂ ਦੇ ਸਹਾਰੇ ਚਲਦਾ ਅਤੇ ਇਕ ਖੂੰਖਾਰ ਭੇੜੀਏ ਵਾਂਗ ਇਧਰ-ਉਧਰ ਘੂਰਦਾ ਰਹਿੰਦਾ ਸੀ। ਜ਼ੀਲਿਨ ਨੂੰ ਦੇਖਦਿਆਂ ਹੀ, ਘੂਰਨ ਲੱਗਦਾ ਅਤੇ ਮੂੰਹ ਮੋੜ ਲੈਂਦਾ।

ਇਕ ਦਿਨ ਪਹਾੜੀ ਉਤਰ ਕੇ ਦੇਖਣ ਲੱਗ ਗਿਆ ਕਿ ਬੁੱਢਾ ਕਿੱਥੇ ਰਹਿੰਦਾ ਹੈ। ਪਗਡੰਡੀ 'ਤੇ ਹੇਠਾਂ ਉਤਰਿਆ, ਦੇਖਿਆ, ਪੱਥਰਾਂ ਦੀ ਵਾੜ ਪਿਛੇ ਬਾਗ ਹੈ, ਬਾਗ ਵਿੱਚ ਚੈਰੀ ਅਤੇ ਦੂਸਰੇ ਫਲਾਂ ਦੇ ਰੁੱਖ ਉਗੇ ਹੋਏ ਹਨ। ਅਤੇ ਵਿਚਕਾਰ ਪੱਧਰੀ ਛੱਤ ਵਾਲਾ ਮਕਾਨ। ਹੋਰ ਨੇੜੇ ਗਿਆ, ਦੇਖਿਆ, ਮਧੂ ਮੱਖੀਆਂ ਦੇ ਛੱਤੇ ਰੱਖੇ ਹੋਏ ਹਨ ਅਤੇ ਮਧੂਮੱਖੀਆਂ ਉਡ ਰਹੀਆਂ ਹਨ, ਭਿੰਨਭਿਨਾ ਰਹੀਆਂ ਹਨ। ਬੁੱਢਾ ਗੋਡਿਆਂ ਭਾਰ ਖੜ੍ਹਾ ਛੱਤੇ ਕੋਲ ਕੁਝ ਕਰ ਰਿਹਾ ਹੈ। ਜ਼ੀਲਿਨ ਨੇ ਕੁੱਦ ਕੇ ਦੇਖਣਾ ਚਾਹਿਆ, ਬੇੜੀ ਦੀ ਅਵਾਜ਼ ਹੋਈ। ਬੁੱਢੇ ਨੇ ਮੁੜ ਕੇ ਦੇਖਿਆ ਅਤੇ ਚੀਕ ਪਿਆ ; ਕਮਰਬੰਦ ਨਾਲ ਪਿਸਤੋਲ ਕੱਢੀ ਅਤੇ ਜ਼ੀਲਿਨ 'ਤੇ ਗੋਲੀ ਚਲਾ ਦਿੱਤੀ। ਜ਼ੀਲਿਨ ਮੁਸ਼ਕਲ ਨਾਲ ਪੱਥਰ ਪਿਛੇ ਝੁੱਕਿਆ।

ਬੁੱਢੇ ਨੇ ਆ ਕੇ ਮਾਲਕ ਨੂੰ ਸ਼ਿਕਾਇਤ ਕੀਤੀ। ਮਾਲਕ ਨੇ ਜ਼ੀਲਿਨ ਨੂੰ ਬੁਲਾਇਆ, ਹੱਸਦੇ-ਹੱਸਦੇ ਪੁਛਿਆ :

"ਤੂੰ ਕਿਉਂ ਗਿਆ ਸੀ ਉਸਦੇ ਘਰ?"

"ਮੈਂ ਉਸਦਾ ਕੁਝ ਨਹੀਂ ਵਿਗਾੜਿਆ। ਮੈਂ ਤਾਂ ਬਸ ਦੇਖਣਾ ਚਾਹੁੰਦਾ ਸੀ ਕਿ ਉਹ ਕਿਵੇਂ ਰਹਿੰਦਾ ਹੈ।"

ਮਾਲਕ ਨੇ ਬੁੱਢੇ ਨੂੰ ਦਸਿਆ। ਬੁੱਢਾ ਗੁੱਸੇ ਨਾਲ ਲਾਲ-ਪੀਲਾ ਹੁੰਦਾ ਜਾਵੇ, ਬੁੜਬੁੜ ਕਰੀ

ਜਾਵੇ, ਨੁਕੀਲੇ ਦੰਦ ਬਾਹਰ ਨਿਕਲ ਆਏ, ਝੀਲਿਨ ਵੱਲ ਹੱਥ ਝਟਕਾਈ ਜਾ ਰਿਹਾ ਸੀ।

ਝੀਲਿਨ ਸਾਰੀ ਗੱਲ ਤਾਂ ਨਹੀਂ ਸਮਝਿਆ, ਪਰ ਏਨਾ ਸਮਝ ਗਿਆ ਕਿ ਬੁੱਢਾ ਮਾਲਿਕ ਨੂੰ ਕਹਿ ਰਿਹਾ ਕਿ ਰੂਸੀਆਂ ਨੂੰ ਮਾਰ ਦਿਓ, ਪਿੰਡ ਵਿੱਚ ਨਾ ਰਖੋ। ਫਿਰ ਬੁੱਢਾ ਚਲਾ ਗਿਆ।

ਝੀਲਿਨ ਮਾਲਕ ਨੂੰ ਪੁੱਛਣ ਲੱਗਾ : "ਕੌਣ ਹੈ ਇਹ ਬੁੱਢਾ?" ਮਾਲਕ ਨੇ ਦੱਸਿਆ।

"ਇਹ ਬਹੁਤ ਵੱਡਾ ਆਦਮੀ ਹੈ! ਬੜਾ ਸੂਰਬੀਰ ਸੀ ਇਹ, ਇਸ ਨੇ ਬਹੁਤ ਸਾਰੇ ਰੂਸੀਆਂ ਨੂੰ ਮਾਰਿਆ ਹੈ, ਖ਼ੂਬ ਅਮੀਰ ਸੀ। ਤਿੰਨ ਬੀਵੀਆਂ ਸਨ ਇਸ ਦੀਆਂ ਤੇ ਅੱਠ ਮੁੰਡੇ। ਸਭ ਇਕ ਹੀ ਪਿੰਡ ਵਿੱਚ ਰਹਿੰਦੇ ਸਨ ਰੂਸੀ ਆਏ, ਉਹਨਾਂ ਨੇ ਪਿੰਡ ਤਬਾਹ ਕਰ ਦਿੱਤਾ, ਸੱਤ ਮੁੰਡਿਆਂ ਨੂੰ ਮਾਰ ਦਿੱਤਾ। ਇਕ ਬੇਟਾ ਬਚ ਗਿਆ, ਉਹ ਰੂਸੀਆਂ ਨਾਲ ਜਾ ਮਿਲਿਆ। ਬੁੱਢੇ ਨੇ ਵੀ ਜਾ ਕੇ ਆਪਣੇ ਆਪ ਨੂੰ ਰੂਸੀਆਂ ਦੇ ਹਵਾਲੇ ਕਰ ਦਿੱਤਾ। ਤਿੰਨ ਮਹੀਨੇ ਉਹਨਾਂ ਕੋਲ ਰਿਹਾ, ਉਥੇ ਆਪਣੇ ਮੁੰਡੇ ਨੂੰ ਲੱਭ ਲਿਆ, ਉਸਨੂੰ ਵੀ ਮਾਰ ਦਿੱਤਾ ਅਤੇ ਭੱਜ ਗਿਆ। ਉਦੋਂ ਤੋਂ ਉਸਨੇ ਲੜਨਾ ਛੱਡ ਦਿੱਤਾ। ਮੱਕਾ ਗਿਆ, ਹੱਜ ਕਰਨ। ਇਸ ਲਈ ਉਹ ਪਗੜੀ ਪਾਉਂਦਾ ਹੈ। ਜੋ ਮੱਕਾ ਹੋ ਆਉਂਦਾ ਹੈ, ਉਸ ਨੂੰ ਹਾਜੀ ਕਹਿੰਦੇ ਹਨ ਤੇ ਉਹ ਪਗੜੀ ਪਾਉਂਦਾ ਹੈ। ਉਸ ਨੂੰ ਰੂਸੀ ਚੰਗੇ ਨਹੀਂ ਲੱਗਦੇ। ਉਹ ਕਹਿੰਦਾ ਕਿ ਮੈਂ ਤੈਨੂੰ ਮਾਰ ਦੇਵਾਂ, ਪਰ ਮੈਂ ਮਾਰ ਨਹੀਂ ਸਕਦਾ – ਮੈਂ ਤੇਰੇ ਬਦਲੇ ਪੈਸੇ ਦਿਤੇ ਹਨ। ਤੇ ਤੂੰ ਤਾਂ, ਈਵਾਨ, ਮੈਨੂੰ ਚੰਗਾ ਲੱਗਣ ਲੱਗਾ ਹੈ। ਤੈਨੂੰ ਮਾਰਨਾ ਤਾਂ ਕੀ, ਮੈਂ ਤੈਨੂੰ ਛੱਡਾਂਗਾ ਵੀ ਨਹੀਂ, ਪਰ ਮੈਂ ਵਚਨ ਦਿਤਾ ਹੈ।" ਉਹ ਹੱਸਣ ਲੱਗਾ ਅਤੇ ਰੂਸੀ ਵਿਚ ਬੋਲਿਆ : ਤੂੰ, ਈਵਾਨ ਅੱਚਾ, ਹਮ ਅਬਦੁਲ ਅੱਚਾ।"

## 4.

ਇਸੇ ਤਰ੍ਹਾਂ ਇਕ ਮਹੀਨਾ ਹੋਰ ਬੀਤ ਗਿਆ। ਝੀਲਿਨ ਦਿਨੇ ਪਿੰਡ ਵਿੱਚ ਘੁੰਮਦਾ ਰਹਿੰਦਾ ਜਾਂ ਕੁਝ ਬਣਾਉਂਦਾ ਰਹਿੰਦਾ। ਰਾਤ ਪੈਂਦੀ, ਪਿੰਡ ਵਿਚ ਸੱਨਾਟਾ ਹੋ ਜਾਂਦਾ, ਤਾਂ ਉਹ ਕੋਠੜੀ ਵਿੱਚ ਜ਼ਮੀਨ ਖੋਦਣ ਲੱਗਦਾ, ਪੱਥਰਾਂ ਕਾਰਨ ਖੋਦਣਾ ਮੁਸ਼ਕਲ ਸੀ, ਪਰ ਉਹ ਰੇਤੀ ਨਾਲ ਪੱਥਰ ਰਗੜਦਾ ਸੀ ਅਤੇ ਹੁਣ ਦੁਬਾਰਾ ਹੇਠਾਂ ਏਨਾ ਵੱਡਾ ਮੋਰਾ ਕਰ ਲਿਆ ਸੀ ਕਿ ਉਸ ਵਿੱਚੋਂ ਨਿਕਲਿਆ ਜਾ ਸਕਦਾ ਸੀ। ਉਹ ਸੋਚਦਾ ਰਹਿੰਦਾ : "ਹੁਣ ਬਸ ਕਿਸੇ ਤਰ੍ਹਾਂ ਇਸ ਜਗ੍ਹਾ ਦਾ ਠੀਕ ਤਰ੍ਹਾਂ ਪਤਾ ਲੱਗ ਜਾਏ ਕਿ ਕਿਧਰ ਜਾਣਾ ਚਾਹੀਦਾ, ਪਰ ਤਾਤਾਰ ਕੁਝ ਦਸਦੇ ਹੀ ਨਹੀਂ।"

ਆਖਰ, ਉਸ ਨੇ ਅਜਿਹਾ ਮੌਕਾ ਦੇਖਿਆ, ਜਦੋਂ ਮਾਲਕ ਕਿਤੇ ਗਿਆ ਹੋਇਆ ਸੀ ; ਦੁਪਹਿਰੇ ਪਿੰਡ ਦੇ ਬਾਹਰ ਪਹਾੜੀ 'ਤੇ ਜਾਂਦਾ – ਉੱਥੋਂ ਸਾਰੀ ਜਗ੍ਹਾ ਦੇਖਣਾ ਚਾਹੁੰਦਾ ਸੀ। ਮਾਲਕ ਜਦੋਂ ਘਰੋਂ ਜਾ ਰਿਹਾ ਸੀ, ਤਾਂ ਛੋਟੇ ਬੇਟੇ ਨੂੰ ਕਹਿ ਗਿਆ ਕਿ ਕਿ ਝੀਲਿਨ 'ਤੇ ਨਜ਼ਰ ਰੱਖੇ। ਮੁੰਡਾ ਝੀਲਿਨ ਪਿੱਛੇ ਦੌੜਿਆ, ਚੀਕਿਆ :

"ਨਾ ਜਾ ਉਧਰ! ਅੱਬਾ ਨੇ ਮਨ੍ਹਾ ਕੀਤਾ ਹੈ। ਨਹੀਂ ਤਾਂ ਹੁਣੇ ਮੈਂ ਲੋਕਾਂ ਨੂੰ ਬੁਲਾ ਲਵਾਂਗਾ।"

ਝੀਲਿਨ ਉਸਨੂੰ ਮਨਾਉਣ ਲੱਗਾ, ਬੋਲਿਆ :

"ਮੈਂ ਦੂਰ ਨਹੀਂ ਜਾਵਾਂਗਾ, ਬਸ ਉਸ ਪਹਾੜੀ 'ਤੇ ; ਮੈ ਇਕ ਬੂਟੀ ਲੱਭਣੀ ਹੈ – ਤੇਰੇ ਲੋਕਾਂ ਦੇ ਇਲਾਜ ਲਈ। ਚਲ ਮੇਰੇ ਨਾਲ, ਬੇੜੀ ਪਾਈ ਮੈਂ ਭੱਜ ਥੋੜ੍ਹੀ ਜਾਵਾਂਗਾ। ਕੱਲ ਮੈਂ ਤੇਰੇ ਲਈ ਤੀਰ ਕਮਾਨ ਬਣਾ ਦੇਵਾਂਗਾ।"

ਛੋਟਾ ਮੰਨ ਗਿਆ, ਤੇ ਉਹ ਚਲੇ ਪਏ। ਪਹਾੜੀ ਦੇਖਣ ਵਿੱਚ ਤਾਂ ਕੋਲ ਹੀ ਸੀ, ਪਰ ਬੇੜੀ ਪਾ ਕੇ ਚੱਲਣਾ ਬੜਾ ਮੁਸ਼ਕਲ ਸੀ। ਤੁਰਦਾ ਗਿਆ, ਤੁਰਦਾ ਗਿਆ ਅਤੇ ਜਿਵੇਂ-ਤਿਵੇਂ ਚੜ੍ਹ ਹੀ ਗਿਆ। ਜ਼ੀਲਿਨ ਬੈਠ ਗਿਆ ਅਤੇ ਜਗ੍ਹਾ ਦੇਖਣ ਲੱਗਾ। ਦੁਪਹਿਰੇ ਜਿਥੇ ਸੂਰਜ ਹੁੰਦਾ ਹੈ, ਉਸ ਪਾਸੇ ਕੋਠੜੀ ਦੇ ਪਿਛੇ ਘਾਟੀ ਸੀ, ਉਸ ਵਿਚ ਘੋੜੇ ਚਰ ਰਹੇ ਸਨ ਅਤੇ ਹੇਠਾਂ ਇੱਕ ਇੱਕ ਦੂਸਰਾ ਪਿੰਡ ਦਿਖ ਰਿਹਾ ਸੀ। ਇਸ ਪਿੰਡ ਤੋਂ ਇੱਕ ਪਾਸੇ ਪਹਾੜੀ ਸੀ, ਇਸ ਤੋਂ ਵੀ ਵੱਡੀ ਅਤੇ ਉਸਦੇ ਪਿਛੇ ਇਕ ਹੋਰ ਪਹਾੜੀ ਸੀ। ਪਹਾੜੀਆਂ ਦੇ ਵਿਚ-ਵਿਚਾਲੇ ਨੀਲਾ-ਨੀਲਾ ਜੰਗਲ ਦਿਖ ਰਿਹਾ ਸੀ, ਅੱਗੇ ਪਹਾੜ ਉਪਰ ਹੀ ਉਪਰ ਸਨ। ਸਭ ਤੋਂ ਉਪਰ ਸੀ ਬਰਫ਼ ਨਾਲ ਢੱਕੇ ਪਹਾੜ। ਟੋਪੀ ਵਰਗਾ ਇੱਕ ਹਿਮ ਪਰਬਤ ਸਭ ਤੋਂ ਉਚਾ ਸੀ। ਸੂਰਜ ਚੜ੍ਹਣ ਅਤੇ ਸੂਰਜ ਡੁੱਬਣ ਵੱਲ ਵੀ ਅਜਿਹੇ ਹੀ ਪਹਾੜ ਸਨ ; ਕਈ ਥਾਈਂ ਪਿੰਡਾਂ ਦਾ ਧੂੰਆਂ ਉਠ ਰਿਹਾ ਸੀ। "ਚੰਗਾ, ਤਾਂ ਇਹ ਸਭ ਤਾਂ ਇਹਨਾਂ ਦਾ ਹੀ ਇਲਾਕਾ ਹੈ," ਜ਼ੀਲਿਨ ਨੇ ਸੋਚਿਆ ਅਤੇ ਉਹ ਰੂਸੀ ਇਲਾਕੇ ਵੱਲ ਦੇਖਣ ਲੱਗਾ ; ਹੇਠਾਂ ਨਦੀ ਸੀ ਅਤੇ ਪਿੰਡ, ਜਿਥੋਂ ਉਹ ਆਇਆ ਸੀ, ਚਾਰੇ ਪਾਸੇ ਬਾਗ ਲੱਗੇ ਹੋਏ ਸਨ। ਨਦੀ ਕਿਨਾਰੇ ਗੁੱਡੀਆਂ ਵਰਗੀਆਂ ਲੱਗ ਰਹੀਆਂ ਔਰਤਾਂ ਕਪੜੇ ਧੋ ਰਹੀਆਂ ਸਨ। ਪਿੰਡ ਪਿਛੇ, ਥੋੜ੍ਹਾ ਜਿਹਾ ਹੇਠਾਂ ਇੱਕ ਪਹਾੜੀ ਅਤੇ ਉਸਦੇ ਪਿੱਛੇ ਦੋ ਪਹਾੜੀਆਂ, ਉਹਨਾਂ ਵਿੱਚ ਜੰਗਲ ਸੀ ; ਦੋ ਪਹਾੜੀਆਂ ਵਿਚਕਾਰ ਧੁੰਦਲਾ ਜਿਹਾ ਪੱਧਰਾ ਮੈਦਾਨ ਨਜ਼ਰ ਆ ਰਿਹਾ ਸੀ ਅਸੀਂ ਉਸ ਮੈਦਾਨ ਵਿਚ ਬਹੁਤ ਦੂਰ ਜਿਵੇਂ ਧੂੰਆਂ ਫੈਲ ਰਿਹਾ ਸੀ। ਜ਼ੀਲਿਨ ਇਹ ਯਾਦ ਕਰਨ ਲੱਗਾ ਕਿ ਜਦੋਂ ਉਹ ਕਿਲੇ ਵਿੱਚ ਰਹਿੰਦਾ ਸੀ, ਤਾਂ ਸੂਰਜ ਕਿਧਰੋਂ ਨਿਕਲਦਾ ਸੀ ਅਤੇ ਕਿਧਰ ਡੁੱਬਦਾ ਸੀ। ਉਸ ਨੇ ਦੇਖਿਆ – ਠੀਕ, ਉਸੇ ਘਾਟੀ ਵਿੱਚ ਕਿਲ੍ਹਾ ਹੋਣਾ ਚਾਹੀਦਾ, ਇਹਨਾਂ ਦੋਨਾਂ ਪਹਾੜੀਆਂ ਦੇ ਵਿਚਕਾਰ ਹੀ ਭੱਜਣਾ ਚਾਹੀਦਾ।

ਸੂਰਜ ਡੁੱਬਣ ਲੱਗਾ। ਚਿੱਟੇ ਪਹਾੜ ਲਾਲ ਹੋ ਗਏ ; ਹੇਠਾਂ ਦੀਆਂ ਪਹਾੜੀਆਂ ਵਿਚ ਹਨੇਰਾ ਛਾ ਗਿਆ, ਘਾਟੀਆਂ ਵਿਚੋਂ ਧੁੰਦ ਉਠਣ ਲੱਗੀ ਅਤੇ ਉਹ ਵੱਡੀ ਘਾਟੀ, ਜਿਸ ਵਿਚ ਕਿਲ੍ਹਾ ਹੋਣਾ ਚਾਹੀਦਾ, ਸੂਰਜ ਡੁੱਬਣ ਦੀਆਂ ਕਿਰਨਾਂ ਨਾਲ ਅੱਗ ਵਾਂਗ ਚਮਕ ਉੱਠੀ। ਜ਼ੀਲਿਨ ਗੌਰ ਨਾਲ ਦੇਖਣ ਲੱਗਾ – ਘਾਟੀ ਵਿਚ ਡੋਲਦਾ ਹੋਇਆ ਕੁਝ ਦਿਖ ਰਿਹਾ ਸੀ, ਜਿਵੇਂ ਚਿਮਨੀ ਵਿਚੋਂ ਉਠਦਾ ਧੂੰਆਂ ਹੋਵੇ। ਉਸਦਾ ਮਨ ਕਹਿੰਦਾ ਸੀ ਕਿ ਬਸ ਇਹੀ ਰੂਸੀ ਕਿਲ੍ਹਾ ਹੋਵੇ।

ਦੇਰ ਹੋ ਗਈ ਸੀ। ਮੁੱਲਾਂ ਦੀ ਅਜ਼ਾਨ ਸੁਣਾਈ ਦਿੱਤੀ। ਮਵੇਸ਼ੀ ਮੁੜ ਰਹੇ ਸਨ, ਗਾਵਾਂ ਰੰਭਾ ਰਹੀਆਂ ਸਨ। ਮੁੰਡਾ ਕਈ ਵਾਰ ਘਰ ਚਲਣ ਨੂੰ ਕਹਿ ਰਿਹਾ ਸੀ, ਪਰ ਜ਼ੀਲਿਨ ਦਾ ਜਾਣ ਨੂੰ ਦਿਲ ਹੀ ਨਹੀਂ ਕਰ ਰਿਹਾ ਸੀ।

ਉਹ ਘਰ ਮੁੜ ਆਏ। ਜ਼ੀਲਿਨ ਸੋਚ ਰਿਹਾ ਸੀ : "ਹੁਣ ਜਗ੍ਹਾ ਦਾ ਪਤਾ ਚੱਲ ਗਿਆ, ਭੱਜਣਾ ਚਾਹੀਦਾ।" ਉਹ ਉਸੇ ਰਾਤ ਭੱਜਣਾ ਚਾਹੁੰਦਾ ਸੀ। ਰਾਤਾਂ ਹਨੇਰੀਆਂ ਸਨ। ਪਰ ਬਦਕਿਸਮਤੀ ਨਾਲ ਸ਼ਾਮ ਤੱਕ ਤਾਤਾਰ ਮੁੜ ਆਏ। ਕਈ ਵਾਰ ਅਜਿਹਾ ਹੁੰਦਾ ਸੀ ਕਿ ਉਹ ਮੁੜਦੇ ਤਾਂ ਆਪਣੇ ਨਾਲ

ਮਵੇਸ਼ੀ ਖਦੇੜ ਕੇ ਲਿਆਉਂਦੇ, ਹੱਸਦੇ-ਗਾਉਂਦੇ ਆਉਂਦੇ। ਪਰ ਇਸ ਵਾਰ ਕੁਝ ਨਹੀਂ ਲਿਆਏ, ਬਸ ਇੱਕ ਕਾਠੀ 'ਤੇ ਮਰ ਗਏ ਤਾਤਾਰ ਨੂੰ ਲਿਆਏ। ਉਹ ਲਾਲ ਦਾੜ੍ਹੀ ਵਾਲੇ ਦਾ ਭਰਾ ਸੀ। ਸਭ ਸੜੇ-ਭੁੰਨੇ ਮੁੜੇ ਸਨ। ਦਫਨਾਉਣ ਲਈ ਇਕੱਠੇ ਹੋਏ। ਝੀਲਿਨ ਵੀ ਬਾਹਰ ਨਿਕਲ ਕੇ ਦੇਖਣ ਲੱਗਾ। ਤਾਤਾਰਾਂ ਨੇ ਮੁਰਦੇ ਨੂੰ ਕਫਨ ਵਿੱਚ ਲਪੇਟ ਲਿਆ। ਤਾਬੂਤ ਦੇ ਬਿਨਾ ਹੀ, ਪਿੰਡ ਦੇ ਬਾਹਰ ਚਿਨਾਰ ਦੇ ਰੁੱਖਾਂ ਥੱਲੇ ਲੈ ਜਾ ਕੇ ਘਾਹ 'ਤੇ ਲੇਟਾ ਦਿੱਤਾ। ਮੌਲਵੀ ਆਇਆ, ਬੁੱਢੇ ਇਕੱਠੇ ਹੋਏ, ਟੋਪੀਆਂ 'ਤੇ ਦੁਪੱਟੇ ਬੰਨ੍ਹੇ ਹੋਏ, ਜੁੱਤੀਆਂ ਉਤਾਰ ਕੇ ਮੁਰਦੇ ਸਾਹਮਣੇ ਗੋਡਿਆਂ ਭਾਰ ਬੈਠ ਗਏ।

ਅੱਗੇ ਮੌਲਵੀ, ਪਿੱਛੇ ਤਿੰਨ ਬੁੱਢੇ, ਪਗੜੀ ਬੰਨ੍ਹੀਂ – ਕੋਲ-ਕੋਲ ਹੀ, ਤੇ ਉਹਨਾਂ ਦੇ ਪਿਛੇ ਬਾਕੀ ਤਾਤਾਰ। ਬੈਠ ਕੇ ਸਿਰ ਹੇਠਾਂ ਝੁਕਾ ਲਏ ਅਤੇ ਕਾਫੀ ਦੇਰ ਤੱਕ ਚੁੱਪਚਾਪ ਬੈਠੇ ਰਹੇ। ਮੌਲਵੀ ਨੇ ਸਿਰ ਚੁੱਕਿਆ ਅਤੇ ਬੋਲਿਆ :

"ਅੱਲਾਹ।" ਇਹੀ ਇੱਕ ਸ਼ਬਦ ਕਿਹਾ ਅਤੇ ਫਿਰ ਝੁਕਾ ਲਿਆ, ਦੇਰ ਤੱਕ ਚੁੱਪ ਬੈਠੇ ਰਹੇ, ਜ਼ਰਾ ਵੀ ਹਿਲੇ-ਡੁਲੇ ਨਹੀਂ। ਫਿਰ ਮੌਲਵੀ ਨੇ ਸਿਰ ਚੁੱਕਿਆ :

"ਅੱਲਾਹ।" ਸਾਰੇ ਬੋਲੇ : "ਅੱਲਾਹ!" ਤੇ ਫਿਰ ਚੁੱਪ ਹੋ ਗਏ।

ਮੁਰਦਾ ਘਾਹ 'ਤੇ ਰਖਿਆ ਹੋਇਆ ਸੀ, ਅਤੇ ਉਹ ਵੀ ਮੁਰਦੇ ਵਾਂਗ ਬੈਠੇ ਸਨ, ਕੋਈ ਵੀ ਜ਼ਰਾ ਜਿਹਾ ਹਿਲਦਾ-ਜੁਲਦਾ ਤੱਕ ਨਹੀਂ ਸੀ। ਬਸ ਚਿਨਾਰ ਦੀਆਂ ਪੱਤੀਆਂ ਦੇ ਖੜਖੜਾਹਟ ਹੀ ਸੁਣ ਰਹੀ ਸੀ। ਫਿਰ ਮੌਲਵੀ ਨੇ ਦੁਆ ਪੜ੍ਹੀ, ਸਾਰੇ ਉਠੇ, ਮੁਰਦੇ ਨੂੰ ਚੁਕਿਆ ਅਤੇ ਲੈ ਤੁਰੇ। ਇੱਕ ਗੱਡੇ ਦੇ ਕੋਲ ਲਿਆਏ। ਗੱਡਾ ਮਮੂਲੀ ਨਹੀਂ ਸੀ, ਜ਼ਮੀਨ ਦੇ ਹੇਠਾਂ ਤਹਿਖਾਨੇ ਵਾਂਗ ਕਬਰ ਬਣੀ ਹੋਈ ਸੀ। ਤਾਤਾਰਾਂ ਨੇ ਮੁਰਦੇ ਨੂੰ ਪਾਸਿਆਂ ਅਤੇ ਪੱਟਾਂ ਤੋਂ ਫੜ ਕੇ ਚੁੱਕਿਆ, ਮੋੜ ਦਿੱਤਾ, ਹੌਲੀ ਜਿਹੀ ਹੇਠਾਂ ਕੀਤਾ, ਜ਼ਮੀਨ ਹੇਠਾਂ ਸੁੱਟ ਦਿਤਾ ਅਤੇ ਉਸਦੇ ਹੱਥ ਪੇਟ 'ਤੇ ਟਿਕਾ ਦਿਤੇ।

ਨਗਾਈ ਹਰੇ ਸਰਕੰਡੇ ਲਿਆਇਆ, ਗੱਡੇ ਵਿੱਚ ਉਹਨਾਂ ਨੇ ਸਰਕੰਡੇ ਰਖੇ ਅਤੇ ਉਪਰ ਜਲਦੀ-ਜਲਦੀ ਮਿੱਟੀ ਪਾ ਦਿਤੀ ਅਤੇ ਪੱਧਰੀ ਕਰ ਦਿੱਤੀ। ਮੁਰਦੇ ਦੇ ਸਿਰ ਵੱਲ ਇਕ ਪੱਥਰ ਖੜ੍ਹਾ ਕਰਕੇ ਲਗਾ ਦਿੱਤਾ। ਜ਼ਮੀਨ ਨੂੰ ਦਬਾਇਆ ਅਤੇ ਫਿਰ ਤੋਂ ਕਬਰ ਸਾਹਮਣੇ ਬੈਠ ਗਏ। ਕਾਫੀ ਦੇਰ ਤੱਕ ਚੁੱਪ ਬੈਠੇ ਰਹੇ।

"ਅੱਲਾਹ! ਅੱਲਾਹ!" ਡੂੰਘਾ ਸਾਹ ਲਿਆ ਅਤੇ ਉਠ ਗਏ। ਲਾਲ ਦਾੜ੍ਹੀ ਵਾਲੇ ਨੇ ਬੁੱਢਿਆਂ ਨੂੰ ਪੈਸੇ ਦਿਤੇ, ਫਿਰ ਉਠਿਆ, ਕੋੜਾ ਲਿਆ, ਤਿੰਨ ਵਾਰ ਆਪਣੇ ਮੱਥੇ 'ਤੇ ਮਾਰਿਆ ਅਤੇ ਘਰ ਤੁਰ ਪਏ।

ਅਗਲੇ ਦਿਨ ਸਵੇਰੇ ਝੀਲਿਨ ਨੇ ਦੇਖਿਆ ਕਿ ਲਾਲ ਦਾੜ੍ਹੀ ਵਾਲਾ ਘੋੜੀ ਨੂੰ ਪਿੰਡ ਦੇ ਬਾਹਰ ਲੈ ਕੇ ਜਾ ਰਿਹਾ ਸੀ ਅਤੇ ਤਿੰਨ ਤਾਤਾਰ ਉਸਦੇ ਪਿਛੇ-ਪਿਛੇ ਜਾ ਰਹੇ ਸਨ। ਪਿੰਡ ਦੇ ਬਾਹਰ ਪਹੁੰਚ ਕੇ ਲਾਲ ਤਾਤਾਰ ਨੇ ਅੰਗਰਖਾ ਉਤਾਰਿਆ, ਕਮੀਜ਼ ਦੀਆ ਬਾਹਵਾਂ ਉਪਰ ਚੜ੍ਹਾਈਆਂ – ਮੋਟੀਆਂ-ਤਗੜੀਆਂ ਬਾਹਵਾਂ ਸਨ ਉਸਦੀਆਂ, ਖੰਜਰ ਕਢਿਆ, ਪੱਥਰ 'ਤੇ ਧਾਰ ਤੇਜ਼ ਕੀਤੀ। ਤਾਤਾਰਾਂ ਨੇ ਘੋੜੀ ਦਾ ਸਿਰ ਉਪਰ ਚੁਕਿਆ, ਲਾਲ ਦਾੜ੍ਹੀ ਵਾਲੇ ਨੇ ਆ ਕੇ ਘੋੜੀ ਦੀ ਗਰਦਨ ਕੱਟ ਦਿੱਤੀ, ਘੋੜੀ ਨੂੰ ਸੁੱਟ ਦਿੱਤਾ ਤੇ ਉਸ ਨੂੰ ਚੀਰਨ ਲੱਗਾ – ਆਪਣੀਆਂ ਵਿਸ਼ਾਲ ਮੁੱਠੀਆਂ ਨਾਲ ਖੱਲ

ਉਤਾਰਦਾ ਜਾਵੇ। ਔਰਤਾਂ ਅਤੇ ਕੁੜੀਆਂ ਆਈਆਂ, ਘੋੜੀ ਦੀਆਂ ਅੰਤੜੀਆਂ ਧੋਣ ਲੱਗੀਆਂ। ਫਿਰ ਘੋੜੀ ਦੇ ਟੁਕੜੇ ਕਰਕੇ ਘਰ ਵਿੱਚ ਲੈ ਗਏ। ਤੇ ਸਾਰਾ ਪਿੰਡ ਸ਼ੋਕ ਮਨਾਉਣ ਲਾਲ ਤਾਤਾਰ ਦੇ ਘਰ ਇਕੱਠਾ ਹੋ ਗਿਆ।

ਤਿੰਨ ਦਿਨ ਤੱਕ ਉਹ ਘੋੜੀ ਦਾ ਗੋਸ਼ਤ ਖਾਂਦੇ ਰਹੇ ਅਤੇ ਬੂਜ਼ਾ ਪੀਂਦੇ ਰਹੇ। ਸਾਰੇ ਤਾਤਾਰ ਘਰ ਵਿਚ ਹੀ ਰਹੇ।

ਚੌਥੇ ਦਿਨ ਝੀਲਿਨ ਨੇ ਦੁਪਹਿਰੇ ਦੇਖਿਆ ਕਿ ਕਿਤੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਘੋੜੇ ਲਿਆਂਦੇ, ਉਹਨਾਂ 'ਤੇ ਕਾਠੀਆਂ ਕਸੀਆਂ ਗਈਆਂ ਅਤੇ ਦਸ ਕੁ ਲੋਕ ਚੱਲ ਪਏ। ਲਾਲ ਦਾੜ੍ਹੀ ਵਾਲਾ ਵੀ ਚਲਾ ਗਿਆ। ਪਰ ਅਬਦੁਲ ਘਰ ਵਿਚ ਹੀ ਰਿਹਾ। ਚੰਨ ਅਜੇ ਚੜ੍ਹਦੀ ਕਲਾ ਵਿਚ ਆਇਆ ਹੀ ਸੀ ਰਾਤਾਂ ਹਨੇਰੀਆਂ ਹੀ ਸਨ।

"ਬਸ, ਅੱਜ ਭੱਜ ਜਾਣਾ ਚਾਹੀਦਾ," ਝੀਲਿਨ ਨੇ ਸੋਚਿਆ ਤੇ ਕਸਤੀਲੀਨ ਨੂੰ ਕਿਹਾ। ਪਰ ਉਹ ਡਰਨ ਲੱਗਾ।

"ਭੱਜਾਂਗੇ ਕਿਵੇਂ, ਸਾਨੂੰ ਤਾਂ ਰਸਤੇ ਦਾ ਵੀ ਨਹੀਂ ਪਤਾ।"

"ਮੈਂ ਜਾਣਦਾ ਹਾਂ ਰਸਤਾ।"

"ਰਾਤ-ਰਾਤ 'ਚ ਪਹੁੰਚ ਵੀ ਨਹੀਂ ਪਾਵਾਂਗਾ।"

"ਨਹੀਂ ਪਹੁੰਚਾਂਗੇ, ਤਾਂ ਜੰਗਲ ਵਿਚ ਰਾਤ ਕੱਟ ਲਵਾਂਗੇ। ਮੈਂ ਕੁਝ ਰੋਟੀਆਂ ਜਮ੍ਹਾਂ ਕੀਤੀਆਂ ਹੋਈਆਂ ਹਨ। ਆਖਿਰ ਕਿੰਨੇ ਦਿਨ ਇਥੇ ਬੈਠੇ ਰਹਾਂਗੇ? ਪੈਸੇ ਆ ਗਏ ਤਾਂ ਠੀਕ ਹੈ, ਪਰ ਕੀ ਪਤਾ ਤੇਰੇ ਘਰ ਵਾਲੇ ਏਨੀ ਵੱਡੀ ਰਕਮ ਨਾ ਵੀ ਜਮ੍ਹਾਂ ਕਰ ਪਾਉਣ। ਤਾਤਾਰ ਅੱਜ ਕੱਲ ਗੁੱਸੇ ਵਿਚ ਹਨ ਕਿ ਰੂਸੀਆਂ ਨੇ ਉਹਨਾਂ ਦੇ ਆਦਮੀ ਨੂੰ ਮਾਰ ਦਿੱਤਾ ਹੈ। ਸੋ ਸਾਨੂੰ ਮਾਰਨਾ ਚਾਹੁੰਦੇ ਹਨ।

ਕਸਤੀਲੀਨ ਸੋਚਦਾ ਰਿਹਾ, ਸੋਚਦਾ ਰਿਹਾ, ਫਿਰ ਬੋਲਿਆ :

"ਚੰਗਾ, ਚਲ!"

## 5.

ਝੀਲਿਨ ਖੁੱਡ ਵਿੱਚ ਵੜ ਗਿਆ, ਉਸਨੇ ਥੋੜ੍ਹੀ ਹੋਰ ਖੋਦ ਕੇ ਖੁੱਲ੍ਹੀ ਕੀਤੀ, ਤਾਂ ਕਿ ਕਸਤੀਲੀਨ ਵੀ ਨਿਕਲ ਸਕੇ ; ਹੁਣ ਉਹ ਬੈਠੇ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਪਿੰਡ ਵਿੱਚ ਸਾਰਾ ਕੁਝ ਸ਼ਾਂਤ ਹੋ ਜਾਵੇ।

ਜਿਵੇਂ ਹੀ ਪਿੰਡ ਵਿੱਚ ਸ਼ਾਂਤੀ ਹੋਈ, ਝੀਲਿਨ ਕੰਧ ਹੇਠਾਂ ਵੜ ਗਿਆ ਅਤੇ ਬਾਹਰ ਨਿਕਲ ਆਇਆ। ਕਸਤੀਲੀਨ ਵੀ ਵੜਿਆ, ਪਰ ਉਸਦਾ ਪੈਰ ਪੱਥਰ ਨਾਲ ਅਟਕ ਗਿਆ, ਸ਼ੋਰ ਹੋਇਆ। ਮਾਲਕ ਨੇ ਰਖਵਾਲੀ ਲਈ ਇਕ ਕੁੱਤਾ ਪਾਲਿਆ ਹੋਇਆ ਸੀ, ਬੜਾ ਹੀ ਤਿਖਾ ; ਉਹਦੇ ਨਾਮ ਉਲਾਸ਼ਿਨ ਸੀ। ਝੀਲਿਨ ਨੇ ਉਸਨੂੰ ਪਹਿਲਾਂ ਹੀ ਪਰਚਾਇਆ ਹੋਇਆ ਸੀ। ਉਲਾਸ਼ਿਨ ਨੇ ਸ਼ੋਰ ਸੁਣਿਆ, ਭੌਂਕਣ ਲੱਗਾ ਅਤੇ ਲਪਕਿਆ, ਉਹਦੇ ਪਿਛੇ ਦੂਸਰੇ ਕੁੱਤੇ ਵੀ। ਝੀਲਿਨ ਨੇ ਹੌਲੀ

ਜਿਹੀ ਸੀਟੀ ਵਜਾਈ ਅਤੇ ਰੋਟੀ ਦਾ ਟੁਕੜਾ ਸੁੱਟਿਆ। ਉਲਾਸ਼ਿਨ ਉਸ ਨੂੰ ਪਹਿਚਾਣ ਗਿਆ, ਪੂਛ ਹਿਲਾਉਣ ਲੱਗਾ, ਭੌਂਕਣਾ ਬੰਦ ਕਰ ਦਿੱਤਾ।

ਮਾਲਕ ਨੇ ਅਵਾਜ਼ ਸੁਣੀ ਅਤੇ ਅੰਦਰੋਂ ਕੁੱਤੇ ਨੂੰ ਛਿਛਕਾਰਿਆ "ਲੋਹ! ਲੋਹ! ਉਲਾਸ਼ਿਨ!"

ਝੀਲਿਨ ਕੁੱਤੇ ਦੇ ਕੰਨਾਂ ਪਿੱਛੇ ਖੁਜਲਾ ਰਿਹਾ ਸੀ। ਕੁੱਤਾ ਚੁੱਪ ਸੀ, ਉਸਦੇ ਪੈਰਾਂ ਨਾਲ ਮੂੰਹ ਰਗੜ ਰਿਹਾ ਸੀ, ਪੂਛ ਹਿਲਾ ਰਿਹਾ ਸੀ।

ਕੋਨੇ ਪਿਛੇ ਦੁਬਕ ਕੇ ਉਹ ਕੁਝ ਦੇਰ ਬੈਠੇ ਰਹੇ। ਚਾਰੇ ਪਾਸੇ ਸੱਨਾਟਾ ਛਾ ਗਿਆ, ਬਸ ਇੱਕ ਕੋਠੜੀ ਵਿੱਚ ਭੇਡ ਮਿਮਿਆ ਆ ਰਹੀ ਸੀ ਅਤੇ ਹੇਠਾਂ ਪੱਥਰਾਂ 'ਤੇ ਵਹਿੰਦੇ ਪਾਣੀ ਦਾ ਸ਼ੋਰ ਹੋ ਰਿਹਾ ਸੀ। ਹਨੇਰਾ ਸੀ, ਤਾਰੇ ਛਿਟਕ ਗਏ ਸਨ, ਪਹਾੜੀ ਉਪਰ ਦਾਤਰੀ ਵਰਗਾ ਚੰਦਰਮਾ ਸੀ। ਘਾਟੀਆਂ ਵਿੱਚ ਦੁੱਧ ਵਰਗਾ ਚਿੱਟਾ ਕੋਹਰਾ ਫੈਲਿਆ ਹੋਇਆ ਸੀ।

ਝੀਲਿਨ ਉਠਿਆ, ਕਸਤੀਲੀਨ ਨੂੰ ਬੋਲਿਆ : "ਚਲ, ਚਲੀਏ!"

ਚਲ ਪਏ ; ਦੋ ਕਦਮ ਹੀ ਹਟੇ ਸਨ ਕਿ ਸੁਣਿਆ ਮੁੱਲਾਂ ਅਜ਼ਾਨ ਦੇ ਰਿਹਾ ਹੈ : "ਅੱਲਾਹ, ਹੂ ਅਕਬਰ!" ਤਾਂ ਹੁਣ ਲੋਕ ਮਸਜਿਦ ਜਾਣਗੇ। ਉਹ ਫਿਰ ਦੀਵਾਰ ਕੋਲ ਦੁਬਕ ਕੇ ਬੈਠ ਗਏ ਬੜੀ ਦੇਰ ਤਕ ਬੈਠੇ ਰਹੇ, ਜਦੋਂ ਤਕ ਸਾਰੇ ਲੋਕ ਗੁਜ਼ਰ ਨਹੀਂ ਗਏ। ਫਿਰ ਤੋਂ ਖਮੋਸ਼ੀ ਹੋ ਗਈ।

"ਚਲ, ਚਲੀਏ ਰੱਬ ਦਾ ਨਾਮ ਲੈ ਕੇ!" ਉਹਨਾਂ ਨੇ ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਤੁਰ ਪਏ। ਵਿਹੜਾ ਪਾਰ ਕਰਕੇ ਢਲਾਨ 'ਤੇ ਨਦੀ ਤੱਕ ਉਤਰ ਗਏ। ਨਦੀ ਪਾਰ ਕੀਤੀ ਅਤੇ ਘਾਟੀ ਵਿੱਚ ਚੱਲਣ ਲੱਗੇ। ਕੋਹਰਾ ਸੰਘਣਾ ਸੀ ਅਤੇ ਥੱਲੇ-ਥੱਲੇ ਸੀ। ਉਪਰ ਤਾਰੇ ਬਿਲਕੁਲ ਸਾਫ ਨਜ਼ਰ ਆ ਰਹੇ ਸਨ। ਝੀਲਿਨ ਤਾਰੇ ਦੇਖ ਦੇਖ ਕੇ ਅਨੁਮਾਨ ਲਗਾ ਰਿਹਾ ਸੀ ਕਿ ਕਿਧਰ ਜਾਣਾ ਚਾਹੀਦਾ। ਕੋਹਰੇ ਨਾਲ ਹਵਾ ਵਿੱਚ ਤਾਜ਼ਗੀ ਸੀ, ਤੁਰਨਾ ਸੌਖਾ ਸੀ, ਪਰ ਬੂਟ ਤੰਗ ਕਰ ਰਹੇ ਸਨ, ਇਕ ਪਾਸੇ ਜ਼ਿਆਦਾ ਘਸੇ ਹੋਏ ਸਨ। ਝੀਲਿਨ ਨੇ ਆਪਣੇ ਬੂਟ ਉਤਾਰ ਕੇ ਸੁੱਟ ਦਿੱਤੇ ਅਤੇ ਨੰਗੇ ਪੈਰ ਤੁਰਨ ਲੱਗਾ। ਇਕ ਪੱਥਰ ਤੋਂ ਦੂਸਰੇ ਤੱਕ ਉਛਲਦਾ ਜਾਵੇ ਅਤੇ ਤਾਰੇ ਵੇਖਦਾ ਜਾਵੇ। ਕਸਤੀਲੀਨ ਪਿਛੇ ਰਹਿਣ ਲੱਗਾ, ਬੋਲਿਆ :

"ਜ਼ਰਾ ਹੌਲੀ ਚਲ ਨਾ, ਕੰਬਖਤ ਬੂਟ ਸਾਰੇ ਪੈਰ ਵਿਚ ਲੱਗ ਰਹੇ ਹਨ।"

"ਤਾਂ ਉਤਾਰ ਦੇ ਨਾ, ਜ਼ਿਆਦਾ ਵਧੀਆ ਰਹੇਗਾ।"

ਕਸਤੀਲੀਨ ਨੰਗੇ ਪੈਰ ਤੁਰਿਆ ਤਾਂ ਹੋਰ ਵੀ ਜ਼ਿਆਦਾ ਤਕਲੀਫ ਹੋਈ : ਕੰਕਰਾਂ ਨਾਲ ਸਾਰੇ ਪੈਰ ਛਲਨੀ ਹੋ ਗਏ ਅਤੇ ਉਹ ਪਿਛੇ ਹੀ ਪਿਛੇ ਰਹਿੰਦਾ ਜਾਵੇ। ਝੀਲਿਨ ਨੇ ਉਸ ਨੂੰ ਕਿਹਾ :

"ਪੈਰ ਛਿਲ ਗਏ, ਤਾਂ ਠੀਕ ਵੀ ਹੋ ਜਾਣਗੇ, ਪਰ ਫੜੇ ਗਏ, ਤਾਂ ਤਾਤਾਰ ਮਾਰ ਦੇਣਗੇ।"

ਕਸਤੀਲੀਨ ਕੁਝ ਨਹੀਂ ਬੋਲਿਆ, ਬਸ ਹੱਫਦਾ, ਹਉਕੇ ਭਰਦਾ ਤੁਰਦਾ ਗਿਆ। ਕਾਫੀ ਦੇਰ ਤੱਕ ਉਹ ਨਿਵਾਨ ਵਿਚ ਚਲਦੇ ਰਹੇ। ਅਚਾਨਕ ਖੱਬੇ ਪਾਸੇ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਆਈ। ਝੀਲਿਨ ਰੁਕ ਗਿਆ, ਇਧਰ-ਉਧਰ ਗੌਰ ਨਾਲ ਦੇਖਿਆ, ਪਹਾੜੀ 'ਤੇ ਚੜ੍ਹਣ ਲੱਗਾ, ਹੱਥਾਂ ਨੂੰ ਟੋਹ ਕੇ ਦੇਖਿਆ ; ਬੋਲਿਆ :

"ਉਫ, ਗਲਤੀ ਹੋ ਗਈ। ਜ਼ਿਆਦਾ ਖੱਬੇ ਨੂੰ ਆ ਗਏ ਹਾਂ। ਇਥੇ ਦੂਸਰਾ ਪਿੰਡ ਹੈ, ਮੈਂ ਪਹਾੜੀ

ਤੋਂ ਦੇਖਿਆ ਸੀ। ਸਾਨੂੰ ਪਿੱਛੇ ਜਾਣਾ ਪੈਣਾ ਹੈ, ਖੱਬੇ ਵਾਲੀ ਪਹਾੜੀ ਦੇ ਉਪਰ। ਉਥੇ ਜੰਗਲ ਹੋਣਾ ਚਾਹੀਦਾ।"

ਕਸਤੀਲੀਨ ਬੋਲਿਆ :

"ਥੋੜ੍ਹੀ ਦੇਰ ਤਾਂ ਠਹਿਰ ਜਾਓ, ਜ਼ਰਾ ਅਰਾਮ ਕਰਨ ਦੇ, ਮੇਰੇ ਪੈਰ ਸਾਰੇ ਖੂਨੋ-ਖੂਨ ਹੋ ਗਏ।"

"ਓਹੋ, ਕੋਈ ਗੱਲ ਨਹੀਂ, ਠੀਕ ਹੋ ਜਾਣਗੇ। ਤੂੰ ਹੌਲੀ ਜਿਹੀ ਕੁੱਦ। ਇੰਜ!"

ਤੇ ਝੀਲਿਨ ਪਿਛੇ, ਖੱਬੇ ਪਾਸੇ ਦੌੜਨ ਲੱਗਾ, ਉਪਰ ਪਹਾੜੀ 'ਤੇ, ਜੰਗਲ ਵਿਚ ਚਲਿਆ। ਕਸਤੀਲਿਨ ਹਉਕੇ ਭਰਦਾ ਹੋਰ ਪਿਛੇ ਛੁੱਟਦਾ ਜਾਵੇ। ਝੀਲਿਨ ਉਸਨੂੰ ਝਿੜਕਦਾ ਅਤੇ ਆਪ ਤੁਰੀ ਜਾਂਦਾ।

ਆਖਰ ਉਹ ਪਹਾੜੀ 'ਤੇ ਚੜ੍ਹ ਗਏ। ਉਥੇ ਸੱਚਮੁੱਚ ਹੀ ਜੰਗਲ ਸੀ। ਜੰਗਲ ਵਿਚ ਵੜੇ, ਤਾਂ ਕੰਡਿਆਂ ਨਾਲ ਸਾਰੇ ਕੱਪੜੇ ਫੱਟ ਗਏ। ਜੰਗਲ ਵਿਚ ਉਹਨਾਂ ਨੂੰ ਰਸਤਾ ਮਿਲਿਆ। ਉਹ ਉਸ ਪਾਸੇ ਤੁਰ ਪਏ।

"ਠਹਿਰੋ!" ਰਸਤੇ 'ਤੇ ਟਾਪ ਸੁਣਾਈ ਦਿੱਤੀ। ਉਹ ਰੁਕ ਗਏ, ਕੰਨ ਲਗਾ ਕੇ ਸੁਣਨ ਲੱਗੇ। ਘੋੜਿਆਂ ਵਰਗੀਆਂ ਟਾਪਾਂ ਸੁਣਾਈ ਦਿਤੀਆਂ ਤੇ ਰੁਕ ਗਈਆਂ। ਉਹ ਚੱਲ ਪਏ, ਤਾਂ ਫਿਰ ਟਾਪ ਸੁਣਾਈ ਦਿੱਤੀ। ਉਹ ਰੁਕ ਜਾਣ – ਤਾਂ ਉਹ ਵੀ ਰੁਕ ਜਾਵੇ। ਝੀਲਿਨ ਰੀਂਗ-ਰੀਂਗ ਕੇ ਨੇੜੇ ਗਿਆ, ਰੋਸ਼ਨੀ ਵਿੱਚ ਦੇਖਿਆ – ਸੜਕ 'ਤੇ ਕੋਈ ਖੜ੍ਹਾ ਸੀ : ਪਤਾ ਨਹੀਂ ਘੋੜਾ ਸੀ ਜਾਂ ਕੀ, ਤੇ ਉਸ ਦੇ ਉਪਰ ਕੁਝ ਅਜੀਬ ਜਿਹਾ, ਆਦਮੀ ਦੀ ਸ਼ਕਲ ਦਾ ਨਹੀਂ। ਝੀਲਿਨ ਨੇ ਸੁਣਿਆ – ਉਸਨੇ ਫੂੰਕਾਰ ਭਰੀ। "ਕੀ ਅਜੂਬਾ ਹੈ!" ਝੀਲਿਨ ਨੇ ਹੌਲੀ ਜਿਹੀ ਸੀਟੀ ਵਜਾਈ – ਉਹ ਬਿਜਲੀ ਵਾਂਗ ਜੰਗਲ ਵੱਲ ਲਪਕਿਆ ਅਤੇ ਜੰਗਲ ਵਿੱਚ ਤੜਤੜ ਹੋਣ ਲੱਗੀ, ਜਿਵੇਂ ਹਨੇਰੀ ਆਈ ਹੋਵੇ, ਸੁੱਕੀਆਂ ਟਹਿਣੀਆਂ ਤੋੜ ਰਹੀ ਹੋਵੇ।

ਕਸਤੀਲੀਨ ਤਾਂ ਡਰਦੇ ਮਾਰੇ ਥਰਥਰਾਉਣ ਲੱਗਾ। ਝੀਲਿਨ ਹੱਸੀ ਜਾਵੇ, ਬੋਲਿਆ :

"ਅਰੇ, ਇਹ ਤਾਂ ਬਾਰਾਂਸਿੰਗਾ ਸੀ। ਸੁਣ ਰਿਹਾ ਹੈਂ ਕਿਵੇਂ ਸਿੰਗਾਂ ਨਾਲ ਟਾਹਣੀਆਂ ਤੋੜੀ ਜਾ ਰਿਹਾ ਹੈ। ਅਸੀਂ ਉਸ ਤੋਂ ਡਰ ਰਹੇ ਸਾਂ ਤੇ ਉਹ ਸਾਡੇ ਤੋਂ।"

ਅੱਗੇ ਚੱਲ ਪਏ। ਰੋਸ਼ਨੀ ਹੋਣ ਨੂੰ ਜ਼ਿਆਦਾ ਦੇਰ ਨਹੀਂ ਸੀ। ਪਰ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਠੀਕ ਦਿਸ਼ਾ ਵਿਚ ਜਾ ਰਹੇ ਹਨ ਜਾਂ ਨਹੀਂ। ਝੀਲਿਨ ਨੂੰ ਲੱਗ ਰਿਹਾ ਸੀ ਇਸੇ ਰਸਤੇ ਉਸ ਨੂੰ ਇਥੇ ਲਿਆਇਆ ਗਿਆ ਸੀ, ਤੇ ਕਿਲ੍ਹਾ ਇਥੋਂ ਕੋਈ ਸੱਤ ਮੀਲ ਦੂਰ ਹੋਣਾ, ਪਰ ਕੋਈ ਪੱਕੀ ਨਿਸ਼ਾਨੀ ਨਹੀਂ ਸੀ ਤੇ ਰਾਤ ਨੂੰ ਪਤਾ ਵੀ ਨਹੀਂ ਚੱਲ ਸਕਦਾ। ਇੰਝ ਹੀ ਚਲਦੇ-ਚਲਦੇ ਉਹ ਇਕ ਛੋਟੇ ਜਿਹੇ ਮੈਦਾਨ ਤੱਕ ਪਹੁੰਚੇ। ਕਸਤੀਲੀਨ ਬੈਠ ਗਿਆ ਅਤੇ ਬੋਲਿਆ :

"ਤੂੰ ਭਾਵੇਂ ਜੋ ਮਰਜ਼ੀ ਕਰ, ਪਰ ਮੈਂ ਨਹੀਂ ਪਹੁੰਚ ਪਾਵਾਂਗਾ : ਲੱਤਾਂ ਨਹੀਂ ਚੱਲ ਰਹੀਆਂ।"

ਝੀਲਿਨ ਉਸਨੂੰ ਮਨਾਉਣ ਲੱਗਾ।

"ਨਹੀਂ, ਨਹੀਂ ਪਹੁੰਚ ਪਾਵਾਂਗਾ, ਨਹੀਂ ਤੁਰਿਆ ਜਾਂਦਾ," ਉਹ ਬੋਲਿਆ।

ਝੀਲਿਨ ਨੂੰ ਗੁੱਸਾ ਆ ਗਿਆ, ਉਸ ਨੇ ਥੂਹ ਕੀਤਾ ਅਤੇ ਕਸਤੀਲੀਨ ਨੂੰ ਫਿਟਕਾਰਿਆ।

"ਠੀਕ ਹੈ, ਮੈਂ ਇਕੱਲਾ ਚਲਾ ਜਾਵਾਂਗਾ, ਬੈਠਾ ਰਹਿ ਇਥੇ ਹੀ।"

ਕਸਤੀਲਿਨ ਉਠਿਆ ਤੇ ਤੁਰ ਪਿਆ। ਕੋਈ ਤਿੰਨ ਮੀਲ ਤੱਕ ਉਹ ਤੁਰਦੇ ਗਏ। ਜੰਗਲ ਵਿੱਚ ਕੋਹਰਾ ਹੋਰ ਵੀ ਜ਼ਿਆਦਾ ਸੰਘਣਾ ਸੀ ; ਸਾਹਮਣੇ ਕੋਈ ਦਿਖਾਈ ਨਹੀਂ ਦਿੰਦਾ ਸੀ, ਤਾਰੇ ਵੀ ਥੋੜ੍ਹੇ-ਥੋੜ੍ਹੇ ਹੀ ਦਿਖ ਰਹੇ ਸਨ।

ਅਚਾਨਕ ਉਹਨਾਂ ਨੂੰ ਅੱਗਿਓਂ ਘੋੜੇ ਦੀ ਟਾਪ ਸੁਣਾਈ ਦਿੱਤੀ। ਨਾਲ਼ ਦੀ ਪੱਥਰਾਂ ਨਾਲ ਟਕਰਾਉਣ ਦੀ ਅਵਾਜ਼ ਆ ਰਹੀ ਸੀ। ਝੀਲਿਨ ਪੇਟ ਭਾਰ ਲੇਟ ਗਿਆ ਅਤੇ ਜ਼ਮੀਨ ਨੂੰ ਕੰਨ ਲਗਾ ਕੇ ਸੁਣਨ ਲੱਗਾ।

"ਹਾਂ, ਇਧਰ ਹੀ ਕੋਈ ਘੋੜ ਸਵਾਰ ਆ ਰਿਹਾ ਹੈ।"

ਉਹ ਰਸਤੇ ਤੋਂ ਉਤਰ ਕੇ ਝਾੜੀਆਂ ਵਿਚ ਲੁੱਕ ਗਏ ਅਤੇ ਇੰਤਜ਼ਾਰ ਕਰਨ ਲੱਗੇ। ਝੀਲਿਨ ਰੀਂਗ-ਰੀਂਗ ਕੇ ਰਸਤੇ ਦੇ ਨੇੜੇ ਗਿਆ, ਦੇਖਿਆ – ਘੋੜ ਸਵਾਰ ਤਾਤਾਰ ਆ ਰਿਹਾ ਹੈ, ਗਾ ਲਿਆ ਰਿਹਾ ਹੈ, ਗੁਣਗੁਣਾਉਂਦਾ ਜਾ ਰਿਹਾ ਹੈ। ਤਾਤਾਰ ਗੁਜ਼ਰ ਗਿਆ। ਝੀਲਿਨ ਕਸਤੀਲੀਨ ਕੋਲ ਮੁੜ ਆਇਆ।

"ਬਚਾ ਲਿਆ ਰੱਬ ਨੇ, ਉਠ ਚਲੀਏ।"

ਕਸਤੀਲਿਨ ਉਠਣ ਲੱਗਾ, ਪਰ ਡਿੱਗ ਗਿਆ।

"ਨਹੀਂ ਤੁਰ ਸਕਦਾ, ਹੈ ਰੱਬਾ, ਨਹੀਂ ਤੁਰ ਸਕਦਾ ਮੈਂ, ਹਿੰਮਤ ਨਹੀਂ ਰਹੀ।"

ਉਹ ਭਾਰੀ-ਭਰਕਮ ਆਦਮੀ ਸੀ, ਪਸੀਨਾ ਆ ਗਿਆ ਸੀ ਉਸਨੂੰ ਤੇ ਉਥੇ ਜੰਗਲ ਵਿੱਚ ਠੰਡਾ ਕੋਹਰਾ ਸੀ, ਪੈਰ ਵੀ ਫੱਟ ਗਏ ਸਨ – ਇਸ ਲਈ ਉਹ ਨਿਢਾਲ ਹੋ ਗਿਆ ਸੀ। ਝੀਲਿਨ ਜ਼ੋਰ ਲਗਾ ਕੇ ਉਸਨੂੰ ਚੁੱਕਣ ਲੱਗਾ ਤਾਂ ਉਹ ਚੀਕ ਪਿਆ :

"ਹਾਏ ਦਰਦ ਹੁੰਦਾ ਹੈ!"

ਝੀਲਿਨ ਦੀ ਬਸ ਜਾਨ ਸੁੱਕ ਗਈ।

"ਚੀਕਦਾ ਕਿਉਂ ਹੈਂ? ਤਾਤਾਰ ਨੇੜੇ ਹੀ ਹੈ, ਸੁਣ ਲਿਆ ਤਾਂ?" ਦਿਲ ਵਿੱਚ ਸੋਚਣ ਲੱਗਾ : "ਇਹ ਸੱਚ-ਮੁੱਚ ਹੀ ਟੁੱਟ ਗਿਆ ਹੈ ; ਕੀ ਕਰਾਂ ਮੈਂ ਇਸਦਾ? ਸਾਥੀ ਨੂੰ ਛੱਡ ਜਾਣਾ ਤਾਂ ਠੀਕ ਨਹੀਂ।" ਫਿਰ ਬੋਲਿਆ :

"ਚੰਗਾ, ਉਠ, ਮੇਰੀ ਪਿੱਠ 'ਤੇ ਬੈਠ ਜਾ, ਤੁਰ ਨਹੀਂ ਸਕਦਾ, ਤਾਂ ਮੈਂ ਤੈਨੂੰ ਚੁੱਕ ਕੇ ਲੈ ਜਾਵਾਂਗਾ।"

ਉਸਨੇ ਕਸਤੀਲੀਨ ਨੂੰ ਪਿੱਠ 'ਤੇ ਬਿਠਾਇਆ, ਪੱਟਾਂ ਹੇਠੋਂ ਉਸ ਨੂੰ ਫੜ ਲਿਆ ਅਤੇ ਰਸਤੇ 'ਤੇ ਆ ਕੇ ਅੱਗੇ ਚੱਲਣ ਲੱਗਾ।

"ਓਏ, ਰੱਬ ਦੇ ਵਾਸਤੇ ਮੇਰਾ ਗਲਾ ਤਾਂ ਨਾ ਦਬਾਅ, ਮੋਢਿਆਂ ਤੋਂ ਫੜ ਰੱਖ।

ਝੀਲਿਨ ਨੂੰ ਬੜੀ ਮੁਸ਼ਕਿਲ ਹੋ ਰਹੀ ਸੀ – ਉਸਦੇ ਪੈਰ ਵੀ ਖ਼ੂਨੋ-ਖ਼ੂਨ ਸਨ ਤੇ ਉਹ ਥੱਕ ਵੀ ਗਿਆ ਸੀ। ਉਹ ਹੇਠਾਂ ਝੁੱਕਦਾ, ਕਸਤੀਲੀਨ ਨੂੰ ਉਛਾਲਦਾ ਤਾਂ ਕਿ ਉਹ ਪਿੱਠ 'ਤੇ ਉਪਰ ਹੋ ਕੇ ਬੈਠਾ ਰਹੇ ਤੇ ਅੱਗੇ ਪੈਰ ਘਸੀਟਣ ਲੱਗਦਾ।

ਤਾਤਾਰ ਨੇ ਇਕ ਕਸਤੀਲੀਨ ਦੇ ਵਿਚ ਚੀਕਣ ਦੀ ਆਵਾਜ਼ ਸੁਣ ਲਈ ਲੱਗਦੀ ਸੀ।

ਝੀਲਿਨ ਨੇ ਸੁਣਿਆ ਪਿਛੋਂ ਕੋਈ ਘੋੜੇ 'ਤੇ ਆ ਰਿਹਾ ਹੈ, ਆਪਣੀ ਬੋਲੀ ਵਿੱਚ ਕੁਝ ਚਿਲਾ ਰਿਹਾ ਹੈ। ਝੀਲਿਨ ਝਾੜੀਆਂ ਵੱਲ ਲਪਕਿਆ। ਤਾਤਾਰ ਨੇ ਬੰਦੂਕ ਕੱਢੀ, ਗੋਲੀ ਚਲਾਈ – ਨਿਸ਼ਾਨਾ ਠੀਕ ਨਹੀਂ ਲੱਗਾ, ਆਪਣੀ ਬੋਲੀ ਵਿਚ ਚੀਕ ਕਿ ਉਸਨੇ ਕੁਝ ਕਿਹਾ ਅਤੇ ਘੋੜਾ ਵਾਪਸ ਦੌੜਾ ਲੈ ਗਿਆ।

ਝੀਲਿਨ ਬੋਲਿਆ : "ਬਸ ਭਰਾਵਾ, ਹੁਣ ਗਏ ਅਸੀਂ! ਇਹ ਕੰਮਬਖਤ ਤਾਤਾਰਾਂ ਨੂੰ ਇਕੱਠਿਆਂ ਕਰ ਲਵੇਗਾ ਸਾਡਾ ਪਿੱਛਾ ਕਰਨ ਲਈ। ਜੇ ਅਸੀਂ ਦੋ ਮੀਲ ਦੂਰ ਤੱਕ ਨਾ ਭੱਜੇ, ਤਾਂ ਬਸ ਗਏ।" ਦਿਲ ਵਿਚ ਉਹ ਕਸਤੀਲੀਨ ਬਾਰੇ ਸੋਚ ਰਿਹਾ ਸੀ : ਕਿਉਂ ਇਹ ਬੋਝ ਮੈਂ ਆਪਣੇ ਨਾਲ ਲੈ ਆਇਆ ਹਾਂ। ਇਕੱਲਾ ਕਦੋਂ ਦਾ ਨਿਕਲ ਗਿਆ ਹੁੰਦਾ।"

ਕਸਤੀਲੀਨ ਬੋਲਿਆ :

"ਜਾ, ਤੂੰ ਇਕੱਲਾ ਚਲਾ ਜਾ। ਮੇਰੇ ਲਈ ਕਿਉਂ ਮਰਦਾ ਹੈਂ।"

"ਨਹੀਂ, ਇਕੱਲਾ ਨਹੀਂ ਜਾਵਾਂਗਾ। ਸਾਥੀ ਨੂੰ ਛੱਡਣਾ ਠੀਕ ਨਹੀਂ।"

ਫਿਰ ਤੋਂ ਉਸਨੇ ਕਸਤੀਲਿਨ ਨੂੰ ਪਿੱਠ 'ਤੇ ਲੱਦਿਆ ਅਤੇ ਤੁਰ ਪਿਆ। ਇਸ ਤਰ੍ਹਾਂ ਉਹ ਕੋਈ ਪੌਣਾ ਮੀਲ ਤੁਰਿਆ ਹੋਣਾ। ਜੰਗਲ-ਜੰਗਲ ਹੀ ਜਾ ਰਿਹਾ ਸੀ, ਜੰਗਲ ਦਾ ਅੰਤ ਨਹੀਂ ਦਿਖਦਾ ਸੀ। ਕੋਹਰਾ ਛੱਟਣ ਲੱਗਾ ਤੇ ਜਿਵੇਂ ਬੱਦਲ ਛਾਣ ਲੱਗੇ – ਤਾਰੇ ਦਿਖਾਈ ਨਹੀਂ ਦੇ ਰਹੇ ਸਨ। ਝੀਲਿਨ ਦਾ ਬੁਰਾ ਹਾਲ ਹੋ ਰਿਹਾ ਸੀ।

ਆਖਰ ਇਕ ਜਗ੍ਹਾ ਪਹੁੰਚੇ : ਸੜਕ ਕਿਨਾਰੇ ਚਸ਼ਮਾ ਸੀ। ਉਹ ਰੁਕ ਗਿਆ, ਕਸਤੀਲਿਨ ਨੂੰ ਉਤਾਰ ਦਿੱਤਾ, ਬੋਲਿਆ :

"ਥੋੜ੍ਹਾ ਅਰਾਮ ਕਰ ਲਵਾਂ, ਪਾਣੀ ਪੀ ਲਵਾਂ। ਆਓ ਰੋਟੀ ਖਾ ਲਈਏ। ਹੁਣ ਤਾਂ ਥੋੜ੍ਹੀ ਹੀ ਦੂਰ ਹੋਣਾ ਚਾਹੀਦਾ।"

ਉਹ ਪਾਣੀ ਪੀਣ ਝੁਕਿਆ ਹੀ ਸੀ, ਕਿ ਪਿਛੋਂ ਟਾਪਾਂ ਸੁਣਾਈ ਦਿੱਤੀਆਂ। ਉਹ ਫਿਰ ਖੱਬੇ ਪਾਸੇ ਲਪਕੇ, ਢਲਾਣ 'ਤੇ ਝਾੜੀਆਂ ਵਿਚ ਦੁਬਕ ਗਏ।

ਉਪਰੋਂ ਤਾਤਾਰਾਂ ਦੀ ਆਵਾਜ਼ਾਂ ਆਉਣ ਲੱਗੀਆਂ। ਤਾਤਾਰ ਉਸੇ ਜਗ੍ਹਾ ਰੁਕੇ ਸਨ, ਜਿਥੋਂ ਉਹ ਰਸਤੇ ਤੋਂ ਖੱਬੇ ਪਾਸੇ ਮੁੜੇ ਸਨ। ਤਾਤਾਰਾਂ ਨੇ ਕੁਝ ਗੱਲਾਂ ਕੀਤੀਆਂ, ਫਿਰ ਛਿਛਕਾਰਨ ਲੱਗੇ। ਝਾੜੀਆਂ ਵਿੱਚ ਕੁਝ ਚਟਕਿਆ ਅਤੇ ਇੱਕ ਅਨਜਾਣ ਕੁੱਤਾ ਸਿੱਧਾ ਉਹਨਾਂ ਵੱਲ ਵਧਿਆ। ਰੁਕ ਗਿਆ ਅਤੇ ਭੌਂਕਣ ਲੱਗਾ।

ਤਾਤਾਰ ਵੀ ਅੱਗੇ ਆ ਗਏ। ਉਹਨਾਂ ਨੂੰ ਝੀਲਿਨ ਨਹੀਂ ਜਾਣਦਾ ਸੀ। ਉਹਨਾਂ ਨੇ ਇਹਨਾਂ ਦੋਵਾਂ ਨੂੰ ਫੜ ਕੇ ਬੰਨ੍ਹ ਲਿਆ, ਘੋੜਿਆਂ 'ਤੇ ਬਿਠਾਇਆ ਤੇ ਲੈ ਤੁਰੇ।

ਕੋਈ ਦੋ ਮੀਲ ਗਏ ਸਨ ਕਿ ਮਾਲਿਕ ਅਬਦੁਲ ਅਤੇ ਦੋ ਤਾਤਾਰ ਮਿਲੇ। ਉਹਨਾਂ ਨੇ ਤਾਤਾਰਾਂ ਨਾਲ ਕੁਝ ਗੱਲਾਂ ਕੀਤੀਆਂ, ਇਹਨਾਂ ਦੋਵਾਂ ਨੂੰ ਆਪਣੇ ਘੋੜਿਆਂ 'ਤੇ ਬਿਠਾਇਆ ਤੇ ਵਾਪਸ ਪਿੰਡ ਲੈ ਤੁਰੇ।

ਅਬਦੁਲ ਹੁਣ ਹੱਸ ਨਹੀਂ ਰਿਹਾ ਸੀ ਅਤੇ ਨਾ ਹੀ ਉਹਨਾਂ ਨਾਲ ਕੋਈ ਗੱਲ ਹੀ ਉਸਨੇ ਕੀਤੀ।

ਸੋ ਤੜਕੇ ਉਹਨਾਂ ਨੂੰ ਪਿੰਡ ਲੈ ਆਏ। ਗਲੀ ਵਿੱਚ ਬਿਠਾ ਦਿੱਤਾ। ਮੁੰਡੇ ਇਕੱਠੇ ਹੋ ਗਏ। ਪੱਥਰਾਂ, ਕੋੜਿਆਂ ਨਾਲ ਉਹਨਾਂ ਨੂੰ ਮਾਰਨ ਲੱਗੇ ਅਤੇ ਚੀਕਣ ਲੱਗੇ।

ਤਾਤਾਰ ਇਕ ਘੇਰੇ ਵਿਚ ਇਕੱਠੇ ਹੋਏ। ਪਹਾੜੀ ਹੇਠੋਂ ਉਹ ਬੁੱਢਾ ਵੀ ਆਇਆ। ਗੱਲਾਂ ਕਰਨ ਲੱਗੇ। ਝੀਲਿਨ ਨੇ ਸੁਣਿਆ ਕਿ ਉਹਨਾਂ ਦੀਆਂ ਹੀ ਗੱਲਾਂ ਹੋ ਰਹੀਆਂ ਹਨ, ਕਿ ਕੀ ਕੀਤਾ ਜਾਵੇ ਉਹਨਾਂ ਦਾ। ਕੋਈ ਕਹਿ ਰਿਹਾ ਸੀ ਕਿ ਦੂਰ ਪਹਾੜਾਂ ਵਿਚ ਭੇਜ ਦੇਣਾ ਚਾਹੀਦਾ। ਪਰ ਬੁੱਢਾ ਕਹਿ ਰਿਹਾ ਸੀ : "ਮਾਰ ਦਿਓ।" ਅਬਦੁਲ ਨਹੀਂ ਮੰਨ ਰਿਹਾ ਸੀ, ਕਹਿੰਦਾ ਸੀ : "ਮੈਂ ਇਹਨਾਂ ਦੇ ਪੈਸੇ ਦਿੱਤੇ ਹਨ। ਮੈਂ ਪੈਸੇ ਵਸੂਲ ਕਰਕੇ ਰਹਾਂਗਾ।" ਪਰ ਬੁੱਢਾ ਕਹਿੰਦਾ ਸੀ : "ਕੁਝ ਨਹੀਂ ਦੇਣੇ-ਵੇਣੇ, ਬਸ ਕੋਈ ਆਫਤ ਹੀ ਖੜ੍ਹੀ ਕਰਣਗੇ। ਰੂਸੀਆਂ ਨੂੰ ਰੋਟੀ ਦੇਣਾ ਹੀ ਪਾਪ ਹੈ। ਮਾਰ ਦੋਵੇ ਤੇ ਬਸ ਖਤਮ।"

ਸਾਰੇ ਚਲੇ ਗਏ, ਤਾਂ ਮਾਲਕ ਝਿਲੀਨ ਕੋਲ ਆਇਆ, ਕਹਿਣ ਲੱਗਾ :

"ਜੇ ਮੈਨੂੰ ਤੇਰੇ ਬਦਲੇ ਪੈਸੇ ਨਾ ਮਿਲੇ, ਤਾਂ ਮੈਂ ਦੋ ਹਫਤੇ ਬਾਅਦ ਕੋੜੇ ਮਾਰ-ਮਾਰ ਕੇ ਮਾਰ ਦੇਵਾਂਗਾ ਅਤੇ ਜੇ ਤੂੰ ਫਿਰ ਤੋਂ ਭੱਜਣ ਦੀ ਸੋਚੀ, ਤਾਂ ਕੁੱਤਿਆਂ ਦੀ ਮੌਤ ਮਰੇਗਾ। ਚਿੱਠੀ ਲਿਖ, ਚੰਗੀ ਤਰ੍ਹਾਂ ਲਿਖ!"

ਨੌਕਰ ਨੇ ਉਹਨਾਂ ਨੂੰ ਕਾਗਜ਼ ਲਿਆ ਕੇ ਦਿਤਾ, ਉਹਨਾਂ ਨੇ ਚਿੱਠੀਆਂ ਲਿਖ ਦਿਤੀਆਂ। ਉਹਨਾਂ ਨੇ ਬੇੜੀਆਂ ਪਾ ਕੇ ਤਾਤਾਰ ਮਸਜਿਦ ਪਾਰ ਲੈ ਗਏ। ਉਥੇ ਇਕ ਟੋਇਆ ਸੀ ਕੋਈ ਬਾਰਾਂ ਫੁੱਟ ਡੂੰਘਾ। ਉਹਨਾਂ ਨੂੰ ਉਸ ਟੋਏ ਵਿਚ ਉਤਾਰ ਦਿਤਾ ਗਿਆ।

## 6.

ਹੁਣ ਉਹਨਾਂ ਦਾ ਜੀਣਾ ਬਿਲਕੁਲ ਹੀ ਦੁਭਰ ਹੋ ਗਿਆ। ਬੇੜੀਆਂ ਉਤਾਰੀਆਂ ਨਹੀਂ ਜਾਂਦੀਆਂ ਸਨ ਅਤੇ ਬਾਹਰ ਵੀ ਨਹੀਂ ਕੱਢਿਆ ਜਾਂਦਾ ਸੀ। ਟੋਏ ਵਿਚ ਹੀ ਉਹਨਾਂ ਨੂੰ ਕੱਚੀਆਂ ਰੋਟੀਆਂ ਸੁੱਟ ਦਿੱਤੀਆਂ ਜਾਂਦੀਆਂ ਸਨ, ਕੁੱਤਿਆਂ ਵਾਂਗ ਅਤੇ ਰੱਸੀ ਨਾਲ ਸੁਰਾਹੀ ਵਿਚ ਪਾਣੀ ਉਤਾਰ ਦਿੱਤਾ ਜਾਂਦਾ ਸੀ। ਟੋਏ ਵਿਚ ਬਦਬੂ, ਹੁੰਮਸ ਅਤੇ ਸਲ੍ਹਾਬ ਸੀ। ਕਸਤੀਲਿਨ ਤਾਂ ਬਿਲਕੁਲ ਹੀ ਬੀਮਾਰ ਪੈ ਗਿਆ, ਸੁੱਜ ਗਿਆ, ਸਾਰੇ ਸਰੀਰ ਵਿਚ ਟੁੱਟ-ਭੱਜ ਹੋਣ ਲੱਗੀ। ਉਹ ਕੁਰਲਾਉਂਦਾ ਰਹਿੰਦਾ ਜਾਂ ਸੌਂਦਾ ਰਹਿੰਦਾ। ਝੀਲਿਨ ਵੀ ਗੁੰਮਸੁੰਮ ਹੋ ਗਿਆ : ਦੇਖ ਰਿਹਾ ਸੀ ਕਿ ਮਾਮਲਾ ਬਿਲਕੁਲ ਵਿਗੜ ਗਿਆ। ਕੁਝ ਸਮਝ ਨਹੀਂ ਪਾ ਰਿਹਾ ਸੀ ਕਿ ਕਿਵੇਂ ਇਥੋਂ ਨਿਕਲਿਆ ਜਾਵੇ।

ਉਹ ਜ਼ਮੀਨ ਪੁੱਟਣ ਲੱਗਾ, ਪਰ ਮਿੱਟੀ ਸੁੱਟਣ ਦੀ ਕੋਈ ਜਗ੍ਹਾ ਨਹੀਂ ਸੀ ; ਮਾਲਕ ਨੇ ਦੇਖ ਲਿਆ ਅਤੇ ਮਾਰ ਦੇਣ ਦੀ ਧਮਕੀ ਦਿੱਤੀ।

ਇਕ ਦਿਨ ਉਹ ਟੋਏ ਵਿਚ ਉਕੜੂ ਜਿਹਾ ਬੈਠਾ, ਅਜ਼ਾਦ ਜ਼ਿੰਦਗੀ ਬਾਰੇ ਸੋਚ ਕੇ ਉਦਾਸ ਹੋ ਰਿਹਾ ਸੀ। ਅਚਾਨਕ ਸਿਧੇ ਉਸਦੇ ਗੋਡਿਆਂ 'ਤੇ ਇਕ ਰੋਟੀ ਆ ਕੇ ਡਿੱਗੀ, ਫਿਰ ਦੂਸਰੀ, ਅਤੇ ਚੈਰੀਆਂ ਵੀ ਡਿੱਗੀਆਂ। ਉਪਰ ਦੇਖਿਆ, ਤਾਂ ਉਥੇ ਦੀਨਾ ਬੈਠੀ ਸੀ। ਦੀਨਾ ਉਸ ਵੱਲ ਵੇਖ ਕੇ ਹੱਸੀ ਅਤੇ ਭੱਜ ਗਈ। ਝੀਲਿਨ ਸੋਚਣ ਲੱਗਾ : "ਸ਼ਾਇਦ ਦੀਨਾ ਕੁਝ ਮਦਦ ਕਰ ਦੇਵੇ।"

ਪਰ ਅਗਲੇ ਦਿਨ ਦੀਨਾ ਨਹੀਂ ਆਈ। ਝੀਲਿਨ ਨੂੰ ਘੋੜਿਆਂ ਦੀਆਂ ਟਾਪਾਂ ਸੁਣਾਈ ਦਿਤੀਆਂ। ਕੁਝ ਲੋਕ ਗੁਜ਼ਰੇ ਅਤੇ ਫਿਰ ਤਾਤਾਰ ਮਸਜਿਦ ਕੋਲ ਇਕੱਠੇ ਹੋ ਗਏ। ਉਹ ਰੌਲਾ ਪਾ ਰਹੇ ਸਨ, ਬਹਿਸ ਕਰ ਰਹੇ ਸਨ, ਰੂਸੀਆਂ ਦਾ ਜ਼ਿਕਰ ਕਰ ਰਹੇ ਸਨ। ਬੁੱਢੇ ਦੀ ਅਵਾਜ਼ ਵੀ ਝੀਲਿਨ ਨੂੰ ਸੁਣਾਈ ਦਿੱਤੀ। ਠੀਕ-ਠਾਕ ਤਾਂ ਉਸ ਦੀ ਸਮਝ ਵਿੱਚ ਨਹੀਂ ਆਇਆ, ਹਾਂ, ਏਨਾ ਪਤਾ ਚਲ ਰਿਹਾ ਸੀ ਕਿ ਸ਼ਾਇਦ ਰੂਸੀ ਕਿਤੇ ਨੇੜੇ-ਤੇੜੇ ਆ ਗਏ ਹਨ ਅਤੇ ਤਾਤਾਰਾਂ ਨੂੰ ਡਰ ਹੈ ਕਿ ਕਿਤੇ ਪਿੰਡ ਵਿਚ ਨਾ ਆ ਜਾਣ ; ਤੇ ਉਹ ਇਹ ਫੈਸਲਾ ਨਹੀਂ ਕਰ ਪਾ ਰਹੇ ਸਨ ਕਿ ਕੈਦੀਆਂ ਦਾ ਕੀ ਕੀਤਾ ਜਾਵੇ।

ਗੱਲਾਂ ਕਰਕੇ ਸਾਰੇ ਚਲੇ ਗਏ। ਅਚਾਨਕ ਝੀਲਿਨ ਨੇ ਸੁਣਿਆ – ਉਪਰ ਕੁਝ ਸਰਸਰਾਹਟ ਹੋਈ। ਦੇਖਿਆ : ਦੀਨਾ ਬੈਠੀ ਸੀ, ਗੋਡੇ ਸਿਰ ਤੋਂ ਉਪਰ ਦਿਖ ਰਹੇ ਸਨ, ਹੇਠਾਂ ਝੁਕ ਗਈ, ਹਾਰ ਦੇ ਸਿਕੇ ਲਟਕ ਰਹੇ ਸਨ, ਟੋਏ ਉਪਰ ਹਿਲ ਰਹੇ ਸਨ, ਅੱਖਾਂ ਤਾਰਿਆਂ ਵਾਂਗ ਚਮਕ ਰਹੀਆਂ ਸਨ। ਬਾਜ਼ੂ ਵਿਚੋਂ ਪਨੀਰ ਦੀਆਂ ਦੋ ਰੋਟੀਆਂ ਕੱਢੀਆਂ ਅਤੇ ਸੁੱਟ ਦਿੱਤੀਆਂ। ਝੀਲਿਨ ਨੇ ਲੈ ਲਈਆਂ ਅਤੇ ਬੋਲਿਆ :

"ਆਈ ਕਿਉਂ ਨਹੀਂ ਸੀ ਏਨੀ ਦੇਰ ਤੱਕ? ਮੈਂ ਤੇਰੇ ਲਈ ਖਿਡੌਣੇ ਬਣਾਏ ਹਨ। ਇਹ ਲੈ!" ਤੇ ਉਹ ਇਕ-ਇਕ ਕਰਕੇ ਉਪਰ ਸੁੱਟਣ ਲੱਗਾ।

ਉਹ ਸਿਰ ਹਿਲਾ ਰਹੀ ਸੀ ਤੇ ਉਧਰ ਦੇਖ ਨਹੀਂ ਰਹੀ ਸੀ।

"ਰਹਿਣ ਦਿਓ!" ਬੋਲੀ। ਚੁੱਪ ਬੈਠੀ ਰਹੀ, ਫਿਰ ਬੋਲੀ :

"ਇਵਾਨ, ਤੈਨੂੰ ਮਾਰਨਾ ਚਾਹੁੰਦੇ ਹਨ।" ਤੇ ਆਪਣੀ ਗਰਦਨ 'ਤੇ ਹੱਥ ਫੇਰਿਆ।

"ਕੌਣ ਮਾਰਨਾ ਚਾਹੁੰਦਾ ਹੈ?"

"ਅੱਬਾ। ਬੁੱਢਿਆਂ ਨੇ ਉਸਨੂੰ ਕਿਹਾ ਹੈ। ਮੈਨੂੰ ਤੇਰੇ 'ਤੇ ਤਰਸ ਆਉਂਦਾ ਹੈ।"

ਤਦ ਝੀਲਿਨ ਨੇ ਕਿਹਾ :

"ਜੇ ਤੈਨੂੰ ਤਰਸ ਆਉਂਦਾ ਹੈ, ਤਾਂ ਤੂੰ ਮੈਨੂੰ ਬਾਂਸ ਲਿਆ ਦੇ।"

ਉਸ ਨੇ ਸਿਰ ਹਿਲਾ ਦਿਤਾ ਕਿ ਨਹੀਂ ਹੋ ਸਕਦਾ। ਉਸਨੇ ਹੱਥ ਜੋੜੇ।

"ਦੀਨਾ, ਬੱਚੀ, ਲਿਆ ਦੇ ਨਾ!"

"ਨਹੀਂ ਲਿਆ ਸਕਦੀ," ਉਹ ਬੋਲੀ, "ਦੇਖ ਲੈਣਗੇ, ਸਾਰੇ ਘਰ ਵਿਚ ਹਨ।" ਅਤੇ ਚਲੀ ਗਈ।

ਸ਼ਾਮ ਹੋ ਗਈ। ਝੀਲਿਨ ਬੈਠਾ ਸੋਚ ਰਿਹਾ ਸੀ : "ਹੁਣ ਕੀ ਹੋਵੇਗਾ?" ਬਾਰ-ਬਾਰ ਉਹ ਉਪਰ ਦੇਖਦਾ। ਤਾਰੇ ਦਿਖ ਰਹੇ ਸਨ, ਪਰ ਚੰਦਰਮਾ ਅਜੇ ਨਹੀਂ ਨਿਕਲਿਆ ਸੀ। ਮੁੱਲਾਂ ਨੇ ਅਜ਼ਾਨ ਦਿੱਤੀ ਚਾਰੇ ਪਾਸੇ ਸੰਨਾਟਾ ਸੀ। ਝੀਲਿਨ ਨੂੰ ਨੀਂਦ ਆਉਣ ਲੱਗੀ। ਸੋਚ ਰਿਹਾ ਸੀ : "ਡਰ ਰਹੀ ਹੋਣੀ ਉਹ।"

ਅਚਾਨਕ ਉਸਦੇ ਸਿਰ 'ਤੇ ਮਿੱਟੀ ਡਿੱਗੀ : ਉਪਰ ਦੇਖਿਆ – ਬਾਂਸ ਟੋਏ ਦੇ ਦੂਸਰੇ ਸਿਰੇ 'ਤੇ ਅਟਕ ਰਹੀ ਸੀ। ਫਿਰ ਹੇਠਾਂ ਆਉਣ ਲੱਗੀ। ਝੀਲਿਨ ਖ਼ੁਸ਼ ਹੋ ਗਿਆ, ਹੱਥ ਵਧਾ ਕੇ ਬਾਂਸ ਫੜ ਲਿਆ, ਹੇਠਾਂ ਉਤਾਰ ਲਿਆ। ਬਾਂਸ ਮਜ਼ਬੂਤ ਅਤੇ ਲੰਬਾ ਸੀ। ਉਸਨੇ ਮਾਲਕ ਦੀ ਛੱਤ 'ਤੇ ਪਹਿਲਾਂ

ਵੀ ਇਹ ਬਾਂਸ ਰਖਿਆ ਵੇਖਿਆ ਸੀ।

ਉਪਰ ਦੇਖਿਆ : ਤਾਰੇ ਖਿਲਰ ਗਏ ਸਨ ; ਟੋਏ ਦੇ ਐਨ ਉਪਰ ਹਨੇਰੇ ਵਿੱਚ ਦੀਨਾ ਦੀਆਂ ਅੱਖਾਂ ਬਿੱਲੀ ਦੀ ਅੱਖਾਂ ਵਾਂਗ ਚਮਕ ਰਹੀਆਂ ਸਨ। ਉਹ ਟੋਏ ਦੇ ਸਿਰੇ 'ਤੇ ਝੁਕ ਗਈ ਤੇ ਫੁਸਫਸਾਈ :

"ਇਵਾਨ, ਇਵਾਨ!" ਖੁਦ ਮੂੰਹ ਕੋਲ ਹੱਥ ਹਿਲਾਉਂਦੀ ਜਾਵੇ ਕਿ "ਹੌਲੀ ਬੋਲ।"

"ਕੀ?" ਝੀਲਿਨ ਬੋਲਿਆ।

"ਸਾਰੇ ਚਲੇ ਗਏ, ਬਸ ਦੋ ਜਣੇ ਘਰ ਵਿਚ ਹਨ।"

ਝੀਲਿਨ ਬੋਲਿਆ :

"ਚਲ ਕਸਤੀਲਿਨ ਚਲੀਏ, ਆਖਰੀ ਵਾਰ ਕੋਸ਼ਿਸ਼ ਕਰਦੇ ਹਾਂ, ਮੈਂ ਤੈਨੂੰ ਪਿੱਠ 'ਤੇ ਬਿਠਾ ਲਵਾਂਗਾ।"

ਕਸਤੀਲਿਨ ਕੁਝ ਸੁਣਨਾ ਹੀ ਨਹੀਂ ਚਾਹੁੰਦਾ ਸੀ।

"ਨਹੀਂ, ਮੇਰੀ ਕਿਸਮਤ ਵਿਚ ਇਥੋਂ ਨਿਕਲਣਾ ਨਹੀਂ ਲਿਖਿਆ। ਕਿਥੇ ਜਾਵਾਂਗਾ ਮੈਂ, ਕਰਵਟ ਤੱਕ ਨਹੀਂ ਲਈ ਜਾਂਦੀ?

"ਚੰਗਾ, ਤਾਂ ਭੁੱਲ-ਚੁੱਕ ਮਾਫ਼ ਕਰੀਂ।" ਦੋਵਾਂ ਨੇ ਇੱਕ ਦੂਸਰੇ ਨੂੰ ਚੁੰਮਿਆ।

ਝੀਲਿਨ ਨੇ ਬਾਂਸ ਫੜ ਲਿਆ, ਦੀਨਾ ਨੂੰ ਕਿਹਾ ਕਿ ਸੰਭਾਲੀ ਰਖੇ ਅਤੇ ਉਪਰ ਚੜ੍ਹਨ ਲੱਗਾ। ਦੋ ਵਾਰ ਉਸਦਾ ਹੱਥ ਛੁੱਟਿਆ, ਬੇੜੀ ਤੰਗ ਕਰ ਰਹੀ ਸੀ। ਕਸਤੀਲਿਨ ਨੇ ਉਸਨੂੰ ਸਹਾਰਾ ਦਿਤਾ, ਜਿਵੇਂ-ਤਿਵੇਂ ਉਹ ਉਪਰ ਚੜ੍ਹ ਗਿਆ। ਦੀਨਾ ਆਪਣੇ ਕਮਜ਼ੋਰ ਹੱਥਾਂ ਨਾਲ ਉਸ ਨੂੰ ਕਮੀਜ਼ ਫੜ ਕੇ ਖਿੱਚ ਰਹੀ ਸੀ, ਹੱਸ ਰਹੀ ਸੀ।

ਝੀਲਿਨ ਨੇ ਬਾਂਸ ਕਢਿਆ ਤੇ ਬੋਲਿਆ :

"ਜਾ, ਇਸ ਨੂੰ ਵਾਪਸ ਰੱਖ ਦੇ, ਕਿਸੇ ਨੇ ਦੇਖ ਲਿਆ ਬਾਂਸ ਨਹੀਂ ਹੈ, ਤਾਂ ਤੈਨੂੰ ਮਾਰ ਦੇਣਗੇ।"

ਉਹ ਬਾਂਸ ਲੈ ਗਈ। ਝੀਲਿਨ ਪਹਾੜੀ ਉਤਰਨ ਲੱਗਾ। ਢਲਾਣ ਤੋਂ ਉਤਰ ਕੇ ਨੁਕੀਲਾ ਪੱਥਰ ਚੁੱਕਿਆ ਤੇ ਬੇੜੀ ਦਾ ਤਾਲਾ ਕੱਢਣ ਦੀ ਕੋਸ਼ਿਸ਼ ਕਰਨ ਲੱਗਾ। ਤਾਲਾ ਮਜ਼ਬੂਤ ਸੀ, ਟੁੱਟਦਾ ਹੀ ਨਹੀਂ ਸੀ ਤੇ ਹੱਥ ਵੀ ਤਾਂ ਠੀਕ ਨਹੀਂ ਬੈਠਦਾ ਸੀ। ਪਹਾੜੀ ਤੋਂ ਕਿਸੇ ਦੇ ਦੌੜਨ, ਹੌਲੀ ਜਿਹੀ ਕੁੱਦਣ ਦੀ ਅਵਾਜ਼ ਆਈ। ਉਸਨੇ ਸੋਚਿਆ : "ਦੀਨਾ ਹੀ ਹੋਣੀ।" ਦੀਨਾ ਆਈ, ਪੱਥਰ ਚੁਕਿਆ ਤੇ ਬੋਲੀ :

"ਲਿਆਓ, ਮੈਂ ਕਰਦੀ ਹਾਂ।"

ਗੋਡਿਆਂ ਭਾਰ ਬੈਠ ਕੇ ਤਾਲਾ ਤੋੜਨ ਲੱਗੀ। ਪਰ ਹੱਥ ਤਾਂ ਦੁਬਲੇ-ਪਤਲੇ ਸਨ, ਜ਼ਰਾ ਵੀ ਤਾਕਤ ਨਹੀਂ। ਉਸ ਨੇ ਪੱਥਰ ਸੁੱਟ ਦਿੱਤਾ ਅਤੇ ਰੋ ਪਾਈ। ਝੀਲਿਨ ਫਿਰ ਤੋਂ ਤਾਲਾ ਤੋੜਨ ਦੀ ਕੋਸ਼ਿਸ਼ ਕਰਨ ਲੱਗਾ, ਦੀਨਾ ਉਸਦੇ ਕੋਲ ਪੰਜਿਆਂ ਭਾਰ ਬੈਠ ਗਈ, ਉਹਦਾ ਮੋਢਾ ਫੜ ਲਿਆ। ਝੀਲਿਨ ਨੇ ਮੁੜ ਕੇ ਦੇਖਿਆ, ਖੱਬੇ ਪਾਸੇ ਪਹਾੜੀ ਦੇ ਪਿਛੇ ਲਾਲੀ ਛਾ ਗਈ ਸੀ, ਚੰਦਰਮਾ ਉਗ ਰਿਹਾ ਸੀ। ਉਸੇ ਨੂੰ ਸੋਚਿਆ :"ਚੰਦਰਮਾ ਨਿਕਲਣ ਤੋਂ ਪਹਿਲਾਂ ਉਸਨੂੰ ਘਾਟੀ ਪਾਰ ਕਰ ਲੈਣੀ ਚਾਹੀਦੀ ਹੈ, ਜੰਗਲ ਤੱਕ ਪਹੁੰਚ ਜਾਣਾ ਚਾਹੀਦਾ।" ਉਠਿਆ, ਪੱਥਰ ਸੁੱਟ ਦਿੱਤਾ, ਬੇੜੀ ਪਾਇਆਂ ਹੀ ਸਹੀ, ਪਰ

ਚਲਣਾ ਚਾਹੀਦਾ।

"ਚੰਗਾ, ਦੀਨਾ," ਝੀਲਿਨ ਬੋਲਿਆ। "ਸਾਰੀ ਉਮਰ ਤੈਨੂੰ ਯਾਦ ਰਖਾਂਗਾ।" ਦੀਨਾ ਨੇ ਉਸਨੂੰ ਫੜ ਲਿਆ, ਹੱਥਾਂ ਨਾਲ ਟਟੋਲਣ ਲੱਗੀ, ਲੱਭ ਰਹੀ ਸੀ ਕਿ ਕਿਥੇ ਰੋਟੀਆਂ ਰੱਖੇ। ਉਸਨੇ ਰੋਟੀਆਂ ਲੈ ਲਈਆਂ, ਬੋਲੀ :

"ਜਿਉਂਦੀ ਰਹਿ, ਬੱਚੀ। ਕੌਣ ਤੈਨੂੰ ਹੁਣ ਗੁੱਡੀਆਂ ਬਣਾ ਕੇ ਦੇਵੇਗਾ।" ਤੇ ਉਸਦਾ ਸਿਰ ਸਹਿਲਾਇਆ।

ਦੀਨਾ ਦੇ ਅੱਥਰੂ ਫੁੱਟ ਪਏ, ਉਸ ਨੇ ਮੂੰਹ ਹੱਥਾਂ ਨਾਲ ਢੱਕ ਲਿਆ ਤੇ ਪਹਾੜੀ 'ਤੇ ਦੌੜ ਗਈ, ਬੱਕਰੀ ਵਾਂਗ ਫੁਦਕਦੀ ਜਾ ਰਹੀ ਸੀ। ਹਨੇਰੇ ਵਿੱਚ ਉਸਦੀ ਗੁੱਤ ਵਿੱਚ ਉਲਝ ਰਹੇ ਸਿੱਕਿਆਂ ਦੀ ਖਣਕ ਹੀ ਆ ਰਹੀ ਸੀ।

ਝੀਲਿਨ ਨੇ ਸਲੀਬ ਦਾ ਨਿਸ਼ਾਨ ਬਣਾਇਆ, ਹੱਥ ਨਾਲ ਬੇੜੀ ਦਾ ਤਾਲਾ ਫੜਿਆ, ਤਾਂ ਕਿ ਉਹ ਖੜਕੇ ਨਾ ਅਤੇ ਰਸਤੇ 'ਤੇ ਤੁਰ ਪਿਆ। ਬੜੀ ਮੁਸ਼ਕਿਲ ਨਾਲ ਪੈਰ ਘਸੀਟਦਾ ਝੀਲਿਨ ਉਪਰ ਅਸਮਾਨ ਵੱਲ ਵੇਖਦਾ ਜਾ ਰਿਹਾ ਸੀ, ਜਿਧਰ ਚੰਦਰਮਾ ਨਿਕਲ ਰਿਹਾ ਸੀ। ਉਸ ਨੇ ਰਸਤਾ ਪਹਿਚਾਣ ਲਿਆ। ਜੇ ਸਿੱਧਾ ਤੁਰਿਆ ਜਾਵੇ ਤਾਂ ਕੋਈ ਪੰਜ ਮੀਲ ਦਾ ਫਾਸਲਾ ਹੈ। ਹੁਣ ਚੰਦਰਮਾ ਨਿਕਲਣ ਤੋਂ ਪਹਿਲਾਂ ਜੰਗਲ ਪਹੁੰਚ ਜਾਣਾ ਚਾਹੀਦਾ। ਉਸਨੇ ਨਦੀ ਪਾਰ ਕੀਤੀ ; ਪਹਾੜੀ ਪਿਛੇ ਰੋਸ਼ਨੀ ਸਫੇਦ ਹੋ ਗਈ, ਅਸਮਾਨ 'ਤੇ ਉਜਾਲਾ ਹੋ ਗਿਆ ਅਤੇ ਘਾਟੀ ਦੇ ਇਕ ਪਾਸੇ ਉਜਾਲਾ ਵੱਧਦਾ ਜਾ ਰਿਹਾ ਸੀ। ਛਾਂ ਪਹਾੜੀ ਥੱਲੇ ਰੀਂਗ ਰਹੀ ਸੀ, ਝੀਲਿਨ ਦੇ ਕੋਲ ਆਉਂਦੀ ਜਾ ਰਹੀ ਸੀ।

ਝੀਲਿਨ ਪਹਾੜੀ ਦੀ ਛਾਂ ਵਿਚ ਤੁਰਦਾ ਜਾ ਰਿਹਾ ਸੀ। ਉਹ ਤੇਜ਼ ਚੱਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਚੰਦਰਮਾ ਹੋਰ ਵੀ ਤੇਜ਼ੀ ਨਾਲ ਚੜ੍ਹ ਰਿਹਾ ਸੀ ; ਸੱਜੇ ਪਾਸੇ ਦਰੱਖਤਾਂ ਦੀਆਂ ਸ਼ਿਖਰਾਂ 'ਤੇ ਵੀ ਚਾਨਣੀ ਪੈਣ ਲੱਗੀ। ਜੰਗਲ ਨੇੜੇ ਹੀ ਸੀ, ਚੰਦਰਮਾ ਵੀ ਪਹਾੜੀ ਪਿਛੋਂ ਨਿਕਲ ਆਇਆ, ਚਾਰੇ ਪਾਸੇ ਦਿਨ ਵਰਗੀ ਰੋਸ਼ਨੀ ਹੋ ਗਈ। ਦਰੱਖਤਾਂ 'ਤੇ ਇਕ-ਇਕ ਪੱਤੀ ਦੇਖੀ ਜਾ ਸਕਦੀ ਸੀ। ਪਹਾੜੀਆਂ 'ਤੇ ਚਾਨਣੀ ਫੈਲੀ ਹੋਈ ਸੀ, ਸੰਨਾਟਾ ਸੀ ਜਿਵੇਂ ਕਿਤੇ ਕੋਈ ਜਾਨ ਹੀ ਨਾ ਹੋਵੇ। ਬਸ ਹੇਠੋਂ ਨਦੀ ਦੀ ਕਲਕਲ ਸੁਣਾਈ ਦੇ ਰਹੀ ਸੀ।

ਝੀਲਿਨ ਜੰਗਲ ਤੱਕ ਪਹੁੰਚ ਗਿਆ, ਕਿਸੇ ਨਾਲ ਸਾਹਮਣਾ ਨਾ ਹੋਇਆ। ਉਸ ਨੇ ਜੰਗਲ ਵਿੱਚ ਹਨੇਰੀ ਜਗ੍ਹਾ ਲੱਭੀ ਅਤੇ ਅਰਾਮ ਕਰਨ ਬੈਠ ਗਿਆ।

ਅਰਾਮ ਕੀਤਾ, ਰੋਟੀ ਖਾਧੀ। ਇਕ ਪੱਥਰ ਲੱਭ ਕੇ, ਫਿਰ ਤੋਂ ਬੇੜੀ ਤੋੜਨ ਲੱਗਾ। ਹੱਥ ਛਿਲੇ ਗਏ, ਪਰ ਬੇੜੀ ਨਾ ਟੁੱਟੀ। ਉਠਿਆ ਅਤੇ ਰਸਤੇ 'ਤੇ ਤੁਰ ਪਿਆ। ਕੋਈ ਤਿੰਨ ਫਰਲਾਂਗ ਤੁਰਿਆ ਹੀ ਸੀ, ਨਿਢਾਲ ਹੋ ਗਿਆ – ਲੱਤਾਂ ਬੁਰੀ ਤਰ੍ਹਾਂ ਦੁਖ ਰਹੀਆਂ ਸਨ। ਦਸ ਕਦਮ ਤੁਰਦਾ ਤੇ ਰੁਕ ਜਾਂਦਾ। ਸੋਚਦਾ ਜਾਂਦਾ : "ਕੋਈ ਗੱਲ ਨਹੀਂ, ਜਦੋਂ ਤੱਕ ਦਮ ਹੈ ਚੱਲਦਾ ਜਾਵਾਂਗਾ। ਜੇ ਬੈਠ ਗਿਆ, ਤਾਂ ਫਿਰ ਉਠ ਨਹੀਂ ਪਾਵਾਂਗਾ। ਕਿਲੇ ਤੱਕ ਤਾਂ ਮੈਂ ਪਹੁੰਚ ਹੀ ਨਹੀਂ ਪਾਵਾਂਗਾ, ਪਹੁ ਫੁੱਟਦਿਆਂ ਹੀ ਜੰਗਲ ਵਿੱਚ ਕਿਤੇ ਲੁਕ ਕੇ ਲੇਟ ਜਾਵਾਂਗਾ, ਦਿਨ ਕੱਟ ਲਵਾਂਗਾ ਅਤੇ ਰਾਤ ਨੂੰ ਫਿਰ ਚੱਲ ਪਾਵਾਂਗੇ।"

ਸਾਰੀ ਰਾਤ ਚੱਲਦਾ ਗਿਆ। ਬਸ ਦੋ ਘੋੜ ਸਵਾਰ ਤਾਤਾਰ ਰਸਤੇ ਵਿੱਚ ਆਏ, ਪਰ ਜ਼ੀਲਿਨ ਨੇ ਦੂਰੋਂ ਹੀ ਉਹਨਾਂ ਦੀ ਆਹਟ ਸੁਣ ਲਈ ਅਤੇ ਰੁੱਖ ਪਿਛੇ ਦੁਬਕ ਗਿਆ।

ਚੰਦਰਮਾ ਫਿੱਕਾ ਪੈਣ ਲੱਗਾ, ਤ੍ਰੇਲ ਡਿੱਗੀ, ਸਵੇਰ ਹੋ ਰਹੀ ਸੀ, ਪਰ ਜ਼ੀਲਿਨ ਅਜੇ ਜੰਗਲ ਦੇ ਸਿਰੇ ਤੱਕ ਨਹੀਂ ਪਹੁੰਚਿਆ ਸੀ। ਮਨ ਹੀ ਮਨ ਕਹਿਣ ਲੱਗਾ : "ਬਸ ਤੀਹ ਕਦਮ ਹੋਰ ਚੱਲ ਲਵਾਂ, ਫਿਰ ਜੰਗਲ ਵਿਚ ਮੁੜ ਜਾਵਾਂਗਾ ਅਤੇ ਬੈਠ ਜਾਵਾਂਗਾ।" ਤੀਹ ਕਦਮ ਤੁਰਿਆ ਤੇ ਦੇਖਿਆ ਕਿ ਜੰਗਲ ਖਤਮ ਹੋ ਰਿਹਾ ਹੈ। ਜੰਗਲ ਦੇ ਸਿਰੇ 'ਤੇ ਪਹੁੰਚਿਆ, ਪੂਰੀ ਰੋਸ਼ਨੀ ਸੀ ; ਉਸਦੇ ਸਾਹਮਣੇ ਸਟੇਪੀ ਸੀ ਅਤੇ ਕਿਲ੍ਹਾ ਜਿਵੇਂ ਹਥੇਲੀ 'ਤੇ ਰਖਿਆ ਹੋਵੇ। ਖੱਬੇ ਪਾਸੇ ਨੇੜੇ ਹੀ ਪਹਾੜੀ ਥੱਲੇ, ਅੱਗ ਜਲ-ਬੁੱਝ ਰਹੀ ਸੀ, ਧੂੰਆਂ ਫੈਲ ਰਿਹਾ ਸੀ ਅਤੇ ਧੂਣੀਆਂ ਕੋਲ ਲੋਕ ਬੈਠੇ ਹੋਏ ਸਨ।

ਜ਼ੀਲਿਨ ਨੇ ਧਿਆਨ ਨਾਲ ਦੇਖਿਆ : ਬੰਦੂਕਾਂ ਚਮਕ ਰਹੀਆਂ ਸਨ – ਰੂਸੀ ਸਿਪਾਹੀ ਸਨ।

ਜ਼ੀਲਿਨ ਖੁਸ਼ ਹੋ ਗਿਆ, ਆਖਰੀ ਜ਼ੋਰ ਲਗਾ ਕੇ ਉਧਰ ਤੁਰ ਪਿਆ। ਮਨ ਹੀ ਮਨ ਸੋਚਦਾ ਜਾਵੇ : "ਰੱਬ ਨਾ ਕਰੇ ਇਥੇ ਖੁੱਲ੍ਹੇ ਮੈਦਾਨ ਵਿੱਚ ਕੋਈ ਘੋੜ ਸਵਾਰ ਤਾਤਾਰ ਦੇਖ ਲਵੇ, ਆਪਣਿਆਂ ਦੇ ਕੋਲ ਹੀ ਹਾਂ, ਪਰ ਬਚ ਕੇ ਨਾ ਨਿਕਲ ਪਾਵਾਂਗਾ।"

ਸੋਚਣ ਦੀ ਦੇਰ ਸੀ ਕਿ ਦੇਖਿਆ : ਖੱਬੇ ਪਾਸੇ ਟੀਲੇ 'ਤੇ ਤਿੰਨ ਤਾਤਾਰ ਖੜ੍ਹੇ ਸਨ, ਕੋਈ ਅੱਠ ਵਿਘਾ ਦੂਰ। ਉਹਨਾਂ ਨੇ ਜ਼ੀਲਿਨ ਨੂੰ ਦੇਖ ਲਿਆ ਤੇ ਘੋੜੇ ਭਜਾਏ। ਜ਼ੀਲਿਨ ਦਾ ਕਲੇਜਾ ਸੁੰਨ ਹੋ ਗਿਆ। ਹੱਥ ਹਿਲਾਉਣ ਲੱਗਾ, ਪੂਰੇ ਜ਼ੋਰ ਨਾਲ ਚੀਕਿਆ :

"ਬਚਾਓ, ਭਰਾਵੋ, ਬਚਾਓ!"

ਰੂਸੀਆਂ ਨੇ ਸੁਣ ਲਿਆ। ਘੋੜ ਸਵਾਰ ਉਛਲੇ ਅਤੇ ਉਸ ਵਲ ਘੋੜੇ ਭਜਾ ਦਿਤੇ – ਤਾਤਾਰਾਂ ਦਾ ਰਸਤਾ ਕੱਟਦੇ ਹੋਏ।

ਰੂਸੀ ਦੂਰ ਸਨ, ਤਾਤਾਰ ਨੇੜੇ। ਪਰ ਜ਼ੀਲਿਨ ਨੇ ਵੀ ਸਾਰਾ ਦਮ ਲਗਾਇਆ, ਬੇੜੀ ਨੂੰ ਹੱਥ ਨਾਲ ਸੰਭਾਲਿਆ ਅਤੇ ਆਪਣੇ ਲੋਕਾਂ ਵਲ ਬੇਤਹਾਸ਼ਾ ਦੌੜਿਆ, ਸਲੀਬ ਦਾ ਨਿਸ਼ਾਨ ਬਣਾਉਂਦਾ ਜਾਵੇ, ਚੀਕਦਾ ਜਾਵੇ :

"ਭਰਾਵੋ! ਭਰਾਵੋ! ਭਰਾਵੋ!"

ਰੂਸੀ ਘੋੜ ਸਵਾਰ ਕੋਈ ਪੰਦਰਾਂ ਸਨ।

ਤਾਤਾਰਾ ਡਰ ਗਏ — ਅਤੇ ਰਸਤੇ ਵਿਚ ਹੀ ਰੁਕਣ ਲੱਗੇ। ਤੇ ਜ਼ੀਲਿਨ ਆਪਣੇ ਲੋਕਾਂ ਕੋਲ ਪਹੁੰਚ ਗਿਆ।

ਉਹਨਾਂ ਨੇ ਉਸਨੂੰ ਘੇਰ ਲਿਆ, ਪੁੱਛਣ ਲੱਗੇ : "ਕੌਣ ਹੈ? ਕਿਥੋਂ ਆਇਆ?" ਪਰ ਜ਼ੀਲਿਨ ਨੂੰ ਆਪਣੀ ਹੋਸ਼ ਨਹੀਂ ਸੀ, ਉਹ ਰੋਈ ਜਾ ਰਿਹਾ ਸੀ ਅਤੇ ਬਸ ਕਹਿੰਦਾ ਜਾਵੇ :

"ਭਰਾਵੋ! ਭਰਾਵੋ!"

ਦੂਸਰੇ ਸਿਪਾਹੀ ਵੀ ਦੌੜੇ ਆਏ, ਜ਼ੀਲਿਨ ਨੂੰ ਘੇਰ ਲਿਆ, ਕੋਈ ਉਸਨੂੰ ਰੋਟੀ ਦੇਵੇ, ਕੋਈ ਖਿਚੜੀ, ਕੋਈ ਵੋਦਕਾ ; ਕੋਈ ਓਵਰਕੋਟ ਪਹਿਨਾਵੇ ਤੇ ਕੋਈ ਬੇੜੀ ਤੋੜੇ।

ਅਫਸਰਾਂ ਨੇ ਉਸ ਨੂੰ ਪਹਿਚਾਣ ਲਿਆ, ਕਿਲ੍ਹੇ ਵਿਚ ਲੈ ਗਏ। ਜ਼ੀਲਿਨ ਦੇ ਸਿਪਾਹੀ ਖੁਸ਼ ਹੋ

ਗਏ, ਸਾਥੀ ਇਕੱਠੇ ਹੋ ਗਏ।

ਜ਼ੀਲਿਨ ਨੇ ਸਾਰੀ ਆਪ ਬੀਤੀ ਸੁਣਾਈ ਅਤੇ ਬੋਲਿਆ : "ਲਓ, ਹੋ ਆਇਆ ਮੈਂ ਘਰ, ਵਿਆਹ ਕਰ ਆਇਆ! ਨਹੀਂ ਕਿਸਮਤ ਵਿਚ ਨਹੀਂ ਲਿਖਿਆ।"

ਤੇ ਉਹ ਉਥੇ ਕੋਹਕਾਫ਼ ਵਿੱਚ ਅਫ਼ਸਰੀ ਕਰਨ ਨੂੰ ਰਹਿ ਗਿਆ। ਕਸਤੀਲਿਨ ਨੂੰ ਮਹੀਨੇ ਬਾਅਦ ਪੰਜ ਹਜ਼ਾਰ ਰੂਬਲ ਆਉਣ 'ਤੇ ਛੱਡਿਆ ਗਿਆ। ਬਿਲਕੁਲ ਅੱਧਮਰੇ ਨੂੰ ਕਿਲ੍ਹੇ ਵਿਚ ਲਿਆਏ।



# ਲੇਖਕ, ਸੰਪਾਦਕ ਅਤੇ ਕਲਾਕਾਰ



ਐਂਤਨ ਚੈਖਵ
(1860–1904)



ਇਵਾਨ ਤੁਰਗਨੇਵ
(1818-1883)



ਦਮਿਤਰੀ ਮਾਮਿਨ-ਸਿਬੀਰਿਆਕ
(1852–1912)



ਨਿਕੋਲੇਈ ਤੇਲੇਸ਼ੋਵ
(1867 – 1957)



ਲਿਓਨਿਦ ਆਂਦਰੇਯੇਵ
(1871-1919)



ਅਲੈਕਸਾਂਦਰ ਕੁਪਰਿਨ
(1870-1938)



ਫ਼ਿਓਦਰ ਦਾਸਤੋਵਸਕੀ
(1821-1881)



ਦਿਮਿਤਰੀ ਗ੍ਰਿਗੋਰੋਵਿਚ
(1822-1900)



ਕੋਨਸਟੈਂਟਿਨ ਸਟੈਨਿਉਕੋਵਿਚ
(1843-1903)



ਵਸੇਵੋਲੋਦ ਗਾਰਸ਼ਿਨ
(1855-1888)



ਲਿਓ ਤਾਲਸਤਾਏ
(1828-1910)



ਇਗੋਰ ਮੋਤਿਆਸ਼ੋਵ
(1932-)



ਗੇਓਰਗੀ ਯੁਦਿਨ
(1943-)



ਸੱਚਲ ਪਬਲਿਕੇਸ਼ਨਜ਼
ਅੰਮ੍ਰਿਤਸਰ

ISBN : 978-81-982017-8-2

₹380/-